ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ 'ਚ ਰਹੋ !!

ਚੜ੍ਹਦੀਕਲਾ

- ਦੇਸ਼ ਦੇ ਸਭ ਤੋਂ ਸੀਨੀਅਰ ਪੱਤਰਕਾਰਾਂ ਵਿਚੋਂ ਇਕ ਸ. ਜਗਜੀਤ ਸਿੰਘ ਦਰਦੀ ਦੀ ਯੋਗ ਰਹਿਨੁਮਾਈ
- ਬਿਨਾਂ ਕਿਸੇ ਸਿਆਸੀ ਦਬਾਅ ਜਾਂ ਲਾਲਚ ਤੋਂ ਨਿਰਪੱਖਤਾ ਅਤੇ ਨਿਡਰਤਾ ਨਾਲ ਲੋਕ ਮੁੱਦਿਆਂ ਨੂੰ ਪੇਸ਼ ਕਰਨਾ
- ਧਾਰਮਿਕ ਕੱਟੜਤਾ ਅਤੇ ਵਪਾਰਕ ਲਾਭਾਂ ਜਿਹੀ ਸੌੜੀ ਸੋਚ ਤੋਂ ਕੋਹਾਂ ਦੂਰ, ਕੌਮੀ ਹਿੱਤਾਂ ਨੂੰ ਸਮਰਪਿਤ ਸੋਚ
- ਪੇਸ਼ੇ ਪ੍ਰਤੀ ਇਮਾਨਦਾਰ, ਸਮਰਪਿਤ ਅਤੇ ਸੰਵੇਦਨਸ਼ੀਲ ਪੱਤਰਕਾਰ ਅਤੇ ਸੰਪਾਦਕ ਸਟਾਫ
- ਹਰ ਵਰਗ ਦੇ ਪਾਠਕਾਂ ਲਈ ਉਸਾਰੂ ਸਮੱਗਰੀ ਦੀ ਭਰਮਾਰ

ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਹਰ ਤਰ੍ਹਾਂ ਦੀਆਂ ਤਾਜ਼ਾ ਖ਼ਬਰਾਂ

ਪੰਜਾਬ ਦੇ ਹਰ ਪਿੰਡ ਹਰ ਸ਼ਹਿਰ 'ਚ ਮਿਲਦਾ ਹੈ

ਵੱਖ-ਵੱਖ ਵਿਸ਼ਿਆਂ ਅਤੇ ਚਾਲੂ ਮਾਮਲਿਆਂ ਬਾਰੇ ਜਾਣਕਾਰੀ

ਭਰਪੂਰ ਸੰਪਾਦਕੀ ਲੇਖ, ਫੀਚਰ ਅਤੇ ਪੜ੍ਹਨਯੋਗ ਸਮੱਗਰੀ

ਆਪਣੇ ਅਖ਼ਬਾਰਾਂ ਏਜੰਟ ਤੋਂ 'ਚੜ੍ਹਦੀਕਲਾ' ਦੀ ਮੰਗ ਕਰੋ



ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

PRGI (RNI) Regd. No. 22972/1972

# ਚੜ੍ਹਦੀਕਲਾ

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ

DAILY CHARHDIKALA, PATIALA

ਮੁੱਖ ਸੰਪਾਦਕ: ਡਾ. ਜਗਜੀਤ ਸਿੰਘ 'ਦਰਦੀ'

ਸੰਪਾਦਕ : ਹਰਪ੍ਰੀਤ ਸਿੰਘ 'ਦਰਦੀ'

(ਕੁੱਲ ਸਫ਼ੇ 12 Pages 12)

(Sunday, 4 May, 2025) ਪਟਿਆਲਾ ਐਤਵਾਰ, 4 ਮਈ, 2025, 22 ਵੈਸਾਖ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26, ਸਾਲ (Year) 57 ਅੰਕ ਨੰਬਰ (Volume No.) 122 ਮੁੱਲ : 2.00 ਰੁਪਏ ਫ਼ੋਨ: +91- 92168-07500 Posted at RMS Patiala www.charhdikala.com E-mail: news@charhdikala.com


## ਪੰਜਾਬ ਦੇ 7 ਜ਼ਿਲ੍ਹਿਆਂ ਵਿੱਚ ਐੱਨ.ਆਈ.ਏ. ਵੱਲੋਂ ਛਾਪੇਮਾਰੀ

ਚੰਡੀਗੜ੍ਹ, 3 ਮਈ (ਚੜ੍ਹਦੀਕਲਾ ਬਿਊਰੋ) : ਪੰਜਾਬ ਵਿਚ ਸਵੇਰੇ-ਸਵੇਰੇ ਐੱਨ.ਆਈ.ਏ. ਦਾ ਵੱਡਾ ਐਕਸ਼ਨ ਦੇਖਣ ਨੂੰ ਮਿਲਿਆ ਹੈ। ਐੱਨ.ਆਈ.ਏ. ਵੱਲੋਂ 7 ਜ਼ਿਲ੍ਹਿਆਂ ਵਿਚ 17 ਥਾਵਾਂ 'ਤੇ ਛਾਪੇ ਮਾਰੇ ਜਾ ਰਹੇ ਹਨ। ਇਹ ਰੇਡ ਗੁਰਦਾਸਪੁਰ, ਬਟਾਲਾ, ਫਿਰੋਜ਼ਪੁਰ, ਫਾਜ਼ਿਲਕਾ, ਤਰਨਤਾਰਨ,ਅੰਮ੍ਰਿਤਸਰ ਤੇ ਫਰੀਦਕੋਟ ਵਿਚ ਕੀਤੀ ਜਾ ਰਹੀ ਹੈ। ਇਹ ਵੀ ਜਾਣਕਾਰੀ ਹੈ ਕਿ ਮੋਬਾਈਲ ਫੋਨ, ਡਿਜੀਟਲ ਉਪਕਰਨ ਤੇ ਕਈ ਹੋਰ ਜ਼ਰੂਰੀ ਦਸਤਾਵੇਜ਼ ਸਮੱਗਰੀ ਜ਼ਬਤ (ਬਾਕੀ ਸਫਾ 2 'ਤੇ)

*ਪ੍ਰਧਾਨ ਮੰਤਰੀ ਵੱਲੋਂ ਪਾਕਿਸਤਾਨ ਨੂੰ ਸਖ਼ਤ ਸੰਦੇਸ਼*

## ਪਹਿਲਗਾਮ ਹਮਲੇ ਦਾ ਬਦਲਾ ਲੈਣ ਲਈ ਅਸੀਂ ਪੂਰੀ ਤਰ੍ਹਾਂ ਵਚਨਬੱਧ: ਮੋਦੀ

ਚੜ੍ਹਦੀਕਲਾ ਬਿਊਰੋ



ਨਵੀਂ ਦਿੱਲੀ, 3 ਮਈ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜੰਮੂ-ਕਸ਼ਮੀਰ ਦੇ ਪਹਿਲਗਾਮ 'ਚ ਹੋਏ ਅੱਤਵਾਦੀ ਹਮਲੇ 'ਤੇ ਸ਼ਨੀਵਾਰ ਨੂੰ ਬਿਆਨ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਇਸ ਹਮਲੇ ਦਾ ਫੈਸਲਾਕੁੰਨ ਬਦਲਾ ਲਿਆ ਜਾਵੇਗਾ। ਅਸੀਂ ਇਸ ਹਮਲੇ ਦਾ ਬਦਲਾ ਲੈਣ ਲਈ ਪੂਰੀ ਤਰ੍ਹਾਂ ਵਚਨਬੱਧ ਹਾਂ।

ਅੱਤਵਾਦ ਮਨੁੱਖਤਾ ਲਈ ਸਭ ਤੋਂ ਵੱਡਾ ਖ਼ਤਰਾ ਹੈ। ਪ੍ਰਧਾਨ ਮੰਤਰੀ ਨੇ ਹੈਦਰਾਬਾਦ ਹਾਊਸ 'ਚ ਅੰਗੋਲਾ ਦੇ ਰਾਸ਼ਟਰਪਤੀ ਜੋਆਓ ਮੈਨੂਅਲ ਗੋਂਸਾਲਵੇਸ ਲਾਰੇਂਸੋ ਨਾਲ ਦੋ-ਪੱਖੀ ਬੈਠਕ ਮਗਰੋਂ ਸੰਬੋਧਨ ਵਿਚ ਇਹ ਗੱਲ ਆਖੀ। ਪ੍ਰਧਾਨ ਮੰਤਰੀ ਨੇ ਕਿਹਾ ਕਿ ਅਸੀਂ ਅੱਤਵਾਦੀਆਂ ਅਤੇ ਉਨ੍ਹਾਂ ਦਾ ਸਮਰਥਨ ਕਰਨ ਵਾਲਿਆਂ ਖਿਲਾਫ਼ ਦ੍ਰਿੜ ਅਤੇ ਫੈਸਲਾਕੁੰਨ ਕਾਰਵਾਈ ਲਈ ਵਚਨਬੱਧ ਹਾਂ। ਅਸੀਂ ਸਰਹੱਦ ਪਾਰ ਅੱਤਵਾਦ ਖਿਲਾਫ਼ ਸਾਡੀ ਲੜਾਈ ਵਿਚ ਅੰਗੋਲਾ ਦੇ ਸਮਰਥਨ ਲਈ ਧੰਨਵਾਦ ਜ਼ਾਹਰ ਕਰਦੇ ਹਾਂ। ਅਸੀਂ ਇਕਮਤ ਹਾਂ ਕਿ ਅੱਤਵਾਦ ਮਨੁੱਖਤਾ ਲਈ ਸਭ ਤੋਂ ਵੱਡਾ ਖ਼ਤਰਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਮੈਂ ਅੰਗੋਲਾ ਦੇ ਰਾਸ਼ਟਰਪਤੀ ਅਤੇ ਉਨ੍ਹਾਂ ਦੇ ਵਫ਼ਦ ਦਾ ਭਾਰਤ ਵਿਚ ਸਵਾਗਤ ਕਰਦਾ ਹਾਂ। ਇਹ ਇਕ ਇਤਿਹਾਸਕ ਪਲ ਹੈ। ਅੰਗੋਲਾ ਦੇ ਰਾਸ਼ਟਰਪਤੀ ਦੀ 38 ਸਾਲਾਂ ਬਾਅਦ ਭਾਰਤ ਯਾਤਰਾ ਹੋ ਰਹੀ ਹੈ। ਉਨ੍ਹਾਂ ਦੀ (ਬਾਕੀ ਸਫਾ 2 'ਤੇ)

### ਅੰਗੋਲਾ ਨੂੰ ਫ਼ੌਜ ਦੇ ਆਧੁਨਿਕੀਕਰਨ ਲਈ 20 ਕਰੋੜ ਡਾਲਰ ਦੇਵੇਗਾ ਭਾਰਤ

ਨਵੀਂ ਦਿੱਲੀ, 3 ਮਈ (ਚੜ੍ਹਦੀਕਲਾ ਬਿਊਰੋ) : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨੀਵਾਰ ਨੂੰ ਅੰਗੋਲਾ ਲਈ 20 ਕਰੋੜ ਅਮਰੀਕੀ ਡਾਲਰ ਦੀ ਰੱਖਿਆ ਕਰਜ਼ਾ ਰਾਸ਼ੀ ਦਾ ਐਲਾਨ ਕੀਤਾ ਅਤੇ ਅੱਤਵਾਦੀਆਂ ਅਤੇ ਉਨ੍ਹਾਂ ਦੇ ਸਮਰਥਕਾਂ ਵਿਰੁੱਧ ਦ੍ਰਿੜ ਅਤੇ ਫੈਸਲਾਕੁੰਨ ਕਾਰਵਾਈ ਕਰਨ ਦਾ ਪ੍ਰਣ ਲਿਆ। ਪ੍ਰਧਾਨ ਮੰਤਰੀ ਵੱਲੋਂ ਅਫਰੀਕੀ ਦੇਸ਼ ਦੀ ਫੌਜ ਨੂੰ ਮਦਦ ਦਾ ਇਹ ਐਲਾਨ 22 ਅਪ੍ਰੈਲ ਨੂੰ ਪਹਿਲਗਾਮ 'ਚ ਹੋਏ ਅੱਤਵਾਦੀ ਹਮਲੇ ਤੋਂ ਕੁਝ ਦਿਨ ਬਾਅਦ ਕੀਤਾ ਗਿਆ ਹੈ। ਪੀ.ਐੱਮ. ਮੋਦੀ ਨੇ ਇਹ ਐਲਾਨ (ਬਾਕੀ ਸਫਾ 2 'ਤੇ)

*ਪਾਣੀਆਂ ਦਾ ਮੁੱਦਾ*

## ਪੰਜਾਬ ਵੱਲੋਂ ਬੀ.ਬੀ.ਐਮ.ਬੀ. ਦੀ ਮੀਟਿੰਗ ਦਾ ਬਾਈਕਾਟ

### 5 ਮਈ ਨੂੰ ਸੱਦੇ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ 'ਚ ਲਵਾਂਗੇ ਫ਼ੈਸਲਾ: ਸੂਬਾ ਸਰਕਾਰ

ਚੜ੍ਹਦੀਕਲਾ ਬਿਊਰੋ



ਨਵੀਂ ਦਿੱਲੀ, 3 ਮਈ : ਕੇਂਦਰ ਸਰਕਾਰ ਵੱਲੋਂ ਹਰਿਆਣਾ ਨੂੰ 8500 ਕਿਊਸਿਕ ਵਾਧੂ ਪਾਣੀ ਦੇਣ ਦੇ ਨਿਰਦੇਸ਼ ਤੋਂ ਬਾਅਦ ਪਾਣੀ ਦਾ ਵਿਵਾਦ ਹੋਰ ਵੱਧ ਗਿਆ ਹੈ। ਇਸ ਦੌਰਾਨ, ਪੰਜਾਬ ਸਰਕਾਰ ਨੇ ਅੱਜ ਸ਼ਨੀਵਾਰ ਨੂੰ ਦਿੱਲੀ ਵਿੱਚ ਹੋਣ ਵਾਲੀ ਬੀ.ਬੀ.ਐਮ.ਬੀ. ਦੀ ਮੀਟਿੰਗ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ ਸੀ। ਇਹ ਮੀਟਿੰਗ ਸ਼ਾਮ 5 ਵਜੇ ਬੀ.ਬੀ.ਐਮ.ਬੀ. ਹੈੱਡਕੁਆਰਟਰ ਵਿਖੇ ਬੁਲਾਈ ਗਈ ਸੀ।

ਸੂਤਰਾਂ ਮੁਤਾਬਕ ਇਹ ਮੀਟਿੰਗ ਕੇਂਦਰੀ ਗ੍ਰਹਿ ਸਕੱਤਰ ਦੇ ਨਿਰਦੇਸ਼ 'ਤੇ ਤੁਰੰਤ ਪ੍ਰਭਾਵ ਨਾਲ ਬੁਲਾਈ ਗਈ ਸੀ, ਜਿਸ ਵਿੱਚ ਬੀ.ਬੀ.ਐਮ.ਬੀ. ਨੂੰ ਹਰਿਆਣਾ ਨੂੰ ਵਾਧੂ ਪਾਣੀ ਦੀ ਵੰਡ ਨੂੰ ਲਾਗੂ ਕਰਨ ਬਾਰੇ ਫ਼ੈਸਲਾ ਲੈਣ ਲਈ ਕਿਹਾ ਗਿਆ ਸੀ। ਮੀਟਿੰਗ ਤੋਂ ਥੋੜ੍ਹੀ ਦੇਰ ਪਹਿਲਾਂ ਹੀ ਪੰਜਾਬ ਸਰਕਾਰ ਨੇ ਬੀ.ਬੀ.ਐਮ.ਬੀ. ਨੂੰ ਇੱਕ ਪੱਤਰ ਭੇਜ ਕੇ ਮੀਟਿੰਗ ਮੁਲਤਵੀ ਕਰਨ ਦੀ ਬੇਨਤੀ ਕੀਤੀ ਸੀ। ਪੰਜਾਬ ਸਰਕਾਰ ਦਾ ਤਰਕ ਸੀ ਕਿ 5 ਮਈ ਨੂੰ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਇਆ ਗਿਆ ਹੈ, ਜਿਸ ਵਿੱਚ ਹਰਿਆਣਾ ਨੂੰ ਵਾਧੂ ਪਾਣੀ ਦੇਣ ਸਬੰਧੀ ਬੀ.ਬੀ.ਐਮ.ਬੀ. ਦੇ ਸੰਭਾਵਿਤ ਫ਼ੈਸਲੇ 'ਤੇ ਚਰਚਾ ਕੀਤੀ ਜਾਵੇਗੀ। ਪੰਜਾਬ ਸਰਕਾਰ ਨੇ ਕਿਹਾ ਕਿ ਪੂਰੀ ਸੂਬਾਈ ਮਸ਼ੀਨਰੀ ਇਸ ਅਹਿਮ ਸੈਸ਼ਨ ਦੀਆਂ ਤਿਆਰੀਆਂ ਵਿੱਚ ਰੁੱਝੀ ਹੋਈ ਹੈ, ਇਸ ਲਈ ਇਸ ਸਮੇਂ ਬੀ.ਬੀ.ਐਮ.ਬੀ. ਦੀ ਮੀਟਿੰਗ ਵਿੱਚ ਸ਼ਾਮਲ ਹੋਣਾ ਸੰਭਵ ਨਹੀਂ ਹੈ। ਜਦੋਂ ਤੱਕ ਇਸ 'ਤੇ ਵਿਧਾਨ ਸਭਾ ਵਿੱਚ ਵਿਚਾਰ ਨਹੀਂ ਕੀਤਾ ਜਾਂਦਾ, ਕਿਸੇ ਵੀ ਤਰ੍ਹਾਂ ਦਾ ਫ਼ੈਸਲਾ ਲੈਣਾ ਜਲਦਬਾਜ਼ੀ ਹੋਵੇਗੀ ਅਤੇ ਇਹ ਸੂਬੇ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਦੱਸ ਦੇਈਏ ਕਿ ਹਰਿਆਣਾ ਲੰਬੇ ਸਮੇਂ ਤੋਂ ਵਾਧੂ ਪਾਣੀ ਦੀ ਮੰਗ ਕਰ ਰਿਹਾ ਹੈ, ਜਦੋਂ ਕਿ ਪੰਜਾਬ ਦਾ ਕਹਿਣਾ ਹੈ ਕਿ ਰਾਜ ਪਹਿਲਾਂ ਹੀ ਜਲ ਸਰੋਤਾਂ ਦੀ ਭਾਰੀ ਘਾਟ ਦਾ ਸਾਹਮਣਾ ਕਰ ਰਿਹਾ ਹੈ ਅਤੇ (ਬਾਕੀ ਸਫਾ 2 'ਤੇ)

## ਪਾਣੀ ਹਿਮਾਚਲ ਦਾ ਹੈ ਪਰ ਪੰਜਾਬ ਅਤੇ ਹਰਿਆਣਾ ਲੜ ਰਹੇ ਨੇ: ਸੁੱਖੂ

ਚੜ੍ਹਦੀਕਲਾ ਬਿਊਰੋ



ਸ਼ਿਮਲਾ, 3 ਮਈ :ਪੰਜਾਬ ਅਤੇ ਹਰਿਆਣਾ ਵਿਚਾਲੇ ਪਾਣੀਆਂ ਦਾ ਮੁੱਦਾ ਕਾਫੀ ਭਖਿਆ ਹੋਇਆ ਹੈ। ਦੋਵੇਂ ਸੂਬੇ ਪਾਣੀ 'ਤੇ ਆਪਣਾ ਹੱਕ ਜਮਾ ਰਹੇ ਹਨ। ਪੰਜਾਬ ਦਾ ਕਹਿਣਾ ਹੈ ਕਿ ਹਰਿਆਣਾ ਆਪਣੇ ਹਿੱਸੇ ਦਾ ਪਾਣੀ ਵਰਤ ਚੁੱਕਾ ਹੈ, ਜਦਕਿ ਹਰਿਆਣਾ ਪਾਣੀ ਲੈਣ 'ਤੇ ਅੜਿਆ ਹੋਇਆ ਹੈ, ਇਸ ਲੜਾਈ ਵਿਚਾਲੇ ਹੁਣ ਹਿਮਾਚਲ ਦੀ ਐਂਟਰੀ ਹੋ ਗਈ ਹੈ। ਦਰਅਸਲ ਇਸ ਵਿਚਾਲੇ ਹਿਮਾਚਲ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਦਾ ਵੱਡਾ ਬਿਆਨ ਸਾਹਮਣੇ ਆਇਆ ਹੈ। ਸੀ.ਐਮ. ਸੁੱਖੂ ਨੇ ਕਿਹਾ,ਪਾਣੀ ਹਿਮਾਚਲ ਦਾ ਹੈ, ਪਰ ਪੰਜਾਬ ਅਤੇ ਹਰਿਆਣਾ ਲੜ ਰਹੇ ਹਨ। ਅਸੀਂ ਸਿਰਫ਼ ਆਪਣੀ ਬਿਜਲੀ ਰਾਇਲਟੀ ਬਾਰੇ ਚਰਚਾ ਕਰ ਰਹੇ ਹਾਂ, ਜਿਸ ਵਿੱਚ ਬੀਬੀਐਮਬੀ ਨੇ ਅਜੇ ਤੱਕ ਵਾਧਾ ਨਹੀਂ ਕੀਤਾ ਹੈ। ਭਾਖੜਾ ਡੈਮ ਦੇ ਨਿਰਮਾਣ ਬਾਰੇ ਗੱਲ ਕਰਦੇ ਹੋਏ ਉਨ੍ਹਾਂ ਕਿਹਾ, ਜਦੋਂ ਇਹ ਡੈਮ ਬਣਾਇਆ ਗਿਆ ਸੀ, ਤਾਂ ਹਿਮਾਚਲ ਨੂੰ ਸਭ ਤੋਂ ਵੱਧ ਨੁਕਸਾਨ ਹੋਇਆ ਸੀ। ਕਈ ਪਿੰਡ ਡੁੱਬ ਗਏ, ਸੈਂਕੜੇ ਪਰਿਵਾਰ ਬੇਘਰ ਹੋ ਗਏ। ਪਰ ਅੱਜ ਤੱਕ ਸਾਨੂੰ ਇਨਸਾਫ਼ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਪੰਜਾਬ-ਹਰਿਆਣਾ ਸਾਡੇ ਦੋਵੇਂ ਹੀ ਭਰਾ ਹਨ। ਦੋਵਾਂ ਨੂੰ ਮਿਲ ਕੇ ਵਿਵਾਦ (ਬਾਕੀ ਸਫਾ 2 'ਤੇ)

## ਪੰਜਾਬ ਦੇ 9 ਆਈ.ਪੀ.ਐਸ. ਤੇ ਇੱਕ ਪੀ.ਪੀ.ਐਸ. ਅਧਿਕਾਰੀ ਤਬਦੀਲ

### ਵਰੁਣ ਸ਼ਰਮਾ ਐਸ.ਐਸ.ਪੀ. ਪਟਿਆਲਾ ਨਿਯੁਕਤ

ਚੜ੍ਹਦੀਕਲਾ ਬਿਊਰੋ



ਚੰਡੀਗੜ੍ਹ, 3 ਮਈ :ਪੰਜਾਬ ਵਿਚ ਅੱਜ ਫਿਰ ਤੋਂ ਵੱਡਾ ਪ੍ਰਸ਼ਾਸਨਿਕ ਫੇਰਬਦਲ ਕੀਤਾ ਗਿਆ ਹੈ। ਪੰਜਾਬ ਸਰਕਾਰ ਵੱਲੋਂ 10 ਆਈ. ਪੀ. ਐੱਸ. ਅਤੇ ਪੀ. ਪੀ. ਐੱਸ. ਅਫ਼ਸਰਾਂ ਦੇ ਤਬਾਦਲੇ ਕੀਤੇ ਗਏ ਹਨ। ਤਬਾਦਲੇ ਕੀਤੇ ਗਏ ਅਫ਼ਸਰਾਂ ਵਿਚ 9 ਆਈ. ਪੀ. ਐੱਸ. ਅਤੇ ਇਕ ਪੀ. ਪੀ. ਐੱਸ. ਦਾ ਅਧਿਕਾਰੀ ਸ਼ਾਮਲ ਹਨ। ਪੰਜਾਬ ਪੁਲਿਸ ਵਿਭਾਗ ਵਿਚ ਵੱਡਾ ਫੇਰਬਦਲ ਕੀਤਾ ਗਿਆ ਹੈ। ਪਟਿਆਲਾ ਦੇ ਐੱਸ.ਐੱਸ.ਪੀ. ਨਾਨਕ ਸਿੰਘ ਨੂੰ ਹਟਾ ਦਿੱਤਾ ਗਿਆ ਹੈ। ਉਨ੍ਹਾਂ ਦੀ ਥਾਂ ਹੁਣ ਵਰੁਣ ਸ਼ਰਮਾ ਨੂੰ ਐੱਸ.ਐੱਸ.ਪੀ. ਨਿਯੁਕਤ ਕੀਤਾ ਗਿਆ ਹੈ ਜਦੋਂ ਕਿ ਨਾਨਕ ਸਿੰਘ ਡੀ.ਆਈ.ਜੀ. ਪਟਿਆਲਾ ਰੇਂਜ ਦੀ ਜ਼ਿੰਮੇਵਾਰੀ ਸੰਭਾਲਣਗੇ। ਦੂਜੇ ਪਾਸੇ ਵਿਜੀਲੈਂਸ ਚੀਫ ਦੇ ਅਹੁਦੇ ਤੋਂ ਕੁਝ ਸਮੇਂ ਪਹਿਲਾਂ ਹਟਾਏ ਗਏ ਵਰਿੰਦਰ ਕੁਮਾਰ ਨੂੰ ਨਿਯੁਕਤੀ ਦੇ ਦਿੱਤੀ ਗਈ ਹੈ। ਉਨ੍ਹਾਂ ਨੂੰ ਸਪੈਸ਼ਲ ਡੀ.ਜੀ.ਪੀ. ਪੰਜਾਬ ਸਟੇਟ ਹਿਊਮਨ ਰਾਈਟਸ ਕਮਿਸ਼ਨ ਨਿਯੁਕਤ ਕੀਤਾ ਗਿਆ ਹੈ। ਇਸੇ ਤਰ੍ਹਾਂ ਆਰ.ਕੇ. ਜਾਇਸਵਾਲ ਨੂੰ ਏ.ਡੀ.ਜੀ.ਪੀ. ਐਨ.ਆਰ.ਆਈ. ਲਗਾਇਆ ਹੈ। ਦੂਜੇ ਪਾਸੇ ਕੁਲਦੀਪ ਸਿੰਘ ਚਹਿਲ ਡੀ.ਆਈ.ਜੀ. ਤਕਨੀਕੀ ਦੀ ਜ਼ਿੰਮੇਵਾਰੀ ਸੰਭਾਲਣਗੇ। (ਬਾਕੀ ਸਫਾ 2 'ਤੇ)

## ਮਾਨ ਨੇ ਚੰਡੀਗੜ੍ਹ ਵਿਖੇ ਇਤਿਹਾਸਕ ਪਦਯਾਤਰਾ 'ਚ ਪੰਜਾਬ ਨੂੰ ਨਸ਼ਾ ਮੁਕਤ ਕਰਨ ਦਾ ਹਲਫ਼ ਲਿਆ

### ਨੌਜਵਾਨ ਪੀੜਤ ਨਹੀਂ, ਸਗੋਂ ਯੋਧੇ ਬਣਨ: ਮੁੱਖ ਮੰਤਰੀ

ਚੜ੍ਹਦੀਕਲਾ ਬਿਊਰੋ

ਚੰਡੀਗੜ੍ਹ, 3 ਮਈ :ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਦੇਸ਼ ਦੇ ਆਜ਼ਾਦੀ ਸੰਗਰਾਮ ਵਾਂਗ ਸੂਬਾ ਦੇਸ਼ ਨੂੰ ਨਸ਼ਿਆਂ ਦੀ ਲਾਹਨਤ ਤੋਂ ਮੁਕਤ ਕਰਨ ਵਿੱਚ ਵੀ ਮੋਹਰੀ ਭੂਮਿਕਾ ਨਿਭਾਏਗਾ।

ਨਸ਼ਿਆਂ ਵਿਰੁੱਧ ਪੈਦਲ ਯਾਤਰਾ ਵਿੱਚ ਹਿੱਸਾ ਲੈਣ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਨੇ ਦੇਸ ਨੂੰ ਵਿਦੇਸ਼ੀ ਸਾਮਰਾਜਵਾਦ ਦੇ ਚੁੰਗਲ ਤੋਂ ਮੁਕਤ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਸਿੰਘ, ਸਹੀਦ ਕਰਤਾਰ ਸਿੰਘ ਸਰਾਭਾ ਅਤੇ ਹੋਰ ਕੌਮੀ ਨਾਇਕਾਂ ਨੇ ਦੇਸ਼ ਨੂੰ ਆਜ਼ਾਦੀ ਦੇ ਰਾਹ 'ਤੇ ਤੋਰਿਆ ਸੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਤੋਂ ਪ੍ਰੇਰਨਾ ਲੈ ਕੇ ਅੱਜ ਪੰਜਾਬ ਦੇਸ਼ ਨੂੰ ਨਸ਼ਿਆਂ ਦੀ ਲਾਹਨਤ ਤੋਂ ਮੁਕਤ ਕਰਨ ਲਈ ਤਿਆਰ ਹੈ।



ਮੁੱਖ ਮੰਤਰੀ ਨੇ ਕਿਹਾ ਕਿ ਇਸ ਧਰਤੀ ਨੇ ਜਰਨੈਲ, ਦੇਸ਼ ਭਗਤ ਅਤੇ ਉੱਘੇ ਖਿਡਾਰੀ ਪੈਦਾ ਕੀਤੇ ਹਨ, ਜਿਨ੍ਹਾਂ ਨੇ ਨੌਜਵਾਨਾਂ ਨੂੰ ਦੇਸ਼ ਦੀ ਸੇਵਾ ਦੇ ਖੇਤਰ ਵਿੱਚ ਵੱਧ-ਚੜ੍ਹ ਕੇ ਹੰਭਲਾ ਮਾਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਇਸ 'ਨਸ਼ਿਆਂ ਵਿਰੁੱਧ ਪਦਯਾਤਰਾ' ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਸਮਾਜ ਵਿੱਚੋਂ ਨਸ਼ਿਆਂ ਦੇ ਖ਼ਤਰੇ ਨੂੰ ਖਤਮ ਕਰਨ ਦਾ ਦ੍ਰਿੜ੍ਹ ਸੰਕਲਪ ਲੈਣਾ ਚਾਹੀਦਾ ਹੈ। ਨਸ਼ਾ ਮੁਕਤ ਪੰਜਾਬ ਬਣਾਉਣ ਵਿੱਚ ਨੌਜਵਾਨਾਂ ਦੀ ਅਹਿਮ ਭੂਮਿਕਾ 'ਤੇ ਜ਼ੋਰ ਦਿੰਦੇ ਹੋਏ ਭਗਵੰਤ ਸਿੰਘ ਮਾਨ ਨੇ ਬੱਚਿਆਂ ਨੂੰ ਨਸ਼ਿਆਂ ਵਿਰੁੱਧ ਲੜਾਈ ਵਿੱਚ ਝੰਡਾਬਰਦਾਰ ਬਣਨ ਲਈ ਪ੍ਰੇਰਿਤ ਕੀਤਾ ਅਤੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਉੱਜਵਲ ਭਵਿੱਖ ਯਕੀਨੀ ਬਣਾਉਣ ਲਈ ਇਸ ਸਮਾਜਿਕ ਬੁਰਾਈ ਨੂੰ ਮੁੱਢ ਤੋਂ ਹੀ ਨੱਥ ਪਾਈ ਜਾਣੀ ਚਾਹੀਦੀ ਹੈ। ਮੁੱਖ ਮੰਤਰੀ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਜੇ ਕੋਈ ਨਸ਼ਿਆਂ ਬਾਰੇ ਕਿਸੇ ਵੀ ਤਰ੍ਹਾਂ ਪਹੁੰਚ ਕਰਦਾ ਹੈ ਤਾਂ ਮਾਪਿਆਂ ਜਾਂ ਅਧਿਆਪਕਾਂ ਨੂੰ ਦੱਸਣ ਅਤੇ ਗਾਇਕੀ ਰਾਹੀਂ ਨਸ਼ਿਆਂ ਦੀ ਵਡਿਆਈ ਕਰਨ ਵਾਲਿਆਂ ਤੋਂ ਦੂਰ ਰਹਿਣ। (ਬਾਕੀ ਸਫਾ 2 'ਤੇ)

*ਪੰਜਾਬ ਨੇ ਜੀ.ਐਸ.ਟੀ. ਕੁਲੈਕਸ਼ਨ 'ਚ ਰਚਿਆ ਇਤਿਹਾਸ !*

## ਅਪ੍ਰੈਲ ਮਹੀਨੇ ਦੌਰਾਨ ਸਰਕਾਰੀ ਖਜ਼ਾਨੇ 'ਚ ਆਏ 2654 ਕਰੋੜ ਰੁਪਏ

ਚੜ੍ਹਦੀਕਲਾ ਬਿਊਰੋ



ਚੰਡੀਗੜ੍ਹ, 3 ਮਈ :ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਅਪ੍ਰੈਲ,2025 ਵਿੱਚ ਹੁਣ ਤੱਕ ਦਾ ਸਭ ਤੋਂ ਵੱਧ 2654 ਕਰੋੜ ਰੁਪਏ ਦਾ ਜੀ.ਐਸ.ਟੀ. ਕੁਲੈਕਸ਼ਨ ਕੀਤਾ ਹੈ।

ਇਹ ਪੰਜਾਬ ਦੇ ਇਤਿਹਾਸ ਵਿੱਚ ਕਿਸੇ ਵੀ ਮਹੀਨੇ ਵਿੱਚ ਕੀਤਾ ਗਿਆ ਸਭ ਤੋਂ ਵੱਧ ਕੁਲੈਕਸ਼ਨ ਹੈ।

ਪੰਜਾਬ ਸਰਕਾਰ ਦੀ ਜੀ.ਐਸ.ਟੀ. ਕੁਲੈਕਸ਼ਨ ਵਿੱਚ ਸਾਲਾਨਾ 20 ਫੀਸਦੀ ਅਤੇ ਮਹੀਨਾਵਾਰ 31 ਫੀਸਦੀ ਦਾ ਵਾਧਾ ਹੋਇਆ ਹੈ। ਅਪ੍ਰੈਲ, 2024 (2216 ਕਰੋੜ ਰੁਪਏ) ਦੇ ਮੁਕਾਬਲੇ, ਅਪ੍ਰੈਲ 2025 ਵਿੱਚ ਜੀ.ਐਸ.ਟੀ. ਕੁਲੈਕਸ਼ਨ ਵਿੱਚ 438 ਕਰੋੜ ਰੁਪਏ ਦਾ ਵਾਧਾ ਦਰਜ ਕੀਤਾ ਗਿਆ। ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਜੀ ਐ ਸ ਟੀ ਕੁਲੈਕਸ਼ਨ ਵਿੱਚ 19.77% ਦਾ ਵਾਧਾ ਹੋਇਆ ਹੈ। ਮਾਰਚ, 2025 (2027 ਕਰੋੜ ਰੁਪਏ) ਦੇ ਮੁਕਾਬਲੇ, ਅਪ੍ਰੈਲ 2025 ਵਿੱਚ ਕੁਲੈਕਸ਼ਨ 627 ਕਰੋੜ ਕਰੋੜ ਵਧਿਆ। ਇੱਕ ਮਹੀਨੇ ਵਿੱਚ 30.93% ਦੀ ਵਾਧਾ ਦਰ ਇਸ ਗੱਲ ਦਾ ਸਪੱਸ਼ਟ ਸੰਕੇਤ ਹੈ ਕਿ ਆਰਥਿਕ ਗਤੀਵਿਧੀਆਂ (ਬਾਕੀ ਸਫਾ 2 'ਤੇ)

## ਗੋਆ 'ਚ ਮੰਦਰ ਉਤਸਵ ਦੌਰਾਨ ਭਾਜੜ ਕਾਰਨ 7 ਦੀ ਮੌਤ

ਚੜ੍ਹਦੀਕਲਾ ਬਿਊਰੋ



ਪਣਜੀ, 3 ਮਈ : ਉੱਤਰੀ ਗੋਆ ਵਿਚ ਇਕ ਮੰਦਰ ਉਤਸਵ ਦੌਰਾਨ ਭਗਦੜ ਮਚਣ ਕਾਰਨ 7 ਵਿਅਕਤੀਆਂ ਦੀ ਮੌਤ ਹੋ ਗਈ ਅਤੇ ਕਈ ਜ਼ਖਮੀ ਹੋ ਗਏ। ਇਕ ਸੀਨੀਅਰ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਇਹ ਘਟਨਾ ਅੱਜ ਸਵੇਰੇ ਸ਼ਿਰਗਾਓ ਪਿੰਡ ਦੇ ਸ੍ਰੀ ਲੈਰਾਈ ਦੇਵੀ ਮੰਦਰ ਵਿੱਚ ਵਾਪਰੀ। ਉਨ੍ਹਾਂ ਕਿਹਾ ਕਿ ਗੋਆ, ਮਹਾਰਾਸ਼ਟਰ ਅਤੇ ਕਰਨਾਟਕ ਤੋਂ ਹਜ਼ਾਰਾਂ ਸ਼ਰਧਾਲੂ ਤਿਉਹਾਰ ਲਈ ਮੰਦਰ ਵਿਚ ਇਕੱਠੇ ਹੋਏ ਸਨ, ਹਾਲਾਂਕਿ ਭਗਦੜ ਦੇ ਸਹੀ ਕਾਰਨਾਂ ਦਾ ਪਤਾ ਜਾਂਚ ਤੋਂ ਬਾਅਦ ਲਗਾਇਆ ਜਾਵੇਗਾ।ਸੂਬੇ ਦੇ ਸਿਹਤ ਮੰਤਰੀ ਵਿਸ਼ਵਜੀਤ ਰਾਣੇ ਨੇ ਕਿਹਾ ਕਿ ਘੱਟੋ-ਘੱਟ 30 ਲੋਕ ਜ਼ਖਮੀ ਹੋਏ ਹਨ, ਜਿਨ੍ਹਾਂ ਵਿੱਚੋਂ ਅੱਠ ਦੀ ਹਾਲਤ ਗੰਭੀਰ ਹੈ ਅਤੇ ਦੋ ਨੂੰ ਬੰਬੋਲੀਮ ਦੇ ਗੋਆ ਮੈਡੀਕਲ ਕਾਲਜ ਅਤੇ ਹਸਪਤਾਲ ਵਿਚ ਰੈਫਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮਾਪੁਸਾ ਦੇ ਉੱਤਰੀ ਗੋਆ ਜ਼ਿਲ੍ਹਾ ਹਸਪਤਾਲ ਵਿੱਚ ਦੋ ਔਰਤਾਂ ਸਮੇਤ ਚਾਰ ਵਿਅਕਤੀਆਂ ਨੂੰ ਮ੍ਰਿਤਕ ਲਿਆਂਦਾ ਗਿਆ। ਅੱਠ ਜ਼ਖਮੀਆਂ ਨੂੰ ਜ਼ਿਲ੍ਹਾ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ, ਜਦੋਂ ਕਿ 10 ਦਾ ਮਾਮੂਲੀ ਸੱਟਾਂ ਦਾ ਇਲਾਜ ਕੀਤਾ ਗਿਆ।

## ਪਾਕਿ ਫ਼ੌਜੀਆਂ ਵੱਲੋਂ ਲਗਾਤਾਰ 9ਵੇਂ ਦਿਨ ਕੰਟਰੋਲ ਰੇਖਾ 'ਤੇ ਜੰਗਬੰਦੀ ਦੀ ਉਲੰਘਣਾ

ਸ੍ਰੀਨਗਰ, 3 ਮਈ (ਚੜ੍ਹਦੀਕਲਾ ਬਿਊਰੋ) : ਜੰਮੂ-ਕਸ਼ਮੀਰ ਵਿੱਚ ਕੰਟਰੋਲ ਰੇਖਾ (ਐਲ.ਓ.ਸੀ.) ਦੇ ਨਾਲ-ਨਾਲ ਵੱਖ-ਵੱਖ ਸੈਕਟਰਾਂ ਵਿੱਚ ਭਾਰਤੀ ਅਤੇ ਪਾਕਿਸਤਾਨੀ ਸੈਨਿਕਾਂ ਵਿਚਕਾਰ ਲਗਾਤਾਰ 9ਵੀਂ ਰਾਤ ਗੋਲੀਬਾਰੀ ਹੋਈ। ਅਧਿਕਾਰੀਆਂ ਨੇ ਸ਼ਨੀਵਾਰ ਨੂੰ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਪਾਕਿਸਤਾਨੀ ਸੈਨਿਕਾਂ ਨੇ ਜੰਗਬੰਦੀ ਸਮਝੌਤੇ ਦੀ ਉਲੰਘਣਾ ਕੀਤੀ ਅਤੇ ਗੋਲੀਬਾਰੀ ਕੀਤੀ, ਜਿਸ ਦਾ ਭਾਰਤੀ ਫੌਜ ਨੇ ਢੁਕਵਾਂ ਜਵਾਬ ਦਿੱਤਾ। ਇਸ ਗੋਲੀਬਾਰੀ ਵਿੱਚ ਕਿਸੇ ਵੀ ਜਾਨੀ ਨੁਕਸਾਨ ਦੀ ਕੋਈ ਰਿਪੋਰਟ ਨਹੀਂ ਹੈ। ਇਹ ਲਗਾਤਾਰ 9ਵੀਂ ਰਾਤ ਸੀ ਜਦੋਂ ਸਰਹੱਦ ਪਾਰ ਤੋਂ ਬਿਨਾਂ ਕਿਸੇ ਭੜਕਾਹਟ ਦੇ ਗੋਲੀਬਾਰੀ ਹੋਈ। ਹੁਣ ਤੱਕ ਗੋਲੀਬਾਰੀ (ਬਾਕੀ ਸਫਾ 2 'ਤੇ)

## ਐਸ.ਕੇ.ਐਮ. ਗੈਰ-ਸਿਆਸੀ ਵੱਲੋਂ 6 ਮਈ ਨੂੰ ਸ਼ੰਭੂ 'ਤੇ ਇਕੱਠ ਦਾ ਸੱਦਾ

ਚੜ੍ਹਦੀਕਲਾ ਬਿਊਰੋ



ਚੰਡੀਗੜ੍ਹ, 3 ਮਈ :ਅੱਜ ਚੰਡੀਗੜ੍ਹ ਦੇ ਕਿਸਾਨ ਭਵਨ ਵਿਖੇ ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਿਕ) ਅਤੇ ਕਿਸਾਨ ਮਜ਼ਦੂਰ ਮੋਰਚਾ ਦੀ ਇੱਕ ਸਾਂਝੀ ਮੀਟਿੰਗ ਹੋਈ, ਜਿਸ ਵਿੱਚ ਦੋਵਾਂ ਮੋਰਚਿਆਂ ਦੇ ਸੀਨੀਅਰ ਆਗੂਆਂ ਨੇ ਵਿਸਥਾਰ ਨਾਲ ਚਰਚਾ ਕੀਤੀ। ਮੀਟਿੰਗ ਵਿੱਚ ਕਿਸਾਨ ਆਗੂਆਂ ਨੇ ਫੈਸਲਾ ਕੀਤਾ ਕਿ ਕੱਲ੍ਹ ਦੋਵੇਂ ਮੋਰਚੇ ਕੇਂਦਰ ਸਰਕਾਰ ਨੂੰ ਇੱਕ ਪੱਤਰ ਲਿਖਣਗੇ, ਜਿਸ ਵਿੱਚ ਮੰਗ ਕੀਤੀ ਜਾਵੇਗੀ ਕਿ ਪੰਜਾਬ ਸਰਕਾਰ ਦੇ ਨੁਮਾਇੰਦਿਆਂ ਦੀ ਗੈਰਹਾਜ਼ਰੀ ਵਿੱਚ ਕੇਂਦਰ ਸਰਕਾਰ ਅਤੇ ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਿਕ) ਅਤੇ ਕਿਸਾਨ ਮਜ਼ਦੂਰ ਮੋਰਚਾ ਦੇ ਨੁਮਾਇੰਦਿਆਂ ਵਿਚਕਾਰ ਇੱਕ ਮੀਟਿੰਗ ਕੀਤੀ ਜਾਵੇ। ਕਿਸਾਨ ਆਗੂਆਂ ਨੇ ਕਿਹਾ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਮਸਲੇ ਸਿਰਫ਼ ਗੱਲਬਾਤ ਰਾਹੀਂ ਹੀ ਹੱਲ ਹੁੰਦੇ ਹਨ ਅਤੇ ਉਹ ਗੱਲਬਾਤ ਲਈ ਤਿਆਰ ਹਨ। ਕਿਸਾਨ ਆਗੂਆਂ ਨੇ ਕਿਹਾ ਕਿ 1 ਮਈ ਨੂੰ ਕਿਸਾਨ ਮੋਰਚਿਆਂ ਨੂੰ ਭੇਜੇ ਗਏ ਪੱਤਰ ਵਿੱਚ ਕੇਂਦਰ ਸਰਕਾਰ ਨੇ ਕਿਹਾ ਸੀ ਕਿ ਸੰਘੀ ਢਾਂਚੇ ਦੀ ਰੱਖਿਆ ਲਈ ਮੀਟਿੰਗ ਵਿੱਚ (ਬਾਕੀ ਸਫਾ 2 'ਤੇ)

## ਪਾਕਿਸਤਾਨ ਜ਼ਿੰਦਾਬਾਦ ਕਹਿਣ ਵਾਲਿਆਂ ਦੀਆਂ ਤੋੜ ਦੇਵਾਂਗੇ ਲੱਤਾਂ: ਸਰਮਾ

ਗੁਹਾਟੀ, 3 ਮਈ (ਚੜ੍ਹਦੀਕਲਾ ਬਿਊਰੋ) : ਪਹਿਲਗਾਮ ਹਮਲੇ ਮਗਰੋਂ ਭਾਰਤ ਤੇ ਪਾਕਿਸਤਾਨ ਵਿਚਾਲੇ ਸਬੰਧ ਤਣਾਅਪੂਰਨ ਬਣੇ ਹੋਏ ਹਨ। ਇਸ ਹਮਲੇ ਕਾਰਨ ਭਾਰਤੀਆਂ ਦੇ ਮਨ 'ਚ ਭਾਰੀ ਗੁੱਸਾ ਦੇਖਿਆ ਜਾ ਰਿਹਾ ਹੈ। ਇਸ ਮਾਮਲੇ 'ਚ ਆਸਾਮ ਦੇ ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਨੇ ਕਿਹਾ ਹੈ ਕਿ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਪਾਕਿਸਤਾਨ ਦੇ ਹੱਕ 'ਚ ਨਾਅਰੇ ਲਾਉਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਸ਼ੁੱਕਰਵਾਰ ਚਿਤਾਵਨੀ ਦਿੱਤੀ ਕਿ ਜੇ ਕਿਸੇ ਨੇ 'ਪਾਕਿਸਤਾਨ ਜ਼ਿੰਦਾਬਾਦ' ਦੇ ਨਾਅਰੇ ਲਾਏ ਤਾਂ ਉਸ ਦੀਆਂ ਲੱਤਾਂ ਤੋੜ ਦਿੱਤੀਆਂ ਜਾਣਗੀਆਂ। ਪੰਚਾਇਤੀ ਚੋਣਾਂ ਦੇ ਸਬੰਧ 'ਚ ਇੱਥੇ ਇਕ ਪ੍ਰਚਾਰ (ਬਾਕੀ ਸਫਾ 2 'ਤੇ)






*ਭਾਰਤ ਦਾ ਪਾਕਿਸਤਾਨ ਵਿਰੁੱਧ ਸਖਤ ਐਕਸ਼ਨ*

## ਸਮੁੰਦਰੀ ਜਹਾਜ਼ਾਂ ਲਈ ਬੰਦਰਗਾਹਾਂ 'ਬੰਦ', ਡਾਕ ਤੇ ਪਾਰਸਲ ਸੇਵਾਵਾਂ 'ਤੇ ਵੀ ਲਗਾਈ ਰੋਕ

ਚੜ੍ਹਦੀਕਲਾ ਬਿਊਰੋ




ਨਵੀਂ ਦਿੱਲੀ, 3 ਮਈ : ਪਹਿਲਗਾਮ ਹਮਲੇ ਤੋਂ ਬਾਅਦ ਭਾਰਤ ਸਰਕਾਰ ਨੇ ਪਾਕਿਸਤਾਨ ਵਿਰੁੱਧ ਇੱਕ ਹੋਰ ਵੱਡੀ ਕਾਰਵਾਈ ਕੀਤੀ ਹੈ। ਭਾਰਤ ਨੇ ਪਾਕਿਸਤਾਨ ਨਾਲ ਹਰ ਤਰ੍ਹਾਂ ਦਾ ਵਪਾਰ ਬੰਦ ਕਰ ਦਿੱਤਾ ਹੈ। ਕੇਂਦਰ ਸਰਕਾਰ ਨੇ ਗੁਆਂਢੀ ਦੇਸ਼ ਨਾਲ ਸਿੱਧੇ ਅਤੇ ਅਸਿੱਧੇ ਵਪਾਰ 'ਤੇ ਪਾਬੰਦੀ ਲਗਾ ਦਿੱਤੀ ਹੈ, ਜਿਸ ਦਾ ਸਿੱਧਾ ਪ੍ਰਭਾਵ ਇਸ ਦੀ ਆਰਥਿਕਤਾ 'ਤੇ ਪੈ ਸਕਦਾ ਹੈ। ਇਸ ਕਦਮ ਨਾਲ ਭਾਰਤ ਅਤੇ ਪਾਕਿਸਤਾਨ ਵਿਚਕਾਰ ਪਹਿਲਾਂ ਤੋਂ ਹੀ ਤਣਾਅਪੂਰਨ ਸਬੰਧਾਂ ਨੂੰ ਹੋਰ ਵੀ ਖਰਾਬ ਹੋਣ ਦੀ ਸੰਭਾਵਨਾ ਹੈ। ਭਾਰਤ ਨੇ ਪਾਕਿਸਤਾਨ ਤੋਂ ਸਿੱਧੇ ਜਾਂ ਅਸਿੱਧੇ ਤੌਰ 'ਤੇ ਲਿਜਾਣ ਵਾਲੀ ਸਾਰੀ ਸਮੱਗਰੀ (ਸਾਰੇ ਆਵਾਜਾਈ) 'ਤੇ ਪਾਬੰਦੀ ਲਗਾ ਦਿੱਤੀ ਹੈ। ਇਸ ਪਾਬੰਦੀ ਦਾ ਅਸਿੱਧਾ ਭਾਵ ਇਹ ਹੈ ਕਿ ਹੁਣ ਭਾਰਤ ਨਾਲ ਵਪਾਰ ਪਾਕਿਸਤਾਨ ਤੋਂ ਕਿਸੇ ਤੀਜੇ ਦੇਸ਼ ਜਾਂ ਵਪਾਰਕ ਸਮੂਹ ਰਾਹੀਂ ਵੀ ਸੰਭਵ ਨਹੀਂ ਹੋਵੇਗਾ। ਇਸਦਾ ਮਤਲਬ ਹੈ ਕਿ ਭਾਰਤ ਨੇ ਅੱਤਵਾਦੀ ਹਮਲਿਆਂ ਵਿਰੁੱਧ ਕਦਮ ਚੁੱਕਣ ਦੇ ਹਿੱਸੇ ਵਜੋਂ ਦੋਵਾਂ ਦੇਸ਼ਾਂ ਵਿਚਕਾਰ ਵਪਾਰ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਹੈ।

ਵਣਜ ਮੰਤਰਾਲੇ ਨੇ ਇਸ ਹੁਕਮ ਦੀ ਨੋਟੀਫਿਕੇਸ਼ਨ ਜਾਰੀ ਕਰ ਦਿੱਤੀ ਹੈ। ਇਸ ਨੋਟੀਫਿਕੇਸ਼ਨ ਦੇ ਅਨੁਸਾਰ, ਭਾਰਤ ਨੇ ਪਾਕਿਸਤਾਨ ਤੋਂ ਸਾਰੇ ਸਮਾਨ ਦੇ ਸਿੱਧੇ ਅਤੇ ਅਸਿੱਧੇ ਨਿਰਯਾਤ ਜਾਂ ਸਾਰੇ ਆਵਾਜਾਈ 'ਤੇ ਤੁਰੰਤ ਪ੍ਰਭਾਵ ਨਾਲ ਪਾਬੰਦੀ ਲਗਾ ਦਿੱਤੀ ਹੈ। ਦੱਸ ਦੇਈਏ ਕਿ ਭਾਰਤ ਤੋਂ ਪਾਕਿਸਤਾਨ ਨੂੰ ਜੈਵਿਕ ਅਤੇ ਅਜੈਵਿਕ ਰਸਾਇਣ, ਦਵਾਈਆਂ, ਖੇਤੀਬਾੜੀ ਉਤਪਾਦ, ਕਪਾਹ ਅਤੇ ਸੂਤੀ ਧਾਗਾ, ਖੰਡ, ਮਠਿਆਈਆਂ, ਪਲਾਸਟਿਕ, ਮਸ਼ੀਨਰੀ ਅਤੇ ਹੋਰ ਸਮਾਨ ਨਿਰਯਾਤ ਕੀਤਾ ਜਾਂਦਾ ਹੈ। ਵਪਾਰ ਪਾਬੰਦੀ ਤੋਂ ਬਾਅਦ ਭਾਰਤ ਪਾਕਿਸਤਾਨ ਨੂੰ ਦਵਾਈਆਂ ਜਾਂ ਖੰਡ ਨਹੀਂ ਭੇਜ ਸਕੇਗਾ। ਉਥੇ ਹੀ ਪਾਕਿਸਤਾਨ ਤੋਂ ਸੁੱਕੇ ਮੇਵੇ, ਤਰਬੂਜ ਅਤੇ ਹੋਰ ਫਲ, ਸੀਮਿੰਟ, ਸੇਂਧਾ ਨਮਕ, ਪੱਥਰ, ਚੂਨਾ, ਮੁਲਤਾਨੀ ਮਿੱਟੀ, ਐਨਕਾਂ ਲਈ ਆਪਟਿਕਸ, ਕਪਾਹ, ਸਟੀਲ, ਜੈਵਿਕ ਰਸਾਇਣ, ਚਮੜੇ ਦੇ ਸਮਾਨ ਇੰਪੋਰਟ ਕੀਤੇ ਜਾਂਦੇ ਹਨ। ਇਸ ਦੇ ਨਾਲ ਹੀ ਇੱਕ ਹੋਰ ਕਾਰਵਾਈ ਤਹਿਤ ਭਾਰਤ ਸਰਕਾਰ ਨੇ ਪਾਕਿਸਤਾਨ ਤੋਂ ਆਉਣ ਵਾਲੀਆਂ ਹਰ ਤਰ੍ਹਾਂ ਦੀਆਂ ਡਾਕ ਅਤੇ ਪਾਰਸਲ ਸੇਵਾਵਾਂ ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਹੈ। ਇਹ ਫੈਸਲਾ ਦੋਵਾਂ ਦੇਸ਼ਾਂ ਵਿਚਕਾਰ ਹਵਾਈ ਅਤੇ ਜ਼ਮੀਨੀ ਮਾਰਗਾਂ ਰਾਹੀਂ ਹੋਣ ਵਾਲੇ ਸਾਰੇ ਡਾਕ ਅਤੇ ਪਾਰਸਲ ਐਕਸਚੇਂਜਾਂ 'ਤੇ ਲਾਗੂ ਹੋਵੇਗਾ। ਡਾਕ ਵਿਭਾਗ ਨੇ ਇਸ ਸਬੰਧ ਵਿੱਚ ਇੱਕ ਜਨਤਕ ਨੋਟਿਸ ਜਾਰੀ ਕਰਕੇ (ਬਾਕੀ ਸਫਾ 2 'ਤੇ)

## ਸੋਨਾ ਰਿਕਾਰਡ ਪੱਧਰ ਤੋਂ 7,000 ਰੁ. ਹੋਇਆ ਸਸਤਾ

ਨਵੀਂ ਦਿੱਲੀ, 3 ਮਈ (ਚੜ੍ਹਦੀਕਲਾ ਬਿਊਰੋ) : ਪਿਛਲੇ ਕੁਝ ਹਫ਼ਤਿਆਂ ਵਿੱਚ ਰਿਕਾਰਡ ਉੱਚਾਈ ਨੂੰ ਛੂਹਣ ਤੋਂ ਬਾਅਦ, ਸੋਨੇ ਦੀਆਂ ਕੀਮਤਾਂ ਵਿੱਚ ਵਾਧਾ ਹੁਣ ਰੁਕ ਗਿਆ ਹੈ। ਇਹ ਹੁਣ ਘਰੇਲੂ ਬਾਜ਼ਾਰ ਵਿੱਚ ਆਪਣੇ ਉੱਚਤਮ ਪੱਧਰ 1 ਲੱਖ ਪ੍ਰਤੀ 10 ਗ੍ਰਾਮ ਤੋਂ ਡਿੱਗ ਕੇ 93,000 ਰੁਪਏ 'ਤੇ ਆ ਗਿਆ ਹੈ। ਸੋਨਾ ਹੁਣ 7,000 ਰੁਪਏ ਸਸਤਾ ਹੋ ਗਿਆ ਹੈ। ਇਸੇ ਤਰ੍ਹਾਂ ਅੰਤਰਰਾਸ਼ਟਰੀ ਬਾਜ਼ਾਰ ਵਿੱਚ, ਕਾਮੈਕਸ 'ਤੇ ਸਪਾਟ ਗੋਲਡ ਲਗਭਗ 2% ਡਿੱਗ ਕੇ 3,255.60 ਡਾਲਰ ਪ੍ਰਤੀ ਔਂਸ ਹੋ ਗਿਆ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਇਹ ਗਿਰਾਵਟ ਹੋਰ ਵੀ ਜਾਰੀ ਰਹਿ ਸਕਦੀ ਹੈ, ਜਦੋਂ ਕਿ ਚਾਂਦੀ ਵਿੱਚ ਨਿਵੇਸ਼ ਕਰਨ ਦਾ ਮੌਕਾ ਉੱਭਰਦਾ ਜਾਪਦਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਅਮਰੀਕਾ ਅਤੇ ਚੀਨ ਸਮੇਤ ਹੋਰ ਪ੍ਰਮੁੱਖ ਦੇਸ਼ਾਂ ਵਿਚਕਾਰ ਵਪਾਰਕ ਤਣਾਅ ਘੱਟ ਹੋਣ ਕਾਰਨ ਸੋਨੇ ਦੀ ਸੁਰੱਖਿਅਤ-ਨਿਵਾਸ ਮੰਗ ਵਿੱਚ ਗਿਰਾਵਟ ਆਈ ਹੈ। ਇਸ ਦੇ ਨਾਲ ਹੀ, (ਬਾਕੀ ਸਫਾ 2 'ਤੇ)




# ਭਗਤ ਸਿੰਘ ਤੋਂ ਪ੍ਰੇਰਿਤ ਪੰਜਾਬ ਦੇ ਨੌਜਵਾਨ ਹੁਣ ਬਣਨਗੇ ਬਦਲਾਅ ਦੀ ਮਿਸਾਲ: ਮਾਨ

ਗੜ੍ਹਸ਼ੰਕਰ, 3 ਮਈ (ਚ.ਨ.ਸ.) : ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਗੜ੍ਹਸ਼ੰਕਰ ਵਿਖੇ ਆਮ ਆਦਮੀ ਪਾਰਟੀ ਵੱਲੋਂ ਕਰਵਾਏ ਗਏ ਯੂਥ ਕਲੱਬ ਲੀਡਰਸ਼ਿਪ ਪ੍ਰੋਗਰਾਮ ਦੀ ਅਗਵਾਈ ਕਰਦਿਆਂ ਨੌਜਵਾਨਾਂ ਨੂੰ ਰਾਸ਼ਟਰ ਹਿੱਤ ਵਿੱਚ ਕੰਮ ਕਰਨ ਲਈ ਪ੍ਰੇਰਿਤ ਕੀਤਾ।

ਆਪਣੇ ਪ੍ਰੇਰਨਾਦਾਇਕ ਸੰਬੋਧਨ ਵਿੱਚ ਮੁੱਖ ਮੰਤਰੀ ਨੇ ਨੌਜਵਾਨਾਂ ਨੂੰ ਦੇਸ਼ ਦੀ ਬਣਤਰ ਵਿੱਚ ਮੋਹਰੀ ਭੂਮਿਕਾ ਨਿਭਾਉਣ ਦਾ ਸੱਦਾ ਦਿੱਤਾ।




ਪੰਜਾਬ ਦੇ ਵੱਖ-ਵੱਖ ਜ਼ਿਲਿਆਂ ਤੋਂ ਆਏ ਆਮ ਆਦਮੀ ਪਾਰਟੀ ਦੇ ਨੌਜਵਾਨ ਸਿਪਾਹੀਆਂ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਨੌਜਵਾਨ ਪੀੜ੍ਹੀ ਹੀ ਦੇਸ਼ ਦੀ ਅਸਲ ਤਾਕਤ ਹੈ।

ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਅਤੇ ਕਰਤਾਰ ਸਿੰਘ ਸਰਾਭਾ ਵਰਗੇ ਵੀਰਾਂ ਨੇ ਬਹੁਤ ਘੱਟ ਉਮਰ ਵਿੱਚ ਦੇਸ਼ ਲਈ ਆਪਣੀ ਜਾਨ ਵਾਰ ਦਿੱਤੀ।

ਉਨ੍ਹਾਂ ਕਿਹਾ ਕਿ ਭਗਤ ਸਿੰਘ ਸਿਰਫ਼ 23 ਸਾਲਾਂ ਅਤੇ ਕਰਤਾਰ ਸਿੰਘ ਸਰਾਭਾ ਸਿਰਫ਼ 19 ਸਾਲਾਂ ਦੀ ਉਮਰ 'ਚ ਸ਼ਹੀਦ ਹੋਏ ਪਰ ਉਹ ਅਜੇ ਵੀ ਹਰ ਭਾਰਤੀ ਦੇ ਦਿਲ ਵਿੱਚ ਜਿਉਂਦੇ ਹਨ। ਉਨ੍ਹਾਂ ਦੀ ਸ਼ਹਾਦਤ ਕਾਰਨ ਉਹ ਹਮੇਸ਼ਾ 23 ਤੇ 19 ਸਾਲਾਂ ਦੇ ਹੀ ਰਹਿਣਗੇ।

ਮੁੱਖ ਮੰਤਰੀ ਨੇ ਕਿਹਾ ਕਿ ਕਰਤਾਰ ਸਿੰਘ ਸਰਾਭਾ ਦੇ ਪਰਿਵਾਰ ਕੋਲ ਉਦੋਂ 300 ਏਕੜ ਤੋਂ ਵੀ ਜ਼ਿਆਦਾ ਜ਼ਮੀਨ ਸੀ। ਉਹ ਚਾਹੁੰਦੇ ਤਾਂ ਵਿਦੇਸ਼ਾਂ 'ਚ ਪੜ੍ਹ ਕੇ ਸ਼ਾਨਦਾਰ ਜ਼ਿੰਦਗੀ ਜੀ ਸਕਦੇ ਸਨ, ਪਰ ਉਨ੍ਹਾਂ ਦੇਸ਼ ਪ੍ਰੇਮ ਚੁਣਿਆ ਤੇ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ। ਇਨ੍ਹਾਂ ਸ਼ਹੀਦਾਂ ਨੂੰ ਅਸੀਂ ਅੱਜ ਵੀ ਆਪਣਾ ਆਦਰਸ ਮੰਨਦੇ ਹਾਂ। ਉਨ੍ਹਾਂ ਕਿਹਾ ਕਿ ਅੱਜ ਦੇ ਨੌਜਵਾਨ ਜਿਸ ਉਮਰ ਵਿੱਚ ਮਾਪਿਆਂ ਕੋਲੋਂ ਮੋਟਰਸਾਈਕਲਾਂ ਤੇ ਗੱਡੀਆਂ ਦੀ ਮੰਗ ਕਰਦੇ ਹਨ, ਉਸ ਉਮਰ ਵਿੱਚ ਇਨ੍ਹਾਂ ਸ਼ਹੀਦਾਂ ਨੇ ਅੰਗਰੇਜ਼ਾਂ ਤੋਂ ਆਜ਼ਾਦੀ ਦੀ ਮੰਗ ਕੀਤੀ। ਅੱਜ ਸਾਨੂੰ ਵੀ ਉਨ੍ਹਾਂ ਦੇ ਆਦਰਸ਼ਾਂ ਨੂੰ ਅਪਣਾਉਣਾ ਪਵੇਗਾ।

ਚੰਦਰ ਸ਼ੇਖਰ ਆਜ਼ਾਦ ਵੱਲੋਂ ਅਸੈਂਬਲੀ 'ਚ ਬੰਬ ਸੁੱਟਣ ਦੀ ਯੋਜਨਾ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸ਼ੁਰੂ 'ਚ ਉਸ ਯੋਜਨਾ 'ਚ ਭਗਤ ਸਿੰਘ ਸ਼ਾਮਲ ਨਹੀਂ ਸਨ ਪਰ ਉਨ੍ਹਾਂ ਨੇ ਖੁਦ ਹੀ ਆਪਣਾ ਨਾਂ ਜੋੜਿਆ। ਇਹ ਦਰਸਾਉਂਦਾ ਹੈ ਕਿ ਉਨ੍ਹਾਂ ਦੇ ਅੰਦਰ ਦੇਸ਼ ਭਗਤੀ ਅਤੇ ਬਲੀਦਾਨ ਦੀ ਭਾਵਨਾ ਕਿੰਨੀ ਡੂੰਘੀ ਸੀ। ਉਨ੍ਹਾਂ ਕਿਹਾ ਕਿ ਇਹ ਯੋਧੇ ਚਾਹੁੰਦੇ ਤਾਂ ਅੰਗਰੇਜ਼ਾਂ ਨਾਲ ਸਮਝੌਤਾ ਕਰਕੇ ਲੰਬੀ ਜ਼ਿੰਦਗੀ ਜੀ ਸਕਦੇ ਸਨ, ਪਰ ਉਨ੍ਹਾਂ ਨੇ ਦੇਸ਼ ਸੇਵਾ ਲਈ ਸਮਝੌਤਾ ਨਹੀਂ ਕੀਤਾ। ਅਸੀਂ ਤਾਂ ਉਨ੍ਹਾਂ ਤੋਂ ਤਿੰਨ-ਤਿੰਨ ਗੁਣਾ ਜ਼ਿਆਦਾ ਜੀ ਲਏ ਹਾਂ, ਹੁਣ ਡਰ ਛੱਡ ਕੇ ਪੰਜਾਬ ਅਤੇ ਦੇਸ਼ ਲਈ ਕੰਮ ਕਰਨਾ ਹੋਵੇਗਾ।

ਮੁੱਖ ਮੰਤਰੀ ਨੇ ਗੁਰਬਾਣੀ ਅਤੇ ਸੂਫੀ ਸਾਹਿਤ ਦਾ ਹਵਾਲਾ ਦਿੰਦਿਆਂ ਮੁਹੰਮਦ ਮੀਆਂ ਬਖ਼ਸ਼ ਦੀ ਇਕ ਰਚਨਾ ਵੀ ਨੌਜਵਾਨਾਂ ਨਾਲ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਰੱਬ ਹਰ ਕਿਸੇ ਉੱਤੇ ਜ਼ਿੰਮੇਵਾਰੀ ਦਾ ਘੜਾ ਨਹੀਂ ਧਰਦਾ, ਜਿਨ੍ਹਾਂ ਕੋਲ ਬੋਝ ਝੱਲਣ ਦੀ ਤਾਕਤ ਹੁੰਦੀ ਹੈ, ਉਨ੍ਹਾਂ ਨੂੰ ਹੀ ਜ਼ਿੰਮੇਵਾਰੀ ਮਿਲਦੀ ਹੈ।

ਮੁੱਖ ਮੰਤਰੀ ਨੇ ਨੌਜਵਾਨਾਂ ਨੂੰ ਕਿਹਾ ਕਿ ਅੱਜ ਤੁਹਾਡੇ ਸਿਰ ਜ਼ਿੰਮੇਵਾਰੀ ਦਾ ਘੜਾ ਰੱਖਿਆ ਗਿਆ ਹੈ, ਹੁਣ ਪੂਰੀ ਲਗਨ ਨਾਲ ਕੰਮ ਕਰਨਾ ਪਵੇਗਾ। ਰਸਤੇ 'ਚ ਰੁਕਾਵਟਾਂ ਆਉਣਗੀਆਂ, ਲੋਕ ਵੀ ਪੈਰ ਖਿੱਚਣਗੇ ਪਰ ਸਾਨੂੰ ਹਮੇਸ਼ਾ ਆਪਣੇ ਟੀਚੇ 'ਤੇ ਨਜ਼ਰ ਰੱਖਣੀ ਪਵੇਗੀ। ਉਨ੍ਹਾਂ ਕਿਹਾ ਕਿ ਪੰਜਾਬੀ ਕਦੇ ਵੀ ਖਾਲੀ ਹੱਥ ਵਾਪਸ ਨਹੀਂ ਆਉਂਦੇ। ਅਸੀਂ ਸਿਕੰਦਰ ਅਤੇ ਔਰੰਗਜ਼ੇਬ ਵਰਗਿਆਂ ਨੂੰ ਵੀ ਰੋਕਿਆ ਹੈ। ਸਾਡੇ ਆਦਰਸ਼ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਿਹ ਸਿੰਘ ਹਨ, ਜਿਨ੍ਹਾਂ ਨੇ ਸੀਸ ਦਿੱਤੇ ਪਰ ਸਿਰ ਨਹੀਂ ਝੁਕਾਇਆ। ਕੰਧਾਂ 'ਚ ਚਿਣ ਦਿੱਤੇ ਗਏ, ਪਰ ਧਰਮ ਦੇ ਰਾਹ ਤੋਂ ਪਿੱਛੇ ਨਹੀਂ ਹਟੇ।

ਮੁੱਖ ਮੰਤਰੀ ਨੇ ਆਪਣੇ ਪੁਰਾਣੇ ਦਿਨ ਯਾਦ ਕਰਦਿਆਂ ਕਿਹਾ, "ਪਹਿਲਾਂ ਜਦੋਂ ਮੈਂ ਕਲਾਕਾਰ ਸੀ, ਪਿੰਡਾਂ 'ਚ ਜਾ ਕੇ ਪੈਸੇ ਲੈਂਦਾ ਸੀ, ਪਰ ਅੱਜ ਜਦੋਂ ਮੁੱਖ ਮੰਤਰੀ ਬਣ ਕੇ ਉਨ੍ਹਾਂ ਪਿੰਡਾਂ 'ਚ ਜਾਂਦਾ ਹਾਂ ਤਾਂ ਉਹ ਪੈਸੇ ਵਿਆਜ ਸਮੇਤ ਗਰਾਂਟ ਦੇ ਤੌਰ 'ਤੇ ਵਾਪਸ ਕਰਨੇ ਪੈਂਦੇ ਹਨ।"

ਮੁੱਖ ਮੰਤਰੀ ਨੇ ਪੰਜਾਬ ਵਿੱਚ ਪਾਣੀ ਦੇ ਸੰਕਟ ਅਤੇ ਐਸ.ਵਾਈ.ਐਲ.(ਸਤਲੁਜ-ਯਮੁਨਾ ਲਿੰਕ) ਵਿਵਾਦ 'ਤੇ ਵੀ ਗੰਭੀਰਤਾ ਨਾਲ ਵਿਚਾਰ ਰੱਖਿਆ। ਉਨ੍ਹਾਂ ਕਿਹਾ ਕਿ ਪੰਜਾਬ ਕਦੇ ਵੀ ਲੜਾਈ ਨਹੀਂ ਚਾਹੁੰਦਾ ਸੀ, ਪਰ ਵਾਰ-ਵਾਰ ਉਸ ਉੱਤੇ ਲੜਾਈ ਥੋਪੀ ਗਈ। ਹੁਣ ਸਰਹੱਦਾਂ ਤੋਂ ਬਾਅਦ ਪੰਜਾਬ ਨੂੰ ਪਾਣੀ ਦੀ ਲੜਾਈ 'ਚ ਧੱਕਿਆ ਜਾ ਰਿਹਾ ਹੈ। ਹਰਿਆਣਾ ਨਾਲ ਬੇਵਜ੍ਹਾ ਟਕਰਾਅ ਬਣਾਇਆ ਗਿਆ, ਪਰ ਹੁਣ ਪੰਜਾਬ ਵੀ ਡਟ ਗਿਆ ਹੈ।

ਮੁੱਖ ਮੰਤਰੀ ਨੇ ਦੱਸਿਆ ਕਿ ਉਹ ਖੁਦ ਨੰਗਲ ਡੈਮ ਗਏ ਅਤੇ ਫ਼ਾਲਤੂ ਪਾਣੀ ਦੀ ਸਪਲਾਈ ਰੁਕਵਾਈ। ਹੁਣ ਪੰਜਾਬੀ ਕਿਸੇ ਵੀ ਜ਼ਬਰਦਸਤੀ ਨੂੰ ਸਹਿਣ ਵਾਲੇ ਨਹੀਂ ਹਨ। ਭਗਵੰਤ ਮਾਨ ਨੇ ਕੇਂਦਰ ਸਰਕਾਰ ਨੂੰ ਇਕ ਵਾਰ ਫਿਰ ਸਲਾਹ ਦਿੱਤੀ ਕਿ ਜੇ ਪਾਕਿਸਤਾਨ ਵੱਲੋਂ ਰੋਕਿਆ ਗਿਆ ਪਾਣੀ ਪੰਜਾਬ ਦੇ ਡੈਮਾਂ ਵਿੱਚ ਆ ਜਾਂਦਾ ਹੈ ਤਾਂ ਪੰਜਾਬ ਭਾਖੜਾ ਰਾਹੀਂ ਹਰਿਆਣਾ ਨੂੰ ਪਾਣੀ ਦੇ ਸਕਦਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਪੰਜਾਬ ਸਰਕਾਰ ਨੇ ਛੇ ਵਾਰ ਹਰਿਆਣਾ ਨੂੰ ਪੱਤਰ ਲਿਖ ਕੇ ਚੇਤਾਵਨੀ ਦਿੱਤੀ ਕਿ ਉਹ ਪਾਣੀ ਦੀ ਵਧੇਰੇ ਵਰਤੋਂ ਕਰ ਰਹੇ ਹਨ ਪਰ ਹਰਿਆਣਾ ਨੇ ਇਸ ਨੂੰ ਗੰਭੀਰਤਾ ਨਾਲ ਨਹੀਂ ਲਿਆ।

ਮੁੱਖ ਮੰਤਰੀ ਨੇ ਕਿਹਾ ਕਿ ਜਦੋਂ ਬੀ.ਬੀ.ਐਮ.ਬੀ (ਭਾਖੜਾ-ਬਿਆਸ ਪ੍ਰਬੰਧਕੀ ਬੋਰਡ) ਨੇ ਪੰਜਾਬ ਵਿਰੁੱਧ ਫੈਸਲਾ ਸੁਣਾਇਆ ਤਾਂ ਤੁਰੰਤ ਸਰਬ ਪਾਰਟੀ ਮੀਟਿੰਗ ਬੁਲਾ ਕੇ ਕੇਂਦਰ ਅਤੇ ਹਰਿਆਣਾ ਨੂੰ ਸਾਫ਼ ਸੁਨੇਹਾ ਦਿੱਤਾ ਗਿਆ।

ਇਸ ਦੇ ਨਾਲ ਹੀ ਪੰਜਾਬ ਸਰਕਾਰ ਨੇ ਇਸ ਮਸਲੇ 'ਤੇ ਸੋਮਵਾਰ ਨੂੰ ਵਿਧਾਨ ਸਭਾ ਦਾ ਵਿਸ਼ੇਸ਼ ਸ਼ੈਸਨ ਬੁਲਾਇਆ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਕਈ ਜ਼ਿਲੇ "ਡਾਰਕ ਜ਼ੋਨ" 'ਚ ਚਲੇ ਗਏ ਹਨ ਅਤੇ ਕੁਝ ਥਾਵਾਂ ਤੇ ਪਾਣੀ ਦਾ ਪੱਧਰ 600 ਫੁੱਟ ਤੋਂ ਵੀ ਥੱਲੇ ਚਲਾ ਗਿਆ ਹੈ।

# ਨੰਗਲ ਨੂੰ ਵਿਸ਼ਵ ਪੱਧਰੀ ਸੈਰ-ਸਪਾਟਾ ਸਥਾਨ ਬਣਾਏਗੀ ਮਾਨ ਸਰਕਾਰ, ਬੈਂਸ ਵੱਲੋਂ ਖਾਕਾ ਜਾਰੀ

ਚੰਡੀਗੜ੍ਹ/ਨੰਗਲ , 3 ਮਈ (ਚ.ਨ.ਸ.) : ਪੰਜਾਬ ਦੇ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਨੰਗਲ ਨੂੰ ਵਿਸ਼ਵ ਪੱਧਰੀ ਸੈਰ-ਸਪਾਟਾ ਸਥਾਨ ਵਜੋਂ ਵਿਕਸਤ ਕਰਨ ਦਾ ਖਾਕਾ ਪੇਸ਼ ਕੀਤਾ ਹੈ। ਉਨ੍ਹਾਂ ਕਿਹਾ ਕਿ ਸਾਲ 2022 ਵਿੱਚ ਸੂਬਾ ਵਾਸੀਆਂ ਨਾਲ ਕੀਤੇ ਗਏ ਵਾਅਦਿਆਂ ਨੂੰ ਜ਼ਮੀਨੀ ਪੱਧਰ ਉੱਤੇ ਅਮਲੀ ਜਾਮਾ ਪਹਿਨਾਇਆ ਜਾ ਰਿਹਾ ਹੈ ਅਤੇ ਕੇਵਲ ਨੀਂਹ ਪੱਥਰ ਨਹੀਂ, ਬਲਕਿ ਵਿਕਾਸ ਕਾਰਜਾਂ ਦੀ ਠੋਸ ਨੀਂਹ ਰੱਖੀ ਜਾ ਰਹੀ ਹੈ।



ਉਨ੍ਹਾਂ ਦੱਸਿਆ ਕਿ ਬਹੁ-ਕਰੋੜੀ ਫਲਾਈਓਵਰ ਦੇ ਉਦਘਾਟਨ ਨਾਲ ਨੰਗਲ ਦੇ ਵਿਕਾਸ ਨੂੰ ਨਵੀਂ ਰਫ਼ਤਾਰ ਮਿਲੀ ਹੈ। ਇਹ ਫਲਾਈਓਵਰ, ਜੋ ਮੁਕੰਮਲ ਨਾ ਹੋਣ ਕਾਰਨ ਲੰਬੇ ਸਮੇਂ ਤੋਂ ਸਮੱਸਿਆ ਬਣਿਆ ਹੋਇਆ ਸੀ, ਹੁਣ ਪੂਰੀ ਤਰ੍ਹਾਂ ਕਾਰਜਸ਼ੀਲ ਹੈ, ਜਿਸ ਨਾਲ ਕਾਰੋਬਾਰ ਨੂੰ ਉਤਸ਼ਾਹ ਮਿਲਿਆ ਹੈ ਅਤੇ ਲੋਕਾਂ ਲਈ ਆਉਣਾ-ਜਾਣਾ ਸੁਖਾਲਾ ਹੋ ਗਿਆ ਹੈ। ਇਸਦੇ ਮੁਕੰਮਲ ਹੋਣ ਨਾਲ ਸ਼ਹਿਰ ਵਿੱਚ ਰਾਹਤ ਅਤੇ ਨਵੀਂ ਊਰਜਾ ਦੀ ਲਹਿਰ ਦੇਖਣ ਨੂੰ ਮਿਲੀ ਹੈ।

ਸਿੱਖਿਆ ਖੇਤਰ ਵਿੱਚ ਕੀਤੇ ਗਏ ਸੁਧਾਰਾਂ 'ਤੇ ਚਾਨਣਾ ਪਾਉਂਦਿਆਂ ਸਿੱਖਿਆ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਸਰਕਾਰੀ ਸਕੂਲਾਂ ਵਿੱਚ ਮਿਆਰੀ ਸਿੱਖਿਆ ਪ੍ਰਣਾਲੀ ਅਤੇ ਆਧੁਨਿਕ ਸਹੂਲਤਾਂ ਨੂੰ ਯਕੀਨੀ ਬਣਾਇਆ ਹੈ। ਹੁਣ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀਬੀਐਮਬੀ) ਦੇ ਅਧਿਕਾਰੀ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਪ੍ਰਤੀ ਜ਼ਿਆਦਾ ਜਵਾਬਦੇਹ ਹੋ ਗਏ ਹਨ, ਜੋ ਕਿ ਸਮੂਹਿਕ ਯਤਨਾਂ ਅਤੇ ਮਜ਼ਬੂਤ ਸ਼ਾਸਨ ਦਾ ਪ੍ਰਮਾਣ ਹੈ।

ਹਰਜੋਤ ਬੈਂਸ ਨੇ ਦੱਸਿਆ ਕਿ ਆਗਾਮੀ 'ਕਦੰਬਾ ਟੂਰਿਸਟ ਕੰਪਲੈਕਸ' ਨਾ ਕੇਵਲ ਸੈਰ-ਸਪਾਟੇ ਨੂੰ ਹੁਲਾਰਾ ਦੇਵੇਗਾ ਬਲਕਿ ਸਥਾਨਕ ਲੋਕਾਂ ਲਈ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਵੀ ਕਰੇਗਾ। ਇਸ ਪ੍ਰਾਜੈਕਟ ਦੀ ਟੈਂਡਰ ਪ੍ਰਕਿਰਿਆ ਚੱਲ ਰਹੀ ਅਤੇ ਇਸ ਦੀ ਉਸਾਰੀ ਜਲਦੀ ਸ਼ੁਰੂ ਹੋਣ ਦੀ ਉਮੀਦ ਹੈ। ਇਹ ਅਹਿਮ ਪ੍ਰੋਜੈਕਟ ਨੰਗਲ ਨੂੰ ਸੈਰ-ਸਪਾਟੇ ਦੇ ਨਕਸ਼ੇ 'ਤੇ ਇੱਕ ਨਵੀਂ ਪਛਾਣ ਦੇਵੇਗਾ।

ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਨੰਗਲ ਵਿੱਚ ਸੈਰ-ਸਪਾਟੇ ਨੂੰ ਹੁਲਾਰਾ ਦੇਣ ਲਈ ਸਤਲੁਜ ਦਰਿਆ ਦੇ ਨਾਲ ਇੱਕ ਖੂਬਸੂਰਤ 'ਰਿਵਰ ਵਿਊ' ਵਿਕਸਤ ਕਰਨ ਦੀ ਯੋਜਨਾ ਹੈ, ਜਿਸ ਵਿੱਚ ਹਰਿਆਲੀ ਲਈ ਰੁੱਖ-ਬੂਟੇ ਅਤੇ ਆਧੁਨਿਕ ਢੰਗ ਦੀਆਂ ਲਾਈਟਾਂ ਦੀ ਵਿਵਸਥਾ ਕੀਤੀ ਜਾਵੇਗੀ। ਇਸ ਦੇ ਨਾਲ ਹੀ ਸਤਲੁਜ ਪਾਰਕ ਨੇੜੇ ਇੱਕ 'ਗਲਾਸ ਬ੍ਰਿਜ' ਬਣਾਉਣ ਦੀ ਵੀ ਯੋਜਨਾ ਹੈ। ਇਨ੍ਹਾਂ ਪ੍ਰੋਜੈਕਟਾਂ ਲਈ ਟੈਂਡਰ ਮੰਗੇ ਗਏ ਹਨ ਅਤੇ ਉਸਾਰੀ ਜਲਦੀ ਸ਼ੁਰੂ ਹੋਣ ਦੀ ਉਮੀਦ ਹੈ। ਇਹ ਪ੍ਰੋਜੈਕਟ ਨਾ ਕੇਵਲ ਨੰਗਲ ਦੀ ਖੂਬਸੂਰਤੀ ਨੂੰ ਵਧਾਉਣਗੇ ਬਲਕਿ ਹੋਰ ਸੈਲਾਨੀਆਂ ਨੂੰ ਵੀ ਆਕਰਸ਼ਿਤ ਕਰਨਗੇ।

ਸਿੱਖਿਆ ਮੰਤਰੀ ਨੇ ਅੱਗੇ ਦੱਸਿਆ ਕਿ ਸਕੂਲ ਆਫ਼ ਐਮੀਨੈਂਸ ਵਿੱਚ ਕਰੋੜਾਂ ਦੀ ਲਾਗਤ ਨਾਲ ਇੱਕ ਅਤਿ-ਆਧੁਨਿਕ ਇਨਡੋਰ ਸਵੀਮਿੰਗ ਪੂਲ ਬਣਾਇਆ ਜਾ ਰਿਹਾ ਹੈ, ਜੋ ਸੂਬੇ ਦੇ ਖੇਡ ਬੁਨਿਆਦੀ ਢਾਂਚੇ ਵਿੱਚ ਇੱਕ ਨਵੀਂ ਮਿਸਾਲ ਕਾਇਮ ਕਰੇਗਾ। ਇਹ ਪੂਲ ਸਥਾਨਕ ਖੇਡ ਪ੍ਰਤਿਭਾ ਨੂੰ ਨਿਖਾਰੇਗਾ ਅਤੇ ਨੰਗਲ ਨੂੰ ਖੇਡ ਨਕਸ਼ੇ 'ਤੇ ਹੋਰ ਪਕੇਰੇ ਢੰਗ ਨਾਲ ਉਭਾਰੇਗਾ।

ਸਿਹਤ ਅਤੇ ਸਿੱਖਿਆ ਖੇਤਰ ਵਿੱਚ ਨਵੀਆਂ ਪਹਿਲਕਦਮੀਆਂ ਨੂੰ ਉਜਾਗਰ ਕਰਦਿਆਂ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਬੀਬੀਐਮਬੀ ਨੂੰ ਆਮ ਆਦਮੀ ਕਲੀਨਿਕ ਅਤੇ ਇੱਕ ਉੱਚ-ਸ਼੍ਰੇਣੀ ਦੀ ਲਾਇਬ੍ਰੇਰੀ ਲਈ ਜਗ੍ਹਾ ਅਲਾਟ ਕਰਨ ਲਈ ਬੇਨਤੀ ਕੀਤੀ ਗਈ ਹੈ ਤਾਂ ਜੋ ਲੋਕਾਂ ਨੂੰ ਸ਼ਹਿਰ ਵਿੱਚ ਸਿਹਤ ਅਤੇ ਸਿੱਖਿਆ ਸਹੂਲਤਾਂ ਆਸਾਨੀ ਨਾਲ ਮਿਲ ਸਕਣ।

ਉਨ੍ਹਾਂ ਨੇ ਇਸ ਤਰੱਕੀ ਦਾ ਸਿਹਰਾ ਜਨਤਾ ਦੇ ਵਿਸ਼ਵਾਸ ਨੂੰ ਦਿੰਦਿਆਂ ਕਿਹਾ ਕਿ ਸਾਲ 2022 ਵਿੱਚ ਕੀਤੇ ਗਏ ਵਾਅਦਿਆਂ ਅਨੁਸਾਰ ਨੰਗਲ ਨੂੰ ਇੱਕ ਵੱਖਰੀ ਪਛਾਣ ਦੇਣ ਲਈ ਕਾਰਜ ਕੀਤੇ ਜਾ ਰਹੇ ਹਨ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਪਾਰਦਰਸ਼ਤਾ, ਜਵਾਬਦੇਹੀ ਅਤੇ ਜਨਤਕ ਹਿੱਤਾਂ ਨੂੰ ਤਰਜ਼ੀਹ ਦਿੰਦੀ ਹੈ। ਬੈਂਸ ਨੇ ਅੰਤ ਵਿੱਚ ਦ੍ਰਿੜ੍ਹਤਾ ਨਾਲ ਕਿਹਾ ਕਿ ਨੰਗਲ ਇੱਕ ਮਾਡਲ ਸੈਰ-ਸਪਾਟਾ ਸਥਾਨ ਵਜੋਂ ਉਭਰੇਗਾ ਅਤੇ ਨਾਗਰਿਕਾਂ ਨੂੰ ਇਸਦੀ ਵਿਕਾਸ ਯਾਤਰਾ ਵਿੱਚ ਭਾਈਵਾਲੀ ਬਣਨ ਅਤੇ ਤਰੱਕੀ ਲਈ ਸ਼ਹਿਰ ਨੂੰ ਸਾਫ਼ ਅਤੇ ਹਰਾ-ਭਰਾ ਰੱਖਣ ਦੀ ਅਪੀਲ ਵੀ ਕੀਤੀ।

# ਪਹਿਲੇ ਸਫ਼ੇ ਦੀ ਬਾਕੀ

## ਪੰਜਾਬ ਦੇ 7 ਜ਼ਿਲ੍ਹਿਆਂ ਵਿੱਚ

ਕਰ ਲਈ ਗਈ ਹੈ। ਆਖਿਰਕਾਰ ਇਸ ਰੇਡ ਦੇ ਪਿੱਛੇ ਕਾਰਨ ਕੀ ਹਨ, ਇਸ ਬਾਰੇ ਕੋਈ ਜਾਣਕਾਰੀ ਸਾਹਮਣੇ ਨਹੀਂ ਆਈ ਹੈ ਪਰ ਪੰਜਾਬ ਤੇ ਹਰਿਆਣਾ ਸੂਬਿਆਂ ਦੇ ਵੱਖ-ਵੱਖ ਥਾਣਿਆਂ ਤੇ ਚੌਕੀਆਂ 'ਤੇ ਜੋ ਹਮਲਾ ਹੋਇਆ ਸੀ ਉਸ ਮਾਸਟਰਮਾਈਂਡ ਦੇ ਟਿਕਾਣਿਆਂ ਉਤੇ ਇਹ ਰੇਡ ਕੀਤੀ ਜਾ ਰਹੀ ਹੈ। ਵੱਖ-ਵੱਖ ਦੇਸ਼ਾਂ ਉਤੇ ਉਸ ਮਾਸਟਰਮਾਈਂਡ ਤੇ ਇਕ ਹੋਰ ਵੱਖਵਾਦੀ ਦਾ ਨੈਟਵਰਕ ਫੈਲਿਆ ਹੈ, ਉਸ ਨੈਟਵਰਕ ਨੂੰ ਤੋੜਨ ਲਈ ਇਹ ਕਾਰਵਾਈ ਐੱਨ.ਆਈ.ਏ. ਵੱਲੋਂ ਕੀਤੀ ਜਾ ਰਹੀ ਹੈ। ਰੇਡ ਜਾਰੀ ਹੈ ਅਜਿਹੇ ਵਿਚ ਕਿਹੜੇ ਲੋਕਾਂ ਘਰ ਰੇਡ ਕੀਤੀ ਜਾ ਰਹੀ ਇਸ ਬਾਰੇ ਪਤਾ ਨਹੀਂ ਲੱਗ ਸਕਿਆ ਹੈ। ਜੋ ਲੋਕ ਮੌਜੂਦ ਸਨ, ਉਨ੍ਹਾਂ ਨੂੰ ਵੀ ਐੱਨ.ਆਈ.ਏ. ਦੇ ਅਧਿਕਾਰੀਆਂ ਵੱਲੋਂ ਘਰ ਦੇ ਬਾਹਰ ਨਹੀਂ ਆਉਣ ਦਿੱਤਾ ਜਾ ਰਿਹਾ।

## ਪੰਜਾਬ ਵੱਲੋਂ ਬੀ.ਬੀ.ਐਮ.ਬੀ. ਦੀ ਮੀਟਿੰਗ

ਸਤਲੁਜ-ਯਮੁਨਾ ਲਿੰਕ (ਐਸ.ਵਾਈ.ਐਲ.) ਵਿਵਾਦ ਪਹਿਲਾਂ ਹੀ ਨਿਆਂਇਕ ਪ੍ਰਕਿਰਿਆ ਅਧੀਨ ਹੈ। ਅਜਿਹੀ ਸਥਿਤੀ ਵਿੱਚ ਹਰਿਆਣਾ ਨੂੰ ਹੋਰ ਪਾਣੀ ਦੇਣਾ ਪੰਜਾਬ ਦੇ ਹਿੱਤਾਂ ਦੇ ਵਿਰੁੱਧ ਹੋਵੇਗਾ। ਬੀ.ਬੀ.ਐਮ.ਬੀ. ਵੱਲੋਂ ਲਏ ਗਏ ਕਿਸੇ ਵੀ ਫ਼ੈਸਲੇ ਦਾ ਸਿੱਧਾ ਅਸਰ ਪੰਜਾਬ ਦੇ ਕਿਸਾਨਾਂ ਅਤੇ ਪੀਣ ਵਾਲੇ ਪਾਣੀ ਦੀ ਸਪਲਾਈ 'ਤੇ ਪਵੇਗਾ। ਇਸ ਲਈ, ਪੰਜਾਬ ਸਰਕਾਰ ਨੇ ਇਸ ਮਾਮਲੇ ਨੂੰ ਵਿਧਾਨ ਸਭਾ ਵਿੱਚ ਲਿਆਉਣ ਦਾ ਫ਼ੈਸਲਾ ਕੀਤਾ ਹੈ ਤਾਂ ਜੋ ਸਾਰੀਆਂ ਧਿਰਾਂ ਦੀ ਰਾਇ ਲੈ ਕੇ ਸਮੂਹਿਕ ਫੈਸਲਾ ਲਿਆ ਜਾ ਸਕੇ। ਇਸ ਪੂਰੀ ਘਟਨਾ ਨੇ ਪੰਜਾਬ ਅਤੇ ਹਰਿਆਣਾ ਵਿਚਕਾਰ ਲੰਬੇ ਸਮੇਂ ਤੋਂ ਚੱਲ ਰਹੇ ਪਾਣੀ ਦੇ ਵਿਵਾਦ ਨੂੰ ਨਵੀਂ ਗਰਮੀ ਦੇ ਦਿੱਤੀ ਹੈ। ਜਿੱਥੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਇਸਨੂੰ ਸੂਬੇ ਦੇ ਹਿੱਤਾਂ ਨਾਲ ਜੁੜਿਆ ਇੱਕ ਗੰਭੀਰ ਮੁੱਦਾ ਦੱਸ ਰਹੀ ਹੈ, ਉੱਥੇ ਹੀ ਹਰਿਆਣਾ ਸਰਕਾਰ ਇਸਨੂੰ ਕੇਂਦਰ ਦੀਆਂ ਸਿਫ਼ਾਰਸ਼ਾਂ ਅਨੁਸਾਰ ਇੱਕ ਜਾਇਜ਼ ਮੰਗ ਦੱਸ ਰਹੀ ਹੈ। ਹੁਣ ਸਾਰਿਆਂ ਦੀਆਂ ਨਜ਼ਰਾਂ 5 ਮਈ ਨੂੰ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ 'ਤੇ ਹਨ, ਜਿੱਥੇ ਇਹ ਫੈਸਲਾ ਕੀਤਾ ਜਾਵੇਗਾ ਕਿ ਪੰਜਾਬ ਸਰਕਾਰ ਇਸ 'ਤੇ ਕੀ ਅਧਿਕਾਰਤ ਸਟੈਂਡ ਲੈਂਦੀ ਹੈ।

## ਪਾਣੀ ਹਿਮਾਚਲ ਦਾ ਹੈ

ਸੁਲਝਾਉਣਾ ਚਾਹੀਦਾ ਹੈ। ਜਦੋਂ ਅਸੀਂ ਪਾਣੀ ਨਾਲ ਆਮਦਨ ਕਮਾਉਣ ਦੀ ਸੋਚੀ ਤਾਂ ਦੋਵਾਂ ਨੇ ਹੀ ਵਿਰੋਧ ਕਰ ਦਿੱਤਾ। ਅਜਿਹਾ ਨਹੀਂ ਕਰਨਾ ਚਾਹੀਦਾ। ਅਸੀਂ ਪਾਣੀ 'ਤੇ ਕੋਈ ਹੱਕ ਨਹੀਂ ਮੰਗ ਰਹੇ, ਪਰ ਜਦੋਂ ਅਸੀਂ ਬੀ.ਬੀ.ਐਮ.ਬੀ. ਦੀ ਬੈਠਕ ਵਿਚ ਆਉਂਦੇ ਹਾਂ ਤਾਂ ਹਿਮਾਚਲ ਦੇ ਹੱਕ ਨੂੰ ਸੁਰੱਖਿਅਤ ਕਰਨ ਲਈ ਸਾਡਾ ਸਹਿਯੋਗ ਕਰਨਾ ਚਾਹੀਦਾ ਹੈ। ਹਰਿਆਣਾ-ਪੰਜਾਬ ਵਿਚ ਆਪਸ ਵਿਚ ਮਿਲ ਕੇ ਹੱਲ ਲੱਭਣ ਤੇ ਸਾਨੂੰ ਸਾਡੀ ਪਾਲਿਸੀ ਦੇ ਹਿਸਾਬ ਬਿਜਲੀ ਵਿਚ 12 ਫ਼ੀਸਦੀ ਰਾਇਲਟੀ ਮਿਲਣੀ ਚਾਹੀਦੀ ਹੈ। ਦੱਸ ਦੇਈਏ ਕਿ ਹਰਿਆਣਾ ਅਤੇ ਪੰਜਾਬ ਵਿਚਕਾਰ ਪਾਣੀ ਦੀ ਵੰਡ ਦਾ ਵਿਵਾਦ ਸਦੀਆਂ ਪੁਰਾਣਾ ਹੈ। ਉਥੇ ਹੀ ਹਿਮਾਚਲ ਦਾ ਦਾਅਵਾ ਹੈ ਕਿ ਭਾਖੜਾ ਡੈਮ ਕਾਰਨ ਇਸਦੇ ਨਾਗਰਿਕਾਂ ਨੂੰ ਸਭ ਤੋਂ ਵੱਧ ਨੁਕਸਾਨ ਹੋਇਆ ਹੈ। ਹਿਮਾਚਲ ਤੋਂ ਨਿਕਲਣ ਵਾਲਾ ਪਾਣੀ ਪੰਜਾਬ ਅਤੇ ਹਰਿਆਣਾ ਵਿੱਚ ਵਗਦਾ ਹੈ। ਬੀ.ਬੀ.ਐਮ.ਬੀ. (ਭਾਖੜ ਬਿਆਸ ਪ੍ਰਬੰਧਨ ਬੋਰਡ) ਹਿਮਾਚਲ ਨੂੰ ਬਿਜਲੀ ਰਾਇਲਟੀ ਦਾ ਸਹੀ ਭੁਗਤਾਨ ਕਰਨ ਵਿੱਚ ਅਸਫਲ ਰਿਹਾ ਹੈ। ਜਦੋਂ ਵੀ ਹਿਮਾਚਲ ਆਪਣੇ ਹੱਕ ਮੰਗਦਾ ਹੈ, ਪੰਜਾਬ ਅਤੇ ਹਰਿਆਣਾ ਚੁੱਪ ਹੋ ਜਾਂਦੇ ਹਨ।

## ਪਹਿਲਗਾਮ ਹਮਲੇ ਦਾ ਬਦਲਾ ਲੈਣ

ਇਸ ਯਾਤਰਾ ਤੋਂ ਨਾ ਸਿਰਫ ਭਾਰਤ-ਅੰਗੋਲਾ ਸਬੰਧਾਂ ਨੂੰ ਨਵੀਂ ਦਿਸ਼ਾ ਅਤੇ ਰਫ਼ਤਾਰ ਮਿਲ ਰਹੀ ਹੈ, ਸਗੋਂ ਭਾਰਤ ਅਤੇ ਅਫ਼ਰੀਕਾ ਸਾਂਝੇਦਾਰੀ ਨੂੰ ਵੀ ਬਲ ਮਿਲ ਰਿਹਾ ਹੈ। ਦੱਸ ਦੇਈਏ ਕਿ 22 ਅਪ੍ਰੈਲ ਨੂੰ ਪਹਿਲਗਾਮ ਦੇ ਬੈਸਰਨ ਘਾਟੀ ਵਿਚ ਹੋਏ ਅੱਤਵਾਦੀ ਹਮਲੇ ਵਿਚ ਸੈਲਾਨੀਆਂ 26 ਲੋਕਾਂ ਦੀ ਜਾਨ ਚੱਲੀ ਗਈ। ਅੱਤਵਾਦੀਆਂ ਨੇ ਲੋਕਾਂ ਦੀ ਧਾਰਮਿਕ ਪਛਾਣ ਪੁੱਛ ਕੇ ਉਨ੍ਹਾਂ ਕਲਮਾ ਪੜ੍ਹਨ ਨੂੰ ਕਿਹਾ ਅਤੇ ਫਿਰ ਗੋਲੀ ਮਾਰ ਦਿੱਤੀ। ਇਸ ਹਮਲੇ ਮਗਰੋਂ ਭਾਰਤ ਸਰਕਾਰ ਨੇ ਪਾਕਿਸਤਾਨ ਖ਼ਿਲਾਫ਼ ਸਖ਼ਤ ਕਦਮ ਚੁੱਕੇ ਹਨ। ਭਾਰਤ ਨੇ ਸਿੰਧੂ ਜਲ ਸੰਧੀ ਨੂੰ ਅਣਮਿੱਥੇ ਸਮੇਂ ਲਈ ਮੁਅੱਤਲ ਕਰ ਦਿੱਤਾ ਹੈ ਅਤੇ ਪਾਕਿਸਤਾਨੀ ਨਾਗਰਿਕਾਂ ਦੇ ਵੀਜ਼ਾ ਰੱਦ ਕਰਨ ਦੇ ਨਾਲ-ਨਾਲ ਅਟਾਰੀ-ਵਾਹਗਾ ਬਾਰਡਰ ਤੋਂ ਸਰਹੱਦ ਪਾਰ ਵਪਾਰ ਨੂੰ ਵੀ ਰੋਕ ਦਿੱਤਾ ਹੈ। ਭਾਰਤ ਨੇ ਕਿਹਾ ਕਿ ਉਹ ਆਪਣੇ ਨਾਗਰਿਕਾਂ 'ਤੇ ਹੋਏ ਕਾਇਰਾਨਾ ਹਮਲੇ ਦਾ ਸਖ਼ਤ ਜਵਾਬ ਦੇਵੇਗਾ।

## ਅੰਗੋਲਾ ਨੂੰ ਫ਼ੌਜ ਦੇ ਆਧੁਨਿਕੀਕਰਨ ਲਈ

ਅੰਗੋਲਾ ਦੇ ਰਾਸ਼ਟਰਪਤੀ ਜੋਆਓ ਮੈਨੁਅਲ ਗੋਂਕਾਲਵੇਸ ਲੋਰੇਂਕੋ ਨਾਲ ਵਿਆਪਕ ਗੱਲਬਾਤ ਤੋਂ ਬਾਅਦ ਕੀਤਾ। ਦੋਵਾਂ ਆਗੂਆਂ ਵਿਚਕਾਰ ਹੋਈ ਗੱਲਬਾਤ ਡਿਜੀਟਲ ਜਨਤਕ ਬੁਨਿਆਦੀ ਢਾਂਚੇ ਦੇ ਖੇਤਰਾਂ ਸਮੇਤ ਸਮੁੱਚੇ ਦੁਵੱਲੇ ਸਬੰਧਾਂ ਨੂੰ ਵਧਾਉਣ 'ਤੇ ਕੇਂਦ੍ਰਿਤ ਸੀ। ਆਪਣੇ ਮੀਡੀਆ ਬਿਆਨ 'ਚ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਲੌਰੇਨਕੋ ਦੀ ਭਾਰਤ ਫੇਰੀ ਨਾ ਸਿਰਫ਼ ਦੁਵੱਲੇ ਸਬੰਧਾਂ ਨੂੰ ਨਵੀਂ ਦਿਸ਼ਾ ਦੇਵੇਗੀ ਬਲਕਿ ਭਾਰਤ-ਅਫਰੀਕਾ ਭਾਈਵਾਲੀ ਨੂੰ ਵੀ ਮਜ਼ਬੂਤ ਕਰੇਗੀ। ਉਨ੍ਹਾਂ ਕਿਹਾ, 'ਮੈਨੂੰ ਅੰਗੋਲਾ ਦੇ ਰੱਖਿਆ ਬਲਾਂ ਦੇ ਆਧੁਨਿਕੀਕਰਨ ਲਈ ਭਾਰਤ ਦੇ 20 ਕਰੋੜ ਅਮਰੀਕੀ ਡਾਲਰ ਦੀ ਰੱਖਿਆ ਕਰਜ਼ ਸਹਾਇਤਾ ਦਾ ਐਲਾਨ ਕਰਦੇ ਹੋਏ ਖੁਸ਼ੀ ਹੋ ਰਹੀ ਹੈ।' ਪ੍ਰਧਾਨ ਮੰਤਰੀ ਨੇ ਇਹ ਵੀ ਕਿਹਾ ਕਿ ਰੱਖਿਆ ਪਲੇਟਫਾਰਮਾਂ ਦੀ ਮੁਰੰਮਤ ਅਤੇ ਸਪਲਾਈ ਬਾਰੇ ਵੀ ਚਰਚਾ ਕੀਤੀ ਗਈ। ਪੀ.ਐੱਮ. ਮੋਦੀ ਨੇ ਕਿਹਾ ਕਿ ਭਾਰਤ ਜਨਤਕ ਉਪਯੋਗਤਾ ਡਿਜੀਟਲ ਬੁਨਿਆਦੀ ਢਾਂਚੇ, ਪੁਲਾੜ ਤਕਨਾਲੋਜੀ ਅਤੇ ਸਮਰੱਥਾ ਨਿਰਮਾਣ ਦੇ ਖੇਤਰਾਂ 'ਚ ਅੰਗੋਲਾ ਨਾਲ ਆਪਣੀਆਂ ਸਮਰੱਥਾਵਾਂ ਵੀ ਸਾਂਝੀਆਂ ਕਰੇਗਾ। ਉਨ੍ਹਾਂ ਕਿਹਾ,'ਅਸੀਂ ਸਿਹਤ ਸੰਭਾਲ, ਹੀਰਾ ਪ੍ਰੋਸੈਸਿੰਗ, ਖਾਦਾਂ ਅਤੇ ਮਹੱਤਵਪੂਰਨ ਖਣਿਜਾਂ ਦੇ ਖੇਤਰਾਂ 'ਚ ਆਪਣੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਦਾ ਵੀ ਫ਼ੈਸਲਾ ਕੀਤਾ ਹੈ।' ਪ੍ਰਧਾਨ ਮੰਤਰੀ ਨੇ ਇਹ ਵੀ ਕਿਹਾ,'ਅਸੀਂ ਅੱਤਵਾਦੀਆਂ ਅਤੇ ਉਨ੍ਹਾਂ ਦਾ ਸਮਰਥਨ ਕਰਨ ਵਾਲਿਆਂ ਵਿਰੁੱਧ ਦ੍ਰਿੜ ਅਤੇ ਫੈਸਲਾਕੁੰਨ ਕਾਰਵਾਈ ਕਰਨ ਲਈ ਵਚਨਬੱਧ ਹਾਂ।' ਭਾਰਤ-ਅਫ਼ਰੀਕੀ ਸੰਘ ਸਬੰਧਾਂ ਦੀ ਮਹੱਤਤਾ ਨੂੰ ਰੇਖਾਂਕਿਤ ਕਰਦੇ ਹੋਏ ਉਨ੍ਹਾਂ ਕਿਹਾ,'ਅਸੀਂ ਤਰੱਕੀ 'ਚ ਭਾਈਵਾਲ ਹਾਂ, 'ਅਸੀਂ ਗਲੋਬਲ ਸਾਊਥ ਦੇ ਥੰਮ੍ਹ ਹਾਂ।' ਗਲੋਬਲ ਸਾਊਥ ਵਿਕਾਸਸ਼ੀਲ ਅਤੇ ਘੱਟ ਵਿਕਸਿਤ ਦੇਸ਼ਾਂ ਨੂੰ ਦਰਸਾਉਂਦਾ ਹੈ ਜੋ ਜ਼ਿਆਦਾਤਰ ਦੱਖਣੀ ਗੋਲਿਸਫਾਇਰ 'ਚ ਸਥਿਤ ਹਨ। ਲੋਰੇਂਕੋ ਵੀਰਵਾਰ ਨੂੰ ਚਾਰ ਦਿਨਾਂ ਦੇ ਦੌਰੇ 'ਤੇ ਦਿੱਲੀ ਪਹੁੰਚੇ।

## ਪੰਜਾਬ ਦੇ 9 ਆਈ.ਪੀ.ਐਸ.

ਦੂਜੇ ਪਾਸੇ ਪ੍ਰਵੀਨ ਕੁਮਾਰ ਨੂੰ ਏ.ਡੀ.ਜੀ.ਪੀ. ਇੰਟੈਲੀਜੈਂਸ ਪੰਜਾਬ ਤੇ ਵਿਜੀਲੈਂਸ ਬਿਊਰੋ ਦਾ ਵਾਧੂ ਕਾਰਜਭਾਰ ਦਿੱਤਾ ਗਿਆ ਹੈ। ਇਸੇ ਤਰ੍ਹਾਂ ਹਰਕਮਲਪ੍ਰੀਤ ਸਿੰਘ ਖੱਖ ਨੂੰ ਏਅਜਈਜੀ ਐਨਆਰਆਈ ਜਲੰਧਰ ਲਾਇਆ ਗਿਆ ਹੈ।

## ਮਾਨ ਨੇ ਚੰਡੀਗੜ੍ਹ ਵਿਖੇ ਇਤਿਹਾਸਕ

ਉਨ੍ਹਾਂ ਨੌਜਵਾਨਾਂ ਨੂੰ ਇਹ ਵੀ ਸਲਾਹ ਦਿੱਤੀ ਕਿ ਉਹ ਗੀਤਾਂ ਰਾਹੀਂ ਨਸ਼ਿਆਂ ਦਾ ਪ੍ਰਚਾਰ ਕਰਨ ਵਾਲੇ ਗਾਇਕਾਂ ਦੀ ਥਾਂ ਮਿਲਖਾ ਸਿੰਘ, ਹਾਕੀ ਓਲੰਪੀਅਨ ਹਰਮਨਪ੍ਰੀਤ ਤੇ ਮਨਪ੍ਰੀਤ ਸਿੰਘ ਅਤੇ ਕ੍ਰਿਕਟਰ ਹਰਮਨਪ੍ਰੀਤ ਕੌਰ ਵਰਗੇ ਦਿੱਗਜਾਂ ਤੋਂ ਪ੍ਰੇਰਨਾ ਲੈਣ। ਉਨ੍ਹਾਂ ਖਾਸ ਤੌਰ 'ਤੇ ਦੱਸਿਆ ਕਿ ਪੰਜਾਬ ਸਰਕਾਰ ਨੇ ਨਸ਼ਿਆਂ ਦੀ ਸਪਲਾਈ ਲੜੀ ਨੂੰ ਖਤਮ ਕਰਨ ਅਤੇ ਪੀੜਤਾਂ ਦੇ ਮੁੜ ਵਸੇਬੇ ਦੇ ਨਾਲ-ਨਾਲ ਭਾਈਚਾਰਕ ਸ਼ਮੂਲੀਅਤ ਅਤੇ ਨੌਜਵਾਨ ਜਾਗਰੂਕਤਾ ਪ੍ਰੋਗਰਾਮਾਂ ਨਾਲ ਆਪਣੀ ਨਸਾ ਵਿਰੋਧੀ ਮੁਹਿੰਮ ਨੂੰ ਤੇਜ ਕੀਤਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ 'ਯੁੱਧ ਨਸ਼ਿਆਂ ਵਿਰੁੱਧ' ਸ਼ੁਰੂ ਕੀਤਾ ਹੈ ਅਤੇ ਨੌਜਵਾਨਾਂ ਦੀ ਬੇਅੰਤ ਊਰਜਾ ਨੂੰ ਸਕਾਰਾਤਮਕ ਦਿਸ਼ਾ ਵੱਲ ਲਿਜਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੂਬੇ ਦੀਆਂ ਪੀੜ੍ਹੀਆਂ ਨੂੰ ਨਸ਼ਿਆਂ ਦੀ ਬੁਰਾਈ ਤੋਂ ਬਚਾਉਣਾ ਬਹੁਤ ਜ਼ਰੂਰੀ ਹੈ ਕਿਉਂਕਿ ਪੰਜਾਬ ਪਹਿਲਾਂ ਹੀ ਇਸ ਬੁਰਾਈ ਕਾਰਨ ਮਨੁੱਖੀ ਸ਼ਕਤੀ ਦਾ ਵੱਡਾ ਨੁਕਸਾਨ ਝੱਲ ਚੁੱਕਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਆਮ ਆਦਮੀ ਦੇ ਸਰਗਰਮ ਸਹਿਯੋਗ ਨਾਲ ਇਹ ਮੁਹਿੰਮ ਸ਼ੁਰੂ ਕੀਤੀ ਹੈ ਤਾਂ ਜੋ ਸੂਬੇ ਵਿੱਚੋਂ ਨਸ਼ਿਆਂ ਦੀ ਬੁਰਾਈ ਦਾ ਖਾਤਮਾ ਕੀਤਾ ਜਾ ਸਕੇ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨਸਾ ਪੀੜਤਾਂ ਦੀਆਂ ਲਾਸ਼ਾਂ ਅਤੇ ਚਿਤਾਵਾਂ ਦੀ ਕੀਮਤ 'ਤੇ ਤਸਕਰਾਂ ਨੂੰ ਤਰੱਕੀਆਂ ਕਰਦੇ ਹੋਏ ਨਹੀਂ ਦੇਖੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਪਹਿਲਾਂ ਹੀ ਨਸ਼ਿਆਂ ਦੀ ਸਪਲਾਈ ਲਾਈਨ ਤੋੜ ਦਿੱਤੀ ਹੈ ਅਤੇ ਇਸ ਘਿਣਾਉਣੇ ਅਪਰਾਧ ਵਿੱਚ ਸ਼ਾਮਲ ਵੱਡੀਆਂ ਮੱਛੀਆਂ ਨੂੰ ਸਲਾਖਾਂ ਪਿੱਛੇ ਸੁੱਟ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪਹਿਲੀ ਵਾਰ ਸੂਬਾ ਸਰਕਾਰ ਵੱਲੋਂ ਗੈਰ-ਕਾਨੂੰਨੀ ਤੌਰ 'ਤੇ ਹਾਸਲ ਕੀਤੀ ਨਸਾ ਤਸਕਰਾਂ ਦੀ ਜਾਇਦਾਦ ਨੂੰ ਨਸ਼ਟ/ਜ਼ਬਤ ਕੀਤਾ ਜਾ ਰਿਹਾ ਹੈ ਤਾਂ ਜੋ ਇਹ ਕਾਰਵਾਈ ਹੋਰਾਂ ਨੂੰ ਇਸ ਕੰਮ ਵੱਲ ਆਉਣ ਤੋਂ ਰੋਕੇ।

## ਅਪ੍ਰੈਲ ਮਹੀਨੇ ਦੌਰਾਨ ਸਰਕਾਰੀ ਖਜ਼ਾਨੇ

ਵਿੱਚ ਤੇਜ਼ੀ ਆਈ ਹੈ। ਆਮ ਆਦਮੀ ਪਾਰਟੀ (ਆਪ) ਦੀ ਭਗਵੰਤ ਮਾਨ ਸਰਕਾਰ ਦਾ ਇਹ ਇਤਿਹਾਸਕ ਅੰਕੜਾ ਸੂਬੇ ਦੀ ਆਰਥਿਕਤਾ ਅਤੇ ਵਪਾਰਕ ਗਤੀਵਿਧੀਆਂ ਵਿੱਚ ਮਜ਼ਬੂਤੀ ਨੂੰ ਦਰਸਾਉਂਦੀ ਹੈ। ਪੰਜਾਬ ਸਰਕਾਰ ਨੇ ਕਿਹਾ ਕਿ ਇਹ ਉਨ੍ਹਾਂ ਦੀ ਸਰਕਾਰ ਦੀ ਪ੍ਰਾਪਤੀ ਇਮਾਨਦਾਰ ਨੀਤੀ, ਪਾਰਦਰਸ਼ੀ ਪ੍ਰਸ਼ਾਸਨ ਅਤੇ ਟੈਕਸ ਪ੍ਰਣਾਲੀ ਵਿੱਚ ਸੁਧਾਰਾਂ ਦਾ ਸਿੱਧਾ ਨਤੀਜਾ ਹੈ। ਨਿਰੰਤਰ ਯਤਨਾਂ ਅਤੇ ਵਪਾਰਕ ਮਾਹੌਲ ਵਿੱਚ ਵਿਸ਼ਵਾਸ ਦੀ ਬਹਾਲੀ ਨੇ ਰਾਜ ਦੇ ਮਾਲੀਏ ਵਿੱਚ ਇਹ ਜ਼ਬਰਦਸਤ ਵਾਧਾ ਸੰਭਵ ਬਣਾਇਆ ਹੈ। ਇਹ ਇਤਿਹਾਸਕ ਕੁਲੈਕਸ਼ਨ ਸਰਕਾਰ ਨੂੰ ਸਮਾਜਿਕ ਯੋਜਨਾਵਾਂ, ਬੁਨਿਆਦੀ ਢਾਂਚੇ ਅਤੇ ਰੁਜ਼ਗਾਰ ਖੇਤਰ ਵਿੱਚ ਨਿਵੇਸ਼ ਕਰਨ ਲਈ ਇੱਕ ਬਿਹਤਰ ਵਿੱਤੀ ਅਧਾਰ ਪ੍ਰਦਾਨ ਕਰੇਗਾ।

## ਪਾਕਿਸਤਾਨ ਜ਼ਿੰਦਾਬਾਦ ਕਹਿਣ ਵਾਲਿਆਂ

ਰੈਲੀ 'ਚ ਸਰਮਾ ਨੇ ਲੋਕਾਂ ਨੂੰ ਭਾਰਤੀ ਫੌਜ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਤਾਕਤ ਪ੍ਰਦਾਨ ਕਰਨ ਲਈ ਪ੍ਰਾਰਥਨਾ ਕਰਨ ਦੀ ਅਪੀਲ ਕੀਤੀ ਤਾਂ ਜੋ ਦੁਨੀਆ 'ਚ ਕਿਤੇ ਵੀ ਲੁਕੇ ਹੋਏ ਪਾਕਿਸਤਾਨੀ ਅੱਤਵਾਦੀਆਂ ਦਾ ਸਫਾਇਆ ਕੀਤਾ ਜਾ ਸਕੇ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਤੇ ਦੇਸ਼ ਨੂੰ ਅਜਿਹੇ ਲੋਕਾਂ ਦੀ ਲੋੜ ਨਹੀਂ ਜੋ ਇੱਥੇ ਰਹਿੰਦੇ ਹਨ ਤੇ ਇੱਥੇ ਹੀ ਖਾਂਦੇ ਹਨ ਪਰ ਗੁਣ ਪਾਕਿਸਤਾਨ ਦੇ ਗਾਉਂਦੇ ਹਨ। ਇਸੇ ਲਈ ਮੈਂ ਪੁਲਿਸ ਨੂੰ ਹਦਾਇਤ ਕੀਤੀ ਹੈ ਕਿ 'ਪਾਕਿਸਤਾਨ ਜ਼ਿੰਦਾਬਾਦ' ਕਹਿਣ ਵਾਲਿਆਂ ਦੇ ਚਿਹਰੇ ਨਾ ਵੇਖੇ ਜਾਣ, ਉਨ੍ਹਾਂ ਨੂੰ ਕਾਨੂੰਨ ਅਨੁਸਾਰ ਗ੍ਰਿਫ਼ਤਾਰ ਕੀਤਾ ਜਾਵੇ ਤੇ ਉਨ੍ਹਾਂ ਦੀਆਂ ਲੱਤਾਂ ਤੋੜ ਦਿੱਤੀਆਂ ਜਾਣ। ਸਾਨੂੰ ਆਪਣੇ ਆਸਾਮ ਤੇ ਭਾਰਤ ਨੂੰ ਮਜ਼ਬੂਤ ਕਰਨਾ ਪਵੇਗਾ।

## ਐਸ.ਕੇ.ਐਮ. ਗ਼ੈਰ-ਸਿਆਸੀ ਵੱਲੋਂ

ਪੰਜਾਬ ਸਰਕਾਰ ਦੇ ਨੁਮਾਇੰਦਿਆਂ ਨੂੰ ਸ਼ਾਮਲ ਕਰਨਾ ਜ਼ਰੂਰੀ ਹੈ ਪਰ ਕੇਂਦਰ ਸਰਕਾਰ ਨੇ ਸੂਬਿਆਂ ਦੇ ਅਧਿਕਾਰਾਂ 'ਤੇ ਸੈਂਕੜੇ ਵਾਰ ਕਬਜ਼ਾ ਕਰਕੇ ਸੰਘੀ ਢਾਂਚੇ ਨੂੰ ਕਮਜ਼ੋਰ ਕੀਤਾ ਹੈ। 2020 ਵਿੱਚ ਲਿਆਂਦੇ ਗਏ ਤਿੰਨ ਖੇਤੀਬਾੜੀ ਕਾਨੂੰਨ ਰਾਜ ਸਰਕਾਰਾਂ ਦੇ ਅਧਿਕਾਰਾਂ 'ਤੇ ਹਮਲਾ ਸਨ, ਪਰ ਉਸ ਸਮੇਂ ਕੇਂਦਰ ਸਰਕਾਰ ਨੂੰ ਸੰਘੀ ਢਾਂਚੇ ਦੀ ਕੋਈ ਚਿੰਤਾ ਨਹੀਂ ਸੀ, ਇਸ ਲਈ ਕੇਂਦਰ ਸਰਕਾਰ ਵੱਲੋਂ ਪ੍ਰਸਤਾਵਿਤ ਮੀਟਿੰਗ ਵਿੱਚ ਪੰਜਾਬ ਸਰਕਾਰ ਦੇ ਨੁਮਾਇੰਦਿਆਂ ਨੂੰ ਸ਼ਾਮਲ ਕਰਨ ਲਈ ਸੰਘੀ ਢਾਂਚੇ ਦੀ ਰੱਖਿਆ ਕਰਨ ਦੀ ਅਪੀਲ ਜ਼ਮੀਨੀ ਹਕੀਕਤ ਤੋਂ ਬਹੁਤ ਦੂਰ ਹੈ। ਕਿਸਾਨ ਆਗੂਆਂ ਨੇ ਕਿਹਾ ਕਿ 19 ਮਾਰਚ ਨੂੰ ਸਰਕਾਰ ਵੱਲੋਂ ਮੋਰਚਿਆਂ 'ਤੇ ਕੀਤੇ ਗਏ ਹਮਲੇ ਨੇ ਕਿਸਾਨਾਂ ਅਤੇ ਸਰਕਾਰ ਵਿਚਕਾਰ ਅਵਿਸ਼ਵਾਸ ਦੀ ਖਾਈ ਨੂੰ ਹੋਰ ਡੂੰਘਾ ਕਰ ਦਿੱਤਾ ਹੈ, ਜਿਸ ਦੀ ਭਰਪਾਈ ਕਰਨਾ ਬਹੁਤ ਮੁਸ਼ਕਲ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨ ਆਗੂਆਂ ਬਲਵੰਤ ਸਿੰਘ ਬਹਿਰਾਮਕੇ ਅਤੇ ਹੋਰ ਕਿਸਾਨਾਂ ਨਾਲ ਪੁਲਿਸ ਦੇ ਦੁਰਵਿਵਹਾਰ ਅਤੇ ਸ਼ੰਭੂ ਅਤੇ ਦਾਤਾਸਿੰਘਵਾਲਾ-ਖਨੌਰੀ ਕਿਸਾਨ ਮੋਰਚਿਆਂ 'ਤੇ ਕੀਤੀ ਗਈ ਹਿੰਸਕ ਕਾਰਵਾਈ ਵਿਰੁੱਧ 6 ਮਈ ਨੂੰ ਸ਼ੰਭੂ ਥਾਣੇ ਦੇ ਸਾਹਮਣੇ ਪ੍ਰਦਰਸ਼ਨ ਕੀਤਾ ਜਾਵੇਗਾ। ਕਿਸਾਨ ਆਗੂਆਂ ਨੇ ਕਿਹਾ ਕਿ ਹਾਲ ਹੀ ਦੇ ਸਮੇਂ ਵਿੱਚ, ਹਰਿਆਣਾ ਪੁਲਿਸ ਖੇੜੀ ਚੌਪਟਾ ਅਤੇ ਅੰਦੋਲਨ ਨਾਲ ਸਬੰਧਤ ਹੋਰ ਮਾਮਲਿਆਂ ਵਿੱਚ ਕਿਸਾਨਾਂ ਨੂੰ ਨੋਟਿਸ ਭੇਜ ਰਹੀ ਹੈ। ਦੋਵਾਂ ਮੋਰਚਿਆਂ ਨੇ ਅੱਜ ਮੀਟਿੰਗ ਵਿੱਚ ਇਸ ਮੁੱਦੇ 'ਤੇ ਗੰਭੀਰਤਾ ਨਾਲ ਚਰਚਾ ਕੀਤੀ ਅਤੇ ਐਲਾਨ ਕੀਤਾ ਕਿ ਜੇਕਰ ਹਰਿਆਣਾ ਪੁਲਿਸ ਕਿਸਾਨਾਂ ਨੂੰ ਇਹ ਨੋਟਿਸ ਭੇਜਣਾ ਬੰਦ ਨਹੀਂ ਕਰਦੀ, ਤਾਂ ਦੋਵੇਂ ਮੋਰਚੇ ਇੱਕ ਵੱਡਾ ਪ੍ਰੋਗਰਾਮ ਕਰਨ ਲਈ ਮਜਬੂਰ ਹੋਣਗੇ, ਜਿਸ ਦੀ ਜ਼ਿੰਮੇਵਾਰੀ ਹਰਿਆਣਾ ਸਰਕਾਰ ਦੀ ਹੋਵੇਗੀ। ਕਿਸਾਨ ਆਗੂਆਂ ਨੇ ਦੱਸਿਆ ਕਿ 25 ਮਈ ਨੂੰ ਦੋਵਾਂ ਮੋਰਚਿਆਂ ਦੀ ਸਾਂਝੀ ਸਮੀਖਿਆ ਮੀਟਿੰਗ ਹੋਵੇਗੀ, ਜਿਸ ਤੋਂ ਬਾਅਦ ਪ੍ਰੈਸ ਕਾਨਫ਼ਰੰਸ ਰਾਹੀਂ ਮੋਰਚੇ ਦੇ ਆਰਥਿਕ ਖਾਤਿਆਂ ਸਮੇਤ ਹੋਰ ਮੁੱਦਿਆਂ 'ਤੇ ਜਨਤਾ ਦੇ ਸਾਹਮਣੇ ਵਿਸਥਾਰਪੂਰਵਕ ਚਰਚਾ ਕੀਤੀ ਜਾਵੇਗੀ।

## ਪਾਕਿ ਫ਼ੌਜੀਆਂ ਵੱਲੋਂ ਲਗਾਤਾਰ 9ਵੇਂ ਦਿਨ ਕੰਟਰੋਲ ਰੇਖਾ 'ਤੇ

ਦੀਆਂ ਜ਼ਿਆਦਾਤਰ ਘਟਨਾਵਾਂ ਕੰਟਰੋਲ ਰੇਖਾ 'ਤੇ ਵਾਪਰੀਆਂ ਹਨ। ਅੰਤਰਰਾਸ਼ਟਰੀ ਸਰਹੱਦ 'ਤੇ ਸਿਰਫ਼ ਇੱਕ ਘਟਨਾ ਵਾਪਰੀ। 22 ਅਪ੍ਰੈਲ ਨੂੰ ਪਹਿਲਗਾਮ ਵਿੱਚ ਹੋਏ ਅਤਿਵਾਦੀ ਹਮਲੇ ਤੋਂ ਬਾਅਦ ਅਜਿਹੀਆਂ ਘਟਨਾਵਾਂ ਵਿੱਚ ਵਾਧਾ ਹੋਇਆ ਹੈ। ਇਸ ਹਮਲੇ ਵਿੱਚ 26 ਲੋਕ ਮਾਰੇ ਗਏ ਸਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਸੈਲਾਨੀ ਸਨ। ਇੱਕ ਰੱਖਿਆ ਬੁਲਾਰੇ ਨੇ ਕਿਹਾ, '2 ਅਤੇ 3 ਮਈ ਦੀ ਵਿਚਕਾਰਲੀ ਰਾਤ ਨੂੰ, ਪਾਕਿਸਤਾਨੀ ਫੌਜ ਨੇ ਜੰਮੂ-ਕਸ਼ਮੀਰ ਦੇ ਕੁਪਵਾੜਾ, ਉੜੀ ਅਤੇ ਅਖਨੂਰ ਸੈਕਟਰਾਂ ਵਿੱਚ ਕੰਟਰੋਲ ਰੇਖਾ 'ਤੇ ਛੋਟੇ ਹਥਿਆਰਾਂ ਨਾਲ ਬਿਨਾਂ ਕਿਸੇ ਭੜਕਾਹਟ ਦੇ ਗੋਲੀਬਾਰੀ ਸ਼ੁਰੂ ਕਰ ਦਿੱਤੀ।' ਭਾਰਤੀ ਫੌਜ ਨੇ ਤੁਰੰਤ ਇਸ ਦਾ ਢੁਕਵਾਂ ਜਵਾਬ ਦਿੱਤਾ।' ਪਹਿਲਗਾਮ ਵਿੱਚ ਅਤਿਵਾਦੀ ਹਮਲੇ ਤੋਂ ਬਾਅਦ ਭਾਰਤ ਵੱਲੋਂ ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰਨ ਦੇ ਕੁਝ ਘੰਟਿਆਂ ਬਾਅਦ, 24 ਅਪ੍ਰੈਲ ਦੀ ਰਾਤ ਤੋਂ ਹੀ ਪਾਕਿਸਤਾਨੀ ਫ਼ੌਜਾਂ ਕੰਟਰੋਲ ਰੇਖਾ ਦੇ ਨਾਲ-ਨਾਲ ਵੱਖ-ਵੱਖ ਥਾਵਾਂ 'ਤੇ ਬਿਨਾਂ ਕਿਸੇ ਭੜਕਾਹਟ ਦੇ ਗੋਲੀਬਾਰੀ ਕਰ ਰਹੀਆਂ ਹਨ। ਹਾਲ ਹੀ ਵਿੱਚ, ਭਾਰਤ ਅਤੇ ਪਾਕਿਸਤਾਨ ਦੇ ਡਾਇਰੈਕਟਰ ਜਨਰਲ ਆਫ਼ ਮਿਲਟਰੀ ਆਪ੍ਰੇਸ਼ਨਜ਼ (ਡੀ.ਜੀ.ਐਮ.ਓ.) ਵਿਚਕਾਰ 'ਹਾਟਲਾਈਨ' 'ਤੇ ਗੱਲਬਾਤ ਹੋਈ। ਕਿਹਾ ਜਾਂਦਾ ਹੈ ਕਿ ਇਸ ਦੌਰਾਨ ਭਾਰਤ ਨੇ ਪਾਕਿਸਤਾਨ ਨੂੰ ਬਿਨਾਂ ਭੜਕਾਹਟ ਦੇ ਗੋਲੀਬਾਰੀ ਬਾਰੇ ਚੇਤਾਵਨੀ ਦਿੱਤੀ ਸੀ। ਇਸ ਦੇ ਬਾਵਜੂਦ ਗੋਲੀਬਾਰੀ ਰੁਕਣ ਦਾ ਨਾਮ ਨਹੀਂ ਲੈ ਰਹੀ।

## ਸਮੁੰਦਰੀ ਜਹਾਜ਼ਾਂ ਲਈ ਬੰਦਰਗਾਹਾਂ

ਇਸ ਮੁਅੱਤਲੀ ਦੀ ਪੁਸ਼ਟੀ ਕੀਤੀ ਹੈ। ਇਹ ਧਿਆਨ ਦੇਣ ਯੋਗ ਹੈ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਡਾਕ ਸੇਵਾਵਾਂ ਪਹਿਲਾਂ ਹੀ ਸੀਮਤ ਪੱਧਰ 'ਤੇ ਚੱਲ ਰਹੀਆਂ ਸਨ। ਅਗਸਤ 2019 ਵਿੱਚ ਜੰਮੂ-ਕਸ਼ਮੀਰ ਤੋਂ ਧਾਰਾ 370 ਹਟਾਏ ਜਾਣ ਤੋਂ ਬਾਅਦ ਪਾਕਿਸਤਾਨ ਨੇ ਅਸਥਾਈ ਤੌਰ 'ਤੇ ਡਾਕ ਸੇਵਾਵਾਂ ਬੰਦ ਕਰ ਦਿੱਤੀਆਂ ਸਨ, ਜਿਨ੍ਹਾਂ ਨੂੰ ਤਿੰਨ ਮਹੀਨਿਆਂ ਬਾਅਦ ਬਹਾਲ ਕਰ ਦਿੱਤਾ ਗਿਆ ਸੀ। ਹੁਣ ਮੌਜੂਦਾ ਤਣਾਅਪੂਰਨ ਸਥਿਤੀ ਦੇ ਮੱਦੇਨਜ਼ਰ ਭਾਰਤ ਨੇ ਇਨ੍ਹਾਂ ਸੇਵਾਵਾਂ ਨੂੰ ਪੂਰੀ ਤਰ੍ਹਾਂ ਬੰਦ ਕਰਨ ਦਾ ਫੈਸਲਾ ਕੀਤਾ ਹੈ।ਇਸ ਮੁਅੱਤਲੀ ਨਾਲ ਦੋਵਾਂ ਦੇਸ਼ਾਂ ਵਿਚਕਾਰ ਪੱਤਰ ਵਿਹਾਰ, ਵਪਾਰਕ ਡਾਕ ਅਤੇ ਨਿੱਜੀ ਪਾਰਸਲਾਂ ਦਾ ਆਦਾਨ-ਪ੍ਰਦਾਨ ਪੂਰੀ ਤਰ੍ਹਾਂ ਬੰਦ ਹੋ ਜਾਵੇਗਾ। ਮਾਹਿਰਾਂ ਦਾ ਮੰਨਣਾ ਹੈ ਕਿ ਇਸ ਕਦਮ ਨਾਲ ਉਨ੍ਹਾਂ ਲੋਕਾਂ ਨੂੰ ਸਭ ਤੋਂ ਵੱਧ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ ਜੋ ਦੋਵਾਂ ਦੇਸ਼ਾਂ ਵਿਚਕਾਰ ਪਰਿਵਾਰਕ ਜਾਂ ਵਪਾਰਕ ਡਾਕ 'ਤੇ ਨਿਰਭਰ ਸਨ। ਇਹ ਘਟਨਾਕ੍ਰਮ ਭਾਰਤ ਵੱਲੋਂ ਪਾਕਿਸਤਾਨ ਵਿੱਚ ਆਉਣ ਵਾਲੇ ਜਾਂ ਨਿਰਯਾਤ ਹੋਣ ਵਾਲੇ ਸਾਰੇ ਸਮਾਨ ਦੇ ਸਿੱਧੇ ਜਾਂ ਅਸਿੱਧੇ ਆਯਾਤ ਅਤੇ ਆਵਾਜਾਈ 'ਤੇ ਤੁਰੰਤ ਪਾਬੰਦੀ ਲਗਾਉਣ ਤੋਂ ਕੁਝ ਘੰਟਿਆਂ ਬਾਅਦ ਆਇਆ ਹੈ, ਜਿਸ ਨਾਲ ਦੁਵੱਲੇ ਵਪਾਰ ਦੇ ਪ੍ਰਵਾਹ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੋਕ ਦਿੱਤਾ ਗਿਆ ਹੈ। ਇਹ ਕਦਮ ਪਹਿਲਗਾਮ ਵਿੱਚ ਹੋਏ ਜ਼ਾਲਮ ਹਮਲੇ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਕਾਰ ਵਧ ਰਹੇ ਤਣਾਅ ਦਾ ਜਵਾਬ ਹੈ ਜਿੱਥੇ 26 ਮਾਸੂਮ ਸੈਲਾਨੀਆਂ ਦੀ ਜਾਨ ਚਲੀ ਗਈ ਸੀ। ਡਾਕ ਵਟਾਂਦਰੇ ਦੀ ਮੁਅੱਤਲੀ ਨੇ ਕੂਟਨੀਤਕ ਅਤੇ ਵਪਾਰਕ ਸਬੰਧਾਂ ਵਿੱਚ ਚੱਲ ਰਹੇ ਤਣਾਅ ਨੂੰ ਹੋਰ ਵਧਾ ਦਿੱਤਾ ਹੈ।

## ਸੋਨਾ ਰਿਕਾਰਡ ਪੱਧਰ

ਨਿਵੇਸ਼ਕਾਂ ਦੁਆਰਾ ਮੁਨਾਫਾ ਬੁਕਿੰਗ ਅਤੇ ਅਮਰੀਕੀ ਫੈਡਰਲ ਰਿਜ਼ਰਵ ਦੁਆਰਾ ਵਿਆਜ ਦਰਾਂ ਨੂੰ ਸਥਿਰ ਰੱਖਣ ਦੇ ਸੰਕੇਤ ਵੀ ਸੋਨੇ ਦੀ ਮੰਗ ਨੂੰ ਪ੍ਰਭਾਵਿਤ ਕਰ ਰਹੇ ਹਨ। ਮਾਹਿਰਾਂ ਨੇ ਕਿਹਾ ਕਿ ਸੋਨੇ ਵਿੱਚ ਹਾਲ ਹੀ ਵਿੱਚ ਆਈ ਤੇਜ਼ੀ 'ਡਰ ਦੀ ਲਹਿਰ' ਦੁਆਰਾ ਚਲਾਈ ਗਈ ਸੀ ਅਤੇ 90,000 ਤੋਂ 99,000 ਰੁਪਏ ਦੀ ਰੇਂਜ ਨੂੰ ਸਿਰਫ਼ ਇੱਕ 'ਬੁਲਬੁਲਾ ਪੜਾਅ' ਮੰਨਿਆ ਜਾ ਸਕਦਾ ਹੈ। ਮਾਹਿਰਾਂ ਦਾ ਅੰਦਾਜ਼ਾ ਹੈ ਕਿ ਹੁਣ ਐਮ.ਸੀ.ਐਕਸ. 'ਤੇ ਸੋਨਾ 88,000-89,000 ਰੁਪਏ ਅਤੇ ਕਾਮੈਕਸ 'ਤੇ 2,950-3,000 ਡਾਲਰ ਤੱਕ ਡਿੱਗ ਸਕਦਾ ਹੈ। ਇਸ ਦੇ ਨਾਲ ਹੀ, ਕੁਝ ਮਾਹਰਾਂ ਦਾ ਮੰਨਣਾ ਹੈ ਕਿ ਸੋਨੇ ਦੀਆਂ ਕੀਮਤਾਂ ਹੁਣ 91,600 ਰੁਪਏ - 91,200 ਰੁਪਏ ਦੇ ਪੱਧਰ 'ਤੇ ਇਕਜੁੱਟ ਹੋ ਜਾਣਗੀਆਂ। ਜਿੱਥੇ ਸੋਨੇ ਦੀ ਰਫ਼ਤਾਰ ਹੌਲੀ ਹੁੰਦੀ ਜਾਪਦੀ ਹੈ, ਉੱਥੇ ਹੀ ਬਾਜ਼ਾਰ ਵਿੱਚ ਚਾਂਦੀ ਨੂੰ ਲੈ ਕੇ ਸਕਾਰਾਤਮਕ ਉਮੀਦਾਂ ਵੱਧ ਰਹੀਆਂ ਹਨ। ਮਾਹਿਰਾਂ ਦਾ ਧਿਆਨ ਹੁਣ ਸੋਨੇ ਤੋਂ ਚਾਂਦੀ ਦੇ ਅਨੁਪਾਤ 'ਤੇ ਹੈ, ਜੋ ਕਿ ਇਸ ਸਮੇਂ ਇਤਿਹਾਸਕ ਉਚਾਈ 'ਤੇ ਹੈ। ਜਦੋਂ ਵੀ ਇਹ ਅਨੁਪਾਤ 80 ਨੂੰ ਪਾਰ ਕਰਦਾ ਹੈ, ਚਾਂਦੀ ਆਮ ਤੌਰ 'ਤੇ ਸੋਨੇ ਨੂੰ ਪਛਾੜ ਦਿੰਦੀ ਹੈ।

# ਕਾਨੂੰਨ ਜਾਗਰੂਕ ਲੋਕਾਂ ਦੀ ਮਦਦ ਕਰਦੈ, ਲਾਪ੍ਰਵਾਹੀ ਵਰਤਣ ਵਾਲਿਆਂ ਦੀ ਨਹੀਂ: ਸੁਪਰੀਮ ਕੋਰਟ

ਨਵੀਂ ਦਿੱਲੀ , 3 ਮਈ (ਚ.ਨ.ਸ.) : ਸੁਪਰੀਮ ਕੋਰਟ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਕਾਨੂੰਨ ਜਾਗਰੂਕ ਲੋਕਾਂ ਦੀ ਮਦਦ ਕਰਦਾ ਹੈ, ਨਾ ਕਿ ਉਨ੍ਹਾਂ ਦੀ ਜੋ ਆਪਣੇ ਅਧਿਕਾਰਾਂ ਪ੍ਰਤੀ ਲਾਪ੍ਰਵਾਹੀ ਵਰਤਦੇ ਹਨ। ਜਸਟਿਸ ਜੇ.ਬੀ. ਪਾਰਦੀਵਾਲਾ ਅਤੇ ਜਸਟਿਸ ਆਰ. ਮਾਧਵਨ ਦੀ ਬੈਂਚ ਨੇ ਇਹ ਟਿੱਪਣੀ ਬੈਂਗਲੁਰੂ ਵਿਚ ਜਾਇਦਾਦ ਵਿਵਾਦ ਨਾਲ ਸਬੰਧਤ ਇਕ ਮਾਮਲੇ ਵਿਚ ਕਰਨਾਟਕ ਹਾਈ ਕੋਰਟ ਦੇ ਫ਼ੈਸਲੇ ਨੂੰ ਬਰਕਰਾਰ ਰੱਖਦੇ ਹੋਏ ਕੀਤੀ।



ਬੈਂਚ ਇਕ ਜਾਇਦਾਦ ਦੀ ਕੁੱਲ ਵਿਕਰੀ ਰਾਸ਼ੀ ਦੀ ਪਹਿਲੀ ਕਿਸ਼ਤ ਵਜੋਂ ਅਦਾ ਕੀਤੀ ਗਈ 20 ਲੱਖ ਰੁਪਏ ਦੀ ਰਕਮ ਜ਼ਬਤ ਕਰਨ ਨਾਲ ਸਬੰਧਤ ਮੁੱਦੇ 'ਤੇ ਸੁਣਵਾਈ ਕਰ ਰਿਹਾ ਸੀ।

ਉਸਨੇ ਮਾਮਲੇ 'ਚ ਸਬੰਧਤ 'ਬਿਆਨਾ ਰਾਸ਼ੀ' ਅਤੇ 'ਪੇਸ਼ਗੀ ਰਾਸ਼ੀ' ਬਾਰੇ ਵਿਸਤਾਰ ਨਾਲ ਦੱਸਦੇ ਹੋਏ ਕਿਹਾ ਕਿ ਕਰਨਾਟਕ ਹਾਈ ਕੋਰਟ ਨੇ ਪਟੀਸ਼ਨਰ ਨੂੰ ਪੇਸ਼ਗੀ ਰਾਸ਼ੀ ਮੋੜਨ ਦਾ ਹੁਕਮ ਦੇਣ ਤੋਂ ਇਨਕਾਰ ਕਰ ਦਿੱਤਾ, ਕਿਉਂਕਿ ਉਸਨੇ ਮੁਕੱਦਮੇ ਵਿਚ ਪੈਸੇ ਵਾਪਸੀ ਦੀ ਕੋਈ ਅਪੀਲ ਨਹੀਂ ਕੀਤੀ ਸੀ।

ਸੁਪਰੀਮ ਕੋਰਟ ਨੇ ਕਿਹਾ ਕਿ ਇਹ ਸਥਾਪਤ ਕਾਨੂੰਨ ਹੈ ਕਿ ਮੁਕੱਦਮੇ ਵਿਚ ਸੁਣਵਾਈ ਦੇ ਕਿਸੇ ਵੀ ਪੜਾਅ ਵਿਚ ਸੋਧ ਕੀਤੀ ਜਾ ਸਕਦੀ ਹੈ ਤਾਂ ਜੋ ਮੁਦਈ ਨੂੰ ਬਿਆਨਾ ਰਾਸ਼ੀ ਦੀ ਵਾਪਸੀ ਸਮੇਤ ਵਿਕਲਪਿਕ ਰਾਹਤ ਹਾਸਲ ਕਰਨ ਦਾ ਅਧਿਕਾਰ ਮਿਲ ਸਕੇ।

## ਮਨੀਪੁਰ ਹਿੰਸਾ ਦੇ ਦੋ ਸਾਲ ਮੁਕੰਮਲ ਹੋਣ 'ਤੇ ਬੰਦ ਦੇ ਸੱਦੇ ਕਾਰਨ ਆਮ ਜਨ ਜੀਵਨ ਪ੍ਰਭਾਵਿਤ

ਇੰਫਾਲ, 3 ਮਈ (ਚ.ਨ.ਸ.) : ਮਨੀਪੁਰ ਵਿਚ ਸਾਲ 2023 ਦੌਰਾਨ ਦੋ ਭਾਈਚਾਰਿਆਂ ਵਿਚ ਹਿੰਸਾ ਕਾਰਨ ਵੱਡੀ ਗਿਣਤੀ ਲੋਕ ਮਾਰੇ ਗਏ ਸਨ ਤੇ ਲੋਕਾਂ ਨੂੰ ਆਪਣੇ ਘਰ ਬਾਰ ਛੱਡ ਕੇ ਜਾਣਾ ਪਿਆ ਸੀ। ਇਸ ਦੇ ਦੋ ਸਾਲ ਮੁਕੰਮਲ ਹੋਣ 'ਤੇ ਮਾਰੇ ਗਏ ਲੋਕਾਂ ਦੀ ਯਾਦ ਵਿਚ ਅੱਜ ਮਨੀਪੁਰ ਬੰਦ ਦਾ ਸੱਦਾ ਦਿੱਤਾ ਗਿਆ ਹੈ ਜਿਸ ਕਾਰਨ ਉਥੇ ਆਮ ਜਨ ਜੀਵਨ ਪ੍ਰਭਾਵਿਤ ਹੋਇਆ ਹੈ।ਇਸ ਮੌਕੇ ਮੈਤਈ ਤੇ ਕੁਕੀ ਭਾਈਚਾਰਿਆਂ ਨੇ ਬੰਦ ਦਾ ਸੱਦਾ ਦਿੱਤਾ ਹੋਇਆ ਹੈ ਜਿਸ ਕਾਰਨ ਅੱਜ ਸਿੱਖਿਆ ਸੰਸਥਾਨ ਬੰਦ ਹਨ ਤੇ ਸੜਕਾਂ 'ਤੇ ਗਿਣਤੀ ਦੇ ਵਾਹਨ ਨਜ਼ਰ ਆ ਰਹੇ ਹਨ। ਦੂਜੇ ਪਾਸੇ ਪ੍ਰਸ਼ਾਸਨ ਨੇ ਇਹਤਿਆਤ ਵਜੋਂ ਨਾਜ਼ੁਕ ਥਾਵਾਂ 'ਤੇ ਸੁਰੱਖਿਆ ਬਲਾਂ ਨੂੰ ਤਾਇਨਾਤ ਕੀਤਾ ਹੋਇਆ ਹੈ ਤਾਂ ਕਿ ਕੋਈ ਗੜਬੜ ਨਾ ਹੋਵੇ।ਇਸ ਦੌਰਾਨ ਇੰਫਾਲ ਵਿਚ ਅੱਜ ਸ਼ਾਮ ਨੂੰ ਮੋਮਬੱਤੀ ਮਾਰਚ ਕੀਤਾ ਜਾਵੇਗਾ ਤੇ ਇਸ ਹਿੰਸਾ ਵਿਚ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਦਿੱਤੀ ਜਾਵੇਗੀ। ਜ਼ਿਕਰਯੋਗ ਹੈ ਕਿ ਇਸ ਹਿੰਸਾ ਵਿਚ 260 ਜਣੇ ਮਾਰੇ ਗਏ ਸਨ ਤੇ 1500 ਦੇ ਕਰੀਬ ਜ਼ਖ਼ਮੀ ਹੋ ਗਏ ਸਨ ਤੇ 70 ਹਜ਼ਾਰ ਦੇ ਕਰੀਬ ਲੋਕਾਂ ਨੂੰ ਆਪਣੇ ਘਰ ਬਾਰ ਛੱਡਣੇ ਪਏ ਸਨ।

# ਪਾਕਿਸਤਾਨ ਵੱਲੋਂ 'ਅਬਦਾਲੀ' ਮਿਜ਼ਾਈਲ ਦੀ ਅਜਮਾਇਸ਼



ਇਸਲਾਮਾਬਾਦ , 3 ਮਈ (ਚ.ਨ.ਸ.) : ਪਾਕਿਸਤਾਨ ਨੇ ਸ਼ਨਿੱਚਰਵਾਰ ਨੂੰ ਐਲਾਨ ਕੀਤਾ ਕਿ ਉਸ ਨੇ ਅਬਦਾਲੀ ਹਥਿਆਰ ਪ੍ਰਣਾਲੀ ) ਦੀ ਸਫ਼ਲ ਸਿਖਲਾਈ ਲਾਂਚ ਅਜ਼ਮਾਇਸ਼ ਕੀਤੀ ਹੈ। ਬਿਆਨ ਮੁਤਾਬਕ ਇਹ ਜ਼ਮੀਨ ਤੋਂ ਜ਼ਮੀਨ ਉਤੇ ਮਾਰ ਕਰਨ ਵਾਲੀ ਮਿਜ਼ਾਈਲ ਜੋ, 450 ਕਿਲੋਮੀਟਰ ਦੀ ਰੇਂਜ ਵਾਲੀ ਹੈ। ਪਾਕਿਸਤਾਨ ਨੇ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਨਾਲ ਵਧੇ ਤਣਾਅ ਦੇ ਵਿਚਕਾਰ ਇਹ ਕਾਰਵਾਈ ਅਮਲ ਵਿਚ ਲਿਆਂਦੀ ਹੈ।ਪਾਕਿਸਤਾਨੀ ਫ਼ੌਜ ਵੱਲੋਂ ਜਾਰੀ ਇਸ ਬਿਆਨ ਵਿੱਚ ਕਿਹਾ ਗਿਆ ਹੈ, "ਇਸ ਲਾਂਚ ਦਾ ਮਕਸਦ ਫ਼ੌਜਾਂ ਦੀ ਸੰਚਾਲਨ ਤਿਆਰੀ ਨੂੰ ਯਕੀਨੀ ਬਣਾਉਣਾ ਅਤੇ ਮਿਜ਼ਾਈਲ ਦੇ ਉੱਨਤ ਨੈਵੀਗੇਸ਼ਨ ਸਿਸਟਮ ਅਤੇ ਵਧੀਆਂ ਅਮਲੀ ਵਿਸ਼ੇਸ਼ਤਾਵਾਂ ਸਮੇਤ ਮੁੱਖ ਤਕਨੀਕੀ ਮਾਪਦੰਡਾਂ ਨੂੰ ਪ੍ਰਮਾਣਿਤ ਕਰਨਾ ਸੀ। ਫ਼ੌਜ ਨੇ ਅਭਿਆਸ ਬਾਰੇ ਵੇਰਵੇ ਦਿੱਤੇ ਬਿਨਾਂ ਕਿਹਾ ਕਿ ਮਿਜ਼ਾਈਲ ਲਾਂਚ 'ਐਕਸਰਸਾਈਜ਼ ਇੰਡਸ' ਦਾ ਹਿੱਸਾ ਸੀ। ਰਾਸ਼ਟਰਪਤੀ ਆਸਿਫ਼ ਅਲੀ ਜ਼ਰਦਾਰੀ, ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਅਤੇ ਫ਼ੌਜਾਂ ਦੇ ਮੁਖੀਆਂ ਨੇ ਭਾਗ ਲੈਣ ਵਾਲੇ ਫੌਜੀ ਅਧਿਕਾਰੀਆਂ, ਵਿਗਿਆਨੀਆਂ ਅਤੇ ਇੰਜੀਨੀਅਰਾਂ ਨੂੰ ਇਸ ਲਈ ਵਧਾਈ ਦਿੱਤੀ ਹੈ।

# ਪਹਿਲਗਾਮ ਹਮਲੇ ਮਗਰੋਂ ਉਮਰ ਅਬਦੁੱਲਾ ਵੱਲੋਂ ਮੋਦੀ ਨਾਲ ਮੁਲਾਕਾਤ

ਨਵੀਂ ਦਿੱਲੀ , 3 ਮਈ (ਚ.ਨ.ਸ.) : ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਸ਼ਨੀਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲਣ ਪਹੁੰਚੇ। ਪਹਿਲਗਾਮ ਅੱਤਵਾਦੀ ਹਮਲੇ ਮਗਰੋਂ ਇਹ ਪਹਿਲੀ ਵਾਰ ਹੈ ਕਿ ਪ੍ਰਧਾਨ ਮੰਤਰੀ ਮੋਦੀ ਅਤੇ ਉਮਰ ਅਬਦੁੱਲਾ ਨੇ ਇਕ-ਦੂਜੇ ਨਾਲ ਮੁਲਾਕਾਤ ਕੀਤੀ। ਇਹ ਮੁਲਾਕਾਤ ਪੀ.ਐੱਮ. ਆਵਾਸ 'ਤੇ ਹੋਈ ਅਤੇ ਕਰੀਬ ਅੱਧਾ ਘੰਟਾ ਮੀਟਿੰਗ ਚੱਲੀ। ਸੂਤਰਾਂ ਮੁਤਾਬਕ ਦੋਹਾਂ ਵਿਚਾਲੇ ਪਹਿਲਗਾਮ ਹਮਲੇ ਮਗਰੋਂ ਉੱਭਰੀ ਸਥਿਤੀ 'ਤੇ ਚਰਚਾ ਕੀਤੀ।



ਦੱਸ ਦੇਈਏ ਕਿ ਪਹਿਲਗਾਮ ਹਮਲੇ ਮਗਰੋਂ ਜੰਮੂ-ਕਸ਼ਮੀਰ ਖ਼ਾਸ ਕਰ ਕੇ ਐਲ.ਓ.ਸੀ. 'ਤੇ ਹਾਲਾਤ ਬੇਹੱਦ ਨਾਜ਼ੁਕ ਹੋ ਗਏ ਹਨ। ਭਾਰਤ ਅਤੇ ਪਾਕਿਸਤਾਨ ਵਿਚਾਲੇ ਤਣਾਅ ਦਾ ਮਾਹੌਲ ਬਣਿਆ ਹੋਇਆ ਹੈ। ਮੰਨਿਆ ਜਾ ਰਿਹਾ ਹੈ ਕਿ ਦੋਹਾਂ ਦੇਸ਼ਾਂ ਵਿਚਾਲੇ ਜੰਗ ਵੀ ਹੋ ਸਕਦੀ ਹੈ।

ਦੱਸਣਯੋਗ ਹੈ ਕਿ 22 ਅਪ੍ਰੈਲ ਨੂੰ ਪਹਿਲਗਾਮ ਦੇ ਬੈਸਰਨ ਘਾਟੀ ਵਿਚ ਹੋਏ ਅੱਤਵਾਦੀ ਹਮਲੇ ਵਿਚ 26 ਸੈਲਾਨੀਆਂ ਦੀ ਜਾਨ ਚੱਲੀ ਗਈ। ਅੱਤਵਾਦੀਆਂ ਨੇ ਲੋਕਾਂ ਦੀ ਧਾਰਮਿਕ ਪਛਾਣ ਪੁੱਛ ਕੇ ਉਨ੍ਹਾਂ ਨੂੰ ਕਲਮਾ ਪੜ੍ਹਨ ਨੂੰ ਕਿਹਾ ਅਤੇ ਫਿਰ ਗੋਲੀ ਮਾਰ ਦਿੱਤੀ। ਇਸ ਹਮਲੇ ਮਗਰੋਂ ਭਾਰਤ ਸਰਕਾਰ ਨੇ ਪਾਕਿਸਤਾਨ ਖ਼ਿਲਾਫ਼ ਸਖ਼ਤ ਕਦਮ ਚੁੱਕੇ ਹਨ। ਭਾਰਤ ਨੇ ਸਿੰਧੂ ਜਲ ਸੰਧੀ ਨੂੰ ਅਣਮਿੱਥੇ ਸਮੇਂ ਲਈ ਮੁਅੱਤਲ ਕਰ ਦਿੱਤਾ ਹੈ ਅਤੇ ਪਾਕਿਸਤਾਨੀ ਨਾਗਰਿਕਾਂ ਦੇ ਵੀਜ਼ਾ ਰੱਦ ਕਰਨ ਦੇ ਨਾਲ-ਨਾਲ ਸਰਹੱਦ ਪਾਰ ਤੋਂ ਵਪਾਰ ਨੂੰ ਵੀ ਰੋਕ ਦਿੱਤਾ ਹੈ। ਭਾਰਤ ਨੇ ਕਿਹਾ ਕਿ ਉਹ ਆਪਣੇ ਨਾਗਰਿਕਾਂ 'ਤੇ ਹੋਏ ਕਾਇਰਾਨਾ ਹਮਲੇ ਦਾ ਸਖ਼ਤ ਜਵਾਬ ਦੇਵੇਗਾ।

**ਚੜ੍ਹਦੀਕਲਾ**
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi
PRGI (RNI) Regd. No. 22972/1972

# ਜਲੰਧਰ ਦੀ ਧਰਤੀ ਤੋਂ ਮੁੱਖ ਮੰਤਰੀ ਦਾ ਐਲਾਨ, ਨਸ਼ਿਆਂ ਵਿਰੁੱਧ ਜੰਗ ਦੀ ਰੂਪ-ਰੇਖਾ ਉਲੀਕੀ

## ਪੰਜਾਬ ਦੇ ਲੋਕ ਛੇਤੀ ਹੀ ਨਸ਼ੇ ਵੇਚ ਕੇ ਬਣਾਏ ਵੱਡੇ-ਵੱਡੇ ਮਹਿਲ ਡਿੱਗਦੇ ਵੇਖਣਗੇ : ਮਾਨ

ਜਲੰਧਰ, 3 ਮਈ, (ਸੰਦੀਪ ਕੌਲ) : ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਦੀ ਮੁਹਿੰਮ ਨੂੰ ਹੋਰ ਹੁਲਾਰਾ ਦਿੰਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਜਲੰਧਰ ਦੇ ਪੀ.ਏ.ਪੀ. ਗਰਾਊਂਡ ਵਿਖੇ ਪਿੰਡ ਸੁਰੱਖਿਆ ਕਮੇਟੀਆਂ ਦੇ ਸੈਂਕੜੇ ਮੈਂਬਰਾਂ ਨੂੰ ਆਪੋ-ਆਪਣੇ ਖੇਤਰਾਂ ਵਿੱਚੋਂ ਨਸ਼ੇ ਦੀ ਲਾਹਨਤ ਨੂੰ ਜੜ੍ਹੋਂ ਪੁੱਟਣ ਦਾ ਹਲਫ਼ ਦਿਵਾਇਆ। ਪੇਂਡੂ ਸੁਰੱਖਿਆ ਕਮੇਟੀਆਂ ਨੂੰ ਸਹੁੰ ਚੁਕਾਉਣ ਮੌਕੇ ਮੁੱਖ ਮੰਤਰੀ ਨੇ ਐਲਾਨ ਕੀਤਾ ਕਿ 31 ਮਈ ਤੱਕ ਪੰਜਾਬ ਨਸ਼ਾ ਮੁਕਤ ਸੂਬਾ ਹੋਵੇਗਾ।

ਇਸ ਮੌਕੇ ਮੁੱਖ ਮੰਤਰੀ ਦੇ ਨਾਲ ਪੰਜਾਬ ਦੇ ਕੈਬਨਿਟ ਮੰਤਰੀ ਤੇ ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਅਮਨ ਅਰੋੜਾ, ਸੰਸਦ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਮੌਜੂਦ ਸਨ।

ਪੀ.ਏ.ਪੀ. ਗਰਾਊਂਡ ਵਿਖੇ ਹਜ਼ਾਰਾਂ ਲੋਕਾਂ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜਿਸ ਤਰ੍ਹਾਂ ਦੇਸ਼ ਦੀ ਫੌਜ ਪਹਿਲਾਂ ਜੰਗ ਜਿੱਤਣ ਲਈ ਨਕਸ਼ਾ ਤਿਆਰ ਕਰਦੀ ਹੈ, ਉਸੇ ਤਰ੍ਹਾਂ ਪੰਜਾਬ ਸਰਕਾਰ ਨੇ ਵੀ ਨਸ਼ਿਆਂ ਵਿਰੁੱਧ ਜੰਗ ਜਿੱਤਣ ਲਈ ਮਜ਼ਬੂਤ ਨਕਸ਼ਾ ਤਿਆਰ ਕੀਤਾ ਹੈ। ਨਕਸ਼ਾ ਬਣਨ ਤੋਂ ਬਾਅਦ, ਨਸ਼ਿਆਂ ਵਿਰੁੱਧ ਜੰਗ ਹੁਣ ਯੋਜਨਾਬੱਧ ਤਰੀਕੇ ਨਾਲ ਸ਼ੁਰੂ ਕੀਤੀ ਗਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਕਿਸੇ ਵੀ ਵੱਡੀ ਇਮਾਰਤ ਦੀ ਉਸਾਰੀ ਲਈ ਪਹਿਲਾਂ ਨਕਸ਼ੇ ਦੀ ਲੋੜ ਹੁੰਦੀ ਹੈ। ਜੇਕਰ ਨਕਸ਼ਾ ਬਣ ਜਾਵੇ ਤਾਂ ਇਮਾਰਤ ਦੀ ਉਸਾਰੀ ਵਿੱਚ ਕੋਈ ਦੇਰੀ ਨਹੀਂ ਹੁੰਦੀ। ਪੰਜਾਬ ਸਰਕਾਰ ਨੇ ਨਸ਼ਾ ਖਤਮ ਕਰਨ ਦੀ ਯੋਜਨਾ ਬਣਾਈ ਹੈ ਅਤੇ ਹੁਣ ਨਸ਼ਾ ਖਤਮ ਕਰਨ ਤੋਂ ਬਾਅਦ ਪੰਜਾਬ ਨੂੰ 'ਰੰਗਲਾ ਪੰਜਾਬ' ਬਣਾਉਣ ਦੀ ਨਵੀਂ ਇਮਾਰਤ ਬਣਾਈ ਜਾ ਰਹੀ ਹੈ। ਭਗਵੰਤ ਮਾਨ ਨੇ ਕਿਹਾ ਕਿ ਸਰਕਾਰ ਨਸ਼ੇ ਦੀ ਲਤ ਨੂੰ ਖਤਮ ਕਰਨ ਦੇ ਨਾਲ-ਨਾਲ ਪੀੜਤ ਨੌਜਵਾਨਾਂ ਦੇ ਮੁੜ ਵਸੇਬੇ ਲਈ ਵੀ ਗੰਭੀਰ ਹੈ। ਇਸ ਕਾਰਨ ਹੁਣ ਪੰਜਾਬ ਓਟ ਕਲੀਨਿਕਾਂ ਅਤੇ ਨਸ਼ਾ ਮੁਕਤੀ ਕੇਂਦਰਾਂ ਵਿੱਚ ਬਿਸਤਰਿਆਂ ਦੀ ਸਮਰੱਥਾ ਵਧ ਕੇ ਪੰਜ ਹਜ਼ਾਰ ਹੋ ਗਈ ਹੈ। ਇਨ੍ਹਾਂ ਨਸ਼ਾ ਮੁਕਤੀ ਕੇਂਦਰਾਂ ਵਿੱਚ ਪਹੁੰਚੇ ਨੌਜਵਾਨਾਂ ਨੂੰ ਮੁੱਖ ਧਾਰਾ ਵਿੱਚ ਲਿਆਉਣ ਦੇ ਨਾਲ-ਨਾਲ ਉਨ੍ਹਾਂ ਨੂੰ ਭਵਿੱਖ ਵਿੱਚ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਦੇ ਯੋਗ ਵੀ ਬਣਾਇਆ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਨਸ਼ਾ ਤਸਕਰ ਸਮਾਜ ਦੇ ਦੁਸ਼ਮਣ ਹਨ ਜਿਨ੍ਹਾਂ ਨੇ ਆਪਣੇ ਮਹਿਲ-ਮੁਨਾਰੇ ਖੜ੍ਹੇ ਕਰਨ ਲਈ ਸਾਡੇ ਨੌਜਵਾਨਾਂ ਨੂੰ ਦਲਦਲ ਵਿੱਚ ਧੱਕ ਦਿੱਤਾ।



ਉਨ੍ਹਾਂ ਕਿਹਾ ਕਿ ਲੋਕਾਂ ਦੇ ਘਰਾਂ ਵਿੱਚ ਸੱਥਰ ਵਿਛਾ ਕੇ ਆਪਣੇ ਘਰਾਂ ਵਿੱਚ ਦੀਪਮਾਲਾ ਕਰਨ ਵਾਲੇ ਤਸਕਰ ਮੁਆਫੀ ਦੇ ਲਾਇਕ ਨਹੀਂ। ਉਨ੍ਹਾਂ ਕਿਹਾ ਕਿ ਵੱਡੇ ਤਸਕਰਾਂ ਦੇ ਘਰਾਂ ਉਤੇ ਕਾਰਵਾਈ ਕਰਨ ਲਈ ਲੋੜੀਂਦੀਆਂ ਪ੍ਰਵਾਨਗੀਆਂ ਹਾਸਲ ਕੀਤੀਆਂ ਜਾ ਰਹੀਆਂ ਹਨ ਅਤੇ ਇਨ੍ਹਾਂ ਤਸਕਰਾਂ ਨੂੰ ਨਸ਼ਿਆਂ ਕਾਰਨ ਵਿਧਵਾ ਹੋਈਆਂ ਔਰਤਾਂ, ਪੁੱਤਾਂ ਤੋਂ ਮਹਿਰੂਮ ਹੋਈਆਂ ਮਾਵਾਂ ਅਤੇ ਰੱਖੜੀ ਬੰਨਣ ਲਈ ਤਰਸਦੀਆਂ ਭੈਣਾਂ ਦੇ ਦੁੱਖਾਂ ਦਾ ਹਿਸਾਬ ਦੇਣਾ ਪਵੇਗਾ। ਮੁੱਖ ਮੰਤਰੀ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਨਸ਼ਾ ਤਸਕਰੀ ਵਿੱਚ ਸ਼ਾਮਲ ਕੋਈ ਵੀ ਸਿਆਸੀ ਆਗੂ ਜਾਂ ਕੋਈ ਹੋਰ ਵਿਅਕਤੀ, ਭਾਵੇਂ ਕਿੰਨੇ ਹੀ ਅਸਰ ਰਸੂਖ ਵਾਲਾ ਕਿਉਂ ਨਾ ਹੋਵੇ, ਕਿਸੇ ਵੀ ਕੀਮਤ ਉੱਤੇ ਬਖਸ਼ਿਆ ਨਹੀਂ ਜਾਵੇਗਾ।

ਨਸ਼ਾ ਤਸਕਰਾਂ ਦੇ ਘਰਾਂ 'ਤੇ ਪੀਲਾ ਪੰਜਾ ਚਲਾਉਣ ਦੀ ਮੁਹਿੰਮ ਦੀ ਸਫਲਤਾ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪਹਿਲੀ ਵਾਰ ਹੋਇਆ ਕਿ ਪਿੰਡਾਂ ਵਿੱਚ ਨਸ਼ਾ ਤਸਕਰ ਪੰਚਾਇਤਾਂ ਕੋਲ ਜਾ ਕੇ ਨਸ਼ੇ ਵੇਚਣ ਤੋਂ ਤੌਬਾ ਕਰ ਰਹੇ ਹਨ। ਬਠਿੰਡਾ ਜ਼ਿਲ੍ਹੇ ਦੇ ਇਕ ਪਿੰਡ ਦੀ ਮਿਸਾਲ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਨਸ਼ਾ ਤਸਕਰ ਦੇ ਘਰ 'ਤੇ ਜੇ.ਸੀ.ਬੀ. ਚੱਲਣ ਮੌਕੇ ਨਸ਼ਿਆਂ ਵਿੱਚ ਪੁੱਤ ਗੁਆ ਚੁੱਕੀ ਇਕ ਔਰਤ ਨੇ ਲੱਡੂ ਵੰਡੇ ਅਤੇ ਪੁਲਿਸ 'ਤੇ ਫੁੱਲ ਵਰਸਾਏ ਹਨ ਜੋ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੀ ਸਫਲਤਾ ਨੂੰ ਦਰਸਾਉਂਦਾ ਹੈ।

ਨਸ਼ਾ ਮੁਕਤੀ ਮਾਰਚ ਵਿੱਚ ਸ਼ਾਮਲ ਪਿੰਡ ਸੁਰੱਖਿਆ ਕਮੇਟੀਆਂ ਤੇ ਵਾਰਡ ਸੁਰੱਖਿਆ ਕਮੇਟੀਆਂ ਦੇ ਮੈਂਬਰਾਂ ਨੂੰ ਪਹਿਰੇਦਾਰ ਦੀ ਭੂਮਿਕਾ ਨਿਭਾਉਣ ਦਾ ਸੱਦਾ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪਹਿਰੇਦਾਰਾਂ ਦੇ ਸਹਿਯੋਗ ਨਾਲ ਹੀ ਪੰਜਾਬ ਨੂੰ ਨਸ਼ਾ ਮੁਕਤ ਕਰਕੇ ਮੁੜ 'ਰੰਗਲਾ ਪੰਜਾਬ' ਬਣਾਇਆ ਜਾਵੇਗਾ। ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਤਿੰਨ ਪੱਖੀ ਰਣਨੀਤੀ ਦਾ ਜ਼ਿਕਰ ਕਰਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਨਸ਼ਾ ਤਸਕਰਾਂ ਦੇ ਖਿਲਾਫ਼ ਸਖ਼ਤ ਐਕਸ਼ਨ, ਨਸ਼ਾ ਛੁਡਾਉਣ ਲਈ ਮੁਫਤ ਇਲਾਜ ਅਤੇ ਮੁੜ ਵਸੇਬੇ ਲਈ ਕਿੱਤਾਮੁਖੀ ਸਿਖਲਾਈ ਦੇਣ ਦੀ ਢੁਕਵੀਂ ਵਿਉਂਤਬੰਦੀ ਕੀਤੀ ਹੋਈ ਹੈ ਤਾਂ ਕਿ ਪੀੜਤ ਲੋਕ ਇਸ ਅਲਾਮਤ ਤੋਂ ਛੁਟਕਾਰਾ ਪਾ ਕੇ ਸਮਾਜ ਵਿੱਚ ਮਾਣ-ਸਤਿਕਾਰ ਦਾ ਜੀਵਨ ਬਸਰ ਕਰ ਸਕਣ।

ਮੁੱਖ ਮੰਤਰੀ ਨੇ ਪਿੰਡਾਂ ਤੇ ਵਾਰਡਾਂ ਦੇ ਪਹਿਰੇਦਾਰਾਂ ਨੂੰ ਨਸ਼ਿਆਂ ਦੇ ਵਿਰੁੱਧ ਹਲਫ਼ ਦਿਵਾਉਂਦਿਆਂ ਆਪਣੇ ਪਿੰਡ ਜਾਂ ਵਾਰਡ ਵਿੱਚ ਕਿਸੇ ਤਰ੍ਹਾਂ ਦਾ ਨਸ਼ਾ ਨਾ ਵਿਕਣ ਦੇਣ ਦਾ ਸੰਕਲਪ ਲੈਣ ਲਈ ਆਖਿਆ। ਉਨ੍ਹਾਂ ਕਿਹਾ ਕਿ ਪਹਿਰੇਦਾਰ ਨਸ਼ਾ ਪੀੜਤਾਂ ਦਾ ਨਸ਼ਾ ਛੁਡਵਾਉਣ ਲਈ ਨਸ਼ਾ ਮੁਕਤੀ ਕੇਂਦਰ ਲੈ ਕੇ ਜਾਣ ਅਤੇ ਨਸ਼ਾ ਤਸਕਰ ਦੀ ਜ਼ਮਾਨਤ ਨਾ ਦੇਣ ਅਤੇ ਨਾ ਹੀ ਕਿਸੇ ਹੋਰ ਨੂੰ ਦੇਣ ਦਾ ਪ੍ਰਣ ਲੈਣ ਲਈ ਕਿਹਾ।

ਪਿੰਡਾਂ ਨੂੰ ਨਸ਼ਾ ਮੁਕਤ ਬਣਾਉਣ ਦੀ ਮੁਹਿੰਮ ਨੂੰ ਵੱਡਾ ਹੁਲਾਰਾ ਮਿਲਣ ਲਈ ਪੰਚਾਇਤਾਂ ਦਾ ਧੰਨਵਾਦ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਹਰ ਰੋਜ਼ 200 ਪੰਚਾਇਤਾਂ ਨਸ਼ੇ ਦੇ ਖਿਲਾਫ਼ ਮਤੇ ਪਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਨਸ਼ੇ ਤੋਂ ਮੁਕੰਮਲ ਤੌਰ ਉਤੇ ਮੁਕਤ ਹੋਣ ਵਾਲੀਆਂ ਪੰਚਾਇਤਾਂ ਨੂੰ ਵਿਸ਼ੇਸ਼ ਗਰਾਂਟਾਂ ਦੇ ਕੇ ਮਾਡਲ ਪਿੰਡ ਬਣਾਵਾਂਗੇ ਤਾਂ ਕਿ ਹੋਰ ਪਿੰਡ ਵੀ ਸੇਧ ਲੈ ਸਕਣ। ਮੁੱਖ ਮੰਤਰੀ ਨੇ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਔਰਤਾਂ ਵੱਲੋਂ ਪਾਏ ਜਾ ਰਹੇ ਯੋਗਦਾਨ ਦੀ ਵੀ ਸ਼ਲਾਘਾ ਕੀਤੀ।

ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਪਾਣੀਆਂ 'ਤੇ ਡਾਕਾ ਮਾਰਨ ਦੀ ਕੋਸ਼ਿਸ਼ ਦਾ ਸਖ਼ਤ ਵਿਰੋਧ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਆਪਣੇ ਸੂਬੇ ਦੇ ਹਿੱਤਾਂ ਦੀ ਰਾਖੀ ਲਈ ਡਟ ਕੇ ਲੜਾਈ ਲੜੀ ਹੈ ਜਿਸ ਕਰਕੇ ਕਿਸੇ ਨੂੰ ਇਕ ਵੀ ਬੂੰਦ ਵਾਧੂ ਪਾਣੀ ਨਹੀਂ ਮਿਲ ਸਕਿਆ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਮੌਕੇ ਗੁਆਂਢੀ ਸੂਬਿਆਂ ਨੂੰ ਚੁੱਪ-ਚਪੀਤੇ ਵਾਧੂ ਪਾਣੀ ਦੇ ਦਿੱਤਾ ਜਾਂਦਾ ਸੀ ਪਰ ਅਸੀਂ ਇਸ ਪ੍ਰਥਾ ਦੇ ਖਿਲਾਫ਼ ਆਵਾਜ਼ ਬੁਲੰਦ ਕੀਤੀ ਹੈ ਕਿਉਂਕਿ ਪਾਣੀ ਸਾਡੀ ਜਿੰਦਜਾਨ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੇ ਦਹਾਕਿਆਂ ਤੋਂ ਬੰਦ ਪਏ ਖਾਲੇ ਤੇ ਕੱਸੀਆਂ ਨੂੰ ਮੁੜ ਸੁਰਜੀਤ ਕਰ ਲਿਆ ਹੈ ਜਿਸ ਕਰਕੇ ਹੁਣ ਸਾਡੇ ਸੂਬੇ ਵਿੱਚ ਖੇਤੀ ਲਈ ਨਹਿਰੀ ਪਾਣੀ ਦੀ ਸਪਲਾਈ ਵਧ ਗਈ ਹੈ। ਭਗਵੰਤ ਸਿੰਘ ਮਾਨ ਨੇ ਭਾਵੁਕ ਹੁੰਦਿਆਂ ਕਿਹਾ ਕਿ ਉਹ ਪੰਜਾਬ ਦੇ ਹਿੱਤਾਂ ਦੀ ਰਾਖੀ ਲਈ ਕੋਈ ਵੀ ਕੁਰਬਾਨੀ ਦੇਣ ਤੋਂ ਪਿੱਛੇ ਨਹੀਂ ਹਟਣਗੇ।

ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ 'ਤੇ ਚਰਚਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰੀ ਦਫ਼ਤਰਾਂ ਵਿੱਚ ਪਾਰਦਰਸ਼ਤਾ ਲਿਆਉਣ ਲਈ ਸਖ਼ਤ ਕਦਮ ਚੁੱਕੇ ਗਏ ਹਨ। ਹੁਣ ਰਜਿਸਟਰੀਆਂ ਉਰਦੂ ਵਿੱਚ ਨਹੀਂ ਸਗੋਂ ਪੰਜਾਬੀ ਵਿੱਚ ਸਰਲ ਲਿਖੀਆਂ ਜਾ ਰਹੀਆਂ ਹਨ ਅਤੇ ਤਹਿਸੀਲਦਾਰਾਂ ਨੂੰ ਦੂਰ-ਦੁਰਾਡੇ ਦੇ ਇਲਾਕਿਆਂ ਵਿੱਚ ਤਬਦੀਲ ਕਰਕੇ ਸਰਕਾਰ ਨੇ ਭ੍ਰਿਸ਼ਟਾਚਾਰ ਦੇ ਪੁਰਾਣੇ ਤੰਤਰ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਹੈ। ਕੁਝ ਪੁਰਾਣੀਆਂ ਘਟਨਾਵਾਂ ਦਾ ਹਵਾਲਾ ਦਿੰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਹੁਣ ਕੋਈ ਵੀ ਚੰਡੀਗੜ੍ਹ ਵਿੱਚ ਕੰਮ ਕਰਵਾਉਣ ਦੇ ਨਾਮ 'ਤੇ ਮਾਸੂਮ ਲੋਕਾਂ ਨੂੰ ਧੋਖਾ ਨਹੀਂ ਦੇ ਸਕਦਾ। ਸਰਕਾਰ ਜਨਤਾ ਨਾਲ ਸਿੱਧੇ ਸੰਪਰਕ ਕਰਕੇ ਪੂਰੀ ਤਰ੍ਹਾਂ ਪਾਰਦਰਸ਼ੀ ਢੰਗ ਨਾਲ ਕੰਮ ਕਰਨ 'ਤੇ ਜ਼ੋਰ ਦੇ ਰਹੀ ਹੈ।

# ਸਸ਼ਕਤ ਨਾਰੀ ਹੀ ਸਸ਼ਕਤ ਸਮਾਜ ਦੀ ਨੀਂਹ ਹੁੰਦੀ ਹੈ : ਡਾ. ਬਲਜੀਤ ਕੌਰ



ਚੰਡੀਗੜ੍ਹ, 3 ਮਈ, (ਚ.ਨ.ਸ.) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਔਰਤਾਂ ਨੂੰ ਆਤਮ ਨਿਰਭਰ, ਸਸ਼ਕਤ ਤੇ ਮਜਬੂਤ ਬਣਾਉਣ ਵੱਲ ਨਿਰੰਤਰ ਯਤਨਸ਼ੀਲ ਹੈ। ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਔਰਤਾਂ ਦੀ ਸੁਵਿਧਾ ਲਈ ਮੁਫ਼ਤ ਬੱਸ ਯਾਤਰਾ ਸਕੀਮ ਲਾਗੂ ਕੀਤੀ ਗਈ ਹੈ। ਇਸ ਸਕੀਮ ਤਹਿਤ ਸਾਲ 2023-24 ਅਤੇ 2024-25 ਦੌਰਾਨ ਪੰਜਾਬ ਦੀਆਂ ਔਰਤਾਂ ਵੱਲੋਂ 13 ਕਰੋੜ ਮੁਫ਼ਤ ਬੱਸ ਯਾਤਰਾਵਾਂ ਕਰਦਿਆਂ ਇਸ ਯੋਜਨਾ ਦਾ ਲਾਭ ਲਿਆ ਗਿਆ।

ਸਮਾਜਿਕ ਸੁਰੱਖਿਆ ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਦੀ ਇਹ ਪਹਿਲਕਦਮੀ ਔਰਤਾਂ ਨੂੰ ਘਰੋਂ ਬਾਹਰ ਨਿਕਲਣ, ਸਿੱਖਿਆ, ਰੋਜ਼ਗਾਰ, ਸਿਹਤ ਤੇ ਹੋਰ ਜ਼ਰੂਰੀ ਸੇਵਾਵਾਂ ਤੱਕ ਆਸਾਨ ਪਹੁੰਚ ਦੇਣ ਵਾਲੀ ਹੈ। ਇਸ ਯੋਜਨਾ ਨੇ ਔਰਤਾਂ ਨੂੰ ਸਿਰਫ਼ ਆਵਾਜਾਈ ਦੀ ਸੁਵਿਧਾ ਹੀ ਨਹੀਂ ਦਿੱਤੀ, ਸਗੋਂ ਉਨ੍ਹਾਂ ਦੀ ਨਿੱਜੀ ਆਜ਼ਾਦੀ, ਸਵੈ-ਮਾਣ ਤੇ ਜੀਵਨ ਦੇ ਹਰ ਖੇਤਰ ਵਿੱਚ ਸਰਗਰਮ ਭਾਗੀਦਾਰੀ ਨੂੰ ਵੀ ਨਵਾਂ ਹੌਸਲਾ ਦਿੱਤਾ ਹੈ।

ਉਨ੍ਹਾਂ ਇਹ ਵੀ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਔਰਤਾਂ ਦੀ ਸੁਰੱਖਿਆ ਨੂੰ ਪਹਿਲ ਦਿੰਦਿਆਂ ਹਾਲ ਹੀ ਵਿੱਚ ਪ੍ਰੋਜੈਕਟ ਹਿਫਾਜ਼ਤ ਲਾਂਚ ਕੀਤਾ ਗਿਆ ਹੈ, ਜਿਸਦਾ ਮਕਸਦ ਔਰਤਾਂ ਲਈ ਸੁਰੱਖਿਅਤ ਤੇ ਭਰੋਸੇਮੰਦ ਵਾਤਾਵਰਨ ਮੁਹੱਈਆ ਕਰਵਾਉਣਾ ਹੈ। ਇਸਦੇ ਨਾਲ-ਨਾਲ ਕੰਮਕਾਜ ਕਰਨ ਵਾਲੀਆਂ ਔਰਤਾਂ ਨੂੰ ਰਿਹਾਇਸ਼ ਦੀ ਵਧੀਆ ਸੁਵਿਧਾ ਦੇਣ ਲਈ ਪੰਜਾਬ ਭਰ ਵਿੱਚ ਵਰਕਿੰਗ ਵੂਮੈਨ ਹੋਸਟਲ ਬਣਾਏ ਜਾਣ ਦੀ ਯੋਜਨਾ ਵੀ ਤਿਆਰ ਕੀਤੀ ਗਈ ਹੈ, ਜਿਸ ਨਾਲ ਉਹ ਆਪਣੀ ਨੌਕਰੀ ਅਤੇ ਜੀਵਨ ਨੂੰ ਬਿਨਾਂ ਕਿਸੇ ਚਿੰਤਾ ਦੇ ਬੇਫਿਕਰ ਹੋ ਕੇ ਬਤੀਤ ਕਰ ਸਕਣ।

ਉਨ੍ਹਾਂ ਨੇ ਅੱਗੇ ਕਿਹਾ ਕਿ ਇਹ ਯੋਜਨਾ ਔਰਤਾਂ ਨੂੰ ਯਾਤਰਾ ਖਰਚਿਆਂ ਦੀ ਚਿੰਤਾ ਤੋਂ ਮੁਕਤ ਕਰਕੇ ਉਨ੍ਹਾਂ ਨੂੰ ਵਧੀਆ ਰੋਜ਼ਗਾਰ ਦੇ ਮੌਕਿਆਂ ਵੱਲ ਉਤਸ਼ਾਹਿਤ ਕਰ ਰਹੀ ਹੈ। ਇਹ ਸਕੀਮ ਇਕ ਸਸ਼ਕਤ ਸਮਾਜ ਦੀ ਨੀਂਹ ਰੱਖਣ ਲਈ ਮਹੱਤਵਪੂਰਨ ਭੂਮਿਕਾ ਨਿਭਾ ਰਹੀ ਹੈ। ਸਮਾਜਿਕ ਸੁਰੱਖਿਆ ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਦੀ ਇਹ ਪਹਿਲਕਦਮੀ ਔਰਤਾਂ ਨੂੰ ਘਰੋਂ ਬਾਹਰ ਨਿਕਲਣ, ਸਿੱਖਿਆ, ਰੋਜ਼ਗਾਰ, ਸਿਹਤ ਤੇ ਹੋਰ ਜ਼ਰੂਰੀ ਸੇਵਾਵਾਂ ਤੱਕ ਆਸਾਨ ਪਹੁੰਚ ਦੇਣ ਵਾਲੀ ਹੈ। ਇਸ ਯੋਜਨਾ ਨੇ ਔਰਤਾਂ ਨੂੰ ਸਿਰਫ਼ ਆਵਾਜਾਈ ਦੀ ਸੁਵਿਧਾ ਹੀ ਨਹੀਂ ਦਿੱਤੀ, ਸਗੋਂ ਉਨ੍ਹਾਂ ਦੀ ਨਿੱਜੀ ਆਜ਼ਾਦੀ, ਸਵੈ-ਮਾਣ ਤੇ ਜੀਵਨ ਦੇ ਹਰ ਖੇਤਰ ਵਿੱਚ ਸਰਗਰਮ ਭਾਗੀਦਾਰੀ ਨੂੰ ਵੀ ਨਵਾਂ ਹੌਸਲਾ ਦਿੱਤਾ ਹੈ। ਅੰਤ 'ਚ ਡਾ. ਬਲਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਰੰਗਲੇ, ਖੁਸ਼ਹਾਲ ਅਤੇ ਸਮਰੱਥ ਪੰਜਾਬ ਦੇ ਸੁਪਨੇ ਨੂੰ ਹਕੀਕਤ ਬਣਾਉਣ ਵੱਲ ਪੂਰੀ ਤਰ੍ਹਾਂ ਵਚਨਬੱਧ ਹੈ।

# ਪੰਜਾਬ ਵੱਲੋਂ ਹਰਿਆਣਾ ਨੂੰ ਪਾਣੀ ਦੀ ਵੰਡ ਬਾਰੇ ਬੀ.ਬੀ.ਐਮ.ਬੀ. ਦੀ ਮੀਟਿੰਗ ਦਾ ਬਾਈਕਾਟ; ਮੀਟਿੰਗ ਗ਼ੈਰ-ਸੰਵਿਧਾਨਕ ਅਤੇ ਗ਼ੈਰ-ਕਾਨੂੰਨੀ ਕਰਾਰ

## ਮੀਟਿੰਗ ਵਿੱਚ ਉਦੋਂ ਤੱਕ ਹਿੱਸਾ ਨਹੀਂ ਲਵਾਂਗੇ ਜਦੋਂ ਤੱਕ ਬੀ.ਬੀ.ਐਮ.ਬੀ. ਢੁਕਵੀਂ ਪ੍ਰਕਿਰਿਆ ਦੀ ਪਾਲਣਾ ਨਹੀਂ ਕਰਦਾ : ਗੋਇਲ



ਚੰਡੀਗੜ੍ਹ, 3 ਮਈ, (ਚ.ਨ.ਸ.) : ਪੰਜਾਬ ਦੇ ਜਲ ਸਰੋਤ ਅਤੇ ਭੂਮੀ ਅਤੇ ਜਲ ਸੰਭਾਲ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਅੱਜ ਕਿਹਾ ਕਿ ਪੰਜਾਬ ਸਰਕਾਰ ਭਾਖੜਾ ਬਿਆਸ ਪ੍ਰਬੰਧਨ ਬੋਰਡ (ਬੀ.ਬੀ.ਐਮ.ਬੀ.) ਦੀ 5 ਮਈ ਨੂੰ ਰੱਖੀ ਗਈ ਮੀਟਿੰਗ ਦਾ ਬਾਈਕਾਟ ਕਰੇਗੀ।

ਮੀਟਿੰਗ ਨੂੰ ਪੂਰੀ ਤਰ੍ਹਾਂ ਗ਼ੈਰ-ਸੰਵਿਧਾਨਕ ਅਤੇ ਗ਼ੈਰ-ਕਾਨੂੰਨੀ ਕਰਾਰ ਦਿੰਦਿਆਂ ਸ੍ਰੀ ਗੋਇਲ ਨੇ ਕਿਹਾ ਕਿ 255ਵੀਂ ਵਿਸ਼ੇਸ਼ ਮੀਟਿੰਗ ਸੱਦਣ ਲਈ ਢੁਕਵੇਂ ਪ੍ਰੋਟੋਕੋਲ ਦੀ ਉਲੰਘਣਾ ਕੀਤੀ ਗਈ ਹੈ। ਉਨ੍ਹਾਂ ਕਿਹਾ, "1976 ਦੇ ਰੈਗੂਲੇਸ਼ਨਜ਼ ਦੇ ਰੈਗੂਲੇਸ਼ਨ-3 ਤਹਿਤ ਬੀ.ਬੀ.ਐਮ.ਬੀ. ਨੂੰ ਮੀਟਿੰਗ ਰੱਖਣ ਤੋਂ ਪਹਿਲਾਂ ਸੱਤ ਦਿਨਾਂ ਦਾ ਨੋਟਿਸ ਦੇਣਾ ਲਾਜ਼ਮੀ ਹੈ। ਉਨ੍ਹਾਂ ਕਿਹਾ, ਅਸੀਂ ਮੀਟਿੰਗ ਵਿੱਚ ਉਦੋਂ ਤੱਕ ਹਿੱਸਾ ਨਹੀਂ ਲਵਾਂਗੇ, ਜਦੋਂ ਤੱਕ ਬੀ.ਬੀ.ਐਮ.ਬੀ. ਢੁਕਵੀਆਂ ਪ੍ਰਕਿਰਿਆਵਾਂ ਦੀ ਪਾਲਣਾ ਨਹੀਂ ਕਰਦਾ।

ਬੀ.ਬੀ.ਐਮ.ਬੀ. ਦੇ ਚੇਅਰਮੈਨ ਨੂੰ ਸਖ਼ਤ ਸ਼ਬਦਾਂ ਵਿੱਚ ਲਿਖੇ ਪੱਤਰ ਵਿੱਚ ਪੰਜਾਬ ਸਰਕਾਰ ਨੇ ਮੀਟਿੰਗ ਤੋਂ ਪਹਿਲਾਂ ਬੀ.ਬੀ.ਐਮ.ਬੀ. ਨੂੰ ਆਪਣਾ ਪੱਖ ਰੱਖ ਦਿੱਤਾ ਹੈ। ਸੂਬਾ ਸਰਕਾਰ ਨੇ ਲਿਖਿਆ ਹੈ ਕਿ ਇਹ ਮੀਟਿੰਗ ਗ਼ੈਰ-ਵਾਜਬ ਤਰੀਕੇ ਅਤੇ ਸਥਾਪਿਤ ਨਿਯਮਾਂ ਦੀ ਉਲੰਘਣਾ ਕਰਕੇ ਸੱਦੀ ਗਈ ਹੈ।

ਪੱਤਰ ਵਿੱਚ ਸਪੱਸ਼ਟ ਤੌਰ 'ਤੇ ਪੰਜਾਬ ਪੁਨਰਗਠਨ ਐਕਟ 1966 ਤਹਿਤ ਜਾਰੀ ਕੀਤੇ ਗਏ ਬੀ.ਬੀ.ਐਮ.ਬੀ. ਦੇ ਰੈਗੂਲੇਸ਼ਨਜ਼ ਦੇ ਰੈਗੂਲੇਸ਼ਨ-3 ਦਾ ਹਵਾਲਾ ਦਿੰਦਿਆਂ ਲਿਖਿਆ ਗਿਆ ਹੈ ਕਿ ਕਿਸੇ ਵੀ ਜ਼ਰੂਰੀ ਮਸਲੇ ਲਈ ਸੱਦੀਆਂ ਜਾਣ ਵਾਲੀਆਂ ਵਿਸ਼ੇਸ਼ ਮੀਟਿੰਗਾਂ ਲਈ ਸਾਰੇ ਮੈਂਬਰਾਂ ਨੂੰ ਘੱਟੋ-ਘੱਟ ਸੱਤ ਦਿਨਾਂ ਦਾ ਨੋਟਿਸ ਦੇਣਾ ਜ਼ਰੂਰੀ ਹੈ।

ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਦੱਸਿਆ ਕਿ 28 ਅਪ੍ਰੈਲ ਅਤੇ 30 ਅਪ੍ਰੈਲ, 2025 ਨੂੰ ਹੋਈਆਂ ਬੀ.ਬੀ.ਐਮ.ਬੀ. ਦੀਆਂ ਹਾਲੀਆ ਮੀਟਿੰਗਾਂ ਵੀ ਲਾਜ਼ਮੀ ਨੋਟਿਸ ਪੀਰੀਅਡ ਦੀ ਪਾਲਣਾ ਕੀਤੇ ਬਿਨਾਂ ਬੁਲਾਈਆਂ ਗਈਆਂ ਸਨ। ਇਨ੍ਹਾਂ ਮੀਟਿੰਗਾਂ ਲਈ ਨੋਟਿਸ ਕ੍ਰਮਵਾਰ 27 ਅਪ੍ਰੈਲ ਅਤੇ 29 ਅਪ੍ਰੈਲ ਨੂੰ ਨਿਰਧਾਰਤ ਮਿਤੀਆਂ ਤੋਂ ਸਿਰਫ਼ ਇੱਕ ਦਿਨ ਪਹਿਲਾਂ ਜਾਰੀ ਕੀਤੇ ਗਏ ਜਿਸ ਨਾਲ ਇਨ੍ਹਾਂ ਮੀਟਿੰਗਾਂ ਦੌਰਾਨ ਲਏ ਗਏ ਕੋਈ ਵੀ ਫ਼ੈਸਲੇ ਕਾਨੂੰਨੀ ਤੌਰ 'ਤੇ ਸ਼ੱਕੀ ਹੋ ਗਏ ਹਨ।

ਜਲ ਸਰੋਤ ਮੰਤਰੀ ਨੇ ਸਪੱਸ਼ਟ ਤੌਰ 'ਤੇ ਕਿਹਾ, "ਰੈਗੂਲੇਸ਼ਨ-3 ਸਪੱਸ਼ਟ ਤੌਰ 'ਤੇ ਵਿਸ਼ੇਸ਼ ਮੀਟਿੰਗਾਂ ਲਈ ਘੱਟੋ-ਘੱਟ ਸੱਤ ਦਿਨਾਂ ਦਾ ਨੋਟਿਸ ਲਾਜ਼ਮੀ ਕਰਦਾ ਹੈ। ਸਥਾਪਿਤ ਪ੍ਰਕਿਰਿਆਵਾਂ ਪ੍ਰਤੀ ਬੀ.ਬੀ.ਐਮ.ਬੀ. ਦੀ ਲਗਾਤਾਰ ਅਣਦੇਖੀ ਉਸ ਸੰਵਿਧਾਨਕ ਢਾਂਚੇ ਨੂੰ ਕਮਜ਼ੋਰ ਕਰਦੀ ਹੈ, ਜਿਸ ਅਧੀਨ ਬੀ.ਬੀ.ਐਮ.ਬੀ. ਕੰਮ ਕਰਦਾ ਹੈ।

ਉਨ੍ਹਾਂ ਇਹ ਵੀ ਕਿਹਾ ਕਿ ਕਿਉਂ ਜੋ ਪਾਣੀ ਦੀ ਵੰਡ ਦੇ ਮੁੱਦੇ 'ਤੇ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੋਮਵਾਰ 5 ਮਈ, 2025 ਨੂੰ ਰੱਖਿਆ ਗਿਆ ਹੈ। ਇਸ ਲਈ ਇਸ ਅਹਿਮ ਵਿਧਾਨਕ ਸੈਸ਼ਨ ਲਈ ਤਿਆਰੀਆਂ ਹਿੱਤ ਬੀ.ਬੀ.ਐਮ.ਬੀ. ਵੱਲੋਂ ਮੀਟਿੰਗ ਨੂੰ ਮੁਲਤਵੀ ਕਰਨ ਦੀ ਲੋੜ ਹੈ।

ਪੰਜਾਬ ਸਰਕਾਰ ਨੇ ਕਿਹਾ ਹੈ ਕਿ ਬੀ.ਬੀ.ਐਮ.ਬੀ. ਨੂੰ ਉਚਿਤ ਪ੍ਰਕਿਰਿਆਤਮਕ ਜ਼ਰੂਰਤਾਂ ਦੇ ਅਨੁਸਾਰ ਮੀਟਿੰਗ ਨੂੰ ਮੁੜ ਬੁਲਾਉਣਾ ਚਾਹੀਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਾਰੇ ਭਾਈਵਾਲ ਰਾਜ ਫ਼ੈਸਲਾ ਲੈਣ ਦੀ ਅਸਲ ਸਥਿਤੀ ਵਿੱਚ ਹੋਣ।

# ਸਿੱਖ ਨੌਜਵਾਨ ਦੇ ਕੇਸ ਕਤਲ ਕਰਨ ਦੇ ਮਾਮਲੇ 'ਚ ਐਫ.ਆਈ.ਆਰ. ਦਰਜ

## ਮਾਮਲੇ ਵਿੱਚ ਪੂਰਾ ਨਿਆਂ ਮਿਲਣ ਦਾ ਪੁਲਿਸ ਨੇ ਭਰੋਸਾ ਦੁਆਇਆ: ਭੁੱਲਰ



ਨਵੀਂ ਦਿੱਲੀ, 3 ਮਈ, (ਅੰਮ੍ਰਿਤਪਾਲ ਸਿੰਘ) : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਯਤਨਾਂ ਤਹਿਤ ਕਲਿਆਣਪੁਰੀ ਦੇ ਰਹਿਣ ਵਾਲੇ ਸਿੱਖ ਨੌਜਵਾਨ ਦੇ ਕੇਸ ਕਤਲ ਕਰਨ ਦੇ ਮਾਮਲੇ ਵਿਚ ਪੁਲਿਸ ਨੇ ਐਫ ਆਈ ਆਰ ਦਰਜ ਕਰ ਲਈ ਹੈ ਤੇ ਭਰੋਸਾ ਦੁਆਇਆ ਹੈ ਕਿ ਮਾਮਲੇ ਵਿਚ ਪੂਰਾ ਇਨਸਾਫ ਦਿੱਤਾ ਜਾਵੇਗਾ। ਇਹ ਪ੍ਰਗਟਾਵਾ ਸਰਦਾਰ ਭੁਪਿੰਦਰ ਸਿੰਘ ਭੁੱਲਰ ਚੇਅਰਮੈਨ ਪ੍ਰਾਜੈਕਟ ਇੰਚਾਰਜ ਮੈਡੀਕਲ ਸੇਵਾਵਾਂ ਗੁਰਦੁਆਰਾ ਬੰਗਲਾ ਸਾਹਿਬ ਨੇ ਕੀਤਾ ਹੈ।

ਇੱਥੇ ਜਾਰੀ ਕੀਤੇ ਇਕ ਬਿਆਨ ਵਿਚ ਸਰਦਾਰ ਭੁੱਲਰ ਨੇ ਦੱਸਿਆ ਕਿ 9 ਅਪ੍ਰੈਲ ਨੂੰ ਇਹ ਘਟਨਾ ਵਾਪਰੀ ਸੀ ਜਦੋਂ ਕਲਿਆਣਪੁਰੀ ਦੇ ਰਹਿਣ ਵਾਲੇ ਰਾਜੂ ਸਿੰਘ ਦੇ ਕੇਸ ਕਤਲ ਕਰ ਦਿੱਤੇ ਗਏ ਸਨ। ਉਹਨਾਂ ਕਿਹਾ ਕਿ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ, ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਤੇ ਦਿੱਲੀ ਦੇ ਕੈਬਨਿਟ ਮੰਤਰੀ ਸਰਦਾਰ ਮਨਜਿੰਦਰ ਸਿੰਘ ਸਿਰਸਾ ਦੇ ਯਤਨਾਂ ਨਾਲ ਦਿੱਲੀ ਕਮੇਟੀ ਇਸ ਮਾਮਲੇ ਵਿਚ ਐਫ ਆਈ ਆਰ ਦਰਜ ਕਰਵਾਉਣ ਵਿਚ ਸਫਲ ਰਹੀ ਹੈ। ਥਾਣਾ ਸ਼ਕਰਪੁਰ ਵਿਚ ਐਫ ਆਈ ਆਰ ਦਰਜ ਹੋ ਗਈ ਹੈ।

ਸਰਦਾਰ ਭੁੱਲਰ ਨੇ ਦੱਸਿਆ ਕਿ ਐਫ ਆਈ ਆਰ ਦੀ ਕਾਪੀ ਉਹਨਾਂ ਨੂੰ ਮਿਲ ਗਈ ਹੈ, ਜਿਸ ਵਾਸਤੇ ਉਹ ਡੀ ਸੀ ਪੀ ਈਸਟ ਸ੍ਰੀ ਅਭਿਸ਼ੇਕ ਧਾਨੀਆ, ਐਸ ਐਚ ਓ ਕਮਲਜੀਤ ਕੌਰ ਅਤੇ ਸਬ ਇੰਸਪੈਸਟਰ ਸਤੀਸ਼ ਕੁਮਾਰ ਦਾ ਧੰਨਵਾਦ ਕਰਦੇ ਹਨ। ਉਹਨਾਂ ਕਿਹਾ ਕਿ ਸਾਨੂੰ ਭਰੋਸਾ ਦੁਆਇਆ ਗਿਆ ਹੈ ਕਿ ਇੰਸਪੈਕਟਰ ਲੈਵਲ ਦੀ ਟੀਮ ਬਣਾ ਕੇ ਮਾਮਲੇ ਦੀ ਪੂਰੀ ਜਾਂਚ ਕਰਵਾਈ ਜਾਵੇਗੀ ਅਤੇ ਪੀੜਤ ਪਰਿਵਾਰ ਨੂੰ ਪੂਰਾ ਇਨਸਾਫ ਦਿੱਤਾ ਜਾਵੇਗਾ।

ਇਸ ਦੌਰਾਨ ਸਰਦਾਰ ਹਰਮੀਤ ਸਿੰਘ ਕਾਲਕਾ, ਸਰਦਾਰ ਜਗਦੀਪ ਸਿੰਘ ਕਾਹਲੋਂ ਤੇ ਸਰਦਾਰ ਮਨਜਿੰਦਰ ਸਿੰਘ ਸਿਰਸਾ ਨੇ ਵੀ ਕਿਹਾ ਕਿ ਇਸ ਮਾਮਲੇ ਵਿਚ ਪੂਰਾ ਇਨਸਾਫ ਲੈ ਕੇ ਅਸੀਂ ਰਹਾਂਗੇ ਅਤੇ ਦੋਸ਼ੀਆਂ ਨੂੰ ਬਖਸ਼ਿਆ ਨਹੀਂ ਜਾਵੇਗਾ।

# ਪਾਣੀਆਂ ਦੇ ਮੁੱਦੇ 'ਤੇ ਝੂਠਾ ਪ੍ਰਚਾਰ ਕਰ ਰਿਹੈ ਹਰਿਆਣਾ ਜਲ ਸਰੋਤ ਮੰਤਰੀ ਨੇ ਤੱਥਾਂ ਨਾਲ ਸਬੂਤ ਕੀਤੇ ਜਨਤਕ



ਚੰਡੀਗੜ੍ਹ/ਸ੍ਰੀ ਮੁਕਤਸਰ ਸਾਹਿਬ, 3 ਮਈ, (ਚ.ਨ.ਸ.) : ਪੰਜਾਬ ਦੇ ਜਲ ਸਰੋਤ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਅੱਜ ਆਖਿਆ ਹੈ ਕਿ ਪਾਣੀਆਂ ਦੇ ਮੁੱਦੇ 'ਤੇ ਹਰਿਆਣਾ ਭਰਮ ਫੈਲਾ ਰਿਹਾ ਹੈ।

ਅੱਜ ਇੱਥੇ ਉਨ੍ਹਾਂ ਨੇ ਇਸ ਵਿਸ਼ੇ ਸਬੰਧੀ ਸਾਰੇ ਤੱਥ ਜਨਤਕ ਕਰਦਿਆਂ ਕਿਹਾ ਕਿ ਪੰਜਾਬ ਨੇ ਕਿਸੇ ਦਾ ਹੱਕ ਨਹੀਂ ਰੋਕਿਆ ਪਰ ਨਾਲ ਹੀ ਉਨ੍ਹਾਂ ਦੁਹਰਾਇਆ ਕਿ ਪੰਜਾਬ ਆਪਣਾ ਹੱਕ ਛੱਡੇਗਾ ਵੀ ਨਹੀਂ ਅਤੇ ਕੇਂਦਰ ਜਾਂ ਹਰਿਆਣਾ ਦੇ ਦਬਾਅ ਅੱਗੇ ਝੁਕੇਗਾ ਨਹੀਂ। ਉਨ੍ਹਾਂ ਸਪੱਸ਼ਟ ਕੀਤਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਲਈ ਪੰਜਾਬ ਦੇ ਹਿੱਤ ਸਭ ਤੋਂ ਪਹਿਲਾਂ ਹਨ ਅਤੇ ਪੰਜਾਬ ਦੇ ਪਾਣੀਆਂ 'ਤੇ ਸਿਰਫ਼ ਪੰਜਾਬ ਦਾ ਹੱਕ ਹੈ।

ਇਸ ਵਿਸ਼ੇ ਸਬੰਧੀ ਵਿਸਥਾਰ ਨਾਲ ਤੱਥ ਰੱਖਦਿਆਂ ਕੈਬਨਿਟ ਮੰਤਰੀ ਨੇ ਦੱਸਿਆ ਕਿ ਡੈਮਾਂ ਵਿੱਚ ਜੋ ਪਾਣੀ ਜਮ੍ਹਾਂ ਹੁੰਦਾ ਹੈ, ਉਸ ਅਨੁਸਾਰ ਪਾਣੀ ਦੀ ਵੰਡ ਪਿਛਲੇ ਲਗਭਗ 44 ਸਾਲਾਂ ਤੋਂ ਹੁੰਦੀ ਆ ਰਹੀ ਹੈ। ਹਰਿਆਣਾ ਨੂੰ ਇਸ ਵਰ੍ਹੇ 2.987 ਐਮਏਐਫ ਪਾਣੀ ਅਲਾਟ ਹੋਇਆ ਸੀ ਅਤੇ ਉਹ ਆਪਣੇ ਅਲਾਟ ਕੀਤੇ ਪਾਣੀ ਦੀ ਵਰਤੋਂ ਪਹਿਲਾਂ ਹੀ ਕਰ ਚੁੱਕਾ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਵੱਲੋਂ ਆਪਣੇ ਟੀਚੇ ਤੋਂ ਵੱਧ ਕੁੱਲ 104 ਫ਼ੀਸਦੀ ਪਾਣੀ ਦੀ ਵਰਤੋਂ ਕੀਤੀ ਜਾ ਚੁੱਕੀ ਹੈ। ਉਨ੍ਹਾਂ ਆਖਿਆ ਕਿ ਇਸ ਸਬੰਧੀ ਪੰਜਾਬ ਸਰਕਾਰ ਵੱਲੋਂ ਜਨਵਰੀ ਤੋਂ ਹੀ ਹਰਿਆਣਾ ਨੂੰ ਚਿੱਠੀਆਂ ਲਿਖੀਆਂ ਜਾ ਰਹੀਆਂ ਹਨ ਅਤੇ ਕੇਂਦਰ ਸਰਕਾਰ ਨੂੰ ਵੀ ਸੂਚਿਤ ਕੀਤਾ ਜਾ ਰਿਹਾ ਸੀ।

ਸ੍ਰੀ ਗੋਇਲ ਨੇ ਦੱਸਿਆ ਕਿ 17 ਮਾਰਚ, 2025 ਨੂੰ ਵੀ ਚਿੱਠੀ ਲਿਖੀ ਗਈ ਕਿ ਹਰਿਆਣਾ ਆਪਣੇ ਹਿੱਸੇ ਦੇ ਪਾਣੀ ਦੀ ਸੰਜਮ ਨਾਲ ਵਰਤੋਂ ਨਹੀਂ ਕਰ ਰਿਹਾ ਜਿਸ ਕਰਕੇ ਉਸ ਨੂੰ ਆਉਣ ਵਾਲੇ ਦਿਨਾਂ ਵਿੱਚ ਦਿੱਕਤ ਆ ਸਕਦੀ ਹੈ ਪਰ ਹਰਿਆਣਾ ਨੇ ਆਪਣੇ ਪਾਣੀ ਪ੍ਰਬੰਧਨ ਨੂੰ ਠੀਕ ਕਰਨ ਦੀ ਬਜਾਏ ਆਪਣਾ ਸਾਰਾ ਪਾਣੀ ਮਾਰਚ ਵਿੱਚ ਹੀ ਇਸਤੇਮਾਲ ਕਰ ਲਿਆ। ਉਨ੍ਹਾਂ ਕਿਹਾ ਕਿ 31 ਮਾਰਚ ਨੂੰ ਦੁਬਾਰਾ ਚਿੱਠੀ ਲਿਖ ਕੇ ਹਰਿਆਣਾ ਨੇ ਪੀਣ ਲਈ ਪਾਣੀ ਦੀ ਮੰਗ ਕੀਤੀ। ਹਰਿਆਣਾ ਨੇ ਦੱਸਿਆ ਕਿ ਉਸ ਦੀ 2.8 ਕਰੋੜ ਦੀ ਆਬਾਦੀ ਲਈ ਪ੍ਰਤੀ ਜੀਅ ਪ੍ਰਤੀ ਦਿਨ 135 ਲੀਟਰ ਪਾਣੀ ਦੀ ਦਰ ਨਾਲ 1500 ਕਿਊਸਿਕ ਪਾਣੀ ਦੀ ਲੋੜ ਹੈ। ਉਸ ਨੇ 1149 ਕਿਊਸਿਕ ਪਾਣੀ ਦਿੱਲੀ ਲਈ ਵੀ ਮੰਗਿਆ ਅਤੇ ਆਪਣੇ ਇੰਡਸਟਰੀ ਅਤੇ ਇਥੋਂ ਤੱਕ ਕਿ ਜਾਨਵਰਾਂ ਲਈ ਵੀ ਪਾਣੀ ਦੀ ਲੋੜ ਦਰਸਾਉਂਦਿਆਂ ਹਰਿਆਣੇ ਲਈ 4082 ਕਿਊਸਿਕ ਪਾਣੀ ਦੀ ਮੰਗ ਰੱਖੀ। ਮਨੁੱਖਤਾ ਦੇ ਨਾਤੇ ਪੰਜਾਬ ਸਰਕਾਰ ਨੇ ਪੀਣ ਦੇ ਪਾਣੀ ਦੀ ਜ਼ਰੂਰਤ ਪੂਰੀ ਕਰਨ ਲਈ 4 ਅਪ੍ਰੈਲ ਤੋਂ ਹੀ ਹਰਿਆਣਾ ਲਈ 4000 ਕਿਊਸਿਕ ਪਾਣੀ ਛੱਡਣਾ ਸ਼ੁਰੂ ਕਰ ਦਿੱਤਾ ਸੀ ਪਰ ਹੁਣ ਹਰਿਆਣਾ 8500 ਕਿਊਸਿਕ ਪਾਣੀ ਮੰਗ ਰਿਹਾ ਹੈ, ਜੋ ਦੇਣਾ ਸੰਭਵ ਨਹੀਂ ਹੈ।

ਉਨ੍ਹਾਂ ਕਿਹਾ ਕਿ ਹਰਿਆਣਾ ਦਾ ਤਰਕ ਹੈ ਕਿ ਪਿਛਲੀਆਂ ਸਰਕਾਰਾਂ ਸਮੇਂ ਉਸ ਨੂੰ ਇਹ ਪਾਣੀ ਮਿਲਦਾ ਰਿਹਾ ਸੀ। ਜਲ ਸਰੋਤ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਸਮੇਂ ਪੰਜਾਬ ਦੇ ਪਾਣੀ ਦੀ ਰਾਖੀ ਨਹੀਂ ਕੀਤੀ ਗਈ ਅਤੇ ਪੰਜਾਬ ਆਪਣੇ ਹਿੱਸੇ ਦਾ ਪਾਣੀ ਵੀ ਨਹੀਂ ਵਰਤਦਾ ਹੁੰਦਾ ਸੀ, ਪਰ ਜਦ ਤੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਬਣੀ ਹੈ, ਇਸ ਵੱਲੋਂ ਲਗਾਤਾਰ ਆਪਣੇ ਖੇਤਾਂ ਤੱਕ ਪਾਣੀ ਪੁੱਜਦਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਤਿੰਨ ਸਾਲਾਂ ਵਿੱਚ ਅਸੀਂ ਨਹਿਰਾਂ ਦੀਆਂ ਟੇਲਾਂ ਤੱਕ ਪੂਰਾ ਪਾਣੀ ਪਹੁੰਚਾ ਦਿੱਤਾ। ਕਰੀਬ 16000 ਖਾਲ ਨਵੇਂ ਬਣਾਏ ਅਤੇ ਬਹਾਲ ਕੀਤੇ ਗਏ ਹਨ। ਇਸੇ ਤਰ੍ਹਾਂ ਨਹਿਰੀ ਢਾਂਚੇ ਦੇ ਵਿਕਾਸ 'ਤੇ 4550 ਕਰੋੜ ਰੁਪਏ ਤੋਂ ਵੱਧ ਰਾਸ਼ੀ ਖਰਚ ਕੀਤੀ ਗਈ ਹੈ ਜਦਕਿ ਇਸ ਸਾਲ ਅਸੀਂ ਇਸ' ਤੇ 3264 ਕਰੋੜ ਰੁਪਏ ਖਰਚ ਕਰ ਰਹੇ ਹਾਂ। ਇਸ ਤਰੀਕੇ ਨਾਲ ਹੁਣ ਅਸੀਂ ਆਪਣਾ ਪਾਣੀ ਅਜਾਈਂ ਦੂਜੇ ਰਾਜਾਂ ਨੂੰ ਨਹੀਂ ਜਾਣ ਦੇ ਰਹੇ ਅਤੇ ਪੰਜਾਬ ਦਾ ਪਾਣੀ ਪੰਜਾਬ ਦੇ ਖੇਤਾਂ ਵਿੱਚ ਪੁੱਜ ਰਿਹਾ ਹੈ ਜਿਸ ਨਾਲ ਜਿੱਥੇ ਸਾਡੇ ਕਿਸਾਨਾਂ ਦੀ ਉਪਜ ਵਧੇਗੀ, ਉਥੇ ਹੀ ਧਰਤੀ ਹੇਠਲੇ ਪਾਣੀ ਦੀ ਵੀ ਬੱਚਤ ਹੋਣ ਲੱਗੀ ਹੈ। ਉਨ੍ਹਾਂ ਕਿਹਾ ਕਿ ਇਹ ਸਾਰੇ ਤੱਥ ਸਪੱਸ਼ਟ ਕਰਦੇ ਹਨ ਕਿ ਪੰਜਾਬ ਨਾ ਤਾਂ ਕਿਸੇ ਦਾ ਹੱਕ ਮਾਰਦਾ ਹੈ ਅਤੇ ਨਾ ਹੀ ਆਪਣਾ ਹੱਕ ਛੱਡਦਾ ਹੈ।

ਇਸ ਮੌਕੇ ਖੇਤੀਬਾੜੀ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਵੀ ਆਖਿਆ ਕਿ ਪੰਜਾਬ ਕੋਲ ਕਿਸੇ ਨੂੰ ਦੇਣ ਲਈ ਵਾਧੂ ਪਾਣੀ ਨਹੀਂ ਹੈ ਅਤੇ ਪੰਜਾਬ ਆਪਣੇ ਹੱਕਾਂ ਦੀ ਰਾਖੀ ਕਰੇਗਾ।

# 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਪੁੱਜੀ ਫ਼ੈਸਲਾਕੁੰਨ ਦੌਰ 'ਚ

## 6 ਕੈਬਨਿਟ ਮੰਤਰੀਆਂ ਅਤੇ 19 ਵਿਧਾਇਕਾਂ ਨੇ ਕੀਤੀਆਂ ਮੀਟਿੰਗਾਂ



ਚੰਡੀਗੜ੍ਹ, 3 ਮਈ, (ਚ.ਨ.ਸ.) : ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੀ ਅਲਾਮਤ ਨੂੰ ਜੜ੍ਹੋਂ ਖਤਮ ਕਰਨ ਲਈ ਵਿੱਢੀ ਹੋਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਫੈਸਲਾਕੁੰਨ ਦੌਰ ਵਿੱਚ ਪਹੁੰਚ ਗਈ ਹੈ, ਜਿੱਥੇ ਨਸ਼ਿਆਂ ਖਿਲਾਫ ਜਾਗਰੂਕਤਾ ਮੁਹਿੰਮ ਵਿੱਚ ਹਰ ਪਿੰਡ ਤੇ ਵਾਰਡ ਇਸ ਦਾ ਹਿੱਸਾ ਬਣ ਰਿਹਾ ਹੈ।

ਪੰਜਾਬ ਦੇ 6 ਕੈਬਨਿਟ ਮੰਤਰੀਆਂ ਹਰਪਾਲ ਸਿੰਘ ਚੀਮਾ, ਲਾਲਜੀਤ ਸਿੰਘ ਭੁੱਲਰ, ਤਰੁਨਪ੍ਰੀਤ ਸਿੰਘ ਸੌਂਦ, ਹਰਦੀਪ ਸਿੰਘ ਮੁੰਡੀਆ, ਗੁਰਮੀਤ ਸਿੰਘ ਖੁੱਡੀਆ ਤੇ ਬਰਿੰਦਰ ਕੁਮਾਰ ਗੋਇਲ, 19 ਵਿਧਾਇਕਾਂ, ਚੇਅਰਮੈਨ ਅਤੇ ਸਿਵਲ ਤੇ ਪੁਲਿਸ ਅਧਿਕਾਰੀਆਂ ਨੇ ਅੱਜ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਇਸ ਸਬੰਧੀ ਮੀਟਿੰਗਾਂ ਕਰਕੇ ਇਸ ਮੁਹਿੰਮ ਨੂੰ ਲੋਕ ਲਹਿਰ ਬਣਾਉਣ ਲਈ ਲੋਕਾਂ ਨੂੰ ਲਾਮਬੰਦ ਕੀਤਾ। ਇਸ ਦੇ ਨਾਲ ਹੀ ਪੰਜਾਬ ਦੇ ਪਾਣੀਆਂ ਨੂੰ ਬਚਾਉਣ ਦਾ ਅਹਿਦ ਲੈਂਦਿਆਂ ਸਰਕਾਰ ਦੀ ਵਚਨਬੱਧਤਾ ਵੀ ਦੁਹਰਾਈ।

ਮਾਨਸਾ ਵਿਖੇ ਸਮਾਗਮ ਦੌਰਾਨ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਨਸ਼ੇ ਦੇ ਕਾਰੋਬਾਰ ਦੇ ਫੈਲਾਅ ਦਾ ਠੀਕਰਾ ਪਿਛਲੀਆਂ ਸਰਕਾਰਾਂ ਸਿਰ ਭੰਨਿਆ ਜੋ ਧਰਮ ਅਤੇ ਪਰਿਵਾਰਵਾਦ ਦੀ ਰਾਜਨੀਤੀ ਕਰਦੀਆਂ ਰਹੀਆਂ ਹਨ। ਉਨ੍ਹਾਂ ਕਿਹਾ ਕਿ ਹੁਣ ਜਦੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰ ਹੋਂਦ ਵਿਚ ਆਈ ਹੈ ਤਾਂ ਨਸ਼ਿਆਂ ਨੂੰ ਠੱਲ੍ਹ ਪਈ ਹੈ। ਉਨ੍ਹਾਂ ਕਿਹਾ ਕਿ ਹੁਣ ਇਸ ਅਲਾਮਤ ਨੂੰ ਜੜ੍ਹੋਂ ਮੁਕੰਮਲ ਖਤਮ ਕਰਨ ਲਈ ਫੈਸਲਾਕੁੰਨ ਲੜਾਈ ਲੜੀ ਜਾ ਰਹੀ ਹੈ ਅਤੇ ਲੋਕਾਂ ਦੇ ਸਾਥ ਦੇ ਨਾਲ ਪੰਜਾਬ ਨੂੰ ਮੁੜ ਰੰਗਲਾ ਪੰਜਾਬ ਬਣਾਇਆ ਜਾਵੇਗਾ। ਨਸ਼ੇ ਦਾ ਵਪਾਰ ਕਰਨ ਵਾਲਿਆਂ ਨੂੰ ਕਿਸੇ ਵੀ ਕੀਮਤ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਮੌਕੇ ਜਗਦੀਪ ਕੰਬੋਜ਼ ਗੋਲਡੀ, ਡਾ. ਵਿਜੈ ਸਿੰਗਲਾ, ਪ੍ਰਿੰਸੀਪਲ ਬੁੱਧ ਰਾਮ ਤੇ ਗੁਰਪ੍ਰੀਤ ਸਿੰਘ ਬਣਾਂਵਾਲੀ (ਸਾਰੇ ਵਿਧਾਇਕ) ਵੀ ਹਾਜ਼ਰ ਸਨ।

ਤਰਨ ਤਾਰਨ ਵਿਖੇ ਕਰਵਾਈ ਪਿੰਡਾਂ ਦੇ ਪਹਿਰੇਦਾਰ ਪ੍ਰੋਗਰਾਮ ਵਿੱਚ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਅਤੇ ਅਮਨਸ਼ੇਰ ਸਿੰਘ ਕਲਸੀ, ਸਰਵਨ ਸਿੰਘ ਧੁੰਨ ਤੇ ਡਾ. ਕਸ਼ਮੀਰ ਸਿੰਘ ਸੋਹਲ (ਸਾਰੇ ਵਿਧਾਇਕ) ਨੇ ਕਿਹਾ ਕਿ ਨਸ਼ੇ ਦਾ ਕਾਰੋਬਾਰ ਕਰਨ ਵਾਲਿਆਂ ਵਿਰੁੱਧ ਫੌਰੀ ਕਰਵਾਈ ਕਰਨ ਲਈ ਪੁਲਿਸ ਨੂੰ ਖੁੱਲ੍ਹੀ ਛੋਟ ਦਿੱਤੀ ਗਈ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਪ੍ਰਤੀ ਜਾਗਰੂਕ ਕਰਨ ਅਤੇ ਨਸ਼ਾ ਤਸਕਰਾਂ ਸਬੰਧੀ ਸੂਚਨਾ ਪੁਲਿਸ ਨੂੰ ਦੇਣ।

ਫਤਹਿਗੜ੍ਹ ਸਾਹਿਬ ਵਿਖੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਅਤੇ ਵਿਧਾਇਕਾਂ ਲਖਬੀਰ ਸਿੰਘ ਰਾਏ, ਰੁਪਿੰਦਰ ਸਿੰਘ ਹੈਪੀ ਤੇ ਗੁਰਿੰਦਰ ਸਿੰਘ ਗੈਰੀ ਬੜਿੰਗ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਨਸ਼ਾ ਕਿਸੇ ਵੀ ਹਾਲਤ ਵਿੱਚ ਰਹਿਣ ਨਹੀਂ ਦਿੱਤਾ ਜਾਵੇਗਾ ਅਤੇ ਪੰਜਾਬ ਦੇ ਪਾਣੀਆਂ ਦੀ ਲੁੱਟ ਬਿਲਕੁਲ ਨਹੀਂ ਹੋਣ ਦਿੱਤੀ ਜਾਵੇਗੀ। ਉਨ੍ਹਾਂ ਨੇ ਵਿਲੇਜ ਡਿਫੈਂਸ ਕਮੇਟੀਆਂ ਦੇ ਮੈਂਬਰਾਂ ਨੂੰ ਨਸ਼ਿਆਂ ਦੇ ਖਾਤਮੇ ਦੀ ਸਹੁੰ ਵੀ ਚੁਕਾਈ ਤੇ ਡੱਟ ਕੇ ਕੰਮ ਕਰਨ ਲਈ ਪ੍ਰੇਰਿਆ।

ਲੁਧਿਆਣਾ ਵਿਖੇ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆ, ਅਸ਼ੋਕ ਪਰਾਸ਼ਰ ਪੱਪੀ, ਰਜਿੰਦਰ ਪਾਲ ਕੌਰ ਛੀਨਾ, ਮਦਨ ਲਾਲ ਬੱਗਾ, ਕੁਲਵੰਤ ਸਿੰਘ ਸਿੱਧੂ, ਹਾਕਮ ਸਿੰਘ ਠੇਕੇਦਾਰ ਤੇ ਸਰਬਜੀਤ ਕੌਰ ਮਾਣੂੰਕੇ (ਸਾਰੇ ਵਿਧਾਇਕ) ਨੇ ਸ਼ਮੂਲੀਅਤ ਕਰਦਿਆਂ ਨਸ਼ਾ ਤਸਕਰਾ ਨੂੰ ਸਖਤ ਚਿਤਾਵਨੀ ਦਿੱਤੀ ਕਿ ਉਨ੍ਹਾਂ ਨੂੰ ਪੰਜਾਬ ਜਾਂ ਨਸ਼ਿਆਂ ਵਿੱਚੋਂ ਇਕ ਨੂੰ ਛੱਡਣਾ ਪੈਣਾ। ਨਸ਼ਾ ਤਸਕਰਾਂ ਖਿਲਾਫ ਸਖਤ ਕਾਰਵਾਈ ਜਾਰੀ ਰਹੇਗੀ।

ਸ੍ਰੀ ਮੁਕਤਸਰ ਸਾਹਿਬ ਵਿਖੇ ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਤੇ ਗੁਰਮੀਤ ਸਿੰਘ ਖੁੱਡੀਆ ਅਤੇ ਚੀਫ ਵਿੱਪ ਪ੍ਰੋ. ਬਲਜਿੰਦਰ ਕੌਰ, ਜਗਦੀਪ ਸਿੰਘ ਕਾਕਾ ਬਰਾੜ ਤੇ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਲੋਕਾਂ ਨੂੰ ਨਸ਼ਿਆਂ ਦਾ ਕੋਹੜ ਵੱਢਣ ਲਈ ਸਰਕਾਰ ਦੀ ਮੁਹਿੰਮ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਖਾਤਮੇ ਨਾਲ ਹੀ ਨੌਜਵਾਨੀ ਨੂੰ ਨਵੀਂ ਦਿਸ਼ਾ ਮਿਲੇਗੀ ਅਤੇ ਸਰਕਾਰ ਨਸ਼ਿਆਂ ਖਿਲਾਫ ਕਾਰਵਾਈ ਵਿੱਚ ਕੋਈ ਢਿੱਲ ਬਰਦਾਸ਼ਤ ਨਹੀਂ ਕਰੇਗੀ।

# ਆਈ.ਕੇ.ਜੀ.ਪੀ.ਟੀ.ਯੂ ਦੇ ਅੰਤਰ ਕਾਲਜ ਮੁਕਾਬਲਿਆਂ ਵਿੱਚ ਦੁਆਬਾ ਗਰੁੱਪ ਨੇ ਮਾਰੀਆਂ ਮੱਲਾਂ



ਮੋਹਾਲੀ, 3 ਮਈ, (ਹਰਦੀਪ ਕੌਰ) : ਦੁਆਬਾ ਗਰੁੱਪ ਦੀਆਂ ਪ੍ਰਾਪਤੀਆਂ ਵਿੱਚ ਇੱਕ ਪ੍ਰਾਪਤੀ ਉਸ ਵੇਲੇ ਹੋਰ ਆਣ ਜੁੜੀ ਜਦੋਂ ਗਰੁੱਪ ਦੇ ਵਿਦਿਆਰਥੀਆਂ ਨੇ ਆਈ.ਕੇ.ਜੀ.ਪੀ.ਟੀ.ਯੂ ਵੱਲੋਂ ਹੁਸ਼ਿਆਰਪੁਰ ਵਿਖੇ ਕਰਵਾਏ ਗਏ ਅੰਤਰ ਕਾਲਜ ਮੁਕਾਬਲਿਆਂ ਵਿੱਚ ਮੱਲਾਂ ਮਾਰੀਆਂ। ਇਸ ਦੌਰਾਨ ਗਰੁੱਪ ਦੇ ਵਿਦਿਆਰਥੀਆਂ ਨੇ ਗਰੁੱਪ ਡਾਂਸ ਤੇ ਫੈਸ਼ਨ ਸ਼ੋ ਵਿੱਚ ਪਹਿਲੀ ਪੁਜੀਸ਼ਨ ਪ੍ਰਾਪਤ ਕੀਤੀ। ਜਦੋਂ ਕਿ ਰੰਗੋਲੀ ਵਿੱਚ ਦੂਜੀ ਤੇ ਤੀਜੀ ਪੁਜੀਸ਼ਨ ਲਈ। ਇਸਦੇ ਨਾਲ ਹੀ ਦਸਤਾਰਬੰਦੀ ਵਿੱਚ ਵੀ ਵਿਦਿਆਰਥੀਆਂ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਵਿਦਿਆਰਥੀਆਂ ਨੇ ਆਪਣੀ ਇਸ ਸਫਲਤਾ ਦਾ ਸਿਹਰਾ ਆਪਣੇ ਮਾਪਿਆਂ ਅਤੇ ਕਾਲਜ ਪ੍ਰਬੰਧਕਾਂ ਦੇ ਸਿਰ ਬੰਨ੍ਹਿਆ ਹੈ।

ਵਿਦਿਆਰਥਣਾਂ ਵੱਲੋਂ ਪ੍ਰਾਪਤ ਕੀਤੀਆਂ ਗਈਆਂ ਪੁਜੀਸ਼ਨਾਂ ਤੋਂ ਬਾਅਦ ਕਾਲਜ ਪ੍ਰਬੰਧਕਾਂ ਵੱਲੋਂ ਹੋਰਨਾਂ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਨ ਦੇ ਲਈ ਇਕ ਸਾਦਾ ਸਮਾਗਮ ਉਲੀਕਿਆ ਗਿਆ। ਜਿਸ ਵਿੱਚ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਦੁਆਬਾ ਗਰੁੱਪ ਦੇ ਐਗਜ਼ੀਕਿਊਟਿਵ ਵਾਈਸ ਚੇਅਰਮੈਨ ਸਰਦਾਰ ਮਨਜੀਤ ਸਿੰਘ ਨੇ ਕਿਹਾ ਕਿ ਸਫ਼ਲਤਾ ਦੀ ਪ੍ਰਾਪਤੀ ਲਈ ਨਿਰੰਤਰ ਮਿਹਨਤ, ਸੱਚੀ ਲਗਨ, ਸਹੀ ਦਿਸ਼ਾ ਦੀ ਜਾਣਕਾਰੀ ਬੇਹੱਦ ਲਾਜਮੀ ਸ਼ਰਤਾਂ ਹਨ। ਇਸ ਲਈ ਵਿਦਿਆਰਥੀਆਂ ਨੂੰ ਕਿਸੇ ਵੀ ਤਰੀਕੇ ਦਾ ਕੋਈ ਸ਼ਾਰਟ ਕੱਟ ਨਹੀਂ ਅਪਣਾਉਣਾ ਚਾਹੀਦਾ ਸਗੋਂ ਸਫਲਤਾ ਪ੍ਰਾਪਤ ਕਰਨ ਦੇ ਲਈ ਲਗਾਤਾਰ ਮਿਹਨਤ ਕਰਨੀ ਚਾਹੀਦੀ ਹੈ।

ਇਸ ਮੌਕੇ ਮੀਡਿਆ ਨਾਲ ਗੱਲਬਾਤ ਕਰਦੇ ਹੋਏ ਦੁਆਬਾ ਗਰੁੱਪ ਦੇ ਐਗਜ਼ੀਕਿਊਟਿਵ ਵਾਈਸ ਚੇਅਰਮੈਨ ਸਰਦਾਰ ਮਨਜੀਤ ਸਿੰਘ ਨੇ ਦੱਸਿਆ ਕਿ ਪੜ੍ਹਾਈ ਵਿੱਚ ਮੋਹਰੀ ਰਹਿਣ ਵਾਲੇ ਵਿਦਿਆਰਥੀਆਂ ਨੂੰ ਜਿੱਥੇ ਗਰੁੱਪ ਦੇ ਵੱਲੋਂ ਕੁੱਝ ਖ਼ਾਸ ਵਜ਼ੀਫ਼ਿਆਂ ਦੇ ਨਾਲ ਸਨਮਾਨਿਤ ਕੀਤਾ ਜਾਂਦਾ ਹੈ। ਇਸਦੇ ਨਾਲ ਹੀ ਹੋਣਹਾਰ ਵਿਦਿਆਰਥੀਆਂ ਨੂੰ ਫੀਸਾਂ ਦੇ ਵਿੱਚ ਵੀ ਵੱਡੀਆਂ ਰਿਆਇਤਾਂ ਦਿੱਤੀਆਂ ਜਾਂਦੀਆਂ ਹਨ। ਵਿਦਿਆਰਥੀਆਂ ਦੇ ਲਈ ਫ੍ਰੈਂਡਲੀ ਇਨਵਾਇਰਮੈਂਟ ਰੱਖਦੇ ਹੋਏ ਉਨ੍ਹਾਂ ਦੇ ਸਰਵਪੱਖੀ ਵਿਕਾਸ ਵੱਲ ਖ਼ਾਸ ਧਿਆਨ ਦਿੱਤਾ ਜਾਂਦਾ ਹੈ।

# ਦਿੱਲੀ ਗੁਰਦੁਆਰਾ ਚੋਣਾਂ ਲਈ 42 ਵਰ੍ਹਿਆਂ ਬਾਅਦ ਨਵੀਆਂ ਵੋਟਰ ਸੂਚੀਆਂ ਦਾ ਕੰਮ ਸ਼ੁਰੂ



ਬਿਦੱਲੀ, 3 ਮਈ, (ਅੰਮ੍ਰਿਤਪਾਲ ਸਿੰਘ) : ਜਨਵਰੀ 2026 'ਚ ਨਿਰਧਾਰਤ ਦਿੱਲੀ ਗੁਰਦੁਆਰਾ ਚੋਣਾਂ ਲਈ ਫੋਟੋ ਸਹਿਤ ਨਵੀਆ ਵੋਟਰ-ਸੂਚੀਆਂ ਬਣਾਉਨ ਦਾ ਕੰਮ ਦਿੱਲੀ ਸਰਕਾਰ ਦੇ ਗੁਰਦੁਆਰਾ ਚੋਣ ਡਾਇਰੈਕਟੋਰੇਟ ਰਾਹੀ ਛੇਤੀ ਆਰੰਭ ਕੀਤਾ ਜਾ ਰਿਹਾ ਹੈ। ਇਸ ਸਬੰਧ 'ਚ ਜਾਣਕਾਰੀ ਦਿੰਦਿਆ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੈਂਬਰ 'ਤੇ ਦਿੱਲੀ ਗੁਰਦੁਆਰਾ ਚੋਣਾਂ ਮਾਮਲਿਆਂ ਦੇ ਜਾਣਕਾਰ ਇੰਦਰ ਮੋਹਨ ਸਿੰਘ ਨੇ ਦੱਸਿਆ ਕਿ ਮੌਜੂਦਾ ਇਸਤੇਮਾਲ ਕੀਤੀ ਜਾ ਰਹੀਆਂ ਵੋਟਰ-ਸੂਚੀਆ 42 ਵਰੇ ਪਹਿਲਾਂ ਸਾਲ 1983 'ਚ ਘਰ-ਘਰ ਜਾ ਕੇ ਬਣਾਈਆਂ ਗਈਆਂ ਸਨ। ਉਨ੍ਹਾਂ ਦੱਸਿਆ ਕਿ ਹਾਲਾਂਕਿ ਦਿੱਲੀ ਗੁਰਦੁਆਰਾ ਐਕਟ 'ਚ ਹਰ 4 ਸਾਲ ਬਾਅਦ ਨਿਰਧਾਰਤ ਗੁਰਦੁਆਰਾ ਚੋਣਾਂ ਤੋਂ ਪਹਿਲਾਂ ਨਵੀਆਂ ਵੋਟਰ-ਸੂਚੀਆਂ ਬਣਾਉਨ ਦਾ ਜਿਕਰ ਕੀਤਾ ਗਿਆ ਹੈ, ਪਰੰਤੂ ਸਾਲ 1983 ਤੋਂ ਬਾਅਦ ਨੇਪਰੇ ਚੜ੍ਹੀਆਂ ਸਾਲ 1995, 2002, 2007, 2013, 2017 'ਤੇ 2021 ਦੀਆਂ ਦਿੱਲੀ ਗੁਰਦੁਆਰਾ ਚੋਣਾਂ 'ਚ 1983 'ਚ ਬਣੀਆਂ ਪੁਰਾਣੀਆਂ ਵੋਟਰ-ਸੂਚੀਆਂ ਨੂੰ ਹੀ ਹਰ ਵਾਰ ਸਮੇਂ ਦੀ ਘਾਟ ਦਾ ਹਵਾਲਾ ਦੇਕੇ ਮਾਮੂਲੀ ਸੋਧਾਂ ਕਰਕੇ ਇਸਤੇਮਾਲ ਕੀਤਾ ਜਾਂਦਾ ਰਿਹਾ ਹੈ।

ਇੰਦਰ ਮੋਹਨ ਸਿੰਘ ਨੇ ਦੱਸਿਆ ਕਿ ਜਿੱਥੇ ਫੋਟੋ ਸਹਿਤ ਨਵੀਆ ਵੋਟਰ-ਸੂਚੀਆਂ ਬਣਨ ਨਾਲ ਸਾਲ 2026 'ਚ ਹੋਣ ਵਾਲੀਆਂ ਦਿੱਲੀ ਗੁਰਦੁਆਰਾ ਚੋਣਾਂ ਪਾਰਦਰਸ਼ੀ 'ਤੇ ਸੁਚੱਜੇ ਢੰਗ ਨਾਲ ਕਰਵਾਉਣ 'ਚ ਮੱਦਦ ਮਿਲੇਗੀ, ਉੱਥੇ ਦਿੱਲੀ 'ਚ ਸਿੱਖਾਂ ਦੀ ਆਬਾਦੀ ਦੀ ਸਹੀ ਗਿਣਤੀ ਦਾ ਵੀ ਪਤਾ ਲੱਗ ਸਕੇਗਾ। ਇੰਦਰ ਮੋਹਨ ਸਿੰਘ ਨੇ ਦਿੱਲੀ ਨਿਵਾਸੀ 18 ਵਰਿਆਂ ਤੋਂ ਵੱਧ ਸਾਰੇ ਯੋਗ ਸਿੱਖਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੀ ਫੋਟੋ ਸਹਿਤ ਵੋਟ ਜਰੂਰ ਬਣਾਉਨ ਅਤੇ ਇਸ ਸਬੰਧ 'ਚ ਦਿੱਲੀ ਦੇ ਵੱਖ-ਵੱਖ ਗੁਰਦੁਆਰਿਆਂ 'ਚ ਸਥਿਤ 16 ਜ਼ੋਨਲ ਦਫਤਰਾਂ 'ਚ ਤੈਨਾਤ ਸਰਕਾਰੀ ਅਮਲੇ ਨੂੰ ਪੂਰਾ ਸਹਿਯੋਗ ਦੇਣ।

ਪਾਠਕ ਆਪਣੇ ਹਾਕਰ ਤੋਂ ਚੜ੍ਹਦੀਕਲਾ ਦੀ ਮੰਗ ਕਰਨ

ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ ਵਿੱਚ ਰਹੋ !!

**ਸੰਪਾਦਕੀ**

# ਐਨ.ਡੀ.ਏ. ਦੀ ਪਹਿਲ

ਪਿਛਲੇ ਕਾਫ਼ੀ ਲੰਬੇ ਸਮੇਂ ਤੋਂ ਜਾਤੀ ਅਧਾਰਿਤ ਜਨਗਣਨਾ ਕਰਾਉਣ ਦੀ ਮੰਗ ਚੱਲਦੀ ਆ ਰਹੀ ਹੈ। ਕਾਂਗਰਸ ਨੇ ਤਾਂ ਇਹ ਦਾਅਵਾ ਵੀ ਕੀਤਾ ਸੀ ਕਿ ਜੇਕਰ ਉਹ ਸੱਤਾ ਵਿੱਚ ਆਈ ਤਾਂ ਜਾਤੀਗਤ ਜਨਗਣਨਾ ਕਰਵਾਏਗੀ। ਇਹ ਮੰਗ ਇਸ ਕਰ ਕੇ ਜ਼ਿਆਦਾ ਉਠ ਰਹੀ ਹੈ ਕਿਉਂਕਿ ਹੁਣ ਦੇਸ਼ ਦੇ ਲੋਕ ਜਾਗਰੂਕ ਅਤੇ ਪੜ੍ਹੇ ਲਿਖੇ ਹੋ ਗਏ ਹਨ, ਇਸ ਲਈ ਹਰ ਜਾਤੀ ਦੇ ਲੋਕ ਇਹ ਮਹਿਸੂਸ ਕਰਦੇ ਹਨ ਕਿ ਇਹ ਦੇਖਿਆ ਜਾਵੇ ਕਿ ਉਨ੍ਹਾਂ ਦੇਸ਼ ਵਿੱਚ ਹਰ ਖੇਤਰ ਵਿੱਚ ਕਿੰਨੀ ਭਾਗੀਦਾਰੀ ਹੈ।

ਕੇਂਦਰ ਸਰਕਾਰ ਦਾ ਅਗਲੀ ਜਨਗਣਨਾ ਦੇ ਨਾਲ ਜਾਤੀ ਜਨਗਣਨਾ ਕਰਵਾਉਣ ਦਾ ਫੈਸਲਾ ਜਿੰਨਾ ਵੱਡਾ ਹੈ, ਓਨਾ ਹੀ ਚੁਣੌਤੀਪੂਰਨ ਵੀ ਹੈ। ਇਹ ਕਦਮ ਦੇਸ਼ ਦੇ ਰਾਜਨੀਤਿਕ ਅਤੇ ਸਮਾਜਿਕ ਸਮੀਕਰਨਾਂ ਨੂੰ ਬਦਲ ਸਕਦਾ ਹੈ। ਇਹ ਵੀ ਤੈਅ ਹੈ ਕਿ ਜਾਤੀ ਜਨਗਣਨਾ ਤੋਂ ਬਾਅਦ, ਜਾਤਾਂ ਵੀ ਆਪਣੀ ਆਬਾਦੀ ਦੇ ਹਿਸਾਬ ਨਾਲ ਰਾਖਵੇਂਕਰਨ ਦੀ ਮੰਗ ਕਰਨਗੀਆਂ। ਇਸ ਦੇ ਨਾਲ ਹੀ, ਐਨਡੀਏ ਸਰਕਾਰ ਦੇ ਇਸ ਕਦਮ ਨਾਲ, ਵਿਰੋਧੀ ਧਿਰ ਨੇ ਇੱਕ ਵੱਡਾ ਮੁੱਦਾ ਗੁਆ ਦਿੱਤਾ ਹੈ, ਜਿਸਦਾ ਫਾਇਦਾ ਉਠਾਉਣ ਦੀ ਕੋਸ਼ਿਸ਼ ਇਸਨੇ ਪਿਛਲੀਆਂ ਆਮ ਚੋਣਾਂ ਵਿੱਚ ਕੀਤੀ ਸੀ। ਭਾਰਤ ਵਿੱਚ ਮਰਦਮਸ਼ੁਮਾਰੀ 1872 ਵਿੱਚ ਬ੍ਰਿਟਿਸ਼ ਰਾਜ ਦੌਰਾਨ ਸ਼ੁਰੂ ਹੋਈ ਸੀ। 1931 ਤੱਕ ਹਰ ਜਨਗਣਨਾ ਵਿੱਚ ਜਾਤ ਨਾਲ ਸਬੰਧਤ ਜਾਣਕਾਰੀ ਵੀ ਦਰਜ ਕੀਤੀ ਜਾਂਦੀ ਸੀ। ਜਦੋਂ 1951 ਵਿੱਚ ਆਜ਼ਾਦੀ ਤੋਂ ਬਾਅਦ ਪਹਿਲੀ ਜਨਗਣਨਾ ਕੀਤੀ ਗਈ ਸੀ, ਤਾਂ ਇਹ ਫੈਸਲਾ ਕੀਤਾ ਗਿਆ ਸੀ ਕਿ ਜਾਤ ਨਾਲ ਸਬੰਧਤ ਡੇਟਾ ਹੁਣ ਇਕੱਠਾ ਨਹੀਂ ਕੀਤਾ ਜਾਵੇਗਾ। ਆਜ਼ਾਦ ਭਾਰਤ ਵਿੱਚ ਹੋਈ ਜਨਗਣਨਾ ਵਿੱਚ, ਸਿਰਫ਼ ਅਨੁਸੂਚਿਤ ਜਾਤੀਆਂ ਅਤੇ ਜਨਜਾਤੀਆਂ ਨਾਲ ਸਬੰਧਤ ਡੇਟਾ ਪ੍ਰਕਾਸ਼ਿਤ ਕੀਤਾ ਗਿਆ ਸੀ। 2011 ਦੀ ਸਮਾਜਿਕ ਆਰਥਿਕ ਅਤੇ ਜਾਤੀ ਜਨਗਣਨਾ ਦੇ ਜਾਤੀ ਡੇਟਾ ਨੂੰ ਸਰਕਾਰ ਦੁਆਰਾ ਜਨਤਕ ਨਹੀਂ ਕੀਤਾ ਗਿਆ ਕਿਉਂਕਿ ਇਸ ਵਿੱਚ ਕਈ ਅੰਤਰ ਦੱਸੇ ਗਏ ਸਨ। ਵਿਰੋਧੀ ਪਾਰਟੀਆਂ ਨੇ ਜਾਤੀ ਜਨਗਣਨਾ ਦੀ ਮੰਗ ਇਸ ਲਈ ਉਠਾਈ ਸੀ ਤਾਂ ਜੋ ਇਸ ਆਧਾਰ 'ਤੇ ਭਵਿੱਖ ਵਿੱਚ ਰਾਖਵੇਂਕਰਨ ਨੂੰ ਤਰਕਸੰਗਤ ਬਣਾਇਆ ਜਾ ਸਕੇ ਅਤੇ ਜਾਤੀ ਲਾਮਬੰਦੀ ਕਰਕੇ ਚੋਣ ਲਾਭ ਉਠਾਇਆ ਜਾ ਸਕੇ। ਭਾਜਪਾ ਸ਼ੁਰੂ ਵਿੱਚ ਇਸ ਬਾਰੇ ਦੁਚਿੱਤੀ ਵਿੱਚ ਸੀ, ਪਰ ਜਾਤੀ ਜਨਗਣਨਾ ਦਾ ਐਲਾਨ ਕਰਕੇ ਹੁਣ ਇਸ ਮੁੱਦੇ 'ਤੇ ਅਗਵਾਈ ਕਰ ਲਈ ਹੈ। ਪਰ ਇਹ ਦੇਖਣਾ ਬਾਕੀ ਹੈ ਕਿ ਅੰਕੜੇ ਜਾਰੀ ਹੋਣ ਤੋਂ ਬਾਅਦ ਇਹ ਆਬਾਦੀ ਦੇ ਅਨੁਪਾਤ ਵਿੱਚ ਰਾਖਵੇਂਕਰਨ ਦੀ ਮੰਗ ਨਾਲ ਕਿਵੇਂ ਨਜਿੱਠਦਾ ਹੈ। ਫਿਰ, ਜਿਨ੍ਹਾਂ ਰਾਜਾਂ ਵਿੱਚ ਅਜਿਹੀ ਪਹਿਲ ਕੀਤੀ ਗਈ ਹੈ, ਉੱਥੇ ਇਸ ਬਾਰੇ ਵਿਵਾਦ ਚੱਲ ਰਿਹਾ ਹੈ। ਹਾਲ ਹੀ ਵਿੱਚ ਕਰਨਾਟਕ ਵਿੱਚ ਜਾਤੀ ਜਨਗਣਨਾ ਰਿਪੋਰਟ ਲੀਕ ਹੋ ਗਈ ਸੀ। ਇਸ ਨਾਲ ਉੱਥੋਂ ਦੀ ਕਾਂਗਰਸ ਸਰਕਾਰ ਲਈ ਮੁਸ਼ਕਲਾਂ ਖੜ੍ਹੀਆਂ ਹੋ ਗਈਆਂ। ਰਿਪੋਰਟ ਵਿੱਚ ਓਬੀਸੀ ਲਈ ਰਾਖਵਾਂਕਰਨ 32% ਤੋਂ ਵਧਾ ਕੇ 51% ਅਤੇ ਮੁਸਲਿਮ ਭਾਈਚਾਰੇ ਲਈ 4% ਤੋਂ ਵਧਾ ਕੇ 8% ਕਰਨ ਦੀ ਸਿਫਾਰਸ਼ ਕੀਤੀ ਗਈ ਹੈ। ਇਸ ਦੇ ਨਾਲ ਹੀ, ਰਾਜ ਵਿੱਚ ਪ੍ਰਭਾਵਸ਼ਾਲੀ ਲਿੰਗਾਇਤ ਅਤੇ ਵੋਕਾਲਿਗਾ ਭਾਈਚਾਰਿਆਂ ਦੀ ਆਬਾਦੀ ਉਮੀਦ ਤੋਂ ਘੱਟ ਨਿਕਲੀ। ਸਰਵੇਖਣ ਦੀ ਵਿਧੀ 'ਤੇ ਵੀ ਸਵਾਲ ਉਠਾਏ ਗਏ। ਜਾਤੀ ਜਨਗਣਨਾ ਦਾ ਐਲਾਨ ਕਰਦੇ ਹੋਏ ਕੇਂਦਰੀ ਮੰਤਰੀ ਅਸ਼ਵਨੀ ਵੈਸ਼ਨਵ ਨੇ ਕਿਹਾ ਕਿ ਇਸ ਨਾਲ ਸਮਾਜ ਸਮਾਜਿਕ-ਆਰਥਿਕ ਤੌਰ 'ਤੇ ਮਜ਼ਬੂਤ ਹੋਵੇਗਾ। ਪਰ, ਜੇਕਰ ਸਹੀ ਢੰਗ ਨਾਲ ਨਾ ਸੰਭਾਲਿਆ ਜਾਵੇ, ਤਾਂ ਇਹ ਵਿਵਾਦ ਵੀ ਪੈਦਾ ਕਰ ਸਕਦਾ ਹੈ। ਕਰਨਾਟਕ ਹੋਵੇ ਜਾਂ ਬਿਹਾਰ, ਪੁਰਾਣੇ ਸਰਵੇਖਣ ਦਰਸਾਉਂਦੇ ਹਨ ਕਿ ਕੋਈ ਵੀ ਕਦੇ ਪੂਰੀ ਤਰ੍ਹਾਂ ਸੰਤੁਸ਼ਟ ਨਹੀਂ ਸੀ। ਇਹ ਵੀ ਤੈਅ ਹੈ ਕਿ ਇਸ ਨਾਲ ਰਾਖਵੇਂਕਰਨ ਦਾ ਮੁੱਦਾ ਉਠ ਸਕਦਾ ਹੈ।

-ਜਗਜੀਤ ਸਿੰਘ ਦਰਦੀ

# ਪਾਣੀਆਂ ਦੇ ਰੇੜਕੇ 'ਤੇ ਕੇਂਦਰ ਕਿਉਂ ਰਿਹਾ ਚੁੱਪ-ਗੜੁੱਪ



ਕਮਲਜੀਤ ਸਿੰਘ ਬਨਵੈਤ
98147 34035

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਕਹਿੰਦੇ ਹਨ ਕਿ ਜੱਟ ਗੁੜ ਦੀ ਭੇਲੀ ਤਾਂ ਦੇ ਦਊ ਪਰ ਗੰਨਾ ਨਹੀਂ ਦਿੰਦਾ। ਪੰਜਾਬੀਆਂ ਦੇ ਸੁਭਾਅ ਦੀ ਧੁਰ ਅੰਦਰਲੀ ਤਸਵੀਰ ਇਹੋ ਹੈ। ਪੰਜਾਬੀ ਦਿਆਲ ਹੋ ਜਾਣ ਤਾਂ ਆਪਣਾ ਆਪ ਵੀ ਲੁਟਾ ਦਿੰਦੇ ਹਨ ਜੇ ਖਹਿ ਜਾਣ ਤਾਂ ਕਿਸੇ ਦੀ ਟੈਂਅ ਨਹੀਂ ਮੰਨਦੇ, ਸਗੋਂ ਜਾਨ ਵੀ ਨਿਛਾਵਰ ਕਰਨ ਲਈ ਤਿਆਰ ਹੋ ਜਾਂਦੇ ਹਨ। ਪੰਜਾਬੀਆਂ ਦੇ ਸੁਭਾਅ ਵੀ ਇੱਕ ਖ਼ਾਸੀਅਤ ਇਹ ਵੀ ਹੈ ਕਿ ਵੰਡੇ ਹੋਣ ਦੇ ਬਾਵਜੂਦ ਮੁਸੀਬਤ ਪੈਣ 'ਤੇ ਇੱਕ ਦੂਜੇ ਲਈ ਚਟਾਨ ਵਾਂਗ ਡੱਟ ਜਾਂਦੇ ਹਨ। ਪੰਜਾਬੀਆਂ ਦੇ ਸੁਭਾਅ ਦਾ ਰੁੱਸਣਾ ਅਤੇ ਮੰਨਣਾ ਇੱਕ ਤਰ੍ਹਾਂ ਨਾਲ ਅਟੁੱਟ ਹਿੱਸਾ ਵੀ ਹੈ। ਹੁਣ ਪੰਜਾਬ ਦੇ ਪਾਣੀਆਂ 'ਤੇ ਡਾਕਾ ਪੈਣ ਲੱਗਾ ਤਾਂ ਸਿਆਸੀ ਲੀਡਰਾਂ ਦੀਆਂ ਟੁੱਟੀਆਂ ਬਾਹਾਂ ਆ ਗਲੇ ਮਿਲੀਆਂ। ਪੰਜਾਬ ਦੀ ਅਫਸਰਸ਼ਾਹੀ ਵੀ ਚਟਾਨ ਦੀ ਮਜ਼ਬੂਤੀ ਦੀ ਤਰ੍ਹਾਂ ਸੂਬੇ ਦੇ ਹੱਕ ਵਿੱਚ ਆ ਡਟੀ। ਪਾਣੀਆਂ ਦੇ ਰੇੜਕੇ ਨੂੰ ਲੈ ਕੇ ਕੇਂਦਰ ਨੇ ਪਹਿਲੀ ਵਾਰ ਹੈ ਕਿ ਹਰਿਆਣੇ ਦੀ ਜ਼ੋਰ ਨਾਲ ਪਿੱਠ ਨਹੀਂ ਥਾਪੜੀ ਹੈ। ਇੱਕ ਤਾਂ ਇਹ ਕਿ ਪੰਜਾਬੀਆਂ ਦੇ ਏਕੇ ਦੀਆਂ ਖ਼ਬਰਾਂ ਰਾਜਧਾਨੀ ਜਾਂ ਪੁੱਜੀਆਂ। ਦੂਜਾ ਵੱਡਾ ਕਾਰਨ ਇਹ ਕਿ ਪਾਕਿਸਤਾਨ ਨਾਲ ਲੜਾਈ ਹੁੰਦੀ ਹੈ ਤਾਂ ਪੰਜਾਬੀਆਂ ਨੂੰ ਢਾਲ ਬਣਾਏ ਬਿਨਾਂ ਗੁਜ਼ਾਰਾ ਨਹੀਂ ਹੋਣਾ। ਪਾਕਿਸਤਾਨ ਨਾਲ 1962 ਜਾਂ 1971 ਦੀ ਜੰਗ ਦੀ ਗੱਲ ਕਰੀਏ ਤਾਂ ਇਹ ਪੰਜਾਬੀਆਂ ਵਿਸ਼ੇਸ਼ ਕਰਕੇ ਸਿੱਖਾਂ ਦੇ ਸਿਰ 'ਤੇ ਜਿੱਤੀ ਗਈ ਸੀ। ਕਾਰਗਿਲ ਦੀ ਲੜਾਈ ਵੇਲੇ ਵੀ ਸਿੱਖ ਰੈਜੀਮੈਂਟ ਹੀ ਸੀ, ਜਿਸ ਨੇ ਪਾਕਿਸਤਾਨੀ ਫੌਜ ਦੇ ਦੰਦ ਖੱਟੇ ਕੀਤੇ ਸਨ। ਚੀਨੀਆਂ ਨੂੰ ਦੌੜਾ ਦੌੜਾ ਕੇ ਕੁੱਟਣ ਵਾਲੀ ਟੁਕੜੀ ਵੀ ਪੰਜਾਬੀ ਸਿੱਖਾਂ ਦੀ ਸੀ। ਪੰਜਾਬੀ ਦੇਸ਼ 'ਤੇ ਭਾਰੀ ਪੈਣ ਵੇਲੇ ਖ਼ੂਨ ਦਾ ਤੁਪਕਾ ਤੁਪਕਾ ਡੋਲਣ ਲਈ ਤਿਆਰ ਹੋ ਜਾਂਦੇ ਹਨ ਪਰ ਉਹ ਜ਼ੁਲਮ ਸਹਿਣ ਦੇ ਵੀ ਆਦੀ ਨਹੀਂ ਹਨ, ਇਹ ਬੇਗਾਨੇ ਕਰਨ ਜਾਂ ਆਪਣੇ ਵਾਲੇ।

ਲੰਘੇ ਕੱਲ ਕੇਂਦਰ ਸਰਕਾਰ ਦੀ ਅਗਵਾਈ ਹੇਠ ਚਾਰ ਰਾਜਾਂ ਦੇ ਮੁੱਖ ਸਕੱਤਰਾਂ ਦੀ ਹੋਈ ਮੀਟਿੰਗ ਵਿੱਚ ਪੰਜਾਬ ਨੇ ਜਿਸ ਦਲੇਰੀ ਅਤੇ ਠੋਸ ਅੰਕੜਿਆਂ ਨਾਲ ਆਪਣਾ ਪੱਖ ਰੱਖਿਆ, ਹਰਿਆਣਾ ਸਮੇਤ ਸਾਰੇ ਚੁੱਪ ਹੋ ਕੇ ਰਹਿ ਗਏ। ਮੀਟਿੰਗ ਵਿੱਚ ਹਰਿਆਣਾ ਦੇ ਅਧਿਕਾਰੀ ਖ਼ਾਲੀ ਹੱਥ ਆਏ। ਮੀਟਿੰਗ ਪਿੱਛੋਂ ਹੱਥ ਮਲਦੇ ਬਾਹਰ ਨਿਕਲ ਗਏ। ਪੰਜਾਬ ਨੇ ਆਪਣਾ ਪੱਖ ਮਜ਼ਬੂਤੀ ਨਾਲ ਹੀ ਨਹੀਂ ਰੱਖਿਆ ਸਗੋਂ ਕੇਂਦਰ ਨੂੰ ਵੀ ਆਪਣਾ ਰਵੱਈਆ ਨਿਰਪੱਖ ਰੱਖਣ ਲਈ ਮਜਬੂਰ ਕਰ ਦਿੱਤਾ। ਕੁੱਲ ਮਿਲਾ ਕੇ ਸਹਿਮਤੀ ਇਸ ਗੱਲ ਉੱਤੇ ਬਣੀ ਕਿ ਪੰਜਾਬ ਜੇ ਪਾਣੀ ਦੇਣ ਨੂੰ ਰਾਜ਼ੀ ਹੋ ਜਾਂਦਾ ਹੈ ਤਾਂ ਉਹ ਉਧਾਰ ਦੇ ਦੇਵੇ ਜਿਹੜਾ ਲੋੜ ਪੈਣ ਉਤੇ ਵਾਪਸ ਕਰਨਾ ਪਵੇਗਾ। ਅਸਲ ਵਿੱਚ ਮੀਟਿੰਗ ਵਿੱਚ ਹੋਈ ਚਰਚਾ ਦੀਆਂ ਖ਼ਬਰਾਂ ਸੂਤਰਾਂ ਦੇ ਆਧਾਰ ਉੱਤੇ ਮੀਡੀਆ ਦੀਆਂ ਸੁਰਖੀਆਂ ਬਣੀਆਂ ਹਨ, ਇਸ ਕਰਕੇ ਕੋਈ ਵੀ ਗੱਲ ਪੁਖ਼ਤਾ ਹੋਣ ਦੀ ਗਰੰਟੀ ਨਹੀਂ ਦਿੱਤੀ ਜਾ ਸਕਦੀ। ਕੇਂਦਰੀ ਗ੍ਰਹਿ ਸਕੱਤਰ ਨੇ ਸਲਾਹ ਦਿੱਤੀ ਕਿ ਹਰਿਆਣਾ ਨੂੰ ਅੱਠ ਦਿਨਾਂ ਲਈ 4500 ਕਿਊਸਿਕ ਵਾਧੂ ਪਾਣੀ ਛੱਡਿਆ ਜਾਵੇ ਉਹਨਾਂ ਇਹ ਵੀ ਕਿਹਾ ਕਿ ਡੈਮਾਂ ਦੇ ਭਰਨ ਦੀ ਸੂਰਤ ਵਿੱਚ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਪੰਜਾਬ ਨੂੰ ਉਸ ਦੀ ਕਿਸੇ ਵੀ ਵਾਧੂ ਲੋੜ ਨੂੰ ਪੂਰਾ ਕਰਨ ਲਈ ਵਾਧੂ ਪਾਣੀ ਦੇਵੇਗਾ। ਕੇਂਦਰ ਨੇ ਇਸ ਮਾਮਲੇ ਵਿੱਚ ਸਿੱਧੇ ਦਖ਼ਲ ਕਰਨ ਤੋਂ ਇੰਨਕਾਰ ਕਰ ਦਿੱਤਾ ਹੈ ਅਤੇ ਪੰਜਾਬ ਤੇ ਹਰਿਆਣਾ ਨੂੰ ਮਿਲ ਬੈਠ ਕੇ ਮਸਲੇ ਦਾ ਹੱਲ ਕਰਨ ਲਈ ਕਿਹਾ ਹੈ।

ਇਸ ਲੇਖ ਵਿੱਚ ਉਹਨਾਂ ਅਫਸਰਾਂ ਦਾ ਜ਼ਿਕਰ ਕਰਨਾ ਜ਼ਰੂਰੀ ਹੋਵੇਗਾ ਜਿਨ੍ਹਾਂ ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੀ ਮੀਟਿੰਗ ਵਿੱਚ ਪੰਜਾਬ ਦੀ ਪਿੱਠ ਨਹੀਂ ਲੱਗਣ ਦਿੱਤੀ ਹੈ। ਜਲ ਸਰੋਤ ਵਿਭਾਗ ਦੇ ਸਕੱਤਰ ਕ੍ਰਿਸ਼ਨ ਕੁਮਾਰ ਦੀਆਂ ਦਲੀਲਾਂ ਨੇ ਸਾਰਿਆਂ ਨੂੰ ਲਾਜਵਾਬ ਕਰੀ ਰੱਖਿਆ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੋਂ ਬਾਅਦ ਉਹ ਪਾਣੀਆਂ ਦੇ ਰਖਵਾਲੇ ਵਜੋਂ ਉਭਰੇ ਹਨ। ਉਹ ਹਰਿਆਣਾ ਦੇ ਜੰਮਪਲ ਹਨ ਪਰ ਮੀਟਿੰਗ ਦੌਰਾਨ ਆਪਣੀ ਕਰਮ ਭੂਮੀ ਦੀ ਪਿੱਠ 'ਤੇ ਡਟੇ ਰਹੇ। ਪਤਾ ਤਾਂ ਲੱਗਾ ਹੈ ਕਿ ਬੋਰਡ ਨੇ ਹਾਲਾਂਕਿ ਹਰਿਆਣਾ ਨੂੰ ਵਾਧੂ ਪਾਣੀ ਦੇਣ ਦਾ ਫੈਸਲਾ ਕਰ ਲਿਆ ਸੀ ਪਰ ਕ੍ਰਿਸ਼ਨ ਕੁਮਾਰ ਨੇ ਅੱਧੇ ਘੰਟੇ ਵਿੱਚ ਖ਼ਤਮ ਹੋਣ ਵਾਲੀ ਮੀਟਿੰਗ ਨੂੰ ਕਰੀਬ 5:30 ਘੰਟੇ ਤੱਕ ਖਿੱਚ ਕੇ ਬਾਕੀ ਮੈਂਬਰਾਂ ਦੇ ਪੈਰ ਨਾ ਲੱਗਣ ਦਿੱਤੇ। ਮੀਟਿੰਗ ਵਿੱਚ ਇਹ ਕਹਿ ਦਿੱਤਾ ਗਿਆ ਕਿ ਉਹ ਪੰਜਾਬ ਨੂੰ ਕਾਰਵਾਈ ਦੀ ਰਿਪੋਰਟ ਭੇਜ ਦੇਣਗੇ ਅਤੇ ਪੰਜਾਬ ਈ ਮੇਲ ਜ਼ਰੀਏ ਇਤਰਾਜ਼ ਦਰਜ ਕਰ ਦੇਵੇ ਪਰ ਕ੍ਰਿਸ਼ਨ ਕੁਮਾਰ ਨੇ ਮੀਟਿੰਗ ਵਿੱਚ ਖ਼ੁਦ ਹੀ ਟਾਈਪ ਕਰਕੇ ਪੰਜਾਬ ਦੇ ਇਤਰਾਜ਼ ਲਿਖੇ। ਇਹ ਉੱਤਰ ਤਿੰਨ ਪੰਨਿਆਂ ਦਾ ਸੀ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਕ੍ਰਿਸ਼ਨ ਕੁਮਾਰ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਥਾਪੜਾ ਹੈ ਪਰ ਹੁਣ ਪੂਰਾ ਪੰਜਾਬ ਉਹਨਾਂ ਦੇ ਨਾਲ ਖੜ੍ਹਾ ਹੈ। ਮੁੱਖ ਮੰਤਰੀ ਦੀ ਨੰਗਲ ਫੇਰੀ ਨਾਲ ਵੀ ਜਲ ਸਰੋਤ ਵਿਭਾਗ ਦੇ ਅਫਸਰਾਂ ਦੇ ਹੌਂਸਲੇ ਬੁਲੰਦ ਹੋ ਗਏ ਸਨ। ਜਿਨ੍ਹਾਂ ਹੋਰ ਅਧਿਕਾਰੀਆਂ ਨੇ ਬੋਰਡ ਦੇ ਮੈਂਬਰਾਂ ਦੇ ਪੈਰ ਨਹੀਂ ਲੱਗਣ ਦਿੱਤੇ, ਉਹਨਾਂ ਵਿੱਚ ਭਾਖੜਾ ਡੈਮ ਦੇ ਮੁੱਖ ਇੰਜੀਨੀਅਰ ਚਰਨਪ੍ਰੀਤ ਸਿੰਘ, ਦੂਜੇ ਦੋ ਅਫਸਰ ਆਕਾਸ਼ਦੀਪ ਸਿੰਘ ਅਤੇ ਅਮਿਤ ਸਹੋਤਾ ਦੇ ਨਾਂ ਸ਼ਾਮਲ ਹਨ। ਹਰਿਆਣਾ ਨੇ ਮੀਟਿੰਗ ਤੋਂ ਬਾਅਦ ਹੀ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਉਣ ਦੀ ਧਮਕੀ ਦੇ ਦਿੱਤੀ ਗਈ ਸੀ। ਹਰਿਆਣਾ ਨੇ ਅੱਜ ਸਰਬ ਪਾਰਟੀ ਮੀਟਿੰਗ ਵੀ ਸੱਦ ਲਈ ਹੈ।





ਦੂਜੇ ਬੰਨੇ ਪੰਜਾਬ ਲਈ ਅੱਜ ਦਾ ਦਿਨ ਉਦੋਂ ਇਤਿਹਾਸਕ ਹੋ ਨਿਬੜਿਆ ਜਦੋਂ ਸਾਰੀਆਂ ਸਿਆਸੀ ਪਾਰਟੀਆਂ ਨੇ ਹਰਿਆਣਾ ਨੂੰ ਵਾਧੂ ਪਾਣੀ ਦੇਣ ਦਾ ਫੈਸਲਾ ਸਰਬ ਸੰਮਤੀ ਨਾਲ ਰੱਦ ਕਰ ਦਿੱਤਾ। ਮੀਟਿੰਗ ਵਿੱਚ ਸ਼ਾਮਿਲ ਸਾਰੀਆਂ ਪਾਰਟੀਆਂ ਨੇ ਇਕਜੁੱਟਤਾ ਦਿਖਾਈ ਅਤੇ ਅਗਲੀ ਰਣਨੀਤੀ ਉਲੀਕਣ ਦੇ ਅਧਿਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਦੇ ਦਿੱਤੇ। ਦਿਲਚਸਪ ਗੱਲ ਇਹ ਕਿ ਮੁੱਖ ਮੰਤਰੀ ਮਾਨ ਚਾਹੇ ਮੀਟਿੰਗ ਵਿੱਚ ਰੁਕ ਰੁਕ ਕੇ ਬੋਲਦੇ ਰਹੇ ਪਰ ਉਹਨਾਂ ਨੇ ਸ਼ਬਦਾਵਲੀ ਉੱਤੇ ਪੂਰਾ ਜ਼ਾਬਤਾ ਬਣਾਈ ਰੱਖਿਆ। ਵਿਰੋਧੀ ਧਿਰ ਦੇ ਨੇਤਾਵਾਂ ਦਾ ਵੀ ਆਪਣੀ ਜ਼ੁਬਾਨ ਉੱਤੇ ਪੂਰਾ ਕੰਟਰੋਲ ਰਿਹਾ। ਮੀਟਿੰਗ ਤੋਂ ਬਾਅਦ ਸਾਰੀਆਂ ਸਿਆਸੀ ਪਾਰਟੀਆਂ ਦੇ ਨੇਤਾਵਾਂ ਵੱਲੋਂ ਇੱਕ ਸਾਂਝੀ ਪ੍ਰੈਸ ਕਾਨਫਰੰਸ ਕੀਤੀ ਗਈ। ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਜਿਹੜੇ ਪ੍ਰੈਸ ਕਾਨਫਰੰਸ ਵਿੱਚ ਬਰਾਬਰ ਦੀ ਹਾਮੀ ਭਰਦੇ ਰਹੇ ਸਨ ਨੇ ਬਾਹਰ ਆ ਕੇ ਇਹ ਕਹਿ ਦਿੱਤਾ ਕਿ ਬਾਤ ਦਾ ਬਤੰਗੜ ਬਣਾਇਆ ਜਾ ਰਿਹੈ। ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕਰਕੇ ਇਸਦਾ ਹੱਲ ਕੱਢਣਾ ਸੌਖਾ ਹੋ ਜਾਵੇਗਾ। ਸਰਬ ਪਾਰਟੀ ਮੀਟਿੰਗ ਵਿੱਚ ਅਗਲੇ ਦਿਨ ਹੀ ਵਿਧਾਨ ਸਭਾ ਦਾ ਸੈਸ਼ਨ ਦਾ ਫੈਸਲਾ ਲਿਆ, ਜਿਸ ਵਿੱਚ ਪਾਣੀਆਂ ਦੇ ਮਸਲੇ ਨੂੰ ਰਿੜਕਿਆ ਹੀ ਨਹੀਂ ਜਾਵੇਗਾ ਸਗੋਂ ਰਾਜ ਨਾਲ ਜੁੜੇ ਪੁਰਾਣੇ ਮਸਲਿਆਂ ਦਾ ਰਲ ਕੇ ਹੱਲ ਕੱਢਣ ਦੀ ਵੀ ਸਹਿਮਤੀ ਬਣੀ ਹੈ। ਸਰਬ ਪਾਰਟੀ ਮੀਟਿੰਗ ਵਿੱਚ ਸਿਆਸੀ ਧਿਰਾਂ ਨੇ ਸਰਬ ਸੰਮਤੀ ਨਾਲ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵੱਲੋਂ ਹਰਿਆਣਾ ਨੂੰ 8500 ਸੂਚਕ ਪਾਣੀ ਛੱਡਣ ਦੇ ਫੈਸਲੇ ਨੂੰ ਰੱਦ ਕਰ ਦਿੱਤਾ ਸੀ। ਸਾਰੀਆਂ ਰਾਜਸੀ ਧਿਰਾਂ ਨੇ ਇੱਕਜੁੱਟ ਹੋ ਕੇ ਫੈਸਲਾ ਕੀਤਾ ਕਿ ਭਾਖੜਾ ਡੈਮ ਤੋਂ ਹਰਿਆਣਾ ਨੂੰ ਇਕ ਬੂੰਦ ਵੀ ਵਾਧੂ ਪਾਣੀ ਨਹੀਂ ਦਿੱਤਾ ਜਾਵੇਗਾ। ਵਿਰੋਧੀ ਪਾਰਟੀਆਂ ਨੇ ਮੁੱਖ ਮੰਤਰੀ ਨੂੰ ਭਰੋਸਾ ਦਿੱਤਾ ਕਿ ਉਹ ਪਾਣੀਆਂ ਉੱਤੇ ਮਾਰੇ ਜਾ ਰਹੇ ਡਾਕੇ ਦੇ ਖ਼ਿਲਾਫ਼ ਪੰਜਾਬ ਸਰਕਾਰ ਦੇ ਨਾਲ ਹਨ ਅਤੇ ਕਿਸੇ ਤਰ੍ਹਾਂ ਦੀ ਵੀ ਰਣਨੀਤੀ ਉਲੀਕਣ ਵੇਲੇ ਉਹਨਾਂ ਨੂੰ ਦੇ ਨਾਲ ਖੜਣਗੇ। ਇਹ ਪਹਿਲੀ ਵਾਰ ਨਹੀਂ ਜਦੋਂ ਕਿਸੇ ਮਸਲੇ ਨੂੰ ਲੈ ਕੇ ਸਰਬ ਪਾਰਟੀ ਮੀਟਿੰਗ ਸੱਦੀ ਗਈ ਹੈ। ਸਰਬ ਪਾਰਟੀ ਮੀਟਿੰਗ ਦੋ ਘੰਟੇ ਚੱਲੀ, ਜਿਸ ਵਿੱਚ ਮਾਹੌਲ ਸੁਖਾਵਾਂ ਰਿਹਾ ਤੇ ਆਗੂਆਂ ਨੇ ਮੌਜੂਦਾ ਸੰਕਟ ਦੇ ਮੱਦੇਨਜ਼ਰ ਆਪੋ ਆਪਣੇ ਸੁਝਾਅ ਵੀ ਪੇਸ਼ ਕੀਤੇ ਹਨ।

ਪਾਣੀ ਦੇ ਮਸਲੇ ਉਤੇ ਨਿਰਪੱਖਤਾ ਨਾਲ ਗੱਲ ਕੀਤੀ ਜਾਵੇ ਤਾਂ ਇਹ ਕਹਿਣ ਵਿੱਚ ਕੋਈ ਸੰਕੋਚ ਨਹੀਂ ਕਿ ਪਿਛਲੇ ਲੰਮੇ ਸਮੇਂ ਤੋਂ ਦੋਵੇਂ ਹੀ ਰਾਜ ਸਰਕਾਰਾਂ ਨੇ ਧਰਤੀ ਹੇਠਲੇ ਪਾਣੀ ਦੀ ਰੱਜ ਕੇ ਦੁਰਵਰਤੋਂ ਕੀਤੀ ਹੈ। ਜਿਸ ਨਾਲ ਪਾਣੀ ਦੇ ਸਰੋਤ ਸੁੱਕਣ ਦੇ ਕਿਨਾਰੇ ਆ ਗਏ ਹਨ। ਬਾਵਜੂਦ ਇਸਦੇ ਨਾ ਤਾਂ ਸਰਕਾਰਾਂ ਅਤੇ ਨਾ ਹੀ ਆਮ ਲੋਕਾਂ ਨੇ ਕੋਈ ਸਬਕ ਸਿਖਿਆ ਹੈ। ਪਾਣੀਆਂ ਨੂੰ ਵਰਤਣ ਵੇਲੇ ਪਹਿਲਾਂ ਵਾਲੀ ਅਲਗਰਜ਼ੀ ਜਾਰੀ ਹੈ। ਇਸੇ ਕਰਕੇ ਪਾਣੀ ਦਾ ਸੰਕਟ ਹਾਲ ਦੀ ਘੜੀ ਹੱਲ ਹੋਣ ਦੀ ਸੰਭਾਵਨਾ ਨਹੀਂ, ਜਿਸ ਨੂੰ ਝੇਲਣਾ ਸਰਕਾਰਾਂ ਅਤੇ ਲੋਕਾਂ ਦੀ ਮਜਬੂਰੀ ਹੋਵੇਗਾ। ਖੇਤਾਂ ਵਿੱਚ ਉੱਗ ਰਹੀਆਂ ਬਹੁ ਮੰਜ਼ਲੀ ਇਮਾਰਤਾਂ ਨੇ ਵੀ ਪਾਣੀ ਦਾ ਸੰਕਟ ਖੜ੍ਹਾ ਕੀਤਾ ਹੈ।

ਪਾਣੀ ਦੀ ਬੱਚਤ ਘਰ ਤੋਂ ਸ਼ੁਰੂ ਹੋਣੀ ਚਾਹੀਦੀ ਹੈ। ਅਸੀਂ ਘਰਾਂ ਵਿੱਚ ਪਾਣੀ ਦੀ ਸੰਕੋਚ ਨਾਲ ਵਰਤੋਂ ਕਰਨੀ ਨਹੀਂ ਸਿੱਖੀ ਅਤੇ ਨਾ ਹੀ ਮੀਂਹ ਅਤੇ ਹੋਰ ਸਰੋਤਾਂ ਦੇ ਪਾਣੀ ਨੂੰ ਸੰਭਾਲੇ ਜਾਣ ਦੀ ਲੋੜ ਮਹਿਸੂਸ ਕੀਤੀ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਧਰਤੀ ਹੇਠਲਾ ਪਾਣੀ ਬਚਾਉਣ ਲਈ ਨਹਿਰੀ ਸਿੰਚਾਈ ਨੂੰ ਪਹਿਲ ਦਿੱਤੀ ਹੈ। ਉਹ ਖੇਤੀ ਟਿਊਬਵੈਲਾਂ ਨਾਲ ਧਰਤੀ ਹੇਠਲਾ ਪਾਣੀ ਮੁਕਾਉਣ ਦੇ ਵਿਰੁੱਧ ਹਨ ਅਤੇ ਉਨ੍ਹਾਂ ਦਾ ਜ਼ੋਰ ਨਹਿਰੀ ਸਿੰਚਾਈ ਉੱਤੇ ਹੈ। ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਦੀ 300 ਯੂਨਿਟ ਮੁਫ਼ਤ ਬਿਜਲੀ ਦੇਣ ਤੋਂ ਬਾਅਦ ਦੂਜੀ ਵੱਡੀ ਪ੍ਰਾਪਤੀ ਨਹਿਰੀ ਸਿੰਚਾਈ ਨੂੰ ਪਹਿਲ ਦੇਣਾ ਹੈ। ਮੁੱਖ ਮੰਤਰੀ ਮਾਨ ਜਦੋਂ ਕਹਿੰਦੇ ਹਨ ਕਿ ਕਿਸਾਨ ਤਾਂ ਖਾਲੇ ਦਾ ਨੱਕਾ ਮੋੜਨ ਵੇਲੇ ਮੋਢੇ ਉੱਤੇ ਡਾਂਗ ਲੈ ਕੇ ਖੜ੍ਹ ਜਾਂਦਾ ਹੈ ਇਹ ਤਾਂ ਫਿਰ ਹੈ ਹੀ ਪੂਰੇ ਪੰਜਾਬੀਆਂ ਦਾ ਮਸਲਾ। ਪੰਜਾਬ ਅਤੇ ਹਰਿਆਣਾ ਸਮੇਤ ਦੂਜੇ ਦੋ ਰਾਜਾਂ ਹਿਮਾਚਲ ਪ੍ਰਦੇਸ਼ ਤੇ ਰਾਜਸਥਾਨ ਦੀਆਂ ਸਰਕਾਰਾਂ ਨੂੰ ਆਪਸ ਵਿੱਚ ਪੜ੍ਹਨ ਦੀ ਥਾਂ ਮਿਲ ਬੈਠ ਕੇ ਆਪਸੀ ਸੰਵਾਦ ਨਾਲ ਮਸਲਾ ਹੱਲ ਕਰਨ ਲੈਣਾ ਚਾਹੀਦਾ ਹੈ। ਦੇਸ਼ ਪਹਿਲਾਂ ਹੀ ਇੱਕ ਵੱਡੀ ਚੁਣੌਤੀ ਦਾ ਸਾਹਮਣਾ ਕਰ ਰਿਹਾ ਹੈ।

# ਪੰਜਾਬ ਦੇ ਰਾਜਨੀਤਿਕ ਲੋਕ : ਸ਼ਾਇਦ ਜ਼ਰਾ ਸੀ ਸ਼ਰਮ ਆਏ ?



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

- ਪੰਜਾਬ ਦੀਆਂ ਰਾਜਸੀ ਪਾਰਟੀਆਂ ਵਿੱਚ ਭਾਸ਼ਾ ਤੇ ਸਮਾਜਿਕ ਵਿਵਹਾਰ ਦਾ ਪਤਨ
- ਕੋਈ ਪੁੱਛਣ ਵਾਲਾ ਨਹੀਂ ਕਿ ਪੰਜਾਬ ਦੇ ਭਵਿੱਖ ਬਾਰੇ ਤੁਹਾਡਾ ਨਜ਼ਰੀਆ ਕੀ ਹੈ
- ਪੰਜਾਬ ਦੇ ਮੁੱਦਿਆਂ 'ਤੇ ਡਿਜ਼ਾਇਨਰ ਰਾਜਨੀਤੀ ਭਾਰੀ
- ਕੀ ਕਦੀ ਕੋਈ ਨਵਾਂ ਨੌਜਵਾਨ ਰਾਜਨੀਤਿਕ ਵਾਰਸ ਹੋਵੇਗਾ ਪੰਜਾਬ ਦਾ

ਅੱਜ ਦੀਆਂ ਖ਼ਬਰਾਂ ਪੰਜਾਬ ਦੇ ਵਰਤਮਾਨ ਰਾਜਨੀਤਿਕ ਦ੍ਰਿਸ਼ ਨੂੰ ਜਿਸ ਤਰ੍ਹਾਂ ਦਿਖਾਉਂਦੀਆਂ ਹਨ, ਉਹ ਬੇਹੱਦ ਨਿਰਾਸ਼ਾਜਨਕ ਤੇ ਚਿੰਤਾ ਨਾਲ ਭਰਿਆ ਹੋਇਆ ਹੈ। ਸਵਾਲ ਇਹ ਹੈ ਕਿ ਕੀ ਪੰਜਾਬ ਦੇ ਰਾਜਨੀਤਿਕ ਨੇਤਾ ਅਜੇ ਵੀ ਪੰਜਾਬ ਦੀ ਬੇਹਤਰੀ ਵਾਸਤੇ ਕੁੱਝ ਕਰ ਸਕਦੇ ਹਨ। ਇਹ ਸਵਾਲ ਉਹਨਾਂ ਦੀ ਬੁੱਧੀਮਤਾ ਅਤੇ ਉਹਨਾਂ ਦੇ ਨਜ਼ਰ 'ਤੇ ਨਜ਼ਰੀਏ 'ਤੇ ਛੱਡਿਆ ਜਾ ਸਕਦਾ ਹੈ।

ਇਹ ਸਵਾਲ ਇਸ ਲਈ ਵੀ ਅਤਿ ਜ਼ਰੂਰੀ ਹੈ ਕਿ ਹੁਣ ਉਹਨਾਂ ਦੀ ਰਾਜਨੀਤਿਕ ਰੋਜ਼ੀ ਰੋਟੀ ਦੇ ਨਾਲ ਨਾਲ ਵੋਟਾਂ ਦੀ ਰਾਜਨੀਤੀ ਅਤੇ ਪੰਜਾਬ ਦੀ ਤਬਾਹੀ ਦੇ ਮੰਜ਼ਰ ਤੇ ਦਿਖਾਉਂਦੀ ਹੋਈ ਰਾਜਨੀਤੀ ਦੇ ਆਰ ਪਾਰ ਦੇਖਿਆ ਜਾਏ ਤਾਂ ਬੇਹੱਦ ਉਦਾਸੀ ਭਰਿਆ ਤੇ ਕੰਗਾਲੀ ਦਾ ਭਰਿਆ ਹੋਇਆ ਦ੍ਰਿਸ਼ ਦਿਖਾਈ ਦਿੰਦਾ ਹੈ। ਪੰਜਾਬ ਵਿੱਚ ਅੱਜ ਕੀ ਹੈ ਅਤੇ ਪੰਜਾਬ ਦੀ ਸੂਰਮਗਤੀ ਅਤੇ ਅਣਖ ਨੂੰ ਸ਼ਰਮਸਾਰ ਕਰਨ ਵਾਲਾ ਪੰਜਾਬ ਦਾ ਰਾਜਨੀਤਿਕ ਮੰਜ਼ਰ ਕਿਸ ਤਰ੍ਹਾਂ ਦਾ ਹੈ।

ਅੱਜ ਉਸ 'ਤੇ ਗੱਲ ਹੋ ਜਾਵੇ ਤਾਂ ਚੰਗਾ ਲੱਗਦਾ ਹੈ। ਹਾਲਾਂਕਿ ਇਹ ਗੱਲ ਕਰਨ ਤੋਂ ਗ਼ੁਰੇਜ਼ ਕਰਨਾ ਚਾਹੀਦਾ ਹੈ ਪ੍ਰੰਤੂ ਇਹ ਸੱਚ ਹੈ ਕਿ ਪਿਛਲੇ 50 ਸਾਲਾਂ ਤੋਂ ਲੈ ਕੇ ਅੱਜ ਤੱਕ ਪੰਜਾਬ ਦਾ ਜੋ ਹਾਲ ਅਤੇ ਜਿਸ ਤਰ੍ਹਾਂ ਦੀ ਸਥਿਤੀ ਅਤੇ ਜਿਸ ਤਰ੍ਹਾਂ ਦਾ ਕਰਜ਼ਾਈ ਸਮਾਜਿਕ ਅਧੋਹੀਨਤਾ ਨਿਰਾਸ਼ਾ, ਉਦਾਸੀਨਤਾ ਗੈਂਗਸਟਰ ਅਤੇ ਫ਼ਿਰ ਪ੍ਰਸ਼ਾਸਨ ਨੇ ਜਿਸ ਤਰ੍ਹਾਂ ਦਾ ਪੰਜਾਬ ਦਾ ਸਮਾਜਿਕ ਤਾਣਾ ਬਾਣਾ ਉਲਝਾ ਦਿੱਤਾ ਹੈ ਉਸਨੇ ਸਾਰਿਆਂ ਦੇ ਸਾਹਮਣੇ ਅਤੇ ਪੰਜਾਬ ਦੀ ਅਣਖੀਲੀ ਅਤੇ ਗੁਰੂਆਂ ਦੀ ਇਸ ਧਰਤੀ ਨੂੰ ਸ਼ਰਮਸਾਰ ਕੀਤਾ ਹੈ। ਹੁਣ ਇਹ ਸਵਾਲ ਸਿੱਧਾ ਕੀਤਾ ਜਾ ਸਕਦਾ ਹੈ ਭਾਵੇਂ ਇਸ ਨੂੰ ਕੋਈ ਸਵੀਕਾਰ ਕਰੇ ਜਾਂ ਨਾ ਕਰੇ। ਪਰ ਇਸ ਦੇ ਬਾਵਜੂਦ ਵੀ ਸਵਾਲ ਇਹ ਹੈ ਕਿ ਪੰਜਾਬ ਦੇ ਰਾਜਨੀਤਿਕ ਭਲੇ ਉਹ ਕਿਸੇ ਵੀ ਪਾਰਟੀ ਦੇ ਹੋਣ, ਉਹਨਾਂ ਨੂੰ ਜ਼ਰਾ ਵੀ ਸ਼ਰਮ ਨਹੀਂ ਆਉਂਦੀ ਹੈ। ਇਸ ਲਈ ਐਨੇ ਸਖ਼ਤ ਸ਼ਬਦ ਲਏ ਆਉਂਦੇ ਹਨ ਕਿ ਹਰ ਦਿਨ ਪੰਜਾਬ 'ਤੇ ਰਾਜਨੀਤੀ 'ਤੇ ਆਪਣੀਆਂ ਰਾਜਨੀਤਿਕ ਰੋਟੀਆਂ ਲਈ ਕੀ ਕੀ ਬੋਲਦੇ ਹਨ ਤੇ ਕੀ ਕੀ ਸੋਚਦੇ ਹਨ ਕਿ ਉਹਨਾਂ ਦੇ ਅੱਗੇ ਪੰਜਾਬ ਦਾ ਕੋਈ ਪ੍ਰਸ਼ਨ ਨਹੀਂ ਹੈ ਕਿ ਪੰਜਾਬ ਦੀ ਕੋਈ ਹੋਂਦ ਨਹੀਂ ਹੈ।

ਜ਼ਰਾ ਇਸ ਪੰਜਾਬ ਦੀ ਧਰਤੀ ਮਾਂ ਦੀ ਮਿੱਟੀ ਨੂੰ ਮੁੱਠ ਲੈ ਕੇ ਮੱਥੇ 'ਤੇ ਲਾ ਕੇ ਦੇਖੋ ਫ਼ਿਰ ਮਹਿਸੂਸ ਕਰੋ ਕਿ ਤੁਸੀਂ ਪਿਛਲਿਆਂ ਸਾਲਾਂ ਦੇ ਵਿੱਚ ਵੋਟਾਂ ਦੀ ਰਾਜਨੀਤੀ ਅਤੇ ਰਾਜਸੀ ਅਣਬਣ ਅਤੇ ਰਾਜਸੀ ਟਕਰਾਹਟ ਦੇ ਵਿੱਚ ਪੰਜਾਬ ਨੂੰ ਕਿੱਥੇ ਪਹੁੰਚਾ ਦਿੱਤਾ ਹੈ। ਅੱਜ ਬੇਹੱਦ ਦੁਖਦਾਈ ਖ਼ਬਰਾਂ ਦੇ ਵਿੱਚੋਂ ਪੰਜਾਬ ਦੀ ਸਥਿਤੀ ਨੂੰ ਦੇਖਣਾ ਹੋਵੇ ਤਾਂ ਪੰਜਾਬ ਦੇ ਸਭ ਤੋਂ ਫੇਲ੍ਹ ਅਤੇ ਸਾਬਕਾ ਮੁੱਖ ਮੰਤਰੀ ਦੇ ਤੌਰ 'ਤੇ ਜਿਸ ਨੂੰ ਪੰਜਾਬ 'ਤੇ ਥੋਪਿਆ ਗਿਆ ਅਤੇ ਜਿਸ ਨੂੰ ਸਾਬਕਾ ਕਾਂਗਰਸੀ ਪ੍ਰਧਾਨ ਨੇ ਕੀ ਨਹੀਂ ਕਿਹਾ, ਜਿਸ ਕਾਂਗਰਸ ਸਰਕਾਰ ਨੇ ਇਹਨਾਂ ਨੂੰ ਥੋਪਿਆ ਦਲਿਤਾਂ ਦਾ ਚਿਹਰਾ ਦਲਿਤਾਂ ਨੂੰ ਸਭ ਤੋਂ ਜ਼ਿਆਦਾ ਪਿੱਛੇ ਲੈ ਜਾਣ ਵਾਲੇ ਚਰਨਜੀਤ ਸਿੰਘ ਚੰਨੀ ਨੇ ਅਜਿਹਾ ਬਿਆਨ ਦਿੱਤਾ ਹੈ ਜੋ ਭਾਰਤ ਦੀ ਸੈਨਾ ਉੱਤੇ ਸਿੱਧਾ ਸਵਾਲ ਕਰਦਾ ਹੈ।

ਉਹਨਾਂ ਨੇ ਕਾਂਗਰਸ ਤੇ ਦੂਸਰੇ ਲੋਕਾਂ ਦੀ ਤਰ੍ਹਾਂ ਹੋਰ ਵੀ ਅੱਗੇ ਹੋ ਕੇ ਆਪਣੇ ਕਾਂਗਰਸ ਦੇ ਹਾਈਕਮਾਂਡ ਨੂੰ ਖੁਸ਼ ਕਰਨ ਵਾਸਤੇ ਕੀ ਨਹੀਂ ਕਿਹਾ ਹੈ। ਉਹਨਾਂ ਨੇ ਭਾਰਤੀ ਸੈਨਾ 'ਤੇ ਸਵਾਲ ਕਰਦਿਆਂ ਕਿਹਾ ਹੈ ਕਿ ਸਾਨੂੰ ਤਾਂ ਕਿਸੇ ਸਟਰਾਇਕ ਦਾ ਪਤਾ ਹੀ ਨਹੀਂ ਲੱਗਾ ਕਿ ਕਿੰਨੇ ਬੰਦੇ ਮਾਰੇ ਗਏ ਹਨ ਅਰਥਾਤ ਉਹਨਾਂ ਦੀ ਨਜ਼ਰ ਦੇ ਵਿੱਚ ਬੰਦਿਆਂ ਦਾ ਮਰਨਾ ਕਿਸੇ ਵੀ ਭਾਰਤੀ ਦਾ ਮਰਨਾ ਕੋਈ ਅਹਿਮੀਅਤ ਨਹੀਂ ਹੈ ਤੇ ਇਹ ਉਸ ਮੁੱਖ ਮੰਤਰੀ ਦੇ ਸ਼ਬਦ ਹਨ ਜੋ ਪੰਜਾਬ ਦਾ ਦਲਿਤ ਚਿਹਰਾ ਸੀ ਅਤੇ ਜੋ ਆਪਣੇ ਆਪ ਨੂੰ ਪੜ੍ਹਿਆ ਲਿਖਿਆ ਮੁੱਖ ਮੰਤਰੀ ਵੀ ਕਹਿੰਦਾ ਸੀ। ਇਹ ਸ਼ਰਮਸਾਰ ਦੀ ਗੱਲ ਹੈ ਅਤੇ ਬੇਸ਼ਰਮੀ ਦੀ ਗੱਲ ਹੈ ਕਿ ਆਪਣੇ ਦਿੱਲੀ ਦੇ ਹਾਈਕਮਾਂਡ ਨੂੰ ਖੁਸ਼ ਕਰਨ ਵਾਸਤੇ ਉਹ ਕੀ ਕਹਿ ਗਏ ਹਨ। ਰਾਜਨੀਤਿਕ ਪਾਰਟੀਆਂ ਵਿੱਚ ਆਪਸੀ ਝਗੜੇ ਹੁੰਦੇ ਹਨ ਪਰੰਤੂ ਜਦੋਂ ਦੇਸ਼ 'ਤੇ ਕੋਈ ਸੰਕਟ ਆਵੇ ਤਾਂ ਉਦੋਂ ਦੇਸ਼ ਪਹਿਲੇ ਹੋਣਾ ਚਾਹੀਦਾ ਹੈ ਇਹ ਉਹ ਪਾਰਟੀ ਤੇ ਉਹ ਮੁੱਖ ਮੰਤਰੀ ਕਹਿੰਦਾ ਹੈ।

ਪੰਜਾਬ ਦੀ ਧਰਤੀ ਤੇ ਜਿਸਨੂੰ ਦੇਸ਼ ਨਾਲ ਕੋਈ ਵੀ ਹਮਦਰਦੀ ਨਹੀਂ, ਜਿਸ ਨੂੰ ਸਰਹੱਦੀ ਸੂਬਾ ਪੰਜਾਬ ਦੇ ਹੋਣ 'ਤੇ ਵੀ ਕੋਈ ਹਮਦਰਦੀ ਨਹੀਂ। ਉਹ ਸੈਨਾ ਤੋਂ ਸਵਾਲ ਪੁੱਛਦੇ ਹਨ ਪ੍ਰਧਾਨ ਮੰਤਰੀ ਤੋਂ ਸਵਾਲ ਪੁੱਛਦੇ ਹਨ ਅਤੇ ਇਹ ਸਵਾਲ ਐਨੇ ਝੂਠੇ ਹਨ ਕਿ ਜਿਨ੍ਹਾਂ ਦਾ ਕੋਈ ਜਵਾਬ ਨਹੀਂ ਹੈ।

ਇੱਕ ਸਵਾਲ ਕੀਤਾ ਜਾ ਸਕਦਾ ਹੈ ਕਿ ਇਸ ਵੇਲੇ ਜਦੋਂ ਭਾਰਤ ਪਾਕਿਸਤਾਨ ਵਿੱਚ ਇਹੋ ਜਿਹੀ ਕਸ਼ੀਦਗੀ ਭਰੇ ਸਬੰਧ ਬਣ ਗਏ ਹਨ ਜਦੋਂ ਦੁਬਾਰਾ ਆਰਮੀ ਸਟਰਾਈਕ ਕਰਨ ਜਾ ਰਹੀ ਹੋਵੇ ਦੇਸ਼ ਇਕ ਤਰ੍ਹਾਂ ਦੇ ਇੱਕਮੁੱਠਤਾ ਵਾਲੇ ਸੰਕਟ ਵਿੱਚੋਂ ਲੰਘ ਰਿਹਾ ਹੋਵੇ ਤੇ ਫ਼ਿਰ ਇਸ ਤਰ੍ਹਾਂ ਦੇ ਬਿਆਨ ਦੇਣਾ ਕਿਹੜੇ ਅਕਲਮੰਦ ਦੀ ਨਿਸ਼ਾਨੀ ਹੈ ਕਿ ਸਾਡੇ ਪੰਜਾਬ ਦੇ ਰਾਜਨੀਤੀਵਾਨ ਕਦੀ ਇਸਨੂੰ ਸੋਚਣਗੇ ਕਿ ਕਦੀ ਤੇ ਆਪਣਾ ਸਿਰ ਪਕੜ ਕੇ ਦੇਖੋ ਕਿ ਤੁਸੀਂ ਅਕਸਰ ਚਾਹੁੰਦੇ ਕੀ ਹੋ, ਤੁਸੀਂ ਆਪਣੇ ਦੇਸ਼ ਦਾ ਤੇ ਆਪਣੇ ਪੰਜਾਬ ਦੀ ਧਰਤੀ ਦਾ ਕਦੀ ਤਾਂ ਭਲਾ ਮੰਗੋ।

ਕੀ ਇਹ ਸੱਚ ਨਹੀਂ ਹੈ ਕਿ ਤੁਹਾਡੇ ਤਿੰਨ ਮਹੀਨਿਆਂ ਦੇ ਕਾਰਜ ਕਾਲ ਵਿੱਚ ਕੀ ਨਹੀਂ ਹੋਇਆ। ਕੋਈ ਇਕ ਕੰਮ ਜਿਹੜਾ ਪਿਛਲੇ ਮੁੱਖ ਮੰਤਰੀਆਂ ਨੇ ਨਾ ਕੀਤਾ ਹੋਵੇ ਤੇ ਜਿਹੜਾ ਵਰਤਮਾਨ ਵਿੱਚ ਨਾ ਹੋਵੇ ਤੇ ਜਿਹੜਾ ਤੁਸੀਂ ਛੱਡਿਆ ਹੋਵੇ ਉਹ ਕੀ ਨਹੀਂ ਕੀਤਾ। ਇਸ ਲਈ ਮਿਹਰਬਾਨੀ ਇਹ ਹੈ ਕਿ ਪੰਜਾਬ ਨੂੰ ਪੰਜਾਬ ਰਹਿਣ ਦਿਓ ਤੇ ਆਪਣੀ ਸੂਰਮਗਤੀ ਆਪਣੇ ਹਾਈ ਕਮਾਂਡ ਨੂੰ ਦਿਖਾਉਣ ਵਾਸਤੇ ਪੰਜਾਬ ਦੀ ਭਾਸ਼ਾ ਸੰਸਕ੍ਰਿਤੀ ਅਤੇ ਪੰਜਾਬ ਦੀ ਪੱਗੜੀ ਨੂੰ ਕਲੰਕਤ ਨਾ ਕਰੋ। ਪੰਜਾਬ ਤੁਹਾਡੇ ਤੋਂ ਹਮੇਸ਼ਾ ਜਵਾਬ ਮੰਗਦਾ ਹੈ। ਸਭਨਾਂ ਸਾਰੀਆਂ ਰਾਜਨੀਤਿਕ ਪਾਰਟੀਆਂ ਨੂੰ ਜਿਨ੍ਹਾਂ ਦੇ ਚਲਦੇ ਇਹ ਸਭ ਕੁੱਝ ਹੋਇਆ ਹੈ। ਸਰਕਾਰਾਂ ਬਦਲਦੀਆਂ ਨੇ ਸਰਕਾਰਾਂ ਜਾਂਦੀਆਂ ਨੇ ਦੇਸ਼ ਜ਼ਿੰਦਾ ਰਵੇਗਾ। ਪੰਜਾਬ ਦੀ ਧਰਤੀ ਸੱਭਿਆਚਾਰ ਭਾਸ਼ਾ ਜ਼ਿੰਦਾ ਰਹੇਗੀ ਤਾਂ ਤੁਸੀਂ ਉਹ ਨਹੀਂ ਤੇ ਤੁਹਾਡਾ ਵਜੂਦ ਆਉਣ ਵਾਲੇ ਦਿਨਾਂ ਦੇ ਵਿੱਚ ਨਵੀਂ ਪੀੜ੍ਹੀ ਉਸ ਤਰ੍ਹਾਂ ਮਿਟਾ ਦੇਵੇਗੀ ਜਿਵੇਂ ਕ੍ਰਾਂਤੀ ਹੁੰਦੀ ਹੈ। ਇਤਿਹਾਸ ਗਵਾਹ ਹੈ ਕਿ ਤੁਸੀਂ ਹੁਣ ਉਸ ਓਬੇਸੀ ਵੱਲ ਦੇਖੋ ਜਿਸਨੇ ਸਭ ਤੋਂ ਪਹਿਲਾਂ ਇਹ ਕਿਹਾ ਕਿ ਇਸ ਵਕਤ ਉਹ ਸਰਕਾਰ ਦੇ ਨਾਲ ਹਨ। ਸਾਡੇ ਅੰਦਰਲੇ ਮਸਲੇ ਹਨ ਅਸੀਂ ਪ੍ਰਧਾਨ ਮੰਤਰੀ ਨੂੰ ਮਿਲ ਕੇ ਸਰਕਾਰ ਨੂੰ ਮਿਲ ਕੇ ਹੱਲ ਕਰ ਲਵਾਂਗੇ ਜਾਂ ਪ੍ਰੋਟੈਸਟ ਕਰਨਾ ਸਾਡਾ ਹੱਕ ਹੈ ਪਰੰਤੂ ਇਸ ਵਕਤ ਅਸੀਂ ਸਰਕਾਰ ਦੇ ਨਾਲ ਹਾਂ।

ਕੀ ਕਾਂਗਰਸ ਪਾਰਟੀ ਦੇ ਨੇਤਾ ਵੀ ਇਸ ਤਰ੍ਹਾਂ ਦੀ ਜਵਾਬਦਾਰੀ ਤੈਅ ਕਰ ਸਕਦੇ ਹਨ। ਸ਼ਾਇਦ ਕਦੀ ਨਹੀਂ।

ਉਹਨਾਂ ਨੇ ਤਾਂ ਵੋਟਾਂ ਦੀ ਰਾਜਨੀਤੀ ਕਰਨੀ ਹੈ ਅਤੇ ਵੋਟਾਂ ਦੀ ਫ਼ਸਲ ਵੱਢਣ ਵਾਸਤੇ ਹਰ ਵਕਤ ਤਿਆਰੀ ਕਰਨੀ ਹੈ, ਪੰਜਾਬ ਜਿੱਥੇ ਜਾਂਦਾ ਹੈ ਜਾਵੇ। ਦੇਸ਼ ਦੀ ਕੋਈ ਪਰਵਾਹ ਨਹੀਂ ਤੇ ਸ਼ਰਮ ਦੀ ਵੀ ਕੋਈ ਪਰਵਾਹ ਨਹੀਂ, ਇਹ ਸਾਡਾ ਹਾਲ ਹੈ। ਇਸ ਤਰ੍ਹਾਂ ਪਾਣੀਆਂ ਦਾ ਮਸਲਾ ਵੀ ਇਕ ਟੇਢਾ ਸਵਾਲ ਬਣ ਗਿਆ ਹੈ। ਮੁੱਖ ਮੰਤਰੀ ਜਿਸ ਤਰ੍ਹਾਂ ਸਰਬ ਪਾਰਟੀ ਸਦਕੇ ਇਸ ਮਸਲੇ ਨੂੰ ਹੱਲ ਕਰਨਾ ਚਾਹੁੰਦੇ ਹਨ ਸ਼ਾਇਦ ਸੈਂਟਰ ਨੂੰ ਕਦੀ ਵੀ ਪਸੰਦ ਨਹੀਂ ਹੋਵੇਗਾ। ਸਾਨੂੰ ਇਹ ਦੇਖਣਾ ਚਾਹੀਦਾ ਹੈ ਕਿ ਮੁੱਖ ਮੰਤਰੀ ਦਾ ਅਹੁਦਾ ਇਕ ਵੱਕਾਰੀ ਅਹੁਦਾ ਹੈ ਤੇ ਉਸਦੇ ਨਾਲ ਪੂਰੀ ਰਾਜ ਸਰਕਾਰ ਦਾ ਮਾਣ ਮਰਿਆਦਾ ਤੇ ਰੰਗ ਢੰਗ ਜੁੜਿਆ ਹੋਇਆ ਹੈ ਪ੍ਰੰਤੂ ਵਿਰੋਧ ਮੁੱਦਿਆਂ 'ਤੇ ਹੋਣਾ ਚਾਹੀਦਾ ਹੈ ਤੇ ਉਹ ਮੁੱਦੇ ਸੰਵਿਧਾਨਿਕ ਦੇ ਦਾਇਰੇ ਵਿੱਚ ਬੈਠ ਕੇ ਤੈਅ ਹੋਣੇ ਚਾਹੀਦੇ ਹਨ ਇੱਕ ਸੰਜਮੀ ਭਾਸ਼ਾ ਦੇ ਨਾਲ।

ਇੱਕ ਉਸ ਭਾਸ਼ਾ ਜਿਸ ਦੇ ਵਿੱਚ ਦਲੀਲ ਹੋਵੇ ਉਸ ਨਾਲ ਕਈ ਮਸਲੇ ਟੇਬਲ 'ਤੇ ਬੈਠ ਕੇ ਹੱਲ ਕੀਤੇ ਜਾਂਦੇ ਹਨ ਅਤੇ ਦੁਨੀਆ ਦੀ ਕੋਈ ਐਸੀ ਚੀਜ਼ 'ਤੇ ਮਸਲਾ ਨਹੀਂ ਹੈ ਜੋ ਇਸ ਤਰ੍ਹਾਂ ਹੱਲ ਨਹੀਂ ਕੀਤਾ ਜਾ ਸਕਦਾ ਤੇ ਫ਼ਿਰ ਪਾਣੀਆਂ ਦਾ ਮਸਲਾ ਐਡਾ ਕਿਹੜੀ ਗੱਲ ਹੈ। ਕੱਲ੍ਹ ਤੱਕ ਹਰਿਆਣਾ ਜੋ ਪੰਜਾਬ ਦਾ ਹਿੱਸਾ ਸੀ। ਕੇਂਦਰ ਸਰਕਾਰ ਵੀ ਆਪਣੀ ਹੈ। ਪੰਜਾਬ ਸਰਕਾਰ ਤੇ ਹਰਿਆਣਾ ਸਰਕਾਰ ਵੀ ਆਪਣੀ ਹੈ, ਕੋਈ ਵਿਰੋਧੀ ਨਹੀਂ ਹੈ ਕਿ ਜਿਨ੍ਹਾਂ ਨਾਲ ਇਸ ਤਰ੍ਹਾਂ ਲੜਾਈ ਕੀਤੀ ਜਾਵੇ। ਬੈਠ ਕੇ ਹੱਲ ਕੀਤਾ ਜਾ ਸਕਦਾ ਹੈ ਪਰੰਤੂ ਜਿਸ ਤਰ੍ਹਾਂ ਪੰਜਾਬ ਦੇ ਰਾਜਨੀਤੀਵਾਨ ਵਿਸ਼ੇਸ਼ ਕਰਕੇ ਸੱਤਾ ਵਿੱਚ ਲੋਕ ਤੇ ਉਹਨਾਂ ਦੇ ਆਗੂ ਜਿਨ੍ਹਾਂ ਨੂੰ ਪਾਣੀ ਅਤੇ ਪਾਣੀਆਂ ਦੀ ਰਾਜਨੀਤੀ ਦਾ ਕੁੱਝ ਪਤਾ ਹੀ ਨਹੀਂ ਹੈ, ਉਹ ਜਿਸ ਤਰ੍ਹਾਂ ਦੇ ਬਿਆਨ ਅਤੇ ਅਨਪੜ੍ਹਤਾ ਦਾ ਮਾਹੌਲ ਪੈਦਾ ਕਰ ਰਹੇ ਹਨ ਉਹ ਪੰਜਾਬ ਦਾ ਮਾਹੌਲ ਨਹੀਂ ਹੈ।

ਪੰਜਾਬ ਉਹ ਧਰਤੀ ਹੈ, ਜਿੱਥੇ ਗੁਰਮਤਿ ਹੈ, ਜਿੱਥੇ ਸਾਂਝੀਵਾਲਤਾ ਹੈ ਜਿੱਥੇ ਭਾਸ਼ਾ ਵਿੱਚ ਹਲੀਮੀ ਹੈ, ਜਿੱਥੇ ਮਿਠਤ ਨੀਵੀਂ ਨਾਨਕਾ ਗੁਣ ਚੰਗਿਆਈਆ ਤਤੁ ਤੇ ਸਰਬਤ ਦੇ ਭਲੇ ਦੀ ਗੱਲ ਹੁੰਦੀ ਹੈ। ਉਸ ਪੰਜਾਬ ਤੋਂ ਸੱਭਿਅਤਾ ਲੋਕ ਸਿੱਖਦੇ ਹਨ ਕਿ ਅਸੀਂ ਆਉਣ ਵਾਲੇ ਦਿਨਾਂ ਦੇ ਵਿੱਚ ਇਹ ਦੇਖ ਸਕਦੇ ਹਾਂ ਕਿ ਅਸੀਂ ਰਾਜਨੀਤੀ ਵਿੱਚ ਲੱਗੇ ਹੋਏ ਲੋਕਾਂ ਦੀ ਭਾਵੇਂ ਉਹ ਕੋਈ ਵੀ ਰਾਜਨੀਤਿਕ ਪਾਰਟੀ ਹੋਵੇ ਉਹਨਾਂ ਦੀ ਜ਼ੁਬਾਨ 'ਤੇ ਇਕ ਮਿਆਰੀ ਜ਼ੁਬਾਨ ਭਾਸ਼ਾ ਤੇ ਸੱਭਿਆਚਾਰ ਦਾ ਇੱਕ ਪੰਜਾਬੀਅਤ ਦਾ ਰੋਲ ਹੋਵੇ ਤੇ ਜੇ ਵੋਟਾਂ ਦੀ ਰਾਜਨੀਤੀ ਗਾਲੀ ਗਲੋਚ ਅਤੇ ਗੈਂਗਸਟਰ ਦੇ ਮੁੱਦਿਆਂ ਦੇ ਨਾਲ ਨਸ਼ਾ ਵੇਚ ਕੇ ਹੀ ਹੋਣੀ ਹੈ ਤੇ ਫ਼ਿਰ ਰੱਬ ਰਾਖਾ ਹੈ ਪ੍ਰੰਤੂ ਇਹ ਵਕਤ ਇਸ ਤਰ੍ਹਾਂ ਦਾ ਨਹੀਂ ਹੈ।

ਇਹ ਵਕਤ ਹੈ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਤੇ ਵਕਾਰ ਦਾ, ਜਿਸ ਨੂੰ ਸਮਝਣ ਦੀ ਜ਼ਰੂਰਤ ਹੈ ਅਤੇ ਪੰਜਾਬ ਦੇ ਇਹਨਾਂ ਬੇਸ਼ਰਮ ਅਤੇ ਵੋਟਾਂ ਦੀ ਰਾਜਨੀਤੀ ਅਤੇ ਆਪਣੇ ਘਰਾਂ ਦੀ ਰਾਜਨੀਤੀ ਤੇ ਪਰਿਵਾਰਾਂ ਦੀ ਰਾਜਨੀਤੀ ਵਿੱਚ ਚੂਰ ਹੋ ਚੁੱਕੇ ਰਾਜਨੀਤੀ ਵਾਲੇ ਲੋਕਾਂ ਨੂੰ ਸ਼ਰਮ ਨਾਲ ਆਪਣੇ ਅੰਦਰ ਝਾਕਣ ਦੀ ਲੋੜ ਹੈ।

ਕੀ ਇਸ ਦਾ ਕੋਈ ਜਵਾਬ ਹੈ। ਲੋਕ ਜਵਾਬ ਮੰਗਦੇ ਹਨ। ਪੰਜਾਬ ਪੰਜਾਬੀ ਤੇ ਪੰਜਾਬੀਅਤ ਘੇਰੇ ਦੇ ਲੋਕ ਜਵਾਬ ਮੰਗਦੇ ਹਨ। ਇਹ ਉਸ ਥਾਂ ਦਾ ਮਸਲਾ ਹੈ ਜਦੋਂ ਸਰਕਾਰ ਹਾਰ ਜਾਂਦੀ ਹੈ, ਲੋਕ ਜਿੱਤ ਜਾਂਦੇ ਹਨ। ਹੁਣ ਦੇਖਣਾ ਇਹ ਹੈ ਕਿ ਆਉਣ ਵਾਲੇ ਦਿਨਾਂ ਦੇ ਵਿੱਚ ਅਸੀਂ ਭਾਸ਼ਾ ਦੀ ਇਸ ਖੱਜਲਖੁਆਰੀ ਅਤੇ ਗਾਲੀਗਲੋਚ ਦੀ ਭਾਸ਼ਾ ਤੋਂ ਇਕ ਸੰਜਮ ਦੀ ਭਾਸ਼ਾ ਨਾਲ ਪੰਜਾਬ ਦੇ ਮਸਲਿਆਂ ਨੂੰ ਹੱਲ ਹੁੰਦਾ ਦੇਖੀਏ ਕਿ ਸਾਡੇ ਰਾਜਨੀਤਿਕ ਪਾਰਟੀਆਂ ਦੇ ਆਗੂ ਤੇ ਰਾਜਨੀਤਿਕ ਪਾਰਟੀਆਂ ਦੇ ਛੁੱਟ ਭਈਏ ਨੇਤਾ ਕਦੀ ਇਹ ਸੋਚਣਗੇ ਕਿ ਇਹ ਪੰਜਾਬ ਹੈ, ਜਿਸ ਵਲ ਦੁਨੀਆ ਤਹਿਜ਼ੀਬ ਨਾਲ ਅਮਨ ਅਤੇ ਸ਼ਾਂਤੀ ਦੇ ਪੈਗਾਮ ਨੂੰ ਸਰਬੱਤ ਦੇ ਭਲੇ ਦੀ ਦੁਆ ਨੂੰ ਦੇਖਦੀ ਹੈ ਰੱਬ ਰਾਖਾ।

# ਸਰਹੱਦਾਂ ਦਾ ਰਾਖਾ ਰਿਹਾ ਬ੍ਰਿਗੇਡੀਅਰ, ਹੁਣ ਮਾਂ-ਬੋਲੀ ਦਾ ਰਖਵਾਲਾ ਬਣਿਆ



ਡਾ. ਕੁਲਵੰਤ ਕੌਰ
ਮੋ: 98156-20515

ਅੱਜ ਇਕ ਅਲੱਗ ਜਿਹੇ ਵਿਸ਼ੇ ਬਾਰੇ ਕਲਮ ਚਲਾਉਂਦਿਆਂ, ਜਿਉਂ ਹੀ ਅੰਮ੍ਰਿਤ ਵੇਲੇ ਲਿਖਣ ਤੋਂ ਪਹਿਲਾਂ ਮਨ ਇਕਾਗਰ ਕਰਨਾ ਲੋਚਿਆ ਤਾਂ ਵਾਰ-ਵਾਰ ਇਕੋ ਤੁਕ ਨੇ ਸਮੁੱਚਾ ਧਿਆਨ ਮੱਲੀ ਰੱਖਿਆ:-

**ਜੈਸੀ ਆਗਿਆ ਤੈਸਾ ਕਰਮ**

ਜਾਣੀ ਕਿ ਸਭੋ ਕੁਝ ਉਸੇ ਦੇ ਹੁਕਮ ਵਿਚ ਵਰਤ ਰਿਹਾ ਹੈ। ਜਿਹੋ ਜਿਹਾ ਸੇਵਾ (ਡਿਊਟੀ) ਉਸ ਨੇ ਲਾ ਕੇ ਸਾਨੂੰ ਮਾਤ-ਲੋਕ ਵਿਚ ਭੇਜਿਆ ਹੈ, ਉਸੇ ਉਸੇ ਤਰ੍ਹਾਂ ਦੇ ਸਾਡੇ ਕਰਮ ਬਣਦੇ ਤੇ ਬਦਲਦੇ ਜਾਂਦੇ ਹਨ। ਅੱਜ ਦੇ ਵਿਸ਼ੇ ਦੇ ਨਾਇਕ, ਬ੍ਰਿਗੇਡੀਅਰ ਕੁਲਦੀਪ ਸਿੰਘ ਕਾਹਲੋਂ ਜੋ ਤਿੰਨ ਦਹਾਕਿਆਂ ਤੋਂ ਵੀ ਵੱਧ ਅਰਸਾ, ਬਰਫ਼ੀਲੇ, ਪਥਰੀਲੇ, ਕਕਰੀਲੇ ਤੇ ਜੰਗਲੀ ਇਲਾਕਿਆਂ ਵਿਚ ਵਿਚਰਦਿਆਂ ਭਾਰਤ ਦੀਆਂ ਸਰਹੱਦ ਦੀਆਂ ਰਾਖੀ ਕਰਦੇ ਜੰਗਾਂ-ਯੁੱਧਾਂ ਦੀ ਗਾਥਾ ਬਣਦੇ ਰਹੇ ਹਨ, ਹੁਣ ਪੂਰੀ ਸ਼ਿੱਦਤ, ਜਜ਼ਬੇ, ਤਤਪਰਤਾ, ਨਿਸ਼ਠਾ ਅਤੇ ਸਿਦਕਦਿਲੀ ਨਾਲ ਮਾਂ-ਬੋਲੀ ਪੰਜਾਬੀ ਦੇ ਰਖਵਾਲੇ ਬਣ ਕੇ ਨਾ ਕੇਵਲ ਆਪ ਜੂਝ ਰਹੇ ਹਨ ਸਗੋਂ ਅਣਗਿਣਤ ਹੋਰਨਾਂ ਲਈ ਵੀ ਪ੍ਰੇਰਨਾਸ੍ਰੋਤ ਬਣ ਕੇ ਸਾਹਮਣੇ ਆਏ ਹਨ। ਆਜੀਵਨ, ਆਪਣੇ ਫੌਜੀ ਰਿਸ਼ਤੇਦਾਰਾਂ, ਸਾਥੀਆਂ ਅਤੇ ਹੋਰ ਲੋਕਾਂ ਨੂੰ ਪਟਰ-ਪਟਰ ਅੰਗਰੇਜ਼ੀ ਤੇ ਹਿੰਦੀ ਬੋਲਦੇ ਹੀ ਸੁਣਿਆ ਹੈ ਅਤੇ ਬਹੁਤ ਹੀ ਘੱਟ ਉਦਾਹਰਨਾਂ ਹਨ ਜਿੱਥੇ ਕੋਈ ਐਨੇ ਉੱਚੇ ਫੌਜੀ ਅਹੁਦੇ ਤੋਂ ਸੇਵਾ-ਮੁਕਤ ਹੋਇਆ ਸੱਜਣ, ਸਾਡੇ ਜਿਹੇ ਸਾਰੀ ਉਮਰ ਪੰਜਾਬੀ ਅਧਿਐਨ ਤੇ ਅਧਿਆਪਨ ਨਾਲ ਵਾਬਸਤਾ ਰਹੇ ਸ਼ੁੱਧ ਪੰਜਾਬੀਆਂ ਤੋਂ ਵੀ ਵੱਧ ਠੇਠਤਾ, ਵਿਭਿੰਨਤਾ ਅਤੇ ਮੁਹਾਰਿਤ ਨਾਲ, ਆਪਣੇ ਖ਼ੂਬਸੂਰਤ ਤੇ ਵਿਲੱਖਣ ਵਿਚਾਰ ਪ੍ਰਗਟਾ ਸਕਦਾ ਹੋਵੇ।

ਵਿਰਸੇ ਵਿਚ ਮਿਲੀ ਅੰਮ੍ਰਿਤ ਵੇਲੇ ਜਾਗਣ ਦੀ ਗੁੜ੍ਹਤੀ ਦਾ ਹੀ ਕਮਾਲ ਕਿਹਾ ਜਾ ਸਕਦਾ ਹੈ ਕਿ ਕਾਹਲੋਂ ਸਾਹਿਬ ਨੇ ਨਾ ਕੇਵਲ ਫ਼ੌਜ ਤੇ ਫ਼ੌਜੀ ਜੀਵਨ ਦੀਆਂ ਸਮੇਂ-ਸਮੇਂ ਪੈਦਾ ਹੁੰਦੀਆਂ ਪੇਚੀਦੀਗੀਆਂ, ਮੁਸ਼ਕਲਾਂ ਤੇ ਸਮੱਸਿਆਵਾਂ ਬਾਰੇ ਕਲਮ ਚਲਾਈ ਹੈ ਬਲਕਿ ਜਵਾਨੀ, ਕਿਸਾਨੀ ਤੇ ਹੋਰ ਸਾਰੇ ਸਮਾਜਿਕ ਮੁੱਦਿਆਂ ਨੂੰ ਵੀ ਗੰਭੀਰਤਾ ਨਾਲ ਮਹਿਸੂਸਦਿਆਂ ਆਪਣੇ ਬੇਬਾਕ ਤੇ ਖੁੱਲ੍ਹੇ ਵਿਚਾਰ ਪਾਠਕਾਂ ਦੀ ਕਚਹਿਰੀ 'ਚ ਰੱਖੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸ਼ੁਰੂ-ਸ਼ੁਰੂ ਵਿਚ, ਉਨ੍ਹਾਂ ਨੇ ਅੰਗਰੇਜ਼ੀ ਵਿਚ ਲਿਖਣਾ ਆਰੰਭਿਆ ਸੀ ਪਰੰਤੂ ਜਿਵੇਂ ਸ੍ਰੀ ਰਬਿੰਦਰ ਨਾਥ ਟੈਗੋਰ ਨੇ ਸਾਡੇ ਆਹਲਾ ਲੇਖਕਾਂ- ਸ੍ਰੀ ਬਲਰਾਜ ਸਾਹਨੀ ਤੇ ਸ੍ਰੀ ਬਲਵੰਤ ਗਾਰਗੀ ਨੂੰ ਮਾਂ-ਬੋਲੀ ਪੰਜਾਬੀ 'ਚ ਲਿਖਣ ਲਈ ਪ੍ਰੇਰਿਆ ਸੀ ਤਿਵੇਂ ਹੀ ਮਰਹੂਮ ਪੱਤਰਕਾਰ ਸ਼ਿੰਗਾਰਾ ਸਿੰਘ ਭੁੱਲਰ ਅਤੇ ਸ੍ਰੀ ਵਰਿੰਦਰ ਵਾਲੀਆ ਦੀ ਪ੍ਰੇਰਨਾ ਨੇ ਬ੍ਰਿਗੇਡੀਅਰ ਸਾਹਿਬ ਨੂੰ ਮਾਂ-ਬੋਲੀ ਦਾ ਲੜ ਫੜਣ ਲਈ ਉਕਸਾਇਆ। ਬਸ, ਫੇਰ ਕੀ ਸੀ, ਢਾਈ ਦਹਾਕਿਆਂ ਦਾ ਸਫ਼ਰ, ਮਾਂ-ਬੋਲੀ ਨਾਲ ਜਨੂੰਨ ਪਾਲਣ ਵਾਲਾ ਸਿੱਧ ਹੋਇਆ। ਉਨ੍ਹਾਂ ਨੂੰ ਗਿਲਾ ਹੈ ਸਾਡੇ ਦਫ਼ਤਰੀ ਅਧਿਕਾਰੀਆਂ 'ਤੇ, ਪੰਜਾਬੀ ਦੀ ਪ੍ਰਫੁੱਲਤਾ ਲਈ ਪ੍ਰਤਿਬੱਧ ਅਫਸਰਾਂ ਤੇ ਅਤੇ ਸਮੁੱਚੀ ਅਵਾਮ 'ਤੇ ਵੀ ਜੋ ਮਾਂ-ਬੋਲੀ ਨੂੰ ਅਣਗੌਲ ਕੇ ਹੋਰਨਾਂ ਭਾਸ਼ਾਵਾਂ ਨੂੰ ਪ੍ਰਮੁੱਖਤਾ ਦਿੰਦੇ ਹਨ। ਜਿਵੇਂ ਬਾਬੂ ਫ਼ੀਰੋਜ਼ਦੀਨ ਸ਼ਰਫ ਨੇ ਵੀ ਕਦੇ ਬੜਾ ਵੱਡਾ ਸ਼ਿਕਵਾ ਕੀਤਾ ਸੀ

**ਪੁੱਛੀ ਸ਼ਰਫ਼ ਨਾ ਜਿਨ੍ਹਾਂ ਨੇ ਬਾਤ ਮੇਰੀ,**
**ਵੇ ਮੈਂ ਬੋਲੀ ਹਾਂ ਉਨ੍ਹਾਂ ਪੰਜਾਬੀਆਂ ਦੀ।**

ਇਹ ਗੱਲ ਸਾਡੇ ਮਹਾਨ ਮਹਾਰਾਜੇ (ਰਣਜੀਤ ਸਿੰਘ) 'ਤੇ ਵੀ ਲਾਗੂ ਹੁੰਦੀ ਹੈ, ਜਿਸ ਨੇ ਹੋਰ ਹਰ ਮਾਅਰਕੇ ਮਾਰ ਕੇ ਇਕ ਵਿਸ਼ਾਲ, ਨਿਰਪੱਖ ਅਤੇ ਸ਼ਾਨਦਾਰ ਸਿੱਖ ਰਾਜ ਤਾਂ ਸਥਾਪਿਤ ਕੀਤਾ ਸੀ ਪ੍ਰੰਤੂ ਮਾਂ-ਬੋਲੀ ਤੇ ਗੁਰੂ ਪਾਤਿਸ਼ਾਹੀਆਂ ਦੀ ਭਾਸ਼ਾ ਨੂੰ ਅਣਗੌਲਿਆ ਕੀਤਾ ਅਤੇ ਦਰਬਾਰੀ ਭਾਸ਼ਾ ਫਾਰਸੀ ਹੀ ਰੱਖੀ। ਗੁਰਭਜਨ ਗਿੱਲ ਦਾ ਇਹ ਸ਼ਿਅਰ ਵੀ ਇਥੇ ਬੜਾ ਵਜ਼ਨਦਾਰ ਜਾਪਦਾ ਹੈ :-

**ਮਾਂ ਬੋਲੀ, ਮਾਂ ਜਣਨੀ, ਧਰਤੀ ਮਾਤਾ ਕੋਲੋਂ**
**ਟੁੱਟ ਕੇ ਬੰਦਾ, ਮਰਦਾ ਮਰਦਾ ਮਰ ਜਾਂਦਾ ਹੈ।**
**ਅਤੇ**
**ਆਪਣੇ ਜਾਚੇ, ਉਹ ਤਾਂ ਵੱਡੇ ਘਰ ਜਾਂਦਾ ਹੈ**
**ਵਿਚ ਸਮੁੰਦਰ ਜਾ ਕੇ ਦਰਿਆ ਮਰ ਜਾਂਦਾ ਹੈ।**

ਮਾਝੇ ਦੀ ਸ਼ਾਨ, ਚੰਡੀਗੜ੍ਹ ਦਾ ਮਾਣ ਅਤੇ ਮਾਂ ਬੋਲੀ ਪੰਜਾਬੀ ਦੀ ਪਹਿਚਾਣ ਬ੍ਰਿਗੇਡੀਅਰ ਕੁਲਦੀਪ ਸਿੰਘ ਕਾਹਲੋਂ, ਅੱਜ ਕਿਸੇ ਉਚੇਚੀ ਜਾਣ ਪਛਾਣ ਦੇ ਮੁਥਾਜ਼ ਨਹੀਂ ਹਨ। ਗਿਆਨੀ ਪ੍ਰੀਤਮ ਸਿੰਘ ਜੀ ਤੇ ਮਾਤਾ ਜਸਵੰਤ ਕੌਰ ਜੀ ਦੀਆਂ ਅੱਖਾਂ ਦੇ ਤਾਰੇ ਨਿਰਸੰਦੇਹ ਪੂਰੇ ਹਿੰਦ ਦੇ ਦਿਲਦਾਦਾ ਬਣੇ। ਮਾਪਿਆਂ ਵੱਲੋਂ ਮਿਲੇ ਵਧੀਆ ਸੰਸਕਾਰਾਂ ਦੀ ਬਦੌਲਤ ਅਤੇ ਸਿੱਖ ਨੈਸ਼ਨਲ ਕਾਲਜ ਕਾਦੀਆਂ ਵਿਖੇ ਲੱਗੀ ਗੁਰਮਤਿ ਜਾਗ ਕਾਰਨ ਕਾਹਲੋਂ ਸਾਹਿਬ ਦੀ ਸ਼ਖਸੀਅਤ ਦੀ ਉਸਾਰੀ ਬੜੀ ਸੰਤੁਲਿਤ, ਸਰਬ ਸਾਂਝੀ ਅਤੇ ਬਹੁਮੁਖੀ ਹੋਈ। ਨਤੀਜਤਨ, ਕੋਈ ਵਿਸ਼ਾ ਉਨ੍ਹਾਂ ਲਈ ਓਪਰਾ, ਵਰਜਿਤ ਅਤੇ ਅਛੂਹ ਨਾ ਰਿਹਾ। ਕੁਦਰਤ, ਕਾਦਰ ਤੇ ਕਾਇਨਾਤ ਦੇ ਰਹੱਸ ਸਮਝਣ ਵਾਲਾ ਵਿਅਕਤੀ ਹੀ ਅੰਮ੍ਰਿਤ ਵੇਲੇ ਜਾਗ ਕੇ ਅਸੀਮ ਪ੍ਰਾਪਤੀਆਂ ਕਰ ਲੈਣ ਦੇ ਸਮਰੱਥ ਹੋ ਸਕਦਾ ਹੈ। ਸੁਪ੍ਰਸਿੱਧ ਲੇਖਕ ਸ੍ਰ. ਖੁਸ਼ਵੰਤ ਸਿੰਘ ਜੀ ਦੀਆਂ ਪੈੜਾਂ ਨੱਪਦੇ ਆਪ ਸੋਲਨ ਵੀ ਪਹੁੰਚ ਜਾਂਦੇ ਹਨ ਤੇ ਕਈ ਦਿੱਕਤਾਂ ਦੇ ਬਾਵਜੂਦ, ਉਥੇ ਰਹਿੰਦਿਆਂ, ਆਪਣੀ ਲੇਖਣੀ ਨੂੰ ਬਹੁ ਆਯਾਮ ਵੀ ਦਿੰਦੇ ਹਨ।

ਬਿਰਗੇਡੀਅਰ ਕਾਹਲੋਂ ਦੀ ਸ਼ਖਸੀਅਤ ਨੇ ਉਨ੍ਹਾਂ ਦੇ ਚਾਹੁੰਣ ਵਾਲਿਆਂ ਅਤੇ ਪ੍ਰੇਮੀਆਂ ਨੂੰ ਸਦਾ ਸਰਸ਼ਾਰ ਕੀਤਾ ਹੈ ਕਿਉਂਕਿ ਉਨ੍ਹਾਂ ਦੀ ਸ਼ਖਸੀਅਤ ਵਿਚ ਇਕ ਕਸ਼ਿਸ਼ ਹੈ, ਖਿੱਚ ਹੈ, ਬੁਲੰਦੀ ਹੈ ਅਤੇ ਸਮੇਂ ਨਾਲ ਗੁਫ਼ਤਗੂ ਕਰਨ ਦਾ ਵੱਲ ਵੀ। ਇਸੇ ਕਰਕੇ ਭਾਵੇਂ ਸੰਤ ਬਾਬਾ ਸੇਵਾ ਸਿੰਘ ਜੀ ਵੱਲੋਂ ਸਥਾਪਤ ਖਡੂਰ ਸਾਹਿਬ ਦੇ ਕਾਲਜ ਵਿਖੇ ਪਧਾਰਨ ਦਾ ਸ਼ੁਭ ਅਵਸਰ ਹੋਵੇ ਜਾਂ ਕਸੌਲੀ ਦੀਆਂ ਪਹਾੜੀਆਂ 'ਤੇ ਸੈਰ ਸਪਾਟਾ ਕਰਨ ਗਏ ਕਿਸੇ ਸਕੂਲ-ਮੁਖੀ ਦਾ ਪਰਿਵਾਰ ਹੋਵੇ, ਅਚਨਚੇਤ ਬ੍ਰਿਗੇਡੀਅਰ ਸਾਹਿਬ ਨੂੰ ਪਹਿਚਾਣ ਕੇ, ਉਨ੍ਹਾਂ ਨਾਲ ਮੇਲ ਮਿਲਾਪ ਕਰਨਾ ਤੇ ਖੁਸ਼ੀ ਦੇ ਕੁਝ ਪਲ ਸਾਂਝੇ ਕਰਦੇ ਕਾਹਲੋਂ ਸਾਹਿਬ ਲਈ ਆਨੰਦ ਪ੍ਰਾਪਤੀ ਤੋਂ ਇਲਾਵਾ, ਮਾਂ ਬੋਲੀ ਨਾਲ ਸਾਂਝ ਕਰਨ ਹੀ ਸੰਭਵ ਹੋ ਸਕਿਆ ਹੈ।

ਇਥੇ, ਮੈਨੂੰ ਵੀ ਇਕ ਵਾਕਿਆ ਯਾਦ ਆ ਗਿਆ ਹੈ। 2023 ਦੇ 14 ਅਕਤੂਬਰ ਨੂੰ ਮੈਂ ਪੰਥਕ ਤਾਲਮੇਲ ਸੰਗਠਨ (ਗਿਆਨੀ ਕੇਵਲ ਸਿੰਘ ਜੀ) ਦੇ ਸੱਦੇ 'ਤੇ ਬਹਿਬਲ ਕਲਾ ਦੇ ਰੋਸ ਪ੍ਰਦਰਸ਼ਨ 'ਚ ਸ਼ਮੂਲੀਅਤ ਕਰਨ ਜਾ ਰਹੀ ਸਾਂ। ਪੰਜ ਚਾਰ ਮੇਰੀਆਂ ਸਾਥਣਾਂ ਵੀ ਮੇਰੇ ਨਾਲ ਸਨ। ਜਿਉਂ ਹੀ ਮੈਂ ਕੱਟੂ ਪਿੰਡ ਵਿਖੇ ਖੜ੍ਹੇ ਬਜ਼ੁਰਗਾਂ ਦੇ ਇਕ ਗਰੁੱਪ ਤੋਂ ਬਹਿਬਲ ਕਲਾਂ ਦਾ ਰਸਤਾ ਪੁਛਿਆ ਤਾਂ ਇਕ ਬਜ਼ੁਰਗ ਨੇ ਮੇਰੇ ਵਾਲੀ ਖਿੜਕੀ ਦੇ ਸ਼ੀਸ਼ੇ 'ਤੇ ਹੱਥ ਮਾਰ ਕੇ ਉਸ ਨੂੰ ਹੇਠਾਂ ਕਰਨ ਲਈ ਆਖਿਆ ਤੇ ਕਹਿਣ ਲੱਗਾ, "ਕੀ ਤੁਸੀਂ ਪੰਜਾਬੀ ਅਖਬਾਰਾਂ ਲਈ ਲਿਖਦੇ ਬੀਬੀ ਕੁਲਵੰਤ ਕੌਰ ਹੀ ਹੋ"? ਮੇਰੇ ਵੱਲੋਂ ਮੁਸਕਰਾਉਣ ਤੇ ਉਹ ਬਾਗੋ ਬਾਗ ਹੋ ਕੇ, ਸਾਨੂੰ ਰੁਕਣ ਲਈ ਜ਼ਿਦ ਕਰਨ ਲੱਗੇ। ਨਿਸਚੇ ਹੀ ਪਾਠਕਾਂ ਵੱਲੋਂ ਲੇਖਕਾਂ ਦਾ ਅਜਿਹਾ ਰਿਸ਼ਤਾ ਦੁਵੱਲੀਆਂ ਸਾਂਝਾਂ ਉਸਾਰਦਾ ਉਨ੍ਹਾਂ ਦੇ ਅਮੁੱਲ ਰਿਸ਼ਤਿਆਂ ਦਾ ਬਾਨਣੂੰ ਬੰਨਦਾ ਹੈ। ਕਿਸਾਨ ਅੰਦੋਲਨ ਵੇਲੇ ਵੀ ਜਦੋਂ ਕਿਸੇ ਟੋਲ ਪਲਾਜ਼ਾ ਦੇ ਇਕੱਠ 'ਚ ਅਸੀਂ ਆਪਣੀ ਸਮਾਜਸੇਵੀ ਸੰਸਥਾ ਵੱਲੋਂ ਮੈਡੀਕਲ ਕੈਂਪ ਲਾਉਣ ਜਾਂਦੇ ਸਾਂ, ਅਣਗਿਣਤ ਲੋਕ ਪਹਿਚਾਣ ਕੇ, ਆਪਣੇ ਦੁੱਖ ਸੁੱਖ ਸਾਂਝੇ ਕਰ ਲੈਂਦੇ ਸਨ, ਇਸ ਪੱਖੋਂ ਬ੍ਰਿਗੇਡੀਅਰ ਸਾਹਿਬ ਵੀ ਬੜੇ ਕਿਸਮਤ ਵਾਲੇ ਹਨ। ਇਨ੍ਹਾਂ ਸਤਰਾਂ ਦੀ ਲੇਖਕਾ ਵੀ, ਕਾਹਲੋਂ ਸਾਹਿਬ ਦੇ ਠੇਠ ਮਾਂ-ਬੋਲੀ ਵਿਚ ਮਾਅਰਕੇ ਦੇ ਛੱਪਦੇ ਲੇਖਾਂ ਦੀ ਬਦੌਲਤ ਹੀ, ਉਨ੍ਹਾਂ ਦੀ ਪ੍ਰਸ਼ੰਸਕ ਬਣੀ। ਮੁੜ ਇਹ ਪ੍ਰਸ਼ੰਸਾ ਹੋਰ ਗੂਹੜੀ ਹੁੰਦੀ ਚਲੇ ਗਈ। ਇਕ ਹੋਰ ਸਬੱਬ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਹੈ ਕਿਉਂਕਿ ਮਾਈ ਭਾਗੋ ਬ੍ਰਿਗੇਡ ਸੰਸਥਾ ਦੀ ਮੁੱਖ ਸੇਵਾਦਾਰ ਹੁੰਦਿਆਂ, ਲੋਕ ਅਕਸਰ ਮੈਨੂੰ ਵੀ ਬ੍ਰਿਗੇਡੀਅਰ ਕਹਿ ਦਿੰਦੇ ਰਹੇ ਹਨ ਤੇ ਉਂਞ ਬ੍ਰਿਗੇਡ ਹੈ ਵੀ ਫੌਜੀ ਸ਼ਬਦ। ਦਰਅਸਲ ਸੰਸਥਾ ਦਾ ਨਾਮਕਰਣ ਕਰਨ ਲੱਗਿਆਂ, 2004 (ਸ੍ਰੀ ਆਦਿ ਗ੍ਰੰਥ ਦੇ 400 ਸਾਲਾ ਦਿਹਾੜੇ ਸਮੇਂ) ਵਿਚ "ਬ੍ਰਿਗੇਡ" ਬੜਾ ਸੋਚ ਸਮਝ ਕੇ ਰੱਖਿਆ ਨਾਂ ਸੀ ਜਿਹੜਾ ਜਥੇਬੰਦੀ, ਐਸੋਸੀਏਸ਼ਨ, ਸੰਗਠਨ ਜਾਂ ਸੰਸਥਾ ਤੋਂ ਹੱਟ ਕੇ ਜੰਗਜੂ ਲਹਿਜੇ ਕਾਰਨ ਰੱਖਿਆ ਗਿਆ ਸੀ ਤੇ ਟੌਹੜਾ ਸਾਹਿਬ ਨੇ ਵੀ ਇਸ 'ਤੇ ਹੀ ਜੈਕਾਰਾ ਛੱਡਿਆ ਸੀ। ਦੂਜਾ ਕਰਨਲ ਦੇਵਿੰਦਰ ਸਿੰਘ, ਕਮਾਂਡਰ ਗੁਰਮੁੱਖ ਸਿੰਘ, ਕੈਪਟਨ ਮਹਿੰਦਰ ਸਿੰਘ ਤੇ ਕੈਪਟਨ ਜਗਜੀਤ ਸਿੰਘ ਗਰੇਵਾਲ ਜਿਹੇ ਫੌਜੀ ਵੀਰਾਂ ਦੀ ਸ਼ਮੂਲੀਅਤ ਨਾਲ ਸਾਡੀ ਬ੍ਰਿਗੇਡ ਹੋਰ ਵੀ ਬੁਲੰਦੀਆਂ ਛੂੰਹਦੀ ਰਹੀ ਹੈ।

ਨਿਰਸੰਦੇਹ, ਬ੍ਰਿਗੇਡੀਅਰ ਕਾਹਲੋਂ ਨੂੰ ਪੰਜਾਬੀ ਮਾਂ ਬੋਲੀ ਦਾ ਸੱਚ ਸਪੁੱਤਰ ਹੋਣ ਦੇ ਨਾਤੇ ਬਹੁਤ ਮਾਣ ਸਤਿਕਾਰ ਹਾਸਿਲ ਹੋਇਆ ਤੇ ਹੋ ਰਿਹਾ ਹੈ। ਖਾਸ ਕਰਕੇ ਪੰਜਾਬ ਦੇ ਇਕ ਬਹੁਤ ਹੀ ਮਾਣਮੱਤੇ, ਬਹਾਦਰ, ਦੂਰ ਅੰਦੇਸ਼, ਨਿਡਰ ਤੇ ਸੂਰਬੀਰ ਯੋਧੇ ਦੀ ਪੰਜਾਬੀ ਵਿਚ ਲਿਖੀ ਜੀਵਨੀ ਕਾਰਨ ਕਿਉਂਕਿ 'ਪੰਜਾਬ ਤੇ ਕਸ਼ਮੀਰ ਦਾ ਰਾਖਾ' ਨੂੰ ਭਾਵੇਂ ਸਾਡੀਆਂ ਮੁਤੱਸਬੀ, ਫਿਰਕਾਪ੍ਰਸਤ ਤੇ ਪੱਖਪਾਤੀ ਸਰਕਾਰਾਂ ਨੇ ਉਹ ਬਣਦਾ ਮਾਣ-ਸਨਮਾਨ ਨਹੀਂ ਦਿੱਤਾ, ਜਿਸ ਦੇ ਉਹ ਹੱਕਦਾਰ ਸਨ। ਕਾਹਲੋਂ ਸਾਹਿਬ ਨੇ ਲੈਫਟੀਨੈਂਟ ਜਨਰਲ ਹਰਬਖ਼ਸ਼ ਸਿੰਘ ਦੀ ਲਾਸਾਨੀ ਜੀਵਨੀ ਨੂੰ ਪੰਜਾਬੀ ਵਿਚ ਕਲਮਬੱਧ ਕਰਕੇ ਇਕ ਬੇਸ਼ਕੀਮਤੀ ਕਾਰਜ ਕਰ ਦਿਖਾਇਆ। ਵਾਕਈ ਉਹ 'ਭਾਰਤ ਰਤਨ' ਦੇ ਹੱਕਦਾਰ ਸਨ। (ਤੇ ਹਨ ਵੀ) ਮਰਨ ਉਪਰੰਤ ਵੀ ਇਥੇ ਬਥੇਰਿਆਂ ਨੂੰ ਇਹ ਐਵਾਰਡ ਦੇ ਕੇ ਵੋਟ-ਬੈਂਕ ਦੀ ਰਾਜਨੀਤੀ ਕੀਤੀ ਜਾਂਦੀ ਰਹੀ ਹੈ ਪਰ ਏਅਰ ਚੀਫ ਮਾਰਸ਼ਲ ਅਰਜਨ ਸਿੰਘ ਜੀ ਤੇ ਜਨਰਲ ਜਗਜੀਤ ਸਿੰਘ ਅਰੋੜਾ, ਕ੍ਰਮਵਾਰ 1965 ਤੇ 1971 ਦੇ ਪਾਕਿਸਤਾਨ ਨਾਲ ਹੋਏ ਭਿਆਨਕ ਯੁੱਧਾਂ ਦੇ ਨਾਇਕ ਹੋਣ ਦੇ ਬਾਵਜੂਦ ਵੀ, ਦੇਸ਼ ਦੇ ਸਰਵੋਚ ਸਨਮਾਨਾਂ ਤੋਂ ਵੰਚਿਤ ਰੱਖੇ ਗਏ ਭਾਵੇਂ ਫੌਜੀ ਸਨਮਾਨ ਉਨ੍ਹਾਂ ਨੇ ਆਪਣੀ ਲਿਆਕਤ, ਬਹਾਦਰੀ ਅਤੇ ਜਾਂਬਾਜ਼ੀ ਸਦਕੇ ਹਾਸਿਲ ਕਰ ਲਏ ਸਨ। ਲੈਫਟੀਨੈਂਟ ਜਨਰਲ ਹਰਬਖ਼ਸ਼ ਸਿੰਘ ਦੀ ਦੂਰਅੰਦੇਸ਼ੀ ਕਰਕੇ ਭਾਰਤ ਦੀ ਇੱਜ਼ਤ ਬਚੀ ਤੇ ਵੱਕਾਰ ਵਧਿਆ ਸੀ ਕਿਉਂਕਿ ਇਨ੍ਹਾਂ ਨੇ ਆਪਣੇ ਅਫਸਰ (ਬੌਸ) ਦੇ ਹੁਕਮਾਂ ਨੂੰ ਨਾ ਮੰਨਦਿਆਂ ਅਜਿਹੀ ਰਣਨੀਤੀ ਬਣਾਈ ਸੀ, ਜਿਸ ਨਾਲ ਪਾਕਿਸਤਾਨ ਨੂੰ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਦੂਜੇ ਵਿਸ਼ਵ ਯੁੱਧ ਵਿਚ ਅਦਭੁੱਤ ਬੀਰਤਾ ਦਿਖਾਉਣ ਵਾਲੇ, ਵੀਰ ਚੱਕਰ, ਪਦਮਭੂਸ਼ਣ ਤੇ ਪਦਮ ਵਿਭੂਸ਼ਣ ਵਿਜੇਤਾ ਸ੍ਰ. ਹਰਬਖ਼ਸ਼ ਸਿੰਘ, ਮਹਾਰਾਜਾ ਰਣਜੀਤ ਸਿੰਘ ਦੇ ਨਾਨਕੇ ਪਿੰਡ ਬਡਰੁੱਖਾਂ ਦੇ ਜੰਮਪਲ ਸਨ। ਨਿਰਸੰਦੇਹ ਬ੍ਰਿਗੇਡੀਅਰ ਕਾਹਲੋਂ ਵੱਲੋਂ ਪੰਜਾਬੀ 'ਚ ਲਿਖੀ ਉਨ੍ਹਾਂ ਦੀ ਮਹਾਨ ਜੀਵਨੀ ਇਕ ਢੋਆ ਹੈ ਤੇ ਬਹੁਤ ਸ਼ਲਾਘਾਯੋਗ ਕ੍ਰਿਤੀ। ਬ੍ਰਿਗੇਡੀਅਰ ਕਾਹਲੋਂ ਕੁਝ ਅਖ਼ਬਾਰਾਂ ਦੇ ਸੰਚਾਲਕਾਂ ਦੇ ਵੀ ਬਹੁਤ ਰਿਣੀ ਮਹਿਸੂਸ ਕਰਦੇ ਹਨ, ਜਿਨ੍ਹਾਂ ਨੇ ਇਨ੍ਹਾਂ ਦੀਆਂ ਵਿਸ਼ਾ ਆਧਾਰਿਤ ਤੇ ਭਾਵਪੂਰਨ ਲਿਖਤਾਂ ਨੂੰ ਬੇਹੱਦ ਢੁੱਕਵਾਂ ਸਥਾਨ ਦੇ ਕੇ ਸੰਜੀਦਾ ਪਾਠਕਾਂ ਤੱਕ ਪਹੁੰਚਾਇਆ। ਵਿਸ਼ਵ ਪ੍ਰਸਿੱਧ ਦੌੜਾਕ ਸ੍ਰ. ਫੌਜਾ ਸਿੰਘ ਤੇ ਬੀਬੀ ਮਾਨਸ ਕੌਰ ਨਾਲ ਮੈਰਾਥਨ ਦੌੜਨ ਦਾ ਸਬੱਬ ਵੀ ਪੰਜਾਬੀਅਤ ਦੀ ਬਦੌਲਤ ਹਾਸਿਲ ਹੋਇਆ ਸਵੀਕਾਰਦੇ ਹਨ ਪੰਜਾਬ ਤੇ ਪੰਜਾਬੀ ਦੇ ਸੁਘੜ ਸਪੁੱਤਰ। ਆਖ਼ੀਰ ਵਿਚ ਰਸੂਲ ਹਮਜ਼ਾਤੋਵ ਦੇ ਕਥਨ ਨਾਲ ਕਾਹਲੋਂ ਸਾਹਿਬ ਦੀ ਲੋਕਪ੍ਰਿਯ ਸ਼ਖਸੀਅਤ ਨੂੰ ਇਹ ਅਸੀਸ ਦੇਣੀ ਚਾਹਾਂਗੀ ਕਿ 'ਤੇਰੀ ਉਮਰ ਮਾਂ-ਬੋਲੀ ਜਿੰਨੀ ਲੰਮੀ ਹੋਵੇ'।



ਯੋਧਾ ਸਿੰਘ

## ਜੀਐੱਮ ਜੀਵ: ਜ਼ਹਿਰ ਜਾਂ ਵਰਦਾਨ ?

> 19ਵੀਂ ਸਦੀ ਦੇ ਅੱਧ ਵਿਚ ਕੋਈ ਗੁਮਨਾਮ ਪਾਦਰੀ ਆਪਣੇ ਚਰਚ ਦੀਆਂ ਕਿਆਰੀਆਂ ਵਿਚ ਮਟਰਾਂ ਦੀ ਖੇਤੀ ਕਰਦਾ ਹੋਇਆ ਕੁਝ ਵਿਲੱਖਣ ਗੱਲਾਂ ਮਹਿਸੂਸ ਕਰਦਾ ਹੈ ਕਿ ਹਰ ਪੀੜ੍ਹੀ ਬਾਅਦ ਮਟਰਾਂ ਦੇ 7 ਗੁਣ, ਖਾਸ ਤਰੀਕੇ ਨਾਲ ਆਪਣੇ ਆਪ ਨੂੰ ਦੁਹਰਾਉਂਦੇ ਹਨ ਜਿਵੇਂ ਪੌਦੇ ਦਾ ਕੱਦ (ਮਧਰਾ/ਲੰਮਾ), ਫੁੱਲ ਦਾ ਰੰਗ (ਪਰਪਲ/ਚਿੱਟਾ) ਆਦਿ। ਉਸ ਨੇ ਆਪਣਾ ਨਿਰੀaਖਣ ਛਪਣ ਲਈ ਭੇਜਿਆ ਪਰ ਵਿਗਿਆਨੀ ਇਸ ਨੂੰ ਬਿਨਾ ਸਿਰ ਪੈਰ ਦੀ ਗੱਲ ਕਹਿ ਕੇ ਰੱਦ ਦਿੰਦੇ ਹਨ ਪਰ 20ਵੀਂ ਸਦੀ ਦੇ ਤਿੰਨ ਵਿਗਿਆਨੀ ਉਸ ਪਾਦਰੀ ਦੇ ਨਤੀਜਿਆ ਉੱਤੇ ਪਹੁੰਚਦੇ ਹਨ ਅਤੇ ਦੇਖਦੇ ਹਨ ਕਿ ਉਹ ਤਾਂ ਯੁੱਗ ਦੀ ਮਹਾਨ ਖੋਜ ਸੀ।

ਪਿਛਲੇ ਲੰਮੇ ਸਮੇਂ ਤੋਂ ਅਨੁਵੰਸ਼ਕੀ ਪੱਧਰ ਤੋਂ ਸੋਧੇ ਹੋਏ ਜੀਵ (Genetically Modified Organism) ਲਗਾਤਾਰ ਚਰਚਾ ਦਾ ਵਿਸ਼ਾ ਬਣੇ ਹੋਏ ਹਨ। ਇਹ ਜੀਐੱਮ ਜੀਵ (GMO) ਹੁੰਦੇ ਕੀ ਹਨ?

19ਵੀਂ ਸਦੀ ਦੇ ਅੱਧ ਵਿਚ ਕੋਈ ਗੁਮਨਾਮ ਪਾਦਰੀ ਆਪਣੇ ਚਰਚ ਦੀਆਂ ਕਿਆਰੀਆਂ ਵਿਚ ਮਟਰਾਂ ਦੀ ਖੇਤੀ ਕਰਦਾ ਹੋਇਆ ਕੁਝ ਵਿਲੱਖਣ ਗੱਲਾਂ ਮਹਿਸੂਸ ਕਰਦਾ ਹੈ ਕਿ ਹਰ ਪੀੜ੍ਹੀ ਬਾਅਦ ਮਟਰਾਂ ਦੇ 7 ਗੁਣ, ਖਾਸ ਤਰੀਕੇ ਨਾਲ ਆਪਣੇ ਆਪ ਨੂੰ ਦੁਹਰਾਉਂਦੇ ਹਨ ਜਿਵੇਂ ਪੌਦੇ ਦਾ ਕੱਦ (ਮਧਰਾ/ਲੰਮਾ), ਫੁੱਲ ਦਾ ਰੰਗ (ਪਰਪਲ/ਚਿੱਟਾ) ਆਦਿ। ਉਸ ਨੇ ਆਪਣਾ ਨਿਰੀਖਣ ਛਪਣ ਲਈ ਭੇਜਿਆ ਪਰ ਵਿਗਿਆਨੀ ਇਸ ਨੂੰ ਬਿਨਾ ਸਿਰ ਪੈਰ ਦੀ ਗੱਲ ਕਹਿ ਕੇ ਰੱਦ ਦਿੰਦੇ ਹਨ ਪਰ 20ਵੀਂ ਸਦੀ ਦੇ ਤਿੰਨ ਵਿਗਿਆਨੀ ਉਸ ਪਾਦਰੀ ਦੇ ਨਤੀਜਿਆ ਉੱਤੇ ਪਹੁੰਚਦੇ ਹਨ ਅਤੇ ਦੇਖਦੇ ਹਨ ਕਿ ਉਹ ਤਾਂ ਯੁੱਗ ਦੀ ਮਹਾਨ ਖੋਜ ਸੀ। ਇਹ ਮਹਾਨ ਖੋਜ ਸੀ ਅਨੁਵੰਸ਼ਕੀ ਦੇ ਸਿਧਾਂਤ ਅਤੇ ਇਹਨਾਂ ਨੂੰ ਖੋਜਣ ਵਾਲਾ ਪਾਦਰੀ ਗਰੇਗਰ ਜੋਹਨ ਮੈਂਡਲ ਸੀ ਜਿਸ ਨੂੰ ਬਾਅਦ ਵਿਚ ਬਣਦਾ ਸਨਮਾਨ ਦਿੱਤਾ ਗਿਆ, ਉਸ ਨੂੰ ਅਨੁਵੰਸ਼ਕੀ ਦੇ ਪਿਤਾਮਾ ਦੇ ਖਿਤਾਬ ਨਾਲ ਨਿਵਾਜਿਆ ਗਿਆ। ਅਨੁਵੰਸ਼ਕੀ ਵਿਗਿਆਨ ਦੀ ਉਹ ਸ਼ਾਖਾ ਹੈ ਜਿਸ ਨੂੰ ਹੇਰੇਡਿਟਰੀ ਵੀ ਕਿਹਾ ਜਾਂਦਾ ਹੈ ਜਿਸ ਵਿਚ ਮਾਪਿਆ ਤੋਂ ਔਲਾਦ ਵਿਚ ਜਾਣ ਵਾਲੇ ਗੁਣਾਂ ਦਾ ਅਧਿਐਨ ਕੀਤਾ ਜਾਂਦਾ ਹੈ। ਅਨੁਵੰਸ਼ਕੀ ਵਿਗਿਆਨ ਨੇ ਇਹ ਖੋਜਿਆ ਕਿ ਸੈੱਲ ਅੰਦਰ ਕੁਝ ਹੈ ਜੋ ਮਾਪਿਆ ਤੋਂ ਬੱਚਿਆ ਤੱਕ ਜਾਂਦਾ ਹੈ ਅਤੇ ਇਸ ਵਿਚ ਜੀਵ ਦੀ ਸਾਰੀ ਜਾਣਕਾਰੀ ਹੁੰਦੀ ਹੈ ਜੋ ਜੀਵਨ ਭਰ ਉਸ ਜੀਵ ਦਾ ਸੰਚਾਲਨ ਕਰਦੀ ਹੈ।

1955 ਵਿਚ ਵਾਟਸਨ ਅਤੇ ਕਰਿਕ ਨਾਮ ਦੇ ਵਿਗਿਆਨੀ ਅਨੁਵੰਸ਼ਕੀ ਤੱਤ ਲੱਭ ਕੇ ਇਸ ਦਾ ਪਹਿਲੀ ਵਾਰ ਮਾਡਲ ਤਿਆਰ ਕਰਦੇ ਹਨ ਅਤੇ ਇਹਨੂੰ ਡੀਐੱਨਏ (ਡਿਓਕਸੀ-ਰਾਈਬੋਜ਼-ਨਿਊਕਲਿਕ ਐਸਿਡ) ਦਾ ਨਾਮ ਦਿੱਤਾ ਜਾਂਦਾ ਹੈ। ਡੀਐੱਨਏ ਹਰ ਸੈੱਲ ਅੰਦਰ ਮੌਜੂਦ ਹੁੰਦਾ ਹੈ ਜਿਸ ਦੀ ਪੈਕਿੰਗ ਨੂੰ ਕਰੋਮੋਸੋਮ ਕਿਹਾ ਜਾਂਦਾ ਹੈ। ਹਰ ਜੀਵ ਵਿਚ ਕਰੋਮੋਸੋਮਾਂ ਦੀਆਂ ਦੋ ਕਾਪੀਆਂ ਹੁੰਦੀਆਂ ਹਨ ਜਿਨ੍ਹਾਂ ਵਿਚੋਂ ਇੱਕ ਮਾਂ ਅਤੇ ਇੱਕ ਪਿਓ ਤੋਂ ਬੱਚੇ ਨੂੰ ਮਿਲਦੀ ਹੈ। ਫਿਰ ਖੋਜਾਂ ਰਾਹੀਂ ਇਹ ਪਤਾ ਲੱਗਿਆ ਕਿ ਜੀਵਾਂ ਦੇ ਗੁਣ ਉਹਨਾਂ ਦਾ ਡੀਐੱਨਏ ਤੈਅ ਕਰਦਾ ਹੈ; ਮਤਲਬ, ਅਮਰੂਦ ਦੇ ਬੀਜ 'ਚ ਮੌਜੂਦ ਡੀਐੱਨਏ ਤੋਂ ਜਦੋਂ ਅਗਲੇਰੇ ਬੂਟੇ ਤਿਆਰ ਹੋਣਗੇ ਤਾਂ ਉਹਨਾਂ ਅੰਦਰ ਅਮਰੂਦ ਦੇ ਹੀ ਗੁਣ ਹੋਣਗੇ। ਇਸ ਚਰਚਾ ਵਿਚ ਅਸੀਂ ਇਹ ਸਮਝਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਮਨੁੱਖ ਨੇ ਮੈਂਡਲ ਦੇ ਕੰਮ-ਕਾਰ ਤੋਂ ਅੱਗੇ ਵਧਦੇ ਹੋਏ ਉਸ ਤੱਤ ਦੀ ਖੋਜ ਕਰ ਲਈ ਜਿਸ ਨਾਲ ਜੀਵਾਂ ਦੇ ਗੁਣ ਤੈਅ ਹੁੰਦੇ ਹਨ ਅਤੇ ਸੈੱਲ ਵਿਚੋਂ ਡੀਐੱਨਏ ਨੂੰ ਬਾਹਰ ਕੱਢ ਕੇ ਅਧਿਐਨ ਵੀ ਕਰਨਾ ਸ਼ੁਰੂ ਕਰ ਦਿੱਤਾ ਗਿਆ।

ਫਿਰ 1960 ਵਿਚ ਵਾਰਨਰ ਅਰਬੇਰ ਨੇ ਕੁਝ ਅਨੋਖਾ ਲੱਭਿਆ। ਉਸ ਨੇ ਦੇਖਿਆ ਕਿ ਵਾਇਰਸ ਜਦੋਂ ਬੈਕਟੀਰੀਆ ਉੱਤੇ ਹਮਲਾ ਕਰਦੇ ਹਨ ਤਾਂ ਬੈਕਟੀਰੀਆ ਦਾ ਬਚਾਅ ਪ੍ਰਬੰਧ ਕੁਝ ਅਜਿਹਾ ਕਰਦਾ ਹੈ ਜਿਸ ਨਾਲ ਵਾਇਰਸ ਦਾ ਡੀਐੱਨਏ ਟੋਟੇ ਟੋਟੇ ਹੋ ਜਾਂਦਾ ਹੈ। ਮਤਲਬ, ਬੈਕਟੀਰੀਆਂ ਕੋਲ ਕੋਈ ਇਸ ਤਰ੍ਹਾਂ ਦਾ ਚਾਕੂ ਹੈ ਜੋ ਵਾਇਰਸ ਦੇ ਡੀਐੱਨਏ ਨੂੰ ਕੱਟ ਕੇ ਟੋਟੇ ਟੋਟੇ ਕਰ ਦਿੰਦਾ ਹੈ। ਫਿਰ ਇਹ ਚਾਕੂ ਵੀ ਲੱਭ ਲਿਆ ਗਿਆ; ਇਹ ਸੀ ਵਿਲੱਖਣ ਪ੍ਰੋਟੀਨ ਐਨਜ਼ਾਈਮ ਜਿਸ ਨੂੰ ਰਿਸਟ੍ਰੀਕਸ਼ਨ ਐਨਜ਼ਾਈਮ ਦਾ ਨਾਮ ਦਿੱਤਾ ਗਿਆ। ਇਸ ਦਾ ਮਤਲਬ ਸੀ ਡੀਐੱਨਏ ਨੂੰ ਖਾਸ ਥਾਂ 'ਤੇ ਕੱਟਣ ਵਾਲਾ ਐਨਜ਼ਾਈਮ।

ਚਲੋ ਫਿਰ ਪ੍ਰਯੋਗਸ਼ਾਲਾ ਵਾਪਸ ਪਰਤਦੇ ਹਾਂ। ਹੁਣ ਸਾਡੇ ਕੋਲ ਟੈਸਟ ਟਿਊਬ ਵਿਚ ਦੋ ਚੀਜ਼ਾਂ ਆ ਚੁੱਕੀਆਂ ਸਨ; ਪਹਿਲੀ, ਜੀਵ ਦਾ ਕੱਢਿਆ ਹੋਇਆ ਡੀਐੱਨਏ; ਦੂਜਾ, ਇਸ ਡੀਐੱਨਏ ਨੂੰ ਕੱਟਣ ਵਾਲਾ ਐਨਜ਼ਾਈਮ ਪ੍ਰੋਟੀਨ (ਰਿਸਟ੍ਰੀਕਸ਼ਨ ਐਨਜ਼ਾਈਮ)। ਪ੍ਰਯੋਗਸ਼ਾਲਾ ਵਿਚ ਤਜਰਬੇ ਕਰ ਕੇ ਦੇਖੇ ਗਏ ਅਤੇ ਇਹ ਐਨਜ਼ਾਈਮ ਡੀਐੱਨਏ ਨੂੰ ਕੱਟ ਰਿਹਾ ਸੀ। ਫਿਰ ਇੱਕ ਹੋਰ ਪ੍ਰੋਟੀਨ (ਐਨਜ਼ਾਈਮ) ਵਰਤਿਆ ਗਿਆ ਜਿਸ ਦਾ ਨਾਮ ਡੀਐੱਨਏ ਲਾਇਗੇਸ ਸੀ ਜੋ ਡੀਐੱਨਏ ਨੂੰ ਫਿਰ ਤੋਂ ਜੋੜ ਸਕਦਾ ਸੀ। ਹੁਣ ਪ੍ਰਯੋਗ ਵਿਚ ਥੋੜ੍ਹਾ ਬਦਲਾਉ ਕੀਤਾ ਗਿਆ। ਟੈਸਟ ਟਿਊਬ ਵਿਚ ਦੋ ਜੀਵਾਂ ਦਾ ਡੀਐੱਨਏ ਲਿਆ ਗਿਆ ਅਤੇ ਉਹਨਾਂ ਨੂੰ ਰਿਸਟ੍ਰੀਕਸ਼ਨ ਐਨਜ਼ਾਈਮ ਨਾਲ ਕੱਟ ਲਗਾ ਕੇ ਜੁੜਨ ਦਿੱਤਾ ਗਿਆ। ਹੁਣ ਇਸ ਨਾਲ ਕੀ ਹੋਇਆ ਹੋਵੇਗਾ? ਪਹਿਲਾਂ ਦੋ ਜੀਵਾਂ ਦਾ ਡੀਐੱਨਏ ਅਲੱਗ ਅਲੱਗ ਪਿਆ ਸੀ, ਉਹਨਾਂ ਨੂੰ ਕੱਟਣ ਵਾਲੇ ਪ੍ਰੋਟੀਨ ਨੇ ਕੱਟ ਲਗਾ ਦਿੱਤੇ ਅਤੇ ਜਦੋਂ ਜੁੜਨ ਦੀ ਵਾਰੀ ਆਈ ਤਾਂ ਇਹ ਦੋ ਅਲੱਗ ਅਲੱਗ ਡੀਐੱਨਏ ਇੱਕ ਦੂਜੇ ਨਾਲ ਵੱਖ ਵੱਖ ਥਾਵਾਂ 'ਤੇ ਜੁੜ ਗਏ। ਜੀਵਨ ਦੇ ਰਹੱਸ ਮਨੁੱਖ ਦੀ ਅੱਖ ਤੋਂ ਓਹਲੇ ਸਨ ਪਰ ਮਨੁੱਖ ਨੇ ਆਪਣੇ ਗਿਆਨ ਦੇ ਇਸ ਸਿਖਰ 'ਤੇ ਪਹੁੰਚਦੇ ਹੋਏ ਸੈੱਲ ਅੰਦਰਲੇ ਰਹੱਸ ਨੂੰ ਸਿਰਫ ਲੱਭਿਆ ਹੀ ਨਹੀਂ ਸਗੋਂ ਉਸ ਨੂੰ ਆਗਿਆ ਅਧੀਨ ਕਰਨ ਦੀ ਤਿਆਰੀ ਵੀ ਕਰ ਲਈ। ਹੁਣ ਮਨੁੱਖ ਆਪਣੇ ਅਨੁਸਾਰ ਪੱਤੇ ਬਦਲਣ ਲਈ ਤਿਆਰ ਸੀ। ਫਿਰ ਵਿਗਿਆਨੀਆਂ ਨੇ ਡੀਐੱਨਏ ਦੇ ਉਹ ਹਿੱਸੇ ਲੱਭੇ ਜਿਸ ਵਿਚ ਗੁਣ ਹੁੰਦੇ ਹਨ। ਇਹਨਾਂ ਨੂੰ ਹੀ ਜੀਨ ਕਿਹਾ ਜਾਂਦਾ ਹੈ; ਜਿਵੇਂ ਚੌਲਾਂ ਵਿਚ ਵਿਟਾਮਿਨ ਏ ਨਹੀਂ ਬਣਦਾ ਕਿਉਂਕਿ ਉਹਨਾਂ ਵਿਚ ਉਹ ਜੀਨ ਨਹੀਂ ਹੈ ਜਿਸ ਨੇ ਬੀਟਾ-ਕੇਰੋਟੀਨ ਪੈਦਾ ਕਰਨਾ ਹੈ ਜੋ ਅੱਗੇ ਚੱਲ ਕੇ ਵਿਟਮਿਨ ਏ ਬਣੇਗੀ। ਫਿਰ ਇੱਕ ਬੈਕਟੀਰੀਆ ਲਿਆ ਗਿਆ ਜਿਸ ਵਿਚ ਜੀਨ ਮੌਜੂਦ ਸੀ ਜਿਸ ਨਾਲ ਵਿਟਾਮਿਨ ਏ ਬਣਾਉਣ ਵਾਲੇ ਰਸਾਇਣਕ ਤੱਤ ਮਿਲਦੇ ਹਨ। ਇਹ ਡੀਐੱਨਏ ਕੱਢ ਕੇ ਉਹ ਖਾਸ ਜੀਨ ਕੱਟ ਲਿਆ ਅਤੇ ਇਸ ਨੂੰ ਚੌਲਾਂ ਦੇ ਡੀਐੱਨਏ ਵਿਚ ਜੋੜ ਦਿੱਤਾ ਤੇ ਫਿਰ ਇਸ ਡੀਐੱਨਏ ਨੂੰ ਸੈੱਲ ਅੰਦਰ ਪਾ ਕੇ ਨਵੀਂ ਫਸਲ ਤਿਆਰ ਕੀਤੀ ਗਈ। ਹੈਰਾਨੀਜਨਕ ਨਤੀਜੇ ਸਾਹਮਣੇ ਆਏ ਚੌਲਾਂ ਵਿਚ ਵਿਟਾਮਿਨ ਏ ਬਣ ਰਿਹਾ ਸੀ। ਇਹ ਸਾਡੀ ਕੁਦਰਤ ਬਾਰੇ ਅਤੇ ਜੀਵ ਵਿਗਿਆਨ ਦੇ ਖੇਤਰ ਵਿਚ ਸੈੱਲ ਬਾਰੇ ਸਮਝ ਦੀ ਗਹਿਰਾਈ ਸੀ ਕਿ ਅਸੀਂ ਜੀਵਾਂ ਨੂੰ ਆਪਣੇ ਹਿਸਾਬ ਨਾਲ ਬਦਲ ਸਕਦੇ ਹਾਂ। ਇਹਨਾਂ ਹੀ ਪੌਦਿਆਂ ਅਤੇ ਜਾਨਵਰਾਂ ਨੂੰ ਅਨੁਵੰਸ਼ਕੀ ਸੋਧਿਆ ਜੀਵ ਕਿਹਾ ਜਾਂਦਾ ਹੈ। ਇਸ ਤੋਂ ਬਾਅਦ ਇਸ ਖੇਤਰ ਨੂੰ ਖੋਜ ਕਾਰਜਾਂ ਲਈ ਬੇਹਿਸਾਬ ਪੈਸਾ ਮਿਲਦਾ ਹੈ। ਬਹੁਤ ਸਾਰੀਆਂ ਫਸਲਾਂ ਜਿਵੇਂ ਕਪਾਹ, ਬੈਂਗਣ, ਚੌਲ ਆਦਿ ਨੂੰ ਜੈਨੇਟਿਕ ਪੱਧਰ ਤੋਂ ਸੋਧਿਆ ਜਾਂਦਾ ਹੈ। ਹੁਣ ਤੱਕ ਜੋ ਚਰਚਾ ਕੀਤੀ ਹੈ, ਉਹ ਮਨੁੱਖ ਦੀ ਮਹਾਨ ਲੱਭਤ ਦਾ ਇਤਿਹਾਸ ਸੀ ਪਰ ਭਵਿੱਖ ਵਿਚ ਇਸ ਲੱਭਤ ਨੇ ਬਹੁਤ ਸਾਰੇ ਵਿਵਾਦਾਂ ਨੂੰ ਜਨਮ ਦਿੱਤਾ।

ਹੁਣ ਸਵਾਲ ਹੈ ਕਿ ਜੀਐੱਮਓ ਜ਼ਹਿਰ ਹੈ ਜਾਂ ਵਰਦਾਨ?

ਮਨੁੱਖ ਸਦੀਆਂ ਤੋਂ ਵਿਗਿਆਨ ਦੀ ਵਰਤੋਂ ਰਾਹੀਂ ਆਪਣਾ ਜੀਵਨ ਪੱਧਰ ਸੁਧਾਰਦਾ ਰਿਹਾ ਹੈ ਜਿਸ ਦੇ ਮਨੁੱਖ ਤੇ ਕੁਦਰਤ ਨੂੰ ਫਾਇਦੇ ਅਤੇ ਨੁਕਸਾਨ ਵੀ ਹੁੰਦੇ ਰਹੇ ਹਨ। ਅਧੁਨਿਕ ਸਮੇਂ ਦੀ ਸ਼ੁਰੂਆਤ ਜਿਸ ਵਿਚ ਮਨੁੱਖ ਸਨਅਤੀ ਪੈਦਾਵਾਰ ਵੱਲ ਵਧਦਾ ਹੈ ਤਾਂ ਆਵਾਜਾਈ, ਦੂਰ-ਸੰਚਾਰ,

(ਬਾਕੀ ਸਫ਼ਾ 6 'ਤੇ)



## ਐਵੇਂ ਨਾ ਸਹਾਰੇ ਲੱਭਦੇ ਰਿਹਾ ਕਰੋ

ਕੈਲਾਸ਼ ਚੰਦਰ ਸ਼ਰਮਾ

> 'ਇੱਕ ਬਜ਼ੁਰਗ ਜੋੜਾ ਹਵਾਈ ਜਹਾਜ਼ ਵਿੱਚ ਸਫ਼ਰ ਕਰ ਰਿਹਾ ਸੀ। ਆਦਮੀ ਦੀ ਉਮਰ ਲਗਭਗ ਅੱਸੀ ਸਾਲ ਦੇ ਕਰੀਬ ਹੋਵੇਗੀ ਤੇ ਔਰਤ ਕੁਝ ਸਾਲ ਘੱਟ। ਜਦੋਂ ਉਹ ਬਜ਼ੁਰਗ ਇੱਕ ਬੋਤਲ ਖੋਲ੍ਹਣ ਲੱਗਾ ਤਾਂ ਉਨ੍ਹਾਂ ਕੋਲੋਂ ਖੁੱਲ੍ਹ ਨਹੀਂ ਸੀ ਰਹੀ। ਉਨ੍ਹਾਂ ਦੀ ਪਤਨੀ ਨੇ ਉਨ੍ਹਾਂ ਕੋਲੋਂ ਬੋਤਲ ਖੋਲ੍ਹਣ ਲਈ ਮੰਗੀ ਤਾਂ ਉਨ੍ਹਾਂ ਨੇ ਨਹੀਂ ਦਿੱਤੀ, ਪਰ ਆਪਣੀ ਕੋਸ਼ਿਸ਼ ਜਾਰੀ ਰੱਖੀ। ਬੋਤਲ ਨਾ ਖੁੱਲ੍ਹਦੀ ਦੇਖ ਕੇ ਮੈਂ ਵੀ ਉਨ੍ਹਾਂ ਦੀ ਮਦਦ ਕਰਨ ਲਈ ਹੱਥ ਵਧਾਇਆ, ਪਰ ਸਭ ਕੁਝ ਬੇਕਾਰ।

ਖੁਸ਼ੀਆਂ ਤੇ ਗ਼ਮ ਸਾਡੀ ਜ਼ਿੰਦਗੀ ਵਿੱਚ ਵਾਰੋ-ਵਾਰੀ ਗੇੜੇ ਮਾਰਦੇ ਰਹਿੰਦੇ ਹਨ। ਜਿਸ ਨਾਲ ਵਿਅਕਤੀ ਦੀ ਜ਼ਿੰਦਗੀ ਵਿੱਚ ਹਾਲਾਤ ਮੌਸਮਾਂ ਵਾਂਗ ਬਦਲਦੇ ਰਹਿੰਦੇ ਹਨ। ਕਈ ਵਾਰ ਇਹ ਹਾਲਾਤ ਵਿਅਕਤੀ ਨੂੰ ਇੰਨਾ ਕਮਜ਼ੋਰ ਬਣਾ ਦਿੰਦੇ ਹਨ ਕਿ ਉਸ ਨੂੰ ਇਸ ਵਿੱਚੋਂ ਨਿਕਲਣ ਦਾ ਕੋਈ ਤਰੀਕਾ ਨਹੀਂ ਸੁੱਝਦਾ। ਇਸ ਲਈ ਉਹ ਨਾ ਚਾਹੁੰਦੇ ਹੋਏ ਵੀ ਆਪਣੇ ਨਜ਼ਦੀਕ ਦੇ ਸਬੰਧਾਂ ਵਿੱਚੋਂ ਸਹਾਰਾ ਲੈਣ ਲਈ ਮਜਬੂਰ ਹੋ ਜਾਂਦਾ ਹੈ। ਜਦੋਂ ਸਹਾਰਾ ਆਸਾਨੀ ਨਾਲ ਮਿਲ ਜਾਵੇ ਤਾਂ ਹੌਲੀ ਹੌਲੀ ਦੂਸਰਿਆਂ ਕੋਲੋਂ ਸਹਾਰਾ ਲੱਭਣਾ ਵਿਅਕਤੀ ਦੀ ਆਦਤ ਬਣ ਜਾਂਦੀ ਹੈ ਜੋ ਬਾਅਦ ਦੇ ਜੀਵਨ ਵਿੱਚ ਬਹੁਤੀ ਵਾਰ ਨਮੋਸ਼ੀ ਦਾ ਕਾਰਨ ਵੀ ਬਣਦੀ ਹੈ।

ਸਿਆਣੇ ਕਹਿੰਦੇ ਹਨ ਕਿ ਸਦਾ ਬੇਗਾਨੇ ਖੰਭਾਂ ਦਾ ਸਹਾਰਾ ਲੱਭਣ ਵਾਲੇ ਲੋਕ ਸਾਰੀ ਉਮਰ ਹਨੇਰਾ ਹੀ ਢੋਂਦੇ ਰਹਿੰਦੇ ਹਨ ਤੇ ਕਦੇ ਵੀ ਸਫਲਤਾ ਦੀਆਂ ਉਚਾਈਆਂ ਹਾਸਲ ਨਹੀਂ ਕਰ ਸਕਦੇ। ਵਿਅਕਤੀ ਨੂੰ ਖੁਸ਼ਹਾਲੀ ਦੀਆਂ ਮੰਜ਼ਿਲਾਂ ਪ੍ਰਾਪਤ ਕਰਨ ਤੇ ਆਪਣੀ ਪਰਛਾਈ ਲਈ ਖ਼ੁਦ ਧੁੱਪ ਵਿੱਚ ਖੜ੍ਹੇ ਰਹਿਣਾ ਚਾਹੀਦਾ ਹੈ। ਦੂਜਿਆਂ ਦੀ ਛਾਂ ਵਿੱਚ ਖੜ੍ਹੇ ਰਹਿ ਕੇ ਅਸੀਂ ਆਪਣੀ ਪਰਛਾਈ ਖੋ ਦਿੰਦੇ ਹਾਂ ਜਿਸ ਕਾਰਨ ਜ਼ਿੰਦਗੀ ਵਿੱਚ ਬਹੁਤ ਤਕਲੀਫ਼ ਮਿਲਦੀ ਹੈ। ਤੈਰਨਾ ਸਿੱਖਣਾ ਹੈ ਤਾਂ ਪਾਣੀ ਵਿੱਚ ਉਤਰਨਾ ਹੀ ਪਵੇਗਾ, ਕਿਨਾਰੇ ਬੈਠ ਕੇ ਕੋਈ ਗੋਤਾਖੋਰ ਨਹੀਂ ਬਣ ਸਕਦਾ। ਆਪਣੇ ਸੁਪਨਿਆਂ ਦੀ ਮੰਜ਼ਿਲ ਪ੍ਰਾਪਤੀ ਮਾੜੇ ਹਾਲਾਤ ਵਿੱਚੋਂ ਨਿਕਲਣ ਦੀ ਪਹਿਲੀ ਪੁਲਾਂਘ ਖ਼ੁਦ ਦੇ ਹੌਸਲੇ ਨਾਲ ਹੀ ਪੁੱਟਣੀ ਪੈਂਦੀ ਹੈ। ਪਰਮਾਤਮਾ ਨੇ ਹਰ ਵਿਅਕਤੀ ਨੂੰ ਅਨੋਖੀਆਂ ਸ਼ਕਤੀਆਂ ਦਿੱਤੀਆਂ ਹਨ, ਪਰ ਜੋ ਵਿਅਕਤੀ ਹਾਲਾਤ ਦੇ ਅੱਗੇ ਹਾਰ ਜਾਂਦੇ ਹਨ, ਰੀੜ੍ਹ ਦੀ ਹੱਡੀ ਹੋਣ ਦੇ ਬਾਵਜੂਦ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਦਾ ਹੀਆ ਨਹੀਂ ਕਰਦੇ, ਉਹ ਸਮੇਂ ਦੀ ਧੂੜ ਵਿੱਚ ਹੀ ਗੁਆਚ ਜਾਂਦੇ ਹਨ ਤੇ ਮੰਗਤਿਆਂ ਵਾਂਗ ਦੂਸਰਿਆਂ ਦੇ ਸਾਹਮਣੇ ਤਰਸ ਦੇ ਪਾਤਰ ਬਣੇ ਰਹਿੰਦੇ ਹਨ। ਇਸ ਲਈ ਮਨੁੱਖ ਨੂੰ ਹਰ ਗੱਲ 'ਤੇ ਆਸਰੇ ਲੈਣ ਵਾਲਾ ਨਹੀਂ ਬਣਨਾ ਚਾਹੀਦਾ।

ਜ਼ਰੂਰਤ ਤੋਂ ਜ਼ਿਆਦਾ ਦੂਜਿਆਂ 'ਤੇ ਨਿਰਭਰਤਾ, ਇਨਸਾਨ ਨੂੰ ਅਪਾਹਜ ਬਣਾ ਦਿੰਦੀ ਹੈ ਤੇ ਅਜਿਹੇ ਲੋਕ ਸਮੇਂ ਦੀ ਅੱਖ ਵਿੱਚ ਅੱਖ ਪਾ ਕੇ ਦੇਖਣ ਦੀ ਜੁਰੱਅਤ ਨਹੀਂ ਕਰ ਸਕਦੇ। ਜ਼ਿੰਦਗੀ ਵਿੱਚ ਖ਼ੁਦ ਹਿੰਮਤ ਕਰੋਗੇ ਤਾਂ ਸਾਰਾ ਕੁਝ ਬਦਲ ਸਕਦੇ ਹਾਂ। ਕਈ ਵਾਰ ਬਾਰ-ਬਾਰ ਸਹਾਰਾ ਪ੍ਰਾਪਤ ਕਰਨ ਦੀ ਆਦਤ ਕਾਰਨ ਸਹਾਰਾ ਦੇਣ ਵਾਲੇ ਹੀ ਮੰਜ਼ਿਲਾਂ ਤੋਂ ਗੁੰਮਰਾਹ ਵੀ ਕਰ ਦਿੰਦੇ ਹਨ। ਦੂਜਿਆਂ ਤੋਂ ਮਿਲਣ ਵਾਲੇ ਸਹਾਰੇ 'ਤੇ ਰਹਿਣ ਨਾਲ ਜੀਵਨ ਹੀ ਬੰਦ ਹੋ ਜਾਂਦਾ ਹੈ। ਜਿਹੜਾ ਵਿਅਕਤੀ ਅਪਾਹਜ ਹੋਣ ਦੇ ਬਾਵਜੂਦ ਚੱਲਦਾ ਰਹਿੰਦਾ ਹੈ, ਉਸ ਨੂੰ ਅੱਗੇ ਕਿਸਮਤ ਉਡੀਕ ਰਹੀ ਹੁੰਦੀ ਹੈ।

'ਇੱਕ ਬਜ਼ੁਰਗ ਜੋੜਾ ਹਵਾਈ ਜਹਾਜ਼ ਵਿੱਚ ਸਫ਼ਰ ਕਰ ਰਿਹਾ ਸੀ। ਆਦਮੀ ਦੀ ਉਮਰ ਲਗਭਗ ਅੱਸੀ ਸਾਲ ਦੇ ਕਰੀਬ ਹੋਵੇਗੀ ਤੇ ਔਰਤ ਕੁਝ ਸਾਲ ਘੱਟ। ਜਦੋਂ ਉਹ ਬਜ਼ੁਰਗ ਇੱਕ ਬੋਤਲ ਖੋਲ੍ਹਣ ਲੱਗਾ ਤਾਂ ਉਨ੍ਹਾਂ ਕੋਲੋਂ ਖੁੱਲ੍ਹ ਨਹੀਂ ਸੀ ਰਹੀ। ਉਨ੍ਹਾਂ ਦੀ ਪਤਨੀ ਨੇ ਉਨ੍ਹਾਂ ਕੋਲੋਂ ਬੋਤਲ ਖੋਲ੍ਹਣ ਲਈ ਮੰਗੀ ਤਾਂ ਉਨ੍ਹਾਂ ਨੇ ਨਹੀਂ ਦਿੱਤੀ, ਪਰ ਆਪਣੀ ਕੋਸ਼ਿਸ਼ ਜਾਰੀ ਰੱਖੀ। ਬੋਤਲ ਨਾ ਖੁੱਲ੍ਹਦੀ ਦੇਖ ਕੇ ਮੈਂ ਵੀ ਉਨ੍ਹਾਂ ਦੀ ਮਦਦ ਕਰਨ ਲਈ ਹੱਥ ਵਧਾਇਆ, ਪਰ ਸਭ ਕੁਝ ਬੇਕਾਰ। ਆਖਰ ਇੱਕ ਦੋ-ਵਾਰ ਹੋਰ ਕੋਸ਼ਿਸ਼ ਕਰਨ 'ਤੇ ਉਨ੍ਹਾਂ ਨੇ ਬੋਤਲ ਖੋਲ੍ਹ ਲਈ। ਮੇਰੇ ਵੱਲ ਦੇਖ ਕੇ ਕਹਿਣ ਲੱਗੇ: ਦੂਜਿਆਂ ਦੇ ਸਹਾਰੇ ਤੋਂ ਵੱਡਾ ਇਸ ਦੁਨੀਆ ਵਿੱਚ ਕੋਈ ਵਾਇਰਸ ਨਹੀਂ ਤੇ ਖ਼ੁਦ ਦੀ ਹਿੰਮਤ ਤੋਂ ਵੱਡੀ ਕੋਈ ਵੈਕਸੀਨ ਨਹੀਂ ਹੁੰਦੀ।

ਇਸ ਸੰਸਾਰ ਵਿੱਚ ਸਭ ਤੋਂ ਵੱਡਾ ਗ਼ਰੀਬ ਉਹੀ ਹੈ ਜਿਸ ਦੀਆਂ ਖ਼ੁਸ਼ੀਆਂ ਦੂਜਿਆਂ 'ਤੇ ਨਿਰਭਰ ਕਰਦੀਆਂ ਹਨ। ਕੱਪੜਿਆਂ ਦੀ ਮੈਚਿੰਗ ਬਿਠਾਉਣ ਨਾਲ ਸਿਰਫ਼ ਸਰੀਰ ਸੁੰਦਰ ਦਿਸਦਾ ਹੈ, ਪਰ ਜੇਕਰ ਹਿੰਮਤ ਤੇ ਸੋਚ ਨਾਲ ਮੈਚਿੰਗ ਬਿਠਾ ਲਈਏ ਤਾਂ ਜੀਵਨ ਸੁੰਦਰ ਬਣ ਜਾਵੇਗਾ। ਬਦਕਿਸਮਤੀ ਇਹ ਹੈ ਕਿ ਅਸੀਂ ਛੋਟੀ ਜਿਹੀ ਮੁਸ਼ਕਿਲ ਆ ਜਾਣ 'ਤੇ

(ਬਾਕੀ ਸਫ਼ਾ 7 'ਤੇ)

## ਕਿਤਾਬਾਂ ਦਾ ਲਾਜਵਾਬ ਤੇ ਲਾਸਾਨੀ ਨਿੱਘ



ਪ੍ਰੋ. ਕੁਲਵੰਤ ਸਿੰਘ ਔਜਲਾ
84377-88856

ਪੜ੍ਹਨ ਦਾ ਨਸ਼ਾ ਦੁਨੀਆਂ ਦੇ ਤਮਾਮ ਨਸ਼ਿਆਂ ਤੋਂ ਉੱਤਮ ਤੇ ਊਰਜਾਵਾਨ ਹੈ। ਇਹ ਨਸ਼ਾ ਸਿਹਤਮੰਦ ਤੇ ਸੂਰਵੰਤ ਇਨਸਾਨਾਂ ਦੀ ਸੰਗਤ ਤੇ ਸੋਹਬਤ ਵਿਚ ਲੱਗਦਾ ਹੈ। ਇਹ ਤਾਉਮਰ ਦਾ ਨਸ਼ਾ ਹੈ। ਮੈਂ ਆਪਣੇ ਗੁਰੂ ਹਰਭਜਨ ਸਿੰਘ ਹੁੰਦਲ ਨੂੰ ਮਿਲਣ ਗਿਆ। ਵਡੇਰੀ ਉਮਰ ਕਾਰਨ ਕਮਜ਼ੋਰ ਸਨ ਪਰ ਅਜੇ ਵੀ ਉਹ ਅੰਗਰੇਜ਼ੀ ਦੀ ਵਿਸ਼ਵ ਪ੍ਰਸਿੱਧ ਕਿਤਾਬ ਪੜ੍ਹਨ ਵਿਚ ਲੀਨ ਸਨ। ਉਨ੍ਹਾਂ ਆਖਿਆ ਕਿ ਮੈਨੂੰ ਚੰਗੀਆਂ ਕਿਤਾਬਾਂ ਦੀ ਦੱਸ ਗੁਰਦਿਆਲ ਬੱਲ ਪਾਉਂਦਾ ਹੈ। ਫਿਰ ਉਹ ਕਿਤਾਬ ਮੈਂ ਹਰ ਹੀਲੇ ਮੰਗਵਾਉਂਦਾ ਅਤੇ ਪੜ੍ਹਦਾ ਹਾਂ। ਪੜ੍ਹਨ ਦੀ ਜਾਗ ਮੈਨੂੰ ਮਿਡਲ ਸਕੂਲ ਵਿਚ ਹਰਭਜਨ ਸਿੰਘ ਹੁੰਦਲ ਦੀ ਪ੍ਰੇਰਨਾ ਨਾਲ ਲੱਗੀ। ਚੰਗੇ ਅਧਿਆਪਕ ਪੜ੍ਹਨ ਲਈ ਮੁਤਾਸਿਰ ਕਰਦੇ ਹਨ। ਪੜ੍ਹਨ ਦੀ ਲਗਨ ਲੱਗ ਜਾਵੇ ਤਾਂ ਟੁੱਟਦੀ ਨਹੀਂ। ਪੜ੍ਹਨ ਵਿਚ ਲਿਵ ਲੱਗ ਜਾਵੇ ਤਾਂ ਰੋਟੀ ਭੁੱਲ ਜਾਂਦੀ ਹੈ। ਪੜ੍ਹਨ ਨਾਲ ਅੰਦਰੂਨੀ ਤੰਦਰੁਸਤੀਆਂ ਦੀ ਲਹਿਰ ਊਰਜਿਤ ਹੁੰਦੀ ਹੈ। ਪੜ੍ਹਨ ਨਾਲ ਮਨ-ਮਸਤਕ ਵਿਚ ਨਵੀਂ ਦੁਨੀਆਂ ਜਾਗਦੀ ਹੈ। ਜਦੋਂ ਯੂਨੀਵਰਸਿਟੀ ਪੜ੍ਹਨ ਗਿਆ ਤਾਂ ਉੱਥੇ ਲਾਲੀ ਬਾਬੇ ਜਿਹੇ ਅਨੇਕਾਂ 'ਭੂਤ' (ਦਲੀਪ ਕੌਰ ਟਿਵਾਣਾ ਵੱਲੋਂ ਆਪਣੇ ਕੁਝ ਵਿਦਿਆਰਥੀਆਂ ਨੂੰ ਪਿਆਰ ਨਾਲ ਦਿੱਤਾ ਗਿਆ 'ਨਾਂ') ਸਨ। ਇਨ੍ਹਾਂ ਬਾਬਿਆਂ ਦੀਆਂ ਬਾਤਾਂ ਸੁਣ-ਸੁਣ ਕੇ ਅਸਚਰਜ ਹੋਈ ਜਾਣਾ। ਆਮ ਜਿਹੇ ਬੰਦਿਆਂ ਵਰਗੇ ਇਹ ਲੋਕ ਮੌਲਿਕ ਤੇ ਵਿਸ਼ੇਸ਼ ਲੱਗਣ ਲੱਗੇ। ਅਜਿਹੇ ਜ਼ਰਖ਼ੇਜ਼ ਮਾਹੌਲ ਵਿਚ ਪੜ੍ਹਨ ਵਾਲਿਆਂ ਨੂੰ ਸ਼ਕਤੀ, ਸਿਦਕ ਤੇ ਸੰਵੇਦਨਾ ਮਿਲਦੀ ਹੈ। ਵੱਖ-ਵੱਖ ਵਿਚਾਰਧਾਰਾਵਾਂ ਨਾਲ ਸਬੰਧਿਤ ਇਹ ਬਾਬੇ ਪੜ੍ਹਨ ਦੀਆਂ ਭੱਠੀਆਂ ਮਘਾਈ ਰੱਖਦੇ। ਹਰ ਕਿਸੇ ਦੇ ਹੱਥ ਵਿਚ ਕਿਤਾਬਾਂ ਹੁੰਦੀਆਂ। ਹਰ ਕਿਸੇ ਦਾ ਅੰਦਾਜ਼ ਟੁੰਬਦਾ। ਲਾਇਬਰੇਰੀ ਉਦੋਂ ਪੜ੍ਹਨ ਵਾਲਿਆਂ ਦਾ ਮੱਕਾ ਤੇ ਮਦੀਨਾ ਹੁੰਦੀ ਸੀ। ਯੂਨੀਵਰਸਿਟੀ ਦੀ ਹਵਾ ਵਿਚ ਇਹ ਦੰਦਕਥਾ ਪ੍ਰਚਲਤ ਸੀ ਕਿ ਕਿਤਾਬਾਂ ਪੜ੍ਹੋ ਭਾਵੇਂ ਚੋਰੀ ਕਰ ਕੇ ਪੜ੍ਹੋ। ਲਾਲੀ ਬਾਬੇ ਦੀਆਂ ਮਹੀਨ ਤੇ ਮੁੱਲਵਾਨ ਗੱਲਾਂ ਠਹਿਰੀ ਰਾਤ ਤੀਕ ਚੱਲਦੀਆਂ। ਗੱਲਾਂ ਇਲਮ ਤੇ ਅਨੁਭਵ ਦੇ ਮਿਸ਼ਰਣ ਵਿਚੋਂ ਜੰਮਦੀਆਂ ਹਨ। ਗੱਲਾਂ ਲਈ ਪੜ੍ਹੇ ਤੇ ਗੁੜ੍ਹੇ ਹੋਣਾ ਲਾਜ਼ਮੀ ਹੈ। ਗੱਲਾਂ ਵਿਚ ਜਾਦੂ, ਜੋਸ਼ ਤੇ ਜਜ਼ਬਾ ਹੁੰਦਾ ਹੈ। ਪੜ੍ਹਨ ਨਾਲ ਗੱਲਾਂ ਨੂੰ ਆਤਿਸ਼ ਤੇ ਆਂਤਰਿਕਤਾ ਮਿਲਦੀ ਹੈ। ਪੜ੍ਹਨ ਨਾਲ ਬੰਦਾ ਗਹਿਰਾ ਤੇ ਗੂੜ੍ਹਾ ਹੁੰਦਾ ਹੈ। ਪੜ੍ਹਨ ਬਿਨਾਂ ਲੋਕ ਫੋਕੇ ਰਹਿ ਜਾਂਦੇ ਹਨ। ਮੇਰਾ 35 ਸਾਲ ਪੁਰਾਣਾ ਨੌਕਰ ਸਵੇਰੇ ਜਦੋਂ ਆਉਂਦਾ ਹੈ ਤਾਂ ਮੇਰੀਆਂ ਅਖ਼ਬਾਰਾਂ ਨੂੰ ਫੜ-ਫੜ ਕੇ ਮੂਰਤਾਂ ਦੇਖਦਾ ਹੈ ਤੇ ਪੁੱਛਦਾ ਹੈ ਕਿ ਇਹ ਕੀ ਹੈ? ਇਹ ਕੀ ਲਿਖਿਆ ਹੈ? ਕਦੇ-ਕਦੇ ਕਹਿੰਦਾ ਹੈ ਕਿ ਪੜ੍ਹ ਜਾਂਦੇ ਤਾਂ ਚੰਗਾ ਸੀ ਪਰ ਮਾਂ-ਬਾਪ ਦੀ ਜਲਦੀ ਮੌਤ ਨਾਲ ਬਾਰਾਂ ਸਾਲ ਦੀ ਉਮਰ ਵਿਚ ਭਰਾਵਾਂ ਨੇ ਜੱਟਾਂ ਨਾਲ ਹਲ ਵਾਹੁਣ ਲਾ ਦਿੱਤਾ। ਨਾ ਪੜ੍ਹ ਸਕਣ ਦਾ ਹੇਰਵਾ ਤੜਫ਼ਾਉਂਦਾ ਹੈ। ਪੜ੍ਹਨ ਦਾ ਸਬੱਬ ਵਕਤ ਦੀ ਰਹਿਮਤ ਹੈ। ਅਸਾਵੇਂ ਹਾਲਾਤ ਵਿਚ ਵੀ ਪੜ੍ਹਨ ਵਾਲੇ ਪੜ੍ਹ ਗਏ। ਅੱਜਕੱਲ੍ਹ ਪੜ੍ਹਨਾ ਅਕਾਦਮਿਕ ਜਿਹਾ ਹੋ ਗਿਆ ਹੈ। ਰਸਮੀ ਤੇ ਰੂਹਹੀਣ ਰਿਵਾਜਪ੍ਰਸਤੀ ਜਿਹਾ। ਪਹਿਲਾਂ ਲੋਕਾਂ ਨੂੰ ਪੜ੍ਹਨ ਦੀ ਭੁੱਖ ਲੱਗਦੀ ਸੀ। ਅੰਦਰੋਂ ਖੋਹ ਪੈਂਦੀ ਸੀ। ਖੋਹ ਪੈਣਾ ਰਚਨਾਤਮਿਕਤਾ ਹੈ। ਖੋਹ ਨਾ ਪੈਣਾ ਧੜਕਣਾਂ ਦੇ ਖੰਡਰਾਤ ਹੋ ਜਾਣ ਦਾ ਪ੍ਰਤੀਕ ਹੈ। ਪੁਸਤਕਾਂ ਸਦੀਵੀ, ਸੁਰੀਲੀਆਂ, ਸੁਪਨਸਾਜ਼ ਤੇ ਸੱਚੀਆਂ ਧੜਕਣਾਂ ਦੀ ਜਾਗਦੀ ਬੋਲਦੀ ਜ਼ੁਬਾਨ ਹਨ। ਪੁਸਤਕਾਂ ਪੜ੍ਹਨ ਨਾਲ ਮਨੁੱਖ ਦੇ ਅੰਦਰੋਂ ਬਾਬੀਹਾ ਬੋਲਦਾ ਹੈ।

ਨਿੱਕੇ ਹੁੰਦੇ ਜਦੋਂ ਬਾਪ ਨਾਲ ਤੜਕੇ ਤੜਕੇ ਕੰਮ ਕਰਨ ਲਈ ਜਾਂਦੇ ਤਾਂ ਕੰਮ ਦੀ ਤਪਸ਼ ਤੇ ਤਾਜ਼ਗੀ ਨਾਲ ਡਾਹਢੀ ਭੁੱਖ ਲੱਗਦੀ। ਵਾਰ ਵਾਰ ਪਿੰਡ ਵੱਲ ਨੂੰ ਦੇਖਦੇ, ਸ਼ਾਇਦ ਮਾਂ ਰੋਟੀਆਂ ਲੈ ਕੇ ਆਉਂਦੀ ਹੋਵੇ। ਅਜਿਹੀ ਭੁੱਖ ਹੁਣ ਕਦੇ ਨਹੀਂ ਲੱਗਦੀ। ਖਾਣ ਪ੍ਰਤੀ ਅਜਿਹੀ ਅੰਦਰੂਨੀ ਕਸ਼ਿਸ਼ ਤੇ ਕਾਵਿਕਤਾ ਮੁੜ ਕਦੇ ਨਹੀਂ ਪੰਘਰੀ। ਏਨੀ ਮਿੱਠੀ ਤੇ ਮਮਤਾਮਈ ਉਡੀਕ ਮੁੜ ਅੱਖਾਂ ਵਿਚ ਕਦੇ ਨਹੀਂ ਉਤਰੀ। ਮਾਂ-ਬਾਪ ਨਾਲ ਕੰਮ ਕਰਦਿਆਂ ਉਰਜਿਤ ਹੋਈ ਇਸ ਰਚਨਾਤਮਿਕ ਭੁੱਖ, ਅੰਦਰੂਨੀ ਸਵਾਦ ਤੇ ਇਲਾਹੀ ਉਡੀਕ ਨੇ ਪੜ੍ਹਨ ਦੇ ਰਾਜ਼ ਤੇ ਰੂਹਦਾਰੀਆਂ ਦਾ ਰਾਹ ਸਮਝਾਇਆ। ਪੜ੍ਹਨਾ ਰੂਹ ਦੀ ਖ਼ੁਰਾਕ ਤੇ ਖ਼ਾਬਗੋਈ ਹੈ। ਨਾ ਹੁਣ ਪੜ੍ਹਾਉਣ ਵਾਲੇ ਪਹਿਲਾਂ ਵਰਗੇ ਰਹੇ। ਨਾ ਪੜ੍ਹਨ ਵਾਲੇ ਪਹਿਲਾਂ ਵਰਗੇ। ਭੂਤਾਂ ਤੇ ਬਾਬਿਆਂ ਨੂੰ ਯਾਦ ਕਰਦਿਆਂ ਕਦੇ ਲਿਖਿਆ ਸੀ:

ਗੱਲਾਂ ਵਿਚ ਫਲਸਫ਼ੇ ਫ਼ਕੀਰੀਆਂ ਦੇ ਫੰਦੇ
ਕਿੱਥੇ ਗਏ ਭਾਵੁਕ ਤੇ ਭੁਲੱਕੜ ਜਿਹੇ ਬੰਦੇ

ਰਾਤ ਨੂੰ ਅਸੀਂ ਪੜ੍ਹਨਾ ਤੇ ਮਾਂ ਨੇ ਕੁਝ ਨਾ ਕੁਝ ਕਰੀ ਜਾਣਾ ਤਾਂ ਕਿ ਬੱਚੇ ਸੌਂ ਨਾ ਜਾਣ। ਆਪ ਜਾਗ ਕੇ ਦੂਸਰਿਆਂ ਨੂੰ ਜਗਾਉਣ ਦੀ ਥਾਂ ਲੋਕ ਹੁਣ ਡਿਜੀਟਲ ਡਰਾਮੇਬਾਜ਼ੀਆਂ ਦਾ ਸ਼ਿਕਾਰ ਹੋ ਗਏ ਹਨ। ਤੜਕੇ ਉੱਠ ਕੇ ਮਾਂ ਨੇ ਚੁੱਲ੍ਹਾ ਬਾਲਣਾ ਤੇ ਨਾਲ ਹੀ ਸਾਨੂੰ ਪੜ੍ਹਨ ਲਈ ਜਗਾ ਦੇਣਾ। ਅਜਿਹੀ ਤਪੱਸਿਆ ਤੇ ਤਸੱਵੁਰ ਹੁਣ ਨਹੀਂ ਮਿਲਦਾ। ਜਦੋਂ ਮੇਰੀ ਕਿਤਾਬ 'ਮਾਂ ਵਰਗੀ ਕਵਿਤਾ' ਆਈ ਤਾਂ ਕਈ ਸ਼ਹਿਰੀ ਜਿਹੇ ਲੋਕਾਂ ਨੇ ਮੈਨੂੰ ਕਿਹਾ ਕਿ ਤੂੰ ਮਾਂ-ਬਾਪ ਬਾਰੇ ਬਹੁਤ ਜਜ਼ਬਾਤੀ ਜਾਪਦਾ ਹੈਂ। ਮੈਂ ਕਿਹਾ, "ਮੇਰੇ ਜਜ਼ਬੇ ਮੈਨੂੰ ਮਾਨਵੀ ਮੁਸ਼ੱਕਤ ਤੇ ਮੋਹ ਦੀ ਕਾੜ੍ਹਨੀ ਵਿਚੋਂ ਮਿਲੇ ਹਨ। ਤੁਹਾਡੀ ਮਸ਼ੀਨੀ ਵਿਆਕਰਨ ਤੁਹਾਨੂੰ ਮੁਬਾਰਕ।" ਮਾਂ ਚਰਖਾ ਕੱਤਦੀ ਤੇ ਮੈਂ ਪੜ੍ਹਨ ਦਾ ਸੂਤ ਕੱਤਦਾ। ਅਜਿਹਾ ਸਾਹਵਰਧਕ ਤੇ ਸੁਰੀਲਾ ਕੱਤਣ ਮੁੜ ਨਹੀਂ ਜੁੜਿਆ। ਇਸ ਬਾਰੇ ਲਿਖਿਆ ਗਹੁ ਨਾਲ ਪੜ੍ਹਨਾ:

ਪੀੜ੍ਹੀ ਉੱਤੇ ਬੈਠੀ ਹੋਈ ਬਿਲਕੁਲ ਮਾਂ ਵਾਂਗੂ
ਸੂਤ ਸਮਝ ਅੱਖਰਾਂ ਨੂੰ ਰਹਿੰਦਾ ਹਾਂ ਅਟੇਰਦਾ
ਜੀਭ ਦੇ ਸੁਆਦਾਂ ਵਾਲੇ ਲੋਕ ਨਹੀਂ ਜਾਣਦੇ
ਕੈਸਾ ਸੀ ਸੁਆਦ ਟੁੱਕੇ ਭੀਲਣੀ ਦੇ ਬੇਰ ਦਾ

ਪੜ੍ਹਨ ਵਾਲੇ ਲੋਕਾਂ ਦੀ ਵੱਖਰੀ ਰੂਹ ਤੇ ਵੱਖਰਾ ਰੱਬ ਹੁੰਦਾ ਹੈ। ਮੇਰੇ ਗੁਰੂ ਨਰਿੰਦਰ ਸਿੰਘ ਕਪੂਰ ਸੇਵਾਮੁਕਤ ਹੋ ਕੇ ਵੀ ਲਿਖਣੋਂ ਨਹੀਂ ਹਟੇ। ਅਜਿਹੇ ਗੁਰੂ ਲੋਕ ਅਨੁਭਵ ਤੇ ਅਦਬ ਦੇ ਰਚਨਾਤਮਿਕ ਗ੍ਰੰਥ ਹਨ। ਇਨ੍ਹਾਂ ਲੋਕਾਂ ਨੂੰ ਸਿਮਰਣ ਵਾਂਗ ਪੜ੍ਹਿਆ ਜਾਂਦਾ ਹੈ। ਡਾ. ਰਤਨ ਸਿੰਘ ਜੱਗੀ ਦਾ ਤਪੱਸਵੀ ਕੰਮ ਧੜਕਦਾ ਹੈ। ਡਾ. ਰਵੀ ਦੇ ਬੋਲ ਅੱਜ ਵੀ ਹਵਾ ਵਿਚ ਗੂੰਜਦੇ ਹਨ। ਸਿਮਰਤੀਆਂ, ਸੰਗਰਾਮਾਂ ਤੇ ਸਦਾਚਾਰਾਂ ਵਰਗੇ ਇਹ ਲੋਕ ਪੜ੍ਹਨ ਵਾਲੇ ਉਤਸ਼ਾਹਵਰਧਕ ਮਿਸਾਲਾਂ ਸਿਰਜ ਗਏ। ਜਸਵਿੰਦਰ, ਮੱਖਣ ਤੇ ਮੈਂ ਆਨਰਜ਼ ਸਕੂਲ ਵਿਚ ਪੜ੍ਹਦੇ ਸਾਂ। ਰੋਟੀ ਖਾ ਕੇ ਦੁਪਹਿਰ ਨੂੰ ਜਦੋਂ ਬਹੁਤੇ ਲੋਕ ਸੌਣ ਨੂੰ ਫਿਰਦੇ ਹੁੰਦੇ, ਅਸੀਂ ਤਿੰਨੇ ਲਾਇਬਰੇਰੀ ਦੀ ਉਪਰਲੀ ਮੰਜ਼ਿਲ 'ਤੇ ਪੜ੍ਹਨ ਚਲੇ ਜਾਂਦੇ। ਫਿਰ ਸਤੀਸ਼, ਪਵਨ ਤੇ ਹੋਰ ਲੋਕ ਆ ਗਏ। ਪੜ੍ਹਨ ਦਾ ਮਾਨਵੀ ਮੁਕਾਬਲਾ ਹੁੰਦਾ ਸੀ ਸਾਡੇ ਵਿਚਕਾਰ। ਕੁਝ ਬਣਨ ਦੀ ਰੀਝ ਸੀ। ਕੁਝ ਹੋਣ ਦਾ ਸੁਪਨਾ ਸੀ। ਸੁਪਨੇ ਉਗਾਉਣ ਲਈ ਜ਼ਮੀਨ ਮਿਲ ਜਾਵੇ ਤਾਂ ਪੜ੍ਹਨ ਦੀ ਰਵਾਇਤ ਤੇ ਰੂਹ ਸਹੂਲਤਾਂ ਤੇ ਸਜਾਵਟਾਂ ਵਿਚੋਂ ਨਹੀਂ ਸਗੋਂ ਧੜਕਣਾਂ ਦੇ ਰਾਗਾਤਮਿਕ ਜਨੂੰਨ ਵਿਚੋਂ ਜੰਮਦੀ ਹੈ। ਰਵਾਇਤਾਂ ਤੇ ਰੂਹਾਂ ਉੱਜੜ ਜਾਣ ਤਾਂ ਅਦਾਰੇ ਖੰਡਰਾਤ ਹੋ ਜਾਂਦੇ ਹਨ। ਪੜ੍ਹਨ ਵਾਲਿਆਂ ਦੀ ਪੌਦ ਪੀੜ੍ਹੀ-ਦਰ-ਪੀੜ੍ਹੀ ਚਲਦੀ ਹੈ। ਜਿਵੇਂ ਦਾਬਾਂ ਲਾਈਦੀਆਂ ਹਨ। ਜਿਵੇਂ ਕਣਕ ਨੂੰ ਸਿੰਜੀਦਾ ਹੈ। ਫ਼ਰੀਦਕੋਟ ਕਾਲਜ ਮਿਲਿਆ ਨੌਕਰੀ ਲਈ। ਉੱਥੇ ਵੀ ਪੜ੍ਹਨ ਪੜ੍ਹਾਉਣ ਦੀ ਮਿਸਾਲੀ ਸੰਵੇਦਨਾ ਤੇ ਸ਼ਿੱਦਤ ਦੇਖਣ ਨੂੰ ਮਿਲੀ। ਚਾਹ ਪੀਣ ਵੇਲੇ ਵੀ ਬਹੁਤੀਆਂ ਗੱਲਾਂ ਪੜ੍ਹਨ ਬਾਰੇ ਹੁੰਦੀਆਂ। ਨਵੀਆਂ ਕਿਤਾਬਾਂ ਤੇ ਰਸਾਲਿਆਂ ਦੀ ਚਰਚਾ ਹੁੰਦੀ। ਇਸ ਚਰਚਾ ਵਿਚੋਂ ਹੀ ਮੈਨੂੰ 'ਥੈਂਕ ਯੂ ਮਿਸਟਰ ਗਲਾਡ' ਵਰਗੀ ਸੂਰਬੀਰ ਰਚਨਾ ਪੜ੍ਹਨ ਦੀ ਕਨਸੋਅ ਮਿਲੀ। ਸੁਪਨਸਾਜ਼ ਤੇ ਸੰਵਾਦਮੁਖੀ ਆਲਾ-ਦੁਆਲਾ ਪੜ੍ਹਨ ਲਈ ਆਕਰਸ਼ਿਤ ਕਰਦਾ ਹੈ। ਪੜ੍ਹਨ ਦੀ ਜਾਗ ਅੰਦਰੋਂ ਲੱਗਦੀ ਹੈ। ਪੜ੍ਹਨ ਦੀ ਜਾਗ ਲਗਾਉਣੀ ਬਹੁਤ ਔਖੀ ਹੈ। ਇਹ ਸਿੱਖੀ ਤੇ ਸਿਖਾਈ ਨਹੀਂ ਜਾ ਸਕਦੀ। ਅਜੋਕੇ ਫਾਰਮੂਲਿਆਂ ਤੇ ਫਹਿਰਿਸਤਾਂ ਦੇ ਯੁੱਗ ਵਿਚ ਅੰਦਰੂਨੀ ਜਾਗ ਦੀ ਸਿਨਫ਼ ਤੇ ਸਚਿਆਰਤਾ ਲਗਪਗ ਮੁੱਕਣ ਕਿਨਾਰੇ ਹੈ। ਪੜ੍ਹਨ ਦੇ ਗੁਰਮੰਤਰ ਤੇ ਗੁਰਿਆਈਆਂ ਬਾਜ਼ਾਰੂ ਹੋ ਗਈਆਂ ਹਨ। ਘਰਾਂ ਵਿਚ ਕਾਰਾਂ ਹਨ, ਟਰੈਕਟਰ ਹਨ, ਪੈਸਾ ਹੈ ਪਰ ਪੜ੍ਹਨ ਦੀ ਲਗਨ, ਲਿਆਕਤ ਤੇ ਲੋਅ ਕਿਸੇ ਨੁੱਕਰ ਵਿਚ ਵੀ ਨਹੀਂ ਮਿਲਦੀ। ਮਸੀਂ ਅਖ਼ਬਾਰ ਪੜ੍ਹਨ ਜੋਗੀ ਪੜ੍ਹਾਈ ਹੈ ਜਾਂ ਫਿਰ ਆਈਲੈਟਸ ਦੀ ਨਾਮੁਰਾਦ ਬਿਮਾਰੀ ਦਾ ਰੌਲਾ ਹੈ। ਪੜ੍ਹਨ ਲਈ ਸਵਾਰਥ ਨਹੀਂ, ਸੁਪਨੇ ਤੇ ਸਾਧਨਾਂ ਦੀ ਲੋੜ ਹੈ। ਸਾਡੇ ਘਰ ਆਈਲੈਟਸ ਕਰਨ ਲਈ ਆਈ ਰਿਸ਼ਤੇਦਾਰ ਲੜਕੀ ਕੁਝ ਮਹੀਨੇ ਠਹਿਰੀ। ਕੌਨਵੈਂਟ ਸਕੂਲ ਤੋਂ ਬਾਰਾਂ ਜਮਾਤਾਂ ਪੜ੍ਹੀ ਹੋਈ। ਕੈਨੇਡਾ ਜਾਣ ਦੀ ਲਾਲਸਾ ਜਾਗ ਪਈ। ਖ਼ੂਬ ਘੋਟੇ ਲਾਵੇ। ਪੜ੍ਹਨਾ ਹੱਡਾਂ ਵਿਚ ਨਹੀਂ ਸੀ। ਸੋਚੇ ਕਿਹੜੀ ਘੜੀ ਕੈਨੇਡਾ ਪਹੁੰਚ ਜਾਵਾਂ। ਅੱਜਕੱਲ੍ਹ ਮਾਪਿਆਂ ਨੂੰ ਵੀ ਕੈਨੇਡਾ ਦੇ ਸਵਰਗਮਈ ਸੁਪਨੇ ਆਉਂਦੇ ਹਨ। ਕੈਨੇਡਾ ਦੇ ਸੁਪਨਿਆਂ ਨੇ ਪੜ੍ਹਨ ਦੇ ਸੁਪਨੇ ਖੋਹ ਲਏ। ਗੁਰੂਆਂ ਦੀ ਧਰਤੀ ਵੀਰਾਨ ਹੋਣ ਨੂੰ ਫਿਰਦੀ ਹੈ। ਦੁਕਾਨਦਾਰੀਆਂ ਨੇ ਪੁੰਗਾਰ ਨੂੰ ਪੱਤਝੜ ਵਿਚ ਤਬਦੀਲ ਕਰ ਦਿੱਤਾ ਹੈ। ਹੁਣ ਹਰ ਖੇਤ, ਹਰ ਘਰ, ਹਰ ਸਕੂਲ ਤੇ ਹਰ ਅਦਾਰੇ ਵਿਚੋਂ ਕੈਨੇਡਾ ਦੀ ਫ਼ਸਲ ਉੱਗ ਰਹੀ ਹੈ। ਕੈਨੇਡਾ ਜੋਗਾ ਪੜ੍ਹਨ ਦੀ ਤੇਜ਼ ਦੌੜ ਨੇ ਪੜ੍ਹਨ ਦੀ ਉਡਾਣ ਤੇ ਊਰਜਾ ਦੇ ਖੰਭ ਕੁਤਰ ਦਿੱਤੇ ਹਨ। ਪੜ੍ਹਨਾ ਵਿਅਰਥ ਲੱਗਣ ਲੱਗ ਪਿਆ ਹੈ। ਪੜ੍ਹਨਾ ਭੋਰੇ ਵਿਚੋਂ ਕੀਤੀ ਲੰਬੀ ਤਪੱਸਿਆ ਵਾਂਗ ਹੈ। ਪੜ੍ਹਨ ਦੇ ਬੂਟੇ ਨੂੰ ਡਾਲਰ ਨਹੀਂ ਲੱਗਦੇ। ਸਾਡੇ ਮਾਂ-ਬਾਪ ਅਨਪੜ੍ਹ ਸਨ ਪਰ ਜ਼ਿੰਦਗੀ ਦੀ ਪੜ੍ਹਾਈ ਵਿਚ ਪਰਪੱਕ ਤੇ ਪੂਰੇ। ਅੱਜ ਦੇ ਪੜ੍ਹਾਕੂ ਹਰ ਪੱਖੋਂ ਕੋਰੇ ਤੇ ਕਾਗਜ਼ੀ ਨੇ। ਡਾਲਰਾਂ ਦੇ ਦੇਸ਼ ਜਾ ਕੇ ਅੰਗਰੇਜ਼ੀ ਬੋਲਣੀ ਸਿੱਖ ਲੈਣੀ ਹੀ ਕਾਫ਼ੀ ਨਹੀਂ। ਪੜ੍ਹਨ ਨਾਲ ਜ਼ਿੰਦਗੀ ਨੂੰ ਪੜ੍ਹਨਾ ਆਉਂਦਾ ਹੈ। ਪੜ੍ਹਨ ਨਾਲ ਸਰੀਰ ਤੰਦਰੁਸਤ ਤੇ ਤਾਜ਼ਗੀ ਭਰਪੂਰ ਰਹਿੰਦਾ ਹੈ। ਪੜ੍ਹਨਾ ਜੀਅ ਲਾਉਂਦਾ ਹੈ। ਪੜ੍ਹਨ ਨਾਲ ਖ਼ੁਦ ਨੂੰ ਪੜ੍ਹਨ ਦੀ ਸੋਝੀ ਆਉਂਦੀ ਹੈ। ਕਰੋਨਾ ਦੇ ਖ਼ੌਫ਼ਨਾਕ ਸਮੇਂ ਵਿਚ ਪੜ੍ਹਨ ਦੀ ਆਦਤ ਬੜੀ ਕੰਮ ਆਈ। ਲਗਾਤਾਰ ਪੜ੍ਹੀ ਜਾਣ ਦੀ ਰੀਤ ਨੇ ਆਸ ਬੁਝਣ ਨਾ ਦਿੱਤੀ। ਖ਼ੌਫ਼ ਤੋਂ ਬਚਣ ਦਾ ਸਭ ਤੋਂ ਕਾਰਗਰ ਤੇ ਕਰਮਸ਼ੀਲ ਸਹਾਰਾ ਪੁਸਤਕਾਂ ਬਣੀਆਂ।

ਖ਼ੌਫ਼ ਆਉਂਦਾ ਰਿਹਾ ਬਣ ਬਣ ਕੇ ਧਾੜਵੀ ਛੱਲਾਂ
ਅਸੀਂ ਪਰ ਕਰਦੇ ਰਹੇ ਪੁਸਤਕਾਂ ਦੇ ਨਾਲ ਗੱਲਾਂ

ਪੁਸਤਕਾਂ ਨਾਲ ਗੱਲਾਂ ਕਰਨਾ ਲੇਕਿਨ ਸੌਖਾ ਤੇ ਸਰਲ ਕਾਰਜ ਨਹੀਂ। ਅੰਦਰੂਨੀ ਸਹਿਜ ਤੇ ਸੰਵੇਦਨਾ ਦੇ ਨਿਰੰਤਰ ਅਭਿਆਸ ਨਾਲ ਪੁਸਤਕਾਂ ਨਾਲ ਦੋਸਤੀ ਹੁੰਦੀ ਹੈ ਜਿਸ ਸਦਕਾ ਦੁਨਿਆਵੀ ਦੋਸਤੀਆਂ ਦੀ ਲੋੜ ਤੇ ਸਮਝ ਜਾਗਰਿਤ ਹੁੰਦੀ ਹੈ। ਉਦਰੇਵੇਂ ਉਦਾਸੀਆਂ ਭੱਜਦੇ ਹਨ। ਤਨ ਮਨ ਨਿਰੋਗ ਰਹਿੰਦਾ ਹੈ। ਤਰੰਨੁਮ ਪੰਘਰਦਾ ਹੈ।

(ਬਾਕੀ ਸਫ਼ਾ 6 'ਤੇ)

ਕਹਾਣੀ

# ਕੌੜੇ ਰਿਸ਼ਤੇ



ਬਚਿੰਤ ਕੌਰ

ਜੀ ਬੀ ਹੋਟਲ ਦੀ ਗਹਿਮਾ-ਗਹਿਮੀ ਅੱਜ ਦੇਖਣ ਵਾਲੀ ਸੀ। ਚਾਰੇਂ ਤਰਫ ਤਾਜ਼ੇ ਫੁੱਲਾਂ ਦੀ ਖੁਸ਼ਬੋਈ ਨਾਲ ਸਾਰਾ ਹਾਲ ਮਹਿਕੋ-ਮਹਿਕੀ ਹੋਇਆ ਪਿਆ ਸੀ। ਦੋਵੇਂ ਧਿਰਾਂ ਖੁਸ਼ੀ ਵਿੱਚ ਫੁੱਲੀਆਂ ਨਹੀਂ ਸੀ ਸਮਾ ਰਹੀਆਂ। ਸੁਣਿਆ ਸੀ ਮੁੰਡੇ ਵਾਲਿਆਂ ਨੇ ਦਾਜ ਵੀ ਨਹੀਂ ਸੀ ਮੰਗਿਆ। ਅਸ਼ੋਕ ਦੀ ਹੋਣ ਵਾਲੀ ਦੁਲਹਨ ਸ਼ਬਨਮ ਜਿਵੇਂ ਸੱਚਮੁਚ ਅਰਸ਼ੋਂ ਉਤਰੀ ਕੋਈ ਪਰੀ ਹੋਵੇ। ਐਨੀ ਸੁਨੱਖੀ, ਲੰਬੂ ਬਹੂ ਤਾਂ ਅਸ਼ੋਕ ਦੇ ਖਾਨਦਾਨ ਵਿੱਚ ਅਜੇ ਤੱਕ ਨਹੀਂ ਸੀ ਆਈ। ਦੁਲਹਾ-ਦੁਲਹਨ ਸਟੇਜ ਉਤੇ ਬੈਠੇ ਸੱਚਮੁਚ ਬਹੁਤ ਜਚ ਰਹੇ ਸਨ, ਜਿਵੇਂ ਰੱਬ ਨੇ ਇਨ੍ਹਾਂ ਨੂੰ ਇਕ-ਦੂਜੇ ਦੇ ਲਈ ਹੀ ਬਣਾਇਆ ਹੋਵੇ। ਸਭ ਤੋਂ ਪਹਿਲਾਂ ਕੁੜਮਾਈ ਦੀਆਂ ਛਾਪਾਂ ਇਕ-ਦੂਜੇ ਦੀਆਂ ਉਂਗਲੀਆਂ ਵਿੱਚ ਪਾਈਆਂ ਗਈਆਂ। ਫਿਰ ਸਾਰੇ ਭੈਣ-ਭਾਈ ਅਤੇ ਰਿਸ਼ਤੇਦਾਰਾਂ ਨੇ ਗੁਲਾਬ ਦੀਆਂ ਪੱਤੀਆਂ ਦੀ ਇਸ ਨਵੀਂ ਬਣਨ ਵਾਲੀ ਜੋੜੀ ਉਤੇ ਇਉਂ ਵਰਖਾ ਕੀਤੀ, ਜਿਵੇਂ ਆਕਾਸ਼ 'ਚੋਂ ਦੇਵੀ-ਦੇਵਤੇ ਫੁੱਲ ਵਰਸਾ ਰਹੇ ਹੋਣ। ਸ਼ਬਨਮ ਦੇ ਨੈਣਾਂ 'ਚੋਂ ਝਰਦੀ ਖੁਸ਼ੀ ਉਸ ਤੋਂ ਸਾਂਭੀ ਨਹੀਂ ਸੀ ਜਾ ਰਹੀ। ਅਸ਼ੋਕ ਵੀ ਬੇਹੱਦ ਖੁਸ਼ ਨਜ਼ਰ ਆ ਰਿਹਾ ਸੀ, ਕਿਉਂਕਿ ਉਸ ਦੇ ਸਾਰੇ ਦੋਸਤਾਂ ਦੀਆਂ ਨਵ-ਵਿਆਹੀਆਂ ਦੁਲਹਨਾਂ 'ਚੋਂ ਸਭ ਤੋਂ ਸੋਹਣੀ-ਸੁਨੱਖੀ ਸ਼ਬਨਮ ਹੀ ਸੀ। ਇਸ ਖੁਸ਼ੀ ਵਿੱਚ ਉਹ ਫੁੱਲਿਆ ਨਹੀਂ ਸੀ ਸਮਾ ਰਿਹਾ।

ਹੁਣ ਮਾਂ-ਪਿਓ ਅਤੇ ਬਾਕੀ ਭੈਣ-ਭਾਈ ਕੁੜੀ ਵਾਲਿਆਂ ਨੇ ਲੈਣ-ਦੇਣ ਕਰਨਾ ਸੀ। ਸ਼ਬਨਮ ਦੇ ਮਾਮਾ ਜੀ ਨੇ ਸਭ ਤੋਂ ਪਹਿਲਾਂ ਅਸ਼ੋਕ ਦੀ ਮਾਤਾ ਜੀ ਨੂੰ ਦੁਲਹੇ-ਦੁਲਹਨ ਦੇ ਕੋਲ ਹੀ ਬਣੀ ਇਕ ਛੋਟੀ ਸਟੇਜ ਉਤੇ ਆਉਣ ਲਈ ਸਤਿਕਾਰ ਸਹਿਤ ਬੁਲਾਇਆ ਤੇ ਉਸ ਦੇ ਗਲ ਵਿੱਚ ਸੋਨੇ ਦੀ ਜ਼ੰਜੀਰੀ ਪਹਿਨਾਈ ਤੇ ਕੰਨਾਂ ਵਿੱਚ ਹੀਰੇ ਦੇ ਟਾਪਸ ਪਾਏ। ਫਿਰ ਇਸੇ ਤਰ੍ਹਾਂ ਅਸ਼ੋਕ ਦੇ ਪਿਤਾ ਲਖਣ ਪ੍ਰਸ਼ਾਦ ਨੂੰ ਬੁਲਾ ਕੇ ਉਸ ਦੀ ਗਭਲੀ ਉਂਗਲੀ ਵਿੱਚ ਕੁੜੀ ਦੇ ਪਿਤਾ ਨੇ ਅੱਧੇ ਤੋਲੇ ਦੀ ਮੁੰਦਰੀ ਪਹਿਨਾ ਦਿੱਤੀ। ਬਾਕੀ ਲੈਣ-ਦੇਣ ਅਜੇ ਬਾਕੀ ਸੀ ਕਿ ਅਸ਼ੋਕ ਦੇ ਪਿਤਾ ਜੀ ਨੇ ਸ਼ਬਨਮ ਦੇ ਪਿਤਾ ਦੇ ਹੱਥਾਂ ਵਿੱਚ ਹੌਲੀ ਜਿਹੀ 'ਆਈ ਕੌਨ' ਕਾਰ ਦੀਆਂ ਚਾਬੀਆਂ ਚੁੱਪ ਕੇ ਜਿਹੇ ਫੜਾ ਕੇ ਕਿਹਾ, "ਭਾਈ ਸਾਹਿਬ, ਇਹ ਅਸ਼ੋਕ ਨੂੰ ਤੁਸੀਂ ਦੇ ਦਿਓ। ਕਾਰ ਦੀ ਪਹਿਲੀ 20 ਹਜ਼ਾਰ ਰੁਪਏ ਦੀ ਕਿਸ਼ਤ ਦੇ ਦਿੱਤੀ ਹੈ। ਅਸੀਂ ਲੋਕਾਂ ਨੂੰ ਦੱਸਣਾ ਚਾਹੁੰਦੇ ਹਾਂ ਕਿ ਸਿਰਫ ਸੋਹਣੀ-ਸੁਨੱਖੀ ਵਹੁਟੀ ਹੀ ਅਸ਼ੋਕ ਨੂੰ ਨਹੀਂ ਮਿਲੀ, ਬਲਕਿ 'ਆਈ ਕੌਨ' ਕਾਰ ਵੀ ਸ਼ਬਨਮ ਦੇ ਮਾਪਿਆਂ ਨੇ ਅਸ਼ੋਕ ਨੂੰ ਮੰਗਣੀ ਵਿੱਚ ਦਿੱਤੀ ਹੈ।"

ਇਹ ਗੱਲ ਪਹਿਲਾਂ ਤਾਂ ਸ਼ਬਨਮ ਦੇ ਪਾਪਾ ਦੀ ਸਮਝ ਵਿੱਚ ਆਈ ਹੀ ਨਾ.. ਪਰ ਕੋਲ ਹੀ ਖੜੀ ਸ਼ਬਨਮ ਦੀ ਮੰਮੀ ਸਾਰੀ ਗੱਲ ਨੂੰ ਬਾਖੂਬੀ ਸਮਝ ਗਈ। ਉਸ ਨੇ ਆਪਣੇ ਪਤੀ ਨੂੰ ਓਹਲੇ ਜਿਹੇ ਵਿੱਚ ਹੋ ਕੇ ਸਮਝਾਇਆ ਕਿ ਇਹ ਕਾਰ ਦੀਆਂ ਚਾਬੀਆਂ ਅਸ਼ੋਕ ਦੇ ਪਿਤਾ ਨੇ ਤੁਹਾਨੂੰ ਅਸ਼ੋਕ ਨੂੰ ਪਕੜਾਉਣ ਲਈ ਇਸ ਲਈ ਦਿੱਤੀਆਂ ਹਨ ਕਿ ਉਹ ਆਪਣੇ ਰਿਸ਼ਤੇਦਾਰਾਂ ਨੂੰ ਇਹ ਦਿਖਾ ਸਕਣ ਕਿ ਅਸ਼ੋਕ ਦੀ ਕੁੜਮਾਈ ਵਿੱਚ ਸਾਡੇ ਵਲੋਂ ਕਾਰ ਵੀ ਦਿੱਤੀ ਗਈ ਹੈ।

ਸਾਰੀ ਗੱਲ ਸਮਝਣ ਪਿੱਛੋਂ ਸ਼ਬਨਮ ਦੇ ਡੈਡੀ ਦੇ ਪੈਰਾਂ ਹੇਠੋਂ ਜ਼ਮੀਨ ਹੀ ਖਿਸਕ ਗਈ। ਇਸ ਦਾ ਮਤਲਬ ਹੈ ਕਿ ਉਹ ਕੁੜਮਾਈ ਵਿੱਚ ਸਾਡੇ ਕੋਲੋਂ ਕਾਰ ਮੰਗਦੇ ਹਨ। ਫਿਰ ਵਿਆਹ ਸਮੇਂ ਪਤਾ ਨਹੀਂ ਹਾਥੀ ਹੀ ਮੰਗ ਲੈਣ।

ਕਾਰ, ਅਸ਼ੋਕ ਦੇ ਪਿਓ ਨੇ ਕਿਸ਼ਤਾਂ ਉਤੇ ਲੈ ਕੇ ਪਹਿਲੀ ਕਿਸ਼ਤ ਆਪ ਦੇ ਦਿੱਤੀ ਸੀ, ਬਾਕੀ ਕਿਸ਼ਤਾਂ ਤਾਂ ਕੁੜੀ ਵਾਲਿਆਂ ਨੂੰ ਹੀ ਦੇਣੀਆਂ ਸਨ। ਸ਼ਬਨਮ ਨੇ ਜਦੋਂ ਆਪਣੇ ਮੰਮੀ-ਡੈਡੀ ਨੂੰ ਇਸ ਉਲਝਣ ਵਿੱਚ ਉਲਝਿਆ ਦੇਖਿਆ ਤਾਂ ਅਸ਼ੋਕ ਤੋਂ ਇਸ ਸਭ ਕੁਝ ਬਾਰੇ ਪੁੱਛਿਆ।

"ਗੱਲ ਕੁਝ ਵੀ ਨਹੀਂ ਸ਼ਬਨਮ, ਮੈਂ ਹੀ ਚਾਹੁੰਦਾ ਸੀ ਕਿ ਮੇਰੀ ਕੁੜਮਾਈ ਵਿੱਚ ਮੈਨੂੰ ਸਹੁਰਿਆਂ ਵਲੋਂ ਕਾਰ ਮਿਲੇ। ਸੋ ਅਸੀਂ ਕਿਸ਼ਤਾਂ ਉਤੇ ਕਾਰ ਲੈ ਕੇ ਚਾਬੀ ਤੇਰੇ ਡੈਡੀ ਦੇ ਹੱਥ ਫੜਾ ਦਿੱਤੀ ਤਾਂ ਕਿ ਲੋਕਾਂ ਸਾਹਮਣੇ ਉਹ ਇਹ ਚਾਬੀ ਮੈਨੂੰ ਸ਼ਗਨ ਵਿੱਚ ਦੇ ਦੇਣ। ਮੇਰੇ ਕਈ ਦੋਸਤਾਂ ਦੇ ਸਹੁਰਿਆਂ ਵਲੋਂ ਵੀ ਦਹੇਜ ਵਿੱਚ ਕਾਰਾਂ ਮਿਲੀਆਂ ਹਨ। ਜੋ ਮੇਰੇ ਫੂਡ ਐਂਡ ਸਪਲਾਈ ਵਿੱਚ ਅਫਸਰ ਹਨ।"

ਅਸ਼ੋਕ ਦੀ ਗੱਲ ਸੁਣ ਕੇ ਸ਼ਬਨਮ ਨੇ ਫਿਰ ਪ੍ਰਸ਼ਨ ਕੀਤਾ, "ਕਾਰ ਹੈ ਕਿੱਥੇ?"

"ਉਹ ਬਾਹਰ ਜੋ ਫੁੱਲਾਂ ਨਾਲ ਸਜੀ ਖੜੀ ਹੈ। ਮੈਂ ਘਰੋਂ ਉਸ ਵਿੱਚ ਹੀ ਤਾਂ ਬੈਠ ਕੇ ਆਇਆ ਹਾਂ।"

ਅਸ਼ੋਕ ਦੀ ਗੱਲ ਨੂੰ ਪੂਰੀ ਤਰ੍ਹਾਂ ਸਮਝਣ ਪਿੱਛੋਂ ਸ਼ਬਨਮ ਨੇ ਆਪਣੇ ਗਲੇ ਵਿੱਚ ਪਏ ਫੁੱਲਾਂ ਦੇ ਹਾਰ ਨੂੰ ਤੋੜ ਕੇ ਪੱਤੀ-ਪੱਤੀ ਕਰ ਸੁੱਟਿਆ ਤੇ ਥਾਉਂ ਦੀ ਥਾਉਂ ਖੜੇ ਹੋ ਕੇ ਉਸ ਨੇ ਪੇਕੇ, ਸਹੁਰਿਆਂ ਦੇ ਸਾਰੇ ਰਿਸ਼ਤੇਦਾਰਾਂ ਵਿੱਚ ਐਲਾਨ ਕਰ ਦਿੱਤਾ।

ਇਹ ਸ਼ਾਦੀ ਮੈਨੂੰ ਕਬੂਲ ਨਹੀਂ। ਅਸੀਂ ਇਹ ਰਿਸ਼ਤਾ ਜੋ ਅਜੇ ਜੁੜਿਆ ਵੀ ਨਹੀਂ, ਤੋੜ ਰਹੇ ਹਾਂ..। ਫਿਰ ਉਸ ਨੇ ਆਪਣੇ ਡੈਡੀ ਹੱਥੋਂ ਕਾਰ ਦੀਆਂ ਚਾਬੀਆਂ ਲੈਂਦਿਆਂ ਅਸ਼ੋਕ ਦੇ ਹੱਥ ਵਿੱਚ ਥਮਾ ਦਿੱਤੀਆਂ ਤੇ ਸੈਂਕੜੇ ਲੋਕਾਂ ਦੇ ਸਾਹਮਣੇ ਆਪਣੀ ਉਂਗਲੀ 'ਚੋਂ ਕੁੜਮਾਈ ਦੀ ਰਿੰਗ ਉਤਾਰ ਕੇ ਅਸ਼ੋਕ ਨੂੰ ਫੜਾ ਦਿੱਤੀ ਤੇ ਅਸ਼ੋਕ ਦੀ ਉਂਗਲੀ ਵਿੱਚ ਪਹਿਨੀ ਮੁੰਦਰੀ ਉਸ ਤੋਂ ਉਤਰਵਾ ਲਈ..।

ਇਹ ਸਾਰਾ ਕਾਂਡ ਦੇਖ ਸ਼ਬਨਮ ਦੇ ਪਿਤਾ ਥਰ-ਥਰ ਕੰਬਣ ਲੱਗ ਪਏ। ਉਸ ਦੀ ਮੰਮੀ ਅਤੇ ਹੋਰ ਰਿਸ਼ਤੇਦਾਰ ਵੀ ਘਬਰਾ ਗਏ। ਦੋਵੇਂ ਧਿਰਾਂ ਨਮੋਸ਼ੀ ਦੀ ਪੰਡ ਆਪਣੇ-ਆਪਣੇ ਦਿਲਾਂ ਉਤੇ ਲੈ ਆਪਣੇ-ਆਪਣੇ ਘਰਾਂ ਨੂੰ ਚਲੀਆਂ ਗਈਆਂ।

ਘਰ ਆ ਕੇ ਸ਼ਬਨਮ ਦੇ ਪਾਪਾ ਤਾਂ ਜਿਵੇਂ ਸੁੰਨ ਹੀ ਹੋ ਗਏ। ਨਾ ਉਹ ਹੁਣ ਕੁਝ ਖਾਂਦੇ-ਪੀਂਦੇ ਸਨ ਤੇ ਨਾ ਹੀ ਕਿਸੇ ਨਾਲ ਕੋਈ ਗੱਲਬਾਤ ਕਰ ਰਹੇ ਸਨ। ਹੁਣ ਸਾਰੇ ਟੱਬਰ ਨੂੰ ਇਕ ਡਰ ਸਤਾਉਣ ਲੱਗਿਆ ਕਿ ਕੋਈ ਅਣਹੋਣੀ ਨਾ ਵਾਪਰ ਜਾਵੇ। ਖਾਸ ਕਰਕੇ ਸ਼ਬਨਮ ਦੀ ਭੂਆ ਬਹੁਤ ਉਦਾਸ ਸੀ, ਜੋ ਆਪਣੇ ਛੋਟੇ ਵੀਰ ਨੂੰ ਪੁੱਤਾਂ ਤੋਂ ਵੱਧ ਪਿਆਰ ਕਰਦੀ ਸੀ। ਉਹ ਹਰ ਹਾਲ ਆਪਣੇ ਵੀਰ ਦੀ ਵੱਡੀ ਉਮਰ ਚਾਹੁੰਦੀ ਸੀ। ਪ੍ਰਮਾਤਮਾ ਅੱਗੇ ਹੱਥ ਜੋੜ ਅਰਦਾਸਾਂ ਕਰਦੀ ਨਹੀਂ ਸੀ ਥੱਕਦੀ। ਉਹ ਚਾਹੁੰਦੀ ਸੀ ਕਿਵੇਂ ਨਾ ਕਿਵੇਂ ਉਸ ਦਾ ਵੀਰ ਇਸ ਸਦਮੇ ਤੋਂ ਬਾਹਰ ਆ ਜਾਵੇ। ਆਰਮੀ ਵਿੱਚ ਬਤੌਰ ਨਰਸ ਪਿਛਲੇ ਦਸਾਂ ਵਰ੍ਹਿਅ ਤੋਂ ਨੌਕਰੀ ਕਰ ਰਹੀ ਸੀ। ਹਸਪਤਾਲ ਵਿੱਚ ਹੁਣ ਉਸ ਦਾ ਅਹੁਦਾ ਬ੍ਰਿਗੇਡੀਅਰ ਦਾ ਸੀ। ਉਸ ਨੇ ਝਟ ਆਪਣੇ ਇਕ ਸਹਿਯੋਗੀ ਕਰਨਲ ਜਸਬੀਰ ਨੂੰ ਫੋਨ ਕਰਕੇ ਪੁੱਛਿਆ,



"ਜਸਬੀਰ ਤੂੰ ਵਿਆਹ ਕਰਵਾਉਣਾ ਚਾਹੁੰਦਾ ਹੈਂ?"

"ਚਾਹੁੰਦਾ ਤਾਂ ਹਾਂ ਮੈਮ ਪਰ ਅਜੇ ਕੁੜੀ ਹੀ ਕੋਈ ਪਸੰਦ ਨਹੀਂ ਆਉਂਦੀ ਮੇਰੇ ਘਰਦਿਆਂ ਨੂੰ।"

"ਅੱਛਾ, ਮੈਂ ਸੋਮਵਾਰ ਆਪਣੀ ਡਿਊਟੀ ਜੁਆਇਨ ਕਰਾਂਗੀ, ਫਿਰ ਆਪਾਂ ਬਾਕੀ ਗੱਲਾਂ ਕਰਾਂਗੇ।"

ਕਰਨਲ ਜਸਬੀਰ ਬਾਰੇ ਉਸ ਨੇ ਸ਼ਬਨਮ ਨਾਲ ਸਾਰੀ ਗੱਲ ਕਰ ਲਈ। ਜੇ ਉਹ ਮੰਨ ਜਾਵੇ ਤਾਂ ਤੇਰੇ ਵਿਆਹ ਦੀ ਪਹਿਲਾਂ ਵਾਲੀ ਤਰੀਕ ਨੂੰ ਹੀ ਅਸੀਂ ਤੇਰਾ ਆਨੰਦ ਕਾਰਜ ਕਰ ਦਿਆਂਗੇ। ਤੁਸੀਂ ਪੈਲੇਸ ਜੋ ਸ਼ਾਦੀ ਲਈ ਬੁੱਕ ਕੀਤਾ ਸੀ ਤੇ ਹੋਰ ਜੋ ਵੀ ਵਿਆਹ ਦਾ ਅਰੇਂਜਮੈਂਟ ਕੀਤਾ ਹੋਇਆ ਹੈ, ਇਸੇ ਤਰ੍ਹਾਂ ਰਹਿਣ ਦੇਣਾ। ਜੇ ਜਸਬੀਰ ਦੇ ਘਰਦੇ ਮੰਨ ਜਾਣ ਤਾਂ ਤੇਰੀ ਸ਼ਾਦੀ ਅਸੀਂ ਅੱਠ ਮਾਰਚ ਨੂੰ ਤੇਰੇ ਵਿਆਹ ਵਾਲੀ ਤਰੀਕ ਉਤੇ ਹੀ ਕਰ ਦਿਆਂਗੇ। ਮੈਂ ਚਾਹੁੰਦੀ ਹਾਂ ਤੇਰੇ ਪਾਪਾ ਇਸ ਸਦਮੇ ਤੋਂ ਛੇਤੀ ਹੀ ਬਾਹਰ ਆ ਜਾਣ। ਨਾਲੇ ਜਸਬੀਰ ਬਹੁਤ ਅੱਛਾ ਲੜਕਾ ਹੈ। ਮੈਂ ਉਸ ਦੀ ਜਿੰਨੀ ਵੀ ਤਾਰੀਫ ਕਰਾਂ ਓਨੀ ਹੀ ਘੱਟ ਤੇ ਹੈ ਵੀ ਆਪਣੀ ਬਰਾਦਰੀ ਵਿੱਚੋਂ ਹੀ। ਸ਼ਬਨਮ ਨੂੰ ਆਪਣੀ ਭੂਆ ਉਤੇ ਬਹੁਤ ਵਿਸ਼ਵਾਸ ਸੀ। ਇਸ ਲਈ ਉਹ ਜਸਬੀਰ ਨਾਲ ਵਿਆਹ ਕਰਾਉਣ ਲਈ ਪੂਰੀ ਤਰ੍ਹਾਂ ਸਹਿਮਤ ਸੀ।

ਬ੍ਰਿਗੇਡੀਅਰ ਮਨਪ੍ਰੀਤ ਕੌਰ ਨੇ ਜਦੋਂ ਦਿੱਲੀ ਜਾ ਕੇ ਆਪਣੀ ਡਿਊਟੀ ਜੁਆਇਨ ਕੀਤੀ ਤਾਂ ਸਭ ਤੋਂ ਪਹਿਲਾਂ ਕਰਨਲ ਜਸਬੀਰ ਨਾਲ ਸਾਰੀ ਗੱਲ ਕੀਤੀ ਕਿ ਕੁੜੀ ਬਹੁਤ ਸੋਹਣੀ-ਸੁਨੱਖੀ ਹੈ ਅਤੇ ਐਫ ਐਮ ਰੇਡੀਓ ਉਤੇ ਪਿਛਲੇ ਪੰਜ ਵਰ੍ਹਿਆਂ ਤੋਂ ਅਨਾਊਂਸਰ ਲੱਗੀ ਹੋਈ ਹੈ। ਐ ਲੈ ਉਸ ਦੀ ਤਸਵੀਰ ਆਪਣੇ ਮਾਪਿਆਂ ਨੂੰ ਦਿਖਾ ਦੇ ਕੁੜੀ ਤੇਰੇ ਨਾਲ ਬਹੁਤ ਫੱਬੇਗੀ।

ਜਸਬੀਰ ਨੇ ਬ੍ਰਿਗੇਡੀਅਰ ਮਨਪ੍ਰੀਤ ਤੋਂ ਤਸਵੀਰ ਲੈਂਦਿਆਂ ਉਸ ਵੱਲ ਤੱਕਿਆ। ਕੁੜੀ ਦੇ ਨੈਣ-ਨਕਸ਼ ਭੂਆ ਨਾਲ ਕਾਫੀ ਮਿਲਦੇ ਲੱਗੇ। ਭੂਆ ਮਨਪ੍ਰੀਤ ਨੇ ਅਜੇ ਤੱਕ ਸ਼ਾਦੀ ਨਹੀਂ ਸੀ ਕੀਤੀ। ਜਦ ਕਿ ਸਾਰੇ ਹਸਪਤਾਲ ਦੀਆਂ ਨਰਸਾਂ 'ਚੋਂ ਉਹ ਸਭ ਤੋਂ ਸੋਹਣੀ ਸੀ। ਉਹ ਚਾਹੁੰਦੀ ਸੀ ਕਿ ਮੇਰੇ ਵੀਰ ਦੇ ਸਿਰ ਚਾਰ-ਚਾਰ ਧੀਆਂ ਦੀ ਜ਼ਿੰਮੇਵਾਰੀ ਹੈ, ਪਹਿਲਾਂ ਮੈਂ ਇਸ ਦਾ ਬੋਝ ਕੁਝ ਹਲਕਾ ਕਰ ਲਵਾਂ। ਫਿਰ ਆਪਣੇ ਬਾਰੇ ਸੋਚਾਂਗੀ।

ਕਰਨਲ ਜਸਬੀਰ ਨੇ ਤਸਵੀਰ ਨੂੰ ਦੇਖ ਕੇ ਅੰਦਾਜ਼ਾ ਲਗਾ ਲਿਆ ਕਿ ਕੁੜੀ ਕਾਫੀ ਸੁਨੱਖੀ ਹੈ। ਫਿਰ ਉਸ ਨੇ ਇਕ ਨਜ਼ਰ ਆਪਣੇ ਉਤੇ ਵੀ ਪਾਈ। ਉਸ ਨੂੰ ਲੱਗਿਆ ਕਿ ਲੱਗਦਾ ਇਉਂ ਹੈ ਕਿ ਸਾਡੀ ਜੋੜੀ ਖੂਬ ਜਚੇਗੀ। ਉਸ ਨੇ ਝੱਟ ਕੰਪਿਊਟਰ ਉਤੇ ਸ਼ਬਨਮ ਦੀ ਫੋਟੋ ਆਪਣੀ ਵੱਡੀ ਭੈਣ ਜਸਵੰਤ ਨੂੰ ਭੇਜ ਦਿੱਤੀ, ਕਿਉਂਕਿ ਜਸਬੀਰ ਦੇ ਪਰਿਵਾਰ ਵਿੱਚ ਜਸਵੰਤ ਭੈਣ ਦੀ ਗੱਲ ਕੋਈ ਨਹੀਂ ਸੀ ਮੋੜਦਾ।

ਜਸਵੰਤ ਕੌਰ ਨੇ ਜਦੋਂ ਸ਼ਬਨਮ ਦੀ ਤਸਵੀਰ ਦੇਖੀ ਤਾਂ ਜਿਵੇਂ ਉਹ ਤਾਂ ਮੰਤਰ-ਮੁਗਧ ਹੀ ਹੋ ਗਈ। ਲੰਬਾ ਸਰੂ ਦੇ ਬੂਟੇ ਵਰਗਾ ਕੱਦ। ਲੰਬੇ ਕੇਸ, ਨੈਣ-ਨਕਸ਼ ਵੀ ਬਹੁਤ ਪਿਆਰੇ ਲੱਗੇ ਸ਼ਬਨਮ ਦੇ ਜਸਵੰਤ ਕੌਰ ਨੂੰ। ਜਸਬੀਰ ਜਾਣਦਾ ਸੀ ਕਿ ਜੇ ਜਸਵੰਤ ਭੈਣ ਨੂੰ ਕੁੜੀ ਜਚ ਗਈ ਤਾਂ ਉਸ ਦੇ ਬੇਬੇ, ਬਾਪੂ ਰਿਸ਼ਤਾ ਲੈਣ ਵਿੱਚ ਢਿੱਲ ਨਹੀਂ ਕਰਨਗੇ।

ਜਸਵੰਤ ਕੌਰ ਨੇ ਸ਼ਬਨਮ ਦੀ ਤਸਵੀਰ ਆਪਣੀ ਧੀ ਸਤਵੰਤ ਨੂੰ ਦਿਖਾਉਣ ਪਿੱਛੋਂ ਆਪਣੇ ਪਤੀ ਪ੍ਰੀਮ ਸਿੰਘ ਨੂੰ ਵੀ ਦਿਖਾਈ ਤੇ ਸਾਰੇ ਪਰਿਵਾਰ ਦਾ ਪਿਛੋਕੜ ਵੀ ਪ੍ਰੀਤਮ ਸਿੰਘ ਨੂੰ ਦੱਸਿਆ। ਸਾਰੀ ਗੱਲਬਾਤ ਪਿੱਛੋਂ ਪ੍ਰੀਤਮ ਸਿੰਘ ਨੇ ਸੌ ਦੀ ਇਕੋ ਕਹਿ ਸੁਣਾਈ ਕਿ ਚੰਗੇ ਕੰਮ ਵਿੱਚ ਢਿੱਲ ਨਹੀਂ ਕਰਨੀ ਚਾਹੀਦੀ। ਇਹ ਗੱਲ ਤਾਂ ਜਿਵੇਂ ਪ੍ਰੀਤਮ ਸਿੰਘ ਨੇ ਜਸਵੰਤ ਕੌਰ ਦੇ ਦਿਲ ਦੀ ਹੀ ਕਹਿ ਦਿੱਤੀ ਸੀ।

ਜਸਵੰਤ ਕੌਰ ਨੇ ਫੋਨ ਉਤੇ ਮਨਪ੍ਰੀਤ ਨਾਲ ਸਾਰੀ ਗੱਲ ਖੋਲ੍ਹ ਲਈ ਤੇ ਮਨਪ੍ਰੀਤ ਨੇ ਜਸਵੰਤ ਕੌਰ ਨੂੰ ਸ਼ਬਨਮ ਦੇ ਟੁੱਟ ਚੁੱਕੇ ਰਿਸ਼ਤੇ ਬਾਰੇ ਸੱਚ-ਸੱਚ ਸਭ ਕੁਝ ਦੱਸ ਦਿੱਤਾ ਤਾਂ ਕਿ ਕਿਸੇ ਗੱਲ ਦਾ ਕੋਈ ਲੁਕੋ-ਛਪੋ ਨਾ ਰਹਿ ਜਾਵੇ। ਇਥੋਂ ਤੱਕ ਕਿ ਟੈਲੀਫੋਨ ਉਤੇ ਜਸਵੰਤ ਕੌਰ ਨਾਲ ਸ਼ਬਨਮ ਦੀ ਗੱਲ ਵੀ ਕਰਵਾ ਦਿੱਤੀ।

ਹੁਣ ਸ਼ਬਨਮ ਖੁਸ਼ ਸੀ। ਉਸ ਦੇ ਮਾਪਿਆਂ ਦੀ ਲਾਜ ਵੀ ਰਹਿ ਜਣੀ ਸੀ। ਮੁੰਡਾ ਵੀ ਪਹਿਲੇ ਮੁੰਡੇ ਨਾਲੋਂ ਚੰਗਾ ਮਿਲ ਗਿਆ ਸੀ। ਮਨਪ੍ਰੀਤ ਦੇ ਭਰਾ ਨੇ ਮੈਰਿਜ ਪੈਲੇਸ ਵਾਲਿਆਂ ਨੂੰ ਅਤੇ ਖਾਣੇ ਵਾਲਿਆਂ ਨੂੰ ਸਾਈ ਪਹਿਲੋਂ ਹੀ ਫੜਾਈ ਹੋਈ ਸੀ। ਸਭ ਕੁਝ ਪਿਛਲੀ ਮਿਥੀ ਤਰੀਕ ਉਤੇ ਕਰਨਾ ਹੀ ਉਹ ਮੰਨ ਗਏ ਸਨ। ਕਰਨਲ ਜਸਬੀਰ ਸਿੰਘ ਦੇ ਮਾਤਾ-ਪਿਤਾ ਭਲੇ ਬੰਦੇ ਸਨ।

ਮਨਪ੍ਰੀਤ ਨੇ ਆਪਣੇ ਭਰਾ ਦੀ ਸੁੱਖ ਮਨਾਉਂਦਿਆਂ ਵਿਆਹ ਦੀ ਸਾਰੀ ਜ਼ਿੰਮੇਵਾਰੀ ਆਪਣੇ ਜ਼ਿੰਮੇ ਲੈ ਕੇ ਦੂਜੀ ਵਾਰ ਕਾਜ ਆਰੰਭ ਕਰਨ ਲਈ ਆਪਣੀ ਪੂਰੀ ਵਾਹ ਲਾ ਛੱਡੀ ਸੀ। ਸ਼ਬਨਮ ਦੇ ਚਿਹਰੇ ਉਤੇ ਵੀ ਖੇੜਾ ਆ ਗਿਆ ਸੀ। ਉਸ ਦਾ ਡੈਡੀ ਵੀ ਇਸ ਨਵੇਂ ਰਿਸ਼ਤੇ ਅਤੇ ਜਸਬੀਰ ਬਾਰੇ ਜਾਣ ਕੇ ਹੁਣ ਖੁਸ਼ ਨਜ਼ਰ ਆ ਰਿਹਾ ਸੀ।

ਮਨਪ੍ਰੀਤ ਸਾਰੇ ਕਾਰਜ ਨੂੰ ਸਿਰੇ ਚੜ੍ਹਾਉਣ ਲਈ ਆਪਣੇ ਪੱਲਿਓਂ ਪੈਸੇ ਖਰਚਣ ਦੀ ਵੀ ਕੋਈ ਪ੍ਰਵਾਹ ਨਹੀਂ ਸੀ ਕਰ ਰਹੀ। ਸ਼ੁੱਕਰਵਾਰ ਨੂੰ ਘਰ ਵਿੱਚ ਅਖੰਡ ਪਾਠ ਆਰੰਭ ਕਰਨ ਦੀ ਤਰੀਕ ਦੋਵਾਂ ਧਿਰਾਂ ਵੱਲੋਂ ਪੱਕੀ ਕਰਕੇ ਸੋਮਵਾਰ ਵਾਲੇ ਦਿਨ ਬਰਾਤ ਕੁੜੀ ਵਾਲਿਆਂ ਦੇ ਘਰ ਢੁਕਣੀ ਸੀ।

ਸ਼ਬਨਮ ਬੇਹੱਦ ਖੁਸ਼ ਸੀ। ਉਸ ਦਾ ਪਿਤਾ ਵੀ ਬੇਟੀ ਦੀ ਸ਼ਾਦੀ ਵਿੱਚ ਖੁਸ਼ ਨਜ਼ਰ ਆ ਰਿਹਾ ਸੀ, ਪਰ ਉਸ ਦੀ ਮੰਮੀ ਦੇ ਚਿਹਰੇ ਉਤੇ ਵਿਆਹ ਦੀ ਖੁਸ਼ੀ ਦੇ ਕੋਈ ਹਾਵ-ਭਾਵ ਨਹੀਂ ਸਨ ਨਜ਼ਰ ਆ ਰਹੇ। ਇਹ ਸਭ ਦੇਖ ਸ਼ਬਨਮ ਨੇ ਆਪਣੀ ਮੰਮੀ ਨੂੰ ਪੁੱਛਿਆ।

"ਮੰਮੀ ਜੀ ਤੁਸੀਂ ਖੁਸ਼ ਨਹੀਂ ਇਸ ਸ਼ਾਦੀ ਤੋਂ?"

ਉਸ ਦੀ ਮੰਮੀ ਨੇ ਸ਼ਬਨਮ ਦੀ ਗੱਲ ਦਾ ਕੋਈ ਜਵਾਬ ਨਾ ਦਿੱਤਾ। ਸ਼ਬਨਮ ਨੇ ਫਿਰ ਪਿਆਰ ਜਿਹੇ ਵਿੱਚ ਆ ਕੇ ਪੁੱਛਿਆ, "ਮੰਮੀ ਤੁਹਾਨੂੰ ਕਰਨਲ ਜਸਬੀਰ ਪਸੰਦ ਨਹੀਂ?"

"ਮੈਂ ਕੌਣ ਹੁੰਦੀ ਹਾਂ ਪਸੰਦ, ਨਾ-ਪਸੰਦ ਬਾਰੇ ਕੁਝ ਕਹਿਣ ਵਾਲੀ।"

ਸ਼ਬਨਮ ਆਪਣੀ ਮੰਮੀ ਦੇ ਚਿਹਰੇ ਉਤਲੀ ਮਾਯੂਸੀ ਦਾ ਕਾਰਨ ਸਮਝ ਨਾ ਸਕੀ।

"ਮੰਮੀ ਕੋਈ ਗੱਲ ਤਾਂ ਮੈਨੂੰ ਦੱਸੋ। ਜਸਬੀਰ ਦੇ ਮਾਪਿਆਂ ਦੀ ਤਾਂ ਕੋਈ 'ਮੰਗ' ਵੀ ਨਹੀਂ। ਫਿਰ ਉਸੇ ਤਰੀਕ ਨੂੰ ਵਿਆਹ ਕਰਨਾ ਵੀ ਜਸਬੀਰ ਨੇ ਕਬੂਲ ਕਰ ਲਿਆ। ਉਨ੍ਹਾਂ ਨੇ ਸਾਡਾ ਕਿੰਨਾ ਖਰਚਾ ਬਚਾ ਦਿੱਤਾ ਹੈ। ਇਹ ਸਭ ਭੂਆ ਜੀ ਦੀ ਮਿਹਰਬਾਨੀ ਨਾਲ ਹੀ ਹੋ ਸਕਿਆ ਹੈ। ਹੁਣ ਤੁਸੀਂ ਕਿਉਂ ਇਸ ਰਿਸ਼ਤੇ ਵਿੱਚ ਖੁਸ਼ ਨਹੀਂ ਹੋ?"

"ਮੈਂ ਕੀ ਦੱਸਾਂ ਸ਼ਬੋ, ਮੈਨੂੰ ਪੁੱਛਦਾ ਹੀ ਕੌਣ ਹੈ? ਸ਼ਬਨਮ ਦੀ ਮੰਮੀ ਬਹੁਤ ਪ੍ਰੇਸ਼ਾਨ ਸੀ।

"ਸ਼ਬੋ ਜੋ ਕੁਝ ਹੈ ਤੇਰੀ ਭੂਆ ਹੀ ਹੈ। ਤੇਰਾ ਡੈਡੀ ਤਾਂ ਉਸ ਦੇ ਕਹੇ ਹੀ ਚੱਲਦਾ ਹੈ। ਸਭ ਕੁਝ ਉਹੀ ਕਰਦੀ ਹੈ।"

"ਚੰਗੀ ਗੱਲ ਵਿੱਚ ਤਾਂ ਚੱਲਣਾ ਬਣਦਾ ਹੀ ਹੈ ਮੰਮੀ ਜੀ, ਨਾਲੇ ਦਹੇਜ ਦੇ ਲੋਭੀਆਂ ਨੂੰ ਵੀ ਪਤਾ ਲੱਗ ਜਾਵੇਗਾ ਕਿ ਧੀਆਂ ਵਿਕਾਊ ਨਹੀਂ ਹੁੰਦੀਆਂ। ਜੇ ਉਹ ਮੁੰਡਾ ਫੂਡ ਐਂਡ ਸਪਲਾਈ ਵਿੱਚ ਲੱਗਿਆ ਹੋਇਆ ਸੀ ਤਾਂ ਮੈਂ ਵੀ ਪਿਛਲੇ ਪੰਜਾਂ ਸਾਲਾਂ ਤੋਂ ਮੀਡੀਆ ਦੇ ਕੰਮ ਨਾਲ ਜੁੜੀ ਹੋਈ ਹਾਂ। ਉਸ ਤੋਂ ਘੱਟ ਨਹੀਂ ਕਮਾਉਂਦੀ ਸੀ।"

"ਪਰ ਤੇਰੀ ਨਾਰਾਜ਼ਗੀ ਭੂਆ ਨਾਲ ਕਿਉਂ ਹੈ। ਇਹ ਗੱਲ ਮੇਰੀ ਸਮਝ ਤੋਂ ਬਾਹਰ ਦੀ ਹੈ ਮੰਮੀ।"

"ਮੇਰੀ ਨਾਰਾਜ਼ਗੀ ਇਹ ਹੈ ਸ਼ਬੋ ਕਿ ਸ਼ੁਰੂ ਤੋਂ ਹੀ ਤੇਰੀ ਭੂਆ ਨੇ ਸਾਡੀ ਜ਼ਿੰਦਗੀ ਵਿੱਚ ਦਖਲ ਦਿੱਤਾ ਹੈ। ਤੇਰਾ ਪਿਓ ਲਾਈਲੱਗ ਅੱਜ ਤੱਕ ਉਸੇ ਦੀ ਸੁਣਦਾ ਆ ਰਿਹਾ ਹੈ। ਮੈਂ ਜਿਵੇਂ ਘਰ ਵਿੱਚ ਕੁਝ ਵੀ ਨਹੀਂ। ਮੈਂ ਜਨਮ ਦਿੱਤਾ ਹੈ ਤੈਨੂੰ। ਮੈਨੂੰ ਵੀ ਪੁੱਛ ਲੈਣਾ ਚਾਹੀਦਾ ਸੀ।" ਇਹ ਕਹਿੰਦੀ ਹੋਈ ਸ਼ਬਨਮ ਦੀ ਮੰਮੀ ਟਪ-ਟਪ ਹੰਝੂ ਕੇਰਨ ਲੱਗ ਪਈ।

ਮਾਂ ਦੀ ਗੱਲ ਸੁਣ ਕੇ ਸ਼ਬਨਮ ਨੇ ਮਾਂ ਨੂੰ ਆਪਣੀ ਹਿੱਕ ਨਾਲ ਘੁੱਟ ਲਿਆ। "ਮੰਮੀ ਅਸਲ ਵਿੱਚ ਮੇਰੀ ਮਾਂ ਤਾਂ ਤੂੰ ਹੀ ਰਹਿਣਾ ਹੈ। ਭੂਆ ਤਾਂ ਭੂਆ ਹੀ ਹੈ। ਮੇਰਾ ਰਿਸ਼ਤਾ ਜਸਬੀਰ ਨਾਲ ਕਰਵਾ ਕੇ ਇਸ ਨੇ ਸਾਡਾ ਭਲਾ ਹੀ ਕੀਤਾ ਹੈ। ਬੁਰਾ ਤਾਂ ਕੁਝ ਨਹੀਂ ਕੀਤਾ। ਹੁਣ ਤੂੰ ਵਿਆਹ ਵਿੱਚ ਰੁਕਾਵਟ ਨਾ ਪਾ। ਮੈਂ ਭੂਆ ਨੂੰ ਕਹੂੰਗੀ ਕਿ ਉਹ ਤੇਰੇ ਕੋਲੋਂ ਮੁਆਫੀ ਮੰਗ ਲਵੇ।"

"ਠੀਕ ਹੈ ਸ਼ਬੋ ਮੇਰੀ ਗੱਲ ਧਿਆਨ ਨਾਲ ਸੁਣ। ਮੇਰੀ ਇਕ ਸ਼ਰਤ ਹੋਰ ਹੈ। ਮੈਂ ਇਹ ਵਿਆਹ ਜਸਬੀਰ ਨਾਲ ਤਾਂ ਹੋਣ ਦੇਵਾਂਗੀ ਜੇ ਤੇਰੀ ਭੂਆ ਮੁੜ ਮੇਰੇ ਘਰ ਪੈਰ ਨਾ ਪਾਉਣ ਦੀ ਸਹੁੰ ਖਾਵੇ। ਇਹ ਗੱਲ ਨੂੰ ਆਪਣੇ ਡੈਡੀ ਨੂੰ ਵੀ ਸਾਫ-ਸਾਫ ਕਹਿ ਦੇਵੀਂ।"

ਆਪਣੀ ਮਾਂ ਦੀਆਂ ਬੇਵਕੂਫੀ ਵਾਲੀਆਂ ਗੱਲਾਂ ਸੁਣ, ਜਿਵੇਂ ਸ਼ਬਨਮ ਰੋਣ-ਹਾਕੀ ਹੋ ਗਈ ਸੀ। ਆਖਿਰ ਉਸ ਦੀ ਭੂਆ ਨੇ ਮਾੜਾ ਕੀ ਕੀਤਾ ਸੀ? ਇਕ ਤਾਂ ਆਪਣੀ ਜ਼ਿੰਮੇਵਾਰੀ ਉਤੇ ਉਸ ਨੇ ਪੁਰਾਣੀ ਤਰੀਕ ਉਤੇ ਹੀ ਵਿਆਹ ਕਰਵਾਉਣ ਦੀ ਸਾਰੀ ਜ਼ਿੰਮੇਵਾਰੀ ਆਪਣੇ ਸਿਰ ਲਈ, ਦੂਜਾ ਕਰਨਲ ਜਸਬੀਰ, ਅਸ਼ੋਕ ਤੋਂ ਕਿਤੇ ਵੱਧ ਕਾਬਲੀਅਤ ਵਾਲਾ ਅਤੇ ਬਾਂਕਾ-ਗੱਭਰੂ ਹੈ। ਫਿਰ ਮੇਰੀ ਮੰਮੀ?

ਸਾਰੀ ਰਾਤ ਸ਼ਬਨਮ ਆਪਣੇ ਪਲੰਘ ਉਤੇ ਇਕੱਲੀ-ਕਾਰੀ ਲੇਟੀ ਇਹੀ ਸੋਚਦੀ ਰਹੀ ਕਿ ਸੰਸਾਰ ਭਰ ਵਿੱਚ ਸੱਸ-ਨੂੰਹ, ਦਰਾਣੀ-ਜਠਾਣੀ, ਨਣਦ-ਭਰਜਾਈ ਅਤੇ ਸਹੁਰੇ ਪਰਿਵਾਰ ਨਾਲ ਰਿਸ਼ਤੇ ਐਨੇ ਕੌੜੇ ਕਿਉਂ ਹੁੰਦੇ ਹਨ। ਉਸ ਦੀ ਸਮਝ ਵਿੱਚ ਕੁਝ ਵੀ ਨਹੀਂ ਸੀ ਆ ਰਿਹਾ।

# ਜੀਐੱਮ ਜੀਵ: ਜ਼ਹਿਰ ਜਾਂ ਵਰਦਾਨ

ਸਫ਼ਾ 5 ਦੀ ਬਾਕੀ

ਮੈਡੀਕਲ ਅਤੇ ਲੱਗਭੱਗ ਹਰ ਖੇਤਰ ਵਿਚ ਮੱਲਾਂ ਮਾਰਦਾ ਹੈ ਪਰ ਇਸ ਸਨਅਤੀ ਪੈਦਾਵਾਰ ਦੇ ਯੁੱਗ ਜਿਸ ਨੂੰ ਸਰਮਾਏਦਾਰੀ ਕਿਹਾ ਜਾਂਦਾ ਹੈ, ਦੀ ਸਭ ਤੋਂ ਵੱਡੀ ਘਾਟ ਇਹ ਹੈ ਕਿ ਇਸ ਅਧੀਨ ਜੋ ਵੀ ਵਸਤ ਪੈਦਾ ਕੀਤੀ ਜਾਂਦੀ ਹੈ, ਜਿਣਸ ਹੁੰਦੀ ਹੈ ਜਿਸ ਨੇ ਮੰਡੀ ਵਿਚ ਵਿਕਣਾ ਹੁੰਦਾ ਹੈ ਅਤੇ ਸਰਮਾਏਦਾਰ ਉਸ ਨੂੰ ਵੇਚ ਕੇ ਲਾਭ ਕਮਾਉਂਦਾ ਹੈ। ਇਸ ਪੈਦਾਵਾਰ ਦੀਆਂ ਦੋ ਵੱਡੀਆਂ ਕਮੀਆਂ ਹਨ ਜੋ ਸਮਾਜਿਕ ਤਾਣ-ਬਾਣੇ ਨੂੰ ਉਲਝਾਂ ਦਿੰਦੀਆਂ ਹਨ: ਪਹਿਲੀ, ਪੈਦਾਵਾਰ ਉੱਤੇ ਕੋਈ ਲਗਾਮ ਨਹੀਂ ਜਿਸ ਨਾਲ ਪੈਦਾਵਾਰ ਦੇ ਖੇਤਰ ਵਿਚ ਅਰਾਜਕਤਾ ਫੈਲਦੀ ਹੈ; ਦੂਜੀ, ਸਰਮਾਏਦਾਰ ਲਈ ਪੈਦਾ ਕੀਤੀ ਹਰ ਜਿਣਸ ਮੁਨਾਫੇ ਦੇ ਸਾਧਨ ਤੱਕ ਸੀਮਤ ਹੋ ਜਾਂਦੀ ਹੈ। ਮਤਲਬ, ਪੈਦਾਵਾਰ ਵਧਾਉਣ ਲਈ ਕਿਸਾਨ ਫਸਲ ਨੂੰ ਕੀਟਨਾਸ਼ਕਾਂ ਨਾਲ ਲੱਦ ਸਕਦਾ ਹੈ ਜੋ ਖਾਣ ਵਾਲੇ ਦੀ ਥਾਲੀ ਵਿਚ ਜ਼ਹਿਰ ਵਾਂਗ ਪਰੋਸੇ ਜਾਂਦੇ ਹਨ। ਸਰਮਾਏਦਾਰਾ ਪੈਦਾਵਾਰ ਦੀ ਅਰਾਜਕਤਾ ਮਨੁੱਖ ਨੂੰ ਮਾਨਸਿਕ ਤੌਰ 'ਤੇ ਝੰਬਦੀ ਹੈ ਜਿਸ ਵਿਚ ਮਨੁੱਖ ਆਪਣਾ ਸਕੂਨ ਤੱਕ ਗੁਆ ਦਿੰਦਾ ਹੈ। ਸਰਮਾਏਦਾਰਾ ਪੈਦਾਵਾਰ ਮਿਲਾਵਟ ਅਤੇ ਜ਼ਹਿਰਪਰੋਸੀ ਦੀ ਸ਼ਿਕਾਰ ਹੈ।

ਕੀ ਜੀਐੱਮ ਫਸਲਾਂ ਸਿਹਤ ਲਈ ਖ਼ਤਰਨਾਕ ਹਨ?

ਇਹ ਸਵਾਲ ਬਹੁਤ ਜਾਇਜ਼ ਹੈ ਪਰ ਇਸ ਪਿੱਛੇ ਕੁਝ ਹੋਰ ਹੈ ਜੋ ਖ਼ਤਰਨਾਕ ਹੈ। ਵਿਗਿਆਨਕ ਖੋਜਾਂ ਨਾਲ ਦੋਵੇਂ ਰੁਝਾਨ ਜੁੜੇ ਹੁੰਦੇ ਹਨ। ਇਹ ਮਨੁੱਖ ਅਤੇ ਕੁਦਰਤ ਲਈ ਫਾਇਦੇਮੰਦ ਵੀ ਹੁੰਦੀਆਂ ਹਨ ਤੇ ਨੁਕਸਾਨਦਾਇਕ ਵੀ। ਕਿਸੇ ਖੋਜ ਵਿਚ ਜੋ ਵੀ ਨੁਕਸਾਨਦਾਇਕ ਹੈ, ਉਸ ਨੂੰ ਖ਼ਤਮ ਕਰਨਾ ਜਾਂ ਘਟਾਉਣਾ ਹੁੰਦਾ ਹੈ ਅਤੇ ਜੋ ਫਾਇਦੇਮੰਦ ਹੁੰਦਾ ਹੈ, ਉਸ ਨੂੰ ਅੱਗੇ ਵਧਾਉਣਾ ਹੁੰਦਾ ਹੈ। ਜੀਐੱਮਓ ਵਿਚ ਵੀ ਦੋਵੇਂ ਤਰ੍ਹਾਂ ਦੇ ਅੰਗ ਦੇਖਣ ਨੂੰ ਮਿਲੇ ਹਨ। ਸੁਨਹਿਰੀ ਚੌਲ (golden rice) ਜਿਸ ਦਾ ਜ਼ਿਕਰ ਉੱਪਰ ਆਇਆ ਹੈ, ਇਸ ਲਈ ਤਿਆਰ ਕੀਤੇ ਗਏ ਸੀ ਤਾਂ ਕਿ ਆਮ ਲੋਕਾਂ ਨੂੰ ਵਿਟਾਮਿਨ ਵਾਲੀ ਖੁਰਾਕ ਮਿਲ ਸਕੇ ਪਰ ਜਦੋਂ ਇਹ ਚੌਲ ਤਿਆਰ ਹੋ ਗਏ ਤਾਂ ਇਸ ਦੀ ਕੀਮਤ ਗਰੀਬ ਆਬਾਦੀ ਦੀ ਪਹੁੰਚ ਤੋਂ ਬਾਹਰ ਸੀ। ਇਸ ਨੂੰ ਉਹੀ ਖਾ ਸਕਦੇ ਹਨ ਜਿਨ੍ਹਾਂ ਕੋਲ ਪੈਸਾ ਹੈ ਪਰ ਇਹ ਜੀਐੱਮਓ ਫਸਲਾਂ ਵਿਚ ਪ੍ਰਾਪਤੀ ਹੈ ਕਿ ਜਿਸ ਫਸਲ ਵਿਚ ਵਿਟਮਿਨ ਏ ਨਹੀਂ ਸੀ, ਉਹ ਹੁਣ ਵਿਟਮਿਨ ਏ ਪੈਦਾ ਕਰ ਰਹੀ ਹੈ।

ਸਭ ਤੋਂ ਪਹਿਲੀ ਜੀਐੱਮਓ ਫਸਲ ਟਮਾਟਰ ਸੀ ਜਿਸ ਨੂੰ ਫਲਾਵਰ ਸਾਵਰ (flavr savr) ਟਮਾਟਰ ਕਿਹਾ ਜਾਂਦਾ ਹੈ ਇਸ ਵਿਚ ਜੋ ਬਦਲਾਉ ਕੀਤੇ ਗਏ ਸਨ, ਉਹ ਇਸ ਪ੍ਰਕਾਰ ਸਨ: ਜਦੋਂ ਕੋਈ ਵੀ ਫਲ ਪੱਕਦਾ ਹੈ ਤਾਂ ਇਸ ਦੇ ਪ੍ਰੋਟੀਨ ਐਨਜ਼ਾਈਮ ਇਸ ਦੇ ਸੈੱਲਾਂ ਨੂੰ ਤੋੜਨਾ ਸ਼ੁਰੂ ਕਰ ਦਿੰਦੇ ਹਨ, ਸੈੱਲਾਂ ਦੀ ਬਾਹਰੀ ਕੰਧ ਟੁੱਟਣ ਨਾਲ ਫਲ ਪੋਲਾ ਅਤੇ ਨਰਮ ਹੋ ਜਾਂਦਾ ਹੈ ਪਰ ਟਮਾਟਰ ਵਿਚਲੇ ਇਸ ਦੇ ਜੀਨ ਬਦਲਣ ਤੋਂ ਬਾਅਦ ਇਹ ਐਨਜ਼ਾਈਮ ਬਣਨੋਂ ਹਟ ਗਏ ਅਤੇ ਟਮਾਟਰ ਪੋਲਾ ਹੋਣ ਦੀ ਥਾਂ ਆਮ ਵਰਗਾ ਹੀ ਰਹਿੰਦਾ ਹੈ ਜਿਸ ਨਾਲ ਇਸ ਦੀ ਵਰਤੋਂ ਤੇ ਆਵਾਜਾਈ ਸੁਖਾਲੀ ਹੋ ਗਈ। ਜੇ ਕਪਾਹ (BT Cotton) ਦੀ ਗੱਲ ਕਰੀਏ ਜਿਸ ਵਿਚ ਅਜਿਹਾ ਜੀਨ ਪਾਇਆ ਗਿਆ ਜਿਸ ਨਾਲ ਜ਼ਹਿਰੀਲਾ ਪ੍ਰੋਟੀਨ ਤਿਆਰ ਹੁੰਦਾ ਹੈ ਅਤੇ ਜਦੋਂ ਇਸ ਨੂੰ ਕੀੜੇ-ਮਕੌੜੇ ਖਾਂਦੇ ਹਨ ਤਾਂ ਮਰ ਜਾਂਦੇ ਹਨ। ਇਸ ਨਾਲ ਇਹ ਦੇਖਿਆ ਗਿਆ ਕਿ ਇਸ ਦੇ ਮਨੁੱਖੀ ਸਿਹਤ ਉੱਤੇ ਵੀ ਮਾੜੇ ਅਸਰ ਹੁੰਦੇ ਹਨ ਜੋ ਅਜੇ ਚਰਚਾ ਦਾ ਵਿਸ਼ਾ ਹੈ। ਉਂਝ, ਸਵਾਲ ਹੈ ਕਿ ਜੇ ਇਹ ਖ਼ਤਰਨਾਕ ਹੈ ਤਾਂ ਇਸ ਨੂੰ ਬੰਦ ਕਰ ਦੇਣਾ ਚਾਹੀਦਾ ਹੈ। ਇਸ ਨੂੰ ਬੰਦ ਕਰਨ ਦੇ ਨੁਕਸਾਨ ਮੌਨਸੈਂਟੋ ਕੰਪਨੀ ਨੂੰ ਹੋਣੇ ਹਨ ਅਤੇ ਇਹ ਇਸ ਨੂੰ ਬੰਦ ਨਹੀਂ ਹੋਣ ਦੇਣਾ ਚਾਹੁੰਦੀ। ਅਨੁਵੰਸ਼ਕੀ ਸੋਧ ਵਿਚ ਵੀ ਅਜਿਹੀਆਂ ਫਸਲਾਂ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਜੋ ਕੀਟਨਾਸ਼ਕ-ਪ੍ਰਤੀਰੋਧੀ ਹੋਣ; ਮਤਲਬ, ਅਜਿਹੀਆਂ ਫਸਲਾਂ ਜਿਨ੍ਹਾਂ ਨੂੰ ਕੀਟਨਾਸ਼ਕਾਂ ਦਾ ਅਸਰ ਨਾ ਹੋਵੇ ਪਰ ਇਹ ਕੁਦਰਤ ਦੇ ਦਵੰਦਵਾਦ ਨੂੰ ਅੱਖੋਂ ਓਹਲੇ ਕਰਨ ਦੀ ਕੋਸ਼ਿਸ਼ ਸੀ ਜੋ ਨਾਕਾਮ ਸਾਬਿਤ ਹੋਈ। ਵਿਗਾਸ ਦਾ ਸਿਧਾਂਤ ਇਹ ਪ੍ਰੋੜਤਾ ਕਰਦਾ ਹੈ ਕਿ ਜੀਵ ਬਦਲਦੇ ਹੋਏ ਵਾਤਾਵਰਨ ਨਾਲ ਆਪਣੇ ਆਪ ਨੂੰ ਬਦਲ ਲੈਂਦੇ ਹਨ। ਇਹ ਕੀਟ ਵਰਤੇ ਜਾਣ ਵਾਲੇ ਕੀਟਨਾਸ਼ਕਾਂ ਨਾਲ ਲੜਨ ਲਈ ਵਿਕਸਤ ਹੋ ਗਏ ਅਤੇ ਨਵੀਆਂ ਪੀੜ੍ਹੀਆਂ ਵਿਚ ਇਹ ਕੀਟਨਾਸ਼ਕਾਂ ਬੇਅਸਰ ਹੋ ਗਈਆਂ। ਫਿਰ ਇਹਨਾਂ ਦੀ ਮਾਤਰਾ ਵਧਾਉਣੀ ਪਈ ਪਰ ਕਿੰਨੀ ਕੁ ਮਾਤਰਾ ਵਧਾਈ ਜਾਵੇ? ਇਹਨਾਂ ਕੀਟਾਂ ਨੇ ਫਿਰ ਤੋਂ ਵਿਕਸਤ ਹੋ ਜਾਣਾ ਹੈ। ਇਸ ਲਈ ਇਸ ਅਨੁਵੰਸ਼ਕੀ ਸੋਧ ਨੇ ਕੀਟਨਾਸ਼ਕ-ਪ੍ਰਤੀਰੋਧ ਦੇ ਨਾਮ 'ਤੇ ਖੇਤੀ ਵਿਚ ਜ਼ਹਿਰ ਨੂੰ ਹੁਲਾਰਾ ਦਿੱਤਾ।

ਸਵਾਲ ਹੈ:ਕੀ ਕੀੜੇ-ਮਕੌੜੇ ਖ਼ਤਮ ਕੀਤੇ ਜਾ ਸਕਦੇ ਹਨ? ਇਸ ਸਵਾਲ ਦੇ ਦੋ ਪਹਿਲੂ ਹਨ; ਪਹਿਲਾ ਹਾਂ ਜਾਂ ਨਾਂਹ ਜਵਾਬ ਮੰਗਦਾ ਹੈ ਤਾਂ ਇੱਥੇ ਬਿਲਕੁਲ ਨਾਂਹ ਹੈ। ਕੀੜੇ-ਮਕੌੜਿਆਂ ਨੂੰ ਕਦੇ ਵੀ ਖ਼ਤਮ ਨਹੀਂ ਕੀਤਾ ਜਾ ਸਕਦਾ। ਦੂਜਾ ਪਹਿਲੂ ਹੈ ਕਿ ਕੀ ਕੀਟਾਂ ਬਿਨਾ ਖੇਤੀ ਹੋ ਸਕਦੀ ਹੈ? ਅੱਜ ਤੱਕ ਮਨੁੱਖ ਜਦੋਂ ਖੇਤੀ ਕਰਦਾ ਆਇਆ ਹੈ ਤਾਂ ਸਾਡੇ ਕਣਕ ਜਾਂ ਹੋਰ ਫਸਲਾਂ ਬੀਜਦੇ ਹੋਏ ਮੁੱਠੀਆਂ ਭਰ ਕੇ ਖੇਤਾਂ ਵਿਚ ਦਾਣੇ ਖਿੰਡਾਏ ਜਾਂਦੇ ਸਨ ਜਿਹਨਾਂ ਨਾਲ ਇਹ ਬੋਲ ਵੀ ਬੋਲੇ ਜਾਂਦੇ ਸਨ ਕਿ ਇੱਕ ਹਿੱਸਾ ਚਿੜੀਆਂ ਦਾ, ਇੱਕ ਹਿੱਸਾ ਕੀੜੇ-ਮਕੌੜਿਆਂ ਦਾ, ਇੱਕ ਹਿੱਸਾ ਪਸ਼ੂਆਂ ਦਾ ਆਦਿ ਪਰ ਅੱਜ ਮੁਨਾਫਾ ਕੇਂਦਰਤ ਖੇਤੀ ਵਿਚ ਅਸੀਂ ਦਾਣਾ ਦਾਣਾ ਮੰਡੀ ਲੈ ਕੇ ਜਾਣਾ ਚਾਹੁੰਦੇ ਹਾਂ ਤਾਂ ਜੋ ਇਸ ਦੀ ਕੀਮਤ ਮਿਲ ਸਕੇ। ਇਸ ਲਈ ਅਸੀਂ ਸਪਰੇਅ ਕਰਦੇ ਹੋਏ ਜੀਵਾਂ ਤੋਂ ਉਹਨਾਂ ਦਾ ਹਿੱਸਾ ਖੋਹ ਰਹੇ ਹਾਂ ਪਰ ਕੁਦਰਤ ਵਿਚ ਦੋ-ਤਰਫਾ ਲੈਣ-ਦੇਣ ਹੈ: ਕੀਟ ਜਦੋਂ ਫਸਲਾਂ ਤੋਂ ਭੋਜਨ ਲੈਂਦੇ ਹਨ ਤਾਂ ਬਦਲੇ ਵਿਚ ਉਹ ਪੌਦਿਆ ਨੂੰ ਪ੍ਰਾਗਣ ਕਰਵਾਉਂਦੇ ਹਨ ਜਿਸ ਤੋਂ ਬਿਨਾ ਬੀਜ ਬਣ ਨਹੀਂ ਸਕਦਾ; ਮਤਲਬ, ਪੌਦਿਆਂ ਦੀ ਕਲਪਨਾ ਕੀਟਾਂ ਬਗੈਰ ਕੀਤੀ ਹੀ ਨਹੀਂ ਜਾ ਸਕਦੀ।

ਅਸੀਂ ਪੜ੍ਹਿਆ ਹੀ ਹੈ ਕਿ ਜੀਐੱਮਓ ਕਪਾਹ (BT Cotton) ਵਿਚ ਕ੍ਰਿਸਟਲ ਪ੍ਰੋਟੀਨ ਹੁੰਦਾ ਹੈ ਜੋ ਕੀਟ ਅੰਦਰ ਜਾ ਕੇ ਉਸ ਨੂੰ ਮਾਰ ਦਿੰਦਾ ਹੈ। ਇਸ ਕਪਾਹ ਨੂੰ ਖਾਣ ਅਤੇ ਪ੍ਰਾਗਣ ਲਈ ਹਰ ਤਰ੍ਹਾਂ ਦੇ ਕੀਟ ਆਉਂਦੇ ਹਨ ਜਿਨ੍ਹਾਂ ਵਿਚ ਤਿਤਲੀਆਂ, ਮਧੂਮੱਖੀਆਂ ਵੀ ਸ਼ਾਮਲ ਹਨ। ਅਸੀਂ ਆਮ ਫਸਲਾਂ ਵੀ ਬੀਜਦੇ ਹਾਂ ਅਤੇ ਉਹਨਾਂ ਉੱਤੇ ਆਉਣ ਵਾਲੇ ਕੀਟਾਂ ਨੂੰ ਕਾਬੂ ਕਰਨ ਲਈ ਕੀਟਨਾਸ਼ਕਾਂ ਦੀ ਸਪਰੇਅ ਕਰਦੇ ਹਾਂ। ਇਹ ਸਪਰੇਅ ਹਰ ਤਰ੍ਹਾਂ ਦੇ ਕੀਟ, ਤਿਤਲੀਆਂ ਅਤੇ ਮਧੂਮੱਖੀਆਂ ਨੂੰ ਮਾਰ ਦਿੰਦੀ ਹੈ। ਪੈਸਟ ਮੈਨੇਜਮੈਂਟ ਦਾ ਕੋਈ ਵੀ ਅਜਿਹਾ ਤਰੀਕਾ ਨਹੀਂ ਹੈ ਜੋ ਸਾਡੀਆਂ ਫਸਲਾਂ ਦੇ ਮਿੱਤਰ ਅਤੇ ਦੁਸ਼ਮਣ ਕੀਟਾਂ ਵਿਚ ਫਰਕ ਕਰ ਸਕੇ। ਇਹਨਾਂ ਕੀਟਾਂ ਨੂੰ ਬਚਾਉਣ ਲਈ ਪੈਦਾਵਾਰ ਦੇ ਢੰਗ ਬਦਲਣ ਦੀ ਲੋੜ ਹੈ ਅਤੇ ਜੇ ਬੀਟੀ ਕਪਾਹ ਇਸ ਲਈ ਜ਼ਿੰਮੇਵਾਰ ਹੈ ਤਾਂ ਇਸ ਨੂੰ ਬੰਦ ਕਰਨਾ ਚਾਹੀਦਾ ਹੈ। ਜੇ ਪੈਦਾਵਾਰ ਦਾ ਢੰਗ ਹੀ ਅਰਾਜਕ ਹੋਵੇ ਅਤੇ ਇਸ ਦੇ ਨਿਸ਼ਾਨੇ ਸਿਰਫ ਮੁਨਾਫੇ ਤੱਕ ਸੀਮਤ ਹੋਣ, ਫਿਰ ਇਹ ਮਨੁੱਖ ਅਤੇ ਕੁਦਰਤ ਦੇ ਹੋਣ ਵਾਲੇ ਨੁਕਸਾਨ ਨੂੰ ਅੱਖੋਂ ਓਹਲੇ ਕਰ ਦਿੰਦਾ ਹੈ ਅਤੇ ਸਿਰਫ ਮੁਨਾਫੇ ਨੂੰ ਹੀ ਤਰਜੀਹ ਦਿੰਦਾ ਹੈ। ਇਥੇ ਇਹ ਸਮਝਣ ਦੀ ਲੋੜ ਹੈ ਕਿ ਇਸ ਸਮੇਂ ਸਭ ਤੋਂ ਵੱਧ ਖ਼ਤਰਨਾਕ ਸਰਮਾਏਦਾਰਾ ਪ੍ਰਬੰਧ ਹੈ ਜਿਸ ਅਧੀਨ ਪੈਦਾਵਾਰ ਮਨੁੱਖ ਲਈ ਹੋ ਹੀ ਨਹੀਂ ਰਹੀ। ਇਸ ਲਈ ਕੀਟਨਾਸ਼ਕਾਂ ਰਾਹੀਂ ਜਾਂ ਜੀਐੱਮ ਸੋਧਾਂ ਰਾਹੀਂ ਕੀਟ ਖ਼ਤਮ ਕਰਨ ਦਾ ਦਾਅਵਾ ਕਰਨਾ ਗੈਰ-ਵਿਗਿਆਨਕ ਅਤੇ ਨੁਕਸਾਨਦਾਇਕ ਹੈ।

ਕੀ ਜੀਐੱਮਓ ਕੁਦਰਤ ਨਾਲ ਛੇੜਛਾੜ ਹੈ?

ਆਧੁਨਿਕ ਮਨੁੱਖ (ਹੋਮੋ ਸੇਪੀਅਨ) ਲੱਗਭੱਗ 2.5 ਕੁ ਲੱਖ ਸਾਲ ਪਹਿਲਾਂ ਹੋਂਦ ਵਿਚ ਆਇਆ ਜਿਸ ਨੇ 10,000 ਕੁ ਸਾਲ ਪਹਿਲਾਂ ਖੇਤੀ ਕਰਨੀ ਸਿੱਖੀ। ਮਨੁੱਖ ਜੰਗਲ ਸਾੜ ਕੇ ਜ਼ਮੀਨ ਤਿਆਰ ਕਰਦਾ ਸੀ ਅਤੇ ਇਸ ਨੂੰ ਵਰਤ ਕੇ ਉਹ ਅੱਗੇ ਵਧ ਜਾਂਦਾ ਸੀ ਅਤੇ ਫਿਰ ਹੋਰ ਜੰਗਲ ਸਾੜਦਾ ਸੀ। ਖੇਤੀ ਕਰਦੇ ਮਨੁੱਖ ਨੇ ਫਸਲਾਂ ਦੀਆਂ ਨਸਲਾਂ ਸੁਧਾਰਨੀਆਂ ਸਿੱਖੀਆਂ ਜਿਸ ਲਈ ਉਹ ਕਿਸੇ ਫਸਲ ਦੇ ਖਾਸ ਗੁਣ ਨੂੰ ਚੁਣਦਾ ਹੋਇਆ ਉਹਨਾਂ ਨੂੰ ਅਗਲੇ ਸਾਲ ਲਈ ਬੀਜਣ ਲਈ ਰੱਖ ਲੈਂਦਾ ਸੀ ਅਤੇ ਬਾਕੀ ਫਸਲ ਖਾ ਲੈਂਦਾ ਸੀ। ਪੀੜ੍ਹੀ-ਦਰ-ਪੀੜ੍ਹੀ ਫਸਲਾਂ, ਫਲ ਤੇ ਸਬਜ਼ੀਆਂ ਦੀਆਂ ਬਦਲੀਆਂ ਹੋਈਆਂ ਪ੍ਰਜਾਤੀਆਂ ਤਿਆਰ ਹੋ ਗਈਆਂ ਜੋ ਪਹਿਲਾਂ ਕੁਦਰਤ ਵਿਚ ਕਿਤੇ ਵੀ ਮੌਜੂਦ ਨਹੀਂ ਸਨ। ਜਿਹੜੀ ਕਣਕ ਅੱਜ ਅਸੀਂ ਖਾ ਰਹੇ ਹਾਂ (ਟ੍ਰਿਟੀਕਮ ਐਸਟਾਈਵਮ), ਇਹ ਵੀ ਮਨੁੱਖ ਨੇ ਜੰਗਲੀ ਪ੍ਰਜਾਤੀਆਂ (ਟ੍ਰਿਟੀਕਮ ਮੋਨੋਕੋਕਮ, ਟ੍ਰਿਟੀਕਮ ਡਿਊਰਮ ਆਦਿ) ਤੋਂ ਵਿਕਸਤ ਕੀਤੀ ਹੈ। ਜੋ ਮੱਕੀ ਅੱਜ ਅਸੀਂ ਖਾ ਰਹੇ ਹਾਂ, ਇਹ ਵੀ ਕੁਦਰਤੀ ਤੌਰ 'ਤੇ ਪਹਿਲਾਂ ਮੌਜੂਦ ਨਹੀਂ ਸੀ। ਲੱਗਭੱਗ 8000 ਸਾਲ ਪਹਿਲਾਂ ਮੈਕਸਿਕੋ ਕੋਲ ਟਿਓਸਿੰਟੇ ਨਾਮ ਦੀ ਜੰਗਲੀ ਘਾਹ ਉੱਗਦੀ ਸੀ ਜਿਸ ਨੂੰ ਸਾਡੇ ਪੁਰਖਿਆਂ ਨੇ ਬਦਲਿਆ। ਇਸੇ ਤਰ੍ਹਾਂ ਡਾਰਵਿਨ ਨੇ ਇਹੋ ਗੱਲ ਲਿਖੀ ਹੈ ਕਿ ਮਨੁੱਖ ਜੋ ਵੀ ਫਲ, ਸਬਜ਼ੀਆਂ ਅਤੇ ਫਸਲਾਂ ਉਗਾ ਰਿਹਾ ਹੈ, ਇਹ ਸਭ ਇਸ ਨੇ ਖੁਦ ਆਪਣੀ ਚੋਣ ਨਾਲ ਬਦਲੀਆਂ ਹਨ। ਫਿਰ ਇੱਕ ਸਮੇਂ ਬਾਅਦ ਮਨੁੱਖ ਹਾਈਬ੍ਰਿਡ ਫਸਲਾਂ ਅਤੇ ਜਾਨਵਰ ਵੀ ਤਿਆਰ ਕਰਨੇ ਸਿੱਖ ਗਿਆ ਜਿਸ ਵਿਚ ਦੋ ਅਲੱਗ ਨਸਲਾਂ/ਪ੍ਰਜਾਤੀਆਂ ਦਾ ਪ੍ਰਜਨਣ ਕਰਵਾਉਣ ਨਾਲ ਨਵੀਂ ਤਰ੍ਹਾਂ ਦਾ ਜੀਵ ਤਿਆਰ ਹੋ ਜਾਂਦਾ ਸੀ। ਇਸ ਤਰ੍ਹਾਂ ਮਨੁੱਖ ਸਦੀਆਂ ਤੋਂ ਕੁਦਰਤ ਨਾਲ ਛੇੜਛਾੜ ਕਰਦਾ ਆਇਆ ਹੈ ਪਰ ਸਰਮਾਏਦਾਰਾ ਪ੍ਰਬੰਧ ਅਧੀਨ ਕੁਝ ਮੁੱਠੀ ਭਰ ਲੋਕ ਆਪਣੇ ਮੁਨਾਫੇ ਲਈ ਕੁਦਰਤ ਨੂੰ ਤਬਾਹ ਕਰ ਰਹੇ ਹਨ। ਹੁਣ ਇੱਥੇ ਚਰਚਾ ਦਾ ਵਿਸ਼ਾ ਕਦੇ ਵੀ ਇਹ ਨਹੀਂ ਬਣਦਾ ਕਿ ਪੈਦਾਵਾਰ ਦਾ ਸਰਮਾਏਦਾਰਾ ਪ੍ਰਬੰਧ ਚੰਗਾ ਹੈ ਜਾਂ ਮਾੜਾ ਸਗੋਂ ਵਿਗਿਆਨਕ ਲੱਭਤਾਂ ਨੂੰ ਨਿਸ਼ਾਨੇ 'ਤੇ ਲੈ ਕੇ ਸਵਾਲ ਭਟਕਾਇਆ ਜਾਂਦਾ ਹੈ। ਜੀਐੱਮਓ ਵਿਚ ਜੋ ਚੰਗਾ ਹੈ, ਉਸ ਨੂੰ ਅੱਗੇ ਵਧਾਇਆ ਜਾਵੇ ਅਤੇ ਜੋ ਮਾੜਾ ਹੈ, ਉਸ ਨੂੰ ਰੱਦ ਕੀਤਾ ਜਾਵੇ ਪਰ ਇਹ ਫੈਸਲੇ ਤਾਂ ਇਸੇ ਪ੍ਰਬੰਧ ਨੇ ਕਰਨੇ ਹਨ ਜੋ ਖੁਦ ਮਨੁੱਖ ਦੋਖੀ ਹੈ।*ਸਹਾਇਕ ਪ੍ਰੋਫੈਸਰ, ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ।ਸੰਪਰਕ: 96533-59244

# ਥੋਥੇ ਬੰਦੇ/ ਟੀ ਐੱਸ ਈਲੀਅਟ



ਥੋਥੇ ਬੰਦੇ ਹਾਂ ਆਪਾਂ
ਤੂੜੀ ਨਾਲ਼ ਭਰੇ ਪੁਤਲੇ
ਇਕ ਦੂਜੇ ਨਾਲ਼ ਲੱਗ ਕੇ ਖੜੇ ਹਾਂ
ਆਪਣੇ ਟੋਪਾਂ ਵਿੱਚ ਤੂੜੀ ਭਰੀਂ, ਅਫ਼ਸੋਸ!
ਤੇ ਜਦ ਆਪਾਂ ਆਪੋ ਵਿੱਚ
ਘੁਸਰ ਮੁਸਰ ਕਰਦੇ ਹਾਂ
ਆਪਣੀਆਂ ਸਭ ਸੁੱਕੀਆਂ ਆਵਾਜ਼ਾਂ
ਐਵੇਂ ਹੀ ਊਲਜਲੂਲ ਅਤੇ ਮੂਕ
ਜਿਵੇਂ ਸੁੱਕੇ ਘਾਹ ਵਿੱਚੀਂ ਲੰਘਦੀ ਹਵਾ
ਜਾਂ ਆਪਣੇ ਸੁੱਕੇ ਤਹਿਖ਼ਾਨੇ ਵਿੱਚ
ਰੇਜ਼ਾ ਰੇਜ਼ਾ ਸ਼ੀਸ਼ੇ ਉੱਪਰ ਤੁਰਦੇ ਚੂਹਿਆਂ ਦੇ ਪੈਰ
ਸ਼ਕਲਾਂ ਨਿਰਾਕਾਰ ਹਨ ਸਾਏ ਬਦਰੰਗ
ਲਕਵੇ ਮਾਰੀ ਜਾਨ, ਇਸ਼ਾਰਾ ਹਰਕਤ ਦੇ ਬਗ਼ੈਰ;
ਉਹ ਸਭ ਸਿੱਧੀਆਂ ਅੱਖਾਂ ਟਿਕਾਈ
ਜਿਹੜੇ ਲੰਘ ਗਏ ਪਾਰਲੀ ਪਾਰ
ਪਰਲੋਕ ਵਤਨਾਂ ਨੂੰ
ਰੱਖੋ ਸਾਨੂੰ ਯਾਦ - ਜੇਕਰ ਰੱਖਣਾ ਹੀ ਹੈ - ਅਸੀਂ ਗੁਆਚੀਆਂ
ਹਿੰਸਕ ਰੂਹਾਂ ਨਹੀਂ, ਸਗੋਂ ਅਸੀਂ ਤਾਂ ਹਾਂ ਸਿਰਫ਼
ਥੋਥੇ ਬੰਦੇ ਭਰੇ ਤੂੜੀ ਨਾਲ਼।

ਅਨੁਵਾਦ : ਚਰਨ ਗਿੱਲ

## ਗ਼ਜ਼ਲ

ਮਿਰੀ ਬੇਬਸੀ ਹੈ ਲਾਅਨਤ, ਤਿਰੀ ਦਿਲਲਗੀ ਹੈ ਲਾਅਨਤ।
ਤਿਰੀ ਹਰ ਸਿਤਮਗਰੀ ਤੇ, ਮੇਰੀ ਖ਼ਾਮੋਸ਼ੀ ਹੈ ਲਾਅਨਤ।
ਨਾ ਤੜਪ ਹੈ ਜਜ਼ਬਿਆਂ ਵਿਚ, ਨਾ ਲਹੂ ਰਗਾਂ ਚ ਦੌੜੇ
ਹੈ ਜ਼ਮੀਰ ਮੁਰਦਾ ਜਿਸਦਾ, ਉਹ ਵੀ ਜ਼ਿੰਦਗੀ ਹੈ ਲਾਅਨਤ।
ਜੋ ਕਿਸੇ ਦਾ ਖ਼ੂਨ ਪੀ ਕੇ, ਜਾਂ ਕਿਸੇ ਲਹੂ ਚ ਨਾਹ ਕੇ
ਹੈ ਬੁਲੰਦੀਆਂ ਤੇ ਪੁੱਜਾ, ਉਹਦੀ ਬਰਤਰੀ ਹੈ ਲਾਹਨਤ।
ਤੈਨੂੰ ਸਭ ਪਤਾ ਸੀ ਜ਼ਾਲਮ, ਕਿ ਇਹ ਰਾਸਤਾ ਗ਼ਲਤ ਹੈ
ਤੂੰ ਭੁਲਾਇਐ ਕਾਫ਼ਲਾ ਖ਼ੁਦ, ਤੇਰੀ ਰਹਿਬਰੀ ਹੈ ਲਾਅਨਤ।
ਜੋ ਤਲੀ ਮੈਂ ਅੱਡ ਬੈਠਾ, ਤੂੰ ਹੈ ਨਾਂਹ ਚ ਸਿਰ ਹਿਲਾਇਆ
ਮੇਰੀ ਆਜਜ਼ੀ ਹੈ ਲਾਅਨਤ, ਤੇਰੀ ਹੈਂਕੜੀ ਹੈ ਲਾਅਨਤ।
ਮੈਂ ਬਣਾਂ ਦਯਾ ਦਾ ਪਾਤਰ, ਨਾ ਉਹ ਦਿਨ ਖ਼ੁਦਾ ਦਿਖਾਏ
ਮੈਂ ਕਰਾਂ ਕਬੂਲ ਬਖ਼ਸ਼ਿਸ਼, ਤਾਂ ਮਿਰੀ ਖ਼ੁਦੀ ਹੈ ਲਾਅਨਤ।
ਤੂੰ ਜੇ ਰੌਸ਼ਨੀ ਖਿੰਡਾਉਨੈਂ, ਹੈ ਹਨੇਰ ਤੇਰੇ ਘਰ ਵਿਚ
ਤਾਂ ਸਮਝ ਲੈ ਯਾਰ 'ਦੀਪਕ'! ਤੇਰੀ ਰੌਸ਼ਨੀ ਹੈ ਲਾਹਨਤ।

ਦੀਪਕ ਜੈਤੋਈ

# ਇਕ ਪਲ ਸਿਰਫ ਮਿਲੇ ਸਾਂ ਆਪਾਂ



ਇਕ ਪਲ ਸਿਰਫ ਮਿਲੇ ਸਾਂ ਆਪਾਂ, ਤੂੰ ਉਗਮਣ ਮੈਂ ਅਸਤਣ ਲੱਗਿਆਂ
ਡੁੱਬਦਾ ਚੜ੍ਹਦਾ ਸੂਰਜ ਕੋਲੋ ਕੋਲ ਖੜੇ ਸੀ ਵਿਛੜਨ ਲੱਗਿਆਂ
ਸੂਰਜ ਕਿਰਨ ਮਿਲਣ ਲੱਗੀ ਸੀ, ਜਲ ਕਾ ਜਲ ਹੋ ਚੱਲਿਆ ਸਾਂ ਮੈਂ
ਲੈ ਕੇ ਨਾਮ ਬੁਲਾਇਆ ਕਿਸ ਨੇ ਮੈਨੂੰ ਮੁਕਤੀ ਪਾਵਣ ਲੱਗਿਆਂ
ਖੌਫਜ਼ਦਾ ਹੋ ਜਾਂਦੇ ਬੰਦੇ, ਫੇਰ ਵਫਾ ਦੀਆਂ ਕਸਮਾਂ ਦਿੰਦੇ
ਕੁਦਰਤ ਹੋਣਾ ਚਾਹੁੰਦੇ ਹੁੰਦੇ, ਡਰ ਜਾਂਦੇ ਪਰ ਹੋਵਣ ਲੱਗਿਆਂ
ਸਾਡੇ ਰੂਪ ਦਾ ਕੀ ਹੋਵੇਗਾ, ਕੀ ਹੋਵੇਗਾ ਸਾਡੇ ਨਾਂ ਦਾ
ਡਰ ਕੇ ਪੱਥਰ ਹੋ ਜਾਂਦੇ ਨੇ ਬੰਦੇ ਪਾਣੀ ਹੋਵਣ ਲੱਗਿਆਂ
ਤਨ ਮਨ ਰੂਹ ਦੇ ਵੇਸ ਉਤਾਰੇ, ਰੱਖ ਦਿੱਤੇ ਮੈਂ ਰਾਤ ਕਿਨਾਰੇ
ਕੰਠ ਸੀ ਤੇਰੇ ਨਾਮ ਦੀ ਗਾਨੀ, ਤੇਰੇ ਨੀਰ 'ਚ ਉਤਰਨ ਲੱਗਿਆਂ
ਕੰਡਿਆਂ ਵਿਚ ਨਹੀਂ ਉਲਝੀਦਾ, ਨਾ ਫੁੱਲਾਂ 'ਤੇ ਹੱਕ ਧਰੀ ਦਾ,
ਬੱਸ ਹਵਾ ਹੀ ਹੋ ਜਾਈਦਾ, ਇਸ ਦੁਨੀਆਂ 'ਚੋਂ ਗੁਜ਼ਰਨ ਲੱਗਿਆਂ
ਅੱਗ ਨੂੰ ਆਪਣੀ ਹਿੱਕ ਵਿਚ ਰੱਖੀਂ, ਧੂੰਆਂ ਪਵੇ ਨ ਲੋਕਾਂ ਅੱਖੀਂ
ਮੇਰੀ ਗੱਲ ਨੂੰ ਚੇਤੇ ਰੱਖੀਂ, ਕੋਈ ਨਜ਼ਮ ਕਸ਼ੀਦਣ ਲੱਗਿਆਂ
ਕਿੰਨੀ ਨੇ ਔਕਾਤ ਦੇ ਮਾਲਕ, ਕਿਸ ਸ਼ਿੱਦਤ ਜਜ਼ਬਾਤ ਦੇ ਮਾਲਕ
ਪਾਰਖੂਆਂ ਵੀ ਪਰਖੇ ਜਾਣਾ, ਤੇਰੀ ਗਜ਼ਲ ਨੂੰ ਪਰਖਣ ਲੱਗਿਆਂ

ਸੁਰਜੀਤ ਪਾਤਰ

ਥੋੜੀ ਜਿਹੀ ਮੁਹੱਬਤ ਤੇ , ਦਰਦਾਂ ਦੀ ਪਾਣ ਹੋਵੇ
ਕਵਿਤਾ ਹੈ ਉਹ ਮੁਕੰਮਲ, ਖਿਆਲਾਂ ਚ' ਜਾਨ ਹੋਵੇ
ਸ਼ਬਦਾਂ ਚ' ਸਰਲਤਾ ਤੇ , ਅਰਥਾਂ ਵਿੱਚ ਡੂੰਘਾਈ
ਸਤਰਾਂ ਦੇ ਵਿੱਚ ਰਵਾਨੀ, ਗਾਉਣੀ ਅਸਾਨ ਹੋਵੇ
ਕਵਿਤਾ ਵੀ ਗੀਤ ਵਾਂਗਰ, ਹਰ ਦਿਲ ਦੀ ਮੰਗ ਹੋਵੇ
ਧਰਤੀ ਤੇ ਜਨਮ ਧੀ ਦਾ, ਪੁੱਤਰ ਸਮਾਨ ਹੋਵੇ
ਮੈਂ ਤਾਂ ਲਹੂ ਨੂੰ ਤਿਪ ਤਿਪ, ਐਵੇਂ ਕਸੀਦ ਕੀਤਾ
ਕੁਰਬਾਨੀਆਂ ਦੀ ਇੱਥੇ, ਕਿੱਦਾਂ ਪਛਾਣ ਹੋਵੇ
ਗਜ਼ਲਾਂ ਤੇ ਗੀਤ ਵੀ ਤਾਂ , ਖ਼ਾਮੋਸ਼ੀਆਂ ਚੋਂ ਜਨਮਣ
ਚਿੰਤਨ ਹੀ ਸਿਰਜਣਾ ਦਾ ਜਿਹਨੀ ਸ਼ਨਾਨ ਹੋਵੇ
ਦੇ ਦੇ ਤਿਲਾਂਜਲੀ ਜਸ, ਸ਼ਬਦੀ ਮਖੋਟਿਆਂ ਨੂੰ
ਇਹ ਅਨੁਭਵੀ ਯਥਾਰਥ, ਕਵਿਤਾ ਦੀ ਸ਼ਾਨ ਹੋਵੇ



ਡਾ.ਜਸ ਮਲਕੀਤ

# ਭਾਈ ਲਾਲੋ



ਬਚਪਨ ਵਿਚ ਮਾਂ ਸਾਨੂੰ
ਭਾਈ ਲਾਲੋ ਦੀ ਸਾਖੀ ਸੁਣਾਉਂਦੀ
ਹੱਕ ਸੱਚ ਦੇ ਅਰਥ ਸਮਝਾਉਂਦੀ
ਜਾਣੋ, ਕੋਰਿਆਂ ਸਫ਼ਿਆਂ 'ਤੇ ਸੁੱਚੇ
ਅੱਖਰ ਪਾਉਂਦੀ
ਸਾਖੀ ਵਿਚ ਭਾਈ ਲਾਲੋ
ਦਸਾਂ ਨਹੁੰਆਂ ਦੀ ਕਿਰਤ ਕਰਦਾ
ਵੰਡ ਕੇ ਛਕਦਾ
ਸੱਚ ਬੋਲਦਾ
ਧਰਮ ਤੋਂ ਕਦੇ ਨਾ ਡੋਲਦਾ.....
ਮਾਂ ਜਦੋਂ ਵੀ ਸਾਖੀ ਸੁਣਾਉਂਦੀ
ਮੈਨੂੰ ਭਾਈ ਲਾਲੋ 'ਚੋਂ
ਦਾਦੇ ਦੀ ਸੂਰਤ ਨਜ਼ਰ ਆਉਂਦੀ
ਮੇਰਾ ਦਾਦਾ ਵੀ ਭਾਈ ਲਾਲੋ ਵਾਂਗ
ਟਿੱਕੀ ਉੱਗਣ ਤੋਂ ਲੈ ਕੇ
ਦੀਵਾ ਜਗਣ ਤਕ
ਸੁੱਚੀ ਕਾਰ ਕਰਦਾ
ਆਰੀ...ਤੇਸਾ...ਰੰਦਾ ... ਵਾਹੁੰਦਾ
ਲੱਕੜਾਂ ਨੂੰ
ਮੰਜਿਆਂ ਪੀੜ੍ਹੀਆਂ ਚਰਖਿਆਂ 'ਚ
ਵਟਾਉਂਦਾ
ਆਏ ਗਏ ਨੂੰ ਚਾਹ ਪਾਣੀ ਪੁੱਛਦਾ
ਸਾਧ ਫ਼ਕੀਰ ਨੂੰ ਪਰਛਾਦਾ ਛਕਾਉਂਦਾ
ਰੁੱਖੀ ਮਿੱਸੀ ਖਾ ਕੇ ਰੱਬ ਦਾ ਸ਼ੁਕਰ
ਮਨਾਉਂਦਾ
ਮੈਂ ਕਿਰਤ ਕਰਦੇ ਦਾਦੇ ਨੂੰ ਗਹੁ ਨਾਲ
ਵੇਖਦੀ...
ਮਾਂ ਦੇ ਪਾਏ ਹੋਏ ਸੁੱਚੇ ਅੱਖਰ
ਉੱਘੜਦੇ
ਮੈਨੂੰ ਦਾਦੇ ਦਾ ਮੋਹ ਜਿਹਾ ਆਉਂਦਾ
ਮੈਂ ਮਾਂ ਦਾ ਪੱਲਾ ਫੜ ਕੇ ਪੁੱਛਦੀ :
"ਮਾਂ, ਆਪਣੇ ਘਰ ਕਦੋਂ ਆਊ ਬਾਬਾ
ਨਾਨਕ"
ਮਾਂ ਕੁਝ ਪਲ ਚੁੱਪ ਰਹਿੰਦੀ...ਸੋਚਦੀ...
ਤੇ ਕਹਿੰਦੀ:
"ਬਾਬਾ ਨਾਨਕ ਕਿਰਤੀਆਂ ਦੇ ਸਦਾ
ਅੰਗ-ਸੰਗ ਰਹਿੰਦਾ, ਪੁੱਤ !
ਹੱਕ ਸੱਚ ਦਾ ਚਾਨਣ ਬਣ ਕੇ"
ਮੈਨੂੰ ਮਾਂ ਦੀ ਗੱਲ ਸਮਝ ਨਾ ਆਉਂਦੀ
ਤੇ ਮੈਂ ਜਗਦੇ ਦੀਵੇ ਨੂੰ ਨਿਹਾਰਨ ਲੱਗਦੀ
ਨਿਹਾਰਦੀ ਰਹਿੰਦੀ ਦੇਰ ਤੱਕ
ਟਿਕਟਿਕੀ ਲਾ ਕੇ...
ਹੌਲੀ ਹੌਲੀ ਬਾਬਾ ਪਰਗਟ ਹੋਣ ਲੱਗਦਾ
ਹਰ ਜਗਦੀ ਚੀਜ਼ 'ਚੋਂ
ਦੀਵੇ ਦੀ ਲਾਟ ਚੋਂ
ਚੰਨ 'ਚੋਂ
ਤਾਰਿਆਂ 'ਚੋਂ
ਬੱਚਿਆਂ ਦੀਆਂ ਨਿਰਛਲ ਅੱਖਾਂ 'ਚੋਂ
ਕੋਈ ਨੂਰ ਜਿਹਾ ਸਿੰਮ ਆਉਂਦਾ
ਲੱਕੜਾਂ ਘੜਦੇ ਮੇਰੇ ਦਾਦੇ ਦਿਆਂ
ਹੱਥਾਂ 'ਚੋਂ...
ਤੇ ਲਗਦਾ
ਹੁਣੇ ਜਗ ਪਵੇਗਾ ਬਾਬਾ
ਕਾਲੇ ਨ੍ਹੇਰਿਆਂ 'ਚੋਂ ਵੀ
ਹੱਕ ਸੱਚ ਤੇ ਦਇਆ ਦੀ ਰੌਸ਼ਨੀ ਬਣ
ਕੇ...
ਬਾਬਾ ਪਰਗਟ ਹੋਣ ਲੱਗਦਾ ....

ਸੁਖਵਿੰਦਰ ਅੰਮ੍ਰਿਤ

# ਸਾਲ ਗ਼ਰੀਬੀ ਦੇ

ਬਾਪੂ ਦੀ ਕੰਮ ਨਾਲ਼ ਕੁੱਬੀ ਹੋਈ ਢੂਈ
ਮਾਂ ਦੇ ਪੈਰਾਂ ਦੀਆਂ ਬਿਆਈਆਂ,
ਯਾਦ ਨੇ ਮੈਨੂੰ ਅੱਜ ਵੀ
ਉਹ ਹਾਲ ਗ਼ਰੀਬੀ ਦੇ।

ਅੱਧੀ ਰਾਤੀਂ ਰੋਟੀ ਪੱਕਣੀ,
ਮਾਂ ਨੂੰ ਫਿਰ ਵੀ ਅੱਧੀ ਬਚਣੀ,
ਕਿੰਝ ਗੁਜ਼ਾਰੇ ਸੀ ਉਹ
ਗਰਮੀ-ਸਿਆਲ਼ ਗ਼ਰੀਬੀ ਦੇ।

ਅੱਧੀ ਰਾਤੀਂ ਤ੍ਰਹਿ ਕੇ ਉੱਠਦਾ
ਅੰਦਰੋਂ ਮੇਰਾ ਆਪਾ ਟੁੱਟਦਾ,
ਜਦ ਵੀ ਆ ਜਾਣ ਕਿਧਰੋਂ
ਖ਼ਿਆਲ ਗ਼ਰੀਬੀ ਦੇ।

ਮਾਂ ਬਾਪ ਨੇ ਨਾ ਸ਼ਿਕਵਾ ਕੀਤਾ
ਹੌਸਲੇ ਦਾ ਅਸਾਂ ਪਾਣੀ ਪੀਤਾ,
ਮਿਹਨਤਾਂ ਦੇ ਨਾਲ ਪੁੱਟ ਦਿੱਤੇ ਨੇ
ਦੋ ਮੂੰਹੇਂ ਵਾਲ਼ ਗ਼ਰੀਬੀ ਦੇ।

ਜੋੜ ਘਟਾਓ ਤਾਂ ਫਿਰ ਵੀ
ਉਂਗਲਾਂ 'ਤੇ ਹੱਲ ਹੋ ਜਾਂਦੇ,
ਐਪਰ ਕੱਢਣੇ ਬੜੇ ਹੀ ਔਖੇ
ਉਲਝੇ ਹੋਏ ਸਵਾਲ ਗ਼ਰੀਬੀ ਦੇ।

ਚੜ੍ਹੀ ਜਵਾਨੀ ਵਿੱਚ ਗਲ਼ੀਆਂ ਦੇ
ਉੱਝ ਸੀ ਪਾਉਂਦੀ ਫਿਰਦੀ ਖੌਰੂ,
ਸਾਡੀ ਜੋਬਨ ਰੁੱਤ ਹੀ ਮਰ'ਗੀ
ਲੜਦੀ ਹੋਈ ਨਾਲ਼ ਗ਼ਰੀਬੀ ਦੇ।

ਨਾ ਬੰਦਾ ਹੱਸਦਾ,ਨੱਚਦਾ
ਤੇ ਨਾ ਹੀ ਗਾਉਂਦਾ ਹੈ,
ਜਦ ਵੀ ਬੇ-ਤਾਲ਼ੇ ਹੋ ਜਾਂਦੇ ਨੇ
ਵੱਜਦੇ ਹੋਏ ਤਾਲ਼ ਗ਼ਰੀਬੀ ਦੇ।

ਕੁਝ ਨਾ ਛੱਡਣ ਘਰ ਦੇ ਵਿਚ
ਝੱਖੜ ਬਣ ਕੇ ਹੂੰਝ ਲੈ ਜਾਂਦੇ,
ਉੱਠਦੇ ਨੇ ਜਦ ਵੀ ਕਦੇ
ਬਵਾਲ ਗ਼ਰੀਬੀ ਦੇ।

ਹਰ ਪਾਸੇ ਹੀ ਢਾਰੇ ਹੁੰਦੇ
ਫਿਰ ਨਾ ਮਹਿਲ ਮੁਨਾਰੇ ਹੁੰਦੇ,
ਜੇ ਨਾ ਹੁੰਦੇ ਕਿਰਤੀ ਕਾਮੇ
ਇਸ ਧਰਤੀ 'ਤੇ ਲਾਲ ਗ਼ਰੀਬੀ ਦੇ।

ਮਾਂ ਬਾਪ ਵੀ ਹੁਣ ਸੌਖੇ ਲਗਦੇ
ਪੁੱਤਾਂ ਦੇ ਸਿਰ ਤਾਜ ਨੇ ਸਜਦੇ,
ਸੰਘਰਸ਼ਾਂ ਦੇ ਨਾਲ ਸਮਾਂ ਬਦਲਿਆ
ਦੂਰ ਕੀਤੇ ਇੰਝ ਸਾਲ ਗ਼ਰੀਬੀ ਦੇ।

ਜਸਵੰਤ ਗਿੱਲ ਸਮਾਲਸਰ
97804-51878

# ਸਲਾਮ



ਸੱਯਦ ਆਦਿਲ ਹੁਸੈਨ ਸ਼ਾਹ ਤੈਨੂੰ,
ਸਲਾਮ! ਸਲਾਮ! ਸਲਾਮ!
ਸੱਯਦ ਆਦਿਲ ਹੁਸੈਨ ਸ਼ਾਹਾ,
ਤੂੰ ਪੁੱਤਰ ਧਰਤੀ ਮਾਂ ਦਾ ਜਾਇਆ,
ਤੂੰ ਬਣਿਆ ਆਪਣੇ ਲੋਕਾਂ ਦਾ ਸਾਇਆ,
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ,
ਤੂੰ ਸੱਚ ਕਰ ਦਿਖਾਇਆ,
ਹੈ ਸਾਨੂੰ ਤੇਰੇ 'ਤੇ ਵੱਡਾ ਮਾਣ,
ਤੇਰੇ ਜਜ਼ਬੇ ਨੂੰ ਸਾਡਾ ਸਲਾਮ!
ਜੰਨਤ ਨੂੰ ਜਹੱਨਮ ਬਣਾਉਣ ਵਾਲੇ,
ਫਿਜ਼ਾ 'ਚ ਦਹਿਸ਼ਤ ਫੈਲਾਉਣ ਵਾਲੇ,
ਤੇਰੇ ਅੱਗੇ ਅੱਜ ਬੌਣੇ ਹੋਏ,
ਤੇ ਤੇਰੀ ਕਿੱਡੀ ਉੱਚੀ ਸ਼ਾਨ,
ਵਾਹ! ਜੁਆਨਾ, ਤੇਰੀ ਜੁਰਅੱਤ ਨੂੰ
ਸਲਾਮ!
ਹਾਕਮਾਂ ਨੇ ਨਹੀਂ ਕੱਢਣਾ ਸ਼ਾਇਦ,
ਕਦੇ ਇਸ ਮਸਲੇ ਦਾ ਹੱਲ,
ਇਨ੍ਹਾਂ ਤਖ਼ਤ ਸਲਾਮਤ ਰੱਖਣੇ,
ਸਾਨੂੰ ਝੋਕੀ ਜਾਣਾ ਵਿੱਚ ਅੱਗ,
ਉਸੇ ਅੱਗ ਨੇ ਤੈਨੂੰ ਵੀ,
ਕਰ ਹੀ ਦਿੱਤਾ ਖ਼ਾਕ,
ਪਰ ਹਰ ਜਿਉਂਦੀ ਜ਼ਮੀਰ 'ਤੇ,
ਤੂੰ ਡੂੰਘੀ ਛੱਡ ਗਿਆ ਛਾਪ,
ਤੂੰ ਜਿੰਦ ਪਿਆਰੀ ਆਪਣੀ,
ਵਾਰੀ ਮਨੁੱਖਤਾ ਦੇ ਨਾਮ,
ਕੁੱਲ ਲੋਕਾਈ ਤੈਨੂੰ ਕਰ ਰਹੀ,
ਸੱਚੇ ਦਿਲੋਂ ਸਲਾਮ!
ਦਹਿਸ਼ਤੀਆਂ ਨਾਲ ਭਿੜਨ ਦਾ,
ਤੂੰ ਜੋ ਅਪਣਾਇਆ ਢੰਗ,
ਤੱਕ ਕੇ ਤੇਰਾ ਹੌਸਲਾ,
ਸੱਭੇ ਰਹਿ ਗਏ ਦੰਗ,
ਮਿੱਟੀ ਵਿੱਚ ਮਿਲ ਜਾਵਣੇ,
ਇਹ ਜੋ ਕਾਗਜ਼ੀ ਸ਼ੇਰ,
ਚਾਨਣ ਕਦੇ ਨਾ ਹਰਦਾ,
ਜਿਨ੍ਹਾਂ ਮਰਜ਼ੀ ਹੋਵੇ ਅੰਧੇਰ,
ਤੂੰ ਚਾਨਣ ਦੀ ਛਿੱਟ ਵੰਡ ਗਿਆ,
ਸਭ ਜ਼ੁਬਾਨਾਂ 'ਤੇ ਤੇਰਾ ਨਾਮ,
ਬੱਲੇ ਓ ਮਾਂ ਦੇ ਸ਼ੇਰ ਪੁੱਤਾ,
ਤੈਨੂੰ ਝੁਕ ਝੁਕ ਕਰੀਏ ਸਲਾਮ
ਤੈਨੂੰ ਕੋਟਿ ਕੋਟਿ ਪ੍ਰਣਾਮ!

ਕਮਲ ਬਠਿੰਡਾ
ਸੰਪਰਕ: 94630-23100

# ਕਿਤਾਬਾਂ ਦਾ ਲਾਜਵਾਬ ਤੇ ਲਾਸਾਨੀ ਨਿੱਘ

ਸਫ਼ਾ 5 ਦੀ ਬਾਕੀ

ਪੁਸਤਕਾਂ ਦਾ ਨੇੜ ਉਦਰੇਵੇਂ ਉਦਾਸੀਆਂ ਭਜਾਵੇ
ਪੁਸਤਕਾਂ ਦੇ ਨਿਹੁੰ ਵਿਚ ਬੰਦਾ ਮਾਨਵੀ ਹੋਣਾ ਚਾਹਵੇ

ਪੜ੍ਹਨ ਨਾਲ ਮਾਨਸਿਕ, ਬੌਧਿਕ ਤੇ ਸਰੀਰਕ ਤਾਕਤ ਮਿਲਦੀ ਹੈ। ਬੁਰਾਈਆਂ ਤੇ ਬਿਮਾਰੀਆਂ ਨੇੜੇ ਨਹੀਂ ਆਉਂਦੀਆਂ। ਪੜ੍ਹਨ ਦੀ ਘਟ ਰਹੀ ਰੁਚੀ ਅਜੋਕੀਆਂ ਬੇਦਿਲੀਆਂ, ਬੇਈਮਾਨੀਆਂ ਤੇ ਬਦੀਆਂ ਦੀ ਜੜ੍ਹ ਹੈ। ਡਿਗਰੀਆਂ ਦੀ ਪੜ੍ਹਾਈ ਦੇ ਨਾਲ ਨਾਲ ਪੜ੍ਹਨ ਦੀ ਅੰਦਰੂਨੀ ਰੁਚੀ ਵੀ ਵਿਕਸਿਤ ਹੋ ਜਾਵੇ ਤਾਂ ਤੁਸੀਂ ਚੰਗੇ ਮਨੁੱਖਵਾਦੀ ਅਧਿਆਪਕ, ਡਾਕਟਰ, ਪ੍ਰਸ਼ਾਸਕ ਤੇ ਕਰਮਚਾਰੀ ਬਣ ਸਕਦੇ ਹੋ। ਘਰਾਂ ਵਿਚ ਪੁਸਤਕਾਂ ਦਾ ਭੰਡਾਰ ਰੱਖੋ। ਸੋਫਿਆਂ ਬਰਤਨਾਂ ਦੀ ਥਾਂ ਪੁਸਤਕਾਂ ਨੂੰ ਜ਼ਿਆਦਾ ਅਹਿਮੀਅਤ ਦਿਓ। ਮੇਰੇ ਜ਼ਿਲ੍ਹੇ ਦੇ ਸੀਨੀਅਰ ਪੁਲੀਸ ਕਪਤਾਨ ਨੇ ਇੰਟਰਵਿਊ ਦਿੰਦਿਆਂ ਕਿਹਾ ਕਿ ਮੈਂ ਬਹੁਤ ਮੁਸ਼ਕਲਾਂ ਵਿਚ ਪੜ੍ਹਾਈ ਕੀਤੀ। ਮੇਰੇ ਕੋਲ ਰਜਾਈ ਨਹੀਂ ਸੀ। ਮੇਰੇ ਪਿਤਾ ਆਏ। ਉਹ ਮੈਨੂੰ ਫਰਸ਼ 'ਤੇ ਬਿਨਾ ਰਜ਼ਾਈ ਲੇਟੇ ਦੇਖ ਕੇ ਬਹੁਤ ਦੁਖੀ ਹੋਏ। ਮੈਂ ਕਿਹਾ, ਪਿਤਾ ਜੀ ਕਿਤਾਬਾਂ ਦਾ ਨਿੱਘ ਰਜਾਈ ਨਾਲੋਂ ਜ਼ਿਆਦਾ ਹੈ। ਪੜ੍ਹਨ ਨੂੰ ਇਸ਼ਟ ਤੇ ਇਮਾਨ ਸਮਝਣ ਵਾਲੇ ਅਜਿਹੇ ਲੋਕ ਹੀ ਮਹਾਨ ਰੁਤਬਿਆਂ ਤੇ ਰੂਹਾਂ ਦੇ ਮਾਲਕ ਬਣਦੇ ਹਨ। ਕਿਤਾਬਾਂ ਦਾ ਨਿੱਘ ਲਾਜਵਾਬ ਤੇ ਲਾਸਾਨੀ ਹੈ।

# ਪੁਸਤਕ ਸਮੀਖਿਆ

## ਦੋਹਾਂ ਪੁਸਤਕਾਂ ਦਾ ਸਮੀਖਿਆਕਾਰ ਹਰੀ ਸਿੰਘ ਚਮਕ

| | |
|---|---|
| ਪੁਸਤਕ ਦਾ ਨਾਂ : | ਸਿੱਕਮ ਦਾ ਇਕ ਬਰਸਾਤੀ ਦਿਨ (ਕਹਾਣੀ ਸੰਗ੍ਰਹਿ) |
| ਮੂਲ ਲੇਖਕ(ਹਿੰਦੀ): | ਨੀਲਮ ਕੁਲਸ਼੍ਰੇਸ਼ਠ (ਗੁਜਰਾਤ) |
| ਅਨੁਵਾਦਕ: | ਨਿਰੰਜਣ ਸਿੰਘ ਸੈਲਾਨੀ (ਰਾਜਪੁਰਾ) |
| ਪੰਨੇ (ਪੇਪਰਬੈਕ) | : 124 |
| ਕੀਮਤ | : 250/- |
| ਪ੍ਰਕਾਸ਼ਕ | : ਸ਼ਬਦਾਂਜਲੀ ਪਬਲੀਕਸ਼ਨਜ਼, ਪਟਿਆਲਾ। (ਮੁਬਾਇਲ : 98552-32575) |

### ਯਾਤਰਾਵਾਂ ਦੌਰਾਨ ਵਾਪਰਦੀਆਂ ਕਥਾਵਾਂ ਬਿਆਨਦੀ ਪੁਸਤਕ

## "ਸਿੱਕਮ ਦਾ ਇਕ ਬਰਸਾਤੀ ਦਿਨ"




ਰੇਲ ਯਾਤਰਾਵਾਂ ਦੀ ਤਸਵੀਰ ਪੇਸ਼ ਕਰਦੀ ਹੱਥਲੀ ਪੁਸਤਕ 'ਸਿੱਕਮ ਦਾ ਇਕ ਬਰਸਾਤੀ ਦਿਨ' ਸਟੇਟ ਅਵਾਰਡੀ ਨਿਰੰਜਣ ਸਿੰਘ ਸੈਲਾਨੀ ਵੱਲੋਂ, ਮੂਲ ਰੂਪ ਵਿਚ ਗੁਜਰਾਤ ਦੀ ਉੱਘੀ ਹਿੰਦੀ ਲੇਖਿਕਾ ਨੀਲਮ ਕੁਲਸ਼ਰੇਸ਼ਠਾ ਦੇ ਹਿੰਦੀ ਕਹਾਣੀ ਸੰਗ੍ਰਹਿ ਦਾ ਮੌਲਿਕ ਅਨੁਵਾਦ ਹੈ, ਜਿਸ ਵਿਚ ਦਸ ਕਹਾਣੀਆਂ ਰਾਹੀਂ ਰੇਲਵੇ ਯਾਤਰਾਵਾਂ ਅਤੇ ਉਨ੍ਹਾਂ ਯਾਤਰਾਵਾਂ ਦੌਰਾਨ ਵਾਪਰੀਆਂ ਘਟਨਾਵਾਂ ਅਤੇ ਵੱਖ ਵੱਖ ਥਾਵਾਂ ਦੇ ਦ੍ਰਿਸ਼ਾਂ ਸਹਿਤ ਉਨ੍ਹਾਂ ਥਾਵਾਂ ਨਾਲ ਜੁੜੀਆਂ ਦਿਲਚਸਪ ਕਥਾਵਾਂ ਦਾ ਸੁੰਦਰ ਬਿਰਤਾਂਤ ਹੈ। ਪੇਪਰ ਬੈਕ ਵਾਲੀ ਇਹ ਪੁਸਤਕ ਅੰਮ੍ਰਿਤਪਾਲ ਸਿੰਘ ਸ਼ੈਦਾ ਦੇ ਪ੍ਰਬੰਧਾਂ ਤਹਿਤ 'ਸ਼ਬਦਾਂਜਲੀ ਪਬਲੀਕੇਸ਼ਨ, ਪਟਿਆਲਾ' ਵੱਲੋਂ ਪ੍ਰਕਾਸ਼ਿਤ ਕੀਤੀ ਗਈ ਹੈ, ਜਿਸ ਦੀ ਕੀਮਤ 250 ਰੁਪਏ ਹੈ। ਕੁਲ 124 ਪੰਨਿਆਂ ਦੀ ਇਸ ਪੁਸਤਕ ਵਿੱਚ ਬਿਆਨੀਆਂ ਕਹਾਣੀਆਂ ਵਿੱਚ, ਜਿੱਥੇ ਭਾਰਤ ਦੇ ਵੱਖ ਵੱਖ ਸਥਾਨਾਂ ਦੇ ਦਰਸ਼ਨ ਕਰਾਉਂਦਿਆਂ ਉਨ੍ਹਾਂ ਦੀ ਮਹੱਤਤਾ 'ਤੇ ਚਾਨਣਾ ਪਾਇਆ ਗਿਆ ਹੈ, ਉੱਥੇ ਸਫ਼ਰ ਦੌਰਾਨ ਵਾਪਰਦੀਆਂ ਅਸਾਧਾਰਣ ਘਟਨਾਵਾਂ ਦਾ ਜ਼ਿਕਰ ਬਹੁਤ ਹੀ ਕਲਾਮਈ ਢੰਗ ਨਾਲ ਕੀਤਾ ਗਿਆ ਹੈ। ਭਾਵੇਂ ਚਲਦੀ ਗੱਡੀ ਵਿਚ ਚੜ੍ਹਣ ਲੱਗੇ ਮੁਸਾਫ਼ਰ ਨਾਲ ਵਾਪਰੀ ਘਟਨਾ, ਡੱਬੇ ਵਿਚਲੀਆਂ ਸਵਾਰੀਆਂ ਦੀ ਬੇਰੁਖ਼ੀ ਪ੍ਰੰਤੂ ਬਾਹਰ ਫਿਰਦੇ ਨੌਜਵਾਨਾਂ ਵੱਲੋਂ ਆਪਣੀ ਜਾਨ ਜੋਖਮ ਵਿਚ ਪਾ ਕੇ ਡੱਬੇ ਦੇ ਬਾਹਰ ਲਟਕ ਰਹੇ ਮੁਸਾਫਰ ਦੀ ਜਾਨ ਬਚਾਉਣਾ; ਗੱਡੀ ਵਿਚ ਸਿਗਰਟ ਪੀਣ ਵਾਲੀ ਲੜਕੀ ਦਾ ਬੇਬਾਕ ਅਤੇ ਬਿੰਦਾਸ ਵਤੀਰਾ, ਹੁੱਲੜਬਾਜ਼ਾਂ ਦੀ ਹੁੱਲੜਬਾਜ਼ੀ, ਕੁਲੀਆਂ ਵੱਲੋਂ ਸੀਟਾਂ 'ਤੇ ਨਜਾਇਜ਼ ਕਬਜ਼ੇ ਕਰਕੇ, ਮੁਸਾਫ਼ਿਰਾਂ ਪਾਸੋਂ ਪੈਸੇ ਲੈ ਕੇ ਸੀਟਾਂ ਦੇਣ ਦਾ ਨਜਾਇਜ਼ ਵਪਾਰ, ਪੱਤਰਕਾਰ ਲੜਕੀ ਦਾ ਜਜ਼ਬਾ, ਮੁਲਾਜ਼ਮਾਂ ਤੇ ਮੁਲਜ਼ਮਾਂ ਦੀ ਮਿਲੀ ਭੁਗਤ ਦੀ ਤਸਵੀਰ ਪੇਸ਼ ਕੀਤੀ ਗਈ ਹੈ। ਵੱਖ ਵੱਖ ਰਾਜਾਂ ਅਤੇ ਸਥਾਨਾਂ ਦੇ ਦਰਸ਼ਨ ਤੇ ਉਨ੍ਹਾਂ ਦੀ ਮਹੱਤਤਾ ਦਾ ਜ਼ਿਕਰ ਅਤੇ ਸਫ਼ਰ ਦਾ ਦ੍ਰਿਸ਼, ਲੇਖਕ ਨੇ ਇਸ ਕਲਾਮਈ ਢੰਗ ਨਾਲ ਕੀਤਾ ਹੈ ਕਿ ਪਾਠਕ ਆਪਣੇ ਆਪ ਨੂੰ ਇਸ ਸਫ਼ਰ ਦਾ ਇਕ ਮੁਸਾਫ਼ਰ ਹੀ ਕਿਆਸ ਕਰਨ ਲੱਗਦਾ ਹੈ। ਇਹ ਹੀ ਖ਼ੂਬੀ ਹੈ ਇੱਕ ਸਫਲ ਲੇਖਕ ਦੀ ਕਿ ਉਹ ਪਾਠਕ ਨੂੰ ਆਪਣੀ ਕਿਰਤ ਦੇ ਨਾਲ ਨਾਲ ਤੁਰਨ ਲਈ ਤਿਆਰ ਕਰ ਲਵੇ। ਅਨੁਵਾਦ ਦੇ ਸੰਬੰਧ ਵਿਚ ਆਖਣਾ ਬਣਦਾ ਹੈ ਕਿ ਲੰਮੇ ਸਮੇਂ ਤੋਂ ਅਨੁਭਵੀ, ਅਭਿਆਸੀ ਅਤੇ ਲਗਭਗ ਢਾਈ ਦਰਜਨ ਮੌਲਿਕ, ਅਨੁਵਾਦਿਤ ਅਤੇ ਸੰਪਾਦਿਤ ਪੁਸਤਕਾਂ ਦੇ ਸਿਰਜਕ ਨਿਰੰਜਣ ਸਿੰਘ ਸੈਲਾਨੀ ਦਾ ਇਸ ਪੁਸਤਕ ਦਾ ਅਨੁਵਾਦ ਮਾਂ-ਬੋਲੀ ਪੰਜਾਬੀ ਨਾਲ ਪੂਰਾ ਇਨਸਾਫ਼ ਕਰਦਾ ਪ੍ਰਤੀਤ ਹੁੰਦਾ ਹੈ। ਇਸ ਲਈ ਸਮੀਖਿਆ ਅਧੀਨ ਪੁਸਤਕ 'ਸਿੱਕਮ ਦਾ ਇਕ ਬਰਸਾਤੀ ਦਿਨ' ਦੀ ਮੂਲ ਸਿਰਜਕ ਸਹਿਤ ਅਨੁਵਾਦਕ ਵਧਾਈ ਦੇ ਪਾਤਰ ਹਨ। ਸੁੰਦਰ ਗੈੱਟਅਪ ਦੀ ਇਹ ਪੁਸਤਕ ਲਾਜ਼ਮੀ ਤੌਰ 'ਤੇ ਪਾਠਕਾਂ ਨੂੰ ਪਸੰਦ ਆਏਗੀ।

| | |
|---|---|
| ਪੁਸਤਕ ਦਾ ਨਾਂ | : ਵਿਹੜੇ ਵਾਲਾ ਨਿੰਮ੍ਹ (ਮਿੰਨੀ ਕਹਾਣੀਆਂ) |
| ਲੇਖਕ | : ਕੁਲਵਿੰਦਰ ਕੁਮਾਰ (ਬਹਾਦਰਗੜ੍ਹ) |
| (ਪੰਨੇ)ਹਾਰਡਬੌਂਡ | : 96 |
| ਕੀਮਤ | : 250/- |
| ਪ੍ਰਕਾਸ਼ਕ | : ਸਾਹਿਤਯ ਕਲਸ਼ ਪਬਲੀਕੇਸ਼ਨ, ਪਟਿਆਲਾ। |

### ਗੁਣਾਂ ਦੀ ਗੁਥਲੀ

## "ਵਿਹੜੇ ਵਾਲਾ ਨਿੰਮ੍ਹ"




ਜਿਵੇਂ ਨਿੰਮ੍ਹ ਦੇ ਪੱਤੇ ਖਾਣ ਨੂੰ ਭਾਵੇਂ ਕੌੜੇ ਲਗਦੇ ਨੇ, ਪਰ ਇਸ ਦੀ ਕੁੜੱਤਣ ਵਿਚ ਛੁਪੇ ਗੁਣ ਇਸ ਨੂੰ ਮਾਨਣ ਵਾਲਾ ਹੀ ਦੱਸ ਸਕਦਾ ਹੈ। ਇਸੇ ਤਰ੍ਹਾਂ 96 ਪੰਨਿਆਂ ਵਾਲੀ ਹੱਥਲੀ ਪੁਸਤਕ 'ਵਿਹੜੇ ਵਾਲਾ ਨਿੰਮ੍ਹ' ਕੁਲਵਿੰਦਰ ਕੁਮਾਰ ਬਹਾਦਰਗੜ੍ਹ ਦਾ ਮਿੰਨੀ ਕਹਾਣੀ ਸੰਗ੍ਰਹਿ ਵੀ ਸਮਾਜਿਕ ਕੁੜੱਤਣ, ਇਸ ਦੀ ਅਧੋਗਤੀ, ਖ਼ੁਦਗ਼ਰਜ਼ੀ, ਰਿਸ਼ਤਿਆਂ ਦੀ ਟੁੱਟਭੱਜ, ਦਿਖਾਵੇ ਦੀ ਭੁੱਖ ਅਤੇ ਪਰਿਵਾਰਿਕ ਅਸਾਵੇਂਪਣ ਦੀ ਕੌੜੇ ਮਿੱਠੇ ਤਜਰਬਿਆਂ ਦੀ ਤਸਵੀਰ ਪੇਸ਼ ਕਰਦਾ ਹੈ। ਸਾਹਿਤਯ ਕਲਸ਼ ਪਬਲੀਕੇਸ਼ਨ ਵੱਲੋਂ ਛਾਪੀ ਇਸ ਪੁਸਤਕ ਵਿੱਚ ਕੁੱਲ 83 ਮਿੰਨੀ ਕਹਾਣੀਆਂ ਵੱਖ ਵੱਖ ਵਿਸ਼ਿਆਂ ਨੂੰ ਦਰਸਾਉਂਦੀਆਂ ਸ਼ਾਮਿਲ ਕੀਤੀਆਂ ਗਈਆਂ ਹਨ। ਦਿਲਕਸ਼ ਗੈਟਅਪ ਵਾਲੀ 250/- ਕੀਮਤ ਦੀ ਇਸ ਪੁਤਸਕ ਵਿੱਚ ਸ਼ਾਮਲ ਮਿੰਨੀ ਕਹਾਣੀਆਂ ਇਸ ਦੇ ਨਾਂ ਨੂੰ ਪੂਰਨ ਤੌਰ 'ਤੇ ਉਜਾਗਰ ਕਰਦੀਆਂ ਹਨ। ਕੁਲਵਿੰਦਰ ਕੁਮਾਰ ਦੀ ਆਪਣੀ ਭਾਵੇਂ ਇਹ ਪਹਿਲੀ ਪੁਸਤਕ ਹੈ, ਪ੍ਰੰਤੂ ਇ ਸਦਾ ਲਿਖਣ ਤਜਰਬਾ ਬਚਪਨ ਤੋਂ ਹੈ। ਕਈ ਸਾਂਝੇ ਕਾਵਿ ਤੇ ਕਹਾਣੀ ਸੰਗ੍ਰਿਹਾਂ ਵਿੱਚ ਅਤੇ ਸਹਿ ਸੰਪਾਦਕ ਦੇ ਤੌਰ 'ਤੇ ਕੁਲਵਿੰਦਰ ਕੁਮਾਰ ਦੀ ਸ਼ਮੂਲੀਅਤ ਉਸ ਦੀ ਕਾਬਲੀਅਤਦੀ ਹਾਮੀ ਭਰਦੀ ਹੈ।

ਲੇਖਕ ਕੁਲਵਿੰਦਰ ਕੁਮਾਰ ਸਰਕਾਰੀ ਕਾੱਨਟ੍ਰੈਕਟਰ ਅਤੇ ਬਿਲਡਰ ਹੋਣ ਦੇ ਨਾਤੇ ਜਿੱਥੇ ਸਰਕਾਰੀ ਇਮਾਰਤਸਾਜ਼ੀ ਦੇ ਰੁਜ਼ਗਾਰ ਨਾਲ ਜੁੜਿਆ ਹੋਇਆ ਹੈ, ਉੱਥੇ ਮਾਂ-ਬੋਲੀ ਪੰਜਾਬੀ ਦੇ ਮਹਿਲ ਉਸਾਰਨ ਵਿਚ ਪੂਰੀ ਲਗਨ ਨਾਲ ਇਸ ਨੂੰ ਭਰਪੂਰ ਬੁਲੰਦੀ ਦੇਣ ਵਿਚ ਆਪਣਾ ਭਰਵਾਂ ਯੋਗਦਾਨ ਪਾ ਰਿਹਾ ਹੈ। ਇਸ ਦੀ ਲੇਖਣੀ ਨੂੰ ਮਿਲਿਆ ਨਿੱਗਰ ਹੁੰਗਾਰਾ ਇਸ ਦੇ ਉੱਜਲੇ ਭਵਿੱਖ ਦੀ ਹਾਮੀ ਭਰਦਾ ਹੈ। ਇਸ ਦੇ ਪਲੇਠੇ ਮਿੰਨੀ ਕਹਾਣੀ-ਸੰਗ੍ਰਿਹ 'ਵਿਹੜੇ ਵਾਲਾ ਨਿੰਮ੍ਹ' ਦਾ ਪਾਠਕਾਂ ਦੀ ਕਚਹਿਰੀ ਵਿਚ ਭਰਪੂਰ ਸਵਾਗਤ ਕਰਦੇ ਹੋਏ ਉਮੀਦ ਕੀਤੀ ਜਾਂਦੀ ਹੈ ਕਿ ਲੇਖਕ ਦੀ ਅਗਲੀ ਪੁਸਤਕ ਵੀ ਜਲਦੀ ਹੀ ਸਾਹਿਤ ਸੰਸਾਰ ਦੀ ਸ਼ੋਭਾ ਬਣੇਗੀ।

**(ਸਮੀਖਿਆਕਾਰ ਲੇਖਕ ਅਤੇ ਪੱਤਰਕਾਰ ਹੈ)**
**ਮੁਬਾ. :93178-31521**

# ਵੈਨਕੂਵਰ ਦੇ 'ਕੈਨੇਡਾ ਪਲੇਸ' ਤੋਂ 'ਕਾਮਾਗਾਟਾਮਾਰੂ ਪਲੇਸ' ਬਣਨ ਤੱਕ ਦਾ ਸਫਰ

ਸਰੋਕਾਰ
-ਗੁਰਪ੍ਰੀਤ ਸਿੰਘ ਤਲਵੰਡੀ
778-980-9196



ਕੈਨੇਡਾ ਦਾ ਪ੍ਰਮੁੱਖ ਸ਼ਹਿਰ ਵੈਨਕੂਵਰ ਵਿਸ਼ਵ ਦੇ ਸਭ ਤੋਂ ਮਹਿੰਗੇ ਸ਼ਹਿਰਾਂ ਵਿੱਚ ਦੂਜੇ ਸਥਾਨ ਤੇ ਸ਼ੁਮਾਰ ਹੈ। ਇਹ ਉਹ ਸ਼ਹਿਰ ਹੈ ਜਿੱਥੇ ਰਹਿਣ ਲਈ ਵਿਸ਼ਵ ਭਰ ਦੇ ਵੱਖ-ਵੱਖ ਮੁਲਕਾਂ ਦੇ ਲੋਕ ਵਧੇਰੇ ਤਰਜੀਹ ਦਿੰਦੇ ਹਨ। ਕੈਨੇਡਾ ਦੇ ਰਾਜ ਬ੍ਰਿਟਿਸ਼ ਕੋਲੰਬੀਆ ਦਾ ਸ਼ਿੰਗਾਰ ਬਣਿਆਂ ਹੋਇਆ ਹੈ ਉਕਤ ਸ਼ਹਿਰ। ਪਹਿਲਾਂ ਪਹਿਲ 20 ਵੀਂ ਸਦੀ ਦੇ ਸ਼ੁਰੂਆਤ ਵਿੱਚ ਜਦ ਕੇਵਲ ਸਮੁੰਦਰੀ ਜਹਾਜ਼ ਹੀ ਆਵਾਜਾਈ ਦਾ ਕੇਵਲ ਸਾਧਨ ਸਨ, ਤਾਂ ਉਸ ਵੇਲੇ ਪੰਜਾਬੀਆਂ ਨੇ ਜਦ ਕੈਨੇਡਾ ਦੀ ਧਰਤੀ ਵੱਲ ਨੂੰ ਚਾਲੇ ਪਾਏ ਤਾਂ ਵੈਨਕੂਵਰ ਦੀ ਬੰਦਰਗਾਹ ਹੀ ਪੰਜਾਬੀਆਂ ਦੀ ਪਹਿਲੀ ਰਿਹਾਇਸ਼ਗਾਹ ਬਣੀ। ਇਹੀ ਕਾਰਨ ਹੈ ਕਿ ਕੈਨੇਡਾ ਦੇ ਇਸ ਖਿੱਤੇ ਵਿੱਚ ਪੰਜਾਬੀਆਂ ਦੇ ਪਰਿਵਾਰ 100 ਸਾਲ ਤੋਂ ਵੀ ਉੱਪਰ ਸਮੇਂ ਤੋਂ ਏਥੇ ਰਹਿ ਰਹੇ ਹਨ।

ਹੁਣ ਗੱਲ ਹਾਂ ਵੈਨਕੂਵਰ ਦੇ ਕੈਨੇਡਾ ਪਲੇਸ ਦੀ। 'ਕੈਨੇਡਾ ਪਲੇਸ' ਨੂੰ ਵੈਨਕੂਵਰ ਦਾ ਦਿਲ ਕਿਹਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਕੈਨੇਡਾ ਪਲੇਸ ਸਮੁੱਚੇ ਵਿਸ਼ਵ ਦੇ ਸੈਲਾਨੀਆਂ ਦੀ ਵੱਡੀ ਖਿੱਚ ਦਾ ਕੇਂਦਰ ਬਣਿਆਂ ਹੋਇਆ ਹੈ। ਕੋਈ ਵੀ ਸੈਲਾਨੀ ਬ੍ਰਿਟਿਸ਼ ਕੋਲੰਬੀਆ ਘੁੰਮਣ ਲਈ ਆਉਂਦਾ ਹੈ ਤਾਂ ਉਹ ਕੈਨੇਡਾ ਪਲੇਸ ਦੇਖੇ ਬਿਨ੍ਹਾਂ ਆਪਣੀ ਯਾਤਰਾ ਨੂੰ ਅਧੂਰੀ ਸਮਝਦਾ ਹੈ।

ਕੈਨੇਡਾ ਪਲੇਸ ਵੈਨਕੂਵਰ ਦੀ ਬੁਰਾਰਡ ਸਟਰੀਟ ਤੇ ਸਥਿੱਤ ਹੈ। ਇਹ ਵੈਨਕੂਵਰ ਕਨਵੈਨਸ਼ਨ ਸੈਂਟਰ, ਪੈਨ ਪੈਸੀਫਿਕ ਵੈਨਕੂਵਰ ਹੋਟਲ, ਵੈਨਕੂਵਰ ਵਰਲਡ ਟਰੇਡ ਸੈਂਟਰ ਅਤੇ ਵਰਚੁਅਲ ਫਲਾਈਟ ਰਾਈਡ-ਫਲਾਈਓਵਰ ਦਾ ਸਾਂਝਾ ਕੇਂਦਰ ਹੈ। ਕੈਨੇਡਾ ਪਲੇਸ ਦਾ ਬਾਹਰੀ ਹਿੱਸਾ ਫੈਬਰਿਕ ਛੱਤਾਂ ਨਾਲ ਢਕਿਆ ਹੋਇਆ ਹੈ। ਇਹ ਮੁੱਖ ਕਰੂਜ਼ ਸ਼ਿਪ ਟਰਮੀਨਲ ਵੀ ਹੈ, ਜਿੱਥੋਂ ਅਮਰੀਕਾ ਦਾ ਰੌਸ਼ਨੀਆਂ ਦੇ ਸ਼ਹਿਰ ਅਲਾਸਕਾ ਲਈ ਕਰੂਜ਼ ਚੱਲਦੇ ਹਨ। ਕੈਨੇਡਾ ਪਲੇਸ ਦੇ ਨਿਰਮਾਣ ਅਤੇ ਇਸਦੀ ਬਣਤਰ ਵੱਲ ਦੇਖੀਏ ਤਾਂ ਇਸਨੂੰ ਆਰਕੀਟੈਕਟ ਜ਼ੇਡਲਰ ਰਾਬਰਟਸ ਦੀ ਭਾਈਵਾਲੀ ਵਾਲੀ ਕੰਪਨੀ ਵਲੋਂ ਮਸਨ ਕੈਟੇਲ ਮੈਕੀ ਅਤੇ ਡੀ ਏ ਆਰਕੀਟਿਕਟ ਦੁਆਰਾ ਸਾਂਝੇ ਉੱਦਮ ਸਦਕਾ ਡਿਜਾਇਨ ਕੀਤਾ ਗਿਆ ਸੀ। ਇਸਦਾ ਨਿਰਮਾਣ 9 ਮਾਰਚ ਸੰਨ੍ਹ 1983 ਤੋਂ ਸ਼ੁਰੂ ਹੋ ਕੇ ਦਸੰਬਰ ਸੰਨ੍ਹ 1985 ਤੱਕ ਚੱਲਿਆ। ਇਸਨੂੰ 2 ਮਈ 1986 ਵਿੱਚ ਆਮ ਲੋਕਾਂ ਲਈ ਖੋਲਿਆ ਗਿਆ। ਮੁੜ 2011 ਵਿੱਚ ਇਸਦੀ ਮੁਰੰਮਤ ਦਾ ਕੰਮ ਕੀਤਾ ਗਿਆ। ਇਸਦੇ ਕੁੱਲ ਨਿਰਮਾਣ ਉੱਪਰ ਕਰੀਬ 400 ਮਿਲੀਅਨ ਡਾਲਰ ਦਾ ਲਾਗਤ ਆਈ ਦੱਸੀ ਜਾਂਦੀ ਹੈ। ਇਹ ਸਥਾਨ ਵੈਨਕੂਵਰ ਡਾਊਨ ਟਾਊਨ ਦੇ ਸਭ ਤੋਂ ਭੀੜ ਭੜੱਕੇ ਵਾਲੇ ਵਾਟਰ ਫਰੰਟ ਸਟੇਸ਼ਨ ਦੇ ਬਿਲਕੁਲ ਨਜ਼ਦੀਕ ਹੈ। ਇਹ ਉਹੀ ਸਟੇਸ਼ਨ ਹੈ ਜੋ ਸਕਾਈ ਟਰੇਨ, ਸੀ ਬੱਸ (ਪਾਣੀ ਵਾਲੀ ਬੱਸ) ਅਤੇ ਵੈਸਟ ਕੋਸਟ ਐਕਸਪਰੈੱਸ ਦਾ ਮੁੱਖ ਕੇਂਦਰ ਹੈ। ਇਸਨੂੰ ਮੁੱਖ ਰੂਪ ਵਿੱਚ ਪੈਸੀਫਿਕ ਓਸ਼ਨ (ਸਮੁੰਦਰ) ਰਾਹੀਂ ਹੋਰਨਾਂ ਮੁਲਕਾਂ ਨਾਲ ਸਮੁੰਦਰੀ ਰਸਤੇ ਵਪਾਰ ਕਰਨ ਲਈ ਬਣਾਇਆ ਗਿਆ ਸੀ। ਇਸਦੀ ਉਸਾਰੀ ਮੌਕੇ ਇੰਗਲੈਂਡ ਦੀ ਮਹਾਰਾਣੀ ਐਲਿਜਾਬੈੱਥ ਦੂਜੀ, ਕੈਨੇਡਾ ਦੇ ਪ੍ਰਧਾਨ ਮੰਤਰੀ ਪੀ ਆਰ ਏ ਟਰੂਡੋ ਅਤੇ ਬ੍ਰਿਟਿਸ਼ ਕੋਲੰਬੀਆ ਦੇ ਮੁੱਖ ਮੰਤਰੀ ਵਿਲੀਅਮ ਆਰ ਬੈਨੇਟ ਵਿਸ਼ੇਸ਼ ਤੌਰ ਤੇ ਪਹੁੰਚੇ ਸਨ। ਸੰਨ੍ਹ 2010 ਦੀਆਂ ਉਲੰਪਿਕ ਖੇਡਾ ਦੌਰਾਨ ਕੈਨੇਡਾ ਪਲੇਸ ਨੂੰ ਮੁੱਖ ਪ੍ਰੈੱਸ ਕੇਂਦਰ ਵਜੋਂ ਵੀ ਵਰਤਿਆ ਗਿਆ ਸੀ। ਕੈਨੇਡਾ ਪਲੇਸ ਵਿਚਲਾ ਫਲਾਈਓਵਰ ਵੀ ਦੇਸੀ ਤੇ ਵਿਦੇਸ਼ੀ ਸੈਲਾਨੀਆਂ ਲਈ ਇੱਕ ਅਭੁੱਲ ਯਾਦ ਹੁੰਦਾ ਹੈ। ਇਸ ਵਿੱਚ ਸੈਲਾਨੀਆਂ ਨੂੰ ਕੁਰਸੀਆਂ ਦੇ ਬਿਠਾ ਕੇ ਸਕਰੀਨ ਦੇ ਜ਼ਰੀਏ ਸਾਰੀ ਕੈਨੇਡਾ ਦੀ ਸੈਰ ਕਰਵਾਈ ਜਾਂਦੀ ਹੈ। ਇਸਨੂੰ ਵਰਚੁਅਲ ਰਾਈਡ ਕਿਹਾ ਜਾਂਦਾ ਹੈ। ਇਸ ਰਾਈਡ ਦੌਰਾਨ ਸੈਲਾਨੀਆਂ ਨੂੰ ਬਰਫ, ਪਾਣੀ ਦੀਆਂ ਬੁਛਾੜਾਂ, ਫਸਲਾਂ ਦੀ ਹੋਂਦ ਦਾ





ਅਹਿਸਾਸ ਜਾਂ ਹਰ ਤਰ੍ਹਾਂ ਦੀ ਗੰਧ ਦਾ ਅਹਿਸਾਸ ਕਰਵਾਇਆ ਜਾਂਦਾ ਹੈ। ਏਥੋਂ ਹੀ ਬ੍ਰਿਟਿਸ਼ ਕੋਲੰਬੀਆ ਦੇ ਹੋਰ ਪਹਾੜੀ ਸ਼ਹਿਰਾਂ ਕੈਲੋਨਾ, ਸਕੌਮਿਸ਼, ਵਿਸਲਰ ਜਾਂ ਵਿਕਟੋਰੀਆ ਵੱਲ ਨੂੰ ਛੋਟੇ ਹਵਾਈ ਜਹਾਜ ਵੀ ਉਡਾਣ ਭਰਦੇ ਹਨ। ਇਹਨਾਂ ਛੋਟੇ ਹਵਾਈ ਜਹਾਜਾਂ ਦੀ ਖਾਸੀਅਤ ਇਹ ਹੈ ਕਿ ਇਹ ਪਾਣੀ ਵਿੱਚ ਤੈਰਕੇ ਹੀ ਅਸਮਾਨ ਵੱਲ ਨੂੰ ਉਡਾਣ ਭਰਦੇ ਹਨ। ਇਸੇ ਪਲੇਸ ਦੇ ਨੇੜੇ ਹੀ ਸਮੁੰਦਰ ਵਿੱਚ ਸ਼ੈਵਰਲਿੱਟ ਕੰਪਨੀ ਵਲੋਂ ਪੈਟਰੋਲ ਪੰਪ ਵੀ ਲਗਾਇਆ ਹੋਇਆ ਹੈ, ਜੋ ਬਿਲਕੁਲ ਚਾਰੇ ਪਾਸਿਉਂ ਪਾਣੀ ਵਿੱਚ ਘਿਰਿਆ ਹੋਇਆ ਹੈ।

ਕੈਨੇਡਾ ਪਲੇਸ ਉਸ ਹਰਬਰ ਪੋਰਟ ਤੇ ਸਥਿੱਤ ਹੈ ਜਿੱਥੇ 23 ਮਈ 1914 ਨੂੰ ਕਾਮਾਗਾਟਾਮਾਰੂ ਜਹਾਜ ਆ ਕੇ ਖੜਾ ਸੀ। ਉਸ ਵਕਤ ਗੋਰੀ ਸਰਕਾਰ ਵਲੋਂ ਇਸ ਜਹਾਜ ਦੇ ਸਾਰੇ ਹੀ ਮੁਸਾਫਿਰਾਂ ਨੂੰ ਕੈਨੇਡਾ ਦੀ ਧਰਤੀ ਤੇ ਪੈਰ ਰੱਖਣ ਤੋਂ ਕੋਰੀ ਨਾਂਹ ਕਰ ਦਿੱਤੀ ਸੀ। ਇਹ ਜਹਾਜ ਕਰੀਬ ਦੋ ਕੁ ਮਹੀਨੇ ਬਾਅਦ ਵਾਪਸ ਭਾਰਤ ਵੱਲ ਨੂੰ ਰਵਾਨਾਂ ਕਰਨਾ ਪਿਆ। ਉੱਥੇ ਜਾ ਕੇ ਬਜ ਬਜ ਘਾਟ ਵਿਖੇ ਗੋਲੀ ਚਲਾ ਕੇ ਇਸਦੇ ਕੁੱਝ ਯਾਤਰੀਆਂ ਨੂੰ ਸ਼ਹੀਦ ਕਰ ਦਿੱਤਾ ਗਿਆ ਅਤੇ ਕੁੱਝ ਬੁਰੀ ਤਰ੍ਹਾਂ ਜ਼ਖਮੀ ਵੀ ਹੋਏ। ਇਸ ਜਹਾਜ਼ ਵਿੱਚ ਕੁੱਲ 376 ਯਾਤਰੀ ਸਵਾਰ ਸਨ, ਜਿਨ੍ਹਾਂ ਵਿੱਚੋਂ 337 ਸਿੱਖ, 27 ਮੁਸਲਮਾਨ ਅਤੇ 12 ਹਿੰਦੂ ਸਨ। ਹੁਣ ਦੀਆਂ ਕੈਨੇਡੀਅਨ ਸਰਕਾਰਾਂ ਪੰਜਾਬੀਆਂ ਦਾ ਕੈਨੇਡਾ ਦੀ ਧਰਤੀ ਨੂੰ ਹਰ ਪੱਖੋਂ ਵਿਕਾਸ ਦੀਆਂ ਲੀਹਾਂ ਤੇ ਲਿਜਾਣ ਲਈ ਮਾਣ ਕਰਦੀਆਂ ਰਹੀਆਂ ਹਨ। ਕਾਮਾਗਾਟਾਮਾਰੂ ਯਾਤਰੀਆਂ ਨਾਲ ਹੋਈ ਜਿਆਦਤਾਈ ਕਾਰਨ ਕੈਨੇਡੀਅਨ ਪਾਰਲੀਮੈਂਟ ਵਿੱਚ ਜਨਤਕ ਮੁਆਫੀ ਵੀ ਮੰਗੀ ਜਾ ਚੁੱਕੀ ਹੈ। ਪੋਰਟ ਹਰਬਰ ਤੇ ਇੱਕ ਵਿਸ਼ੇਸ਼ ਪਾਰਕ ਬਣਾਕੇ ਕਾਮਾਗਾਟਾਮਾਰੂ ਦੀ ਯਾਦ ਨੂੰ ਸਦੀਵੀ ਕਾਇਮ ਰੱਖਣ ਲਈ ਯਤਨ ਵੀ ਕੀਤੇ ਗਏ ਹਨ। ਇਸ ਪਾਏ ਕੰਮ ਕਰ ਰਹੀ ਕਾਮਾਗਾਟਾਮਾਰੂ ਯਾਦਗਾਰ ਸੁਸਾਇਟੀ ਦੇ ਉੱਦਮ ਸਦਕਾ ਸਰੀ ਅਤੇ ਐਬਟਸਫੋਰਡ ਦੀਆਂ ਕਈ ਸੜਕਾਂ ਦਾ ਨਾਮ ਵੀ ਕਾਮਾਗਾਟਾਮਾਰੂ ਦੇ ਨਾਮ ਤੇ ਰੱਖਿਆ ਗਿਆ ਹੈ। ਕੁੱਝ ਦਿਨ ਪਹਿਲਾਂ ਵੈਨਕੂਵਰ ਸਿਟੀ ਕੌਂਸਲ ਵਲੋਂ ਮੇਅਰ ਕੈਨ ਸਿੰਮ ਵਲੋਂ ਬਕਾਇਆ ਮਤਾ ਪਾਸ ਕਰਦਿਆਂ ਕੈਨੇਡਾ ਪਲੇਸ ਦਾ ਦੂਸਰਾ ਨਾਮ ਕਾਮਾਗਾਟਾਮਾਰੂ ਪਲੇਸ ਰੱਖਿਆ ਗਿਆ। ਜੋ ਪੰਜਾਬੀਆਂ ਲਈ ਵੱਡੀ ਮਾਣ ਵਾਲੀ ਗੱਲ ਹੈ। ਇਸ ਵੱਡੀ ਪ੍ਰਾਪਤ ਲਈ ਕਾਮਾਗਾਟਾਮਾਰੂ ਯਾਦਗਾਰ ਸੁਸਾਇਟੀ ਦੇ ਸ: ਰਾਜ ਸਿੰਘ ਤੂਰ ਦਾ ਯੋਗਦਾਨ ਕਾਬਲੇ ਤਾਰੀਫ ਹੈ, ਜੋ ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫਿਰ ਬਾਬਾ ਪੂਰਨ ਸਿੰਘ ਜਨੇਤਪੁਰਾ ਦੇ ਪੋਤਰੇ ਹਨ। ਜਿਲ੍ਹਾ ਲੁਧਿਆਣਾਂ ਦੀ ਤਹਿਸੀਲ ਜਗਰਾਉਂ ਨੇੜਲੇ ਪਿੰਡ ਜਨੇਤਪੁਰਾ ਦੇ ਵਸਨੀਕ ਬਾਬਾ ਪੂਰਨ ਸਿੰਘ ਜਨੇਤਪੁਰਾ ਖੁਦ ਉਸ ਵੇਲੇ ਉਚੇਰੀ ਪੜਾਈ ਲਈ ਕੈਨੇਡਾ ਪਹੁੰਚ ਰਹੇ ਸਨ।

ਵੈਨਕੂਵਰ ਦੇ ਕੈਨੇਡਾ ਪਲੇਸ ਦਾ ਸੈਕੰਡਰੀ ਨਾਮ ਕਾਮਾਗਾਟਾਮਾਰੂ ਪਲੇਸ ਰੱਖਣ ਦੀ ਵੱਡੀ ਪ੍ਰਾਪਤੀ ਬਾਰੇ ਗੱਲਬਾਤ ਕਰਦਿਆਂ ਉੱਘੇ ਪੰਜਾਬੀ ਲੇਖਕ, ਪੱਤਰਕਾਰ ਤੇ ਚਿੰਤਤ ਡਾ: ਗੁਰਵਿੰਦਰ ਸਿੰਘ ਧਾਲੀਵਾਲ ਨੇ ਕਿਹਾ ਕਿ ਅਜਿਹਾ ਹੋਣ ਨਾਲ ਪੰਜਾਬੀਆਂ ਦੇ ਸੰਘਰਸ਼ ਦਾ ਇੱਕ ਅਹਿਮ ਪੰਨਾਂ ਅੰਤਰਰਾਸ਼ਟਰੀ ਪੱਧਰ ਤੇ ਹੋਰਨਾਂ ਕੌਮਾਂ ਲਈ ਵੀ ਖਿੱਚ ਦਾ ਕੇਂਦਰ ਬਣੇਗਾ, ਕਿਉਂਕਿ ਕਾਮਾਗਾਟਾਮਾਰੂ ਸਾਕਾ ਹੁਣ ਕੈਨੇਡਾ ਦੇ ਇਤਿਹਾਸਕ ਅਜੂਬੇ ਨਾਲ ਪੱਕੇ ਤੌਰ ਤੇ ਜੁੜ ਚੁੱਕਾ ਹੈ, ਸਾਡੀਆਂ ਆਉਣ ਵਾਲੀਆਂ ਪੀੜੀਆਂ ਇਸ ਤੇ ਮਾਣ ਮਹਿਸੂਸ ਕਰ ਸਕਣਗੀਆਂ।

ਵੈਨਕੂਵਰ (ਕੈਨੇਡਾ)

# ਮਾਪੇ ਕੁੱਲ ਦੁਨੀਆਂ ਨੂੰ ਮਿਲਦੇ ਆਖਰੀ ਵਾਰ ਆਪਣੇ ਬੱਚੇ ਦਾ ਮੂੰਹ ਦੇਖ ਕੇ ਹੀ ਜਾਣਾ ਲੋਚਦੇ ਹਨ

ਓਹ ਵੇਲਾ ਯਾਦ ਕਰ



ਡਾ. ਬਲਵਿੰਦਰ ਕੌਰ ਬਰਾੜ
403-590-9629

ਜਿੰਨ੍ਹਾਂ ਨੂੰ ਜਾਇਆਂ ਸੀ ਜਾਨ ਤੋਂ ਪਿਆਰਿਆਂ ਦੇ ਵਾਂਗ,
ਓਹੀ? ਹੱਥਾਂ ਵਿੱਚੋਂ ਉੱਡ ਗਏ ਗੁਬਾਰਿਆਂ ਦੇ ਵਾਂਗ।
ਜਦੋਂ ਤਾਹਨਿਆਂ ਉਲਾਹਮਿਆਂ ਦੇ ਵਹਿਣ ਤੇਜ਼ ਹੋਏ,
ਅਸੀਂ ਦੂਰ ਦੂਰ ਹੋ ਗਏ ਕਿਨਾਰਿਆਂ ਦੇ ਵਾਂਗ।

(ਜ ਸਿੰਘ ਸ਼ਾਦ)

ਸਾਡੇ ਮੁੱਠੀ-ਬੰਦ ਪਰਿਵਾਰਾਂ ਵਿੱਚ ਮਾਪੇ ਅਤੇ ਉਲਾਦ ਦੀ ਆਪਸੀ ਸਾਂਝ ਹੁਣ ਤੱਕ ਦੁਵੱਲੀ ਹੀ ਨਿਭਦੀ ਰਹੀ ਹੈ। ਬੱਚੇ, ਜਿਸ ਨੂੰ ਅਸੀਂ ਜੱਗ ਵਿੱਚ ਸੀਰ ਆਖਦੇ ਹਾਂ, ਸਾਡੇ ਜਹਾਨੋਂ ਤੁਰ ਜਾਣ ਪਿੱਛੋਂ ਸਾਡਾ ਬਚਦਾ ਨਿਸ਼ਾਨ, ਸਾਡਾ ਨਾਮ ਜਾਂ ਬਚਦਾ ਹਿੱਸਾ ਕਹੇ ਜਾ ਸਕਦੇ ਹਨ। ਜਿਵੇਂ ਇੱਕ ਬੀਜ ਨੂੰ ਧਰਤੀ ਹੇਠਲਾ ਹਨੇਰਾ, ਤਪਸ਼, ਗਰਮੀ, ਅਤੇ ਸਲਾਭਾ ਜਰਨਾ ਹੁੰਦਾ ਹੈ, ਫੇਰ ਦੋ ਕੋਮਲ ਪੱਤੀਆਂ ਨਿਕਲ ਕੇ ਪੂਰਾ ਬੂਟਾ ਜਾਂ ਰੁੱਖ ਬਣਦਾ ਹੈ, ਉਵੇਂ ਹੀ ਮਨੁੱਖਾ ਨਸਲ ਦੇ ਮਾਪੇ ਇਹ ਸਭ ਕੁੱਝ ਜਰ ਕੇ ਕੁੱਝ ਰਾਤਾਂ ਝਾਗ ਕੇ ਦੁੱਖ ਦਰਦ ਸਹਿ ਕੇ ਇੱਕ ਆਲੇ ਭੋਲੇ ਬੱਚੇ ਨੂੰ ਸਿਲਤ ਤੋਂ ਸ਼ਤੀਰ ਤੱਕ ਅਪੜਾ ਦੇਣ ਦੀ ਪੂਰੀ ਵਾਹ ਲਾ ਦਿੰਦੇ ਹਨ। ਇਸ ਸਭ ਕੁਰਬਾਨੀ ਦਾ ਕੋਈ ਅਹਿਸਾਨ ਨਹੀਂ ਹੁੰਦਾ, ਕੋਈ ਕਰਜ਼ ਨਹੀਂ ਹੁੰਦਾ। ਸੁਖਵਿੰਦਰ ਅੰਮ੍ਰਿਤ ਲਿਖਦੀ ਹੈ -' ਨਾ ਲੋਰੀ ਮੁੱਲ ਵਿਕਦੀ ਹੈ ਨਾ ਮਮਤਾ ਕਰਜ਼ ਹੁੰਦੀ ਹੈ'। ਬੱਚੇ ਦੇ ਪਲਦੇ ਮੂੰਹ ਨਾਲ ਹੀ ਮਾਪਿਆਂ ਦੀ ਕਲਪਣਾ ਭਵਿੱਖ ਸਿਉਂ ਲੈਣ ਦੇ ਸੁਪਨੇ ਸਿਰਜਦੀ ਹੈ। ਪਰ ਸਾਡੇ ਦੇਖਦੇ ਹੀ ਇਸ ਦਾ ਸੰਘਣਾਪਣ ਲੰਘਦੇ ਪਲਾਂ ਨਾਲ ਹੀ ਪੇਤਲਾ ਹੁੰਦਾ ਵੇਖਦੇ ਹਾਂ। ਕਿਹਾ ਜਾਂਦਾ ਹੈ ਮਾਪੇ ਕੁਮਾਪੇ ਨਹੀਂ ਹੁੰਦੇ ਪੁੱਤਰ ਕਪੁੱਤਰ ਹੋ ਜਾਂਦੇ ਹਨ। ਅਸੀਂ ਆਪਣੇ ਮਾਪਿਆਂ ਦਾ ਹੁਕਮ ਸਿਰ ਨਿਵਾ ਕੇ ਮੰਨਦੇ ਰਹੇ, ਹੁਣ ਸਾਡੇ ਬੱਚੇ ਅੱਖਾਂ ਵਿਖਾ ਕੇ ਹੁਕਮ ਮਨਾ ਰਹੇ ਹਨ। ਰਿਸ਼ਤਿਆਂ ਵਿਚਲਾ ਇਹ ਅਸਾਵਾਂਪਣ ਸਾਡੀ ਪੀੜ੍ਹੀ ਨੂੰ ਹਜ਼ਮ ਨਹੀਂ ਹੋ ਰਿਹਾ।



ਸਾਡੀ ਭਾਵੁਕ ਪਹੁੰਚ ਹੁਣ ਦੀ ਗਰਜ਼ਾਂ ਦੀ ਮੇਚ ਪਲਦੀ ਸਾਂਝ ਵਿਚਲੀ ਖਾਈ ਦਿਨੋ-ਦਿਨ ਵਧ ਰਹੀ ਹੈ। ਉਮਰ, ਸਮਾਜ ਜਾਂ ਮਾਪਿਆ ਦਾ ਡਰ ਮਨਫ਼ੀ ਹੋ ਗਿਆ ਹੈ। ਇਨ੍ਹਾਂ ਨੇ ਹੱਕ ਹੀ ਜਾਣੇ ਹਨ, ਫ਼ਰਜ਼ਾਂ ਦਾ ਪੰਨਾ ਮੇਟ ਧਰਿਆ ਹੈ।

ਮਿਲੀ ਆਜ਼ਾਦੀ ਦੀ ਦੁਰਵਰਤੋਂ, ਨਿੱਜਮੁਖੀ ਅਤੇ ਕਾਨੂੰਨੀ ਦਖਲ ਨੇ ਸਾਂਝਾਂ ਦਾ ਰੁਖ ਹੀ ਬਦਲ ਦਿੱਤਾ ਹੈ। ਸਮਝ ਬੜੀ ਦੇਰ ਪਿੱਛੋਂ ਆਉਂਦੀ ਹੈ ਜਦ ਪਤਾ ਲੱਗਦਾ ਹੈ ਕਿ ਪੈਸੇ ਕਮਾਏ ਤੋਂ ਪਤਾ ਲੱਗਿਆ ਕਿ ਸ਼ੌਕ ਤਾਂ ਮਾਪਿਆਂ ਦੇ ਪੈਸੇ ਨਾਲ ਹੀ ਪੂਰੇ ਹੋ ਰਹੇ ਸਨ, ਆਪਣੀ ਕਮਾਈ ਨਾਲ ਤਾਂ ਬੱਸ ਜ਼ਰੂਰਤਾਂ ਹੀ ਪੂਰੀਆਂ ਕਰਦੇ ਹਾਂ। ਵਸਤਾਂ ਦੀ ਤਰਜੀਹ ਨੇ ਰਿਸ਼ਤੇ ਮਧੋਲ ਧਰੇ ਹਨ। ਵਰਤਮਾਨ ਹੀ ਜਿਉਣ ਦੀ ਲਾਲਸਾ ਨੇ ਬਜ਼ੁਰਗਾਂ ਦੀ ਨਕਦਰੀ ਪਾਲੀ ਹੈ।' ਵਰਤੋ ਤੇ ਸਿੱਟੋ'ਦੀ ਨੀਤੀ ਨੇ ਕਾਹਲ ਵਸ ਕਈ ਕੁੱਝ ਮੇਟ ਲਿਆ ਹੈ। ਠੀਕ ਹੀ ਸੁਣਿਆ ਹੈ 'ਦੁੱਧ ਨਾਲ ਪੁੱਤ ਪਾਲ ਕੇ ਪਾਣੀ ਨੂੰ ਤਰਸਦੀਆਂ ਮਾਵਾਂ' ਦੀ ਗਿਣਤੀ ਵਧ ਰਹੀ ਹੈ। ਮਾਪਿਆਂ ਨੇ ਮੋਹ ਵਸ ਆਪਣਾ ਸਭ ਕੁਛ ਢੇਰੀ ਕਰ ਦਿੱਤਾ ਹੈ। ਇਸੇ ਨਾਲ ਇਸ ਪੀੜ੍ਹੀ ਦੀ ਨੀਅਤ ਵਿੱਚ ਖੋਟ ਆ ਰਲੀ ਹੈ। ਨਰਿੰਦਰ ਸਿੰਘ ਕਪੂਰ ਨੇ ਲਿਖਿਆ ਹੈ,'ਇਨ੍ਹਾਂ ਨੂੰ ਏਨਾ ਘੱਟ ਨਾ ਦੇ ਕੇ ਜਾ? ਕਿ ਕੁੱਝ ਕਰ ਹੀ ਨਾ ਸਕਣ ਅਤੇ ਏਨਾ ਜ਼ਿਆਦਾ ਵੀ ਨਾ ਦਿ? ਕਿ ਕਰਨ ਹੀ ਕੁੱਝ ਨਾ'। ਪੰਛੀ ਆਲ੍ਹਣਾ ਪਾ ਕੇ ਛਾਹ ਦਿੰਦੇ ਹਨ ਪਰ ਮਨੁੱਖ ਸਾਰੀ ਉਮਰ ਇੱਟ ਤੇ ਇੱਟ ਧਰਦਾ ਅਗਲੀ ਪੀੜ੍ਹੀ ਦੀ ਚਿੰਤਾ ਵਿਚ ਹੀ ਜੂਨ ਕਦਦਾ ਹੈ।

ਪ੍ਰਸਿੱਧ ਰਾਜਨੀਤੀਵੇਤਾ ਚਾਣੱਕਯਾ ਨੇ 2,300 ਸਾਲ ਪਹਿਲਾਂ ਇੱਕ ਸਬਕ ਦਿੱਤਾ ਸੀ ਕਿ ਬੱਚੇ ਨੂੰ ਦੋ ਤੋਂ ਪੰਜ ਸਾਲ ਤੱਕ ਪੂਰਾ ਲਾਡ ਦਿਓ, 5 ਤੋਂ 11 ਸਾਲ ਤੱਕ ਪੂਰੀ ਘੂਰ ਹੇਠ ਰੱਖੋ, ਫਿਰ ਦੋਸਤੀ ਨਾਲ ਨਿਭੋ। ਹੁਣ ਇਹ ਰਿਸ਼ਤਾ ਕੁੱਝ ਸਾਲਾਂ ਦਾ ਹੀ ਰਹਿ ਗਿਆ ਹੈ। ਬੱਚੇ ਵੀ ਪਰਿੰਦਿਆਂ ਵਰਗੇ ਹੋ ਗਏ, ਨਾਲ ਰਹਿ ਕੇ ਵੱਡੇ ਹੁੰਦੇ ਹਨ ਵੱਡੇ ਹੋ ਕੇ ਉੱਡ ਜਾਂਦੇ ਹਨ। ਜੇ ਕਿਤੇ ਬੱਚਾ ਬੀਮਾਰ ਹੋ ਕੇ ਵਿਲਕਦਾ ਹੈ, ਪੂਰੀ ਇਮਾਰਤ ਨੂੰ ਪਤਾ ਹੁੰਦਾ ਹੈ , ਪਰ ਮਾਪੇ ਰੋਂਦੇ ਹਨ ਤਾਂ ਕੋਲ ਬੈਠੀ ਉਲਾਦ ਨੂੰ ਪਤਾ ਨਹੀਂ ਲੱਗਦਾ। ਕਿਹਾ ਜਾਂਦਾ ਹੈ ਇਹ ਮਲੂਕ ਰਿਸ਼ਤਾ ਹੈ, ਜੇ ਘੁੱਟ ਕੇ ਫੜਾਂਗੇ ਤਾਂ ਦਮ ਘੁੱਟ ਕੇ ਮਰ ਜਾਣਗੇ, ਜੇ ਖੁੱਲ੍ਹੇ ਛੱਡਾਂਗੇ ਤਾਂ ਉੱਡ ਜਾਣਗੇ।

ਇਸ ਸਾਂਝ ਵਿਚਲੇ ਪੀੜ੍ਹੀ-ਪਾੜੇ ਦੀਆਂ ਪਲਦੀਆਂ ਕਹਾਣੀਆਂ ਸੋਸ਼ਲ ਮੀਡੀਆ ਨਿੱਤ ਖਿਲਾਰ ਰਿਹਾ ਹੈ, ਪਰ ਅਸੀਂ ਹੋਈਆਂ-ਬੀਤੀਆਂ ਤੋਂ ਨਹੀਂ ਸਿਖਦੇ। ਸਭ ਨੂੰ ਆਪਣੇ ਬੱਚੇ ਵਧੀਆ ਨਿਭਣ ਵਾਲੇ ਹੀ ਲੱਗਦੇ ਹਨ। ਇਕ ਘਟਨਾ ਦਾ ਉਲੇਖ ਹੈ - ਇੱਕ ਵਾਰ ਇੱਕ ਪਿਤਾ ਆਪਣੀ ਛੋਟੀ ਧੀ ਨਾਲ ਪੁਲ ਪਾਰ ਕਰ ਰਿਹਾ ਸੀ। ਪਿਤਾ ਨੇ ਧੀ ਨੂੰ ਕਿਹਾ,'ਮੇਰਾ ਹੱਥ ਫੜ ਲੈ, ਆਪਾਂ ਪਾਰ ਹੋ ਜਾਵਾਂਗੇ'। ਧੀ ਨੇ ਕਿਹਾ,'ਤੁਸੀਂ ਮੇਰਾ ਹੱਥ ਫੜੋ'।

ਪਿਤਾ ਨੇ ਫਿਰ ਕਿਹਾ,'ਕੀ ਇਹ ਇੱਕੋ ਗੱਲ ਨਹੀਂ'? ਧੀ ਨੇ ਕਿਹਾ,'ਸਾਡੀ ਪੀੜ੍ਹੀ ਮੁਸੀਬਤ ਸਮੇਂ ਹੱਥ ਛੱਡ ਜਾਂਦੀ ਹੈ ਪਰ ਪਿਤਾ ਆਪਣੀ ਜਾਨ ਤੇ ਖੇਡ ਕੇ ਵੀ ਨਾਲ ਨਿਭਦੇ ਹਨ'। ਇਉਂ ਦੋ ਪੀੜ੍ਹੀਆਂ ਦੀ ਸੋਚ ਨਿਤਰਦੀ ਹੈ। ਅਸਲ ਵਿੱਚ ਦਿਸਦੇ ਜਗਤ ਦੀ ਪਕੜ ਭਾਰੂ ਹੋ ਕੇ ਅੰਦਰਲੀ ਦੁਨੀਆਂ ਨੂੰ ਮੇਟਦੀ ਹੈ। ਇਸ ਵਿੱਚ ਸਾਡੀ ਪੀੜ੍ਹੀ ਦਾ ਕਸੂਰ ਹੈ ਜੋ ਆਪਣੇ ਲਈ ਜਿਉਂ ਕੇ ਹੀ ਨਹੀਂ ਦੇਖਦੇ ਰਹੇ। ਹੁਣ ਸੋਚ ਬਦਲਣ ਦੀ ਲੋੜ ਹੈ। ਵਾਰ ਵਾਰ ਨਸੀਹਤ ਕੀਤੀ ਜਾਂਦੀ ਹੈ ਕਿ ਤੁਹਾਡੇ ਪਹਿਲੇ ਸਾਹ ਵੇਲੇ ਇਹ ਮਾਪੇ ਕੋਲ ਸਨ, ਤੁਸੀਂ ਇਨ੍ਹਾਂ ਦੇ ਆਖਰੀ ਸਾਹਾਂ ਤੇ ਕੋਲ ਹੋਣ ਦਾ ਯਤਨ ਕਰੋ। ਮਾਪੇ ਕੁੱਲ ਦੁਨੀਆਂ ਨੂੰ ਮਿਲਦੇ ਆਖਰੀ ਵਾਰ ਆਪਣੇ ਬੱਚੇ ਦਾ ਮੂੰਹ ਦੇਖ ਕੇ ਹੀ ਜਾਣਾ ਲੋਚਦੇ ਹਨ।

# ਐਵੇਂ ਨਾ ਸਹਾਰੇ ਲੱਭਦੇ ਰਿਹਾ ਕਰੋ

ਸਫ਼ਾ 5 ਦੀ ਬਾਕੀ

ਢਿੱਗੀ ਢਾਹ ਬੈਠਦੇ ਹਾਂ ਤੇ ਦੂਜਿਆਂ ਤੋਂ ਸਹਾਰੇ ਦੀ ਉਮੀਦ ਕਰਨ ਲੱਗਦੇ ਹਾਂ। ਬੰਦਾ ਅਪੰਗ ਸਰੀਰ ਤੋਂ ਨਹੀਂ ਸੋਚ ਤੋਂ ਹੁੰਦਾ ਹੈ। ਅਰੁਨਿਮਾ ਵਰਗੀਆਂ ਔਰਤਾਂ ਅਪੰਗ ਹੋਣ ਦੇ ਬਾਵਜੂਦ ਮਾਊਂਟ ਐਵਰੈਸਟ ਨੂੰ ਸਰ ਕਰ ਸਕਦੀਆਂ ਨੇ ਤਾਂ ਅਸੀਂ ਕਿਉਂ ਨਹੀਂ?

ਇਸ ਲਈ ਦੋਸਤੋ, ਆਓ, ਆਪਣੇ ਸੰਕਲਪ ਅਤੇ ਕਰਮ ਨਾਲ ਖ਼ੁਦ ਨੂੰ ਨਵੀਂ ਪਛਾਣ ਦੇਈਏ। ਆਸਰੇ ਭਾਲਣ ਦੀ ਬਜਾਏ ਦੂਜਿਆਂ ਨੂੰ ਆਸਰਾ ਦੇਣ ਵਾਲੇ ਬਣੀਏ। ਇਸ ਨਾਲ ਮਨ ਅੰਦਰ ਖ਼ੁਸ਼ੀਆਂ ਦੀਆਂ ਨਵੀਆਂ ਕਰੂੰਬਲਾਂ ਫੁੱਟ ਪੈਣਗੀਆਂ ਤੇ ਅਸੀਂ ਆਪਣੇ ਅੰਦਰ ਅਪਾਰ ਸੰਤੁਸ਼ਟੀ ਮਹਿਸੂਸ ਕਰਨ ਲੱਗਾਂਗੇ। ਹੌਸਲਾ ਨਾ ਕਰਨ ਵਾਲੇ ਤੇ ਦੂਸਰਿਆਂ ਦੇ ਸਹਾਰੇ ਰਹਿਣ ਵਾਲੇ ਲੋਕ ਆਪਣੇ ਮਨ ਵਿੱਚ ਕਲਪਨਾ ਕਰਕੇ ਤਸਵੀਰਾਂ ਖਿੱਚਣ ਦੇ ਯੋਗ ਨਹੀਂ ਹੁੰਦੇ ਬਲਕਿ ਉਹ ਆਪਣੇ ਅੰਦਰ ਕੇਵਲ ਆਦਰਸ਼ ਦੀ ਧੁੰਦਲੀ ਤਸਵੀਰ ਹੀ ਖਿੱਚ ਸਕਦੇ ਹਨ। ਆਪਣੀ ਸਮਰੱਥਾ ਦੇ ਅਨੁਸਾਰ ਸਾਰੇ ਕੰਮ ਆਪ ਹੀ ਕਰੋ। ਐਵੇਂ ਨਾ ਦੂਜਿਆਂ ਤੋਂ ਸਹਾਰੇ ਲੱਭਦੇ ਰਿਹਾ ਕਰੋ। ਆਪਣੇ ਸਿਰ ਦੀਆਂ ਉਲਝਣਾਂ ਖ਼ੁਦ ਹੀ ਸੁਲਝਾ ਲੈਣੀਆਂ ਚਾਹੀਦੀਆਂ ਹਨ, ਸਹਾਰਾ ਦੇਣ ਵਾਲੇ ਤਾਂ ਕੰਘੇ ਦੀ ਕੀਮਤ ਵੀ ਵਸੂਲ ਕਰਦੇ ਰਹਿੰਦੇ ਹਨ। ਇਸ ਲਈ ਆਪਣੇ-ਆਪ 'ਤੇ ਭਰੋਸਾ ਕਰਨ ਦਾ ਹੁਨਰ ਸਿੱਖ ਲਓ ਕਿਉਂਕਿ ਸਹਾਰੇ ਕਿੰਨੇ ਵੀ ਸੱਚੇ ਹੋਣ, ਇੱਕ ਦਿਨ ਸਾਥ ਛੱਡ ਹੀ ਜਾਂਦੇ ਹਨ ਜਾਂ ਸਾਰੀ ਉਮਰ ਮਿਹਣੇ ਹੀ ਮਾਰਦੇ ਹਨ। ਤੁਹਾਡੀ ਹਿੰਮਤ ਤੋਂ ਵਧੀਆ, ਤੁਹਾਡਾ ਕੋਈ ਸਹਾਰਾ ਨਹੀਂ ਹੋ ਸਕਦਾ। ਜ਼ਿੰਦਗੀ ਵਿੱਚ ਜੇਕਰ ਖ਼ੁਸ਼ ਰਹਿਣਾ ਹੈ ਤਾਂ ਸਹਾਰੇ ਲੱਭਣੇ ਬੰਦ ਕਰ ਦਿਓ ਤੇ ਹਿੰਮਤ ਦਾ ਪੱਲਾ ਫੜ ਲਓ। ਤੁਹਾਡੇ ਵਿੱਚ ਅਨੋਖੀਆਂ ਸ਼ਕਤੀਆਂ ਹਨ, ਇਨ੍ਹਾਂ ਨੂੰ ਜਗਾਓ ਤੇ ਵਰਤੋ। ਆਪਣੀ ਖ਼ੁਸ਼ੀ ਲਈ ਪੂਰੀ ਤਰ੍ਹਾਂ ਕਦੇ ਵੀ ਦੂਜਿਆਂ 'ਤੇ ਨਿਰਭਰ ਨਾ ਕਰੋ। ਸਵੈ-ਚਿੰਤਨ ਕਰਕੇ ਵੇਖੋ ਕਿ ਤੁਹਾਨੂੰ ਆਪਣੇ ਕੰਮ ਲਈ ਆਪਣੇ ਅੰਦਰ ਕਿਹੋ ਜਿਹੇ ਬਦਲਾਅ ਦੀ ਜ਼ਰੂਰਤ ਹੈ। ਉਨ੍ਹਾਂ ਤਬਦੀਲੀਆਂ ਨੂੰ ਲਿਆ ਕੇ ਕੰਮ ਸ਼ੁਰੂ ਕਰੋ ਤੇ ਮੁਸਕਰਾਹਟਾਂ ਨੂੰ ਆਪਣੇ ਵੱਸ ਵਿੱਚ ਕਰ ਲਓ। ਜੇਕਰ ਮੁਸਕਰਾਹਟ ਬਿਖੇਰਨ ਦੀ ਜਾਚ ਆ ਗਈ ਤਾਂ ਜ਼ਿੰਦਗੀ ਸੱਚਮੁੱਚ ਸਵਰਗ ਬਣ ਜਾਵੇਗੀ। ਇੱਕ ਗੱਲ ਆਪਣੇ ਦਿਲ-ਦਿਮਾਗ਼ ਵਿੱਚ ਬਿਠਾ ਲਓ ਕਿ ਦੁਨੀਆ ਵਿੱਚ ਕੋਈ ਵੀ ਅਜਿਹਾ ਕੰਮ ਨਹੀਂ ਜੋ ਮੈਂ ਨਹੀਂ ਕਰ ਸਕਦਾ। ਦੁਨੀਆ ਤੁਹਾਡੇ ਨਾਲ ਪਿਆਰ ਕਰਨ ਲੱਗ ਪਵੇਗੀ। ਇਨਸਾਨ ਦੀ ਬਰਬਾਦੀ ਦਾ ਵਕਤ ਉਦੋਂ ਸ਼ੁਰੂ ਹੋ ਜਾਂਦਾ ਹੈ ਜਦੋਂ ਉਹ ਹਰ ਕੰਮ ਲਈ ਦੂਜਿਆਂ 'ਤੇ ਨਿਰਭਰ ਰਹਿਣਾ ਸ਼ੁਰੂ ਕਰ ਦਿੰਦਾ ਹੈ। ਇਸ ਲਈ ਸਦਾ ਯਾਦ ਰੱਖੋ:

ਜ਼ਿੰਦਗੀ ਵਿੱਚ ਜੇਕਰ ਅੱਗੇ ਵਧਣਾ ਹੈ
ਤਾਂ ਕਦੇ ਵੀ ਨਾ ਨਿਰਭਰ ਰਹਿਣਾ ਗੈਰਾਂ 'ਤੇ
ਮੰਜ਼ਿਲ ਉਨ੍ਹਾਂ ਨੂੰ ਹੀ ਮਿਲਦੀ ਹੈ
ਜੋ ਖੜ੍ਹੇ ਹਨ ਆਪਣੇ ਪੈਰਾਂ 'ਤੇ।

ਸੰਪਰਕ: 98774-66607

# ਚਾਹ ਨਾਲ ਗੱਲਾਂ — ਸਿਆਸਤ ਵਿੱਚ ਵਿਚਾਰਧਾਰਾ

ਜਦੋਂ ਅਸੀਂ ਚਾਹ ਪੀਣ ਲੱਗੇ ਤਾਂ ਮੇਰੀ ਪਤਨੀ ਮਨਜੀਤ ਮੈਨੂੰ ਕਹਿਣ ਲੱਗੀ ਅੱਗੇ ਤਾਂ ਹਰ ਪਾਰਟੀ ਦੀ ਆਪਣੀ ਵਿਚਾਰਧਾਰਾ ਹੁੰਦੀ ਸੀ। ਉਸ ਵਿਚਾਰਧਾਰਾ ਤੇ ਨੀਤੀਆਂ ਨੂੰ ਦੇਖ ਕੇ ਅਗਲਾ ਪਾਰਟੀ ਨੂੰ ਚੁਣਦਾ ਸੀ। ਹੁਣ ਤਾਂ ਵਿਚਾਰ ਧਰਾਵਾਂ ਕਿੱਧਰ ਹੀ ਉੱਡ ਗਈਆਂ ਹਨ। ਹੁਣ ਤਾਂ ਕੁਝ ਪਤਾ ਨਹੀਂ ਲੱਗਦਾ ਕਿਹੜਾ ਲੀਡਰ ਕਿਹੜੀ ਪਾਰਟੀ ਵਿੱਚ ਚਲਾ ਜਾਵੇ। ਮੈਂ ਉਸ ਦੀ ਗੱਲ ਸੁਣ ਕੇ ਕਿਹਾ ਗੱਲ ਤਾਂ ਤੇਰੀ ਠੀਕ ਹੈ। ਆਹ ਬਿੱਟੂ ਸਾਹਿਬ ਵੀ ਕਹਿੰਦੇ ਸਨ। ਕਾਂਗਰਸ ਮੇਰੀ ਮਾਂ ਪਾਰਟੀ ਹੈ। ਅਗਲਿਆਂ ਨੇ ਪਤਾ ਨਹੀਂ ਕਿਹੜੀ "ਗਿੱਦੜ ਸਿੰਗੀ ਦਿੱਤੀ ਮਾਂ ਪਾਰਟੀ ਪਰਾਈ ਹੋ ਗਈ,,। ਇਸ ਵਿੱਚ ਕੋਈ ਸ਼ੱਕ ਨਹੀਂ ਕਾਂਗਰਸ ਪਾਰਟੀ ਨੇ ਬਿੱਟੂ ਸਾਹਿਬ ਨੂੰ ਬਹੁਤ ਕੁਝ ਦਿੱਤਾ ਬਿੱਟੂ ਸਾਹਿਬ ਨੂੰ ਤਿੰਨ ਫਿਰ ਐਮਪੀ ਬਣਾਇਆ ਦਾਦੀ ਨੂੰ ਕੈਬਨਟ ਮੰਤਰੀ ਦਾ ਰੈਂਕ ਦਿੱਤਾ,ਤਾਇਆ ਮੰਤਰੀ,ਭੂਆ ਮੰਤਰੀ,ਭਰਾ ਮੰਤਰੀ ਬਿੱਟੂ ਸਾਹਿਬ ਦੇ ਭਰਾ ਨੂੰ ਤਰਸ ਦੇ ਆਧਾਰ ਤੇ ਡੀਐਸਪੀ ਬਣਾਇਆ ਜਨਤਾ ਨੇ ਬਹੁਤ ਰੌਲਾ ਪਾਇਆ ਭਾਈ ਸਾਡੇ ਬੱਚਿਆਂ ਤੇ ਵੀ ਕੋਈ ਤਰਸ ਕਰੋ ਉਹ ਵੀ ਪੜ੍ਹ ਲਿਖ ਕੇ ਸੜਕਾਂ ਤੇ ਤੁਰੇ ਫਿਰਦੇ ਹਨ। ਪਰ ਕੌਣ ਸੁਣਦਾ ਹੈ "ਮਾੜੇ ਦੀ ਘਰ ਵਾਲੀ ਸਾਰਿਆਂ ਦੀ ਭਾਬੀ ਹੀ ਹੁੰਦੀ ਹੈ,,।

ਬਿੱਟੂ ਸਾਹਿਬ ਨੂੰ ਲੱਗਦਾ ਹੋਵੇਗਾ। ਮਾਂ ਪਾਰਟੀ ਤਾਂ ਹੁਣ ਬਿਰਧ ਹੋ ਗਈ ਹੈ। ਇਥੋਂ ਤਾਂ ਜਿਹੜਾ ਕੁਝ ਮਿਲਣਾ ਸੀ ਮਿਲ ਗਿਆ ਹੁਣ ਇਸ ਤੋਂ ਕੀ ਕਰਾਉਣਾ ਹੈ।

ਬਾਦਲ ਸਾਹਿਬ ਦੇ ਸੱਜੇ ਹੱਥ ਸਮਝੇ ਜਾਂਦੇ। ਮਲੂਕਾ ਸਾਹਿਬ ਦੇ ਨੂੰਹ ਪੁੱਤ ਨੇ ਵੀ ਕਮਲ ਦਾ ਫੁੱਲ ਫੜ ਲਿਆ।ਬਾਦਲ ਸਾਹਿਬ ਨੇ ਸਾਰੇ ਕਾਨੂੰਨ ਛਿੱਕੇ ਟੰਗ ਕੇ ਮਲੂਕਾ ਸਾਹਿਬ ਦੀ ਨੂੰਹ ਨੂੰ ਆਈ.ਏ.ਐਸ ਬਣਾ ਦਿੱਤਾ।। ਜਨਤਾ ਨੇ ਬਹੁਤ ਰੌਲਾ ਪਾਇਆ। ਇਸ ਤਰ੍ਹਾਂ ਨਹੀਂ ਹੁੰਦਾ ਪਰ "ਤਕੜੇ ਦਾ ਸੱਤੀ ਵੀਹੀ ਸੌ ਹੁੰਦਾ ਹੈ,,। ਬਾਦਲ ਸਾਹਿਬ ਵੀ ਸੋਚਦੇ ਹੋਣਗੇ ਸਮਾਂ ਆਉਣ ਤੇ "।ਯਾਰਾ ਪਰਖਾਂਗੇ ਤੇਰੀ ਯਾਰੀ ਨੂੰ,,। ਬਾਦਲ ਸਾਹਿਬ ਤੋਂ ਬਾਅਦ ਮਲੂਕਾ ਸਾਹਿਬ ਹੋਰ ਹੀ ਹੋ ਗਏ। ਮਲੂਕਾ ਸਾਹਿਬ ਚੁੱਪ ਹਨ ਕਦੇ ਕਹਿੰਦੇ ਹਨ।ਮੈਂ ਕਿਸੇ ਵੀ ਪਾਰਟੀ ਦਾ ਪ੍ਰਚਾਰ ਨਹੀਂ ਕਰਨਾ,ਮੈਂ ਅਕਾਲੀ ਦਲ ਵਿੱਚ ਹੀ ਰਹਾਂਗਾ ਇਹ ਤਾਂ ਉਹ ਗੱਲ ਹੋ ਗਈ। "ਗੱਲ ਦਿਲ ਦੀ ਦੱਸ ਸੱਜਣਾ ਝੂਠੇ ਲਾਰਿਆਂ ਚ ਕੀ ਰੱਖਿਆ,,। ਚਲੋ ਆਪਾਂ ਕੀ ਲੈਣਾ ਸਮਾਂ ਆਉਣ ਤੇ ਮਲੂਕਾ ਸਾਹਿਬ ਆਪ ਹੀ ਦੱਸ ਦੇਣਗੇ।

ਜਲੰਧਰ ਵਾਲੇ ਰਿੰਕੂ ਜੀ ਨੇ ਜਮਾ ਸਿਰੇ ਲਾ ਦਿੱਤੀ ਜਿਮਨੀ ਚੋਣ ਤੋਂ ਪਹਿਲਾਂ ਆਪ ਦੇ ਹੋਏ ਫਿਰ ਬੇਗਾਨੇ ਹੋ ਗਏ। ਯਮਲਾ ਜੱਟ ਜੀ ਦਾ ਇੱਕ ਗਾਣਾ ਹੁੰਦਾ ਸੀ। "ਜਗਤੇ ਨੂੰ ਛੱਡ ਭਗਤੇ ਨੂੰ ਕਰ ਲੈ ਜਿਨਾਂ ਹੋਣਾ ਤੇਰਾ ਸਹਾਈ,,। ਪਰ ਵਿਚਾਰਿਆਂ ਦੇ ਨਾ ਜਗਤ ਦਾ ਕੰਮ ਆਇਆ ਨਾ ਭਗਤਾ।

ਸੀਤਲ ਅੰਗੁਰਾਲ ਜੋ ਜਲੰਧਰ ਪੱਛਮੀ ਤੋਂ ਆਪ ਦੇ ਵਿਧਾਇਕ ਸਨ। ਉਨਾਂ ਨੇ ਕੁਝ ਸਮਾਂ ਪਹਿਲਾਂ ਹੀ ਕਮਲ ਦਾ ਫੁੱਲ ਫੜ ਲਿਆ। ਅਸਤੀਫਾ ਦੇ ਦਿੱਤਾ ਫਿਰ ਕਹਿਣ ਮੈਂ ਅਸਤੀਫਾ ਨਹੀਂ ਦਿੱਤਾ ਉਹ ਤਾਂ "ਘਰ ਦੇ ਰਹੇ ਨਾ ਘਾਟ ਦੇ,,

ਮਨਪ੍ਰੀਤ ਸਿੰਘ ਬਾਦਲ ਵੀ ਕਦੇ ਤਾਏ ਦੇ ਲਾਡਲੇ ਹੁੰਦੇ ਸਨ।ਅਕਾਲੀ ਦਲ ਨੇ ਉਹਨਾਂ ਨੂੰ ਵਿੱਤ ਮੰਤਰੀ ਬਣਾਇਆ ਫਿਰ ਕਾਂਗਰਸ ਵਿੱਚ ਵਿੱਤ ਮੰਤਰੀ ਬਣੇ।ਉਹਨਾਂ ਦਾ ਖਜ਼ਾਨਾ ਖਾਲੀ ਹੀ ਰਿਹਾ ਹੁਣ ਉਹ ਭਾਜਪਾ ਵਿੱਚ ਗਏ ਹਨ ਸ਼ਾਇਦ ਪੰਜਾਬ ਦਾ ਖਜ਼ਾਨਾ ਭਰ ਦੇਣ।

ਮਹਾਰਾਜਾ ਸਾਹਿਬ ਦੀ ਤਾਂ ਕੀ ਗੱਲ ਕਰਨੀ ਉਹ ਤਾਂ ਹੁੰਦੇ ਹੀ ਰਾਜ ਕਰਨ ਲਈ ਨੇ।ਇਹਨਾਂ ਲੀਡਰਾ ਨੂੰ ਜਨਤਾ ਨੇ ਵੋਟਾਂ ਵਿਚ ਮੂੰਹ ਨਹੀ ਲਾਇਆ।ਇਹ ਸੋਚਦੇ ਹਨ ਜਨਤਾ ਤਾਂ ਵਿਚਾਰੀ ਭੋਲੀ ਹੈ। ਇਹਨਾਂ ਨੂੰ ਕੀ ਪਤਾ :-

ਇਹ ਬਾਬੂ---------ਯਹ ਪਬਲਿਕ ਹੈ।
ਇਹ ਜੋ ਪਬਲਿਕ ਹੈ ਸਭ ਜਾਨਤੀ ਹੈ।
ਆ ਜੀ ਅੰਦਰ ਕਿਆ ਹੈ ਆ ਜੀ ਬਾਹਰ ਕਿਆ ਹੈ।
ਜੋ ਸਭ ਕੁਛ ਪਹਿਚਾਣਤੀ ਹੈ -------ਯਹ ਪਬਲਿਕ ਹੈ।



ਸੁਖਜੀਤ ਬੁਟਾਹਰੀ
98552-40004



# ਇੱਕ ਚੁੱਪ ਸੌ ਸੁੱਖ

**ਕੁਦਰਤ ਨੇ ਮਨੁੱਖ ਨੂੰ ਸੱਚਾ ਸੁੱਚਾ ਤੇ ਇਮਾਨਦਾਰ ਹੀ ਭੇਜਿਆ ਹੈ, ਜਨਮ ਸਮੇਂ ਹੀ ਪ੍ਰਚਲਿਤ ਰੀਤੀ ਰਿਵਾਜ ਮੁਤਾਬਕ ਨਵ ਜੰਮੇ ਬੱਚੇ ਨੂੰ ਕਿਸੇ ਚੰਗੇ, ਸਿਆਣੇ ਤੇ ਮਿੱਠੇ ਸੁਭਾਅ ਵਾਲੇ ਵਿਅਕਤੀ ਜਾਂ ਔਰਤ ਦੀ ਗੁੜ੍ਹਤੀ ਦਵਾਈ ਜਾਂਦੀ ਸੀ ਜੋ ਅੱਜ ਕੱਲ੍ਹ ਇਹ ਉਕਤ ਰਿਵਾਜ ਅਲੋਪ ਹੋਇਆ ਹੀ ਲੱਗਦਾ ਹੈ ਪਰ ਜ਼ਿਆਦਾ ਤੌਰ ਤੇ ਇਹ ਅਭਿਆਸ ਵੱਡੇ ਹੋ ਕੇ ਸਹੀ ਸਿੱਧ ਨਹੀਂ ਹੁੰਦਾ ਸਗੋਂ ਗੁੜ੍ਹਤੀ ਦੇਣ ਵਾਲੇ ਨੂੰ ਉਲਾਮ੍ਹੇ ਹੀ ਦਿਵਾਉਂਦਾ ਹੈ।**

ਪਰਲਾਦ ਸਿੰਘ ਅਠਵਾਲ
ਰਿਟਾ. ਡੀ ਐਸ ਪੀ
8847326343



ਇਹ ਇੱਕ ਬਹੁਤ ਹੀ ਪੁਰਾਣੀ ਕਹਾਵਤ ਹੈ,ਜੋ ਕਿ ਆਮ ਸਿਆਣੇ ਪੁਰਸ਼ਾਂ ਵੱਲੋਂ ਹਾਲਾਤ ਨੂੰ ਭਾਂਪਦੇ ਹੋਏ , ਕਲਾ ਕਲੇਸ਼ ਨੂੰ ਮਿਟਾਉਣ ਲਈ ਤੇ ਸਿਆਣਪ ਵਰਤਣ ਲਈ, ਤਾਂ ਕਿ ਫ਼ਸਾਦ ਨਾ ਹੋਵੇ, ਸ਼ਾਂਤੀ ਬਣਾਈ ਰੱਖਣ ਲਈ ਇੱਕ "ਚੁੱਪ ਸੋ ਸੁੱਖ "ਦੀ ਕਹਾਵਤ ਦੀ ਆਮ ਹੀ ਵਰਤੋਂ ਕੀਤੀ ਜਾਂਦੀ ਸੀ ਅਤੇ ਹੁਣ ਵੀ ਕੀਤੀ ਜਾਂਦੀ ਹੈ ਪਰ ਨਵ ਪੀੜੀ ਚ ਇਸ ਕਹਾਵਤ ਦਾ ਰੁਝਾਨ ਬਹੁਤ ਘੱਟ ਹੈ ਕਿਉਂਕਿ ਉਹਨਾਂ ਨੂੰ ਅਜਿਹੀਆਂ ਕਹਾਵਤਾਂ ਬਾਰੇ ਆਮ ਜਾਣਕਾਰੀ ਨਹੀਂ ਹੈ। ਦੂਜਾ ਇਸ ਕਹਾਵਤ ਨੂੰ ਹਰ ਜਗਾ ਜਾਂ ਹਰ ਹਾਲਾਤ ਵਿੱਚ ਨਹੀਂ ਲਾਗੂ ਕੀਤਾ ਜਾ ਸਕਦਾ।

ਸਮਾਜ ਵਿੱਚ ਆਮ ਬਹਿਸ ਦੌਰਾਨ, ਰਾਜਨੀਤਕ। ਸਮਾਜਿਕ ਜਾਂ ਧਾਰਮਿਕ ਮੁੱਦਿਆਂ ਤੇ ਗੱਲ- ਬਾਤ ਕਰਦੇ ਸਮੇਂ ਕਈ ਵਾਰੀ ਬਹਿਸੋ ਬਹਿਸੀ ਸਮੇਂ ਹਾਲਾਤ ਲੜਾਈ ਝਗੜੇ ਤੱਕ, ਤੇ ਕਈ ਵਾਰ ਨੌਬਤ ਖ਼ੂਨ ਖ਼ਰਾਬੇ ਤੱਕ ਵੀ ਪੁੱਜ ਜਾਂਦੀ ਹੈ ਜਿਸ ਦੇ ਸਿੱਟੇ ਗੰਭੀਰ ਨਿਕਲਦੇ ਹਨ।ਫਿਰ ਇਹ ਕਹਾਵਤ ਯਾਦ ਆਉਂਦੀ ਹੈ ਪਰ ਪਹਿਲਾਂ ਇਸ ਕਹਾਵਤ ਨੂੰ ਅੱਖੋਂ ਪਰੋਖੇ ਕੀਤਾ ਜਾਂਦਾ ਹੈ ਫਿਰ ਅਬ ਪਛਤਾਏ ਹੋਤ ਕਿਆ ਜਬ ਚਿੜੀਆਂ ਚੁਗ ਗਈ ਖੇਤ ਵਾਲੀ ਗੱਲ ਸੱਚ ਹੋ ਜਾਂਦੀ ਹੈ।

ਗੁਰੂ ਨਾਨਕ ਸਾਹਿਬ ਨੇ ਗੁਰਬਾਣੀ ਵਿੱਚ ਲਿਖਿਆ ਹੈ, ਜਿੱਥੇ ਬੋਲਣ ਹਾਰੀਏ ਤਿੱਥੇ ਭਲੀ ਚੁੱਪ , ਭਾਵ ਜਦੋਂ ਵੀ ਕੋਈ ਅਜਿਹੇ ਹਾਲਾਤ ਬਣਦੇ ਹਨ ਕਿ ਅਸੀਂ ਕਿਸੇ ਮਹਿਫ਼ਲ ਜਾਂ ਪੰਚਾਇਤ ਵਿੱਚ, ਜਿਸ ਵਿਸ਼ੇ ਤੇ ਗੱਲ- ਬਾਤ ਚੱਲਦੀ ਹੈ, ਅਗਰ ਉਸ ਵਿਸ਼ੇ ਬਾਰੇ ਕਾਫ਼ੀ ਗਿਆਨ ਨਾ ਰੱਖਦੇ ਹੋਈਏ ਤਾਂ ਬਿਨਾਂ ਮਤਲਬ ਤੋਂ ਸਿਰ ਨਹੀਂ ਅੜਾਉਣਾ ਚਾਹੀਦਾ ਸਗੋਂ ਮੋਨ ਧਾਰਨਾ ਹੀ ਸਮਝਦਾਰੀ ਹੈ।ਜਿਸ ਨਾਲ ਚੱਲ ਰਹੀ ਗੱਲ ਦਾ ਸ਼ਾਂਤੀ ਪੂਰਵਕ ਹੱਲ ਹੋ ਜਾਂਦਾ ਹੈ ਤੇ ਕੋਈ ਬੋਲੀ ਬੁੱਥਾ ਵੀ ਨਹੀਂ ਨਿਕਲਦਾ ਤੇ ਗੁਰੂ ਸਾਹਿਬ ਵੱਲੋਂ ਕਹੀਆਂ ਗੁਰਬਾਣੀ ਦੀਆਂ ਤੁਕਾਂ "ਜਿੱਥੈ ਬੋਲਣਿ ਹਾਰੀਐ ਤਿਥੈ ਚੰਗੀ ਚੁੱਪ" ਵੀ ਸੱਚ ਹੋ ਜਾਂਦੀਆਂ ਹਨ ।

ਨਾਨਕ ਫਿਕੈ ਬੋਲੀਐ ਤਨੁ ਮਨੁ ਫਿਕਾ ਹੋਇ॥

ਇਸ ਮਹਾਂਵਾਕ ਵਿੱਚ, ਗੁਰੂ ਸਾਹਿਬ ਫ਼ਰਮਾਉਂਦੇ ਹਨ ਕਿ ਕੋਈ ਵੀ ਵਿਅਕਤੀ ਜੋ ਗੱਲ-ਬਾਤ ਦੌਰਾਨ ਰੁੱਖੇ ਸ਼ਬਦਾਂ ਦੀ ਵਰਤੋਂ ਕਰਦਾ ਹੈ ਤਾਂ ਉਸ ਦਾ ਤਨ ਤੇ ਮਨ ਦੋਵੇਂ ਹੀ ਰੁੱਖੇ ਹੋ ਜਾਂਦੇ ਹਨ ਭਾਵ ਮਨੁੱਖ ਦੇ ਅੰਦਰੋਂ ਪ੍ਰੇਮ ਕਿਤੇ ਉੱਡ ਹੀ ਜਾਂਦਾ ਹੈ। ਮਨੁੱਖ ਦੀ ਇਹ ਆਦਤ ਉਸ ਦੀ ਸਮਾਜ ਅੰਦਰ ਕਦਰ ਘਟਾ ਦਿੰਦੀ ਹੈ ਤੇ ਹਰ ਕੋਈ ਉਸ ਤੋਂ ਪਾਸਾ ਹੀ ਵੱਟਦਾ ਹੈ, ਇੱਥੋਂ ਤੱਕ ਕਿ ਨੇੜੇ ਦੇ ਰਿਸ਼ਤੇਦਾਰ ਅਤੇ ਪਰਿਵਾਰਕ ਮੈਂਬਰ ਵੀ ਕੰਨੀ ਕਤਰਾਉਣ ਚ ਹੀ ਭਲੀ ਸਮਝਦੇ ਹਨ। ਕੁਦਰਤ ਨੇ ਮਨੁੱਖ ਨੂੰ ਸੱਚਾ ਸੁੱਚਾ ਤੇ ਇਮਾਨਦਾਰ ਹੀ ਭੇਜਿਆ ਹੈ, ਜਨਮ ਸਮੇਂ ਹੀ ਪ੍ਰਚਲਿਤ ਰੀਤੀ ਰਿਵਾਜ ਮੁਤਾਬਕ ਨਵ ਜੰਮੇ ਬੱਚੇ ਨੂੰ ਕਿਸੇ ਚੰਗੇ, ਸਿਆਣੇ ਤੇ ਮਿੱਠੇ ਸੁਭਾਅ ਵਾਲੇ ਵਿਅਕਤੀ ਜਾਂ ਔਰਤ ਦੀ ਗੁੜ੍ਹਤੀ ਦਵਾਈ ਜਾਂਦੀ ਸੀ ਜੋ ਅੱਜ ਕੱਲ੍ਹ ਇਹ ਉਕਤ ਰਿਵਾਜ ਅਲੋਪ ਹੋਇਆ ਹੀ ਲੱਗਦਾ ਹੈ ਪਰ ਜ਼ਿਆਦਾ ਤੌਰ ਤੇ ਇਹ ਅਭਿਆਸ ਵੱਡੇ ਹੋ ਕੇ ਸਹੀ ਸਿੱਧ ਨਹੀਂ ਹੁੰਦਾ ਸਗੋਂ ਗੁੜ੍ਹਤੀ ਦੇਣ ਵਾਲੇ ਨੂੰ ਉਲਾਮ੍ਹੇ ਹੀ ਦਿਵਾਉਂਦਾ ਹੈ।

ਮੰਦਾ ਕਿਸੇ ਨ ਆਖੀਐ ॥ਪੜ ਅੱਖਰੁ ਇਹੋ ਬੁਝੀਐ ਮੂਰਖੈ ਨਾਲਿ ਨ ਲੁਝੀਐ ॥

ਇੱਕ ਚੁੱਪ ਤੇ ਸੋ ਸੁੱਖ ਦੇ ਸਬੰਧ ਵਿੱਚ ਵੀ ਗੁਰਬਾਣੀ ਦੀਆਂ ਉਪਰੋਕਤ ਸਤਰਾਂ "ਮੁਰਖੈ ਨਾਲਿ ਨ ਲੁਝੀਐ॥ਪੜ ਅੱਖਰੁ ਇਹੋ ਬੁਝੀਐ ॥ ਗੁਰੂ ਸਾਹਿਬ ਫ਼ਰਮਾਉਂਦੇ ਹਨ ਕਿ ਮੂਰਖ ਵਿਅਕਤੀ ਨਾਲ ਉਲਝਣ ਦਾ ਕੋਈ ਫ਼ਾਇਦਾ ਨਹੀਂ ਹੈ , ਸਗੋਂ ਉਸ ਦੀ ਸ਼ੁਰੂਆਤੀ ਗੱਲਬਾਤ ਤੋਂ ਹੀ ਉਸ ਦੀ ਸਿਆਣਪ ਦਾ ਅੰਦਾਜ਼ਾ ਲਗਾ ਲੈਣਾ ਚਾਹੀਦਾ ਹੈ ਕਿਉਂਕਿ ਕਿਸੇ ਦੀ ਬੋਲ ਬਾਣੀ ਤੋਂ ਹੀ ਉਸ ਦੇ ਗਿਆਨ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ ।ਇਸ ਲਈ ਅਜਿਹੀ ਕਿਸਮ ਦੇ ਮਨੁੱਖ ਨਾਲ ਉਲਝਣ ਦੀ ਬਜਾਏ ਹੱਥ ਜੋੜ ਕੇ ਹੀ ਪਾਸੇ ਹੋ ਜਾਣਾ ਚਾਹੀਦਾ ਹੈ ਜਿਵੇਂ ਬਾਬਾ ਫ਼ਰੀਦ ਜੀ ਨੇ ਕਿਹਾ ਹੈ ਕਿ " ਫਰੀਦਾ ਜੋ ਤੈ ਮਾਰਨਿ ਮੁੱਕੀਆਂ , ਤਿੰਨਾਂ ਨ ਮਾਰੇ ਘੁੰਮਿ ਆਪਨੜੇ ਘਰਿ ਜਾਈਐ ਪੈਰ ਤਿੰਨਾਂ ਦੇ ਚੁੰਮਿ ॥ ਤਾਂ ਕਿ ਕੋਈ ਜਾਨੀ , ਮਾਲੀ , ਸਰੀਰਕ , ਜਾਂ ਮਾਨਸਿਕ ਨੁਕਸਾਨ ਨਾ ਭੁਗਤਣਾ ਪਵੇ ਕਿਉਂਕਿ ਅਜਿਹੇ ਵਿਅਕਤੀ ਨਾਲ ਮੱਥਾ ਮਾਰਨਾ, ਝੋਟੇ ਅੱਗੇ ਬੀਨ ਵਜਾਉਣ ਦੇ ਬਰਾਬਰ ਹੀ ਹੰਦਾ ਹੈ ਜਾਂ ਫਿਰ ਇਹ ਕਹਿ ਲਓ ਕਿ ਅਜਿਹੇ ਵਿਅਕਤੀ ਨੂੰ ਸਮਝਾਉਣਾ ਸਿੱਲ੍ਹ ਤੇ ਪਾਣੀ ਪਾਉਣ ਵਾਲੀ ਗੱਲ ਹੈ। ਇੱਕ ਚੁੱਪ ਤੇ ਸੋ ਸੁੱਖ ਵਾਲੀ ਕਹਾਵਤ ਨੂੰ ਮੁੱਦਿਆਂ ਨਜ਼ਰ ਰੱਖਦੇ ਹੋਏ ਸਮਾਂ ਵਿਚਾਰ ਲੈਣਾ ਚਾਹੀਦਾ ਹੈ।ਬਾਬੇ ਫ਼ਰੀਦ ਦੇ ਕਹੇ ਉਪਰੋਕਤ ਸ਼ਬਦਾਂ ਨੂੰ ਵੀ ਹਮੇਸ਼ਾ ਯਾਦ ਰੱਖਣਾ ਲਾਹੇਵੰਦ ਰਹੇਗਾ ।

ਹਮੁ ਨਹੀਂ ਚੰਗੇ ਬੁਰਾ ਨਹੀਂ ਕੋਇ - ਗੁਰਬਾਣੀ ਦੀ ਇਹ ਤੁਕ ਵੀ ਇੱਕ ਚੁੱਪ ਤੇ ਸੋ ਸੁੱਖ ਵਾਲੀ ਕਹਾਵਤ ਲਈ ਬਹੁਤ ਹੀ ਢੁੱਕਵੀਂ ਹੈ ਕਿਉਂਕਿ ਜਿਦੀਏ ਮਨੁੱਖ ਨਾਲ ਬਹਿਸਣ ਅਤੇ ਆਪਣਾ ਪਾਰਾ ਚੜ੍ਹਾਉਣ ਦੀ ਬਜਾਏ ਗੁਰਬਾਣੀ ਦੀਆਂ ਉਕਤ ਸਤਰਾਂ ਨੂੰ ਵਿਚਾਰਦੇ ਹੋਏ ਕਿ ਹਮ ਨਹੀਂ ਚੰਗੇ ਬੁਰਾ ਨਹੀਂ ਕੋਇ ਅਨੁਸਾਰ ਸਮਾਂ ਟਪਾ ਲੈਣਾ ਚਾਹੀਦਾ ਤੇ ਕਲਾ ਕਲੇਸ਼ ਤੋਂ ਬੱਚ ਜਾਣਾ ਚਾਹੀਦਾ ਹੈ।ਇਸ ਤਰਾਂ ਕਰਨ ਨਾਲ ਕੁਛ ਘਟਦਾ ਨਹੀਂ ਸਗੋਂ ਵੱਧ ਦਾ ਹੀ ਹੈ । ਲੋਕ ਵੀ ਕਾਫ਼ੀ ਹੱਕੀ ਹੋ ਜਾਂਦੇ ਹਨ ਤੇ ਸਮਾਜ ਵਿੱਚ ਸ਼ੋਭਾ ਵੀ ਮਿਲ ਜਾਂਦੀ ਹੈ।

ਅਖੀਰ ਵਿੱਚ ਇਹ ਹੈ ਕਿ ਬਿਨਾ ਮਤਲਬ ਉਲਝਣ ਤੇ ਬਹਿਸ ਕਰਨ ਨਾਲੋਂ ਚੁੱਪ ਹੀ ਭਲੀ ਹੈ। ਮੂਰਖ ਨੂੰ ਸਮਝਾਉਣਾ , ਸਮੇਂ ਦੀ ਬਰਬਾਦੀ ਹੀ ਹੈ । ਇਹ ਸੋਚ ਕੇ ਕਿ ਅੰਨ੍ਹੇ ਅੱਗੇ ਰੋਣਾ ਅੱਖੀਆਂ ਦਾ ਜਾਇਆ ਵਾਲੀ ਗੱਲ ਪੱਲੇ ਬੰਨ੍ਹ ਕੇ ਤੇ ਇੱਕ ਚੁੱਪ ਤੇ ਸੋ ਸੁੱਖ ਵਾਲੀ ਨੀਤੀ ਹੀ ਅਪਣਾ ਲੈਣੀ ਚਾਹੀਦੀ ਹੈ।ਅੰਤ ਭਲੇ ਦਾ ਭਲਾ ਹੀ ਹੁੰਦਾ ਹੈ।

# ਹਰੀ ਕ੍ਰਾਂਤੀ ਦੀ ਲਲਕ ਨੇ ਵਿਗਾੜੀ ਪੰਜਾਬ ਦੀ ਆਬੋ ਹਵਾ



ਪਰਮਜੀਤ ਸਿੰਘ ਧੰਜੂ
94171-21199



ਪੰਜਾਬ ਦੀ ਜਰਖੇਜ਼ ਜ਼ਮੀਨ ਅੱਜ ਆਪਣੇ ਪੈਰੀਂ ਆਪ ਮਾਰੇ ਕੁਹਾੜੇ ਦੇ ਹੈਰਾਨਕੁੰਨ ਤੇ ਤਬਹਾਕੁੰਨ ਨਤੀਜੇ ਭੁਗਤਣ ਲਈ ਮਜਬੂਰ ਹੈ। ਜਦੋਂ ਦੇਸ਼ ਆਜ਼ਾਦ ਹੋਇਆਂ ਸਰਕਾਰ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਦੇਸ਼ ਦੀ ਵੱਡੀ ਆਬਾਦੀ ਦਾ ਪੇਟ ਭਰਨ ਦੀ ਆਈ। ਸਰਕਾਰ ਨੂੰ ਮੁਲਕ ਦੀ ਵੱਡੀ ਆਬਾਦੀ ਦਾ ਪੇਟ ਭਰਨ ਲਈ ਵਿਦੇਸ਼ਾਂ ਤੋਂ ਕਣਕ ਮੰਗਵਾਉਣੀ ਪੈਂਦੀ ਸੀ, ਜੋ ਕੁਆਲਟੀ ਪੱਖੋਂ ਤਾਂ ਮਾੜੀ ਹੈ ਹੀ ਸੀ ਨਾਲ ਹੀ ਕੇਂਦਰ ਸਰਕਾਰ ਨੂੰ ਸਬੰਧਤ ਮੁਲਕ ਨੂੰ ਕਣਕ ਦੀ ਕੀਮਤ ਉਸ ਮੁਲਕ ਦੀ ਕਰਾਂਸੀ ਵਿਚ ਤਾਰਨੀ ਪੈਂਦੀ ਸੀ। ਜਿਸ ਨਾਲ ਦੇਸ਼ ਨੂੰ ਦੋਹਰੀ ਮਾਰ ਦਾ ਸਾਹਮਣਾ ਕਰਨਾ ਪੈਂਦਾ ਸੀ। ਪਰ ਇਸ ਸਭ ਦੇ ਬਾਵਜੂਦ ਸਰਕਾਰ ਕੋਲ ਹੋਰ ਕੋਈ ਚਾਰਾ ਵੀ ਨਹੀਂ ਸੀ। ਫਿਰ ਭਾਰਤ ਦੇ ਸ਼ਾਤਰ ਖੇਤੀ ਵਿਗਿਆਨੀਆਂ ਨੇ ਅਮਰੀਕਾ ਦਾ ਫੇਲ੍ਹ ਖੇਤੀ ਮਾਡਲ ਜਬਰਦਸਤੀ ਦੇਸ਼ ਦੇ ਕਿਸਾਨਾਂ 'ਤੇ ਥੋਪਿਆ, ਜਿਸਨੂੰ ਪੰਜਾਬ ਦੇ ਕਿਸਾਨਾਂ ਨੇ ਬਹੁਤ ਸ਼ਿੱਦਤ ਨਾਲ ਅਪਣਾਇਆ। ਕੁਝ ਕੁ ਸਾਲਾਂ ਵਿਚ ਪੰਜਾਬ ਦੇ ਕਿਸਾਨਾਂ ਨੇ ਦੇਸ਼ ਨੂੰ ਅੰਨ ਦੇ ਖੇਤਰ ਵਿਚ ਤਾਂ ਆਤਮ ਨਿਰਭਰ



ਕਰ ਦਿੱਤਾ ਪਰ ਉਹ ਖੁਦ ਹਾਲੋਂ ਬੇਹਾਲ ਹੋ ਗਏ। ਦੱਸ ਦੇਈਏ ਕਿ ਕਿਸਾਨਾਂ ਨੂੰ ਸਸਤੇ ਖੇਤੀ ਕਰਜੇ ਅਤੇ ਸੰਦਾਂ ਦੀ ਖਰੀਦ ਲਈ ਤਰ੍ਹਾਂ ਤਰ੍ਹਾਂ ਦੇ ਸਬਜ਼ਬਾਗ ਦਿਖਾਏ ਅਤੇ ਦਿੱਤੇ ਵੀ ਗਏ। ਕਿਸਾਨਾਂ ਨੇ ਵੀ ਧੜਾ ਧੜ ਮਸ਼ੀਨਰੀ ਖਰੀਦੀ ਅਤੇ ਹੋਰ ਅਨੇਕਾਂ ਤਰ੍ਹਾਂ ਦੇ ਕਰਜੇ ਲਏ। ਬਹੁ ਗਿਣਤੀ ਕਿਸਾਨਾਂ ਨੇ ਖੇਤੀ ਕਰਜੇ ਆਪਣੀਆਂ ਘਰੇਲੂ ਜ਼ਰੂਰਤਾਂ ਵਿਚ ਖਰਚ ਕਰ ਦਿੱਤੇ। ਸਭ ਤੋਂ ਮਾਰੂ ਅਸਰ ਕਿਸਾਨਾਂ 'ਤੇ ਮੜ੍ਹੀਆਂ ਗਈਆਂ ਰਸਾਇਣਕ ਖਾਦਾਂ, ਕੀਟਨਾਸ਼ਕਾਂ, ਫਫੂੰਦੀਨਾਸ਼ਕਾਂ ਅਤੇ ਨਦੀਨਨਾਸ਼ਕਾਂ ਨੇ ਕੀਤਾ। ਜਿਸਦਾ ਸਭ ਤੋਂ ਵੱਧ ਖਮਿਆਜ਼ਾ ਵੀ ਪੰਜਾਬ ਦੇ ਕਿਸਾਨਾਂ ਨੇ ਭੁਗਤਿਆ ਅਤੇ ਭੁਗਤ ਰਹੇ ਹਨ। ਕਿਉਂਕਿ ਪੰਜਾਬ ਵਿਚ ਪਹਿਲਾਂ ਦੇਸੀ ਕਪਾਹ ਅਤੇ ਨਰਮੇ ਦੀ ਕਾਸ਼ਤ ਹੁੰਦੀ ਸੀ, ਜਦੋਂ ਤੋਂ ਅਮਰੀਕਨ ਕਿਸਮਾਂ ਹੇਠ ਰਕਬਾ ਵਧਿਆ ਤਾਂ ਸਭ ਤੋਂ ਪਹਿਲਾਂ ਤਾਂ ਪੰਜਾਬ ਦੇ ਕਿਸਾਨਾਂ ਨੂੰ ਇਹ ਬੜਾ ਲਾਹੇਵੰਦ ਲੱਗਾ ਪਰ ਹੌਲੀ ਹੌਲੀ ਇਸਦੇ ਮਾਰੂ ਨਤੀਜਿਆਂ ਨੇ ਕਿਸਾਨਾਂ ਨੂੰ ਹਾਲੋਂ ਬੇਹਾਲ ਕਰ ਦਿੱਤਾ। ਰੂੜੀ ਦੀ ਖਾਦ ਨਾਲ ਇੱਕ ਟਰਾਲੀ ਪ੍ਰਤੀ ਏਕੜ ਪੈਦਾ ਹੋਣ ਵਾਲੀ ਕਣਕ ਦੀ ਫ਼ਸਲ ਡੀ.ਏ.ਪੀ, ਜਿਪਸਮ, ਪੋਟਾਸ਼ ਅਤੇ ਯੂਰੀਏ ਦੀ ਗੁਲਾਮ ਹੋ ਕੇ ਰਹਿ ਗਈ। ਨਤੀਜਾ ਇਹ ਹੋਇਆ ਕਿ ਇੱਕ ਖਾਸ ਪੱਧਰ 'ਤੇ ਜਾ ਕੇ ਪੈਦਾਵਰ ਰੁਕ ਗਈ ਪਰ ਖੇਤੀ ਲਾਗਤਾਂ ਦੁੱਗਣੀਆਂ ਤਿੱਗਣੀਆਂ ਵਧ ਗਈਆਂ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਝੋਨਾ ਪੰਜਾਬੀਆਂ ਦੀ ਖੁਰਾਕ ਨਹੀਂ ਹੈ। ਜਦੋਂ 80ਵਿਆਂ ਦੇ ਦਹਾਕੇ ਵਿਚ ਨਰਮੇ ਦੀ ਫਸਲ ਨੂੰ ਅਮਰੀਕਨ ਸੁੰਡੀ ਨੇ ਸਾਹ ਸਤਹੀਣ ਕਰ ਦਿੱਤਾ ਤਾਂ ਮਜਬੂਰਨ ਕਿਸਾਨਾਂ ਨੂੰ ਝੋਨੇ ਦੀ ਫ਼ਸਲ ਵੱਲ ਪਰਤਣਾ ਪਿਆ। ਅੱਜ ਆਲਮ ਇਹ ਹੈ ਕਿ ਪੰਜਾਬ ਦੀਆਂ ਬਹੁਗਿਣਤੀ ਸਬਡਵੀਜ਼ਨਾਂ ਵਿਚ ਪਾਣੀ ਦਾ ਪੱਧਰ ਖ਼ਤਰਨਾਕ ਪੱਧਰ ਤਕ ਹੇਠਾਂ ਚਲਾ ਗਿਆ। ਇਵੇਂ ਹੀ ਪੰਜਾਬ ਵਿਚ ਗੰਨੇ ਦੀ ਕਾਸ਼ਤ ਰਿਕਾਰਡ ਤੋੜ ਹੁੰਦੀ ਸੀ। ਫ਼ਸਲ ਵੀ ਪਾਏਦਰ ਸੀ ਪਰ ਸਰਕਾਰਾਂ ਦੀ ਬੇਰਖੀ ਕਾਰਨ ਅੱਕੇ ਹੋਏ ਕਿਸਾਨ ਇਸ ਫ਼ਸਲ ਤੋਂ ਬੇਮੁੱਖ ਹੋ ਗਏ। ਕਿਉਂਕਿ ਉਨ੍ਹਾਂ ਸਮਿਆਂ ਵਿਚ ਜ਼ਿਆਦਾਤਰ ਕੋਆਪ੍ਰੇਟਿਵ ਸ਼ੂਗਰ ਮਿੱਲਾਂ ਗੰਨੇ ਦੀ ਖਰੀਦ ਕਰਦੀਆਂ ਸਨ ਪਰ ਉਨ੍ਹਾਂ ਦੀ ਪੇਮੈਂਟ ਕਰਨ ਦੀ ਕਾਰਗੁਜ਼ਾਰੀ ਇੰਨੀ ਢਿੱਲੀ ਸੀ ਕਿ ਛੇ ਛੇ ਮਹੀਨੇ ਪੇਮੈਂਟ ਹੀ ਨਹੀਂ ਸੀ ਕੀਤੀ ਜਾਂਦੀ ਕਿਸਾਨ ਸ਼ੂਗਰ ਮਿੱਲਾਂ ਦੇ ਚੱਕਰ ਕੱਢ-ਕੱਢ ਹਾਲੋਂ ਬੇਹਾਲ ਹੋ ਜਾਂਦੇ ਸਨ ਤੇ ਫਿਰ ਕਿਸਾਨਾਂ ਨੂੰ ਕਿਹਾ ਜਾਂਦਾ ਸੀ ਕਿ ਹਾਲੇ ਪੇਮੈਂਟ ਉਪਲਬਧ ਨਹੀਂ ਤੇ ਤੁਸੀਂ ਖੰਡ ਲੈ ਜਾਵੋ। ਅਜਿਹੇ ਬੇਢੰਗੇ ਕਾਰਨਾਮਿਆਂ ਦੇ ਚਲਦਿਆਂ ਕਿਸਾਨਾਂ ਦਾ ਮੋਹ ਗੰਨਾ ਉਗਾਉਣ ਵੱਲੋਂ ਬੇਮੁਖ ਹੋ ਕੇ ਰਹਿ ਗਿਆ। ਇਵੇਂ ਮਸਰ ਅਤੇ ਛੋਲਿਆਂ ਦੀ ਕਾਸ਼ਤ ਵੀ ਬੇਮਿਸਾਲ ਸੀ ਤੇ ਸਰਕਾਰਾਂ ਦੀ ਘਟੀਆਂ ਖ੍ਰੀਦ ਨੀਤੀ ਨੇ ਕਿਸਾਨਾਂ ਦਾ ਮੋਹ ਇਸ ਫ਼ਸਲ ਤੋਂ ਵੀ ਭੰਗ ਕਰਕੇ ਰੱਖ ਦਿੱਤਾ। ਛੋਲੇ ਜੋ ਕਿ ਬਰਾਨੀ ਇਲਾਕੇ ਦੀ ਅਹਿਮ ਫ਼ਸਲ ਸੀ ਪਰ ਸਰਕਾਰ ਨੇ ਉਸਦੀ ਅਣਦੇਖੀ ਕਰਕੇ ਕਿਸਾਨਾਂ ਵਿਚ ਉਸਨੂੰ ਉਗਾਉਣ ਦਾ ਚਾਅ ਹੀ ਮਾਰ ਦਿੱਤਾ। ਜੇਕਰ ਹੋਰ ਸੱਚਾਈ ਦੀ ਗੱਲ ਕਰੀਏ ਤਾਂ ਮੁਲਕ ਅੰਦਰ ਵਪਾਰੀ, ਕਾਰਖਾਨੇਦਾਰ ਨੂੰ ਅਨੇਕ ਤਰ੍ਹਾਂ ਦੀਆਂ ਗਾਰੰਟੀਆਂ ਕਾਰੋਬਾਰ ਨੂੰ ਸਾਵਾਂ ਰੱਖਣ ਲਈ ਉਪਲਬਧ ਹਨ। ਇਕ ਕਿਸਾਨ ਹੀ ਹੈ ਜੋ ਰੱਬ ਦੇ ਆਸਰੇ ਜਿਉਂਦਾ ਹੈ ਜਦੋਂ ਤਕ ਉਸਦੀ ਪੱਕੀ ਹੋਈ ਤੇ ਪੁੱਤਾਂ ਵਾਂਗ ਪਾਲੀ ਫ਼ਸਲ ਵਿਕ ਨਹੀਂ ਜਾਂਦੀ ਉਦੋਂ ਤਕ ਕੁਦਰਤੀ ਆਫਤਾਂ ਦਾ ਡਰ ਸਿਰ 'ਤੇ ਮੰਡਰਾਉਂਦਾ ਰਹਿੰਦਾ ਹੈ। ਹੋਰ ਸਿਤਮ ਦੀ ਗੱਲ ਇਹ ਹੈ ਕਿ ਸਾਲਾਂ ਪਹਿਲਾਂ ਸਵਾਮੀਨਾਥਨ ਰਿਪੋਰਟ ਤਿਆਰ ਹੋਈ ਸੀ ਜੋ ਕਿ ਹਾਲੇ ਤਕ ਲਾਗੂ ਨਹੀਂ ਹੋਈ ਜਿਸ ਵਿਚ ਕਿਸਾਨ ਹਿਤ ਦੇ ਅਨੇਕਾਂ ਫੈਸਲੇ ਮੌਜੂਦ ਸਨ। ਫ਼ਸਲਾਂ 'ਤੇ ਐਮ.ਐਸ.ਪੀ ਅਤੇ ਖਰੀਦ ਗਾਰੰਟੀ ਜਿਹੀਆਂ ਮੱਦਾਂ ਉਸ ਵਿਚ ਸ਼ਾਮਲ ਸਨ ਪਰ ਅਫਸੋਸ ਕਿ ਸ਼ਾਤਰ ਕਿਸਮ ਦੇ ਸਿਆਸਦਾਨਾਂ ਨੇ ਉਹ ਹਾਲੇ ਤਕ ਲਾਗੂ ਨਹੀਂ ਕੀਤੀ ਜੋ ਸਿੱਧਾ ਕਿਸਾਨ ਵਰਗ ਨਾਲ ਅਨਿਆਂ ਹੈ। ਸਾਡੀ ਜਾਚੇ ਖੇਤੀ ਵਿਗਿਆਨੀਆਂ ਨੂੰ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਲਈ ਵੱਖਰਾ ਖੇਤੀ ਮਾਡਲ ਹੋਂਦ ਵਿਚ ਲਿਆਉਣਾ ਚਾਹੀਦਾ ਹੈ ਕਿਉਂਕਿ ਇਨ੍ਹਾਂ ਸੂਬਿਆਂ ਦੀ ਆਬੋ ਹਵਾ ਹੋਰਨਾਂ ਸੂਬਿਆਂ ਤੋਂ ਭਿੰਨ ਹੈ। ਇਹ ਵੀ ਦੱਸ ਦੇਈਏ ਕਿ ਸਾਡਾ ਮੁਲਕ ਖੇਤੀ ਪ੍ਰਧਾਨ ਦੇਸ਼ ਹੈ। ਇਨ੍ਹਾਂ ਦੋਵਾਂ ਸੂਬਿਆਂ ਦਾ ਅਰਥਚਾਰੇ ਦਾ ਮੁੱਖ ਧੁਰਾ ਖੇਤੀਬਾੜੀ ਹੈ। ਇਸ ਲਈ ਦੋਵਾਂ ਸੂਬਿਆਂ ਵਿਚ ਖੇਤੀ ਸਨਅਤਾਂ ਵਿਸ਼ੇਸ਼ ਤਰਜ਼ੀਹ ਦੇ ਅਧਾਰ 'ਤੇ ਲਾਈਆਂ ਜਾਣ, ਕਿਸਾਨਾਂ ਨੂੰ ਖੇਤੀ ਤੋਂ ਇਲਾਵਾ ਸਹਾਇਕ ਧੰਦਿਆਂ ਵੱਲ ਆਕਰਸ਼ਤ ਕੀਤਾ ਜਾਵੇ। ਜਿਸ ਨਾਲ ਉਨ੍ਹਾਂ ਦੀ ਆਮਦਨ ਵਿਚ ਇਜ਼ਾਫ਼ਾ ਹੋਵੇਗਾ ਅਤੇ ਉਨ੍ਹਾਂ ਦੇ ਨੌਜਵਾਨਾਂ ਲਈ ਰੁਜਗਾਰ ਦੇ ਵੀ ਰਾਹ ਖੁੱਲ੍ਹਣਗੇ। ਜਦੋਂ ਕਿਸਾਨਾਂ ਦੀ ਆਮਦਨ ਵਧੇਗੀ ਤਾਂ ਉਨ੍ਹਾਂ ਵਿਚ ਚੱਲ ਰਿਹਾ ਆਤਮ ਹੱਤਿਆ ਦਾ ਰੁਝਾਨ ਖੁਦ ਬਖੁਦ ਠੱਲ੍ਹਿਆ ਜਾਵੇਗਾ। ਪਰ ਇਸ ਲਈ ਸ਼ਾਸਕਾਂ ਦੇ ਨੇਕ ਇਰਾਦੇ ਅਤੇ ਦ੍ਰਿੜ ਇੱਛਾ ਸ਼ਕਤੀ ਦੀ ਲੋੜ ਹੈ। ਜੋ ਕਿਸਾਨਾਂ ਪ੍ਰਤੀ ਸੰਜੀਦਾ ਨਹੀਂ ਹਨ। ਇਹ ਵੀ ਜਾਣਦੇ ਹੋਏ ਕਿ ਮੁਲਕ ਦੀ ਆਰਥਿਕਤਾ ਦਾ ਧੁਰਾ ਹੀ ਖੇਤੀਬਾੜੀ ਪਰ ਬਾਵਜੂਦ ਇਸਦੇ ਕਿਸਾਨ ਵਰਗ ਅਣਦੇਖੀ ਦਾ ਸ਼ਿਕਾਰ ਹੈ। ਪਿਛਲੇ ਸਾਲਾਂ ਦੌਰਾਨ ਦਿੱਲੀ ਦੀਆਂ ਬਰੂਹਾਂ 'ਤੇ ਉਸਰਿਆ ਕਿਸਾਨ ਅੰਦੋਲਨ ਵੀ ਇਸੇ ਕੜੀ ਦਾ ਹਿੱਸਾ ਸੀ ਜੋ ਗੈਰਸੰਜੀਦਾ ਰਾਜਸੀ ਲੋਕਾਂ ਦੀ ਭੇਟ ਚੜ ਗਿਆ ਅਤੇ ਅੱਜ ਫਿਰ ਕਿਸਾਨ ਆਪਣੇ ਆਪ ਨੂੰ ਠੱਗਿਆ ਮਹਿਸੂਸ ਕਰ ਰਿਹਾ ਹੈ। ਇਥੇ ਇਕ ਗੱਲ ਹੋਰ ਵਰਨਣਯੋਗ ਹੈ ਕਿ ਚੌਧਰੀ ਕਿਸਮ ਦੇ ਕਿਸਾਨ ਆਗੂ ਵੀ ਆਪਣੇ ਨਿੱਜੀ ਮੁਫਾਦਾਂ ਨੂੰ ਪੱਠੇ ਪਾਉਣ ਤੋਂ ਅਗਾਂਹ ਨਹੀਂ ਸੋਚ ਰਹੇ ਤੇ ਅਨੇਕਾਂ ਧੜਿਆਂ ਵਿਚ ਵੰਡੇ ਹੋਏ ਹਨ ਅਤੇ ਆਪਣੀ ਆਪਣੀ ਚੌਧਰ ਚਮਕਾਉਣ ਲਈ ਵੱਖੋ ਵੱਖਰੀ ਡਫਲੀ ਵਜਾ ਰਹੇ ਹਨ। ਜੇਕਰ ਉਹ ਸਚਮੁਚ ਹੀ ਕਿਸਾਨਾਂ ਦੇ ਮਸਲਿਆਂ ਪ੍ਰਤੀ ਸੰਜੀਦਾ ਹਨ ਤਾਂ ਉਨ੍ਹਾਂ ਨੂੰ ਨਿੱਜ ਤੋਂ ਉਪਰ ਉਠਕੇ ਸੋਚਣਾ ਪਵੇਗਾ ਅਤੇ ਇਕ ਸਰਵਸਾਂਝਾ ਪਲੇਟਫਾਰਮ ਉਸਾਰਨਾਂ ਪਵੇਗਾ। ਫਿਰ ਹੀ ਉਹ ਕੇਂਦਰ ਅਤੇ ਰਾਜ ਸਰਕਾਰਾਂ 'ਦੇ ਦਬਾਅ ਪਾਉਣ ਦੇ ਸਮਰੱਥ ਹੋ ਸਕਦੇ ਹਨ।

- ਬਲਜਿੰਦਰ ਜੌੜਕੀਆਂ



# ਹੱਲਾਸ਼ੇਰੀ ਵਧਾਉਂਦੀ ਹੈ ਬੱਚਿਆਂ ਦਾ ਮਨੋਬਲ

ਕੁਝ ਬੱਚੇ ਜਮਾਤ 'ਚ ਸੌਖੇ ਪ੍ਰਸ਼ਨਾਂ ਦੇ ਉੱਤਰ ਅਧਿਆਪਕ ਨੂੰ ਵਾਰ-ਵਾਰ ਪੁੱਛਦੇ ਹਨ। ਕਈ ਵਾਰ ਉਨ੍ਹਾਂ ਦੇ ਇਸ ਰਵੱਈਏ ਤੋਂ ਅਧਿਆਪਕ ਖਿਝ ਜਾਂਦੇ ਹਨ। ਅਸਲ 'ਚ ਅਜਿਹੇ ਵਿਦਿਆਰਥੀਆਂ ਦਾ ਮਸਲਾ ਸਵਾਲਾਂ ਦੇ ਉੱਤਰ ਦਾ ਨਹੀਂ ਹੁੰਦਾ ਸਗੋਂ ਉਹ ਆਪਣੀ ਪਛਾਣ ਵਿਖਾਉਣ ਲਈ ਵਾਰ-ਵਾਰ ਅੱਗੇ ਆਉਂਦੇ ਹਨ। ਅਜਿਹੇ ਮੌਕੇ ਅਧਿਆਪਕ ਦੇ ਟੁੱਟ ਕੇ ਪੈਣ ਨਾਲ ਉਨ੍ਹਾਂ ਦੇ ਅੰਦਰਲੇ ਸੋਮੇ ਸੁੱਕ ਜਾਂਦੇ ਹਨ। ਅਜਿਹੇ ਬੱਚੇ ਦੂਸਰੇ ਬੱਚਿਆਂ ਲਈ ਮਜ਼ਾਕ ਦਾ ਪਾਤਰ ਬਣ ਜਾਂਦੇ ਹਨ ਤੇ ਇੱਥੋਂ ਆਪਣੀ ਹੋਂਦ ਤੇ ਸਵੈ-ਪ੍ਰਗਟਾਵੇ ਲਈ ਜੂਝ ਰਹੇ ਬੱਚੇ ਅੰਦਰ ਆਲੇ-ਦੁਆਲੇ ਖ਼ਾਸ ਕਰਕੇ ਸਕੂਲ ਪ੍ਰਤੀ ਨਫ਼ਰਤ ਸ਼ੁਰੂ ਹੋ ਜਾਂਦੀ ਹੈ।

ਤਨ-ਮਨ ਦੱਬੇ ਜਾਂਦੇ ਹਨ ਬੋਝ ਥੱਲੇ

ਸਿੱਖਿਆ ਖੇਤਰ 'ਚ ਵੀ ਬਲੇਮ ਗੇਮ ਖੇਡੀ ਜਾਂਦੀ ਹੈ ਭਾਵ ਆਪਣੀਆਂ ਨਾਕਾਮੀਆ ਦਾ ਦੋਸ਼ ਦੂਸਰਿਆਂ ਸਿਰ ਮੜ੍ਹ ਦਿੱਤਾ ਜਾਂਦਾ ਹੈ। ਸਕੂਲਾਂ ਵੱਲੋਂ ਆਪਣੇ ਵਿਦਿਆਰਥੀਆਂ ਦੇ ਮੱਧਮ ਪ੍ਰਦਰਸ਼ਨ ਲਈ ਮਾਪਿਆਂ ਵੱਲ ਉਂਗਲੀਆਂ ਉਠਾਈਆਂ ਜਾਂਦੀਆਂ ਹਨ, ਸਰਕਾਰ ਅਧਿਆਪਕਾਂ ਨੂੰ ਦੋਸ਼ੀ ਠਹਿਰਉਂਦੀ ਹੈ। ਮਾਪੇ ਸਮੁੱਚੇ ਸਿੱਖਿਆ ਤੰਤਰ ਤੋਂ ਪਰੇਸ਼ਾਨ ਹਨ। ਇਕ-ਦੂਜੇ 'ਤੇ ਦੋਸ਼ਾਂ ਨੇ ਸਿੱਖਿਆ ਖੇਤਰ ਦਾ ਸੁਧਾਰ ਨਹੀਂ ਕਰਨਾ। ਸਿੱਖਿਆ ਨਾਲ ਜੁੜੀਆਂ ਸਾਰੀਆਂ ਧਿਰਾਂ ਵੱਲੋਂ ਮੂਲ ਰੂਪ ਠੋਸ ਕਦਮ ਉਠਾਉਣ ਨਾਲ ਹੀ ਸਿੱਖਿਆ ਦੇ ਸਰਬਪੱਖੀ ਵਿਕਾਸ ਵਾਲਾ ਮਾਡਲ ਸਾਹਮਣੇ ਆਉਣਾ ਹੈ। ਸਕੂਲਾਂ 'ਚ ਬੱਚੇ ਆਪਣੇ ਨਾਲ ਲੋੜੋਂ ਵੱਧ ਸਮਾਨ ਲੈ ਕੇ ਆਉਂਦੇ ਹਨ। ਇੰਨਾ ਕੁਝ ਯਾਦ ਕਰਨ ਨੂੰ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਦੇ ਤਨ ਤੇ ਮਨ ਬੋਝ ਥੱਲੇ ਦੱਬੇ ਜਾਂਦੇ ਹਨ। ਬੱਚਿਆਂ ਦੇ ਬਸਤਿਆਂ ਦਾ ਭਾਰ ਹੌਲਾ ਕਰਨ ਦੇ ਨਾਲ-ਨਾਲ ਘਰ ਦੇ ਕੰਮ ਦਾ ਬੋਝ ਘਟਾਉਣਾ ਵੀ ਬਹੁਤ ਜ਼ਰੂਰੀ ਹੈ। ਸੁਧਾਰ ਲਚਕ 'ਚੋਂ ਨਿਕਲਦੇ ਹਨ, ਕਠੋਰ ਪ੍ਰਬੰਧ ਕਦੇ ਵੀ ਵਧੀਆ ਨਤੀਜੇ ਨਹੀਂ ਦੇ ਸਕਦਾ ।

## ਪੱਖਪਾਤੀ ਵਤੀਰਾ ਅਨੇਕਾਂ ਪ੍ਰਤਿਭਾਵਾਂ ਦਾ ਕਰਦੈ ਕਤਲ

ਬੱਚੇ ਸੂਖ਼ਮ ਹੁੰਦੇ ਹਨ। ਸਕੂਲ, ਘਰ ਅਤੇ ਆਲੇ-ਦੁਆਲੇ ਦਾ ਪੱਖਪਾਤ ਉਨ੍ਹਾਂ 'ਤੇ ਬੁਰਾ ਅਸਰ ਪਾਉਂਦਾ ਹੈ। ਉਦਾਹਰਨ ਵਜੋਂ ਅਧਿਆਪਕ ਹੁਸ਼ਿਆਰ ਵਿਦਿਆਰਥੀਆਂ ਨਾਲ ਜ਼ਿਆਦਾ ਗੱਲਬਾਤ ਕਰਦੇ ਹਨ। ਉਨ੍ਹਾਂ ਨੂੰ ਜਮਾਤ ਵਿਚ ਵਧੇਰੇ ਜ਼ਿੰਮੇਵਾਰੀ ਦਿੰਦੇ ਹਨ। ਅਧਿਆਪਕ ਦਾ ਇਹ ਪੱਖਪਾਤੀ ਵਤੀਰਾ ਅਨੇਕਾਂ ਪ੍ਰਤਿਭਾਵਾਂ ਦਾ ਕਤਲ ਕਰ ਦਿੰਦਾ ਹੈ। ਇਹ ਹੋਰ ਵੀ ਨੁਕਸਾਨਦੇਹ ਸਾਬਿਤ ਹੁੰਦਾ ਹੈ ਕਿਉਂਕਿ ਇਸ ਨਾਲ ਔਸਤ ਵਿਦਿਆਰਥਆਂ ਨੂੰ ਸਿੱਧਾ ਇਸ਼ਾਰਾ ਹੁੰਦਾ ਕਿ ਅਧਿਆਪਕ ਉਨ੍ਹਾਂ ਤੋਂ ਹੁਸ਼ਿਆਰ ਵਿਦਿਆਰਥੀਆਂ ਦੇ ਮੁਕਾਬਲੇ ਉਮੀਦਾਂ ਬਹੁਤ ਘੱਟ ਹਨ। ਅਧਿਆਪਕ ਮੋਹ ਤੋਂ ਵਿਰਵੇ ਅਜਿਹੇ ਬੱਚੇ ਬਾਗ਼ੀ ਤੇ ਗੈਰ-ਜ਼ਿੰਮੇਵਾਰ ਹੋ ਜਾਂਦੇ ਹਨ।

## ਯੋਗਤਾ ਤੇ ਸਮਰੱਥਾ ਪਛਾਣਨ ਲਈ ਸੂਝ ਦੀ ਲੋੜ

ਵਿਦਿਆਰਥੀਆਂ ਦੀ ਪ੍ਰੇਰਨਾ ਨੂੰ ਉਤਸ਼ਾਹਿਤ ਕਰਨਾ ਕੋਈ ਸੌਖਾ ਕੰਮ ਨਹੀਂ ਹੈ। ਉਨ੍ਹਾਂ ਦੀ ਯੋਗਤਾ ਤੇ ਸਮਰੱਥਾ



ਨੂੰ ਪਛਾਣਨ ਤੇ ਨਿਰਪੱਖ ਵਿੱਦਿਅਕ ਮਾਹੌਲ ਬਣਾਈ ਰੱਖਣ ਲਈ ਸੂਖ਼ਮ ਸੂਝ ਦੀ ਲੋੜ ਹੁੰਦੀ ਹੈ। ਜਦੋਂ ਵਿਦਿਆਰਥੀ ਅਧਿਆਪਕ ਦੀਆਂ ਉਮੀਦਾਂ 'ਤੇ ਖਰੇ ਨਹੀਂ ਉਤਰਦੇ ਤਾਂ ਉਨ੍ਹਾਂ ਨੂੰ ਸਹਿਜ ਰੱਖਣ ਦੀ ਲੋੜ ਹੁੰਦੀ ਹੈ। ਅਧਿਆਪਕ ਵੱਲੋਂ ਬੱਚੇ ਦਾ ਬਾਈਕਾਟ ਬਹੁਤ ਹਾਨੀਕਾਰਕ ਹੈ। ਬੱਚੇ ਤੋਂ ਆਸ ਰੱਖਣਾ ਅਧਿਆਪਕ ਦਾ ਕਰਮ ਧਰਮ ਹੈ। 1960 ਦੇ ਦਹਾਕੇ ਵਿਚ ਹਾਰਵਰਡ ਦੇ ਪ੍ਰੋਫੈਸਰ ਰੌਬਰਟ ਰੋਸੇਨਥਲ ਨੇ ਇਕ ਪ੍ਰਯੋਗ ਕੀਤਾ, ਜਿੱਥੇ ਉਸ ਨੇ ਸਾਬਿਤ ਕੀਤਾ ਕਿ ਅਧਿਆਪਕ ਦੀਆਂ ਉਮੀਦਾਂ ਨਾਲ ਬੱਝੇ ਵਿਦਿਆਰਥੀ ਵਧੀਆ ਪ੍ਰਦਰਸ਼ਨ ਕਰਦੇ ਹਨ। ਉਸ ਨੇ ਸਾਲ ਦੇ ਆਰੰਭ ਵਿਚ ਅਤੇ ਫਿਰ ਅੰਤ 'ਚ ਵਿਦਿਆਰਥੀਆਂ ਦੇ ਆਈਕਿਊ ਦੀ ਜਾਂਚ ਕੀਤੀ ਅਤੇ ਸਕੂਲ ਦੇ ਅਧਿਆਪਕਾਂ ਨੂੰ ਦੱਸਿਆ ਕਿ ਕਿਹੜੇ ਵਿਦਿਆਰਥੀਆਂ ਦਾ ਸਾਲ ਦੌਰਾਨ ਆਈਕਿਊ ਵਧਣ ਦੀ ਸੰਭਾਵਨਾ ਹੈ ਅਤੇ ਇਹ ਕਮਾਲ ਸੀ ਕਿ ਉਨ੍ਹਾਂ ਬੇਤਰਤੀਬੇ ਚੁਣੇ ਵਿਦਿਆਰਥੀਆਂ ਨੇ ਸਾਲ ਦੇ ਅੰਤ ਵਿਚ ਬਿਹਤਰ ਪ੍ਰਦਰਸ਼ਨ ਕੀਤਾ।

## ਅਧਿਆਪਕ-ਵਿਦਿਆਰਥੀ ਨੇੜਤਾ

ਅਧਿਆਪਕ-ਵਿਦਿਆਰਥੀ ਨੇੜਤਾ ਦਾ ਆਪਣਾ ਵਿਸ਼ੇਸ਼ ਮਹੱਤਵ ਹੈ। ਅਧਿਆਪਕ ਵੱਲੋਂ ਬੱਚਿਆਂ ਨਾਲ ਅੱਖਾਂ ਦੇ ਸੰਪਰਕ ਦਾ ਕ੍ਰਿਸ਼ਮਈ ਅਸਰ ਹੁੰਦਾ ਹੈ। ਅਧਿਆਪਕ-ਵਿਦਿਆਰਥੀ ਵਾਰਤਾਲਾਪ ਦਾ ਸੁਰਮਈ ਹੋਣਾ ਅਤਿ ਜ਼ਰੂਰੀ ਹੈ। ਕਈ ਵਾਰ ਕਿਸੇ ਨੂੰ ਚਮਕਦਾਰ ਤਾਰਾ ਬਣਾਉਣ ਵਿਚ ਉਸ ਨਾਲ ਪਹਿਲੇ ਦਿਨ ਤੋਂ ਸਿਤਾਰਿਆਂ ਵਰਗਾ ਸਲੂਕ ਕਰਨਾ ਹੁੰਦਾ ਹੈ। ਸਾਡੇ ਮੋਹ-ਪਿਆਰ ਸਦਕਾ ਉਹ ਇੰਨੀ ਤਰੱਕੀ ਕਰ ਜਾਂਦੇ ਹਨ, ਜਿਸ ਬਾਰੇ ਅਸੀਂ ਕਦੇ ਸੋਚਿਆ ਵੀ ਨਹੀ ਹੁੰਦਾ। ਜਮਾਤ, ਘਰ ਅਤੇ ਬਾਹਰ ਵਿਸ਼ਵਾਸ, ਦੇਖਭਾਲ ਅਤੇ ਸਾਮਾਨ ਵਿਹਾਰ ਨਾਲ ਅਸੀਂ ਆਪਣੇ ਬੱਚਿਆਂ ਦੀ ਸਵੈ-ਪ੍ਰੇਰਨਾ ਨੂੰ ਵਧਾ ਸਕਦੇ ਹਾਂ ਅਤੇ ਖ਼ਾਸ ਕਰਕੇ ਅਧਿਆਪਕ ਦੇ ਯਤਨਾਂ ਨਾਲ ਪੈਦਾ ਹੋਇਆ ਉਤਸ਼ਾਹ ਵਿਦਿਆਰਥੀਆਂ ਦੇ ਜੀਵਨ ਨਿਖਾਰ ਲਈ ਜਾਦੂ ਦੀ ਛੜੀ ਦਾ ਕੰਮ ਕਰਦਾ ਹੈ। ਬੁੱਤ ਤਾਂ ਪੱਥਰ ਦੇ ਅੰਦਰ ਹੀ ਪਿਆ ਹੁੰਦਾ ਹੈ ਕੇਵਲ ਉਸ ਦੇ ਆਸੇ-ਪਾਸਿਓਂ ਵਾਧੂ ਪੱਥਰ ਨੂੰ ਹਟਾਉਣਾ ਹੁੰਦਾ ਹੈ। ਅਜਿਹੀਆਂ ਸੂਖ਼ਮ ਬਿਰਤੀਆਂ ਵਾਲੇ ਕਲਾਕਾਰ ਅਧਿਆਪਕਾਂ ਦੀ ਸਮਾਜ ਨੂੰ ਬਹੁਤ ਲੋੜ ਹੈ।

## ਜ਼ਿੰਦਗੀ ਦੇ ਅਨੁਕੂਲ ਬਣਾਉਂਦੀ ਸਿੱਖਿਆ

ਅਧਿਆਪਕਾਂ ਅੰਦਰ ਕੁਝ ਨਿੱਜੀ ਅਣਸੁਲਝੇ ਮਸਲਿਆਂ ਕਰਕੇ ਬਚੈਨੀ ਵੱਧ ਰਹੀ ਹੈ। ਸਿੱਖਿਆ ਸਾਨੂੰ ਜ਼ਿੰਦਗੀ ਦੇ ਅਨੁਕੂਲ ਬਣਾਉਂਦੀ ਹੈ। ਬੱਚੇ ਦੇ ਦਿਮਾਗ਼ ਨੂੰ ਸ਼ੁਰੂਆਤੀ ਸਾਲਾਂ ਵਿਚ ਜਾਣਕਾਰੀ ਪ੍ਰਾਪਤ ਕਰਨ ਅਤੇ ਪੜ੍ਹੇ ਮੈਟਰ ਵਿੱਚੋਂ ਉੱਤਰ ਦੇਣ ਲਈ ਸਕੂਲ ਅਹਿਮ ਭੂਮਿਕਾ ਅਦਾ ਕਰਦੇ ਹਨ। ਬੱਚੇ ਨੇ ਕੀ ਪੜ੍ਹਨਾ ਹੈ ਅਤੇ ਕੀ ਉੱਤਰ ਦੇਣ ਹੈ, ਬਾਰੇ ਸਿੱਖਿਆਤੰਤਰ ਤੈਅ ਕਰਦਾ ਹੈ। ਥੋਪੀ ਜਾ ਰਹੀ ਸਿੱਖਿਆ ਕਦੇ ਵੀ ਲਾਭਕਾਰੀ ਨਹੀਂ ਹੁੰਦੀ ਤੇ ਇਸ ਦਬਾਅ ਬਾਰੇ ਬੱਚਾ ਅਕਸਰ ਸ਼ੀਸ਼ਾ ਵੀ ਵਿਖਾਉਂਦਾ ਹੈ ਪਰ ਉਸ ਦੀਆਂ ਭਾਵਨਾਵਾਂ ਨੂੰ ਕੁਚਲ ਦਿੱਤਾ ਜਾਂਦਾ ਹੈ। ਇਕ ਸਰਵੇ ਅਨੁਸਾਰ ਧੱਕੇ ਨਾਲ ਦਿੱਤੀ ਸਿੱਖਿਆ ਬੱਚੇ ਦੀ ਸ਼ਖ਼ਸੀਅਤ ਦਾ ਸਰਬਪੱਖੀ ਵਿਕਾਸ ਕਰਨ ਦੀ ਥਾਂ ਉਸ ਅੰਦਰ ਤਾਮਾਮ ਉਮਰ ਲਈ ਅਜਿਹੀ ਕਾਣ ਪਾ ਦਿੰਦੀ ਹੈ, ਜੋ ਕਦੇ ਵੀ ਦੂਰ ਨਹੀਂ ਹੁੰਦੀ। ਬੱਚਿਆਂ ਦੀ ਪ੍ਰੇਰਨਾ ਸ਼ਕਤੀ ਜ਼ੀਰੋ ਹੋ ਜਾਂਦੀ ਹੈ। ਉਨ੍ਹਾਂ ਦੀ ਕਾਰਗੁਜ਼ਾਰੀ 'ਤੇ ਵੀ ਬੁਰਾ ਪ੍ਰਭਾਵ ਪੈਂਦਾ ਹੈ।

## ਅਧਿਆਪਕ ਦਾ ਸਹਿਜਮਈ ਹੋਣਾ ਜ਼ਰੂਰੀ

ਅਧਿਆਪਕ ਦਾ ਪੱਖਪਾਤ ਰਹਿਤ ਤੇ ਸਹਿਜਮਈ ਹੋਣਾ ਅਤਿ ਜ਼ਰੂਰੀ ਹੈ। ਉਸ ਦੇ ਦਇਆਵਾਨ ਹੋਣ ਨਾਲ ਬੱਚੇ ਉਸ ਵੱਲ ਖਿੱਚੇ ਜਾਂਦੇ ਹਨ। ਬੱਚੇ ਸਕੂਲਾਂ 'ਚ ਕੇਵਲ ਕਿਤਾਬਾਂ ਪੜ੍ਹ ਕੇ ਜਮਾਤਾਂ ਪਾਸ ਕਰਨ ਨਹੀਂ ਜਾਂਦੇ ਸਗੋਂ ਦੂਸਰਿਆਂ ਨਾਲ ਸਾਂਝ ਤੇ ਅਦਾਨ-ਪ੍ਰਦਾਨ ਰਾਹੀਂ ਆਪਣਾ ਵਿਕਾਸ ਵੀ ਕਰਦੇ ਹਨ। ਸਕੂਲਾਂ 'ਚ ਸ਼ਮੂਲੀਅਤ ਸੱਭਿਆਚਾਰ ਹੋਣਾ ਅਤਿ ਜ਼ਰੂਰੀ ਹੈ। ਸੰਸਥਾ 'ਚ ਇਕ-ਦੂਜੇ ਪ੍ਰਤੀ ਦਿਆਲਤਾ ਤੇ ਹਰ ਇਕ ਦੀ ਸੱਭਿਆਚਾਰਕ ਤੇ ਭਾਵਨਾਤਮਕ ਸੰਵੇਦਨਸ਼ੀਲਤਾ ਦਾ ਸਨਮਾਨ ਵਿਦਿਆਰਥੀਆਂ ਨੂੰ ਜੀਵਨ ਦੇ ਹੁਨਰ ਸਿਖਾਉਂਦਾ ਹੈ। ਬਦਕਿਸਮਤੀ ਨਾਲ ਬਾਹਰੀ ਡਰਾਂ ਕਰਕੇ ਵਿਦਿਆਰਥੀਆਂ ਦੀ ਸਰਗਰਮ ਸ਼ਮੂਲੀਅਤ ਖ਼ਤਮ ਹੋ ਰਹੀ ਹੈ। ਸਕੂਲਾਂ ਅੰਦਰ ਹਾਸਿਆਂ ਦੀਆਂ ਕਿਲਕਾਰੀਆਂ ਦੀ ਥਾਂ ਅਜੀਬ ਖ਼ਾਮੋਸ਼ੀ ਹੈ।

# ਸਫਲਤਾ ਪ੍ਰਾਪਤ ਕਰਨ ਲਈ ਆਪਣੇ ਗਿਆਨ ਵਿੱਚ ਲਗਾਤਾਰ ਵਾਧਾ ਕਰਦੇ ਰਹੋ



## ਸਫਲਤਾ ਪ੍ਰਾਪਤ ਕਰਨ ਲਈ ਕੀ ਕਰਨਾ ਚਾਹੀਦਾ ਹੈ?

ਜੋ ਲੋਕ ਆਪਣੇ ਜੀਵਨ ਨੂੰ ਸਫਲ ਬਣਾਉਣ ਦੀ ਕੋਸ਼ਿਸ਼ ਕਰਦੇ ਹਨ, ਉਹ ਤਰੱਕੀ ਦੇ ਰਾਹ 'ਤੇ ਗਤੀਸ਼ੀਲ ਰਹਿੰਦੇ ਹਨ ਕਿਉਂਕਿ ਉਨ੍ਹਾਂ ਦੇ ਟੀਚੇ ਦੀ ਦੂਰੀ ਲਗਾਤਾਰ ਘਟਦੀ ਜਾ ਰਹੀ ਹੈ। ਉਹ ਲਗਾਤਾਰ ਵੱਡੇ ਅਤੇ ਵਧੇਰੇ ਕੁਸ਼ਲ ਹੋ ਰਹੇ ਹਨ. ਜੇਕਰ ਤੁਸੀਂ ਆਪਣੀਆਂ ਲੁਕੀਆਂ ਹੋਈਆਂ ਸ਼ਕਤੀਆਂ ਤੱਕ ਪਹੁੰਚਣਾ ਚਾਹੁੰਦੇ ਹੋ ਤਾਂ ਨਿਰੰਤਰ ਸੁਧਾਰ ਜ਼ਰੂਰੀ ਹੈ। ਵਿਅਕਤੀ ਨੂੰ ਆਪਣੇ ਗਿਆਨ ਵਿੱਚ ਲਗਾਤਾਰ ਵਾਧਾ ਕਰਨਾ ਚਾਹੀਦਾ ਹੈ, ਆਪਣੇ ਮਾਨਸਿਕ ਅਤੇ ਅਧਿਆਤਮਿਕ ਨਜ਼ਰੀਏ ਨੂੰ ਵਿਸ਼ਾਲ ਕਰਨਾ ਚਾਹੀਦਾ ਹੈ।
(ਥਿੰਕ ਐਂਡ ਗਰੋ ਰਿਚ)

## ਤੁਸੀਂ ਮੁਸੀਬਤ ਵਿੱਚ ਹੋਰ ਸਿੱਖਦੇ ਹੋ

ਮੁਸੀਬਤ ਆਉਣ 'ਤੇ ਆਤਮ-ਵਿਸ਼ਵਾਸ ਟੁੱਟ ਜਾਂਦਾ ਹੈ। ਯੋਜਨਾਵਾਂ ਖਰਾਬ ਹੋ ਜਾਂਦੀਆਂ ਹਨ, ਅਚਾਨਕ ਰੁਕਾਵਟਾਂ ਆਉਂਦੀਆਂ ਹਨ ਅਤੇ ਸਭ ਕੁਝ ਟੁੱਟਦਾ ਜਾਪਦਾ ਹੈ। ਇਹ ਵਿਸ਼ਵਾਸ ਦੇ ਨਵੀਨੀਕਰਨ ਦਾ ਸਮਾਂ ਹੈ। ਜਿੰਨੀ ਵੱਡੀ ਰੁਕਾਵਟ ਹੈ, ਓਨੇ ਹੀ ਜ਼ਿਆਦਾ ਆਤਮ-ਵਿਸ਼ਵਾਸ ਦੀ ਲੋੜ ਹੈ। ਯਾਦ ਰੱਖੋ, ਮਨੁੱਖ ਆਮ ਸਮਿਆਂ ਨਾਲੋਂ ਸੰਕਟ ਵਿੱਚ ਦਸ ਗੁਣਾ ਵੱਧ ਸਿੱਖਦਾ ਹੈ।
(ਦੀ ਮੈਜਿਕ ਆਫ਼ ਲਿੰਕਿੰਗ ਬਿੱਗ )

## ਕੋਸ਼ਿਸ਼ ਦੀ ਸ਼ਲਾਘਾ ਕੀਤੀ ਜਾਣੀ ਚਾਹੀਦੀ ਹੈ

ਸਾਲ 2023 ਵਿੱਚ ਇੱਕ ਵਾਰ ਉਸ ਦੇ ਮਨ ਵਿੱਚ ਇੱਕ ਸਵਾਲ ਉੱਠਿਆ: ਕੀ ਭਾਰਤ ਵਿੱਚ ਕਿੰਨੇ ਕੁ ਲੋਕ ਟਾਈਗਰ ਰਾਖਵੇਂ ਖੇਤਰਾਂ ਬਾਰੇ ਜਾਣਦੇ ਹਨ? ਹੁਣ ਤੁਸੀ ਆਪਣੇ-ਆਪ ਨੂੰ ਵੀ ਇਹ ਸਵਾਲ ਪੁੱਛੋ। ਜਵਾਬ ਵਿੱਚ ਰਣਥੰਬੋਰ, ਕਾਨਹਾ, ਬੰਧਵਗੜ੍ਹ, ਜਿਮ ਕਾਰਬੇਟ, ਦੁਧਵਾ ਤੇ ਪੀਲੀਭੀਤ ਤੋਂ ਅਗਾਂਹ ਤੁਹਾਨੂੰ ਖੋਜ ਕਰਨ ਦੀ ਲੋੜ ਪਵੇਗੀ। ਪਰ ਆਰਜ਼ੂ ਨੂੰ ਹੈਰਾਨੀ ਹੋਈ ਕਿ ਭਾਰਤ ਵਿੱਚ ਟਾਈਗਰ(ਬਾਘ) ਰਿਜ਼ਰਵ ਦੀ ਗਿਣਤੀ 55 ਤੱਕ ਪਹੁੰਚੀ ਹੋਈ ਸੀ। ਇਸ ਸਵਾਲ ਨੇ ਆਰਜ਼ੂ ਨੂੰ ਇਨ੍ਹਾਂ ਸਾਰੇ ਟਾਈਗਰ ਰਿਜ਼ਰਵ ਦਾ ਦੌਰਾ ਕਰਨ ਦੀ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਇਆ। ਬਸ ਫਿਰ ਕਿ ਪ੍ਰੋਜੈਕਟ ਆਲ ਟਾਈਗਰ ਰਿਜ਼ਰਵ" (ਏ.ਟੀ.ਆਰ.) ਨੂੰ ਦਸਤਾਵੇਜ਼ੀ ਰੂਪ ਦੇਣ ਦੇ ਮਿਸ਼ਨ ਨਾਲ਼ ਉਸ ਨੇ ਆਪਣੀ ਯਾਤਰਾ 1 ਅਕਤੂਬਰ 2023 ਰਾਜਸਥਾਨ ਦੇ ਸਰਿਸਕਾ ਟਾਈਗਰ ਰਾਖਵੇਂ ਖੇਤਰ ਤੋਂ ਸ਼ੁਰੂ ਕੀਤੀ। ਜਿਕਰਯੋਗ ਹੈ ਕਿ ਦੇਸ਼ ਵਿੱਚ ਘੱਟ ਰਹੀ ਟਾਈਗਰਜ਼ ਦੀ ਗਿਣਤੀ ਨੂੰ ਬਚਾਉਣ/ਵਧਾਉਣ ਦੇ ਮਕਸਦ ਨਾਲ ਇਹ ਖੇਤਰ ਰਾਖਵੇਂ ਕੀਤੇ ਹੋਏ ਹਨ। ਏਟੀਆਰ ਦੇ ਤਜਰਬੇ ਸਾਂਝੇ ਕਰਦੀ ਹੋਈ ਉਹ ਦੱਸਦੀ ਹੈ ਕਿ ਜਾਨਵਰਾਂ ਨੂੰ ਉਨ੍ਹਾਂ ਦੇ ਕੁਦਰਤੀ ਨਿਵਾਸ ਸਥਾਨਾਂ ਵਿੱਚ ਚਹਿਲਕਦਮੀ ਕਰਦੇ ਵੇਖਣ ਅਤੇ ਉਨ੍ਹਾਂ ਦੇ ਵਿਵਹਾਰ ਨੂੰ ਸਮਝਣ ਲਈ, ਉੱਥੇ ਸਮਾਂ ਬਿਤਾਉਣਾ ਬਹੁਤ ਜ਼ਰੂਰੀ ਹੈ। ਪ੍ਰੋਜੈਕਟ ਏਟੀਆਰ ਦੌਰਾਨ ਅਸੀ ਥਣਧਾਰੀ ਜੀਵਾਂ ਅਤੇ ਪੰਛੀਆਂ ਦੀਆਂ ਬਹੁਤ ਸਾਰੀਆਂ ਕਿਸਮਾਂ ਦਾ ਸਾਹਮਣਾ ਕੀਤਾ ਜੋ ਸਾਡੇ ਲਈ ਨਵੀਆਂ ਸਨ। ਅਜਿਹੀਆਂ ਸਥਿਤੀਆਂ ਵਿੱਚ ਅਸੀ ਮਾਹਿਰਾਂ ਅਤੇ ਸਥਾਨਕ ਗਾਈਡਾਂ 'ਤੇ ਭਰੋਸਾ ਕੀਤਾ ਜੋ ਖੇਤਰ ਅਤੇ ਇਸਦੇ ਜੰਗਲੀ ਜੀਵਾਂ ਤੋਂ ਭਲੀਭਾਂਤ ਜਾਣੂ ਸਨ। ਇਸ ਤਰ੍ਹਾਂ 2023 ਵਿੱਚ ਆਰਜ਼ੂ ਨੂੰ ਭਾਰਤ ਦੀ ਪਹਿਲੀ ਔਰਤ ਵਾਈਲਡ ਲਾਈਫ ਫੋਟੋਗ੍ਰਾਫਰ ਹੋਣ ਦਾ ਮਾਣ ਪ੍ਰਾਪਤ ਹੈ ਜਿਸ ਨੇ ਇੱਕ ਸੜਕੀ ਯਾਤਰਾ ਰਾਹੀ ਦੇਸ਼ ਦੇ 55 ਟਾਈਗਰ ਰਾਖਵਾਂ ਖੇਤਰਾਂ ਦਾ ਦੌਰਾ ਕੀਤਾ। ਇਸ ਮਿਸ਼ਨ ਨੂੰ ਪੂਰਾ ਕਰਨ ਵਿੱਚ ਉਸ ਨੂੰ ਤਕਰੀਬਨ 6 ਤੋਂ 7 ਮਹੀਨੇ ਲੱਗੇ। ਜਿਸ 'ਚ ਉਸ ਨੇ ਕਰੀਬ 37 ਹਜ਼ਾਰ ਕਿਲੋਮੀਟਰ ਦਾ ਸਫ਼ਰ ਤੈਅ ਕੀਤਾ। ਦੇਸ਼ ਦੇ ਇੱਕ ਕੋਨੇ ਤੋਂ ਦੂਜੇ ਕੋਨੇ ਤੱਕ ਇੱਕ ਕੁੜੀ ਦੁਆਰਾ ਕੀਤਾ ਗਿਆ ਇਹ ਸਫ਼ਰ ਵੀ ਕਿਸੇ ਵੱਡੇ ਕਾਰਨਾਮੇ ਤੋਂ ਘੱਟ ਨਹੀਂ। ਇਸ ਯਾਦਗਾਰੀ ਯਾਤਰਾ ਦਾ ਉਦੇਸ਼ ਟਾਈਗਰ ਰਿਜ਼ਰਵ ਬਾਰੇ ਜਨਤਕ ਜਾਗਰੂਕਤਾ ਵਧਾਉਣਾ ਅਤੇ ਭਾਰਤ ਦੇ ਜੰਗਲੀ ਜੀਵਾਂ ਦੀ ਰੱਖਿਆ ਅਤੇ ਸਥਿਰਤਾ ਲਈ ਪ੍ਰੋਜੈਕਟ ਟਾਈਗਰ ਦੇ ਤਹਿਤ ਸੰਭਾਲ ਦੇ ਯਤਨਾਂ ਨੂੰ ਉਜਾਗਰ ਕਰਨਾ ਵੀ ਸੀ।

ਜੰਗਲੀ ਜੀਵ ਫੋਟੋਗ੍ਰਾਫ਼ੀ ਬਾਰੇ ਜ਼ਿਆਦਾਤਰ ਲੋਕ ਇਹੀ ਸੋਚ ਰੱਖਦੇ ਹਨ ਕਿ ਇਹ ਜੰਗਲ ਵਿੱਚ ਜਾਣ, ਇੱਕ ਜੰਗਲੀ ਜਾਨਵਰ ਨੂੰ ਲੱਭਣ ਅਤੇ ਜਾਨਵਰਾਂ ਦੀਆਂ ਬਹੁਤ ਸਾਰੀਆਂ ਸ਼ਾਨਦਾਰ ਤਸਵੀਰਾਂ ਖਿੱਚਣ ਬਾਰੇ ਹੈ। ਇਹ ਸਧਾਰਨ ਅਤੇ ਆਸਾਨ ਲੱਗਦਾ ਹੈ ਕਿਉਂਕਿ ਇਹ ਗਲਤ ਹੈ। ਇੱਕ ਜੰਗਲੀ ਜੀਵ ਫੋਟੋਗ੍ਰਾਫਰ ਇੱਕ ਫੋਟੋਗ੍ਰਾਫ਼ਰ ਅਤੇ ਜੰਗਲੀ ਜੀਵ ਪ੍ਰੇਮੀ ਦੋਵੇਂ ਬਰਾਬਰ ਹਿੱਸਿਆਂ ਵਿੱਚ ਹੁੰਦੇ ਹਨ। ਜੰਗਲੀ ਜੀਵ ਫੋਟੋਗ੍ਰਾਫ਼ਰ ਹੋਣ ਦੇ ਨਾਤੇ ਇਹ ਸਾਡਾ ਮੁੱਢਲਾ ਫਰਜ਼ ਹੈ ਕਿ ਅਸੀ ਇਹ ਯਕੀਨੀ ਬਣਾਈਏ ਕਿ ਅਸੀ ਕੁਦਰਤੀ ਨਿਵਾਸ ਸਥਾਨ ਨੂੰ ਵਿਗਾੜ ਨਾ ਰਹੇ ਹੋਈਏ। ਇਸ ਲਈ ਫੋਟੋਗ੍ਰਾਫ਼ੀ ਦੀਆਂ ਮੂਲ ਗੱਲਾਂ ਸਿੱਖਣ ਦੇ ਨਾਲ-ਨਾਲ ਜੰਗਲੀ ਜੀਵਣ ਦਾ ਸਤਿਕਾਰ ਕਰਨ ਨਾਲ ਸ਼ੁਰੂਆਤ ਕਰੋ। ਜੰਗਲੀ ਜੀਵਾਂ ਦੀ ਵੀ ਇੱਕ ਜ਼ਿੰਦਗੀ ਹੈ ਅਤੇ ਇਸ ਵਿੱਚ ਫੋਟੋਆਂ ਖਿੱਚਣੀਆਂ ਸ਼ਾਮਲ ਨਹੀ ਹਨ। ਉਹ ਆਪਣੇ ਆਪ ਨੂੰ ਮਾਡਲ ਵਜੋਂ ਨਹੀ ਸੋਚਦੇ। ਇਸ ਲਈ ਇੱਕ ਬਿਹਤਰ ਵਾਈਲਡ ਲਾਈਫ ਫੋਟੋਗ੍ਰਾਫ਼ਰ ਬਣਨ ਲਈ ਤੁਹਾਨੂੰ ਜਾਨਵਰਾਂ ਅਤੇ ਪੰਛੀਆਂ ਦੇ ਵਿਵਹਾਰ ਦਾ ਧਿਆਨ ਨਾਲ ਅਧਿਐਨ ਕਰਨ ਅਤੇ ਸਮਝਣ ਦੀ ਜ਼ਰੂਰਤ ਹੈ। ਸਾਡੇ ਦੇਸ਼ ਵਿੱਚ ਬਹੁਤ ਸਾਰੇ ਟਾਈਗਰ ਰਿਜ਼ਰਵ ਅਜਿਹੇ ਸਨ ਜਿੱਥੇ ਬਾਘਾਂ ਨੂੰ ਇਨਸਾਨਾਂ ਦੀ ਆਦਤ ਵੀ ਨਹੀ ਪਈ ਸੀ। ਆਰਜ਼ੂ ਕਹਿੰਦੀ ਹੈ, "ਜੇਕਰ ਤੁਸੀ ਮਿਜ਼ੋਰਮ ਦੇ ਡੰਪਾ ਟਾਈਗਰ ਰਿਜ਼ਰਵ ਜਾਂ ਕੰਨਿਆਕੁਮਾਰੀ ਦੇ ਕਾਲੱਕੜ ਟਾਈਗਰ ਰਿਜ਼ਰਵ ਨੂੰ ਦੇਖੋ। ਇਹ ਉਹ ਟਾਈਗਰ ਰਿਜ਼ਰਵ ਹਨ ਜੋ ਸੈਲਾਨੀਆਂ ਦੀ ਸੂਚੀ ਵਿੱਚ ਨਹੀ ਹਨ। ਅਜਿਹੀ ਸਥਿਤੀ ਵਿੱਚ ਇੱਥੇ ਦੇ ਟਾਈਗਰ ਬਹੁਤ ਸ਼ਰਮੀਲੇ ਹਨ ਅਤੇ ਇਨਸਾਨਾਂ ਦੇ ਸਾਹਮਣੇ ਆਉਣ ਤੋਂ ਵੀ ਸੰਕੋਚ ਕਰਦੇ ਹਨ।"

ਆਰਜ਼ੂ ਅਤੇ ਉਸ ਦੀ ਟੀਮ ਜੰਗਲ ਦੇ ਹਰ ਪਹਿਲੂ ਨੂੰ ਬਾਰੀਕੀ ਨਾਲ ਦਸਤਾਵੇਜ਼ ਬਣਾ ਰਹੀ ਹੈ। ਉਹ ਇਸ ਨੂੰ ਆਪਣੇ ਸੋਸ਼ਲ ਮੀਡੀਆ ਅਤੇ ਯੂਟਿਊਬ ਹੈਂਡਲ 'ਤੇ ਵੀ ਸਾਂਝਾ ਕਰਦੇ ਹਨ। ਉਸ ਦੇ ਕੰਮ ਨੂੰ ਡਿਸਕਵਰੀ, ਨੈਟ ਜੀਓ, ਬੀਬੀਸੀ ਅਰਥ ਅਤੇ ਰੀਡਰਜ਼ ਡਾਇਜੈਸਟ ਵਰਗੇ ਚੈਨਲਾਂ 'ਤੇ ਜਗ੍ਹਾ ਮਿਲੀ ਹੈ। ਉਹ ਸੋਨੀ ਦੀ ਬ੍ਰਾਂਡ ਅੰਬੈਸਡਰ ਵੀ ਹੈ। ਪਿਛਲੇ ਸਾਲ ਉਸ ਦੇ ਕਾਰਜਾਂ ਦੀਆਂ ਦਿੱਲੀ ਅਤੇ ਮੁੰਬਈ ਵਿਖੇ ਪ੍ਰਦਰਸ਼ਨੀਆਂ ਲੱਗ ਚੁੱਕੀਆਂ ਹਨ ਜਿਨ੍ਹਾਂ ਨੂੰ ਸਮਾਜ ਦੇ ਸਾਰੇ ਵਰਗਾ ਵਲੋਂ ਭਾਵਪੂਰਤ ਹੁੰਗਾਰਾ ਮਿਲਿਆ। ਪਿਛਲੇ ਸੱਤ ਸਾਲਾਂ ਤੋਂ ਉਹ ਜੰਗਲੀ ਜੀਵ ਫੋਟੋਗ੍ਰਾਫ਼ੀਸਿਖਾ ਰਹੀ ਹੈ। ਉਸਦੀ ਕਹਾਣੀ ਜੰਗਲੀ ਜੀਵ ਫੋਟੋਗ੍ਰਾਫ਼ੀ ਵਿੱਚ ਕਰੀਅਰ ਬਣਾਉਣ ਦੀਆਂ ਚੁਣੌਤੀਆਂ ਅਤੇ ਇਨਾਮਾਂ ਨੂੰ ਉਜਾਗਰ ਕਰਦੀ ਹੈ। ਇਸ ਖੇਤਰ ਵਿੱਚ ਲੋੜੀਂਦੇ ਹੁਨਰ, ਸਮਰਪਣ ਅਤੇ ਰਚਨਾਤਮਕਤਾ ਦੇ ਮਿਸ਼ਰਣ ਨੂੰ ਦਰਸਾਉਂਦੀ ਹੈ। ਉਹ ਦੇਸ਼ ਭਰ ਵਿੱਚ ਫੋਟੋਗ੍ਰਾਫ਼ੀਵਰਕਸ਼ਾਪਾਂ ਦਾ ਆਯੋਜਨ ਕਰਦੀ ਹੈ ਅਤੇ ਨਵੇਂ ਸਿਖਿਆਰਥੀਆਂ ਨੂੰ ਕੈਮਰਾ ਤਕਨੀਕ ਸਿਖਾਉਂਦੀ ਹੈ। ਉਸਦਾ ਨੌਜਵਾਨਾਂ ਨੂੰ ਇੱਕ ਹੀ ਸੁਨੇਹਾ ਹੈ ਕਿ "ਜ਼ਿਆਦਾ ਨਾ ਸੋਚੋ; ਰਚਨਾਤਮਕਤਾ ਆਉਂਦੀ ਹੈ ਪਰੰਤੂ ਸਮਾਂ ਲੈਂਦੀ ਹੈ। ਸ਼ੁਰੂ ਕਰਨ ਲਈ ਤੁਹਾਡੇ ਕੋਲ ਜੋ ਵੀ ਕੈਮਰਾ ਹੈ ਉਸਨੂੰ ਚੁਣੋ ਜਾਂ ਕਿਰਾਏ 'ਤੇ ਲਓ ਜਾਂ ਉਧਾਰ ਲਓ ਅਤੇ ਇੱਕ ਦ੍ਰਿਸ਼ ਲੱਭੋ ਜੋ ਇੱਕ ਚੰਗੀ ਤਸਵੀਰ ਬਣਾ ਸਕਦਾ ਹੈ ਅਤੇ ਕਲਿੱਕ ਕਰੋ। ਸਬਰ ਰੱਖੋ, ਅਭਿਆਸ ਕਰਦੇ ਰਹੋ ਅਤੇ ਸਭ ਤੋਂ ਮਹੱਤਵਪੂਰਨ ਕੁਦਰਤ ਦਾ ਸਤਿਕਾਰ ਕਰੋ।"

30 ਸਾਲਾ ਆਰਜ਼ੂ ਖੁਰਾਣਾ, ਜਿਸ ਨੇ ਕਦੇ ਕਿਰਾਏ ਦੇ ਕੈਮਰੇ ਨਾਲ ਵਾਈਲਡ ਲਾਈਫ ਫੋਟੋਗ੍ਰਾਫ਼ੀ ਸ਼ੁਰੂ ਕੀਤੀ ਸੀ ਅੱਜ ਉਸ ਦੇ ਯੂਟਿਊਬ ਚੈਨਲ 'ਤੇ ਜੰਗਲਾਂ ਨਾਲ ਸਬੰਧਤ ਸੈਂਕੜੇ ਵੀਡੀਓਜ਼ ਹਨ। ਪਰ ਕਿਸੇ ਨੂੰ ਜੰਗਲ ਵਿਚ ਕਿਉ ਜਾਣਾ ਚਾਹੀਦਾ ਹੈ? ਆਰਜ਼ੂ ਸੋਹਣੇ ਢੰਗ ਨਾਲ ਜਵਾਬ ਦਿੰਦੀ ਹੈ, "ਤੁਸੀ ਜੰਗਲ ਤੋਂ ਉਸੇ ਤਰ੍ਹਾਂ ਨਹੀ ਪਰਤਦੇ ਜਿਸ ਤਰ੍ਹਾਂ ਤੁਸੀ ਗਏ ਸੀ। ਤੁਸੀ ਦੂਜਿਆਂ ਲਈ ਹਮਦਰਦੀ ਅਤੇ ਪਿਆਰ ਵਰਗੇ ਗੁਣਾਂ ਨਾਲ ਸਰਸ਼ਾਰ ਹੁੰਦੇ ਹੋ! ਉਸ ਦਾ ਅਗਲਾ ਟੀਚਾ ਪਿਛਲੇ ਸਮੇਂ ਤਿੰਨ ਹੋਰ ਨਵੇਂ ਟਾਈਗਰ ਰਾਖਵਾਂ ਖੇਤਰਾਂ ਬਾਰੇ ਦਸਤਾਵੇਜ਼ ਇੱਕਤਰ ਕਰਨ ਦੇ ਨਾਲ਼ ਹੀ ਜੰਗਲੀ ਜੀਵ ਫੋਟੋਗ੍ਰਾਫ਼ੀਰਾਹੀ ਦੁਰਲੱਭ ਜੀਵਾਂ ਦੀ ਦੁਨੀਆਂ ਨੂੰ ਆਮ ਲੋਕਾਂ ਸਾਹਮਣੇ ਪੇਸ਼ ਕਰਨਾ ਹੈ। ਸ਼ਾਬਾਸ਼ ਧੀਏ!




# ਓਪਰਾ ਜਿਹਾ ਪਿੰਡ



**ਨਿਰਭੈ ਸਿੰਘ ਜਰਗ**

"ਓਹ ਸ਼ਿੱਟ.....ਆਹ ਹੁਣ ਟੂਟੀ ਨੀ ਚਲਦੀ"..... ਕਨੇਡਾ ਤੋਂ ਆਏ ਹਰਮੀਤ ਬਾਥਰੂਮ ਦੀ ਟੂਟੀ ਨਾ ਚਲਦੀ ਦੇਖ ਕੇ ਬਹੁਤ ਗੁੱਸੇ ਹੋਇਆ....। ਬਾਹਰ ਆ ਕੇ ਕਹਿਣ ਲੱਗਿਆ, "ਡੈਡ, ਕੀ ਤੁਸੀ ਇੱਥੇ ਪਿੰਡ ਆ ਕੇ ਨਵੇਂ ਖਰਚੇ ਖੜੇ ਕਰ ਲੈਂਦੇ ਹੋ.... ਕਦੇ ਟੂਟੀ ਖਰਾਬ ਹੋਗੀ ....ਕਦੇ ਮੋਟਰ.... ਕਦੇ ਫਰਿਜ ਨੀ ਚਲਦਾ... ਜਿੰਨਾ ਚਿਰ ਪੰਜਾਬ ਰਹਿਣਾ ਹੁੰਦਾ .. ਉਨੇ ਸਮੇਂ ਲਈ ਤਾਂ ਸ਼ਹਿਰ ਦੋ ਕਮਰੇ ਕਿਰਾਏ ਤੇ ਲੈ ਲਿਆ ਕਰੋ ... ਉਹ ਵੀ ਸਸਤੇ ਪੈਣਗੇ....."

"ਕੋਈ ਨਾ ਪੁੱਤ ਠੀਕ ਸਭ ਠੀਕ ਕਰਾ ਲੈਨੇ ਆ...... ਮੈ ਕਰਦਾਂ ਫੋਨ ਪਲੰਬਰ ਨੂੰ ....ਹੁਣੇ ਆ ਜਾਂਦਾ...." ਮਿੰਦਰ ਸਿਉਂ ਨੇ ਪੁੱਤ ਨੂੰ ਠਰੰਮੇ ਨਾਲ ਕਿਹਾ...। ਕਨੇਡਾ ਦੇ ਜੰਮਪਲ ਹਰਮੀਤ ਨੂੰ ਮਿੰਦਰ ਸਿਉਂ ਦੇ ਅੰਦਰਲੇ ਮਨ ਬਾਰੇ ਕੀ ਪਤਾ ਸੀ.....

ਉਹ ਬਾਪ ਪਿੰਡ ਵਿੱਚ ਸਹੂਲਤਾਂ ਮਾਨਣ ਨਹੀ ਆਉਂਦਾ ....ਉਹ ਤਾਂ ਅਪਣੇ ਪਿੰਡ ਦੇ ਪੁਰਾਣੇ ਦੋਸਤੋ-ਮਿੱਤਰਾਂ ਨੂੰ ਮਿਲਣ ,ਪਿੰਡ ਦੀਆਂ ਗਲੀਆਂ , ਆਪਣੇ ਖੇਤਾਂ ਨੂੰ ਜਾਂਦੇ ਰਾਹਾਂ, ਘਰ ਦੇ ਹਰ ਕੋਨੇ ਨੂੰ ਨਿਹਾਰਨ ਆਉਂਦਾ ਸੀ....... ਜਿੱਥੇ ਉਸ ਦਾ ਬਚਪਨ ਬੀਤਿਆ......

ਲਗਭਗ 25 ਕ ਵਰ੍ਹੇ ਪਹਿਲਾਂ ਉਹਨੂੰ ਆਪਣੇ ਚੰਗੇ ਭਵਿੱਖ ਦੀ ਕਾਮਨਾ ਲਈ ਕਨੇਡਾ ਜਾਣਾ ਪੈ ਗਿਆ.... ਪਰ ਉਸ ਦਾ ਦਿਲ ਅੱਜ ਵੀ ਪਿੰਡ ਵਿੱਚ ਹੀ ਧੜਕਦਾ ਸੀ.... ਰਾਤ ਸੁਪਨੇ ਵੀ ਪਿੰਡ ਦੇ ਲੋਕਾਂ ਦੇ.. ਪਿੰਡ ਦੀਆਂ ਗਲੀਆਂ ਤੇ ਖੇਤਾਂ ਦੇ ਹੀ ਆਉਂਦੇ..... ਉਹ ਕਈ ਸਾਲ ਬਾਅਦ ਆਪਣੇ ਪੂਰੇ ਟੱਬਰ ਸਮੇਤ ਪਿੰਡ ਆਇਆ ਹੋਇਆ ਸੀ.... ਉਹ ਆਪਣੇ ਘਰ ਦੇ ਡੰਗਰਾਂ ਵਾਲੇ ਖਾਲੀ ਪਏ ਤਬੇਲੇ ਵਿੱਚ ਕਿੰਨਾ ਕਿੰਨਾ ਸਮਾਂ ਖੜਾ ਰਹਿੰਦਾ......... ਅੱਖਾਂ ਬੰਦ ਕਰਕੇ ਉਹਨਾਂ ਪਲਾਂ ਨੂੰ ਮਹਿਸੂਸ ਕਰਦਾ...... ਜਦੋਂ ਉਹ ਮੱਝ ਦਾ ਸੰਗਲ਼ ਫੜੀ ਮੱਝ ਨੂੰ ਪਾਣੀ ਪਿਲਾ ਰਿਹਾ ਹੁੰਦਾ... ..ਤੇ ਉਸ ਦਾ ਬਾਪੂ ਮੱਝ ਦੇ ਪਿੰਡੇ ਤੇ ਪਾਣੀ ਫੇਰ ਰਿਹਾ ਹੁੰਦਾ.... ਤੇ ਕਦੇ ਉੱਚੀ ਉੱਚੀ ਮੱਝ ਨੂੰ ਝਿੜਕ ਦਿੰਦਾ.... " ਤੂੰ ਟਿਕ ਕੇ ਖੜ ਜਾ........ ਕਿਵੇਂ ਲਿਬੜੀ ਪਈ ਆ ਗੋਹੇ ਨਾਲ..." ਤੇ ਮਿੰਦਰ ਸਿਉਂ ਮੱਝ ਨੂੰ ਪਾਣੀ ਪੀਣ ਲਈ " ਸ਼ੀਓ...ਸ਼ੀਓ" ਕਹਿ ਰਿਹਾ ਹੁੰਦਾ....। ਅਚਾਨਕ ਉਸਦਾ ਹੱਥ ਆਪਣੇ ਟੁੱਟੇ ਹੋਏ ਗੁੱਟ.... ਜੋ ਵਿੰਗਾ ਜੁੜ ਗਿਆ ਸੀ ਤੇ ਚਲਿਆ ਗਿਆ... ਜਦੋਂ ਮੱਝ ਦੇ ਸੰਗਲ਼ ਦਾ ਕੜਾ , ਪਾਣੀ ਪਿਲਾਉਂਦੇ ਸਮੇਂ ਉਸਨੇ ਹੱਥ ਵਿੱਚ ਪਾ ਲਿਆ ,ਮੱਝ ਅਚਾਨਕ ਡਰ ਕੇ ਭੱਜ ਕੇ ਗਈ ...ਉਸਨੂੰ ਵਿਹੜੇ ਵਿੱਚ ਘਸੀਟਦੀ ਲੈ ਗਈ ...ਤੇ ਗੁੱਟ ਟੁੱਟ ਗਿਆ... ਉਪਰੋਂ ਬਾਪੂ ਨੇ ਗਾਲਾਂ ਕੱਢੀਆਂ...

ਉਹ ਸੋਚਦਾ ਸੋਚਦਾ ... ਡੰਗਰਾਂ ਵਾਲੀ ਖੁਰਲੀ ਤੇ ਜਾ ਕੇ ਬੈਠਾ.... ਉਸ ਨੂੰ ਡੰਗਰਾਂ ਦੇ ਗਲ਼ ਸੰਗਲਾਂ ਦੀਆਂ .....ਧਾਰਾਂ ਕੱਢਣ ਦੀਆਂ ਆਵਾਜ਼ਾਂ ਸੁਣਾਈ ਦੇਣ ਲੱਗਦੀਆਂ....

ਉਸ ਨੂੰ ਲੱਗਦਾ ਉਹਦਾ ਬਾਪੂ ਹੁਣੇ ਹਾਕ ਮਾਰ ਕੇ ਕਹੇਗਾ ....."ਚੱਲ ਪੁੱਤ ਡੰਗਰਾਂ ਨੂੰ ਪਾਣੀ ਪਿਲਾ ਦੇ"

ਉਹ ਘਰ ਦੇ ਹਰ ਕੋਨੇ ਨੂੰ ਬੜੀ ਗਹੁ ਨਾਲ ਦੇਖਦਾ,.... ਤੇ ਕਿੰਨਾ ਚਿਰ ਉਥੇ ਹੀ ਖੜਾ ਰਹਿੰਦਾ.... ਘਰ ਦੇ ਇਕ ਕੋਨੇ ਵਿੱਚ ਖੜੇ ਚੇਤਕ ਸਕੂਟਰ ਨੂੰ ਦੇਖ ਕੇ ਉਸਦਾ ਮਨ ਭਰ ਆਉਂਦਾ.... ਕਿਵੇਂ ਉਹਨੇ ਆਪਣੀ ਬਾਪੂ ਤੋਂ ਜਿੱਦ ਕਰਕੇ ਚੇਤਕ ਸਕੂਟਰ ਲਿਆ ਸੀ....... ਅੱਜ ਉਸ ਸਕੂਟਰ ਦੀ ਹਾਲਤ ਦੇਖ ਕੇ ਰੋਣ ਆ ਰਿਹਾ ਸੀ..... ਕਨੇਡਾ ਜਾਣ ਵੇਲੇ ਕਈਆਂ ਨੇ ਕਿਹਾ ...."ਵੇਚਦੇ ਇਹਨੂੰ ".... ਪਰ ਐਨੇ ਪਿਆਰ ਨਾਲ ਰੱਖਿਆ ਹੋਇਆ ਸੀ... ਵੇਚ ਨਾ ਹੋਇਆ.... ਸੋਚਿਆ ਸੀ ਕਦੇ ਕਦੇ ਪਿੰਡ ਆ ਕੇ ਚਲਾ ਲਿਆ ਕਰਾਂਗਾ... ਪਰ ਸਭ ਸੁਪਨੇ ਹੀ ਰਹਿ ਗਏ ....।

ਫਿਰ ਉਹ ਸਾਈਕਲ ਚੱਕ ਕੇ ਪਿੰਡ ਦੀ ਲੱਗਦੀ ਸਥ ਵੱਲ ਨੂੰ ਹੋ ਜਾਂਦਾ.... ਪਿੰਡ ਵਿੱਚ ਪਈਆਂ ਵੱਡੀਆਂ ਵੱਡੀਆਂ ਕੋਠੀਆਂ.... ਤੇ ਕੱਚੀਆਂ ਤੋਂ ਪੱਕੀਆਂ ਹੋਈਆਂ ਗਲੀਆਂ ਨੂੰ ਦੇਖ ਕੇ ਉਸ ਨੂੰ ਯਕੀਨ ਨਾ ਹੁੰਦਾ..... ਕਿ ਉਹੀ ਪਿੰਡ ਹੈ ....ਪਿੰਡ ਵਿੱਚ ਕੱਚੇ ਰਾਹ ਤੇ ਲੱਕੜ ਦੇ ਦਰਵਾਜੇ ਵਾਲੇ ਘਰ ਹੁਣ ਨਹੀ ਲੱਭਦੇ......

ਸੱਥ ਵਿੱਚ ਪਹੁੰਚ ਕੇ ਆਪਣੇ ਮਿੱਤਰ-ਬੇਲੀਆਂ ਕੋਲ ਬੈਠ ਜਾਂਦਾ...... ਉਹਨਾਂ ਦੀਆਂ ਚਿੱਟੀਆਂ ਹੋ ਗਈਆਂ ਦਾੜ੍ਹੀਆਂ ਤੇ ਝੁਰੜੀਆਂ ਭਰੇ ਚਿਹਰਿਆਂ ਵਿੱਚੋਂ ਜਵਾਨੀ ਵਾਲੇ ਚਿਹਰੇ ਲੱਭਣ ਦੀ ਕੋਸ਼ਿਸ਼ ਕਰਦਾ.. .. ਕਦੇ ਕਦੇ ਉਹ ਚਿਹਰੇ ਉਹਨੂੰ ਅਨਜਾਣ ਜਿਹੇ ਲੱਗਦੇ....ਤੇ ਕੁਝ ਰੱਬ ਨੂੰ ਪਿਆਰੇ ਹੋ ਗਏ ਆਪਣੇ ਸਾਥੀਆਂ ਬਾਰੇ ਗੱਲਾਂ ਕਰਕੇ ਉਦਾਸ ਹੁੰਦਾ.... ਕੋਈ ਸਮਾਂ ਸੀ ਜਦੋਂ ਉਸਦਾ ਬਾਪੂ ਨਾਲ ਘਰੋਂ ਬਾਹਰ ਨਿਕਲਦਾ ਤਾਂ ਲੋਕਾਂ ਦੀ 'ਫਤਿਹ' ਦਾ ਜਵਾਬ ਦਿੰਦਿਆਂ ਦਾ ਹੱਥ ਹੇਠਾਂ ਹੀ ਨਹੀ ਹੁੰਦਾ ਸੀ... ਨਵੀ ਉਮਰ ਦੇ ਮੁੰਡਿਆਂ ਨੂੰ ਬਿਨਾਂ ਬੁਲਾਏ ਕੋਲੋਂ ਲੰਘਦੇ ਦੇਖ ਕੇ ਉਸਨੂੰ ਕਦੇ ਕਦੇ ਆਪਣਾ ਹੀ ਪਿੰਡ ਓਪਰਾ ਓਪਰਾ ਜਿਹਾ ਲੱਗਣ ਲੱਗ ਜਾਂਦਾ ...... ਤੇ ਯਕੀਨ ਕਰਨਾ ਔਖਾ ਹੋ ਜਾਂਦਾ ..ਉਹ ਵੀ ਇਸੇ ਪਿੰਡ ਦਾ ਵਾਸੀ ਆ....।

# ਤਿਲਕ ਦਾ ਇਤਿਹਾਸ ਅਤੇ ਮਹੱਤਵ



ਤਿਲਕ ਭਾਰਤੀ ਸੱਭਿਆਚਾਰ, ਪਰੰਪਰਾ ਅਤੇ ਧਾਰਮਿਕ ਵਿਸ਼ਵਾਸਾਂ ਦਾ ਇੱਕ ਅਨਿੱਖੜਵਾਂ ਅੰਗ ਹੈ। ਪ੍ਰਾਚੀਨ ਸਮੇਂ ਤੋਂ, ਇਸਨੂੰ ਹਿੰਦੂ ਧਰਮ ਵਿੱਚ ਸਵੈ-ਸ਼ੁੱਧਤਾ, ਅਧਿਆਤਮਿਕਤਾ ਅਤੇ ਵਿਸ਼ਵਾਸ ਦਾ ਪ੍ਰਤੀਕ ਮੰਨਿਆ ਜਾਂਦਾ ਰਿਹਾ ਹੈ। ਵੈਦਿਕ ਯੁੱਗ ਵਿੱਚ ਰਿਸ਼ੀ, ਸੰਤ ਅਤੇ ਯੋਗੀ ਆਪਣੇ ਮੱਥੇ 'ਤੇ ਤਿਲਕ ਲਗਾਉਂਦੇ ਸਨ, ਜਿਸਨੂੰ ਧਾਰਮਿਕ ਸ਼ਕਤੀ ਅਤੇ ਗਿਆਨ ਦਾ ਪ੍ਰਤੀਕ ਮੰਨਿਆ ਜਾਂਦਾ ਸੀ। ਤਿਲਕ ਦੀ ਮਹਿਮਾ ਦਾ ਜ਼ਿਕਰ ਵੱਖ-ਵੱਖ ਹਿੰਦੂ ਗ੍ਰੰਥਾਂ ਜਿਵੇਂ ਕਿ ਵੇਦ, ਉਪਨਿਸ਼ਦ, ਪੁਰਾਣ ਅਤੇ ਸਮ੍ਰਿਤੀਆਂ ਵਿੱਚ ਮਿਲਦਾ ਹੈ। ਰਾਜਿਆਂ ਅਤੇ ਯੋਧਿਆਂ ਲਈ ਤਿਲਕ ਜਿੱਤ, ਸ਼ਕਤੀ ਅਤੇ ਮਾਣ ਦਾ ਪ੍ਰਤੀਕ ਸੀ। ਤਾਜਪੋਸ਼ੀ ਸਮਾਰੋਹ ਦੌਰਾਨ ਰਾਜਿਆਂ ਨੂੰ ਚੰਦਨ, ਕੇਸਰ, ਰੋਲੀ ਜਾਂ ਸੁਆਹ ਦਾ ਤਿਲਕ ਲਗਾਇਆ ਜਾਂਦਾ ਸੀ, ਜੋ ਉਨ੍ਹਾਂ ਦੀ ਸ਼ਕਤੀ ਅਤੇ ਧਰਮ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਸੀ। ਆਜ਼ਾਦੀ ਸੰਗਰਾਮ ਦੌਰਾਨ ਵੀ ਲੋਕਮਾਨਿਆ ਬਾਲ ਗੰਗਾਧਰ ਤਿਲਕ ਨੇ 'ਸਵਰਾਜ ਮੇਰਾ ਜਨਮ ਸਿੱਧ ਅਧਿਕਾਰ ਹੈ' ਦਾ ਨਾਅਰਾ ਦਿੱਤਾ ਅਤੇ ਭਾਰਤੀਆਂ ਵਿੱਚ ਰਾਸ਼ਟਰਵਾਦ ਦੀ ਭਾਵਨਾ ਦਾ ਤਿਲਕ ਲਗਾਇਆ । ਤਿਲਕ ਨੂੰ ਧਾਰਮਿਕਤਾ ਅਤੇ ਸ਼ਰਧਾ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਇਸ ਨੂੰ ਮੱਥੇ 'ਤੇ ਲਗਾਉਣ ਨਾਲ ਅਧਿਆਤਮਿਕ ਚੇਤਨਾ ਜਾਗਦੀ ਹੈ।ਹਿੰਦੂ ਧਰਮ ਵਿੱਚ ਤਿਲਕ ਨੂੰ ਤੀਜੀ ਅੱਖ (ਅਧਿਆਤਮਿਕ ਗਿਆਨ) ਦਾ ਪ੍ਰਤੀਕ ਮੰਨਿਆ ਜਾਂਦਾ ਹੈ ਜੋ ਵਿਅਕਤੀ ਵਿੱਚ ਅਧਿਆਤਮਿਕ ਊਰਜਾ ਦਾ ਸੰਚਾਰ ਕਰਦਾ ਹੈ। ਵੱਖ-ਵੱਖ ਕਿਸਮਾਂ ਦੇ ਤਿਲਕ ਵੱਖ-ਵੱਖ ਦੇਵਤਿਆਂ ਅਤੇ ਵਿਸ਼ਵਾਸਾਂ ਨੂੰ ਦਰਸਾਉਂਦੇ ਹਨ ਜਿਵੇਂ ਕਿ ਉਰਧਵ ਤਿਲਕ (ਉਰਧਵਪੁੰਡਰਾ) - ਵੈਸ਼ਨਵ ਸੰਪਰਦਾ ਨਾਲ ਸਬੰਧਤ ਵਿਸ਼ਨੂੰ ਭਗਤਾਂ ਦੁਆਰਾ ਲਾਗੂ ਕੀਤਾ ਜਾਂਦਾ ਹੈ। ਤ੍ਰਿਪੁੰਡਰਾ ਤਿਲਕ - ਤਿੰਨ ਲਾਈਨਾਂ ਵਾਲਾ ਇਹ ਤਿਲਕ ਸ਼ਿਵ ਭਗਤਾਂ (ਸ਼ੈਵ ਸੰਪਰਦਾ) ਦੁਆਰਾ ਭਭੂਤੀ ਨਾਲ ਲਗਾਇਆ ਜਾਂਦਾ ਹੈ, ਜੋ ਕਿ ਤਿਆਗ ਅਤੇ ਤਿਆਗ ਦਾ ਪ੍ਰਤੀਕ ਹੈ। ਸਿੰਦੂਰੀ ਤਿਲਕ - ਸ਼ਕਤੀ ਉਪਾਸਕਾਂ ਅਤੇ ਹਨੂੰਮਾਨ ਭਗਤਾਂ ਦੁਆਰਾ ਲਗਾਇਆ ਜਾਂਦਾ ਹੈ ਇਹ ਸ਼ਕਤੀ, ਜਿੱਤ ਅਤੇ ਹਿੰਮਤ ਦਾ ਪ੍ਰਤੀਕ ਹੈ। ਚੰਦਨ ਜਾਂ ਕੇਸਰ ਦਾ ਤਿਲਕ ਲਗਾਉਣ ਨਾਲ ਮਾਨਸਿਕ ਸ਼ਾਂਤੀ ਮਿਲਦੀ ਹੈ ਅਤੇ ਤਣਾਅ ਘੱਟ ਹੁੰਦਾ ਹੈ। ਮੱਥੇ ਦੇ ਵਿਚਕਾਰ ਤਿਲਕ ਲਗਾਉਣ ਨਾਲ ਅਜਨਾ ਚੱਕਰ ਸਰਗਰਮ ਹੁੰਦਾ ਹੈ ਜੋ ਇਕਾਗਰਤਾ ਅਤੇ ਯਾਦਦਾਸ਼ਤ ਸ਼ਕਤੀ ਨੂੰ ਵਧਾਉਂਦਾ ਹੈ। ਮੱਥੇ 'ਤੇ ਤਿਲਕ ਲਗਾਉਣ ਨਾਲ ਸਕਾਰਾਤਮਕ ਊਰਜਾ ਦਾ ਪ੍ਰਵਾਹ ਵਧਦਾ ਹੈ ਜੋ ਵਿਅਕਤੀ ਨੂੰ ਆਤਮਵਿਸ਼ਵਾਸ ਅਤੇ ਉਤਸ਼ਾਹ ਨਾਲ ਭਰ ਦਿੰਦਾ ਹੈ। ਤਿਲਕ ਸਿਰਫ਼ ਧਾਰਮਿਕ ਰਸਮਾਂ ਤੱਕ ਸੀਮਤ ਨਹੀ ਹੈ, ਸਗੋਂ ਇਹ ਸਮਾਜ ਅਤੇ ਸੱਭਿਆਚਾਰ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਵਿਆਹ, ਯੱਗ, ਪੂਜਾ-ਪਾਠ, ਹਵਨ ਆਦਿ ਧਾਰਮਿਕ ਰਸਮਾਂ ਵਿੱਚ ਤਿਲਕ ਲਗਾਉਣਾ ਸ਼ੁਭ ਮੰਨਿਆ ਜਾਂਦਾ ਹੈ। ਤਿਲਕ ਸਮਾਜਿਕ ਅਤੇ ਰਾਜਨੀਤਿਕ ਖੇਤਰਾਂ ਵਿੱਚ ਵੀ ਜਿੱਤ ਅਤੇ ਸਨਮਾਨ ਦਾ ਪ੍ਰਤੀਕ ਹੈ। ਅੱਜ ਵੀ ਭਾਰਤ ਵਿੱਚ ਕੋਈ ਵੀ ਮਹੱਤਵਪੂਰਨ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਤਿਲਕ ਲਗਾਇਆ ਜਾਂਦਾ ਹੈ। ਜਿੱਥੇ ਨਵੇਂ ਘਰਾਂ, ਉਦਯੋਗਾਂ, ਵਾਹਨਾਂ, ਦੁਕਾਨਾਂ ਅਤੇ ਵਪਾਰਕ ਅਦਾਰਿਆਂ ਵਿੱਚ ਕੰਪਿਊਟਰ 'ਤੇ ਤਿਲਕ ਲਗਾ ਕੇ ਪੂਜਾ ਕੀਤੀ ਜਾਂਦੀ ਹੈ, ਉੱਥੇ ਭਾਰਤ ਸਰਕਾਰ ਦੁਆਰਾ ਨਵੇਂ ਵਾਹਨਾਂ, ਟੈਂਕਾਂ, ਤੋਪਾਂ, ਲੜਾਕੂ ਜਹਾਜ਼ਾਂ, ਨਵੀ ਤਕਨਾਲੋਜੀ ਵਾਲੀਆਂ ਫੈਕਟਰੀਆਂ ਅਤੇ ਜਲ ਸੈਨਾ ਹਥਿਆਰਾਂ ਨਾਲ ਲੈਸ ਜੰਗੀ ਜਹਾਜ਼ਾਂ ਦੇ ਪ੍ਰਵੇਸ਼ ਅਤੇ ਸ਼ੁਰੂਆਤ ਤਿਲਕ ਲਗਾਉਣ ਅਤੇ ਉਨ੍ਹਾਂ ਦੀ ਪੂਜਾ ਕਰਨ ਤੋਂ ਬਾਅਦ ਹੀ ਕੀਤਾ ਜਾਂਦਾ ਹੈ। ਤਿਲਕ ਨੂੰ ਸ਼ੁਭਕਾਮਨਾਵਾਂ ਦਾ ਪ੍ਰਤੀਕ ਮੰਨਿਆ ਜਾਂਦਾ ਹੈ ਅਤੇ ਇਹ ਭਾਰਤੀ ਸੱਭਿਆਚਾਰ ਦੀ ਇੱਕ ਅਨਮੋਲ ਵਿਰਾਸਤ ਹੈ। ਇਹ ਨਾ ਸਿਰਫ਼ ਧਾਰਮਿਕ ਅਤੇ ਅਧਿਆਤਮਿਕ ਚੇਤਨਾ ਨੂੰ ਜਗਾਉਂਦਾ ਹੈ ਸਗੋਂ ਵਿਗਿਆਨਕ ਅਤੇ ਮਨੋਵਿਗਿਆਨਕ ਤੌਰ 'ਤੇ ਵੀ ਲਾਭਦਾਇਕ ਹੈ। ਇਹ ਭਾਰਤੀ ਪਰੰਪਰਾਵਾਂ, ਅਧਿਆਤਮਿਕ ਉੱਨਤੀ ਅਤੇ ਸਮਾਜਿਕ ਸਦਭਾਵਨਾ ਨਾਲ ਸਬੰਧ ਦਾ ਪ੍ਰਤੀਕ ਹੈ। ਇਸ ਲਈ, ਤਿਲਕ ਲਗਾਉਣਾ ਨਾ ਸਿਰਫ਼ ਇੱਕ ਧਾਰਮਿਕ ਵਿਸ਼ਵਾਸ ਹੈ, ਸਗੋਂ ਇੱਕ ਵਿਗਿਆਨਕ, ਸੱਭਿਆਚਾਰਕ ਅਤੇ ਅਧਿਆਤਮਿਕ ਪ੍ਰਕਿਰਿਆ ਵੀ ਹੈ ਜੋ ਇੱਕ ਵਿਅਕਤੀ ਨੂੰ ਅੰਦਰੂਨੀ ਅਤੇ ਬਾਹਰੀ ਤੌਰ 'ਤੇ ਸਸ਼ਕਤ ਬਣਾਉਂਦੀ ਹੈ।



**ਮੋਹਿਤ ਸਿੰਗਲਾ**
**+91 90412 95900**

# ਜੈਸੀ ਸੰਗਤ ਵੈਸੀ ਰੰਗਤ

ਮਨੁੱਖ ਨੇ ਜਦੋਂ ਤੋਂ ਜੰਗਲਾਂ ਵਿੱਚੋਂ ਨਿਕਲ ਕੇ ਘਰ ਬਣਾ ਕੇ ਰਹਿਣਾ ਸ਼ੁਰੂ ਕੀਤਾ ਹੈ, ਉਦੋਂ ਤੋਂ ਉਸ ਨੇ ਇਕੱਲਤਾ ਨੂੰ ਤਿਆਗ ਕੇ ਸੰਗੀ ਸਾਥੀਆਂ ਦਾ ਸਾਥ ਲੋਚਿਆ ਹੈ। ਇਕੱਲਤਾ ਤਾਂ ਸਰਾਪ ਵਾਂਗ ਹੁੰਦੀ ਹੈ। ਇਸੇ ਕਰਕੇ ਆਖਿਆ ਜਾਂਦਾ ਹੈ ਕਿ ਇਕੱਲਾ ਤਾਂ ਜੰਗਲ ਵਿੱਚ ਰੁੱਖ ਵੀ ਨਹੀ ਹੋਣਾ ਚਾਹੀਦਾ। ਬੱਚੇ ਦੇ ਸਭ ਤੋਂ ਪਹਿਲੇ ਸੰਗੀ ਉਸ ਦੇ ਮਾਪੇ ਹੁੰਦੇ ਹਨ। ਮਾਪਿਆਂ ਦਾ ਰਹਿਣ-ਸਹਿਣ ਅਤੇ ਉਨ੍ਹਾਂ ਦਾ ਚਲਣ ਬੱਚੇ ਦੀ ਸ਼ਖ਼ਸੀਅਤ ਉਸਾਰੀ 'ਤੇ ਸਭ ਤੋਂ ਵੱਧ ਪ੍ਰਭਾਵ ਪਾਉਂਦਾ ਹੈ। ਜੇਕਰ ਮਾਪੇ ਕਿਰਤ ਕਰਦੇ, ਵੰਡ ਛਕਦੇ ਅਤੇ ਨਾਮ ਜਪਦੇ ਹੋਣ ਤਾਂ ਬੱਚਾ ਵੀ ਕਿਰਤੀ ਬਣਦਾ ਹੈ। ਸੱਚ, ਸੰਤੋਖ ਅਤੇ ਗਿਆਨ ਦੇ ਆਧਾਰ 'ਤੇ ਚੜ੍ਹਦੀ ਕਲਾ ਵਿੱਚ ਰਹਿੰਦਿਆਂ ਆਪਸੀ ਪਿਆਰ ਅਤੇ ਮਿਲਵਰਤਨ ਨਾਲ ਜਿਹੜੇ ਮਾਪੇ ਜੀਵਨ ਜਿਉਂਦੇ ਹਨ, ਉਹ ਆਪਣੇ ਬੱਚਿਆਂ ਲਈ ਆਦਰਸ਼ ਬਣ ਜਾਂਦੇ ਹਨ। ਮਾਪਿਆਂ ਤੋਂ ਅੱਗੇ ਜਾ ਕੇ ਅਧਿਆਪਕ ਦੀ ਸੰਗਤ ਦਾ ਵੀ ਬੱਚੇ ਦੀ ਸੋਚ ਉੱਤੇ ਅਸਰ ਪੈਂਦਾ ਹੈ। ਜੇਕਰ ਅਧਿਆਪਕ ਉੱਚੇ ਆਚਰਣ ਵਾਲਾ, ਧੀਰਜ ਅਤੇ ਪਿਆਰ ਨਾਲ ਬੱਚਿਆਂ ਦੀ ਪੜ੍ਹਾਈ ਕਰਵਾਉਂਦਾ ਹੈ ਤਾਂ ਉਸ ਦੇ ਉਤਸ਼ਾਹੀ ਬੋਲ ਹਮੇਸ਼ਾਂ ਪ੍ਰਭਾਵ ਪਾਉਂਦੇ ਹਨ। ਜੇਕਰ ਅਧਿਆਪਕ ਪੜ੍ਹਾਉਣ ਵਿੱਚ ਬਹੁਤੀ ਦਿਲਚਸਪੀ ਨਹੀਂ ਲੈਂਦਾ, ਬੱਚਿਆਂ ਨੂੰ ਹਮੇਸ਼ਾਂ ਝਿੜਕਦਾ ਰਹਿੰਦਾ ਹੈ ਅਤੇ ਕਮਜ਼ੋਰ ਨੂੰ ਉਤਸ਼ਾਹਿਤ ਕਰਨ ਦੀ ਥਾਂ ਨਿਕੰਮਾ ਆਖਦਾ ਹੈ ਤਾਂ ਬੱਚਾ ਸਚਮੁੱਚ ਹੀ ਨਿਕੰਮਾ ਹੋ ਜਾਂਦਾ ਹੈ। ਜੇਕਰ ਬੱਚੇ ਦੇ ਸੰਗੀ ਸਾਥੀ ਮਿਹਨਤੀ ਹੋਣ, ਪੜ੍ਹਾਈ ਵਿੱਚ ਪੂਰੀ ਦਿਲਚਸਪੀ ਲੈਂਦੇ ਹੋਣ ਤਾਂ ਉਹ ਉਨ੍ਹਾਂ ਵਰਗਾ ਹੀ ਬਣ ਜਾਂਦਾ ਹੈ। ਜੇਕਰ ਬੱਚੇ ਦੀ ਸੰਗਤ ਭੈੜੇ ਬੱਚਿਆਂ ਨਾਲ ਹੋਵੇ, ਜਿਹੜੇ ਪੜ੍ਹਾਈ ਵਿੱਚ ਕੋਈ ਦਿਲਚਸਪੀ ਨਾ ਰੱਖਦੇ ਹੋਣ ਤਾਂ ਬੱਚਾ ਵੀ ਅਜਿਹਾ ਹੀ ਬਣ ਜਾਵੇਗਾ। ਚੰਗੀ ਸੰਗਤ ਬੱਚੇ ਵਿੱਚ ਚੰਗੀ ਸੋਚ ਨੂੰ ਪ੍ਰਫੁੱਲਿਤ ਕਰਦੀ ਹੈ ਜਦੋਂ ਕਿ ਬੁਰੀ ਸੰਗਤ ਬੁਰੀ ਸੋਚ ਨੂੰ ਉਤਸ਼ਾਹਿਤ ਕਰਦੀ ਹੈ। ਚੰਗੀ ਸੋਚ ਜਿੱਥੇ ਬੱਚੇ ਨੂੰ ਅੱਗੇ ਵਧਣ ਲਈ ਉਤਸ਼ਾਹਿਤ ਕਰਦੀ ਹੈ, ਉੱਥੇ ਭੈੜੀ ਸੋਚ ਅੱਗੇ ਵਧਣ ਵਿੱਚ ਰੋਕਾਂ ਲਗਾਉਂਦੀ ਹੈ। ਇਸੇ ਕਰਕੇ ਆਖਿਆ ਜਾਂਦਾ ਹੈ ਕਿ ਭੈੜੀ ਸੋਚ ਅਤੇ ਪੈਰ ਦੀ ਮੋਚ ਬੰਦੇ ਨੂੰ ਕਦੇ ਵੀ ਅੱਗੇ ਵਧਣ ਨਹੀ ਦਿੰਦੀ। ਮਾਪਿਆਂ ਨੂੰ ਹਮੇਸ਼ਾਂ ਆਪਣੇ ਬੱਚੇ ਦਾ ਖ਼ਿਆਲ ਰੱਖਣਾ ਚਾਹੀਦਾ ਹੈ ਕਿ ਉਸ ਦੀ ਸੰਗਤ ਕਿਹੋ ਜਿਹੀ ਹੈ। ਜੇਕਰ ਭੈੜੀ ਸੰਗਤ ਹੈ ਤਾਂ ਬੱਚਾ ਕੁਰਾਹੇ ਪੈ ਸਕਦਾ ਹੈ, ਪਰ ਜੇਕਰ ਵਧੀਆ ਸੰਗਤ ਹੈ ਤਾਂ ਸਿੱਧੇ ਰਾਹ ਤੁਰਦਾ ਬੱਚਾ ਅੱਗੇ ਵਧਦਾ ਹੈ। ਆਪਣੇ ਰੁਝੇਵਿਆਂ ਕਾਰਨ ਅੱਜਕੱਲ੍ਹ ਮਾਪੇ ਬੱਚਿਆਂ ਵੱਲ ਬਹੁਤਾ ਧਿਆਨ ਨਹੀ ਦਿੰਦੇ ਸਗੋਂ ਰੋਜ਼ ਜੇਬ ਖ਼ਰਚ ਅਤੇ ਸਮਾਰਟ ਫੋਨ ਲੈ ਕੇ ਦੇਣ ਨਾਲ ਹੀ ਆਪਣੀ ਜ਼ਿੰਮੇਵਾਰੀ ਪੂਰੀ ਹੋ ਗਈ ਸਮਝਣ ਲੱਗਦੇ ਹਨ। ਘਰ ਵਿੱਚ ਬੱਚਿਆਂ ਨੂੰ ਸਮਾਂ ਦੇਵੋ, ਸਕੂਲ ਅਤੇ ਸਾਥੀਆਂ ਬਾਰੇ ਪੁੱਛੋ। ਘੱਟ ਨੰਬਰ ਆਉਣ ਜਾਂ ਗ਼ਲਤੀ ਕਰਨ 'ਤੇ ਕਦੇ ਵੀ ਝਿੜਕਣਾ ਨਹੀ ਚਾਹੀਦਾ ਸਗੋਂ ਪਿਆਰ ਨਾਲ ਸਮਝਾਉਣਾ ਚਾਹੀਦਾ ਹੈ। ਘਰ ਵਿੱਚ ਬੱਚੇ ਸਾਹਮਣੇ ਹਮੇਸ਼ਾਂ ਆਪਣੇ ਫੋਨ ਨੂੰ ਚਿੰਬੜੇ ਰਹਿਣਾ ਵੀ ਬੱਚੇ ਵਿੱਚ ਨਿਰਾਸ਼ਤਾ ਪੈਦਾ ਕਰਦਾ ਹੈ ਅਤੇ ਉਹ ਵੀ ਫਿਰ ਫੋਨ ਨੂੰ ਸਾਥੀ ਬਣਾ ਲੈਂਦਾ ਹੈ। ਬੱਚੇ ਪ੍ਰਤੀ ਮਾਪਿਆਂ ਦੀ ਜ਼ਿੰਮੇਵਾਰੀ ਉਸ ਨੂੰ ਸਾਰੀਆਂ ਸਹੂਲਤਾਂ ਦੇ ਕੇ ਹੀ ਪੂਰੀ ਨਹੀ ਹੋ ਜਾਂਦੀ ਹੈ ਸਗੋਂ ਉਸ ਨੂੰ ਸਮਾਂ ਦੇਣਾ ਵੱਧ ਜ਼ਰੂਰੀ ਹੈ। ਸੰਗਤ ਦਾ ਰੰਗ ਕੇਵਲ ਬੱਚਿਆਂ ਉੱਤੇ ਹੀ ਨਹੀ ਚੜ੍ਹਦਾ ਸਗੋਂ ਵੱਡੇ ਵੀ ਇਸ ਦੇ ਪ੍ਰਭਾਵ ਤੋਂ ਬਚ ਨਹੀ ਸਕਦੇ। ਬਹੁਤ ਮਿਸਾਲਾਂ ਅਜਿਹੀਆਂ ਮਿਲਦੀਆਂ ਹਨ ਜਿੱਥੇ ਭੈੜੀ ਸੰਗਤ ਨੇ ਮਰਦ ਅਤੇ ਔਰਤਾਂ ਨੂੰ ਕੁਰਾਹੇ ਪਾ ਦਿੱਤਾ ਜਦੋਂ ਕਿ ਚੰਗੀ ਸੰਗਤ ਨੇ ਉਨ੍ਹਾਂ ਨੂੰ ਅੱਗੇ ਵਧਣ ਵਿੱਚ ਸਹਾਇਤਾ ਕੀਤੀ। ਬੁਰੀ ਸੰਗਤ ਤੋਂ ਦੂਰੀ ਹੀ ਉਸਾਰੂ ਸੋਚ ਨੂੰ ਉਤਸ਼ਾਹਿਤ ਕਰਦੀ ਹੈ ਅਤੇ ਅੱਗੇ ਵੱਧਣ ਲਈ ਪ੍ਰੇਰਦੀ ਹੈ। ਹਮੇਸ਼ਾਂ ਆਪਣੇ ਮਿੱਤਰਾਂ ਅਤੇ ਸੰਗੀ ਸਾਥੀਆਂ ਬਾਰੇ ਜਾਣਕਾਰੀ ਲੈਣੀ ਚਾਹੀਦੀ ਹੈ। ਜੇਕਰ ਉਹ ਕੁਰਾਹੇ ਪਾਉਣ ਦੀ ਕੋਸ਼ਿਸ਼ ਕਰਨ ਤਾਂ ਉਨ੍ਹਾਂ ਤੋਂ ਦੂਰ ਰਹਿਣ ਦਾ ਯਤਨ ਕਰਨਾ ਚਾਹੀਦਾ ਹੈ। ਬੁਰੀ ਸੰਗਤ ਤੋਂ ਦੂਰ ਰਹਿਣ ਲਈ ਕੁੱਝ ਸੁਝਾਅ ਦਿੱਤੇ ਜਾ ਰਹੇ ਹਨ। ਕਈ ਵਾਰ ਸਾਡੀ ਮਜਬੂਰੀ ਹੋ ਜਾਂਦੀ ਹੈ, ਇਹ ਜਾਣਦਿਆਂ ਹੋਇਆਂ ਕਿ ਇਹ ਬੰਦਾ ਭੈੜਾ ਹੈ, ਸਾਨੂੰ ਉਸ ਦੇ ਨਾਲ ਕੰਮ ਕਰਨਾ ਪੈਂਦਾ ਹੈ। ਜੇਕਰ ਤੁਹਾਨੂੰ ਪਤਾ ਹੈ ਕਿ ਤੁਹਾਡਾ ਸਾਥੀ ਰਿਸ਼ਵਤਖੋਰ ਹੈ ਜਾਂ ਕੰਮ ਤੋਂ ਜੀ ਚਰਾਉਂਦਾ ਹੈ ਤਾਂ ਉਸ ਦੇ ਸੰਗ ਤੋਂ ਦੂਰ ਰਹੋ। ਉਹ ਤੁਹਾਨੂੰ ਵੀ ਲਪੇਟਣ ਦੀ ਕੋਸ਼ਿਸ਼ ਕਰੇਗਾ। ਕਈ ਵਾਰ ਲਾਲਚ ਵਿੱਚ ਆ ਕੇ ਬੰਦਾ ਕਮਜ਼ੋਰ ਪੈ ਜਾਂਦਾ ਹੈ, ਪਰ ਆਪਣੇ ਆਪ ਉੱਤੇ ਕਾਬੂ ਪਾ ਕੇ ਉਸ ਦੇ ਰਾਹ 'ਤੇ ਤੁਰਨ ਤੋਂ ਗੁਰੇਜ਼ ਕੀਤਾ ਜਾਵੇ। ਰਿਸ਼ਵਤਖੋਰੀ, ਨਸ਼ਿਆਂ ਦਾ ਕੋਹੜ ਜਾਂ ਮਿਲਾਵਟ ਖੋਰੀ ਬੁਰੀ ਸੰਗਤ ਦਾ ਹੀ ਨਤੀਜਾ ਹੁੰਦਾ ਹੈ। ਤੁਹਾਡੇ ਸਾਥੀ ਨੇ ਪੈਸੇ ਲੈ ਕੇ ਕਿਸੇ ਦਾ ਕੰਮ ਕਰ ਦਿੱਤਾ ਅਤੇ ਉਹ ਤੁਹਾਨੂੰ ਪਾਰਟੀ ਦੇਣਾ ਚਾਹੁੰਦਾ ਹੈ ਤਾਂ ਬਹਾਨਾ ਬਣਾ ਕੇ ਨਾਂਹ ਕਰ ਦੇਵੋ, ਉਹ ਇਹ ਦੱਸਣ ਦਾ ਵੀ ਯਤਨ ਕਰੇਗਾ ਕਿ ਇਹ ਪੈਸੇ ਤਾਂ ਉਹ ਖ਼ੁਸ਼ ਹੋ ਕੇ ਪਾਰਟੀ ਕਰਨ ਲਈ ਦੇ ਕੇ ਗਿਆ ਹੈ। ਕਈ ਵਾਰ ਤੁਹਾਨੂੰ ਕਿਸੇ ਪਾਰਟੀ ਵਿੱਚ ਜਾਣਾ ਪੈਂਦਾ ਹੈ ਜਿੱਥੇ ਸ਼ਰਾਬ ਵੀ ਪਰੋਸੀ ਗਈ ਹੁੰਦੀ ਹੈ। ਤੁਹਾਡੇ ਦੋਸਤ ਤੁਹਾਨੂੰ ਪੀਣ ਲਈ ਮਜਬੂਰ ਕਰਦੇ ਹਨ। ਕੋਕ ਜਾਂ ਜੂਸ ਵਿੱਚ ਮਿਲਾ ਕੇ ਪਿਲਾਉਣ ਦਾ ਯਤਨ ਕਰਦੇ ਹਨ ਜਾਂ ਦੋਸਤੀ ਦਾ ਵਾਸਤਾ ਪਾ ਕੇ ਬਲੈਕਮੇਲ ਕਰਨਾ ਦਾ ਯਤਨ ਕਰਦੇ ਹਨ ਤਾਂ ਉਦੋਂ ਤੁਹਾਡੀ ਪਰਖ ਦੀ ਘੜੀ ਹੁੰਦੀ ਹੈ। ਪਹਿਲਾਂ ਤਾਂ ਕੋਸ਼ਿਸ਼ ਕਰੋ ਕਿ ਉਨ੍ਹਾਂ ਸਾਥੀਆਂ ਨਾਲ ਬੈਠਿਆ ਹੀ ਨਾ ਜਾਵੇ ਜਿੱਥੇ ਸ਼ਰਾਬ ਪਰੋਸੀ ਜਾ ਰਹੀ ਹੈ। ਜੇਕਰ ਬੈਠਣਾ ਹੀ ਪੈ ਜਾਵੇ ਤਾਂ ਆਪਣੇ ਆਪ ਨੂੰ ਇੰਨਾ ਮਜ਼ਬੂਤ ਕਰੋ ਕਿ ਤੁਸੀ ਥਿੜਕ ਨਾ ਸਕੋ। ਜੇਕਰ ਗੱਲਾਂ ਵਿੱਚ ਆ ਕੇ ਇੱਕ ਵਾਰ ਸੁਆਦ ਵੇਖ ਲਿਆ ਫਿਰ ਹੇਠਾਂ ਵੱਲ ਰੁੜ੍ਹਨਾ ਸ਼ੁਰੂ ਹੋ ਜਾਵੋਗੇ। ਕਈ ਵਾਰ ਅਸੀ ਆਪਣੇ ਦੋਸਤਾਂ ਦੀਆਂ ਗੱਲਾਂ ਵਿੱਚ ਆ ਕੇ ਰਾਹ ਦੀ ਖ਼ੂਬਸੂਰਤੀ ਵੇਖ ਉਸੇ ਪਾਸੇ ਤੁਰ ਪੈਂਦੇ ਹਾਂ। ਪਲ ਭਰ ਦੇ ਸੁੱਖ ਲਈ ਅਸੀ ਕੁਰਾਹੇ ਪੈ ਜਾਂਦੇ ਹਾਂ। ਇਹ ਸੁੱਖ ਵੀ ਨਹੀ ਹੁੰਦਾ ਸਗੋਂ ਦੁੱਖਾਂ ਦੀ ਨੀਂਹ ਰੱਖਦਾ ਹੈ। ਅਜਿਹੇ ਖਾਣ ਪੀਣ ਵਿੱਚ ਉਲਝ ਜਾਂਦੇ ਹਾਂ ਜਿਸ ਦੇ ਨਤੀਜੇ ਭੈੜੇ ਨਿਕਲਦੇ ਹਨ। ਅਜਿਹੇ ਰਾਹ ਤੁਰਨ ਤੋਂ ਪਹਿਲਾਂ ਵਿਚਾਰ ਕਰੋ ਕਿ ਇਹ ਰਾਹ ਕਿਹੜੇ ਪਾਸੇ ਜਾਂਦਾ ਹੈ। ਆਪਣੇ ਲਈ ਜਿਹੜੀ ਮੰਜ਼ਿਲ ਤੁਸੀ ਮਿੱਥੀ ਹੈ ਪਤਾ ਕਰੋ ਇਹ ਰਾਹ ਉਸੇ ਪਾਸੇ ਜਾਂਦਾ ਹੈ। ਜੇਕਰ ਇਹ ਰਾਹ ਤੁਹਾਨੂੰ ਕੁਰਾਹੇ ਪਾ ਰਿਹਾ ਹੈ ਤਾਂ ਬਿਨਾਂ ਦੇਰ ਕੀਤਿਆਂ ਆਪਣਾ ਰਾਹ ਬਦਲੋ। ਰਾਹ ਦੀਆਂ ਰੰਗੀਨੀਆਂ ਵੇਖ ਰਾਹੋਂ ਭਟਕਿਆ ਇਨਸਾਨ ਘੁੰਮਣ ਘੇਰੀ ਵਿੱਚ ਫਸ ਜਾਂਦਾ ਹੈ। ਆਪਣੀ ਮੰਜ਼ਿਲ ਬਾਰੇ ਫ਼ੈਸਲਾ ਕਰੋ, ਫਿਰ ਉੱਥੇ ਪੁੱਜਣ ਲਈ ਰਾਹ ਦੀ ਤਲਾਸ਼ ਕਰੋ। ਜਦੋਂ ਮੰਜ਼ਿਲ ਦਾ ਪਤਾ ਹੋਵੇ ਫਿਰ ਔਖੇ ਰਾਹਾਂ 'ਤੇ ਤੁਰਨ ਦੀ ਹਿੰਮਤ ਵੀ ਆਪਣੇ ਆਪ ਆ ਜਾਂਦੀ ਹੈ। ਥੋੜ੍ਹਾ ਔਖਾ ਹੋਇਆਂ ਤੇ ਮਿਹਨਤ ਕੀਤਿਆਂ ਹੀ ਮੰਜ਼ਿਲ ਦੀ ਪ੍ਰਾਪਤੀ ਹੁੰਦੀ ਹੈ। ਕਈ ਵਾਰ ਅਸੀ ਮੰਜ਼ਿਲ ਬਾਰੇ ਜਾਣਦੇ ਹੁੰਦੇ ਹਾਂ। ਇਹ ਵੀ ਪਤਾ ਹੁੰਦਾ ਹੈ ਕਿ ਰਾਹ ਕਿਹੜਾ ਜਾਂਦਾ ਹੈ। ਰਾਹ ਦੀਆਂ ਦੁਸ਼ਵਾਰੀਆਂ ਤੋਂ ਪੱਲਾ ਛੁਡਾਉਣ ਲਈ ਅਸੀ ਗ਼ਲਤ ਰਾਹ ਜਾਂ ਛੋਟਾ ਰਸਤਾ ਲੱਭਣ ਦੀ ਕੋਸ਼ਿਸ਼ ਕਰਦੇ ਹਾਂ। ਬਹੁਤੀ ਵਾਰ ਅਜਿਹੇ ਰਾਹਾਂ ਦਾ ਰਾਹੀ ਰਾਹ ਵਿੱਚ ਹੀ ਉਲਝ ਜਾਂਦਾ ਹੈ ਅਤੇ ਆਪਣੀ ਮੰਜ਼ਿਲ 'ਤੇ ਪੁੱਜ ਨਹੀ ਸਕਦਾ। ਜੇਕਰ ਕਿਸੇ ਤਰ੍ਹਾਂ ਮੰਜ਼ਿਲ ਉੱਤੇ ਪੁੱਜ ਵੀ ਜਾਵੇ ਤਾਂ ਉਹ ਇਸ ਪ੍ਰਾਪਤੀ ਦਾ ਅਨੰਦ ਨਹੀ ਮਾਣ ਸਕਦਾ ਕਿਉਂਕਿ ਇੱਥੇ ਆ ਕੇ ਵੀ ਉਹ ਸਫਲਤਾ ਲਈ ਗ਼ਲਤ ਤਰੀਕੇ ਅਪਣਾਵੇਗਾ, ਜਿਸ ਦਾ ਨਤੀਜਾ ਤਾਂ ਭੈੜਾ ਹੀ ਹੁੰਦਾ ਹੈ। ਹਰੇਕ ਕਰਮ ਦਾ ਪ੍ਰਤੀਕਰਮ ਜ਼ਰੂਰ ਹੁੰਦਾ ਹੈ। ਦੇਰ ਭਾਵੇਂ ਹੋ ਜਾਵੇ, ਪਰ ਪ੍ਰਤੀਕਰਮ ਜ਼ਰੂਰ ਹੁੰਦਾ ਹੈ, ਆਪਣੇ ਕਰਮਾਂ ਦਾ ਫ਼ਲ ਤਾਂ ਭੁਗਤਣਾ ਹੀ ਪੈਂਦਾ ਹੈ। ਪੜ੍ਹਾਈ ਵਾਲੀ ਸੰਸਥਾ ਜਾਂ ਕੰਮ ਕਾਜ ਵਾਲੀ ਥਾਂ ਤੁਹਾਨੂੰ ਨਵੇਂ ਸਾਥੀ ਮਿਲਦੇ ਹਨ। ਉਨ੍ਹਾਂ ਨਾਲ ਤੁਹਾਨੂੰ ਰਹਿਣਾ ਹੀ ਪੈਣਾ ਹੈ, ਪਰ ਉਨ੍ਹਾਂ ਦੇ ਕਿਰਦਾਰ ਬਾਰੇ ਜ਼ਰੂਰ ਜਾਣਕਾਰੀ ਹਾਸਲ ਕਰੋ। ਕੰਮਕਾਜ ਕਰਦਿਆਂ ਜਾਂ ਨਾਲ ਵਿਚਰਦਿਆਂ ਤੁਹਾਨੂੰ ਪਤਾ ਹੀ ਲੱਗ ਜਾਵੇਗਾ ਕਿ ਉਹ ਮਿਹਨਤੀ ਹੈ ਜਾਂ ਕੰਮਚੋਰ ਹੈ। ਕੰਮਚੋਰ ਹਮੇਸ਼ਾਂ ਘੱਟ ਕੰਮ ਕਰਨ ਲਈ ਪ੍ਰੇਰਿਤ ਕਰੇਗਾ, ਪੜ੍ਹਾਈ ਵਿੱਚ ਉਹ ਨਕਲ ਮਾਰਨ ਦੀ ਸਲਾਹ ਦੇਵੇਗਾ। ਕੰਮਕਾਜ ਵਾਲੀ ਥਾਂ ਉਹ ਘੱਟ ਕੰਮ ਕਰਨ ਦੇ ਫਾਇਦੇ ਗਿਣਾਵੇਗਾ। ਉਹ ਆਖੇਗਾ ਕਿ ਜੇਕਰ ਵੱਧ ਕੰਮ ਕਰੋਗੇ ਤਾਂ ਤੁਹਾਨੂੰ ਹੋਰ ਵੱਧ ਕੰਮ ਕਰਨ ਨੂੰ ਆਖਿਆ ਜਾਵੇਗਾ। ਉਹ ਇਹ ਵੀ ਆਖੇਗਾ ਕਿ ਵੱਧ ਕੰਮ ਕਰੋਗੇ ਤਾਂ ਗ਼ਲਤੀਆਂ ਵੀ ਹੋਣਗੀਆਂ। ਵੱਧ ਕੰਮ ਦੀ ਕੋਈ ਪ੍ਰਸ਼ੰਸਾ ਨਹੀ ਕਰਦਾ, ਪਰ ਗ਼ਲਤੀ ਦੀ ਸਜ਼ਾ ਜ਼ਰੂਰ ਮਿਲਦੀ ਹੈ। ਪੜ੍ਹਾਈ ਜਾਂ ਨੌਕਰੀ ਦੇ ਸਮੇਂ ਜੇਕਰ ਕੋਈ ਸਾਥੀ ਪੜ੍ਹਾਈ ਜਾਂ ਕੰਮ ਛੱਡ ਇੱਧਰ ਉੱਧਰ ਜਾਣ ਲਈ ਆਖੇਗਾ ਤਾਂ ਸਮਝੋ ਕਿ ਉਹ ਮਿਹਨਤੀ ਅਤੇ ਇਮਾਨਦਾਰ ਨਹੀ ਹੈ। ਕੰਮ ਤੋਂ ਕੰਨੀ ਕਤਰਾਉਣਾ ਵੀ ਬੇਈਮਾਨੀ ਹੀ ਹੁੰਦੀ ਹੈ। ਉਸ ਦੀ ਸਲਾਹ ਹੁੰਦੀ ਹੈ ਕਿ ਕੰਮ ਕਰਨ ਦੀ ਥਾਂ ਆਪਣੇ ਬੌਸ ਜਾਂ ਅਧਿਆਪਕ ਨੂੰ ਖ਼ੁਸ਼ ਰੱਖੋ। ਇੱਥੇ ਗਧੇ ਘੋੜੇ ਬਰਾਬਰ ਹੀ ਹਨ। ਤਰੱਕੀ ਤਾਂ ਵਾਰੀ ਆਉਣ 'ਤੇ ਹੀ ਹੋਣੀ ਹੈ। ਮੇਰੀ ਇਹ ਸਲਾਹ ਨਹੀ ਕਿ ਅਜਿਹੇ ਲੋਕਾਂ ਨਾਲ ਬੋਲਣਾ ਬੰਦ ਕਰ ਦੇਵੋ ਜਾਂ ਲੜਾਈ ਕਰੋ, ਪਰ ਥੋੜ੍ਹੀ ਦੂਰੀ ਬਣਾਈ ਰੱਖੋ। ਅਜਿਹੇ ਬੰਦਿਆਂ ਦੀ ਨਾ ਦੋਸਤੀ ਚੰਗੀ ਹੁੰਦੀ ਹੈ ਅਤੇ ਨਾ ਹੀ ਦੁਸ਼ਮਣੀ ਚੰਗੀ ਹੁੰਦੀ ਹੈ। ਦੋਸਤੀ ਉਨ੍ਹਾਂ ਨਾਲ ਕਰੋ ਜਿਹੜੇ ਮਿਹਨਤ ਅਤੇ ਇਮਾਨਦਾਰੀ ਦਾ ਪਾਠ ਪੜ੍ਹਾਉਣ, ਔਖ ਦੀ ਘੜੀ ਹੌਸਲਾ ਦੇਣ ਅਤੇ ਅੱਗੇ ਵਧਣ ਦਾ ਰਾਹ ਵਿਖਾਉਣ। ਕਈ ਇਨਸਾਨ ਅਜਿਹੇ ਹੁੰਦੇ ਹਨ ਜਿਨ੍ਹਾਂ ਨੂੰ ਜੇਕਰ ਤੁਹਾਡੇ ਤਾਈ ਕੰਮ ਹੈ ਤਾਂ ਉਹ ਨੇੜੇ ਹੋ-ਹੋ ਢੁੱਕਣਗੇ। ਆਪਣੇ ਆਪ ਨੂੰ ਤੁਹਾਡਾ ਸੱਚਾ ਖੈਰਖਾਹ ਦੱਸਣਗੇ। ਸਾਡੇ ਸੱਭਿਆਚਾਰ ਵਿੱਚ ਅਜਿਹੇ ਦੋਸਤਾਂ ਨੂੰ ਫ਼ਸਲੀ ਬਟੇਰੇ ਆਖਿਆ ਜਾਂਦਾ ਹੈ। ਜਦੋਂ ਉਨ੍ਹਾਂ ਦਾ ਮਤਲਬ ਨਿਕਲ ਗਿਆ ਤਾਂ ਉਹ ਹੌਲੀ-ਹੌਲੀ ਤੁਹਾਤੋਂ ਦੂਰ ਹੋਣ ਲੱਗ ਪੈਣਗੇ। ਕਈ ਤਾਂ ਅਜਿਹੇ ਹੁੰਦੇ ਹਨ ਜਿਹੜੇ ਰਾਤੋ ਰਾਤ ਅੱਖਾਂ ਫੇਰ ਲੈਂਦੇ ਹਨ। ਕੁੱਝ ਅਜਿਹੇ ਵੀ ਹੁੰਦੇ ਹਨ ਕਿ ਜਦੋਂ ਤੱਕ ਤੁਹਾਡੇ ਥੱਲੇ ਕੁਰਸੀ ਹੈ, ਉਹ ਆਪਣੇ ਆਪ ਨੂੰ ਤੁਹਾਡੇ ਸਭ ਤੋਂ ਵੱਧ ਵਫ਼ਾਦਾਰ ਸਾਬਤ ਕਰਨ ਦਾ ਯਤਨ ਕਰਨਗੇ, ਲੋੜ ਤੋਂ ਵੱਧ ਖ਼ੁਸ਼ਾਮਦ ਕੀਤੀ ਜਾਵੇਗੀ ਅਤੇ ਦੂਜਿਆਂ ਦੇ ਖ਼ਿਲਾਫ਼ ਤੁਹਾਡੇ ਕੰਨ ਭਰੇ ਜਾਣਗੇ। ਤੁਹਾਡੇ ਨਿੱਜੀ ਕੰਮ ਵੀ ਅੱਗੇ ਹੋ ਕੇ ਜਬਰਦਸਤੀ ਕਰਨ ਦੀ ਕੋਸ਼ਿਸ਼ ਕਰਨਗੇ। ਆਪਣੀ ਦੋਸਤੀ ਦਾ ਦੂਜਿਆਂ 'ਤੇ ਰੋਹਬ ਵੀ ਪਾਉਣਗੇ। ਕਈ ਤਾਂ ਦੂਜਿਆਂ ਦੇ ਕੰਮ ਕਰਵਾਉਣ ਦੇ ਵਾਅਦੇ ਕਰਕੇ ਉਨ੍ਹਾਂ ਤੋਂ ਤੁਹਾਡਾ ਨਾਮ ਵਰਤ ਲਾਹਾ ਵੀ ਲੈਣਗੇ। ਜਦੋਂ ਤੁਸੀ ਸੇਵਾਮੁਕਤ ਹੋ ਗਏ ਤਾਂ ਉਹ ਤੁਹਾਨੂੰ ਆਉਂਦਾ ਵੇਖ ਰਸਤਾ ਹੀ ਬਦਲ ਲੈਣਗੇ। ਅਜਿਹੇ ਮਤਲਬੀ ਯਾਰਾਂ ਤੋਂ ਦੂਰੀ ਬਣਾਈ ਰੱਖਣੀ ਚਾਹੀਦੀ ਹੈ। ਜਿਹੜੇ ਤੁਹਾਡੀ ਖ਼ੁਸ਼ਾਮਦ ਕਰਦੇ ਹਨ, ਦੂਜਿਆਂ ਦੀ ਬੁਰਾਈ ਕਰਦੇ ਹਨ, ਤੁਹਾਡੇ ਲੋੜ ਤੋਂ ਵੱਧ ਖੈਰਖਾਹ ਬਣਦੇ ਹਨ ਉਨ੍ਹਾਂ ਤੋਂ ਦੂਰੀ ਬਣਾਈ ਰੱਖਣੀ ਚਾਹੀਦੀ ਹੈ। ਅਜਿਹੇ ਸਾਥੀ ਤੁਹਾਡੇ ਸ਼ੁਭਚਿੰਤਕ ਨਹੀ ਹੁੰਦੇ ਸਗੋਂ ਮਤਲਬੀ ਯਾਰ ਹੁੰਦੇ ਹਨ। ਦੋਸਤੀ ਦੀ ਪਰਖ ਔਖੀ ਘੜੀ ਵੇਲੇ ਹੁੰਦੀ ਹੈ। ਔਖੀ ਘੜੀ ਵੇਲੇ ਜਿਹੜਾ ਤੁਹਾਡੇ ਨਾਲ ਖੜ੍ਹਾ ਹੁੰਦਾ ਹੈ ਅਤੇ ਤੁਹਾਨੂੰ ਔਖ ਵਿੱਚੋਂ ਕੱਢਣ ਲਈ ਆਪਣੀ ਪੂਰੀ ਤਾਕਤ ਲਗਾ ਦਿੰਦਾ ਹੈ, ਸੱਚਾ ਸਾਥੀ ਉਹ ਹੀ ਹੁੰਦਾ ਹੈ। ਅਜਿਹੇ ਦੋਸਤਾਂ ਦੇ ਸੰਗ ਨਾਲ ਹੀ ਮਨੁੱਖ ਉੱਚੀਆਂ ਉਡਾਰੀਆਂ ਮਾਰਦਾ ਹੈ। ਮਨੁੱਖ ਇੱਕ ਸਮਾਜਿਕ ਜੀਵ ਹੈ, ਉਸ ਨੂੰ ਸਾਥ ਚਾਹੀਦਾ ਹੈ। ਜੇਕਰ ਸਾਥੀ ਸੱਚਾ ਦੋਸਤ ਹੈ ਤਾਂ ਸਮਝੋ ਜੀਵਨ ਸਵਰਗ ਬਣ ਗਿਆ ਨਹੀ ਤਾਂ ਨਰਕ ਵੀ ਇਸੇ ਧਰਤੀ 'ਤੇ ਨਜ਼ਰ ਆ ਜਾਂਦਾ ਹੈ। ਇਹ ਸੱਚ ਪਰਿਵਾਰ ਦੇ ਮੈਂਬਰਾਂ ਉੱਤੇ ਵੀ ਢੁੱਕਦਾ ਹੈ। ਜੋ ਬਿਪਤਾ ਸਮੇਂ ਤੁਹਾਡਾ ਸਾਥ ਛੱਡ ਦਿੰਦਾ ਹੈ ਤਾਂ ਉਹ ਤੁਹਾਡਾ ਦੋਸਤ ਜਾਂ ਰਿਸ਼ਤੇਦਾਰ ਨਹੀ ਹੋ ਸਕਦਾ। ਉਹ ਕੇਵਲ ਮਤਲਬੀ ਹੀ ਬਣ ਕੇ ਰਹਿ ਜਾਂਦਾ ਹੈ। ਦੋਸਤਾਂ ਨੂੰ ਪਹਿਚਾਣੋ। ਹਮੇਸ਼ਾਂ ਉਨ੍ਹਾਂ ਨਾਲ ਦੋਸਤੀ ਕਰੋ ਜਿਨ੍ਹਾਂ ਦੀ ਸੰਗਤ ਤੁਹਾਨੂੰ ਅਛਾਈ ਦੇ ਰਾਹ ਤੋਰਦੀ ਹੈ। ਉਹ ਦੁੱਖ ਦੀ ਘੜੀ ਤੁਹਾਡੇ ਨਾਲ ਖੜ੍ਹੇ ਹੁੰਦੇ ਹਨ ਤੇ ਹਮੇਸ਼ਾਂ ਚੜ੍ਹਦੀ ਕਲਾ ਦਾ ਸੰਦੇਸ਼ ਦਿੰਦੇ ਹਨ। ਚੜ੍ਹਦੀ ਕਲਾ ਵਿੱਚ ਰਹਿਣ ਲਈ ਦੋਸਤਾਂ, ਰਿਸ਼ਤੇਦਾਰਾਂ ਤੇ ਪਰਿਵਾਰਕ ਮੈਂਬਰਾਂ ਦਾ ਮਹੱਤਵਪੂਰਨ ਯੋਗਦਾਨ ਹੁੰਦਾ ਹੈ। ਹਮੇਸ਼ਾਂ ਉਨ੍ਹਾਂ ਲੋਕਾਂ ਦਾ ਸਾਥ ਮਾਣੋ ਜਿਹੜੇ ਤੁਹਾਨੂੰ ਅੱਗੇ ਵਧਣ ਲਈ ਪ੍ਰੇਰਨਾ ਹੀ ਨਹੀ ਦਿੰਦੇ ਸਗੋਂ ਤੁਹਾਡੀ ਪੂਰੀ ਮਦਦ ਵੀ ਕਰਦੇ ਹਨ। ਪਿਛਾਂਹ ਖਿੱਚੂ ਸੋਚ ਵਾਲੇ ਹਮੇਸ਼ਾਂ ਟੰਗ ਖਿਚਾਈ ਹੀ ਕਰਦੇ ਹਨ, ਉਹ ਅੱਗੇ ਵਧਣ ਦੇ ਖਤਰੇ ਦੱਸ ਤੁਹਾਡੇ ਹੌਸਲੇ ਤੋੜਨ ਦਾ ਯਤਨ ਕਰਦੇ ਹਨ। ਅਜਿਹੇ ਸੰਗੀ ਸਾਥੀਆਂ ਤੋਂ ਸਾਵਧਾਨ ਰਹੋ। ਜੀਵਨ ਵਿੱਚ ਸਫਲਤਾ ਅਤੇ ਜੀਵਨ ਦਾ ਅਨੰਦ ਮਾਣਨ ਲਈ ਚੜ੍ਹਦੀ ਕਲਾ ਜ਼ਰੂਰੀ ਹੈ, ਇਸ ਵਿੱਚ ਸੱਚੇ ਦੋਸਤ ਹਮੇਸ਼ਾਂ ਸਹਾਈ ਹੁੰਦੇ ਹਨ।

**ਡਾ. ਰਣਜੀਤ ਸਿੰਘ**



# ਸਕੂਲਾਂ ਵਿੱਚ ਅਤਿ-ਆਧੁਨਿਕ ਬੁਨਿਆਦੀ ਢਾਂਚੇ ਨਾਲ ਵਧੀਆ ਸਿੱਖਿਆ ਮੁਹੱਈਆ ਕਰਵਾਉਣ ਲਈ ਪੰਜਾਬ ਸਰਕਾਰ ਵਿਸ਼ੇਸ਼ ਤੌਰ 'ਤੇ ਯਤਨਸ਼ੀਲ : ਭੁੱਲਰ



ਫ਼ਿਰੋਜ਼ਪੁਰ, 3 ਮਈ (ਤਿਵਾੜੀ) : ਸਰਕਾਰੀ ਸਕੂਲਾਂ ਵਿੱਚ ਅਤਿ-ਆਧੁਨਿਕ ਬੁਨਿਆਦੀ ਢਾਂਚੇ ਨੂੰ ਯਕੀਨੀ ਬਣਾ ਕੇ ਰਾਜ ਦੀ ਸਿੱਖਿਆ ਪ੍ਰਣਾਲੀ ਦੀ ਨੁਹਾਰ ਬਦਲਣ ਦੇ ਉਦੇਸ਼ ਨਾਲ ਕੀਤੇ ਜਾ ਰਹੇ ਯਤਨਾਂ ਤਹਿਤ ਫ਼ਿਰੋਜ਼ਪੁਰ ਸ਼ਹਿਰੀ ਹਲਕੇ ਦੇ ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਅੱਜ ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਅੱਜ ਸਰਕਾਰੀ ਮਿਡਲ ਸਕੂਲ ਨਿਹਾਲੇ ਵਾਲਾ, ਸਰਕਾਰੀ ਪ੍ਰਾਇਮਰੀ ਸਕੂਲ ਕਮਾਲੇ ਵਾਲਾ, ਸਰਕਾਰੀ ਪ੍ਰਾਇਮਰੀ ਹਾਈ ਸਕੂਲ ਦੁਲਚੀ ਕੇ ਵਿਖੇ ਵਿਕਾਸ ਪ੍ਰਾਜੈਕਟਾਂ ਦਾ ਉਦਘਾਟਨ ਕੀਤਾ। ਇਸ ਮੌਕੇ ਉਹਨਾਂ ਨਾਲ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਡਾਕਟਰ ਸਤਿੰਦਰ ਸਿੰਘ ਨੈਸ਼ਨਲ ਅਵਾਰਡੀ ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਫ਼ਿਰੋਜ਼ਪੁਰ-3 ਰਣਜੀਤ ਸਿੰਘ ਹਾਜ਼ਰ ਸਨ। ਇਸ ਮੌਕੇ ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸਰਕਾਰੀ ਸਕੂਲਾਂ ਦੀ ਨੁਹਾਰ ਬਦਲਣ ਅਤੇ ਸੂਬੇ ਵਿੱਚ ਵਿਦਿਅਕ ਮਿਆਰਾਂ ਨੂੰ ਉੱਚਾ ਚੁੱਕਣ ਲਈ ਪੰਜਾਬ ਸਿੱਖਿਆ ਕ੍ਰਾਂਤੀ ਪ੍ਰੋਗਰਾਮ ਸ਼ੁਰੂ ਕੀਤਾ ਹੈ। ਇਸ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਪ੍ਰਾਪਤ ਕਰਨ ਵਾਲੇ ਆਮ ਘਰਾਂ ਦੇ ਬੱਚੇ ਵਿਸ਼ਵ ਪੱਧਰੀ ਮੁਕਾਬਲੇ ਦੇ ਇਸ ਯੁੱਗ ਵਿੱਚ ਆਪਣਾ ਅਹਿਮ ਸਥਾਨ ਬਣਾ ਸਕਣ। ਉਨ੍ਹਾਂ ਕਿਹਾ ਕਿ ਹੁਣ ਸਰਕਾਰੀ ਸਕੂਲ ਆਧੁਨਿਕ ਸਹੂਲਤਾਂ ਨਾਲ ਲੈਸ ਹਨ, ਜਿਸ ਵਿੱਚ ਹਾਈ-ਸਪੀਡ ਵਾਈ-ਫਾਈ ਕਨੈਕਸ਼ਨ, ਪੀਣ ਵਾਲਾ ਸਾਫ਼ ਪਾਣੀ, ਲੜਕੇ ਅਤੇ ਲੜਕੀਆਂ ਲਈ ਵੱਖਰੇ ਪਖਾਨੇ, ਚਾਰਦੀਵਾਰੀ, ਸਮਾਰਟ ਕਲਾਸਰੂਮ, ਏਕੀਕ੍ਰਿਤ ਵਿਗਿਆਨ ਲੈਬਾਂ, ਇੰਟਰਐਕਟਿਵ ਪੈਨਲ, ਖੇਡ ਦੇ ਮੈਦਾਨ ਅਤੇ ਆਧੁਨਿਕ ਫਰਨੀਚਰ ਸ਼ਾਮਲ ਹੈ। ਉਨ੍ਹਾਂ ਅੱਗੇ ਕਿਹਾ ਕਿ ਬੁਨਿਆਦੀ ਢਾਂਚੇ ਵਿੱਚ ਇਸ ਮਹੱਤਵਪੂਰਨ ਨਿਵੇਸ਼ ਦਾ ਉਦੇਸ਼ ਵਿਦਿਆਰਥੀਆਂ ਲਈ ਸਿੱਖਣ ਦਾ ਅਨੁਕੂਲ ਮਾਹੌਲ ਸਿਰਜਣਾ ਹੈ।

ਉਨ੍ਹਾਂ ਕਿਹਾ ਕਿ ਇਸ ਮੁਹਿੰਮ ਦਾ ਉਦੇਸ਼ ਵਿੱਦਿਅਕ ਮਿਆਰਾਂ ਨੂੰ ਉੱਚਾ ਚੁੱਕਣਾ ਹੈ ਅਤੇ ਸਰਕਾਰੀ ਸਕੂਲ ਵਿਦਿਅਕ ਗੁਣਵੱਤਾ ਦੇ ਮਾਮਲੇ ਵਿੱਚ ਪ੍ਰਾਈਵੇਟ ਸਕੂਲਾਂ ਨੂੰ ਪਛਾੜ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨਾ ਸਿਰਫ ਮਿਆਰੀ ਸਿੱਖਿਆ ਪ੍ਰਦਾਨ ਕਰ ਰਹੀ ਹੈ ਬਲਕਿ ਸਰਕਾਰੀ ਸਕੂਲਾਂ ਵਿੱਚ ਸਿੱਖਣ ਦੇ ਸਾਜ਼ਗਾਰ ਮਾਹੌਲ ਨੂੰ ਵੀ ਉਤਸ਼ਾਹਿਤ ਕਰ ਰਹੀ ਹੈ।

ਇਸ ਮੌਕੇ ਰਾਜ ਬਹਾਦਰ ਸਿੰਘ ਗਿੱਲ ਕੋਆਰਡੀਨੇਟਰ ਸਿੱਖਿਆ ਫ਼ਿਰੋਜ਼ਪੁਰ ਸ਼ਹਿਰੀ, ਗੁਰਜੀਤ ਸਿੰਘ ਚੀਮਾ, ਹਿਮਾਂਸ਼ੂ ਠੱਕਰ, ਬਲਰਾਜ ਸਿੰਘ ਕਟੋਰਾ, ਅਮਰਿੰਦਰ ਸਿੰਘ ਬਰਾੜ, ਸੁਰਿੰਦਰ ਸਿੰਘ ਗਿੱਲ, ਪਿੰਡ ਨਿਹਾਲੇ ਵਾਲਾ ਬੋਹੜ ਸਿੰਘ, ਸਰਪੰਚ ਬਲਵੀਰ ਸਿੰਘ ਸਰਪੰਚ, ਬਚਨ ਸਿੰਘ ਨੰਬਰਦਾਰ, ਜਗਜੀਤ ਸਿੰਘ ਸਾਬਕਾ ਸਰਪੰਚ, ਰਣਜੀਤ ਸਿੰਘ,ਸੁਖਦੇਵ ਸਿੰਘ, ਪਿੰਡ ਕਮਾਲੇਵਾਲਾ ਮੇਜਰ ਸਿੰਘ ਸਰਪੰਚ, ਹਰਬੰਸ ਸਿੰਘ, ਜਗਜੀਤ ਸਿੰਘ ਸਰਪੰਚ, ਅਮਰੀਕ ਸਿੰਘ, ਕਾਬਲ ਸਿੰਘ, ਸਵਰਨ ਸਿੰਘ, ਦਿਲਬਾਗ ਸਿੰਘ ਨੰਡਾ, ਮੇਜਰ ਸਿੰਘ ਢਿੱਲ, ਸਰਜੀਤ ਸਿੰਘ ਨੰਡਾ, ਜਗਦੇਵ ਸਿੰਘ ਮੱਲ, ਹਰਪ੍ਰੀਤ ਸਿੰਘ ਨਾਗਪਾਲ, ਅਨੋਖ ਸਿੰਘ ਨਾਗਪਾਲ, ਦੁਲਚੀ ਕੇ ਤੋਂ ਪ੍ਰਗਟ ਸਿੰਘ, ਮੰਤਰੀ ਮੱਲ ਦੁਲਚੀ ਕੇ ਅਤੇ ਬੱਚਿਆਂ ਦੇ ਮਾਪੇ ਅਧਿਆਪਕ ਤੇ ਵਿਦਿਆਰਥੀ ਮੌਜੂਦ ਸੀ।

# ਮੁੱਖ ਮੰਤਰੀ ਦੀ ਅਗਵਾਈ 'ਚ ਪੰਜਾਬ ਭਰ ਦੇ ਸਕੂਲਾਂ ਦੀ ਕਾਇਆਕਲਪ ਹੋਈ ਹੈ: ਵਿਧਾਇਕ ਦਹੀਯਾ




ਫ਼ਿਰੋਜ਼ਪੁਰ, 3 ਮਈ (ਤਿਵਾੜੀ): 'ਪੰਜਾਬ ਸਿੱਖਿਆ ਕ੍ਰਾਂਤੀ' ਤਹਿਤ ਵਿਧਾਇਕ ਫ਼ਿਰੋਜ਼ਪੁਰ ਦਿਹਾਤੀ ਐਡਵੋਕੇਟ ਸ਼੍ਰੀ ਰਜਨੀਸ਼ ਦਹੀਯਾ ਨੇ ਅੱਜ ਹਲਕੇ ਦੇ ਸਰਕਾਰੀ ਪ੍ਰਾਇਮਰੀ ਸਕੂਲ ਬਸਤੀ ਪਿਆਰੇਆਣਾ, ਸਰਕਾਰੀ ਪ੍ਰਾਇਮਰੀ/ਹਾਈ ਸਕੂਲ ਪਿਆਰੇਆਣਾ, ਸਰਕਾਰੀ ਪ੍ਰਾਇਮਰੀ ਸਕੂਲ ਮਾਛੀਵਾੜਾ ਕਮੱਗਰ, ਸਰਕਾਰੀ ਪ੍ਰਾਇਮਰੀ ਸਕੂਲ ਬਸਤੀ ਅਜੀਜ ਵਾਲੀ, ਸਰਕਾਰੀ ਪ੍ਰਾਇਮਰੀ ਸਕੂਲ ਕਾਕੂ ਵਾਲਾ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਵਿਚ ਸਿੱਖਿਆ ਦੇ ਖੇਤਰ ਵਿਚ ਸੁਧਾਰਾਂ ਲਈ ਇਤਿਹਾਸਕ ਕਦਮ ਚੁੱਕੇ ਹਨ। ਇਸ ਮੌਕੇ ਉਹਨਾਂ ਨਾਲ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਸਤੀਏਵਾਲਾ ਮੈਡਮ ਦਲਜੀਤ ਕੌਰ ਹਾਜ਼ਰ ਸਨ। ਵਿਧਾਇਕ ਫ਼ਿਰੋਜ਼ਪੁਰ ਦਿਹਾਤੀ ਸ਼੍ਰੀ ਰਜਨੀਸ਼ ਦਹੀਯਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਭਰ ਦੇ ਸਕੂਲਾਂ ਦੀ ਕਾਇਆਕਲਪ ਹੋਈ ਹੈ ਜਿਸ ਨਾਲ ਸਕੂਲਾਂ ਦਾ ਬੁਨਿਆਦੀ ਢਾਂਚਾ ਪਹਿਲਾਂ ਨਾਲੋਂ ਕਿਤੇ ਬਿਹਤਰ ਅਤੇ ਸ਼ਾਨਦਾਰ ਹੋਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਵੱਡੇ ਪੱਧਰ 'ਤੇ ਅਧਿਆਪਕਾਂ, ਲੈਕਚਰਾਰਾਂ ਅਤੇ ਪ੍ਰਿੰਸੀਪਲਾਂ ਨੂੰ ਵਿਦੇਸ਼ਾਂ ਵਿਚ ਟਰੇਨਿੰਗ ਦੁਆ ਕੇ ਅਧਿਆਪਨ ਦੇ ਖੇਤਰ ਵਿਚ ਨਵੇਂ ਯੁੱਗ ਦੀ ਸ਼ੁਰੂਆਤ ਕੀਤੀ ਹੈ ਜੋ ਕਿ ਮੌਜੂਦਾ ਮੁਕਾਬਲੇਬਾਜੀ ਦੇ ਦੌਰ 'ਚ ਵਿਦਿਆਰਥੀਆਂ ਲਈ ਕਾਫ਼ੀ ਲਾਹੇਵੰਦ ਰਹੇਗੀ। ਪੰਜਾਬ ਸਰਕਾਰ ਵਲੋਂ ਸਰਕਾਰੀ ਸਕੂਲਾਂ ਵਿਚ ਵਿਦਿਆਰਥੀਆਂ ਨੂੰ ਦਿੱਤੀਆਂ ਜਾਂਦੀਆਂ ਮੁਫ਼ਤ ਸਹੂਲਤਾਂ ਦਾ ਜ਼ਿਕਰ ਕਰਦਿਆਂ ਵਿਧਾਇਕ ਦਹੀਯਾ ਨੇ ਕਿਹਾ ਕਿ ਸਰਕਾਰੀ ਸਕੂਲਾਂ ਦਾ ਬੁਨਿਆਦੀ ਢਾਂਚਾ ਪ੍ਰਾਈਵੇਟ ਸਕੂਲਾਂ ਦੇ ਮੁਕਾਬਲੇ ਦਾ ਹੀ ਨਹੀਂ ਸਗੋਂ ਹਰ ਸਹੂਲਤ ਮੁਫ਼ਤ ਵਿਚ ਪ੍ਰਦਾਨ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਫਿਰੋਜ਼ਪੁਰ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਪੰਜਾਬ ਸਰਕਾਰ ਵਲੋਂ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਮੁਫ਼ਤ ਵਿੱਦਿਅਕ ਟੂਰ ਕਰਵਾਇਆ ਗਿਆ ਜੋ ਕਿ ਉਨ੍ਹਾਂ ਦੇ ਸਰਬਪੱਖੀ ਵਿਕਾਸ ਵਿਚ ਮੱਦਦਗਾਰ ਸਾਬਤ ਹੋਵੇਗਾ।ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਕੀਤੀਆਂ ਜਾ ਰਹੀਆਂ ਭਰਤੀਆਂ ਨਾਲ ਹਲਕੇ ਅੰਦਰ ਕੋਈ ਵੀ ਸਕੂਲ ਅਧਿਆਪਕਾਂ ਤੋਂ ਸੱਖਣਾ ਨਹੀਂ ਰਹੇਗਾ। ਉਨ੍ਹਾਂ ਕਿਹਾ ਕਿ ਸਕੂਲਾਂ ਦੇ ਵਿਕਾਸ ਅਤੇ ਬੁਨਿਆਦੀ ਢਾਂਚੇ ਦੀ ਹੋਰ ਮਜ਼ਬੂਤੀ ਲਈ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।ਇਸ ਮੌਕੇ ਰੌਬੀ ਸੰਧੂ,ਪਲਵਿੰਦਰ ਸਿੰਘ ਵਲੂਰ ਹਲਕਾ ਕੋਆਰਡੀਨੇਟਰ ਸਿੱਖਿਆ ਫ਼ਿਰੋਜ਼ਪੁਰ ਦਿਹਾਤੀ , ਤਲਵਿੰਦਰ ਸਿੰਘ ਖਾਲਸਾ ਕੋਆਰਡੀਨੇਟਰ ਫ਼ਿਰੋਜ਼ਪੁਰ ਦਿਹਾਤੀ ਵਿਭਾਗ ,ਹਰੀਸ਼ ਕੁਮਾਰ , ਸੈਂਟਰ ਹੈੱਡ ਟੀਚਰ ਕੁਲਵੰਤ ਸਿੰਘ, ਸਰਬਜੀਤ ਸਿੰਘ ਧਾਲੀਵਾਲ, ਮਾਸਟਰ ਜੋਰਾ ਸਿੰਘ , ਗੁਰਦੇਵ ਸਿੰਘ ਸਰਪੰਚ, ਮਨਦੀਪ ਸਿੰਘ ਪਿਆਰੇਆਣਾ , ਦਰਸ਼ਨ ਸਿੰਘ ਸਰਪੰਚ ਬਸਤੀ ਪਿਆਰੇਆਣਾ, ਜਰਨੈਲ ਸਿੰਘ ਕਮੱਗਰ , ਕਰਵਿੰਦਰ ਸਿੰਘ ਸਰਪੰਚ ਮਿਸ਼ਰੀ ਵਾਲਾ, ਦਵਿੰਦਰ ਸਿੰਘ ਸਰਪੰਚ ਰੱਤਾ ਖੇੜਾ, ਕੁਲਦੀਪ ਸਿੰਘ ਸਰਪੰਚ ਢੀਂਡਸਾ , ਸੁੱਖ ਸਰਪੰਚ ਮਾਣੇ ਵਾਲਾ, ਕਰਨ ਸੰਧੂ , ਗੁਰਜੀਤ ਸਿੰਘ ਮਾਣਾ ਸਿੰਘ ,ਸੁਖਬੀਰ ਕੌਰ ਪਿਆਰੇਆਣਾ , ਸਰਬਜੀਤ ਸਿੰਘ , ਇੰਦਰਜੀਤ ਸਿੰਘ , ਪਰਮਜੀਤ ਕੌਰ ਕਮੱਗਰ ਆਦਿ ਵੀ ਮੌਜੂਦ ਸਨ।

# ਯੂਪੀਐਸਸੀ ਕਲੀਅਰ ਕਰਨ ਵਾਲੀ ਜਨਦੀਪ ਕੌਰ ਟਿਵਾਣਾ ਦਾ ਸਨਮਾਨ



ਫਤਿਹਗੜ੍ਹ ਸਾਹਿਬ, 3 ਮਈ (ਹਰਪ੍ਰੀਤ ਕੌਰ ਟਿਵਾਣਾ) : ਯੂਪੀਐਸਸੀ ਦੇ ਨਤੀਜੇ ਵਿੱਚ ਆਲ ਇੰਡੀਆ ਵਿੱਚੋਂ 147ਵਾਂ ਰੈਂਕ ਹਾਸਲ ਕਰਨ ਵਾਲੀ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਪਿੰਡ ਚਨਾਰਥਲ ਖੁਰਦ ਦੀ ਜਨਦੀਪ ਕੌਰ ਟਿਵਾਣਾ ਤੇ ਪਰਿਵਾਰ ਵੱਲੋਂ ਪਰਮਾਤਮਾ ਦਾ ਸ਼ੁਕਰਾਨਾ ਕਰਨ ਲਈ ਪਿੰਡ ਚਨਾਰਥਲ ਖੁਰਦ ਦੇ ਗੁਰਦੁਆਰਾ ਸਾਹਿਬ ਸੰਤ ਬਾਬਾ ਜੈਮਲ ਸਿੰਘ ਜੀ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਇਸ ਮੌਕੇ 'ਤੇ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਦੇ ਹਜ਼ੂਰੀ ਰਾਗੀ ਸਿੰਘਾਂ ਵੱਲੋਂ ਗੁਰਬਾਣੀ ਦਾ ਇਲਾਹੀ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ 'ਤੇ ਵੱਡੀ ਗਿਣਤੀ ਵਿੱਚ ਇਲਾਕੇ ਦੀ ਸੰਗਤ ਵੱਲੋਂ ਸ਼ਿਰਕਤ ਕਰਕੇ ਜਨਦੀਪ ਕੌਰ ਟਿਵਾਣਾ ਤੇ ਪਿਤਾ ਅਵਤਾਰ ਸਿੰਘ ਸਮੇਤ ਸਮੁੱਚੇ ਪਰਿਵਾਰ ਨੂੰ ਮੁਬਾਰਕਬਾਦ ਵੀ ਦਿੱਤੀ ਗਈ। ਇਸ ਮੌਕੇ 'ਤੇ ਗੁਰਦੁਆਰਾ ਸਾਹਿਬ ਸੰਤ ਬਾਬਾ ਜੈਮਲ ਸਿੰਘ ਜੀ ਪ੍ਰਬੰਧਕ ਕਮੇਟੀ ਦੇ ਅਵਤਾਰ ਸਿੰਘ ਪ੍ਰਧਾਨ, ਜਥੇਦਾਰ ਮਨਜੀਤ ਸਿੰਘ ਮੀਤ ਪ੍ਰਧਾਨ, ਹਰਬੰਸ ਸਿੰਘ ਫੌਜੀ ਸੈਕਟਰੀ, ਲਖਬੀਰ ਸਿੰਘ ਸੈਕਟਰੀ, ਕੇਵਲ ਸਿੰਘ ਖਜਾਨਚੀ ਤੇ ਮੈਂਬਰ ਕਮੇਟੀ ਗੁਰਪ੍ਰੀਤ ਸਿੰਘ, ਲਛਮਣ ਸਿੰਘ, ਸਰਬਜੀਤ ਸਿੰਘ ਨਗਰ ਨਿਵਾਸੀਆਂ ਅਤੇ ਪੰਚਾਇਤ ਵੱਲੋਂ ਸਰਪੰਚ ਗੁਰਭੇਜ ਸਿੰਘ, ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਦਰਸ਼ਨ ਸਿੰਘ, ਸਰਬਜੀਤ ਸਿੰਘ, ਕੁਲਵੰਤ ਸਿੰਘ, ਜਪਨੀਤ ਕੌਰ ਟਿਵਾਣਾ ਤੇ ਸਮੁੱਚੇ ਪਰਿਵਾਰ ਨੂੰ ਸਿਰੋਪਾਓ ਸਾਹਿਬ ਨਾਲ ਸਨਮਾਨ ਕੀਤਾ ਗਿਆ। ਦੱਸ ਦਈਏ ਕਿ ਮੌਜੂਦਾ ਸਮੇਂ ਇਨਕਮ ਟੈਕਸ ਵਿੱਚ ਇੰਸਪੈਕਟਰ ਵਜੋਂ ਸੇਵਾਵਾਂ ਨਿਭਾ ਰਹੇ ਹਨ। ਇਸ ਇਸ ਮੌਕੇ ਤੇ ਪਿੰਡ ਨਿਵਾਸੀਆਂ ਨੇ ਬੋਲਦਿਆਂ ਜਪਨੀਤ ਕੌਰ ਵੱਲੋਂ ਇਸ ਪ੍ਰਾਪਤੀ ਤੇ ਖੁਸ਼ੀ ਜਾਹਰ ਕਰਦਿਆਂ ਕਿਹਾ ਕਿ ਲੜਕੀਆਂ ਅੱਜ ਕਿਸੇ ਵੀ ਖੇਤਰ ਵਿੱਚੋਂ ਲੜਕਿਆਂ ਨਾਲੋਂ ਘੱਟ ਨਹੀਂ ਹਨ ਤੇ ਹਰ ਮੁਕਾਮ ਹਾਸਲ ਕਰ ਰਹੀਆਂ ਹਨ ਤੇ ਮਾਪਿਆਂ ਨੂੰ ਵੀ ਆਪਣੀਆਂ ਲੜਕੀਆਂ ਦੀ ਹੌਸਲਾ ਅਫਜਾਈ ਕਰਨੀ ਚਾਹੀਦੀ ਹੈ ਅਤੇ ਹਰੇਕ ਖੇਤਰ ਵਿੱਚ ਅੱਗੇ ਆਉਣ ਲਈ ਉਤਸਾਹਿਤ ਕਰਨਾ ਚਾਹੀਦਾ ਹੈ ਉਹਨਾਂ ਦੱਸਿਆ ਕਿ ਜਪਨੀਤ ਕੌਰ ਨੇ ਯੂਪੀਐਸਸੀ ਦੀ ਪ੍ਰੀਖਿਆ ਵਿੱਚ ਆਲ ਇੰਡੀਆ ਭਰ ਵਿੱਚੋਂ 147ਵਾਂ ਰੈਂਕ ਹਾਸਲ ਕਰਕੇ ਆਪਣੇ ਪਿੰਡ ਚਨਾਰਥਲ ਖੁਰਦ, ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦਾ ਨਾਮ ਅੰਤਰਰਾਸ਼ਟਰੀ ਪੱਧਰ 'ਤੇ ਰੁਸ਼ਨਾਇਆ ਹੈ।

# ਝੂਠੇ ਪਰਚੇ ਰੱਦ ਕਰੋ ਭੋਗਪੁਰ ਵਿੱਚ ਜ਼ਬਰਦਸਤ ਰੋਸ ਮੁਜ਼ਾਹਰਾ

ਭੋਗਪੁਰ, 3 ਮਈ (ਅਮਰਜੀਤ ਸਿੰਘ ਸੈਣੀ ਜੰਡੀਰ) : ਕੁਝ ਦਿਨ ਪਹਿਲਾਂ ਭੋਗਪੁਰ ਦੀ ਖੰਡ ਮਿੱਲ ਵਿੱਚ ਲੱਗ ਰਹੇ ਸੀਐਨਜੀ ਪਲਾਂਟ ਦੇ ਵਿਰੋਧ ਵਿੱਚ ਰੋਸ ਮੁਜ਼ਾਹਰੇ ਕੀਤੇ ਗਏ ਸੀ ਅਤੇ ਨਗਰ ਕੌਂਸਲ ਦੇ ਪ੍ਰਧਾਨ ਰਾਜਕੁਮਾਰ ਰਾਜਾ, ਵਿਧਾਇਕ ਸੁਖਵਿੰਦਰ ਕੋਟਲੀ, ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਸ੍ਰੀ ਅਸ਼ਵਨ ਭੱਲਾ ਤੇ ਹੋਰ ਮੋਹ ਆਗੂਆਂ ਤੇ ਕਈ ਆਮ ਲੋਕਾਂ 'ਤੇ ਵੀ ਪਰਚਾ ਦਰਜ ਕਰ ਦਿੱਤਾ ਗਿਆ ਸੀ, ਜਿਸ ਦੇ ਰੋਸ ਵਜੋਂ ਅੱਜ ਭੋਗਪੁਰ ਦੇ ਬੱਸ ਅੱਡੇ ਤੋਂ ਰੋਸ ਰੈਲੀ ਦੇ ਰੂਪ ਵਿੱਚ ਪੂਰੇ ਭੋਗਪੁਰ ਸ਼ਹਿਰ ਦੀ ਪਰਿਕਰਮਾ ਕਰਕੇ ਭੋਗਪੁਰ ਦੇ ਥਾਣੇ ਮੂਹਰੇ ਨਾਰੇਬਾਜ਼ੀ ਕੀਤੀ ਗਈ। ਝੂਠੇ ਪਰਚੇ ਰੱਦ ਕਰਨ ਅਤੇ ਇਲਾਕੇ ਦੇ ਲੋਕਾਂ ਲਈ ਹਾਨੀ ਕਾਰਕ ਸੀਐਨਜੀ ਪਲਾਂਟ ਨੂੰ ਜਲਦ ਬੰਦ ਕਰਨ ਲਈ ਕਿਹਾ ਗਿਆ। ਵੱਖ ਵੱਖ ਬੁਲਾਰਿਆਂ ਨੇ ਆਪਣੇ ਆਪਣੇ ਵਿਚਾਰ ਦੱਸੇ। ਨਗਰ ਕੌਂਸਲ ਦੇ ਪ੍ਰਧਾਨ ਰਾਜਕੁਮਾਰ ਰਾਜਾ ਨੇ ਕਿਹਾ ਕੇ ਮੇਨ ਲੋਕਾਂ 'ਤੇ ਪਰਚਾ ਦਰਜ ਕਰ ਦੇਣਾ ਸਾਨੂੰ ਕੋਈ ਇਤਰਾਜ਼ ਨਹੀਂ ਸੀ ਪਰ ਆਮ ਲੋਕਾਂ 'ਤੇ ਵੀ ਪਰਚੇ ਦਰਜ ਕੀਤੇ ਗਏ ਹਨ ਬਹੁਤ ਹੀ ਨਿੰਦਨਯੋਗ ਹੈ। ਵੱਖ ਵੱਖ ਬੁਲਾਰਿਆਂ ਨੇ ਆਪਣੇ ਆਪਣੇ ਵਿਚਾਰ ਦੱਸੇ ਅਤੇ ਕੀਤਾ ਹੋਇਆ ਝੂਠਾ ਪਰਚਾ ਜਲਦ ਰੱਦ ਕਰਨ ਲਈ ਕਿਹਾ।

ਅਦਾਲਤ ਸ੍ਰੀ, ਕਰਿਸ਼ਨ ਪਾਲ ਰਾਜਪੂਤ ਆਈ.ਏ.ਐਸ,ਕੁਲੈਕਟਰ ਸਾਹਬ ਅਬੋਹਰ।
ਜੋਗਿੰਦਰ ਕੁਮਾਰ ਵਗੈਰਾ
..ਫਰੀਕ ਅਵਲਾਨ
ਬਨਾਮ
1.ਕੁਦੰਨ ਲਾਲ ਪੁਤੱਰ ਖਰਾਜ ਪੁਤੱਰ ਖੇਤਾ ਰਾਮ 2ਰਮੇਸਵਰ 3 ਕਾਹਨਾ ਰਾਮ ਬੇਟੇ ਦੂਲੀ ਚੰਦ ਪੁਤਰ ਖਰਾਜ 4.ਜਗਦੀਸ 5.ਉਮ ਪ੍ਰਕਾਸ 6.ਸੋਹਨ ਲਾਲ 7.ਨਿੱਕੂ ਰਾਮ ਬੇਟੇ ਛੋਟੂ ਰਾਮ ਪੁਤੱਰ ਖਰਾਜ 8.ਚਾਨਣ ਰਾਮ 9.ਬਿਰਜ ਲਾਲ ਬੇਟੇ ਚੇਤਨ ਰਾਮ ਪੁਤੱਰ ਖੇਤਾ ਰਾਮ 10. ਰਾਮ ਕੁਮਾਰ 11 ਪ੍ਰਕਾਸ 12 ਪ੍ਰੇਮ ਕੁਮਾਰ 13.ਗੇਰੂ ਰਾਮ ਬੇਟੇ ਫਕੀਰ ਚੰਦ ਪੁਤੱਰ ਚੇਤਨ ਰਾਮ 14.ਵੇਦ ਪ੍ਰਕਾਸ ਪੁਤਰ ਸਾਧੂ ਰਾਮ ਪੁਤਰ ਕਿਸ਼ਨਾ ਰਾਮ 15.ਦੌਲਤ ਰਾਮ 16.ਕਾਹਨਾ ਰਾਮ 17.ਰਤਨ ਲਾਲ ਬੇਟੇ ਬਹਾਦਰ ਰਾਮ ਪੁਤਰ ਕਿਸ਼ਨਾ ਰਾਮ 18. ਨੱਥੂ ਰਾਮ 19.ਉਮ ਪ੍ਰਕਾਸ ਬੇਟੇ ਮਾਤੂ ਰਾਮ ਪੁਤੱਰ ਈਸਰ ਰਾਮ 20.ਰਾਮ ਚੰਦ ਪੁਤਰ ਸੰਤਾ ਰਾਮ ਉਰਫ ਸੇਰਾ ਰਾਮ ਪੁਤੱਰ ਈਸਰ ਰਾਮ 21.ਗੁਰਦਿਆਲ ਰਾਮ 22 ਬਨਵਾਰੀ ਲਾਲ 23 ਸਾਹਬ ਰਾਮ 24.ਸੁਲਤਾਨ ਰਾਮ 25.ਸਹੀ ਰਾਮ ਬੇਟੇ ਗੋਪੀ ਰਾਮ ਪੁਤੱਰ ਈਸਰ ਰਾਮ 26 ਸੱਜਨ ਕੁਮਾਰ 27.ਇੰਦਰ ਕੁਮਾਰ ਬੇਟੇ ਸੀਰੀ ਰਾਮ ਪੁਤਰ ਚੇਤਨ ਰਾਮ 28.ਮਹਾਂਵੀਰ ਪੁਤਰ ਭਾਨੀ ਰਾਮ ਪੁਤਰ ਚੇਤਨ ਰਾਮ ਵਾਸੀਆਨ ਪਿੰਡ ਅਜੀਮਗੜ ਤਹਿ, ਅਬੋਹਰ।
..ਫਰੀਕ ਸਾਨੀਆਨ
29 ਰਾਮ ਕੁਮਾਰ 30 ਰਤਨ ਲਾਲ ਬੇਟੇ ਬੇਟੇ ਮੰਗਤ ਰਾਮ ਪੁਤਰ ਗੁਲਾਬ ਰਾਮ 28 ਸਕੁਤੰਲਾ ਦੇਵੀ ਵਿਧਵਾ ਵਾ 31 ਅਨਿਲ ਕੁਮਾਰ 32 ਸੁਧੀਰ ਕੁਮਾਰ ਪੁਤਰ ਗੋਪੀ ਰਾਮ ਪੁਤਰ ਮੰਗਤ ਰਾਮ ਵਾਸੀਆਨ ਪਿੰਡ ਅਜੀਮਗੜ ਤਹਿਸੀਲ ਅਬੋਹਰ।
..ਪ੍ਰੋਫਾਰਮਾ ਪਾਰਟੀ
ਦਾਵਾ ਫੱਕਉਲ ਰਹਿਣ ਅਰਾਜੀ ਤੇਦਾਦੀ 10 ਕਨਾਲ 10 ਮਰਲੇ ਇਸ ਅਦਾਲਤ ਨੂੰ ਯਕੀਨ ਹੋ ਚੁਕਾ ਹੈ ਕਿ ਉਕਤ ਨਾਂ ਦੇ ਰਸਪਾਡੈਂਟਾਂ ਉਪਰ ਸਧਾਰਣ ਤਰੀਕੇ ਨਾਲ ਸਮਨ ਤੇ ਤਾਮੀਲ ਨਹੀ ਹੋ ਸਕਦੀ ਇਸ ਲਈ ਜਾਬਤਾ ਦੀਵਾਨੀ ਦੇ ਰੂਲ 20 ਦੀ ਧਾਰਾ 5 ਅਧੀਨ ਇਹ ਇਸ਼ਤਿਹਾਰ ਉਸ/ਉਨਾਂ ਵਿਰੁਧ ਜਾਰੀ ਕੀਤਾ ਜਾਂਦਾ ਹੈ ।ਕਿ ਉਹ ਤਰੀਖ ਪੈਸੀ 5/05/2025 ਨੂੰ 10 ਵਜੇ ਸਵੇਰੇ ਖੁਦ ਜਾਂ ਕਿਸੇ ਅਧਿਕਾਰਤ ਪ੍ਰਤੀਨਿਧੀ ਜਾਂ ਵਕੀਲ ਰਾਂਹੀ ਇਸ ਅਦਾਲਤ ਵਿਚ ਪੇਸ ਹੋਵੇ ਵਰਨਾ ਇਕ ਪਾਸੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।
ਅਜ ਮਿਤੀ 3/4/25 ਨੂੰ ਮੇਰੇ ਦਸਤਖਤਾਂ ਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ
ਉਪ ਮੰਡਲ ਮੈਜਿਸਟਰੇਟ
ਦਸਖਤ ਹਾਕਮ 'ਤੇ ਮੋਹਰ ਅਦਾਲਤ

# ਯੂਨੀਅਨ ਵੱਲੋਂ ਡੀ.ਸੀ ਅੰਮ੍ਰਿਤਸਰ ਦੇ ਦਫ਼ਤਰ ਅੱਗੇ ਰੋਸ ਪ੍ਰਦਰਸ਼ਨ

ਤਰਸਿੱਕਾ, 3 ਮਈ, (ਦਵਿੰਦਰ ਸਿੰਘ ਤਰਸਿੱਕ) : ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਅੰਮ੍ਰਿਤਸਰ ਦੇ ਮਜਦੂਰਾਂ ਨੇ ਕੀਤੇ ਗਏ ਕੰਮ ਦੇ ਪੈਸੇ ਪ੍ਰਾਪਤ ਕਰਨ ਬਾਰੇ ਡੀ.ਸੀ ਦਫਤਰ



ਅੰਮ੍ਰਿਤਸਰ ਸਾਹਮਣੇ ਜ਼ੋਰਦਾਰ ਰੋਸ਼ ਪ੍ਰਦਰਸ਼ਨ ਕੀਤਾ।ਇਸ ਮੌਕੇ ਯੂਨੀਅਨ ਦੇ ਜ਼ਿਲ੍ਹਾ ਆਗੂ ਬਲਕਾਰ ਸਿੰਘ ਦੁਧਾਲਾ ਨੇ ਕਿਹਾ ਨਰੇਗਾ ਮਜਦੂਰਾਂ ਨੇ ਜੇ ਆਪਣੇ ਹੱਕਾਂ ਨੂੰ ਪ੍ਰਾਪਤ ਕਰਨਾ ਹੈ ਤਾ ਕੰਮ ਦੀ ਅਰਜੀ ਦੇਕੇ ਰਸੀਦ ਲੈਣਾ ਅਤੇ ਕੰਮ ਪ੍ਰਾਪਤ ਕਰਨਾ ਹੋਵੇਗਾ।ਇਸਤੋਂ ਬਾਅਦ ਨਰੇਗਾ ਕੰਮ ਵਿੱਚ ਪਾਰਦਰਸ਼ਤਾ ਲਿਆਉਣ ਵਾਸਤੇ ਜਰੂਰੀ ਹੈ ਕਿ ਨਰੇਗਾ ਜਾਬ ਕਾਰਡ ਉੱਪਰ ਕੰਮ ਦੀ ਹਾਜਰੀ ਲਾਉਣਾ ਯਕੀਨੀ ਬਣਾਇਆ ਜਾਵੇ।ਜੋ ਵੀ ਪੇਂਡੂ ਮਜਦੂਰ ਕੰਮ ਕਰਨਾ ਚਾਹੁੰਦਾ ਹੈ। ਉਸ ਵਿਅਕਤੀ ਦਾ ਜਾਬ ਕਾਰਡ ਬਣਾਇਆ ਜਾਵੇ।ਨਰੇਗਾ ਮਜਦੂਰਾਂ ਦੀ ਹਾਜਰੀ ਕੰਮ ਵਾਲੀ ਜਗ੍ਹਾ 'ਤੇ ਹੀ ਲਗਾਈ ਜਾਵੇ। ਮੇਟ ਬਨਾਉਣ ਦਾ ਅਧਿਕਾਰ ਨਰੇਗਾ ਮਜਦੂਰਾਂ ਰਾਹੀਂ ਚੋਣ ਕਰਕੇ ਹੀ ਬਣਾਇਆ ਜਾਵੇ।ਅੱਜ ਦੇ ਰੋਸ਼ ਮੁਜਾਹਰੇ ਵਿੱਚ ਕਾਫਲਿਆਂ ਦੇ ਰੂਪ ਵਿੱਚ ਆਈਆਂ ਬੀਬੀਆਂ ਨੇ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਦੇ ਵੈਣ ਪਾਕੇ ਪਿੱਟ ਸਿਆਪਾ ਕਰਕੇ ਆਪਣੇ ਕੰਮ ਦੇ ਪੈਸਿਆਂ ਦੀ ਮੰਗ ਕੀਤੀ।ਅੱਜ ਦੇ ਮੁਜਾਹਰੇ ਨੂੰ ਰਣਜੀਤ ਜੇਠੂਵਾਲ, ਸੁਖਵਿੰਦਰ ਸਿੰਘ ਚਵਿੰਡਾ ਦੇਵੀ, ਦਵਿੰਦਰ ਸਿੰਘ ਬੱਠੂ ਚੱਕ, ਸੁਰਜੀਤ ਸਿੰਘ ਸੋਹੀਆਂ ਖੁਰਦ, ਕੁਲਵਿੰਦਰ ਕੌਰ ਕੋਟਲਾ ਖੁਰਦ, ਮੱਖਣ ਸਿੰਘ ਲੈਹਰਕਾ ਦਰਸ਼ਨ ਸਿੰਘ ਸਿੱਧਵਾਂ ਦਵਿੰਦਰ ਸਿੰਘ ਤੇ ਕੁਲਦੀਪ ਸਿੰਘ ਦੁਧਾਲਾ ਭਜਨ ਲਾਲ ਤੇ ਅਮਰੀਕ ਸਿੰਘ ਤਲਵੰਡੀ ਦਸੌਂਧਾ ਸਿੰਘ ਨੇ ਵੀ ਸੰਬੋਧਨ ਕੀਤਾ।ਅਖੀਰ ਵਿੱਚ ਐਸ.ਪੀ.ਹਰਪਾਲ ਸਿੰਘ ਨੇ ਜਥੇਬੰਦੀ ਦੇ ਲੀਡਰਾਂ ਨਾਲ ਡੀ.ਸੀ ਸਾਹਿਬ ਅੰਮ੍ਰਿਤਸਰ ਨਾਲ ਇੱਕ ਮੀਟਿੰਗ ਕਰਕੇ ਉਕਤ ਮਸਲਿਆਂ ਦਾ ਹੱਲ ਕੱਢੇ ਜਾਣ ਦਾ ਵਿਸ਼ਵਾਸ ਦਿਵਾਇਆ। ਜਿਸ ਤੋਂ ਬਾਅਦ ਅੱਜੇ ਧਰਨੇ ਦੀ ਸਮਾਪਤੀ ਕੀਤੀ ਗਈ।

# ਜੰਗ ਕਿਸੇ ਮਸਲੇ ਦਾ ਹੱਲ ਨਹੀਂ ਅਤੇ ਨ.ਫਰਤਾਂ ਹਮੇਸ਼ਾ ਵਿਨਾਸ਼ ਜੰਮਦੀਆਂ ਹਨ, ਸਰਬੱਤ ਦੇ ਭਲੇ ਦਾ ਸੰਕਲਪ ਹੋ ਸਕਦੈ ਰਾਹ ਦਸੇਰਾ

ਬਘੇਲ ਸਿੰਘ ਧਾਲੀਵਾਲ
99142-58142



ਜੰਮੂ ਅਤੇ ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ 27 ਸੈਲਾਨੀਆਂ ਦੇ ਕਤਲੇਆਮ ਤੋਂ ਬਾਅਦ ਜਿਸ ਤਰ੍ਹਾਂ ਦਾ ਤਣਾਅ ਭਾਰਤ ਅਤੇ ਪਾਕਿਸਤਾਨ ਦਰਮਿਆਨ ਦੇਖਿਆ ਜਾ ਰਿਹਾ ਹੈ,ਉਹ ਚਿੰਤਾ ਦਾ ਵਿਸ਼ਾ ਹੈ। ਬਿਨਾਂ ਸ਼ੱਕ ਇਹ ਕਾਇਰਤਾਂ ਅਤੇ ਕਰੂਰਤਾ ਪੂਰਵਕ ਵਰਤਾਰਾ ਮਾਨਵਤਾ ਵਿਰੋਧੀ ਹੈ,ਅਜਿਹੇ ਦਰਿੰਦਿਆਂ ਨੂੰ ਭਾਵੇਂ ਉਹ ਕੋਈ ਵੀ ਹੋਣ ਬਖਸ਼ਿਆ ਨਹੀਂ ਜਾਣਾ ਚਾਹੀਦਾ।ਪਰੰਤੂ ਇਸ ਦੇ ਰੋਸ ਵਿੱਚ ਆਪਸੀ ਭਾਈਚਾਰਕ ਸਾਂਝਾਂ ਨੂੰ ਤੋੜਨ ਵਾਲੇ ਰਾਹ ਤੁਰਨਾ ਵੀ ਉਪਰੋਕਤ ਵਰਤਾਰੇ ਤੋਂ ਛੋਟਾ ਜ਼ੁਰਮ ਨਹੀਂ ਹੈ। ਕੀ ਕਾਰਨ ਹੈ ਕਿ ਮਰਨ ਵਾਲੇ 27 ਵਿਅਕਤੀਆਂ ਵਿੱਚੋਂ 15 ਮੁਸਲਮਾਨਾਂ ਦੀ ਮੌਤ ਨੂੰ ਬਿਲਕੁਲ ਹੀ ਗੁਪਤ ਰੱਖਿਆ ਗਿਆ,ਜਦਕਿ ਪਰਚਾਰ ਇਹ ਕੀਤਾ ਗਿਆ ਹੈ ਕਿ ਦਹਿਸਤਗਰਦਾਂ ਵੱਲੋਂ ਮਰਨ ਵਾਲਿਆਂ ਦਾ ਧਰਮ ਪੁੱਛ ਕੇ ਕਤਲ ਕੀਤੇ ਗਏ।ਇਹ ਹਿੰਦੂ ਮੁਸਲਮਾਨ ਵਿਵਾਦ ਵਾਲੇ ਖਤਰਨਾਕ ਵਿਰਤਾਂਤ ਸਿਰਜਣ ਪਿੱਛੇ ਮਨਸਾ ਕੀ ਹੈ।ਬਿਜਲਈ ਮੀਡੀਆ ਅਤੇ ਸ਼ੋਸ਼ਲ ਮੀਡੀਆ 'ਤੇ ਜਿਸ ਤਰ੍ਹਾਂ ਨਫਰਤ ਦਾ ਮਹੌਲ ਬਨਾਉਣ ਵਿੱਚ ਬੇਹੱਦ ਘਟੀਆ ਅਤੇ ਨੀਵੇਂ ਦਰਜੇ ਦੀ ਇਲਜ਼ਾਮ-ਤਰਾਸੀ ਕੀਤੀ ਜਾ ਰਹੀ ਹੈ,ਉਹ ਵਲ਼ਦੀ 'ਤੇ ਤੇਲ ਪਾਉਣ ਦਾ ਕੰਮ ਕਰ ਰਹੀ ਹੈ। ਜੇਕਰ ਆਪਣੇ ਮੁਲਕ ਭਾਰਤ ਦੀ ਗੱਲ ਕੀਤੀ ਜਾਵੇ ਤਾਂ ਦੇਸ ਦਾ ਟੈਲੀਵਿਯਨ ਨਾਲ ਜੁੜਿਆ ਪੱਤਰਕਾਰ ਭਾਈਚਾਰਾ ਆਪਣੇ ਅਸਲ ਫਰਜਾਂ ਤੋ ਹੱਟ ਕੇ ਫਿਰਕੂ ਰੰਗਤ ਵਿੱਚ ਰੰਗਿਆ ਸਾਫ ਦਿਖਾਈ ਦੇ ਰਿਹਾ ਹੈ। ਵੱਖ ਵੱਖ ਚੈਨਲਾਂ 'ਤੇ ਚੱਲਦੀ ਬਹਿਸ ਨੂੰ ਦੇਖ ਸੁਣਕੇ ਇੰਜ ਮਹਿਸੂਸ ਹੁੰਦਾ ਹੈ ਜਿਵੇਂ ਮੀਡੀਏ ਦਾ ਕੰਮ ਮਹਿਜ ਲੜਾਈ ਦਾ ਮਹੌਲ ਤਿਆਰ ਕਰਨਾ ਹੀ ਰਹਿ ਗਿਆ ਹੋਵੇ। ਉਹਨਾਂ ਦੀਆਂ ਬਹਿਸਾਂ,ਚਰਚਾਵਾਂ ਸੁਣਕੇ ਇੰਜ ਜਾਪਦਾ ਹੈ ਜਿਵੇਂ ਦੋਵਾਂ ਮੁਲਕਾਂ ਦਰਮਿਆਨ ਲੜਾਈ ਲੱਗਣ ਵਿੱਚ ਕੁੱਝ ਹੀ ਪਲ ਬਚੇ ਹੋਣ। ਅਜਿਹੀਆਂ ਬਹਿਸਾਂ ਅਤੇ ਖਬਰਾਂ ਸੁਣ ਸੁਣ ਕੇ ਹਰ ਕੋਈ ਖ਼ੌਫਜਦਾ ਹੈ।ਖਾਸ ਕਰਕੇ ਪੰਜਾਬ ਦੇ ਵਾਸੀ ਇਸ ਤਣਾਅ ਪੂਰਨ ਮਹੌਲ ਤੋ ਜਿਆਦਾ ਚਿੰਤਤ ਦਿਖਾਈ ਦਿੰਦੇ ਹਨ।ਪੰਜਾਬੀਆਂ ਨੂੰ ਜਾਪਦਾ ਹੈ ਕਿ ਹਿੰਦੂ ਅਤੇ ਮੁਸਲਮਾਨ ਭਾਈਚਾਰਿਆਂ ਦੀ ਆਪਸੀ ਦੁਸ਼ਮਣੀ ਕਾਰਨ ਹੋਣ ਵਾਲੀ ਸੰਭਾਵਤ ਜੰਗ ਵਿੱਚ ਸਿੱਖ ਭਾਈਚਾਰਾ ਬਗੈਰ ਗੱਲੋਂ ਹੀ ਪੀਸਿਆ ਜਾਵੇਗਾ। ਇੱਕ ਹੋਰ ਖਦਸ਼ਾ ਜਿਹੜਾ ਆਮ ਤੌਰ 'ਤੇ ਜਾਗਦੀ ਸਿੱਖ ਸੋਚ ਵਿੱਚ ਪਾਇਆ ਜਾ ਰਿਹਾ ਹੈ,ਉਹ ਇਹ ਹੈ ਕਿ ਸਿੱਖਾਂ ਲਈ ਜਿੱਥੇ ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਅਸਥਾਨ ਸ੍ਰੀ ਪਟਨਾ ਸਾਹਿਬ (ਬਿਹਾਰ) ਅਤੇ ਜੋਤੀ ਜੋਤਿ ਸਮਾਉਣ ਵਾਲੇ ਅਸਥਾਨ ਸੱਚਖੰਡ ਸ੍ਰੀ ਹਜੂਰ ਸਾਹਿਬ ਨੰਦੇੜ (ਮਹਾਰਾਸ਼ਟਰਾ) ਜਾਨ ਤੋ ਵੱਧ ਪਿਆਰੇ ਹਨ,ਓਥੇ ਸਿੱਖ ਕੌਮ ਦੇ ਸੰਸਥਾਪਕ ਅਤੇ ਸਿੱਖ ਧਰਮ ਦੇ ਪਹਿਲੇ ਗੁਰੂ ਧੰਨ ਸ੍ਰੀ ਗੁਰੂ ਨਾਨਕ ਸਾਹਿਬ ਦੇ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ,ਅਤੇ ਅਖੀਰਲੇ ਸਮੇਂ ਵਿੱਚ ਗੁਰੂ ਸਾਹਿਬ ਨੇ ਜਿੰਦਗੀ ਦਾ ਸਭ ਤੋਂ ਵੱਧ ਸਮਾਂ ਜਿੱਥੇ ਰਹਿ ਕੇ ਖੇਤੀ ਕਰਕੇ ਗੁਜ਼ਾਰਿਆ ਅਤੇ ਸਿੱਖਾਂ ਨੂੰ ਵਿਹਾਰਕ ਰੂਪ ਵਿੱਚ ਕਿਰਤ ਦੇ ਸਿਧਾਂਤ ਨਾਲ ਜੋੜਿਆ ਉਹ ਪਵਿੱਤਰ ਅਸਥਾਨ ਸ੍ਰੀ ਕਰਤਾਰ ਸਾਹਿਬ ਪਾਕਿਸਤਾਨ ਵਾਲੇ ਲਹਿੰਦੇ ਪੰਜਾਬ ਵਿੱਚ ਸ਼ਸ਼ੋਭਤ ਹਨ,ਸੋ ਇਸ ਲਈ ਸਿੱਖਾਂ ਦਾ ਲਗਾਓ ਜਿੱਥੇ ਭਾਰਤ ਨਾਲ ਹੈ,ਓਥੇ ਪਾਕਿਸਤਾਨ ਨਾਲ ਵੀ ਉਸ ਤੋ ਘੱਟ ਨਹੀ ਹੈ।ਇਸ ਤੋ ਇਲਾਵਾ ਜਦੋਂ ਸਿੱਖ ਆਪਣੇ ਪਿਛੋਕੜ ਵੱਲ ਝਾਤ ਮਾਰਦੇ ਹਨ ਤਾਂ ਉਹਨਾਂ ਨੂੰ ਜਦੋਂ ਆਪਣੇ ਪੁਰਖਿਆਂ ਦੇ ਰਾਜ ਭਾਗ ਦਾ ਚੇਤਾ ਆਉਂਦਾ ਹੈ,ਤਾਂ ਵੀ ਸਿੱਖਾਂ ਦਾ ਮਨ ਲਹੌਰ ਅਤੇ ਗੁੱਜਰਾਂ ਵਾਲੇ ਵੱਲ ਖਿੱਚਿਆ ਜਾਂਦਾ ਹੈ।ਸੋ ਇਹ ਕਹਿਣਾ ਕੋਈ ਗਲਤ ਨਹੀਂ ਹੋਵੇਗਾ ਕਿ ਜੇਕਰ ਸਿੱਖ ਸਰੀਰਕ ਰੂਪ ਵਿੱਚ ਭਾਰਤ ਦੇ ਕਬਜੇ ਵਾਲੇ ਚੜ੍ਹਦੇ ਪੰਜਾਬ ਵਿੱਚ ਵਸਦੇ ਹਨ,ਤਾਂ ਉਹਨਾਂ ਦਾ ਦਿਲ ਹਮੇਸ਼ਾ ਨਨਕਾਣਾ ਸਾਹਿਬ,ਪੰਜਾ ਸਾਹਿਬ ਸ੍ਰੀ ਕਰਤਾਰਪੁਰ ਸਾਹਿਬ ਅਤੇ ਖਾਲਸਾ ਰਾਜ ਦੀਆਂ ਯਾਦਗਾਰਾਂ ਜਿਨ੍ਹਾਂ ਵਿੱਚ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਹੀ ਕਿਲੇ,ਹਵੇਲੀਆਂ ਤੋਂ ਇਲਾਵਾ ਉਹਨਾਂ ਦੀ ਸਮਾਧ ਅਤੇ ਖਾਲਸਾ ਰਾਜ ਦੀ ਰਾਜਧਾਨੀ ਲਹੌਰ ਦਰਬਾਰ ਲਈ ਵੀ ਧੜਕਦਾ ਹੈ ਅਤੇ ਧੜਕਦਾ ਰਹੇਗਾ। ਜੇਕਰ ਕੋਈ ਸਿੱਖਾਂ ਨੂੰ ਆਪਣੇ ਪੁਰਖਿਆਂ ਤੋਂ ਦੂਰ ਕਰਨ ਜਾਂ ਉਹਨਾਂ ਅਸਥਾਨਾਂ ਪ੍ਰਤੀ ਨਫਰਤ ਪੈਦਾ ਕਰਨ ਦੀ ਕੋਸ਼ਿਸ਼ ਕਰੇਗਾ। ਉਹ ਕਾਬਲੇ ਬਰਦਾਸ਼ਤ ਨਹੀਂ ਹੋ ਸਕਦਾ। ਇਸ ਤੋਂ ਅੱਗੇ ਇੱਕ ਮਹੱਤਵਪੂਰਨ ਗੱਲ ਇਹ ਵੀ ਹੈ ਕਿ ਸਿੱਖ ਕੌਮ ਹੀ ਦੁਨੀਆਂ 'ਤੇ ਇੱਕ ਅਜਿਹੀ ਕੌਮ ਹੈ,ਜਿਹੜੀ ਆਪਣੀ ਨਿੱਤ ਦੀ ਅਰਦਾਸ ਬੇਨਤੀ ਵਿੱਚ ਸਿਰਫ ਆਪਣਾ ਹੀ ਨਹੀ ਬਲਕਿ ਸਮੁੱਚੀ ਕਾਇਨਾਤ ਦੇ ਭਲੇ ਦੀ ਸੁੱਖ ਵੀ ਮੰਗਦੀ ਹੈ। ਸੋ ਸਰਬਤ ਦੇ ਭਲੇ ਵਾਲੀ ਕੌਮ ਕਦੇ ਵੀ ਹਿੰਸਕ ਅਤੇ ਫਿਰਕੂ ਨਫਰਤ ਪੈਦਾ ਕਰਨ ਦੇ ਹੱਕ ਵਿੱਚ ਨਹੀ ਭੁਗਤ ਸਕਦੀ। ਸਿੱਖ ਇਹ ਮਹਿਸੂਸ ਕਰਦੇ ਹਨ ਕਿ ਚੜ੍ਹਦਾ ਪੰਜਾਬ ਪਾਕਿਸਤਾਨ ਅਤੇ ਭਾਰਤ ਦੇ ਦਰਮਿਆਨ ਹੋਣ ਕਰਕੇ ਉਹ ਦੋਵਾਂ ਮੁਲਕਾਂ ਦੀ ਆਪਸੀ ਨਫ਼ਰਤ ਕਾਰਨ ਪੈਦਾ ਹੋਣ ਵਾਲੇ ਜੰਗੀ ਹਾਲਾਤਾਂ ਵਿੱਚ ਸਭ ਤੋ ਵੱਧ ਪ੍ਰਭਾਵਤ ਹੋਵੇਗਾ। ਬਹੁ ਗਿਣਤੀ ਸਿੱਖ ਇਹ ਵੀ ਮਹਿਸੂਸ ਕਰਦੇ ਹਨ ਕਿ ਜੇਕਰ ਦੋਵਾਂ ਮੁਲਕਾਂ ਦਰਮਿਆਨ ਜੰਗ ਲੱਗਦੀ ਹੈ, ਤਾਂ ਪੰਜਾਬ ਆਪਣੀ ਭੂਗੋਲਿਕ ਸਥਿੱਤੀ ਕਾਰਨ ਹੀ ਨਪੀੜਿਆ ਜਾਵੇਗਾ। ਇੱਕ ਅਨੁਮਾਨ ਅਨੁਸਾਰ ਜੰਮੂ ਅਤੇ ਕਸ਼ਮੀਰ ਦੀ 1,216 ਕਿਲੋਮੀਟਰ ਦੇ ਕਰੀਬ,ਰਾਜਸਥਾਨ ਦਾ 1,035 ਕਿਲੋਮੀਟਰ,ਗੁਜਰਾਤ ਦਾ 512 ਕਿਲੋਮੀਟਰ ਦੇ ਕਰੀਬ ਅਤੇ ਪੰਜਾਬ ਦਾ 547 ਕਿਲੋਮੀਟਰ ਤੱਕ ਦੇ ਕਰੀਬ ਹੱਦ ਪਾਕਿਸਤਾਨ ਦੇ ਨਾਲ ਲੱਗਦੀ ਹੈ। ਸਾਰੇ ਹੀ ਪਾਸਿਆਂ ਤੋ ਇੱਕ ਦੂਜੇ 'ਤੇ ਹਮਲੇ ਕਰਨ ਦਾ ਕੋਈ ਵੀ ਮੌਕਾ ਦੋਵੇਂ ਹੀ ਮੁਲਕਾਂ ਵੱਲੋਂ ਖੁੰਝਣ ਨਹੀ ਦਿੱਤਾ ਜਵੇਗਾ,ਪਰੰਤੂ ਸਿੱਖ ਮਨਾਂ ਵਿੱਚ ਇਸ ਗੱਲ ਨੂੰ ਲੈ ਕੇ ਖਦਸ਼ਾ ਇਹ ਪਾਇਆ ਜਾ ਰਿਹਾ ਹੈ ਕਿ ਹਮਲੇ ਭਾਵੇਂ ਕਿਸੇ ਵੀ ਪਾਸੇ ਤੋ ਹੋਣ ਪਰੰਤੂ ਮੌਤ ਦਾ ਅਖਾੜਾ ਪੰਜਾਬ ਨੂੰ ਬਣਾਏ ਜਾਣ ਦੀਆਂ ਸੰਭਾਵਨਾਵਾਂ ਸਭ ਤੋਂ ਜਿਆਦਾ ਦਿਖਾਈ ਦਿੰਦੀਆਂ ਹਨ। ਵਿਗਿਆਨਿਕ ਯੁੱਗ ਦੀ ਇਸ ਇੱਕੀਵੀਂ ਸਦੀ ਵਿੱਚ ਜਦੋਂ ਮਨੁੱਖ ਆਪਣੇ ਹੀ ਬੁਣੇ ਅਧੁਨਿਕਤਾ ਦੇ ਜਾਲ ਵਿੱਚ ਖਤਰਨਾਕ ਹੱਦ ਤੱਕ ਗਰਕ ਚੁੱਕਾ ਹੈ ਅਤੇ ਬਹੁਤ ਸਾਰੇ ਮੁਲਕ ਭਾਰਤ ਅਤੇ ਪਾਕਿਸਤਾਨ ਸਮੇਤ ਪਰਮਾਣੂ ਊਰਜਾ ਨੂੰ ਆਪਣੇ ਵਿਨਾਸ਼ ਲਈ ਵਰਤੋਂ ਦਾ ਸਾਧਨ ਬਣਾ ਕੇ ਬੈਠੇ ਹੋਏ ਹਨ, ਅਜਿਹੇ ਹਾਲਾਤਾਂ ਵਿੱਚ ਜੰਗ ਲਈ ਸੋਚਣਾ ਸਿਆਣਪ ਨਹੀਂ ਸਮਝੀ ਜਾ ਸਕਦੀ,ਕਿਉਂਕਿ ਵਿਨਾਸ਼ ਦੇ ਸਾਧਨ ਦੋਵਾਂ ਮੁਲਕਾਂ ਕੋਲ ਉਪਲੱਬਧ ਹਨ,ਸੋ ਮਰਦਾ ਕੀ ਨਾ ਕਰਦਾ ਵਾਲੇ ਹਾਲਾਤ ਬਨਣ 'ਤੇ ਕੋਈ ਵੀ ਮੁਲਕ ਇਸ ਵਿਨਾਸ਼ਕਾਰੀ ਊਰਜਾ ਦੀ ਵਰਤੋਂ ਕਰਨ ਤੋ ਗੁਰੇਜ਼ ਨਹੀ ਕਰੇਗਾ।ਜੇਕਰ ਅਜਿਹਾ ਹੁੰਦਾ ਹੈ ਤਾਂ ਇਸ ਨੁਕਸਾਨ ਦਾ ਅੰਦਾਜ਼ਾ ਲਾਉਣ ਵਾਲੇ ਵੀ ਸ਼ਾਇਦ ਬਚ ਨਹੀ ਪਾਉਣਗੇ। ਟੈਲੀਵਿਜਨਾਂ ਦੀਆਂ ਅੱਗ ਲਾਊ ਭੜਕਾਹਟ ਪੈਦਾ ਕਰਨ ਵਾਲੀਆਂ ਚਰਚਾਵਾਂ ਦੇ ਵਿਸ਼ਲੇਸ਼ਿਕ ਅਤੇ ਰਾਜਨੀਤੀਵਾਂਨ ਵੀ ਅਜਿਹੇ ਵਿਨਾਸ਼ ਦੇ ਦੂਰ-ਪ੍ਰਭਾਵ ਤੋ ਬਚ ਨਹੀਂ ਸਕਣਗੇ। ਆਪਣੇ ਆਪਣੇ ਮੁਲਕਾਂ ਦੀ ਰਾਜਨੀਤੀ ਨੂੰ ਪ੍ਰਭਾਵਤ ਕਰਨ ਲਈ ਹੀ ਜੇਕਰ ਹਕੂਮਤਾਂ ਅਜਿਹੇ ਖਤਰਨਾਕ ਅਤੇ ਆਪਾ ਵਿਰੋਧੀ ਕਦਮ ਚੁੱਕਣ ਬਾਰੇ ਬਿਉਂਤਾਂ ਬਣਾ ਰਹੀਆਂ ਹਨ ਅਤੇ ਉਹਨਾਂ ਬਿਉਂਤਾਂ ਨੂੰ ਅੰਜ਼ਾਮ ਦੇ ਦਿੰਦੀਆਂ ਹਨ,ਤਾਂ ਇਸ ਦੌਰ ਨੂੰ ਇਤਿਹਾਸ ਵਿੱਚ ਸਭ ਤੋਂ ਕਰੂਰ ਸਮੇਂ ਵਜੋਂ ਯਾਦ ਕੀਤਾ ਜਾਵੇਗਾ। ਦੇਸ਼ ਦੇ ਬੁੱਧੀਜੀਵੀ,ਪੱਤਰਕਾਰ,ਵਿਸ਼ਲੇਸ਼ਿਕ ਅਤੇ ਰਾਜਨੀਤੀਵਾਂਨਾਂ ਨੂੰ ਅਜਿਹੀਆਂ ਅੱਗ ਲਾਊ ਬਹਿਸਾਂ, ਚਰਚਾਵਾਂ ਤੋ ਬਚਣਾ ਚਾਹੀਦਾ ਹੈ,ਜਿਹੜੀਆਂ ਮਾਨਵਤਾ ਦੇ ਹਿੱਤ ਵਿੱਚ ਨਾ ਹੋਣ, ਸਗੋਂ ਮਾਨਵਤਾ ਦੇ ਭਲੇ ਹਿੱਤ ਸਰਬੱਤ ਦੇ ਭਲੇ ਦੇ ਸੰਕਲਪ 'ਤੇ ਪਹਿਰਾ ਦਿੰਦੇ ਹੋਏ ਆਪਸੀ ਪ੍ਰੇਮ ਪਿਆਰ ਅਤੇ ਸਰਬ ਸਾਂਝੀਵਾਲਤਾ ਨੂੰ ਮਜਬੂਤ ਕਰਨ ਲਈ ਉਪਰਾਲੇ ਕਰਨੇ ਚਾਹੀਦੇ ਹਨ,ਤਾਂ ਕਿ ਫਿਰਕੂ ਨਫਰਤਾਂ ਦੇ ਇਸ ਮਹਾਂ ਵਿਨਾਸ਼ਕਾਰੀ ਦੌਰ ਚੋਂ ਸਾਂਤੀ ਪੂਰਵਕ ਤਰੀਕੇ ਨਾਲ ਗੁਜ਼ਰਿਆ ਜਾ ਸਕੇ,ਕਿਉਂਕਿ ਜੰਗ ਕਿਸੇ ਮਸਲੇ ਦਾ ਹੱਲ ਨਹੀ ਹੋ ਸਕਦੀ ਅਤੇ ਨਫਰਤਾਂ ਹਮੇਸਾਂ ਵਿਨਾਸ਼ ਹੀ ਜੰਮਦੀਆਂ ਹਨ।

ਵਸੂਲੀ ਅਧਿਕਾਰੀ - 1/2 ਦਾ ਦਫ਼ਤਰ
ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3)
ਜ਼ਮੀਨੀ ਤਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ-160017

ਮੰਗ ਸੂਚਨਾ
ਆਮਦਨ ਕਰ ਕਾਨੂੰਨ, 1961 ਦੀ ਦੂਜੀ ਅਨੁਸੂਚੀ ਦੇ ਨਿਯਮ 2 ਅਤੇ ਕਰਜ਼ਿਆਂ ਦੀ ਵਸੂਲੀ ਅਤੇ ਦੀਵਾਲੀਆਪਣ ਕਾਨੂੰਨ, 1993 ਦੀਆਂ ਧਾਰਾਵਾਂ 25 ਤੋਂ 28 ਦੇ ਅਧੀਨ ਸੂਚਨਾ
ਆਰ.ਸੀ./1235/2024 21.04.2025
ਯੂਨੀਅਨ ਬੈਂਕ ਆਫ ਇੰਡੀਆ
ਬਨਾਮ
ਮੈਸਰਜ਼ ਨਮਹੋ ਫੈਸ਼ਨ ਐਂਡ ਹੋਰ
ਵੱਲ,
(ਸੀਡੀ 1) ਮੈਸਰਜ਼ ਨਮਹੋ ਫੈਸ਼ਨ, ਈ-8/1684, ਗਲੀ ਨੰ. 6, ਨਿਊ ਬਸੰਤ ਵਿਹਾਰ ਕਾਕੋਵਾਲ ਰੋਡ, ਲੁਧਿਆਣਾ (ਰਾਹੀਂ ਇਸਦੇ ਪ੍ਰੋਪ. ਗੌਰਵ ਹਾਂਡਾ ਡਿਫੈਂਡੈਂਟ ਨੰ. 2)
(ਸੀਡੀ 2) ਸ੍ਰੀ ਗੌਰਵ ਹਾਂਡਾ ਸਪੁੱਤਰ ਸ੍ਰੀ ਸੁਨੀਲ ਕੁਮਾਰ ਹਾਂਡਾ ਵਾਸੀ ਪਲਾਟ ਨੰ. 77, ਗਲੀ ਨੰ. 6 ਨੌਰਵਾਲਾ ਰੋਡ, ਨਿਊ ਬਸੰਤ ਵਿਹਾਰ ਕਲੋਨੀ ਸੈਣ ਭਗਤ ਕਲੋਨੀ ਬਸਤੀ ਜੋਧੇਵਾਲ, ਲੁਧਿਆਣਾ (ਪ੍ਰੋਪ. ਮੈਸ. ਨਮਹੋ ਫੈਸ਼ਨ ਡਿਫੈਂਡੈਂਟ ਨੰ. 1)
ਇਹ ਸੂਚਿਤ ਕੀਤਾ ਜਾਂਦਾ ਹੈ ਕਿ ਓਏ/244/2024 ਵਿਚ ਪ੍ਰਧਾਨਗੀ ਅਧਿਕਾਰੀ, ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3) ਵੱਲੋਂ ਜਾਰੀ ਹੁਕਮਾਂ ਦੀ ਨਿਰੰਤਰਤਾ ਵਿਚ ਜਾਰੀ ਵਸੂਲੀ ਪ੍ਰਮਾਣ ਪੱਤਰ ਦੇ ਅਨੁਸਾਰ ਪੂਰਤੀ ਹੋਣ ਤੱਕ 07.02.2024 ਤੋਂ ਪ੍ਰਭਾਵੀ ਸਧਾਰਨ ਸਲਾਨਾ ਵਿਆਜ 8.00% ਦੀ ਦਰ 'ਤੇ ਮੁਕੱਦਮੇਬਾਜ਼ੀ ਅਤੇ ਭਾਵੀ ਵਿਆਜ ਸਮੇਤ ਰੁ. 27,41,176.47/- (ਰੁਪਏ ਸਤਾਈ ਲੱਖ ਇਕਤਾਲੀ ਹਜ਼ਾਰ ਇੱਕ ਸੌ ਛਿਹੱਤਰ ਅਤੇ ਸੰਤਾਲੀ ਪੈਸੇ ਕੇਵਲ) ਦੀ ਰਕਮ ਅਤੇ ਰੁ. 30,000/- (ਰੁਪਏ ਤੀਹ ਹਜ਼ਾਰ ਕੇਵਲ) ਦੀਆਂ ਲਾਗਤਾਂ ਤੁਹਾਡੇ ਖਿਲਾਫ਼ (ਸਾਂਝੇ ਅਤੇ ਵੱਖਰੇ ਤੌਰ 'ਤੇ/ਪੂਰਨ/ਸੀਮਿਤ ਤੌਰ 'ਤੇ) ਬਕਾਇਆ ਬਣ ਚੁੱਕੀਆਂ ਹਨ।
2. ਤੁਹਾਨੂੰ ਇਸ ਦੁਆਰਾ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਸੂਚਨਾ ਦੀ ਪ੍ਰਾਪਤੀ ਤੋਂ 15 ਦਿਨਾਂ ਦੇ ਅੰਦਰ ਉਕਤ ਰਕਮ ਨੂੰ ਅਦਾ ਕਰ ਦਿਓ, ਜਿਸ ਤੋਂ ਅਸਫਲ ਰਹਿਣ 'ਤੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਵੱਲ ਬਕਾਇਆ ਕਰਜ਼ਿਆਂ ਦੀ ਵਸੂਲੀ ਕਾਨੂੰਨ, 1993 ਅਤੇ ਇਸ ਦੇ ਤਹਿਤ ਨਿਯਮਾਂ ਦੀ ਨਿਰੰਤਰਤਾ ਵਿਚ ਵਸੂਲੀ ਕੀਤੀ ਜਾਵੇਗੀ।
3. ਜਿਥੇ ਕਿ ਟ੍ਰਿਬਿਊਨਲ ਦੀ ਤਸੱਲੀ ਲਈ ਇਹ ਦਰਸਾਇਆ ਜਾ ਚੁੱਕਾ ਹੈ ਕਿ ਤੁਹਾਨੂੰ ਸਧਾਰਨ ਢੰਗ ਨਾਲ ਤਾਮੀਲ ਕਰਨਾ ਸੰਭਵ ਨਹੀਂ ਹੈ, ਇਸ ਲਈ ਇਹ ਸੂਚਨਾ ਦੇ ਕੇ ਇਸ ਪ੍ਰਕਾਸ਼ਨ ਦੁਆਰਾ ਤੁਹਾਨੂੰ ਨਿਰਦੇਸ਼ ਦਿੱਤਾ ਜਾਂਦਾ ਹੈ ਕਿ 21.07.2025 ਨੂੰ ਸਵੇਰੇ 10.30 ਵਜੇ ਇਸ ਟ੍ਰਿਬਿਊਨਲ ਕੋਲ ਹਾਜ਼ਰ ਹੋਵੋ।
4. ਤੁਹਾਨੂੰ ਇਸ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ ਕਿ ਸੁਣਵਾਈ ਦੀ ਅਗਲੀ ਮਿਤੀ ਨੂੰ ਜਾਂ ਪਹਿਲਾਂ ਤੁਹਾਡੇ ਅਸਾਸਿਆਂ ਦੇ ਵੇਰਵਿਆਂ ਦਾ ਇਕ ਹਲਫੀਆ ਬਿਆਨ 'ਤੇ ਐਲਾਨ ਕਰੋ।
5. ਉਕਤ ਦਰਸਾਈ ਰਕਮ ਤੋਂ ਇਲਾਵਾ ਤੁਸੀਂ ਨਿਮਨ ਦਾ ਭੁਗਤਾਨ ਕਰਨ ਲਈ ਵੀ ਜੁਆਬਦੇਹ ਹੋਵੋਗੇ :
(ੳ) ਸਰਟੀਫਿਕੇਟ/ਕਾਰਜਰੂਪ ਪ੍ਰਕਿਰਿਆ ਦੀ ਇਸ ਸੂਚਨਾ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਵਾਲੀ ਮਿਆਦ ਦੇ ਲਈ ਅਦਾਇਗੀਯੋਗ ਵਿਆਜ
(ਅ) ਇਸ ਸੂਚਨਾ ਦੀ ਤਾਮੀਲ ਦੇ ਸਬੰਧ ਵਿਚ ਅਤੇ ਵਾਰੰਟਾਂ ਅਤੇ ਹੋਰ ਪ੍ਰਕਿਰਿਆਵਾਂ ਅਤੇ ਬਕਾਇਆ ਰਕਮ ਦੀ ਵਸੂਲੀ ਲਈ ਅਪਣਾਈਆਂ ਗਈਆਂ ਸਾਰੀਆਂ ਹੋਰ ਕਾਰਵਾਈਆਂ ਵਿਚ ਲਾਗੂ ਸਾਰੀਆਂ ਲਾਗਤਾਂ, ਫੀਸਾਂ ਅਤੇ ਖਰਚੇ।
ਮੇਰੇ ਦਸਤਖ਼ਤ ਅਤੇ ਟ੍ਰਿਬਿਊਨਲ ਦੀ ਮੋਹਰ ਹੇਠ ਇਸ ਮਿਤੀ 21.04.2025 ਨੂੰ ਜਾਰੀ।
ਵਸੂਲੀ ਅਧਿਕਾਰੀ
ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ, (ਡੀਆਰਟੀ-3)

ਵਸੂਲੀ ਅਧਿਕਾਰੀ - 1/2 ਦਾ ਦਫ਼ਤਰ
ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3)
ਜ਼ਮੀਨੀ ਤਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ-160017

ਮੰਗ ਸੂਚਨਾ
ਆਮਦਨ ਕਰ ਕਾਨੂੰਨ, 1961 ਦੀ ਦੂਜੀ ਅਨੁਸੂਚੀ ਦੇ ਨਿਯਮ 2 ਅਤੇ ਕਰਜ਼ਿਆਂ ਦੀ ਵਸੂਲੀ ਅਤੇ ਦੀਵਾਲੀਆਪਣ ਕਾਨੂੰਨ, 1993 ਦੀਆਂ ਧਾਰਾਵਾਂ 25 ਤੋਂ 28 ਦੇ ਅਧੀਨ ਸੂਚਨਾ
ਆਰ.ਸੀ./1400/2024 21.04.2025
ਯੂਨੀਅਨ ਬੈਂਕ ਆਫ ਇੰਡੀਆ
ਬਨਾਮ
ਮੈਸਰਜ਼ ਓਕਸੀ ਪੈਲੀਪੈਕ ਅਤੇ ਹੋਰ
ਵੱਲ,
(ਸੀਡੀ 1) ਮੈਸਰਜ਼ ਓਕਸੀ ਪੈਲੀਪੈਕ ਅਤੇ ਹੋਰ ਪਲਾਟ ਨੰ. 22-ਡੀ, ਫੋਕਲ ਪੁਆਇੰਅ ਫੇਜ਼-1, ਲੁਧਿਆਣਾ ਰਾਹੀਂ ਇਸਦੇ ਪ੍ਰੋਪ. ਸ੍ਰੀਮਤੀ ਸਿਮਰਨ ਸੁਪਤਨੀ ਗਗਨਜੀਤ ਸਿੰਘ
(ਸੀਡੀ 2) ਸ੍ਰੀਮਤੀ ਸਿਮਰਨ ਸੁਪਤਨੀ ਸ੍ਰੀ ਗਗਨਜੀਤ ਸਿੰਘ, ਮਕਾਨ ਨੰ. 596-ਏ, ਮਾਡਲ ਟਾਊਨ ਐਕਸਟੈਂਸ਼ਨ ਲੁਧਿਆਣਾ, ਪੰਜਾਬ
ਹੋਰ ਪਤਾ: 220, ਬਸੰਤ ਸਿਟੀ, ਪਿਛੇ ਕੀਅਜ਼ ਹੋਟਲ, ਪੱਖੋਵਾਲ ਰੋਡ, ਲੁਧਿਆਣਾ
(ਸੀਡੀ 3) ਸ੍ਰੀ ਗਗਨਜੀਤ ਸਿੰਘ ਸਪੁੱਤਰ ਸ੍ਰੀ ਕੁਲਵਿੰਦਰ ਸਿੰਘ ਵਾਸੀ 596-ਏ, ਮਾਡਲ ਟਾਊਨ ਐਕਸਟੈਂਸ਼ਨ ਲੁਧਿਆਣਾ, ਪੰਜਾਬ
ਹੋਰ ਪਤਾ: 220, ਬਸੰਤ ਸਿਟੀ, ਪਿਛੇ ਕੀਅਜ਼ ਹੋਟਲ, ਪੱਖੋਵਾਲ ਰੋਡ, ਲੁਧਿਆਣਾ
ਇਹ ਸੂਚਿਤ ਕੀਤਾ ਜਾਂਦਾ ਹੈ ਕਿ ਓਏ/1418/2022 ਵਿਚ ਪ੍ਰਧਾਨਗੀ ਅਧਿਕਾਰੀ, ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3) ਵੱਲੋਂ ਜਾਰੀ ਹੁਕਮਾਂ ਦੀ ਨਿਰੰਤਰਤਾ ਵਿਚ ਜਾਰੀ ਵਸੂਲੀ ਪ੍ਰਮਾਣ ਪੱਤਰ ਦੇ ਅਨੁਸਾਰ ਪੂਰਤੀ ਹੋਣ ਤੱਕ 18.07.2022 ਤੋਂ ਪ੍ਰਭਾਵੀ ਸਧਾਰਨ ਸਲਾਨਾ ਵਿਆਜ 8.00% ਦੀ ਦਰ 'ਤੇ ਮੁਕੱਦਮੇਬਾਜ਼ੀ ਅਤੇ ਭਾਵੀ ਵਿਆਜ ਸਮੇਤ ਰੁ. 70,41,954.45/- (ਰੁਪਏ ਸੱਤਰ ਲੱਖ ਇਕਤਾਲੀ ਹਜ਼ਾਰ ਨੌ ਸੌ ਚੁਰੰਜਾ ਅਤੇ ਪੰਤਾਲੀ ਪੈਸੇ ਕੇਵਲ) ਦੀ ਰਕਮ ਅਤੇ ਰੁ. 73000/- (ਰੁਪਏ ਤਿਹੱਤਰ ਹਜ਼ਾਰ ਕੇਵਲ) ਦੀਆਂ ਲਾਗਤਾਂ ਤੁਹਾਡੇ ਖਿਲਾਫ਼ (ਸਾਂਝੇ ਅਤੇ ਵੱਖਰੇ ਤੌਰ 'ਤੇ/ਪੂਰਨ/ਸੀਮਿਤ ਤੌਰ 'ਤੇ) ਬਕਾਇਆ ਬਣ ਚੁੱਕੀਆਂ ਹਨ।
2. ਤੁਹਾਨੂੰ ਇਸ ਦੁਆਰਾ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਸੂਚਨਾ ਦੀ ਪ੍ਰਾਪਤੀ ਤੋਂ 15 ਦਿਨਾਂ ਦੇ ਅੰਦਰ ਉਕਤ ਰਕਮ ਨੂੰ ਅਦਾ ਕਰ ਦਿਓ, ਜਿਸ ਤੋਂ ਅਸਫਲ ਰਹਿਣ 'ਤੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਵੱਲ ਬਕਾਇਆ ਕਰਜ਼ਿਆਂ ਦੀ ਵਸੂਲੀ ਕਾਨੂੰਨ, 1993 ਅਤੇ ਇਸ ਦੇ ਤਹਿਤ ਨਿਯਮਾਂ ਦੀ ਨਿਰੰਤਰਤਾ ਵਿਚ ਵਸੂਲੀ ਕੀਤੀ ਜਾਵੇਗੀ।
3. ਜਿਥੇ ਕਿ ਟ੍ਰਿਬਿਊਨਲ ਦੀ ਤਸੱਲੀ ਲਈ ਇਹ ਦਰਸਾਇਆ ਜਾ ਚੁੱਕਾ ਹੈ ਕਿ ਤੁਹਾਨੂੰ ਸਧਾਰਨ ਢੰਗ ਨਾਲ ਤਾਮੀਲ ਕਰਨਾ ਸੰਭਵ ਨਹੀਂ ਹੈ, ਇਸ ਲਈ ਇਸ ਪ੍ਰਕਾਸ਼ਨ ਦੁਆਰਾ ਇਹ ਸੂਚਨਾ ਦੇ ਕੇ ਤੁਹਾਨੂੰ ਨਿਰਦੇਸ਼ ਦਿੱਤਾ ਜਾਂਦਾ ਹੈ ਕਿ 15.07.2025 ਨੂੰ ਸਵੇਰੇ 10.30 ਵਜੇ ਇਸ ਟ੍ਰਿਬਿਊਨਲ ਕੋਲ ਹਾਜ਼ਰੀ ਲਗਵਾਓ।
4. ਤੁਹਾਨੂੰ ਇਸ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ ਕਿ ਸੁਣਵਾਈ ਦੀ ਅਗਲੀ ਮਿਤੀ ਨੂੰ ਜਾਂ ਪਹਿਲਾਂ ਆਪਣੇ ਅਸਾਸਿਆਂ ਦੇ ਵੇਰਵਿਆਂ ਦਾ ਇੱਕ ਹਲਫੀਆ ਬਿਆਨ 'ਤੇ ਐਲਾਨ ਕਰੋ।
5. ਉਕਤ ਦਰਸਾਈ ਰਕਮ ਤੋਂ ਇਲਾਵਾ ਤੁਸੀਂ ਨਿਮਨ ਦਾ ਭੁਗਤਾਨ ਕਰਨ ਲਈ ਵੀ ਜੁਆਬਦੇਹ ਹੋਵੋਗੇ :
(ੳ) ਸਰਟੀਫਿਕੇਟ/ਕਾਰਜਰੂਪ ਪ੍ਰਕਿਰਿਆ ਦੀ ਇਸ ਸੂਚਨਾ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਵਾਲੀ ਮਿਆਦ ਦੇ ਲਈ ਅਦਾਇਗੀਯੋਗ ਵਿਆਜ
(ਅ) ਇਸ ਸੂਚਨਾ ਦੀ ਤਾਮੀਲ ਦੇ ਸਬੰਧ ਵਿਚ ਅਤੇ ਵਾਰੰਟਾਂ ਅਤੇ ਹੋਰ ਪ੍ਰਕਿਰਿਆਵਾਂ ਅਤੇ ਬਕਾਇਆ ਰਕਮ ਦੀ ਵਸੂਲੀ ਲਈ ਅਪਣਾਈਆਂ ਗਈਆਂ ਸਾਰੀਆਂ ਹੋਰ ਕਾਰਵਾਈਆਂ ਵਿਚ ਲਾਗੂ ਸਾਰੀਆਂ ਲਾਗਤਾਂ, ਫੀਸਾਂ ਅਤੇ ਖਰਚੇ।
ਮੇਰੇ ਦਸਤਖ਼ਤ ਅਤੇ ਟ੍ਰਿਬਿਊਨਲ ਦੀ ਮੋਹਰ ਹੇਠ ਇਸ ਮਿਤੀ 21.04.2025 ਨੂੰ ਜਾਰੀ।
ਵਸੂਲੀ ਅਧਿਕਾਰੀ
ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ, (ਡੀਆਰਟੀ-3)

ਵਸੂਲੀ ਅਧਿਕਾਰੀ - 1/2 ਦਾ ਦਫ਼ਤਰ
ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3)
ਜ਼ਮੀਨੀ ਤਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ-160017

ਮੰਗ ਸੂਚਨਾ (ਪ੍ਰਕਾਸ਼ਨ ਰਾਹੀਂ)
ਆਮਦਨ ਕਰ ਕਾਨੂੰਨ, 1961 ਦੀ ਦੂਜੀ ਅਨੁਸੂਚੀ ਦੇ ਨਿਯਮ 2 ਅਤੇ ਕਰਜ਼ਿਆਂ ਦੀ ਵਸੂਲੀ ਅਤੇ ਦੀਵਾਲੀਆਪਣ ਕਾਨੂੰਨ, 1993 ਦੀਆਂ ਧਾਰਾਵਾਂ 25 ਤੋਂ 28 ਦੇ ਅਧੀਨ ਸੂਚਨਾ
ਆਰ.ਸੀ./235/2019 ਮਿਤੀ : 11.04.2025
ਯੂਕੋ ਬੈਂਕ ਬਨਾਮ ਮੋਨਿਕਾ ਸਾਹਨੀ
ਵੱਲ,
(ਸੀਡੀ 1) ਮੋਨਿਕਾ ਸਾਹਨੀ ਸੁਪਤਨੀ ਰੱਜੀ ਸਾਹਨੀ ਮਕਾਨ ਨੰ. 272, ਸੈਕਟਰ 7, ਪੰਚਕੂਲਾ, ਹਰਿਆਣਾ
(ਸੀਡੀ 2) ਰੱਜੀ ਸਾਹਨੀ ਸਪੁੱਤਰ ਲੇਟ ਸ੍ਰੀ ਰਾਮੇਸ਼ ਚੰਦ, ਮਕਾਨ ਨੰ. 272, ਸੈਕਟਰ 7, ਪੰਚਕੂਲਾ, ਹਰਿਆਣਾ
ਇਹ ਸੂਚਿਤ ਕੀਤਾ ਜਾਂਦਾ ਹੈ ਕਿ ਓਏ/4441/2017 ਵਿਚ ਪ੍ਰਧਾਨਗੀ ਅਧਿਕਾਰੀ, ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3) ਵੱਲੋਂ ਜਾਰੀ ਹੁਕਮਾਂ ਦੀ ਨਿਰੰਤਰਤਾ ਵਿਚ ਜਾਰੀ ਵਸੂਲੀ ਪ੍ਰਮਾਣ ਪੱਤਰ ਦੇ ਅਨੁਸਾਰ ਪੂਰਤੀ ਹੋਣ ਤੱਕ 29.09.2016 ਤੋਂ ਪ੍ਰਭਾਵੀ ਸਧਾਰਨ ਸਲਾਨਾ ਵਿਆਜ 11.7% ਦੀ ਦਰ 'ਤੇ ਮੁਕੱਦਮੇਬਾਜ਼ੀ ਅਤੇ ਭਾਵੀ ਵਿਆਜ ਸਮੇਤ ਰੁ. 11,04,889.00/- (ਰੁਪਏ ਗਿਆਰਾਂ ਲੱਖ ਚਾਰ ਹਜ਼ਾਰ ਅੱਠ ਸੌ ਉਣਾਨਵੇਂ ਕੇਵਲ) ਦੀ ਰਕਮ ਅਤੇ ਰੁ. 38,000/- (ਰੁਪਏ ਅਠੱਤੀ ਹਜ਼ਾਰ ਕੇਵਲ) ਦੀਆਂ ਲਾਗਤਾਂ ਤੁਹਾਡੇ ਖਿਲਾਫ਼ (ਸਾਂਝੇ ਅਤੇ ਵੱਖਰੇ ਤੌਰ 'ਤੇ/ਪੂਰਨ/ਸੀਮਿਤ ਤੌਰ 'ਤੇ) ਬਕਾਇਆ ਬਣ ਚੁੱਕੀਆਂ ਹਨ।
2. ਤੁਹਾਨੂੰ ਇਸ ਦੁਆਰਾ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਸੂਚਨਾ ਦੀ ਪ੍ਰਾਪਤੀ ਤੋਂ 15 ਦਿਨਾਂ ਦੇ ਅੰਦਰ ਉਕਤ ਰਕਮ ਨੂੰ ਅਦਾ ਕਰ ਦਿਓ, ਜਿਸ ਤੋਂ ਅਸਫਲ ਰਹਿਣ 'ਤੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਵੱਲ ਬਕਾਇਆ ਕਰਜ਼ਿਆਂ ਦੀ ਵਸੂਲੀ ਕਾਨੂੰਨ, 1993 ਅਤੇ ਇਸ ਦੇ ਤਹਿਤ ਨਿਯਮਾਂ ਦੀ ਨਿਰੰਤਰਤਾ ਵਿਚ ਵਸੂਲੀ ਕੀਤੀ ਜਾਵੇਗੀ।
3. ਜਿਥੇ ਕਿ ਟ੍ਰਿਬਿਊਨਲ ਦੀ ਤਸੱਲੀ ਲਈ ਇਹ ਦਰਸਾਇਆ ਜਾ ਚੁੱਕਾ ਹੈ ਕਿ ਤੁਹਾਨੂੰ ਸਧਾਰਨ ਢੰਗ ਨਾਲ ਤਾਮੀਲ ਕਰਨਾ ਸੰਭਵ ਨਹੀਂ ਹੈ, ਇਸ ਲਈ ਇਹ ਸੂਚਨਾ ਦੇ ਕੇ ਇਸ ਪ੍ਰਕਾਸ਼ਨ ਦੁਆਰਾ ਤੁਹਾਨੂੰ ਨਿਰਦੇਸ਼ ਦਿੱਤਾ ਜਾਂਦਾ ਹੈ ਕਿ 02.06.2025 ਨੂੰ ਸਵੇਰੇ 10.30 ਵਜੇ ਇਸ ਟ੍ਰਿਬਿਊਨਲ ਕੋਲ ਹਾਜ਼ਰ ਹੋਵੋ।
4. ਤੁਹਾਨੂੰ ਇਸ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ ਕਿ ਸੁਣਵਾਈ ਦੀ ਅਗਲੀ ਮਿਤੀ ਨੂੰ ਜਾਂ ਪਹਿਲਾਂ ਤੁਹਾਡੇ ਅਸਾਸਿਆਂ ਦੇ ਵੇਰਵਿਆਂ ਦਾ ਇਕ ਹਲਫੀਆ ਬਿਆਨ 'ਤੇ ਐਲਾਨ ਕਰੋ।
5. ਉਕਤ ਦਰਸਾਈ ਰਕਮ ਤੋਂ ਇਲਾਵਾ ਤੁਸੀਂ ਨਿਮਨ ਦਾ ਭੁਗਤਾਨ ਕਰਨ ਲਈ ਵੀ ਜੁਆਬਦੇਹ ਹੋਵੋਗੇ :
(ੳ) ਸਰਟੀਫਿਕੇਟ/ਕਾਰਜਰੂਪ ਪ੍ਰਕਿਰਿਆ ਦੀ ਇਸ ਸੂਚਨਾ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਵਾਲੀ ਮਿਆਦ ਦੇ ਲਈ ਅਦਾਇਗੀਯੋਗ ਵਿਆਜ
(ਅ) ਇਸ ਸੂਚਨਾ ਦੀ ਤਾਮੀਲ ਦੇ ਸਬੰਧ ਵਿਚ ਅਤੇ ਵਾਰੰਟਾਂ ਅਤੇ ਹੋਰ ਪ੍ਰਕਿਰਿਆਵਾਂ ਅਤੇ ਬਕਾਇਆ ਰਕਮ ਦੀ ਵਸੂਲੀ ਲਈ ਅਪਣਾਈਆਂ ਗਈਆਂ ਸਾਰੀਆਂ ਹੋਰ ਕਾਰਵਾਈਆਂ ਵਿਚ ਲਾਗੂ ਸਾਰੀਆਂ ਲਾਗਤਾਂ, ਫੀਸਾਂ ਅਤੇ ਖਰਚੇ।
ਮੇਰੇ ਦਸਤਖ਼ਤ ਅਤੇ ਟ੍ਰਿਬਿਊਨਲ ਦੀ ਮੋਹਰ ਹੇਠ ਇਸ ਮਿਤੀ 11.04.2025 ਨੂੰ ਜਾਰੀ।
ਵਸੂਲੀ ਅਧਿਕਾਰੀ
ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ, (ਡੀਆਰਟੀ-3)

ਵਸੂਲੀ ਅਧਿਕਾਰੀ - 1/2 ਦਾ ਦਫ਼ਤਰ
ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3)
ਜ਼ਮੀਨੀ ਤਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ-160017

ਮੰਗ ਸੂਚਨਾ (ਪ੍ਰਕਾਸ਼ਨ ਰਾਹੀਂ)
ਆਮਦਨ ਕਰ ਕਾਨੂੰਨ, 1961 ਦੀ ਦੂਜੀ ਅਨੁਸੂਚੀ ਦੇ ਨਿਯਮ 2 ਅਤੇ ਕਰਜ਼ਿਆਂ ਦੀ ਵਸੂਲੀ ਅਤੇ ਦੀਵਾਲੀਆਪਣ ਕਾਨੂੰਨ, 1993 ਦੀਆਂ ਧਾਰਾਵਾਂ 25 ਤੋਂ 28 ਦੇ ਅਧੀਨ ਸੂਚਨਾ
ਆਰ.ਸੀ./249/2019 ਮਿਤੀ : 07.04.2025
ਯੂਕੋ ਬੈਂਕ ਬਨਾਮ ਅਮਨਦੀਪ ਕੁਮਾਰ
ਵੱਲ,
(ਸੀਡੀ 1) ਸ੍ਰੀ ਅਮਨਦੀਪ ਕੁਮਾਰ ਮਕਾਨ ਨੰ. 325, ਸੈਕਟਰ 38ਏ, ਚੰਡੀਗੜ੍ਹ
(ਸੀਡੀ 2) ਸ੍ਰੀ ਭਗਵਾਨ ਦਾਸ ਸਪੁੱਤਰ ਖਜਾਨ ਚੰਦ ਮਕਾਨ ਨੰ. 325, ਸੈਕਟਰ 38ਏ, ਚੰਡੀਗੜ੍ਹ
ਇਹ ਸੂਚਿਤ ਕੀਤਾ ਜਾਂਦਾ ਹੈ ਕਿ ਓਏ/3983/2017 ਵਿਚ ਪ੍ਰਧਾਨਗੀ ਅਧਿਕਾਰੀ, ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3) ਵੱਲੋਂ ਜਾਰੀ ਹੁਕਮਾਂ ਦੀ ਨਿਰੰਤਰਤਾ ਵਿਚ ਜਾਰੀ ਵਸੂਲੀ ਪ੍ਰਮਾਣ ਪੱਤਰ ਦੇ ਅਨੁਸਾਰ ਪੂਰਤੀ ਹੋਣ ਤੱਕ 01.10.2016 ਤੋਂ ਪ੍ਰਭਾਵੀ ਸਧਾਰਨ ਸਲਾਨਾ ਵਿਆਜ 11.70% ਦੀ ਦਰ 'ਤੇ ਮੁਕੱਦਮੇਬਾਜ਼ੀ ਅਤੇ ਭਾਵੀ ਵਿਆਜ ਸਮੇਤ ਰੁ. 19,07,520/- (ਰੁਪਏ ਉਨੀ ਲੱਖ ਸੱਤਰ ਹਜ਼ਾਰ ਪੰਜ ਸੌ ਵੀਹ ਕੇਵਲ) ਦੀ ਰਕਮ ਅਤੇ ਰੁ. 22,000/- (ਰੁਪਏ ਬਾਈ ਹਜ਼ਾਰ ਕੇਵਲ) ਦੀਆਂ ਲਾਗਤਾਂ ਤੁਹਾਡੇ ਖਿਲਾਫ਼ (ਸਾਂਝੇ ਅਤੇ ਵੱਖਰੇ ਤੌਰ 'ਤੇ/ਪੂਰਨ/ਸੀਮਿਤ ਤੌਰ 'ਤੇ) ਬਕਾਇਆ ਬਣ ਚੁੱਕੀਆਂ ਹਨ।
2. ਤੁਹਾਨੂੰ ਇਸ ਦੁਆਰਾ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਸੂਚਨਾ ਦੀ ਪ੍ਰਾਪਤੀ ਤੋਂ 15 ਦਿਨਾਂ ਦੇ ਅੰਦਰ ਉਕਤ ਰਕਮ ਨੂੰ ਅਦਾ ਕਰ ਦਿਓ, ਜਿਸ ਤੋਂ ਅਸਫਲ ਰਹਿਣ 'ਤੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਵੱਲ ਬਕਾਇਆ ਕਰਜ਼ਿਆਂ ਦੀ ਵਸੂਲੀ ਕਾਨੂੰਨ, 1993 ਅਤੇ ਇਸ ਦੇ ਤਹਿਤ ਨਿਯਮਾਂ ਦੀ ਨਿਰੰਤਰਤਾ ਵਿਚ ਵਸੂਲੀ ਕੀਤੀ ਜਾਵੇਗੀ।
3. ਜਿਥੇ ਕਿ ਟ੍ਰਿਬਿਊਨਲ ਦੀ ਤਸੱਲੀ ਲਈ ਇਹ ਦਰਸਾਇਆ ਜਾ ਚੁੱਕਾ ਹੈ ਕਿ ਤੁਹਾਨੂੰ ਸਧਾਰਨ ਢੰਗ ਨਾਲ ਤਾਮੀਲ ਕਰਨਾ ਸੰਭਵ ਨਹੀਂ ਹੈ, ਇਸ ਲਈ ਇਹ ਸੂਚਨਾ ਦੇ ਕੇ ਇਸ ਪ੍ਰਕਾਸ਼ਨ ਦੁਆਰਾ ਤੁਹਾਨੂੰ ਨਿਰਦੇਸ਼ ਦਿੱਤਾ ਜਾਂਦਾ ਹੈ ਕਿ 02.06.2025 ਨੂੰ ਸਵੇਰੇ 10.30 ਵਜੇ ਇਸ ਟ੍ਰਿਬਿਊਨਲ ਕੋਲ ਹਾਜ਼ਰ ਹੋਵੋ।
4. ਤੁਹਾਨੂੰ ਇਸ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ ਕਿ ਸੁਣਵਾਈ ਦੀ ਅਗਲੀ ਮਿਤੀ ਨੂੰ ਜਾਂ ਪਹਿਲਾਂ ਤੁਹਾਡੇ ਅਸਾਸਿਆਂ ਦੇ ਵੇਰਵਿਆਂ ਦਾ ਇਕ ਹਲਫੀਆ ਬਿਆਨ 'ਤੇ ਐਲਾਨ ਕਰੋ।
5. ਉਕਤ ਦਰਸਾਈ ਰਕਮ ਤੋਂ ਇਲਾਵਾ ਤੁਸੀਂ ਨਿਮਨ ਦਾ ਭੁਗਤਾਨ ਕਰਨ ਲਈ ਵੀ ਜੁਆਬਦੇਹ ਹੋਵੋਗੇ :
(ੳ) ਸਰਟੀਫਿਕੇਟ/ਕਾਰਜਰੂਪ ਪ੍ਰਕਿਰਿਆ ਦੀ ਇਸ ਸੂਚਨਾ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਵਾਲੀ ਮਿਆਦ ਦੇ ਲਈ ਅਦਾਇਗੀਯੋਗ ਵਿਆਜ
(ਅ) ਇਸ ਸੂਚਨਾ ਦੀ ਤਾਮੀਲ ਦੇ ਸਬੰਧ ਵਿਚ ਅਤੇ ਵਾਰੰਟਾਂ ਅਤੇ ਹੋਰ ਪ੍ਰਕਿਰਿਆਵਾਂ ਅਤੇ ਬਕਾਇਆ ਰਕਮ ਦੀ ਵਸੂਲੀ ਲਈ ਅਪਣਾਈਆਂ ਗਈਆਂ ਸਾਰੀਆਂ ਹੋਰ ਕਾਰਵਾਈਆਂ ਵਿਚ ਲਾਗੂ ਸਾਰੀਆਂ ਲਾਗਤਾਂ, ਫੀਸਾਂ ਅਤੇ ਖਰਚੇ।
ਮੇਰੇ ਦਸਤਖ਼ਤ ਅਤੇ ਟ੍ਰਿਬਿਊਨਲ ਦੀ ਮੋਹਰ ਹੇਠ ਇਸ ਮਿਤੀ 07.04.2025 ਨੂੰ ਜਾਰੀ।
ਵਸੂਲੀ ਅਧਿਕਾਰੀ
ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ, (ਡੀਆਰਟੀ-3)

ਵਸੂਲੀ ਅਧਿਕਾਰੀ - 1/2 ਦਾ ਦਫ਼ਤਰ
ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-1)
ਜ਼ਮੀਨੀ ਤਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ-160017

ਮੰਗ ਸੂਚਨਾ
ਆਮਦਨ ਕਰ ਕਾਨੂੰਨ, 1961 ਦੀ ਦੂਜੀ ਅਨੁਸੂਚੀ ਦੇ ਨਿਯਮ 2 ਅਤੇ ਕਰਜ਼ਿਆਂ ਦੀ ਵਸੂਲੀ ਅਤੇ ਦੀਵਾਲੀਆਪਣ ਕਾਨੂੰਨ, 1993 ਦੀਆਂ ਧਾਰਾਵਾਂ 25 ਤੋਂ 28 ਦੇ ਅਧੀਨ ਸੂਚਨਾ
ਆਰ.ਸੀ./186/2023 13.02.2025
ਪੰਜਾਬ ਐਂਡ ਸਿੰਧ ਬੈਂਕ ਬਨਾਮ ਮੈਸ. ਸਾਈਂ ਪੈਕਰਜ਼
ਵੱਲ,
(ਸੀਡੀ 1) ਮੈਸ. ਸਾਈਂ ਪੈਕਰਜ਼ ਮਕਾਨ ਨੰ. 111, ਚੰਦ ਐਵੇਨਿਊ, ਫਤਿਹਗੜ੍ਹ ਚੂੜੀਆਂ ਰੋਡ, ਅੰਮ੍ਰਿਤਸਰ ਜ਼ਿਲ੍ਹਾ ਅੰਮ੍ਰਿਤਸਰ ਰਾਹੀਂ ਇਸਦੇ ਪ੍ਰੋਪ. ਰਾਘਵ ਬੇਰੀ ਸਪੁੱਤਰ ਇੰਦਰਜੀਤ ਬੇਰੀ, ਅੰਮ੍ਰਿਤਸਰ, ਪੰਜਾਬ
(ਸੀਡੀ 2) ਰਾਘਵ ਬੇਰੀ ਸਪੁੱਤਰ ਇੰਦਰਜੀਤ ਬੇਰੀ ਮਕਾਨ ਨੰ. 111, ਚੰਦ ਐਵੇਨਿਊ, ਫਤਿਹਗੜ੍ਹ ਚੂੜੀਆਂ ਰੋਡ, ਅੰਮ੍ਰਿਤਸਰ ਜ਼ਿਲ੍ਹਾ ਅੰਮ੍ਰਿਤਸਰ
(ਸੀਡੀ 3) ਸਮਿਕਸ਼ਾ ਸੁਪਤਨੀ ਰਾਘਵ ਬੇਰੀ ਮਕਾਨ ਨੰ. 111, ਚੰਦ ਐਵੇਨਿਊ, ਫਤਿਹਗੜ੍ਹ ਚੂੜੀਆਂ ਰੋਡ, ਅੰਮ੍ਰਿਤਸਰ ਜ਼ਿਲ੍ਹਾ ਅੰਮ੍ਰਿਤਸਰ
(ਸੀਡੀ 4) ਰਾਹੁਲ ਬੇਰੀ ਸਪੁੱਤਰ ਇੰਦਰਜੀਤ ਬੇਰੀ ਵਾਸੀ ਮਕਾਨ ਨੰ. 111, ਚੰਦ ਐਵੇਨਿਊ, ਫਤਿਹਗੜ੍ਹ ਚੂੜੀਆਂ ਰੋਡ, ਅੰਮ੍ਰਿਤਸਰ ਜ਼ਿਲ੍ਹਾ ਅੰਮ੍ਰਿਤਸਰ
(ਸੀਡੀ 5) ਨਿਤਿਨ ਸ਼ਰਮਾ ਸਪੁੱਤਰ ਸੁਨੀਲ ਸ਼ਰਮਾ ਵਾਸੀ ਮਕਾਨ ਨੰ. 5, ਬਸੰਤ ਐਵੇਨਿਊ, ਸਰਕੁਲਰ ਰੋਡ, ਅੰਮ੍ਰਿਤਸਰ ਜ਼ਿਲ੍ਹਾ ਅੰਮ੍ਰਿਤਸਰ
ਇਹ ਸੂਚਿਤ ਕੀਤਾ ਜਾਂਦਾ ਹੈ ਕਿ ਓਏ/1517/2021 ਵਿਚ ਪ੍ਰਧਾਨਗੀ ਅਧਿਕਾਰੀ, ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-1) ਵੱਲੋਂ ਜਾਰੀ ਹੁਕਮਾਂ ਦੀ ਨਿਰੰਤਰਤਾ ਵਿਚ ਜਾਰੀ ਵਸੂਲੀ ਪ੍ਰਮਾਣ ਪੱਤਰ ਦੇ ਅਨੁਸਾਰ ਪੂਰਤੀ ਹੋਣ ਤੱਕ 01.05.2021 ਤੋਂ ਪ੍ਰਭਾਵੀ ਸਧਾਰਨ ਸਲਾਨਾ ਵਿਆਜ 12.75% ਦੀ ਦਰ 'ਤੇ ਮੁਕੱਦਮੇਬਾਜ਼ੀ ਅਤੇ ਭਾਵੀ ਵਿਆਜ ਸਮੇਤ ਰੁ. 40,65,602/- (ਰੁਪਏ ਚਾਲੀ ਲੱਖ ਪੈਂਹਠ ਹਜ਼ਾਰ ਛੇ ਸੌ ਦੋ ਕੇਵਲ) ਦੀ ਰਕਮ ਅਤੇ ਰੁ. 43005/- (ਰੁਪਏ ਤਰਤਾਲੀ ਹਜ਼ਾਰ ਪੰਜ ਕੇਵਲ) ਦੀਆਂ ਲਾਗਤਾਂ ਤੁਹਾਡੇ ਖਿਲਾਫ਼ (ਸਾਂਝੇ ਅਤੇ ਵੱਖਰੇ ਤੌਰ 'ਤੇ/ਪੂਰਨ/ਸੀਮਿਤ ਤੌਰ 'ਤੇ) ਬਕਾਇਆ ਬਣ ਚੁੱਕੀਆਂ ਹਨ।
2. ਤੁਹਾਨੂੰ ਇਸ ਦੁਆਰਾ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਸੂਚਨਾ ਦੀ ਪ੍ਰਾਪਤੀ ਤੋਂ 15 ਦਿਨਾਂ ਦੇ ਅੰਦਰ ਉਕਤ ਰਕਮ ਨੂੰ ਅਦਾ ਕਰ ਦਿਓ, ਜਿਸ ਤੋਂ ਅਸਫਲ ਰਹਿਣ 'ਤੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਵੱਲ ਬਕਾਇਆ ਕਰਜ਼ਿਆਂ ਦੀ ਵਸੂਲੀ ਕਾਨੂੰਨ, 1993 ਅਤੇ ਇਸ ਦੇ ਤਹਿਤ ਨਿਯਮਾਂ ਦੀ ਨਿਰੰਤਰਤਾ ਵਿਚ ਵਸੂਲੀ ਕੀਤੀ ਜਾਵੇਗੀ।
3. ਤੁਹਾਨੂੰ ਇਸ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ ਕਿ ਸੁਣਵਾਈ ਦੀ ਅਗਲੀ ਮਿਤੀ ਨੂੰ ਜਾਂ ਪਹਿਲਾਂ ਤੁਹਾਡੇ ਅਸਾਸਿਆਂ ਦੇ ਵੇਰਵਿਆਂ ਦਾ ਇਕ ਹਲਫੀਆ ਬਿਆਨ 'ਤੇ ਐਲਾਨ ਕਰੋ।
4. ਤੁਹਾਨੂੰ ਇਸ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ ਕਿ ਅਗਲੀ ਕਾਰਵਾਈ ਲਈ 15.05.2025 ਨੂੰ ਸਵੇਰੇ 10.30 ਵਜੇ ਨਿਮਨ ਹਸਤਾਖ਼ਰੀ ਕੋਲ ਹਾਜ਼ਰ ਹੋਵੋ।
5. ਉਕਤ ਦਰਸਾਈ ਰਕਮ ਤੋਂ ਇਲਾਵਾ ਤੁਸੀਂ ਨਿਮਨ ਦਾ ਭੁਗਤਾਨ ਕਰਨ ਲਈ ਵੀ ਜੁਆਬਦੇਹ ਹੋਵੋਗੇ :
(ੳ) ਸਰਟੀਫਿਕੇਟ/ਕਾਰਜਰੂਪ ਪ੍ਰਕਿਰਿਆ ਦੀ ਇਸ ਸੂਚਨਾ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਵਾਲੀ ਮਿਆਦ ਦੇ ਲਈ ਅਦਾਇਗੀਯੋਗ ਵਿਆਜ
(ਅ) ਇਸ ਸੂਚਨਾ ਦੀ ਤਾਮੀਲ ਦੇ ਸਬੰਧ ਵਿਚ ਅਤੇ ਵਾਰੰਟਾਂ ਅਤੇ ਹੋਰ ਪ੍ਰਕਿਰਿਆਵਾਂ ਅਤੇ ਬਕਾਇਆ ਰਕਮ ਦੀ ਵਸੂਲੀ ਲਈ ਅਪਣਾਈਆਂ ਗਈਆਂ ਸਾਰੀਆਂ ਹੋਰ ਕਾਰਵਾਈਆਂ ਵਿਚ ਲਾਗੂ ਸਾਰੀਆਂ ਲਾਗਤਾਂ, ਫੀਸਾਂ ਅਤੇ ਖਰਚੇ।
ਮੇਰੇ ਦਸਤਖ਼ਤ ਅਤੇ ਟ੍ਰਿਬਿਊਨਲ ਦੀ ਮੋਹਰ ਹੇਠ ਇਸ ਮਿਤੀ 13.02.2025 ਨੂੰ ਜਾਰੀ।
ਵਸੂਲੀ ਅਧਿਕਾਰੀ
ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ, (ਡੀਆਰਟੀ-1)



ਰੋਜ਼ਾਨਾ ਚੜ੍ਹਦੀਕਲਾ
# ਸਿਹਤ ਖ਼ਬਰਨਾਮਾ



## ਗਰਮੀ ਦਾ ਮੌਸਮ ਆਉਂਦਿਆਂ ਹੀ ਬਦਲ ਲਓ ਖਾਣ-ਪੀਣ



ਜਿਵੇਂ-ਜਿਵੇਂ ਗਰਮੀ ਦਾ ਮੌਸਮ ਆਉਂਦਾ ਹੈ, ਸਾਡੇ ਸਰੀਰ ਦੀਆਂ ਜ਼ਰੂਰਤਾਂ ਬਦਲ ਜਾਂਦੀਆਂ ਹਨ। ਕੜਕਦੀ ਧੁੱਪ, ਗਰਮੀ ਦੀਆਂ ਲਹਿਰਾਂ ਅਤੇ ਵਧਦੇ ਤਾਪਮਾਨ ਵਿਚ ਸਹੀ ਖੁਰਾਕ ਨਾ ਮਿਲਣ ਨਾਲ ਸਿਹਤ 'ਤੇ ਮਾੜਾ ਅਸਰ ਪੈਂਦਾ ਹੈ। ਜੇ ਗਰਮੀਆਂ 'ਚ ਖੁਰਾਕ ਠੀਕ ਨਾ ਹੋਵੇ ਤਾਂ ਡੀਹਾਈਡ੍ਰੇਸ਼ਨ, ਥਕਾਵਟ, ਪੇਟ ਦੀ ਸਮੱਸਿਆ ਅਤੇ ਕਮਜ਼ੋਰੀ ਵਰਗੀਆਂ ਸਮੱਸਿਆਵਾਂ ਹੋ ਸਕਦੀਆਂ ਹਨ। ਗਰਮੀਆਂ 'ਚ ਸਹੀ ਖੁਰਾਕ ਅਪਣਾ ਕੇ ਨਾ ਸਿਰਫ ਸਰੀਰ ਨੂੰ ਅੰਦਰ ਤੋਂ ਠੰਡਾ ਰੱਖਿਆ ਜਾ ਸਕਦਾ ਹੈ, ਸਗੋਂ ਬੀਮਾਰੀਆਂ ਤੋਂ ਵੀ ਬਚਿਆ ਜਾ ਸਕਦਾ ਹੈ। ਇਸ ਲਈ ਮੌਸਮ ਦੇ ਹਿਸਾਬ ਨਾਲ ਖੁਰਾਕ 'ਚ ਬਦਲਾਅ ਕਰਨਾ ਜ਼ਰੂਰੀ ਹੈ, ਤਾਂ ਜੋ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਹਰ ਕੋਈ ਸਿਹਤਮੰਦ ਅਤੇ ਊਰਜਾਵਾਨ ਬਣਿਆ ਰਹੇ।

**ਗਰਮੀਆਂ ਵਿੱਚ ਕੀ ਨਹੀਂ ਖਾਣਾ ਚਾਹੀਦਾ:** ਜ਼ਿਆਦਾ ਤੇਲ, ਮਸਾਲੇ ਅਤੇ ਤਲੇ ਹੋਏ ਭੋਜਨ ਤੋਂ ਪਰਹੇਜ਼ ਕਰੋ। ਗਰਮੀਆਂ ਵਿੱਚ ਬਹੁਤ ਜ਼ਿਆਦਾ ਤਲੇ ਹੋਏ ਜਾਂ ਮਸਾਲੇਦਾਰ ਭੋਜਨ ਖਾਣ ਨਾਲ ਸਰੀਰ ਵਿੱਚ ਗਰਮੀ ਵਧ ਜਾਂਦੀ ਹੈ ਅਤੇ ਐਸੀਡਿਟੀ ਜਾਂ ਪੇਟ ਦਰਦ ਵਰਗੀਆਂ ਸਮੱਸਿਆਵਾਂ ਹੋ ਸਕਦੀਆਂ ਹਨ। ਬੱਚਿਆਂ ਨੂੰ ਬਾਹਰਲੇ ਫਾਸਟ ਫੂਡ ਜਾਂ ਭਾਰੀ ਮਿਠਾਈਆਂ ਤੋਂ ਵੀ ਬਚਣਾ ਚਾਹੀਦਾ ਹੈ।

**ਤਾਜ਼ੇ ਫਲ ਅਤੇ ਸਬਜ਼ੀਆਂ :** ਗਰਮੀਆਂ ਵਿੱਚ ਬਾਜ਼ਾਰਾਂ ਨੂੰ ਮੌਸਮੀ ਫਲਾਂ ਨਾਲ ਸਜਾਇਆ ਜਾਂਦਾ ਹੈ। ਇਹ ਮੌਸਮੀ ਫਲ ਸਿਹਤ ਲਈ ਫਾਇਦੇਮੰਦ ਹੀ ਨਹੀਂ ਸਗੋਂ ਸੁਆਦੀ ਵੀ ਹੁੰਦੇ ਹਨ। ਇਸ ਮੌਸਮ 'ਚ ਤਰਬੂਜ, ਖਰਬੂਜਾ, ਅੰਬ, ਪਪੀਤਾ, ਅੰਗੂਰ ਅਤੇ ਖੀਰੇ ਵਰਗੇ ਫਲਾਂ ਅਤੇ ਸਬਜ਼ੀਆਂ ਦਾ ਸੇਵਨ ਬਹੁਤ ਫਾਇਦੇਮੰਦ ਹੋ ਸਕਦਾ ਹੈ। ਫਲਾਂ ਵਿਚ ਪਾਣੀ ਦੀ ਮਾਤਰਾ ਜ਼ਿਆਦਾ ਹੁੰਦੀ ਹੈ, ਜੋ ਸਰੀਰ ਨੂੰ ਹਾਈਡਰੇਟ ਰਖਦੇ ਹਨ।

**ਠੰਡਾ ਅਤੇ ਪੌਸ਼ਟਿਕ ਨਾਸ਼ਤਾ:** ਇਸ ਮੌਸਮ 'ਚ ਸਰੀਰ ਨੂੰ ਠੰਡਾ ਰੱਖਣ ਲਈ ਤੁਸੀਂ ਦੁੱਧ ਅਤੇ ਫਲਾਂ ਤੋਂ ਬਣੀ ਸਮੂਦੀ, ਫਰੂਟ ਚਾਟ ਜਾਂ ਦਹੀਂ ਤੋਂ ਬਣੇ ਸਨੈਕਸ ਦੇ ਸਕਦੇ ਹੋ। ਇਹ ਬੱਚਿਆਂ ਲਈ ਇੱਕ ਸਿਹਤਮੰਦ ਖੁਰਾਕ ਹੈ। ਓਟਸ, ਪੋਹਾ, ਉਪਮਾ ਵਰਗਾ ਹਲਕਾ ਅਤੇ ਤੇਜ਼ ਨਾਸ਼ਤਾ ਬਜ਼ੁਰਗਾਂ ਲਈ ਚੰਗਾ ਹੈ।

**ਹਲਕਾ ਅਤੇ ਪੌਸ਼ਟਿਕ ਭੋਜਨ ਦਿਓ :** ਗਰਮੀਆਂ ਵਿੱਚ ਪਾਚਨ ਕਿਰਿਆ ਕਮਜ਼ੋਰ ਹੋ ਜਾਂਦੀ ਹੈ। ਇਸ ਮੌਸਮ ਵਿੱਚ ਭਾਰੀ ਅਤੇ ਮਸਾਲੇਦਾਰ ਭੋਜਨ ਦੀ ਬਜਾਏ ਹਲਕਾ, ਆਸਾਨੀ ਨਾਲ ਪਚਣ ਵਾਲਾ ਅਤੇ ਤਾਜ਼ਾ ਭੋਜਨ ਖਾਣਾ ਚਾਹੀਦਾ ਹੈ। ਹਲਕਾ ਭੋਜਨ ਜਿਵੇਂ ਦਾਲਾਂ, ਹਰੀਆਂ ਸਬਜ਼ੀਆਂ, ਖਿਚੜੀ, ਦਹੀ-ਚਾਵਲ ਸਰੀਰ ਨੂੰ ਊਰਜਾ ਦਿੰਦੇ ਹਨ ਅਤੇ ਪਾਚਨ ਕਿਰਿਆ ਨੂੰ ਵੀ ਠੀਕ ਰੱਖਦੇ ਹਨ। ਬੱਚਿਆਂ ਨੂੰ ਹਲਕੇ ਭੋਜਨ ਵਿੱਚ ਸਲਾਦ ਅਤੇ ਪੁੰਗਰੇ ਹੋਏ ਅਨਾਜ ਦੇਣਾ ਵੀ ਇੱਕ ਵਧੀਆ ਵਿਕਲਪ ਹੈ।

**ਆਪਣੇ ਤਰਲ ਪਦਾਰਥਾਂ ਦੀ ਮਾਤਰਾ ਵਧਾਓ :** ਗਰਮੀਆਂ ਵਿੱਚ ਡੀਹਾਈਡ੍ਰੇਸ਼ਨ ਦੀ ਸਮੱਸਿਆ ਆਮ ਹੋ ਜਾਂਦੀ ਹੈ। ਇਸ ਮੌਸਮ 'ਚ ਸਾਨੂੰ ਬਹੁਤ ਜ਼ਿਆਦਾ ਪਸੀਨਾ ਆਉਂਦਾ ਹੈ, ਜਿਸ ਨਾਲ ਸਰੀਰ 'ਚ ਪਾਣੀ ਦੀ ਕਮੀ ਹੋ ਸਕਦੀ ਹੈ। ਸਰੀਰ ਨੂੰ ਹਾਈਡਰੇਟ ਰੱਖਣ ਲਈ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਸਾਰਿਆਂ ਨੂੰ ਦਿਨ ਭਰ ਖੂਬ ਪਾਣੀ ਪੀਣਾ ਚਾਹੀਦਾ ਹੈ। ਇਸ ਤੋਂ ਇਲਾਵਾ ਹੋਰ ਪੀਣ ਵਾਲੇ ਪਦਾਰਥ ਜਿਵੇਂ ਕਿ ਨਿੰਬੂ ਪਾਣੀ, ਨਾਰੀਅਲ ਪਾਣੀ ਤੇ ਲੱਸੀ ਨੂੰ ਭੋਜਨ ਵਿੱਚ ਸ਼ਾਮਲ ਕਰੋ।

### ਪੰਜਾਬੀ ਮੂਲ ਦੇ ਉਮੀਦਵਾਰਾਂ 'ਚੋਂ ਕਿਸੇ ਨੂੰ ਜਿੱਤ ਨਸੀਬ ਨਾ ਹੋਈ

# ਆਸਟ੍ਰੇਲੀਆ 'ਚ ਲੇਬਰ ਪਾਰਟੀ ਨੂੰ ਲੋਕ ਫ਼ਤਵਾ, ਦੂਜੀ ਵਾਰ ਬਣਾਏਗੀ ਸਰਕਾਰ

### ਮਾਹਿਰਾਂ ਮੁਤਾਬਿਕ ਮਹਿੰਗਾਈ ਤੇ ਕੌਮਾਂਤਰੀ ਸਿਆਸੀ ਸਮੀਕਰਨਾਂ ਦਾ ਚੋਣਾਂ ਦੇ ਨਤੀਜਿਆਂ 'ਤੇ ਅਸਰ ਰਿਹਾ

ਮੈਲਬਰਨ, 3 ਮਈ (ਚ.ਨ.ਸ.) : ਆਸਟਰੇਲੀਆ 'ਚ ਲੇਬਰ ਪਾਰਟੀ ਨੇ ਆਮ ਚੋਣਾਂ 'ਚ ਜਿੱਤ ਪ੍ਰਾਪਤ ਕੀਤੀ ਹੈ, ਜਿਸ ਮਗਰੋਂ ਦੂਜੀ ਵਾਰ ਪਾਰਟੀ ਆਪਣੀ ਸਰਕਾਰ ਬਣਾਏਗੀ। ਪਾਰਟੀ ਦੇ ਮੁੱਖ ਵਿਰੋਧੀ ਲਿਬਰਲ ਗੱਠਜੋੜ ਨੂੰ ਵੱਡੇ ਫਤਵੇ ਨਾਲ ਹਰਾਉਣ ਮਗਰੋਂ ਐਂਥਨੀ ਐਲਬਨੀਜ਼ ਦੂਜੀ ਵਾਰ ਪ੍ਰਧਾਨ ਮੰਤਰੀ ਬਣਨਗੇ, ਜਦਕਿ ਲਿਬਰਲ ਗੱਠਜੋੜ ਦੀ ਅਗਵਾਈ ਕਰ ਰਹੇ ਸੱਜੇ ਪੱਖੀ ਆਗੂ ਪੀਟਰ ਡਟਨ ਆਪਣੀ ਸੀਟ ਤੱਕ ਹਾਰ ਗਏ ਹਨ।



ਚੋਣ ਨਤੀਜਿਆਂ ਦੇ ਐਲਾਨ ਤੋਂ ਬਾਅਦ ਡਟਨ ਨੇ ਆਪਣੀ ਹਾਰ ਕਬੂਲ ਕਰ ਲਈ ਹੈ।ਦੂਜੇ ਪਾਸੇ ਪੰਜਾਬੀਆਂ ਨੂੰ ਆਸਟਰੇਲੀਆ ਚੋਣਾਂ ਵਿਚ ਨਿਰਾਸ਼ਾ ਪੱਲੇ ਪਈ ਹੈ। ਇਨ੍ਹਾਂ ਚੋਣਾਂ 'ਚ ਵੱਖ ਵੱਖ ਪਾਰਟੀਆਂ ਤੋਂ ਖੜ੍ਹੇ ਪੰਜਾਬੀ ਮੂਲ ਦੇ ਉਮੀਦਵਾਰ ਕਿਸੇ ਵੀ ਸੀਟ 'ਤੇ ਜਿੱਤ ਦਰਜ ਨਹੀਂ ਕਰਵਾ ਸਕੇ।ਮਾਹਿਰਾਂ ਮੁਤਾਬਿਕ ਮੁਲਕ 'ਚ ਮਹਿੰਗਾਈ ਅਤੇ ਕੌਮਾਂਤਰੀ ਪੱਧਰ 'ਤੇ ਬਦਲੇ ਸਿਆਸੀ ਹਾਲਾਤ ਦੇ ਚਲਦਿਆਂ ਲੋਕਾਂ ਨੇ ਲੇਬਰ ਪਾਰਟੀ ਨੂੰ ਮੁੜ ਮੌਕਾ ਦਿੱਤਾ ਹੈ। ਚੋਣ ਪ੍ਰਚਾਰ ਦੌਰਾਨ ਲਿਬਰਲ ਪਾਰਟੀ ਲੋਕਾਂ ਨੂੰ ਮਹਿੰਗਾਈ ਤੋਂ ਰਾਹਤ ਦੇਣ ਦੇ ਠੋਸ ਕਦਮ ਪੇਸ਼ ਕਰਨ ਅਤੇ ਬਹੁਗਿਣਤੀ ਨੂੰ ਮੰਨਣਯੋਗ ਭਰੋਸਾ ਦੇਣ 'ਚ ਪਿੱਛੇ ਰਹੀ ਜਦਕਿ ਲੇਬਰ ਪਾਰਟੀ ਵੱਲੋਂ ਐਂਥਨੀ ਐਲਬਨੀਜ਼ ਦੀ ਪ੍ਰਚਾਰ ਮੁਹਿੰਮ ਲੋਕਾਂ ਲਈ ਵੱਡੇ ਵਿੱਤੀ ਰਾਹਤ ਐਲਾਨਾਂ ਨਾਲ ਇਹ ਪੱਖ ਮਜ਼ਬੂਤੀ ਨਾਲ ਰੱਖਦੀ ਰਹੀ ਕਿ ਚਲਦੀਆਂ ਸਹੂਲਤਾਂ ਜਾਰੀ ਰੱਖਣ ਲਈ ਸਰਕਾਰ ਦੀ ਦੂਜੀ ਪਾਰੀ ਲਾਜ਼ਮੀ ਹੈ।ਲੇਬਰ ਪਾਰਟੀ ਇਨ੍ਹਾਂ ਚੋਣਾਂ 'ਚ ਵਿੱਤੋਂ ਬਾਹਰ ਹੋਏ ਘਰਾਂ ਨੂੰ ਪਰਿਵਾਰਾਂ ਦੀ ਪਹੁੰਚ 'ਚ ਕਰਨ ਲਈ ਅਰਬਾਂ ਡਾਲਰਾਂ ਦੀ ਰਾਹਤ ਦਾ ਐਲਾਨ ਕਰ ਚੁੱਕੀ ਹੈ। ਇਸੇ ਤਰ੍ਹਾਂ ਮੁੱਢਲੀਆਂ ਸਿਹਤ ਸਹੂਲਤਾਂ ਅਤੇ ਮਹਿੰਗਾਈ ਦੀ ਮਾਰ ਝੱਲ ਰਹੇ ਆਮ ਲੋਕਾਂ ਲਈ ਟੈਕਸ ਰਾਹਤ ਦੇ ਐਲਾਨ ਇਨ੍ਹਾਂ ਨਤੀਜਿਆਂ ਪਿਛਲਾ ਮੁੱਖ ਕਾਰਨ ਰਹੇ ਹਨ।ਇਸੇ ਤਰ੍ਹਾਂ ਲਿਬਰਲ ਪਾਰਟੀ ਵੱਲੋਂ ਮੁਲਕ ਦੇ ਅਰਥਚਾਰੇ ਨੂੰ ਕਟੌਤੀਆਂ ਤੇ ਸਖਤੀ ਨਾਲ ਮਜ਼ਬੂਤ ਕਰਨ ਦੇ ਐਲਾਨ ਲੋਕਾਂ ਨੂੰ ਪ੍ਰਭਾਵਿਤ ਕਰਨੋਂ ਅਸਮਰੱਥ ਰਹੇ।ਲੇਬਰ ਪਾਰਟੀ ਨੇ ਇਸ ਵਾਰ ਲਿਬਰਲ ਪਾਰਟੀ ਦੀਆਂ ਕਈ ਜੱਦੀ ਸੀਟਾਂ 'ਤੇ ਜਿੱਤ ਕਰਵਾਈ ਹੈ॥ ਖਬਰ ਲਿਖੇ ਜਾਣ ਤੱਕ 150 ਸੀਟਾਂ ਦੀ ਸੰਸਦ 'ਚ ਜਿੱਤਣ ਲਈ 76 ਸੀਟਾਂ ਚਾਹੀਦੀਆਂ ਸਨ ਅਤੇ ਲੇਬਰ ਨੇ 85 ਸੀਟਾਂ 'ਤੇ ਜਿੱਤ ਦਰਜ ਕਰਵਾਈ ਹੈ।

ਲੇਬਰ ਪਾਰਟੀ ਨੇ ਇਸ ਵਾਰ ਲਿਬਰਲ ਪਾਰਟੀ ਦੀਆਂ ਕਈ ਜੱਦੀ ਸੀਟਾਂ 'ਤੇ ਵੀ ਜਿੱਤ ਦਰਜ ਕਰਵਾਈ ਹੈ। 150 ਮੈਂਬਰੀ ਸੰਸਦ ਵਿਚ ਲੇਬਰ ਪਾਰਟੀ ਨੇ ਬਹੁਮਤ ਲਈ ਲੋੜੀਂਦੀਆਂ 76 ਸੀਟਾਂ ਤੋਂ ਵੀ ਵੱਧ 85 ਸੀਟਾਂ ਜਿੱਤ ਲਈਆਂ ਸਨ।

## ਟੋਰੀ ਸਾਂਸਦ ਨੇ ਜਿੱਤੀ ਸੀਟ ਆਪਣੇ ਆਗੂ ਲਈ ਛੱਡੀ

ਵੈਨਕੂਵਰ, 3 ਮਈ (ਚ.ਨ.ਸ.) : ਕੈਨੇਡਾ ਸੰਘੀ ਚੋਣਾਂ ਵਿਚ ਅਲਬਰਟਾ ਤੋਂ ਕੰਜ਼ਰਵੇਟਿਵ ਉਮੀਦਵਾਰ ਵਜੋਂ 82 ਫੀਸਦ ਵੋਟਾਂ ਲੈਕੇ ਚੁਣੇ ਗਏ ਐਮਪੀ ਡੈਮੀਏਨ ਕੁਰਕ ਨੇ ਸਹੁੰ ਚੁੱਕਣ ਤੋਂ ਪਹਿਲਾਂ ਹੀ ਆਪਣੀ ਪਾਰਟੀ ਦੇ ਆਗੂ ਪੀਅਰ ਪੋਲੀਵਰ ਨੂੰ ਉੱਥੋਂ ਚੋਣ ਲੜਨ ਦੀ ਪੇਸ਼ਕਸ਼ ਕਰਦਿਆਂ ਅਸਤੀਫ਼ਾ ਦੇ ਦਿੱਤਾ ਹੈ ਅਤੇ ਸੀਟ ਖਾਲੀ ਕਰ ਦਿੱਤੀ ਹੈ। ਜ਼ਿਕਰਯੋਗ ਹੈ ਕਿ ਹਾਲ ਦੀ ਦੀਆਂ ਸੰਸਦੀ ਚੋਣਾਂ ਮੌਕੇ ਪਾਰਟੀ ਆਗੂ ਖ਼ੁਦ ਚੋਣ ਹਾਰ ਗਏ ਸੀ। ਪੋਲੀਵਰ ਨੇ ਡੈਮੀਏਨ ਦੀ ਨਿਰਸਵਾਰਥ ਭਾਵਨਾ ਦੀ ਪ੍ਰਸ਼ੰਸਾ ਕਰਦਿਆਂ ਪੇਸ਼ਕਸ਼ ਨੂੰ ਪ੍ਰਵਾਨ ਕਰ ਲਿਆ ਹੈ, ਜਿਸਦੀ ਜਾਣਕਾਰੀ ਉਨ੍ਹਾਂ 'ਐਕਸ' ਤੇ ਪੋਸਟ ਪਾ ਕੇ ਸਾਂਝੀ



ਕੀਤੀ।ਜ਼ਿਕਰਯੋਗ ਹੈ ਕਿ ਓਟਵਾ ਦੇ ਗੁਆਂਢੀ ਹਲਕੇ ਕਾਰਲਟਨ ਤੋਂ 20 ਸਾਲਾਂ ਤੋਂ ਜਿੱਤਦੇ ਆ ਰਹੇ ਕੰਜ਼ਰਵੇਟਿਵ ਪਾਰਟੀ ਆਗੂ ਨੂੰ ਇਸ ਵਾਰ ਉਥੋਂ ਦੇ ਲੋਕਾਂ ਨੇ ਬੁਰੀ ਤਰਾਂ ਹਰਾਇਆ ਹੈ। ਲਿਬਰਲ ਆਗੂ ਤੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਇਕ ਦਿਨ ਪਹਿਲਾਂ ਹੀ ਇਹ ਸੰਕੇਤ ਦੇ ਦਿਤਾ ਸੀ ਕਿ ਵਿਰੋਧੀ ਆਗੂ ਵੱਲੋਂ ਆਪਣੇ ਇਕ ਸਾਂਸਦ ਨੂੰ ਆਪਣੇ ਲਈ ਸੀਟ ਖਾਲੀ ਕਰਨ ਲਈ ਮਨਾਇਆ ਜਾ ਰਿਹਾ ਹੈ, ਜਿਸਦਾ ਉਹ ਸਵਾਗਤ ਕਰਨਗੇ ਅਤੇ ਉਥੇ ਜਲਦ ਚੋਣ ਕਰਵਾਉਣ ਦੇ ਯਤਨ ਕੀਤੇ ਜਾਣਗੇ।

# ਚੀਨ 'ਚ ਖਾਣਾ ਪਹੁੰਚਾਉਣ ਲਈ ਕੀਤੀ ਜਾ ਰਹੀ ਡਰੋਨਾਂ ਦੀ ਵਰਤੋਂ

ਬੀਜਿੰਗ, 3 ਮਈ (ਚ.ਨ.ਸ.) : ਚੀਨ ਵਿੱਚ ਹੁਣ ਡਰੋਨ ਦੀ ਮਦਦ ਨਾਲ ਕੁਝ ਮਿੰਟਾਂ ਵਿੱਚ ਭੋਜਨ ਪਹੁੰਚਾਇਆ ਜਾ ਰਿਹਾ ਹੈ। ਖਾਸ ਤੌਰ 'ਤੇ ਬਿਜ਼ਨਸ ਇਨਸਾਈਡਰ ਅਨੁਸਾਰ ਮੀਟੂਆਨ ਵਰਗੀਆਂ ਕੰਪਨੀਆਂ ਗ੍ਰੇਟ ਵਾਲ 'ਤੇ ਚੜ੍ਹਨ ਵਾਲੇ ਸੈਲਾਨੀਆਂ ਨੂੰ ਡਰੋਨ ਰਾਹੀਂ ਭੋਜਨ ਪਹੁੰਚਾ ਰਹੀਆਂ ਹਨ ਜੋ 5 ਮਿੰਟਾਂ ਵਿੱਚ ਉੱਥੇ ਪਹੁੰਚ ਸਕਦੇ ਹਨ।ਚੀਨ ਵਿੱਚ ਡਰੋਨ ਦੀ ਵਰਤੋਂ ਹੁਣ ਸਿਰਫ਼ ਵੱਡੇ ਸ਼ਹਿਰਾਂ ਤੱਕ ਸੀਮਤ ਨਹੀਂ ਰਹੀ। ਦ ਇਕਨਾਮਿਕ ਟਾਈਮਜ਼ ਅਨੁਸਾਰ ਮੀਟੂਆਨ ਨਾਮ ਦੀ ਇੱਕ ਕੰਪਨੀ ਬੀਜਿੰਗ ਵਿੱਚ ਇੱਕ ਡਰੋਨ ਡਿਲੀਵਰੀ ਸੇਵਾ ਸ਼ੁਰੂ ਕਰ ਰਹੀ ਹੈ ਜੋ ਗ੍ਰੇਟ ਵਾਲ ਦੇ ਦੂਰ-ਦੁਰਾਡੇ ਇਲਾਕਿਆਂ ਵਿੱਚ ਭੋਜਨ ਪਹੁੰਚਾ ਰਹੀ ਹੈ। ਚੀਨ ਵਿੱਚ ਇੱਕ ਡਰੋਨ ਨੇ ਸਿਰਫ਼ ਤਿੰਨ ਮਿੰਟਾਂ ਵਿੱਚ ਇੱਕ ਸਬਵੇ ਸੈਂਡਵਿਚ ਡਿਲੀਵਰ ਕੀਤਾ — ਕੋਈ ਡਰਾਈਵਰ ਨਹੀਂ, ਕੋਈ ਟਿਪ ਨਹੀਂ, ਕੋਈ ਛੋਟੀ ਜਿਹੀ ਗੱਲ ਨਹੀਂ। ਆਰਡਰ ਇੱਕ ਮੁੜ ਵਰਤੋਂ ਯੋਗ ਡੱਬੇ ਵਿੱਚ ਆਇਆ, ਇਕ ਪੇਸ਼ੇਵਰ ਵਾਂਗ ਡਰੋਨ ਰੁੱਖਾਂ ਅਤੇ ਲੈਂਪਸਪੋਟਾਂ ਤੋਂ ਬਚਦੇ ਹੋਏ ਅਸਮਾਨ ਤੋਂ ਹੌਲੀ ਹੌਲੀ ਉਤਰਿਆ। ਡਿਲੀਵਰੀ ਦੀ ਲਾਗਤ 1.51 ਡਾਲਰ ਸੀ। ਤਾਜ਼ਾ ਭੋਜਨ, ਵਿਗਿਆਨਕ ਕਲਪਨਾ, ਕੋਈ ਮਨੁੱਖੀ ਪਰਸਪਰ ਪ੍ਰਭਾਵ ਨਹੀਂ।ਇਹ ਸੇਵਾ ਨਾ ਸਿਰਫ਼ ਭੋਜਨ ਪਹੁੰਚਾਉਂਦੀ ਹੈ ਸਗੋਂ ਸਮਾਂ ਵੀ ਬਚਾਉਂਦੀ ਹੈ। ਦ ਇਕਨਾਮਿਕ ਟਾਈਮਜ਼ ਦੇ ਅਨੁਸਾਰ, ਜੋ ਪੈਦਲ ਯਾਤਰਾ ਵਿੱਚ 50 ਮਿੰਟ ਲੱਗਦੇ ਸਨ, ਡਰੋਨ ਇਸਨੂੰ ਸਿਰਫ਼ 5 ਮਿੰਟਾਂ ਵਿੱਚ ਪੂਰਾ ਕਰ ਸਕਦੇ ਹਨ।ਇਹ ਪਹਿਲ ਚੀਨ ਵਿੱਚ ਡਰੋਨ ਡਿਲੀਵਰੀ ਦੇ ਖੇਤਰ ਵਿੱਚ ਇੱਕ ਮਹੱਤਵਪੂਰਨ ਕਦਮ ਹੈ ਅਤੇ ਇਹ ਤੇਜ਼ੀ ਨਾਲ ਵਧ ਰਹੇ ਡਰੋਨ ਡਿਲੀਵਰੀ ਉਦਯੋਗ ਦਾ ਹਿੱਸਾ ਹੈ।



### ਕੈਨੇਡਾ ਦੀ ਅਰਥ ਵਿਵਸਥਾ ਵੱਡੇ ਬਦਲਾਵਾਂ 'ਚੋਂ ਲੰਘੇਗੀ: ਮਾਰਕ ਕਾਰਨੇ

ਵੈਨਕੂਵਰ, 3 ਮਈ (ਚ.ਨ.ਸ.) : ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਚੋਣਾਂ ਜਿੱਤਣ ਤੋਂ ਬਾਅਦ ਪਹਿਲੇ ਪੱਤਰਕਾਰ ਸੰਮੇਲਨ 'ਚ



ਬਿਨਾਂ ਕਿਸੇ ਝਿਜਕ ਦੇ ਖੁੱਲ੍ਹ ਕੇ ਗੱਲਾਂ ਕੀਤੀਆਂ ਅਤੇ ਲੰਘੇ ਸਮੇਂ 'ਚ ਸਰਕਾਰਾਂ ਦੀਆਂ ਗਲਤੀਆਂ ਤੋਂ ਸਬਕ ਲੈਂਦੇ ਹੋਏ ਅਰਥ ਵਿਵਸਥਾ 'ਚ ਵੱਡੇ ਬਦਲਾਅ ਕਰਨ ਤੇ ਜੋਰ ਦਿੰਦਿਆਂ ਇਸਨੂੰ ਸਮੇਂ ਦੀ ਲੋੜ ਦੱਸਿਆ। ਪ੍ਰਧਾਨ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਪ੍ਰਾਪਤੀਆਂ ਹਾਸਲ ਕਰਨ ਲਈ ਸਖ਼ਤ ਫੈਸਲੇ ਲਵੇਗੀ, ਤਾਂ ਜੋ ਡਗਮਗਾਈ ਹੋਈ ਅਰਥ ਵਿਵਸਥਾ ਨੂੰ ਤੇਜ਼ੀ ਨਾਲ ਲੀਹ 'ਤੇ ਚਾੜਿਆ ਜਾ ਸਕੇ।ਕੈਨੇਡਾ ਅਤੇ ਬਰਤਾਨੀਆ ਦੇ ਕੇਂਦਰੀ ਬੈਂਕਾਂ ਦੇ ਗਵਰਨਰ ਰਹਿ ਚੁੱਕੇ ਮਾਰਕ ਕਾਰਨੀ ਨੇ ਵਿਸ਼ਵਾਸ਼ ਪ੍ਰਗਟਾਇਆ ਕਿ ਬੇਸ਼ੱਕ ਆਰਥਿਕ ਨੀਤੀਆਂ ਦੇ ਬਦਲਾਅ ਸੁਖਾਲੇ ਨਹੀਂ, ਪਰ ਕੈਨੇਡਾ ਲਈ ਇਹ ਸਮੇਂ ਦੀ ਲੋੜ ਹੈ ਤੇ ਉਨ੍ਹਾਂ ਦੀ ਸਰਕਾਰ ਇਸਦੀ ਪੂਰਤੀ ਲਈ ਕੁੱਝ ਵੀ ਕਰੇਗੀ। ਘੱਟਗਿਣਤੀ ਸਰਕਾਰ ਦੀ ਗੱਲ ਕਰਦਿਆਂ ਪ੍ਰਧਾਨ ਮੰਤਰੀ ਨੇ ਸਪਸ਼ਟ ਕੀਤਾ ਕਿ ਐਨਡੀਪੀ ਨਾਲ ਸਰਕਾਰੀ ਭਾਈਵਾਲੀ ਪਾਉਣ ਤੋਂ ਗੁਰੇਜ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਬੇਸ਼ੱਕ ਸਰਕਾਰ ਸੰਸਦ 'ਚ ਬਹੁਗਿਣਤੀ ਹਾਸਲ ਨਹੀਂ ਕਰ ਸਕੀ, ਪਰ ਪਾਰਟੀ ਨੇ ਬਹੁਗਿਣਤੀ ਵੋਟਾਂ ਲੈਕੇ ਸਰਕਾਰ ਬਣਾਈ ਹੈ। ਕਾਰਨੇ ਨੇ ਦੱਸਿਆ ਕਿ ਉਹ 5 ਮਈ ਨੂੰ ਵਸ਼ਿੰਗਟਨ ਜਾਣਗੇ, ਜਿੱਥੇ 6 ਮਈ ਨੂੰ ਅਮਰੀਕਨ ਰਾਸ਼ਟਰਪਤੀ ਡੋਨਲਡ ਟਰੰਪ ਨਾਲ ਗੱਲਬਾਤ ਕਰਕੇ ਟੈਰਿਫ ਅੜਿੱਕਿਆਂ ਕਾਰਣ ਦੁਵੱਲੇ ਵਪਾਰ ਉੱਤੇ ਪੈਣ ਵਾਲੇ ਦੁਰਪ੍ਰਭਾਵ ਨੂੰ ਖਤਮ ਕਰਨ ਦਾ ਯਤਨ ਕਰਨਗੇ।

# ਅਮਰੀਕਾ ਨੇ ਯੂਕ੍ਰੇਨ ਲਈ 31 ਕਰੋੜ ਡਾਲਰ ਦੇ ਐਫ-16 ਸਿਖਲਾਈ ਪੈਕੇਜ ਨੂੰ ਦਿੱਤੀ ਮਨਜ਼ੂਰੀ

ਲਾਸ ਏਂਜਲਸ, 3 ਮਈ (ਚ.ਨ.ਸ.) : ਅਮਰੀਕੀ ਵਿਦੇਸ਼ ਵਿਭਾਗ ਨੇ ਯੂਕ੍ਰੇਨ ਲਈ 31 ਕਰੋੜ ਅਮਰੀਕੀ ਡਾਲਰ ਦੇ ਐਫ-16 ਲੜਾਕੂ ਜਹਾਜ਼ ਸਿਖਲਾਈ ਅਤੇ ਰੱਖ-ਰਖਾਅ ਪੈਕੇਜ ਨੂੰ ਮਨਜ਼ੂਰੀ ਦੇ ਦਿੱਤੀ ਹੈ। ਅਮਰੀਕੀ ਰੱਖਿਆ ਸੁਰੱਖਿਆ ਸਹਿਯੋਗ ਏਜੰਸੀ (ਡੀ.ਐਸ.ਸੀ.ਏ) ਅਨੁਸਾਰ ਪੈਕੇਜ ਵਿੱਚ ਉਡਾਣ ਸਿਖਲਾਈ, ਰੱਖ-ਰਖਾਅ ਸਹਾਇਤਾ, ਸਪੇਅਰ ਪਾਰਟਸ, ਜ਼ਮੀਨੀ ਹੈਂਡਲਿੰਗ ਉਪਕਰਣ ਅਤੇ ਵਿਸ਼ੇਸ਼ ਸਾਫਟਵੇਅਰ ਸਿਸਟਮ ਸ਼ਾਮਲ ਹਨ। ਡੀ.ਐਸ.ਸੀ.ਏ ਨੇ ਕਿਹਾ ਕਿ ਇਸ ਸੌਦੇ ਲਈ ਲੌਕਹੀਡ ਮਾਰਟਿਨ ਏਅਰੋਨਾਟਿਕਸ, ਬੀਏਈ ਸਿਸਟਮ ਅਤੇ ਏਏਆਰ ਕਾਰਪੋਰੇਸ਼ਨ ਮੁੱਖ ਠੇਕੇਦਾਰ ਹਨ। ਹਾਲਾਂਕਿ ਇਸ ਪੈਕੇਜ ਵਿੱਚ ਕੋਈ ਅਸਲ ਜਹਾਜ਼ ਸ਼ਾਮਲ ਨਹੀਂ ਹੈ, ਕਿਉਂਕਿ ਜੈੱਟ ਸਿੱਧੇ ਅਮਰੀਕਾ ਦੁਆਰਾ ਨਹੀਂ ਸਗੋਂ ਨਾਟੋ ਸਹਿਯੋਗੀਆਂ ਦੁਆਰਾ ਪ੍ਰਦਾਨ ਕੀਤੇ ਜਾਣਗੇ। ਇਹ ਸਹਾਇਤਾ ਪੈਕੇਜ ਦਸੰਬਰ 2024 ਵਿੱਚ ਜੋਅ ਬਾਈਡੇਨ ਦੇ ਪ੍ਰਸ਼ਾਸਨ ਅਧੀਨ ਮਨਜ਼ੂਰ ਕੀਤੇ ਗਏ 26 ਕਰੋੜ 64 ਲੱਖ ਡਾਲਰ ਦੇ ਐਫ-16 ਰੱਖ-ਰਖਾਅ ਸੌਦੇ ਦੀ ਪਾਲਣਾ ਕਰਦਾ ਹੈ ਜਿਸ ਵਿੱਚ ਮਿਸ਼ਨ ਯੋਜਨਾਬੰਦੀ ਪ੍ਰਣਾਲੀਆਂ ਅਤੇ ਮੁੱਖ ਰੱਖ-ਰਖਾਅ ਉਪਕਰਣ ਪ੍ਰਦਾਨ ਕੀਤੇ ਗਏ ਸਨ। ਨੀਦਰਲੈਂਡ, ਡੈਨਮਾਰਕ, ਨਾਰਵੇ ਅਤੇ ਬੈਲਜੀਅਮ ਸਮੇਤ ਕਈ ਨਾਟੋ ਮੈਂਬਰਾਂ ਨੇ ਸਮੂਹਿਕ ਤੌਰ 'ਤੇ ਯੂਕ੍ਰੇਨ ਨੂੰ ਐਫ-16 ਜਹਾਜ਼ ਦੇਣ ਦਾ ਵਾਅਦਾ ਕੀਤਾ ਹੈ ਅਤੇ 2025 ਤੱਕ ਹੋਰ ਜਹਾਜ਼ਾਂ ਦੀ ਸਪਲਾਈ ਹੋਣ ਦੀ ਉਮੀਦ ਹੈ। ਯੂ.ਕੇ ਸਥਿਤ ਡੇਟਾ ਨਿਊਜ਼ ਅਤੇ ਏਰੋਸਪੇਸ ਉਦਯੋਗ ਲਈ ਉਦਯੋਗ ਸੂਝ ਪ੍ਰਦਾਤਾ ਫਲਾਈਟਗਲੋਬਲ ਅਨੁਸਾਰ ਇੱਕ ਮਾਰੂਥਲ ਹਵਾਈ ਖੇਤਰ ਵਿੱਚ ਇੱਕ ਸੁੰਗੜਿਆ ਹੋਇਆ ਐਫ-16 ਫਿਊਜ਼ਲੇਜ ਐਂਟੋਨੋਵ ਏ.ਐਨ-124 ਭਾਰੀ ਕਾਰਗੋ ਏਅਰਲਿਫਟਰ 'ਤੇ ਲੋਡ ਕੀਤਾ ਜਾ ਰਿਹਾ ਹੈ। ਫਲਾਈਟ ਟਰੈਕਿੰਗ ਡੇਟਾ ਦਰਸਾਉਂਦਾ ਹੈ ਕਿ ਏ.ਐਨ-124 25 ਅਪ੍ਰੈਲ ਨੂੰ ਟਕਸਨ, ਐਰੀਜ਼ੋਨਾ, ਏਅਰਬੇਸ ਤੇ ਉਤਰਿਆ ਅਤੇ ਅਗਲੇ ਦਿਨ ਪੋਲੈਂਡ ਲਈ ਰਵਾਨਾ ਹੋਇਆ।



# ਟ੍ਰਾਈਡੈਂਟ ਗਰੁੱਪ ਨੇ 'ਅਰਥ ਵੀਕ 2025' ਦੌਰਾਨ ਵਾਤਾਵਰਕ ਪਹਿਲਾਂ ਰਾਹੀਂ ਆਪਣੀ ਹਰੇ ਵਾਤਾਵਰਨ ਪ੍ਰਤੀ ਵਚਨਬੱਧਤਾ ਦੀ ਕੀਤੀ ਪੁਸ਼ਟੀ

ਚੰਡੀਗੜ੍ਹ, 3 ਮਈ (ਚ.ਨ.ਸ.) : ਵਾਤਾਵਰਣਕ ਸਥਿਰਤਾ ਅਤੇ ਕਾਰਪੋਰੇਟ ਸੋਸ਼ਲ ਜ਼ਿੰਮੇਵਾਰੀ (ਸੀ.ਐਸ.ਆਰ ) ਪ੍ਰਤੀ ਆਪਣੀ ਅਟੁੱਟ ਪ੍ਰਤਿਬੱਧਤਾ ਨੂੰ ਮਜ਼ਬੂਤ ਕਰਦਿਆਂ, ਭਾਰਤ ਦੇ ਪ੍ਰਮੁੱਖ ਵਪਾਰਕ ਗਰੁੱਪ ਅਤੇ ਕਪੜਾ ਉਦਯੋਗ ਵਿੱਚ ਵਿਸ਼ਵ ਪੱਧਰੀ ਅਗਵਾਈ ਰੱਖਣ ਵਾਲੀ ਕੰਪਨੀ ਟ੍ਰਾਈਡੈਂਟ ਗਰੁੱਪ ਨੇ ਸਮੁਦਾਈ-ਚਲਿਤ ਪਹਿਲਕਦਮੀਆਂ ਦੀ ਇੱਕ ਲੜੀ ਰਾਹੀਂ 'ਅਰਥ ਵੀਕ 2025' ਮਨਾਇਆ। ਕੰਪਨੀ ਦੇ ਕਰਮਚਾਰੀਆਂ ਨੇ ਗ੍ਰੀਨ ਆਫ਼ਿਸ ਅਭਿਆਸਾਂ ਅਤੇ ਅੰਦਰੂਨੀ ਮੁਕਾਬਲਿਆਂ ਵਿੱਚ ਪੂਰੀ ਹੱਲਾ ਸ਼ੇਰੀ ਨਾਲ ਭਾਗ ਲਿਆ। ਇਹ ਯਤਨ ਸਿਰਫ ਨੀਤੀਆਂ ਤੱਕ ਸੀਮਤ ਨਹੀਂ, ਸਗੋਂ ਰੋਜ਼ਾਨਾ ਦੇ ਕਾਰਜਾਂ ਵਿੱਚ ਸਥਿਰਤਾ ਨੂੰ ਅਮਲ ਵਿਚ ਲਿਆਉਣ ਦੀ ਟ੍ਰਾਈਡੈਂਟ ਦੀ ਸੰਸਕ੍ਰਿਤੀ ਨੂੰ ਦਰਸਾਉਂਦੇ ਹਨ। ਪੰਜਾਬ ਵਿੱਚ ਟ੍ਰਾਈਡੈਂਟ ਦੇ ਸੰਗੇਰਾ ਉਤਪਾਦਨ ਯੂਨਿਟ ਵਿੱਚ, ਗਰੁੱਪ ਨੇ ਪਵਨ ਸੇਵਾ ਸਮਿਤੀ ਵੱਲੋਂ ਚਲਾਏ ਜਾ ਰਹੇ ਵਿਸ਼ੇਸ਼ ਯੋਗਤਾਵਾਂ ਵਾਲੇ ਬੱਚਿਆਂ ਦੇ ਸਕੂਲ ਵਿੱਚ ਅਰਥ ਵੀਕ 2025 ਦੀ ਥੀਮ ਤੇ ਚਿੱਤਰਕਲਾ ਮੁਕਾਬਲੇ ਦਾ ਆਯੋਜਨ ਕੀਤਾ। ਇਸ ਇਵੈਂਟ ਦਾ ਉਦੇਸ਼ ਰਚਨਾਤਮਕ ਅਭਿਵਿਆਕਤੀ ਰਾਹੀਂ ਵਾਤਾਵਰਣ ਜਾਗਰੂਕਤਾ ਨੂੰ ਹੋਰ ਵਧਾਉਣਾ ਸੀ, ਜਿਸ ਵਿੱਚ ਬੱਚਿਆਂ ਨੇ ਕਲਾ ਰਾਹੀਂ ਕੁਦਰਤ ਪ੍ਰਤੀ ਆਪਣਾ ਪਿਆਰ ਦਰਸਾਇਆ। ਟ੍ਰਾਈਡੈਂਟ ਦੇ ਨੁਮਾਇੰਦਿਆਂ ਨੇ ਬੱਚਿਆਂ ਦੀ ਕਲਾ ਅਤੇ ਉਨ੍ਹਾਂ ਦੀ ਰਚਨਾਤਮਕਤਾ ਦੀ ਖੂਬ ਸਰਾਹਨਾ ਕੀਤੀ। ਇਸੇ ਤਰ੍ਹਾਂ ਮੱਧ ਪ੍ਰਦੇਸ਼ ਦੇ ਬੁਧਨੀ ਉਤਪਾਦਨ ਇਕਾਈ ਵਿੱਚ, ਗਰੁੱਪ ਦੀ ਕਾਰਪੋਰੇਟ ਸੋਸ਼ਲ ਜ਼ਿੰਮੇਵਾਰੀ (ਸੀ.ਏਸ.ਆਰ) ਸ਼ਾਖਾ ਟ੍ਰਾਈਡੈਂਟ ਹਿਊਮੈਨਿਟੀ ਫਾਊਂਡੇਸ਼ਨ ਨੇ ਨਿਰਮਲ ਨਰਮਦਾ ਅਭਿਆਨ ਦੀ ਅਗਵਾਈ ਕੀਤੀ — ਜੋ ਨਰਮਦਾ ਨਦੀ ਦੇ ਅਵਲੀ ਘਾਟ ਤੇ ਸਫਾਈ ਅਤੇ ਐਡੀਸ਼ਨ ਉਤੇ ਕੇਂਦਰਿਤ ਇੱਕ ਮਹੱਤਵਪੂਰਨ ਵਾਤਾਵਰਣਕ ਪਹਲ ਸੀ। ਇਸ ਅਭਿਆਨ ਵਿੱਚ 100 ਤੋਂ ਵੱਧ ਸਵੇਚਛਾ ਸੇਵਕਾਂ ਜਿਨ੍ਹਾਂ ਵਿੱਚ ਟ੍ਰਾਈਡੈਂਟ ਦੇ ਕਰਮਚਾਰੀ, ਕਾਰਪੋਰੇਟ ਸੋਸ਼ਲ ਜ਼ਿੰਮੇਵਾਰੀ (ਸੀ.ਐਸ.ਆਰ )ਟੀਮ ਅਤੇ ਸਥਾਨਕ ਵਾਸੀ ਸ਼ਾਮਿਲ ਸਨ ਨੇ ਹੁਮ ਹੁਮਾ ਕੇ ਹਿਸਾਲੇਯਾ ਅਤੇ ਨਦੀ ਦੇ ਪੁਨਰਜੀਵਨ ਲਈ ਇੱਕਜੁੱਟ ਹੋਏ। ਟ੍ਰਾਈਡੈਂਟ ਗਰੁੱਪ ਲਈ ਵਾਤਾਵਰਣਕ ਸਥਿਰਤਾ ਸਿਰਫ਼ ਇੱਕ ਜ਼ਿੰਮੇਵਾਰੀ ਨਹੀਂ, ਸਗੋਂ ਜੀਵਨ ਦੀ ਇੱਕ ਸ਼ੈਲੀ ਹੈ। ਚਾਹੇ ਦਫ਼ਤਰਾਂ ਵਿੱਚ ਹਰੇ-ਭਰੇ ਅਭਿਆਸ ਹੋਣ ਜਾਂ ਖੇਤਰੀ ਸਫਾਈ ਅਭਿਆਨਾਂ ਵਿੱਚ ਭਾਗੀਦਾਰੀ—ਹਰੇਕ ਯਤਨ ਇੱਕ ਹਰੇ ਅਤੇ ਸਾਫ਼ ਸੁਥਰੇ ਗ੍ਰਹਿ ਲਈ ਕੰਪਨੀ ਦੀ ਪੂਰੀ ਵਚਨਬੱਧਤਾ ਦਾ ਪਰਮਾਣ ਹੈ। ਇਹ ਸਾਰੀਆਂ ਪਹਿਲਾਂ ਟ੍ਰਾਈਡੈਂਟ ਗਰੁੱਪ ਦੇ ਚੇਅਰਮੈਨ ਐਮੇਰਿਟਸ ਪਦਮ ਸ਼੍ਰੀ ਰਾਜਿੰਦਰ ਗੁਪਤਾ ਅਤੇ ਕਾਰਪੋਰੇਟ ਸੋਸ਼ਲ ਜ਼ਿੰਮੇਵਾਰੀ (ਸੀ.ਐਸ.ਆਰ.) ਦੀ ਪ੍ਰਮੁੱਖ ਸ੍ਰੀਮਤੀ ਮਧੂ ਗੁਪਤਾ ਦੇ ਦੂਰਦਰਸ਼ੀ ਨੇਤ੍ਰਿਤਵ ਹੇਠ ਸਫਲਤਾਪੂਰਕ ਅੰਜਾਮ ਦਿੱਤੀਆਂ ਗਈਆਂ। ਉਨ੍ਹਾਂ ਦੀ ਰਾਹਨੁਮਾਈ ਗਰੁੱਪ ਦੀ ਵਾਤਾਵਰਣਕ ਨੇਤ੍ਰਿਤਵ ਅਤੇ ਜਮੀਨੀ ਪੱਧਰ ਉੱਤੇ ਸਮੁਦਾਈ ਕੇਂਦਰਿਤ ਕਾਰਜਾਂ ਤੇ ਮਜ਼ਬੂਤ ਵਿਸ਼ਵਾਸ ਨੂੰ ਦਰਸਾਉਂਦੀ ਹੈ। ਅਰਥ ਵੀਕ ਤੋਂ ਪਰੇ ਵੀ, ਟ੍ਰਾਈਡੈਂਟ ਗਰੁੱਪ ਕਈ ਉੱਚ ਪ੍ਰਭਾਵ ਵਾਲੀਆਂ ਸਥਾਈ ਪ੍ਰੋਜੈਕਟਾਂ ਦੀ ਅਗਵਾਈ ਕਰਦਾ ਆ ਰਿਹਾ ਹੈ, ਜਿਨ੍ਹਾਂ ਵਿੱਚ ਪੰਜਾਬ ਵਿੱਚ ਚਲ ਰਹੀ ਪਰਾਲੀ ਸਮਾਧਾਨ ਪਹਲ ਸ਼ਾਮਿਲ ।



# ਫਰਵਰੀ ਮਹੀਨੇ ਤੋਂ ਨਹੀਂ ਮਿਲ ਰਹੀ ਤਨਖ਼ਾਹ, ਬੰਦ ਹੋ ਰਹੇ ਨੇ ਕਾਰਖਾਨੇ, ਸੜਕਾਂ 'ਤੇ ਉਤਰੇ ਮੁਲਾਜ਼ਮ

ਬੀਜਿੰਗ, 3 ਮਈ (ਚ.ਨ.ਸ.) : ਸੈਲਰੀ ਨਾ ਮਿਲਣ ਦੀ ਵਜ੍ਹਾ ਕਾਰਨ ਮਜ਼ਦੂਰਾਂ ਦਾ ਵਿਰੋਧ ਪ੍ਰਦਰਸ਼ਨ ਵਧਦਾ ਜਾ ਰਿਹਾ ਹੈ ਅਤੇ ਹੁਣ ਉਹ ਸੜਕਾਂ 'ਤੇ ਉੱਤਰ ਰਹੇ ਹਨ। ਚੀਨ 'ਚ ਆਰਥਕ ਮੰਦੀ ਦਰਮਿਆਨ ਚੀਨੀ ਵਸਤਾਂ 'ਤੇ ਅਮਰੀਕੀ ਟੈਰਿਫ ਦੀ ਵਜ੍ਹਾ ਕਾਰਨ ਕਾਰਖਾਨੇ ਬੰਦ ਹੋ ਰਹੇ ਹਨ , ਜਿਸਦੇ ਨਾਲ ਵੱਡੀ ਗਿਣਤੀ 'ਚ ਮਜਦੂਰ ਪ੍ਰਭਾਵਿਤ ਹੋ ਰਹੇ ਹਨ।ਰੇਡੀਓ ਫਰੀ ਏਸ਼ੀਆ (ਆਰ. ਐੱਫ. ਏ.) ਦੀ ਰਿਪੋਰਟ ਮੁਤਾਬਕ ਹੁਨਾਨ ਪ੍ਰਾਂਤ ਤੇ ਇਨਰ ਮੰਗੋਲਿਆ ਤੱਕ ਵੱਡੀ ਗਿਣਤੀ 'ਚ ਕਰਮਚਾਰੀ ਬਾਕੀ ਤਨਖਾਹ ਨੂੰ ਲੈ ਕੇ ਆਪਣੀ ਸ਼ਿਕਾਇਤਾਂ ਵਿਅਕਤ ਕਰਨ ਅਤੇ ਅਮਰੀਕੀ ਟੈਰਿਫ ਦੇ ਕਾਰਨ ਮਜਬੂਰਨ ਬੰਦ ਹੋ ਰਹੇ ਕਾਰਖਾਨੀਆਂ 'ਚ ਅਣ-ਉਚਿਤ ਛਾਂਟੀ ਦਾ ਵਿਰੋਧ ਕਰਨ ਲਈ ਸੜਕਾਂ 'ਤੇ ਉੱਤਰ ਆਏ ਹਨ।

**ਚੀਨ 'ਚ 1 . 6 ਕਰੋੜ ਨੌਕਰੀਆਂ 'ਤੇ ਮੰਡਰਾ ਰਿਹਾ ਖ਼ਤਰਾ ;** ਆਰ.ਐੱਫ.ਏ. ਰਿਪੋਰਟ ਅਨੁਸਾਰ ਮਜ਼ਦੂਰਾਂ ਨੇ ਦਾਅਵਾ ਕੀਤਾ ਕਿ ਫਲੈਕਸਿਬਲ ਸਰਕਿਟ ਬੋਰਡ ਬਣਾਉਣ ਵਾਲੀ ਸਿਚੁਆਨ ਸਥਿਤ ਕੰਪਨੀ ਨੇ ਸਾਲ ਦੀ ਸ਼ੁਰੂਆਤ ਵੱਲੋਂ ਹੀ ਉਨ੍ਹਾਂ ਦੇ ਤਨਖਾਹ ਦਾ ਮੁਆਵਜ਼ਾ ਨਹੀਂ ਦਿੱਤਾ ਅਤੇ ਜੂਨ 2023 ਤੋਂ ਸਾਮਾਜਕ ਸੁਰੱਖਿਆ ਲਾਭ ਵੀ ਰੋਕ ਰੱਖੇ ਹਨ। ਅਮਰੀਕੀ ਇੰਵੈਸਟਮੈਂਟ ਬੈਂਕ ਗੋਲਡਮੈਨ ਸਾਕਸ ਦੇ ਐਕਸਪਰਟਸ ਦੇ ਅਨੁਮਾਨ ਦੇ ਮੁਤਾਬਕ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਚੀਨੀ ਆਯਾਤ 'ਤੇ 145 ਫ਼ੀਸਦੀ ਟੈਰਿਫ ਲਾਗੂ ਕਰਨ ਦੇ ਕਾਰਨ ਚੀਨ ਦੇ ਵੱਖ - ਵੱਖ ਖੇਤਰਾਂ 'ਚ ਘੱਟ ਵਲੋਂ ਘੱਟ 1 . 6 ਕਰੋੜ ਨੌਕਰੀਆਂ ਖਤਰੇ 'ਚ ਹਨ। ਉਨ੍ਹਾਂ ਦਾ ਅਨੁਮਾਨ ਹੈ ਕਿ ਟਰੰਪ ਪ੍ਰਸ਼ਾਸਨ ਦੁਆਰਾ ਵਧਾਏ ਗਏ ਟੈਰਿਫ ਚੀਨੀ ਅਰਥਵਿਵਸਥਾ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਨਗੇ। ਸੁਸਤ ਆਰਥਕ ਵਾਧਾ ਖਾਸਕਰ ਬਰਾਮਦ ਨਾਲ ਜੁੜੇ ਉਦਯੋਗਾਂ 'ਤੇ ਵਾਧੂ ਦਬਾਅ ਪੈਣ ਦਾ ਖ਼ਤਰਾ ਹੈ।

ਪਰਵਾਸੀ ਮਜਦੂਰਾਂ ਨੇ ਲੋਕਲ ਪਰੋਜੈਕਟ ਆਫਿਸ 'ਚ ਦਰਜ ਕਰਵਾਈ ਸ਼ਿਕਾਇਤ ; ਇਸ ਹਫਤੇ ਦੀ ਸ਼ੁਰੂਆਤ 'ਚ ਸ਼ਾਨਕਸੀ ਪ੍ਰਾਂਤ ਦੇ ਸ਼ੀਆਨ ਪ੍ਰਾਂਤ 'ਚ ਸਥਿਤ ਤੁਆਂਜੀ ਪਿੰਡ 'ਚ ਇਕ ਦਰਜਨ ਤੋਂ ਜ਼ਿਆਦਾ ਪਰਵਾਸੀ ਮਜਦੂਰਾਂ ਨੇ ਇਕ ਲੋਕਲ ਪ੍ਰੋਜੈਕਟ ਆਫਿਸ 'ਚ ਆਪਣੀ ਚਿੰਤਾ ਜ਼ਾਹਰ ਕੀਤੀ , ਜਿਸ 'ਚ ਕਿਹਾ ਗਿਆ ਕਿ ਉਨ੍ਹਾਂ ਨੂੰ ਫਰਵਰੀ 2025 ਤੋਂ ਤਨਖਾਹ ਨਹੀਂ ਮਿਲੀ ਹੈ। 24 ਅਪ੍ਰੈਲ ਨੂੰ ਦਾਓ ਕਾਊਂਟੀ 'ਚ ਗੁਆਂਗਕਸਿਨ ਸਪੋਰਟਸ ਗੁੱਡਸ ਦੇ ਸੈਂਕੜੇ ਕਰਮਚਾਰੀਆਂ ਨੇ ਹੜਤਾਲ ਦਾ ਪ੍ਰਬੰਧ ਕੀਤਾ , ਕਿਉਂਕਿ ਕੰਪਨੀ ਨੇ ਉਨ੍ਹਾਂ ਦੇ ਬਾਕੀ ਮੁਆਵਜੇ ਜਾਂ ਸਾਮਾਜਕ ਸੁਰੱਖਿਆ ਲਾਭ ਪ੍ਰਦਾਨ ਕੀਤੇ ਬਿਨਾਂ ਕਾਰਖਾਨਿਆਂ ਨੂੰ ਬੰਦ ਕਰ ਦਿੱਤਾ ਹੈ।



# ਗਿ. ਪਿੰਦਰਪਾਲ ਸਿੰਘ ਦੇ ਪਿਤਾ ਹਰਦਿਆਲ ਸਿੰਘ ਨੂੰ ਧਾਰਮਿਕ, ਸਮਾਜਿਕ ਤੇ ਸਿਆਸੀ ਆਗੂਆਂ ਵੱਲੋਂ ਭਾਵ-ਭਿੰਨੀ ਸ਼ਰਧਾਂਜਲੀ

ਲੁਧਿਆਣਾ, 3 ਮਈ (ਜਤਿੰਦਰ ਪਾਲ ਸਿੰਘ ਛਾਬੜਾ ) : ਸਿੱਖ ਧਰਮ ਨੂੰ ਰੋਮ-ਰੋਮ ਸਮਰਪਿਤ ਪ੍ਰਚਾਰਕ ਕਥਾਵਾਚਕ ਗਿਆਨੀ ਪਿੰਦਰਪਾਲ ਸਿੰਘ ਅਤੇ ਭਾਈ ਕਸ਼ਮੀਰ ਸਿੰਘ ਦੇ ਸਤਿਕਾਰਯੋਗ ਪਿਤਾ ਅਤੇ ਜਵੱਦੀ ਟਕਸਾਲ ਦੇ ਮੌਜੂਦਾ ਮੁਖੀ ਸੰਤ ਗਿਆਨੀ ਅਮੀਰ ਸਿੰਘ ਜੀ ਦੇ ਸਤਿਕਾਰਯੋਗ ਚਾਚਾ ਨੰਬਰਦਾਰ ਸ੍ਰ: ਹਰਦਿਆਲ ਸਿੰਘ ਵਿਰਕ ਦੀ ਆਤਮਿਕ ਸ਼ਾਂਤੀ ਲਈ ਰੱਖੇ ਸ਼੍ਰੀ ਸਹਿਜ ਪਾਠ ਦੇ ਭੋਗ ਉਪਰੰਤ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਟਕਸਾਲ ਵਿਖੇ ਵੱਖ-ਵੱਖ ਪੰਥਕ ਸੰਪਰਦਾਵਾਂ, ਸੰਸਥਾਵਾਂ ਜਥੇਬੰਦੀਆਂ, ਵੱਖ ਵੱਖ ਰਾਜਸੀ ਧਿਰਾਂ ਦੇ ਆਗੂਆਂ ਸਮੇਤ ਵੱਡੀ ਗਿਣਤੀ 'ਚ ਪੰਜਾਬ ਹਰਿਆਣਾ, ਉੱਤਰ ਪਰਦੇਸ਼ ਸਮੇਤ ਦੇਸ਼ ਵਿਦੇਸ਼ ਤੋਂ ਵੱਡੀ ਗਿਣਤੀ ਵਿਚ ਸੰਗਤਾਂ ਅੰਤਿਮ ਅਰਦਾਸ ਵਿੱਚ ਜੁੜੀਆਂ। ਗੁਰਸ਼ਬਦ ਸੰਗੀਤ ਅਕੈਡਮੀ ਜਵੱਦੀ ਟਕਸਾਲ ਦੇ ਹੋਣਹਾਰ ਵਿਦਿਆਰਥੀ ਭਾਈ ਭਰਤ ਸਿੰਘ ਅਤੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਸਾਬਕਾ ਹਜ਼ੂਰੀ ਕੀਰਤਨੀਏ ਭਾਈ ਰਵਿੰਦਰ ਸਿੰਘ ਨੇ ਵੈਰਾਗਮਈ ਕੀਰਤਨ ਕੀਤਾ, ਪੰਥ ਪ੍ਰਸਿੱਧ ਕਥਾਵਾਚਕ ਗਿਆਨੀ ਜਗਤਾਰ ਸਿੰਘ ਪਰਵਾਨਾ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦਿਆਂ ਨੇ ਗੁਰਮੁਖ ਅਤੇ ਮਨਮੁਖ ਵਿਚਲੇ ਅੰਤਰ ਅਤੇ ਇਨ੍ਹਾਂ ਦੀ ਮੌਤ ਦੇ ਪੱਖਾਂ ਨੂੰ ਵਿਚਾਰਦਿਆਂ ਕਿਹਾ ਕਿ ਮੌਤ ਸੰਸਾਰ ਚੋਂ ਚੁੱਕ ਤੇ ਪ੍ਰਮਾਤਮਾਂ ਦੇ ਚਰਨਾਂ ਵਿਚ ਲੈ ਜਾਂਦੀ ਹੈ। ਉਨ੍ਹਾਂ ਰੁੱਖ ਦੀ ਉਦਾਹਰਨ ਦਿੰਦਿਆ ਕਿਹਾ ਕਿ ਰੁੱਖ ਛਾਂ ਅਤੇ ਫਲ ਰੂਪੀ ਗੁਣਾਂ ਨਾਲ ਪਛਾਣੇ ਜਾਂਦੇ ਨੇ, ਉਸੇ ਤਰ੍ਹਾਂ ਪ੍ਰਵਾਰ ਰੂਪੀ ਨੀਂਹ ਤੋਂ ਗੁਣ ਪਾਏ ਜਾਂਦੇ ਨੇ ਅਤੇ ਗਿਆਨੀ ਪਿੰਦਰਪਾਲ ਸਿੰਘ ਵਰਗੇ ਕੌਮ ਦੀ ਸੇਵਾ ਕਰਦੇ ਹਨ। ਭਾਈ ਪ੍ਰੇਮ ਸਿੰਘ ਅਰਦਾਸੀਆ ਸ੍ਰੀ ਦਰਬਾਰ ਸਾਹਿਬ ਨੇ ਅਰਦਾਸ ਕੀਤੀ ਅਤੇ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਐਡੀਸ਼ਨਲ ਹੈਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਨੇ ਗੁਰੂ ਸਾਹਿਬ ਜੀ ਦੇ ਹੁਕਮਨਾਮੇ ਸਰਵਣ ਕਰਵਾਏ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅਡੋਲਤਾ ਅਤੇ ਸਹਿਜ ਅਵਸਥਾ ਰੂਪੀ ਗੁਣਾ ਦਾ ਜ਼ਿਕਰ ਕਰਦਿਆਂ ਪ੍ਰਵਾਰ ਦੀ ਵਿਰਾਸਤ ਵਿਚਲੇ ਗੁਣਾਂ ਨੂੰ ਸਾਂਝਾ ਕਰਦਿਆਂ ਅਜੋਕੇ ਦੌਰ ਦੇ ਹਾਲਾਤਾਂ ਦਾ ਮੁਲਾਂਕਣ ਅਤੇ ਮਾਹੌਲ ਦੇ ਮੱਦੇਨਜ਼ਰ ਸਿੱਧੇ-ਅਸਿੱਧੇ ਸ਼ਬਦਾਂ ਚ ਕਹਿ ਦਿੱਤਾ ਕਿ ਜਦੋਂ ਵਿਚਾਰਾਂ ਦੇ ਵਖਰੇਵੇਂ ਕਰਨ ਕੋਈ ਇਕ ਦੂਜੇ ਨਾਲ ਸਹਿਮਤ ਨਹੀ, ਅਜਿਹੇ ਵਿੱਚ ਗਿਆਨੀ ਪਿੰਦਰਪਾਲ ਸਿੰਘ ਨਾਲ ਸਰਬ ਸਾਂਝਾ ਪੱਖ ਉਭਰ ਕੇ ਸਾਹਮਣੇ ਆਇਆ। ਉਨ੍ਹਾਂ ਕਿਹਾ ਕਿ ਇਸ ਪਿੱਛੇ ਅਡੋਲਤਾ ਅਤੇ ਸਹਿਜ ਅਵਸਥਾ ਦਾ ਵੱਡਾ ਪੱਖ ਹੈ। ਜਿਵੇਂ ਫਲ ਲਗਿਆ ਰੁੱਖ ਝੁਕਿਆ ਹੁੰਦਾ ਹੈ। ਉਨ੍ਹਾਂ ਕਿਹਾ ਕਿ ਬਾਪੂ ਜੀ ਸਵਾਸਾਂ ਦੀ ਪੂੰਜੀ ਸੰਕੋਚ ਕੇ ਪ੍ਰਵਾਰ ਨੂੰ ਗੁਣਾਂ ਰੂਪੀ ਬਰਕਤਾਂ ਦਾ ਵੇਹੜਾ ਭਰ ਕੇ ਪ੍ਰਵਾਰ ਦੀ ਵੰਸ਼ ਸਫਲ ਕਰ ਗਏ। ਸਿੰਘ ਸਾਹਿਬ ਬਾਬਾ ਬਲਵੀਰ ਸਿੰਘ ਮੁਖੀ 96ਕਰੋੜੀ ਬੁੱਢਾ ਦਲ, ਸ੍ਰ: ਹਰਮੀਕ ਸਿੰਘ ਕਾਲਕਾ ਪ੍ਰਧਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਸ਼ਰਧਾ ਦੇ ਫੁੱਲ ਭੇਟ ਕੀਤੇ। ਸੰਤ ਬਾਬਾ ਸੇਵਾ ਸਿੰਘ ਖਡੂਰ ਸਾਹਿਬ, ਸੰਪ੍ਰਦਾਇ ਕਰ ਸੇਵਾ ਸ਼੍ਰੀ ਹਜ਼ੂਰ ਸਾਹਿਬ ਦੇ ਮੁਖੀ ਸੰਤ ਬਾਬਾ ਨਰਿੰਦਰ ਸਿੰਘ-ਬਾਬਾ ਬਲਵਿੰਦਰ ਸਿੰਘ ਵੱਲੋਂ ਬਾਬਾ ਮੇਜਰ ਸਿੰਘ ਸਾਹਨੇਵਾਲ, ਸੰਤ ਬਾਬਾ ਅਵਤਾਰ ਸਿੰਘ ਜੀ ਮੁਖੀ ਦਲ ਪੰਥ ਬਿਧੀ ਚੰਦ ਸੁਰਸਿੰਘ, ਜਥੇਦਾਰ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਵਾਲੇ, ਗਿਆਨੀ ਰਘਬੀਰ ਸਿੰਘ ਵੱਲੋਂ ਸ਼ੋਕ ਸੁਨੇਹਾ ਜਥੇਦਾਰ ਸਿੰਘ ਸਾਹਿਬ ਬਾਬਾ ਕੁਲਵੰਤ ਸਿੰਘ ਸਚਖੰਡ ਸ਼੍ਰੀ ਹਜ਼ੂਰ ਸਾਹਿਬ ਸ਼ੋਕ ਸੁਨੇਹਾ ਅਤੇ ਦਸਤਾਰ, ਗਿਆਨੀ ਸੁਖਦੇਵ ਸਿੰਘ ਦਮਦਮੀ ਟਕਸਾਲ, ਬਾਬਾ ਸੁਖਵਿੰਦਰ ਸਿੰਘ ਕਾਰ ਸੇਵਾ ਭੂਰੀ ਵਾਲੇ, ਸੰਪ੍ਰਦਾਇ ਰਾੜਾ ਸਾਹਿਬ ਦੇ ਮੁਖੀ ਸੰਤ ਬਾਬਾ ਬਲਜਿੰਦਰ ਸਿੰਘ ਵੱਲੋਂ ਭਾਈ ਰਣਧੀਰ ਸਿੰਘ ਢੀਂਡਸਾ ਅਤੇ ਭਾਈ ਬਲਦੇਵ ਸਿੰਘ ਮੁੱਖ ਗ੍ਰੰਥੀ ਸਮੇਤ ਹਜ਼ੂਰੀ ਜੱਥਾ, ਬਾਬਾ ਗੁਰਦੇਵ ਸਿੰਘ ਬਨੂੜ,ਬਾਬਾ ਅਵਤਾਰ ਸਿੰਘ ਸਾਧਾਂ ਵਾਲੇ, ਸੰਤ ਹਰੀ ਪ੍ਰੀਤ ਸਿੰਘ ਅੰਮ੍ਰਿਤਸਰ, ਭਾਈ ਅਜਾਇਬ ਸਿੰਘ ਅਭਿਆਸੀ, ਰਜਿੰਦਰ ਸਿੰਘ ਮਹਿਤਾ, ਸ: ਸਰਬਜੀਤ ਸਿੰਘ ਮੈਂਬਰ ਪਾਰਲੀਮੈਂਟ ਫਰੀਦਕੋਟ, ਗਿਆਨੀ ਰਣਜੀਤ ਸਿੰਘ ਹੈਡ ਗ੍ਰੰਥੀ ਗੁ: ਬੰਗਲਾ ਸਾਹਿਬ ਨਵੀਂ ਦਿੱਲੀ, ਸ੍ਰ: ਹਰਮੀਤ ਸਿੰਘ ਕਾਲਕਾ ਪ੍ਰਧਾਨ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ,ਸਰਬਜੀਤ ਸਿੰਘ ਵਿਰਕ, ਜਸਪ੍ਰੀਤ ਸਿੰਘ ਕਰਮਸਰ ਮੈਂਬਰ, ਜਥੇ: ਸੰਤਾ ਸਿੰਘ ਉਮੇਦਪੁਰ, ਮਨਪ੍ਰੀਤ ਸਿੰਘ ਇਆਲੀ, ਸ੍ਰ: ਹਰਦੀਪ ਸਿੰਘ ਮੁੰਡੀਆਂ ਕੈਬਨਿਟ ਮੰਤਰੀ ਪੰਜਾਬ, ਗਿਆਨੀ ਸੁਖਦਰਸ਼ਨ ਸਿੰਘ ਦਿੱਲੀ, ਬਾਬਾ ਜਸਵੰਤ ਸਿੰਘ ਹਜ਼ੂਰੀ ਰਾਗੀ,ਬਾਬਾ ਸਤਨਾਮ ਸਿੰਘ ਨਾਨਕਸਰ ਭਾਈ ਕੀ ਸਮਾਧ ਦਿੱਲੀ ਸੰਤ ਬਾਬਾ ਮਨਮੋਹਣ ਸਿੰਘ ਬਾਰਨ ਵਾਲੇ, ਸ੍ਰ: ਕੁਲਦੀਪ ਸਿੰਘ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ , ਗਿਆਨੀ ਜੀ ਦੇ ਵਿਦਿਆ ਦਾਤੇ ਪ੍ਰਿਸੀ: ਬਲਜੀਤ ਸਿੰਘ, ਹਰਭਜਨ ਸਿੰਘ ਸਾਹਿਬਜ਼ਾਦਾ ਜੁਝਾਰ ਸਿੰਘ ਗੁਰਮਤਿ ਮਿਸ਼ਨਰੀ ਕਾਲਜ, ਭਾਈ ਭੁਪਿੰਦਰ ਸਿੰਘ ਜੀ ਗਦਲੀ, ਸ੍ਰ: ਬਲਦੇਵ ਸਿੰਘ ਢੱਟ, ਸ: ਬਲਵਿੰਦਰ ਸਿੰਘ ਭੂੰਦੜ, ਸ੍ਰ; ਮਹੇਸ਼ਇੰਦਰ ਸਿੰਘ ਗਰੇਵਾਲ, ਡਾ: ਦਲਜੀਤ ਸਿੰਘ ਚੀਮਾ, ਜੱਥੇ: ਹੀਰਾ ਸਿੰਘ ਗਾਬੜੀਆ ਜਥੇ: ਪ੍ਰਿਤਪਲ ਸਿੰਘ ਪ੍ਰਧਾਨ ਦੂਖ ਨਿਵਾਰਨ ਸਾਹਿਬ, ਗਿਆਨੀ ਬਲਵਿੰਦਰ ਸਿੰਘ ਮੁੱਖ ਗ੍ਰੰਥੀ ਗੁਰਦੁਆਰਾ ਮੰਜੀ ਸਾਹਿਬ ਆਲਮਗੀਰ, ਭਾਈ ਸਰਬਜੀਤ ਸਿੰਘ ਸੋਹਲ ਸਾਬਕਾ ਪ੍ਰਧਾਨ ਸਿੱਖ ਸਟੂਡੈਂਟ ਫੈਡਰੇਸ਼ਨ, ਭਾਈ ਮੇਜਰ ਸਿੰਘ ਖਾਲਸਾ ਸਰਪ੍ਰਸਤ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਪ੍ਰਧਾਨ ਭਾਈ ਦਲੇਰ ਸਿੰਘ, ਭਾਈ ਅਮਨਦੀਪ ਸਿੰਘ ਅੰਮ੍ਰਿਤਸਰ, ਸ੍ਰ: ਅਮਰਜੀਤ ਸਿੰਘ ਟਿੱਕਾ ਨੇ ਮੈਂਬਰ ਪਾਰਲੀਮੈਂਟ ਸ: ਰਵਨੀਤ ਸਿੰਘ ਬਿੱਟੂ ਦਾ ਸ਼ੋਕ ਸੰਦੇਸ਼ ਲਿਆਦਾ, ਜੱਥੇ:ਹਰਪਾਲ ਸਿੰਘ ਜੱਲਾ ਸਾਬਕਾ ਜੁ: ਮੀਤ ਪ੍ਰਧਾਨ ਸ਼੍ਰੋਮਣੀ ਕਮੇਟੀ, ਸ੍ਰ: ਵਿਕਰਮਜੀਤ ਸਿੰਘ ਮੀਤ ਮੈਨੇਜਰ ਦਰਬਾਰ ਸਾਹਿਬ, ਸ੍ਰ: ਹਰਦੀਪ ਸਿੰਘ ਗਿੱਲ ਮੈਨੇਜਰ ਗੁਰਦੁਆਰਾ ਸਾਹਿਬ ਆਲਮਗੀਰ, ਨਿਰਭੈ ਸਿੰਘ ਚੀਮਨਾ ਮੈਨੇਜਰ ਮੈਨੇਜਰ ਗੁ: ਹੇਰਾਂ, ਇਕਬਾਲ ਸਿੰਘ ਮੁਖੀ, ਸ੍ਰ: ਗੁਰਪ੍ਰੀਤ ਸਿੰਘ ਭੁੱਲਰ ਮੈਨੇਜਰ ਗੁ: ਬਾਬਾ ਬਕਾਲਾ ਸਾਹਿਬ,ਬਾਬਾ ਕਸ਼ਮੀਰ ਸਿੰਘ ਜੀ ਕਰਨਾਲ, ਭਾਈ ਨਰਿੰਦਰ ਸਿੰਘ ਕੈਨੇਡਾ, ਸੰਤ ਬਾਬਾ ਰਜਿੰਦਰ ਸਿੰਘ ਜੀ ਇਸਰਲਾ ਸਾਹਿਬ ਵਾਲੇ, ਸੰਤ ਬਾਬਾ ਅਜੀਤ ਸਿੰਘ ਜੀ ਦਾਬਨ ਖੇੜੀ ਹਰਚੰਦਪੁਰਾ, ਡਾਕਟਰ ਗੁਰਬੀਰ ਸਿੰਘ ਜਲੰਧਰ ਡਾਕਟਰ ਪ੍ਰਲਾਦ ਸਿੰਘ, ਡਾਕਟਰ ਦਵਿੰਦਰ ਕੌਰ ਭਾਈ ਮਨਜੀਤ ਸਿੰਘ ਯੂ.ਐਸ.ਏ., ਗਿਆਨੀ ਜਸਵਿੰਦਰ ਸਿੰਘ ਕਥਾਵਾਚਕ ਭੁਪਿੰਦਰ ਸਿੰਘ ਕਥਾਵਾਚਕ, ਗਿਆਨੀ ਸੁਖਦੇਵ ਸਿੰਘ ਦਲੇਰ,ਭਾਈ ਜੋਗਿੰਦਰ ਸਿੰਘ ਰਿਆੜ, ਸਰਬਜੀਤ ਸਿੰਘ ਔਲਕ ਪ੍ਰਚਾਰਕ ਗੁਰਮੀਤ ਸਿੰਘ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਬਾਬਾ ਦਵਿੰਦਰ ਸਿੰਘ ਬੜੂ ਸਾਹਿਬ, ਸ੍ਰ: ਮਲਕੀਤ ਸਿੰਘ ਦਾਖਾ, ਸੁਰਜੀਤ ਸਿੰਘ ਦੰਗਾ ਪੀੜਤ ਆਦਿ ਤੋਂ ਇਲਾਵਾ ਵੱਖ-ਵੱਖ ਸੰਪਰਦਾਵਾਂ ਸੰਸਥਾਵਾਂ ਜਥੇਬੰਦੀਆਂ ਵੱਲੋਂ ਸ਼ੋਕ ਸੁਨੇਹੇ ਅਤੇ ਦਸਤਾਰ ਭੇਟ ਕੀਤੀਆਂ। ਸੰਤ ਬਾਬਾ ਅਮੀਰ ਸਿੰਘ ਨੇ ਪ੍ਰਵਾਰ ਵਲੋਂ ਪੁੱਜੀਆਂ ਸ਼ਖਸ਼ੀਅਤਾਂ ਅਤੇ ਦੇਸ਼ ਵਿਦੇਸ਼ ਤੋਂ ਪੁੱਜੀਆਂ ਸੰਗਤਾਂ ਦਾ ਧੰਨਵਾਦ ਕੀਤਾ।






# ਤਲਵੰਡੀ ਨਾਹਰ ਚੌਂਕ ਵਿੱਚ ਮੀਂਹ ਦਾ ਖੜ੍ਹਾ ਪਾਣੀ ਰੋਕਦੈ ਰਾਹਗੀਰਾਂ ਦਾ ਰਸਤਾ



ਅਜਨਾਲਾ, 3 ਮਈ, (ਸੁਖਦੇਵ ਸਿੰਘ ਖਾਲਸਾ) : ਬੇਸ਼ੱਕ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਅਜਨਾਲਾ ਹਲਕੇ ਦੀਆਂ ਸੜਕਾਂ ਦੀ ਨੁਹਾਰ ਬਦਲਣ ਵਿੱਚ ਕੋਈ ਕਸਰ ਨਹੀਂ ਛੱਡੀ, ਪਰ ਅੰਮ੍ਰਿਤਸਰ ਅਤੇ ਗੁਰਦਾਸਪੁਰ ਦੀ ਹੱਦ 'ਤੇ ਪੈਂਦਾ ਚੌਂਕ ਤਲਵੰਡੀ ਨਾਹਰ ਸੜਕਾਂ ਦੇ ਨਵੀਨੀਕਰਨ ਤੋਂ ਬਾਅਦ ਛੱਪੜ ਦਾ ਰੂਪ ਧਾਰਣ ਕਰ ਚੁੱਕਾ ਹੈ। ਬਰਸਾਤ ਭਾਵੇਂ ਨਾਮਾਤਰ ਹੀ ਹੋਵੇ, ਪਰ ਇਸ ਚੌਂਕ ਵਿੱਚ ਬਰਸਾਤ ਦਾ ਪਾਣੀ ਇੰਨਾ ਕੁ ਇਕੱਠਾ ਹੋ ਜਾਂਦਾ ਹੈ, ਜਿਵੇਂ ਕਿਤੇ ਨਹਿਰ ਦਾ ਬੰਨ੍ਹ ਟੁੱਟ ਗਿਆ ਹੋਵੇ। ਸੜਕ ਦੇ ਆਸੇ-ਪਾਸੇ ਭਾਰੀ ਪਾਣੀ ਭਰ ਜਾਣ ਨਾਲ ਲੋਕਾਂ ਨੂੰ ਪਾਣੀ ਦੇ ਵਿੱਚੋਂ ਦੀ ਲੰਘ ਕੇ ਜਾਣਾ ਪੈਂਦਾ ਹੈ।ਕਾਬਲੇਗੌਰ ਹੈ ਕਿ ਇਸ ਚੌਂਕ ਵਿੱਚ ਸੜਕ ਦੇ ਦੋਵਾਂ ਪਾਸੇ ਇੰਟਰਲਾਕ ਟਾਇਲ ਵੀ ਲਗਾਈਆਂ ਗਈਆਂ ਹਨ, ਪਰ ਪਾਣੀ ਦਾ ਨਿਕਾਸ ਨਾ ਹੋਣ ਕਾਰਣ ਕਈ ਕਈ ਦਿਨ ਪਾਣੀ ਚੌਂਕ ਵਿੱਚ ਖੜ੍ਹਾ ਰਹਿੰਦਾ ਹੈ। ਇਸ ਚੌਂਕ ਰਾਹੀਂ ਪੰਜਾਬ ਹੀ ਨਹੀਂ ਬਲਕਿ ਪੂਰੇ ਭਾਰਤ ਤੋਂ ਸ਼ਰਧਾਲੂ ਬ੍ਰਹਮ ਗਿਆਨੀ ਬਾਬਾ ਬੁੱਢਾ ਸਾਹਿਬ ਜੀ ਦੀ ਪਵਿੱਤਰ ਨਗਰੀ ਰਮਦਾਸ ਦਰਸ਼ਨ ਕਰਨ ਲਈ ਜਾਂਦੇ ਹਨ। ਅਜਨਾਲਾ, ਰਮਦਾਸ ਅੰਮ੍ਰਿਤਸਰ, ਫ਼ਤਹਿਗੜ੍ਹ ਚੂੜੀਆਂ ਸਮੇਤ ਕਈ ਪਿੰਡਾਂ ਨੂੰ ਸੜਕਾਂ ਇਸ ਚੌਂਕ ਤੋਂ ਹੀ ਨਿਕਲਦੀਆਂ ਹਨ, ਪਰ ਬਦਕਿਸਮਤੀ ਇਹ ਹੈ ਕਿ ਚੌਂਕ ਬਰਸਾਤ ਦੇ ਪਾਣੀ ਨਾਲ ਭਰਿਆ ਰਹਿੰਦਾ ਹੈ। ਇਲਾਕੇ ਦੇ ਸੈਂਕੜੇ ਪਿੰਡਾਂ ਦੇ ਲੋਕਾਂ ਅਤੇ ਉੱਥੇ ਸਥਿਤ ਦੁਕਾਨਦਾਰਾਂ ਦੀ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੂੰ ਮੰਗ ਹੈ ਕਿ ਧਾਲੀਵਾਲ ਆਪਣਾ ਨਿੱਜੀ ਦਖ਼ਲ ਦੇ ਕੇ ਇਸ ਚੌਂਕ ਵਿੱਚ ਖੜ੍ਹੇ ਹੋਣ ਵਾਲੇ ਗੰਦੇ ਪਾਣੀ ਦਾ ਜਲਦੀ ਤੋਂ ਜਲਦੀ ਹੱਲ ਕਰਵਾਉਣ ਤਾਂ ਜੋ ਇਲਾਕੇ ਦੇ ਸੈਂਕੜੇ ਪਿੰਡਾਂ ਦੇ ਲੋਕਾਂ ਅਤੇ ਰਾਹਗੀਰਾਂ ਨੂੰ ਆ ਰਹੀ ਸਮੱਸਿਆ ਦਾ ਹੱਲ ਹੋ ਸਕੇ।

ਇਸ ਮੌਕੇ ਹਰਜਿੰਦਰ ਸਿੰਘ ਜੌਹਲ, ਸੁਖਵਿੰਦਰ ਸਿੰਘ ਜੌਹਲ, ਹਰਿੰਦਰ ਸਿੰਘ ਜੌਹਲ, ਅਵਤਾਰ ਸਿੰਘ ਢਿੱਲੋਂ, ਹਰਪਾਲ ਸਿੰਘ ਜੌਹਲ, ਹਰਪਾਲ ਸਿੰਘ ਮੋਹਨ ਭੰਡਾਰੀਆਂ, ਸੁਖਦੇਵ ਰਾਜ ਫ਼ਤਿਹਗੜ੍ਹ ਚੂੜੀਆਂ, ਸ਼ੀਪਾ ਗਿੱਲ, ਸੁਖਦੇਵ ਸਿੰਘ ਤਲਵੰਡੀ ਨਾਹਰ, ਅਮਰੀਕ ਸਿੰਘ ਮੋਹਨ ਭੰਡਾਰੀਆਂ, ਪ੍ਰਤਾਪ ਸਿੰਘ ਤਲਵੰਡੀ ਨਾਹਰ, ਸੋਨੂੰ ਮੋਹਨ ਭੰਡਾਰੀਆਂ ਆਦਿ ਨੇ ਮੰਗ ਕੀਤੀ ਕਿ ਇਸ ਚੌਂਕ ਨੂੰ ਇਤਿਹਾਸਕ ਚੌਂਕ ਬਣਾ ਕੇ ਵਿਕਾਸ ਦੇ ਕੰਮ ਕੀਤੇ ਜਾਣ ਅਤੇ ਪਾਣੀ ਦੀ ਨਿਕਾਸੀ ਦਾ ਠੋਸ ਹੱਲ ਕੱਢਿਆ ਜਾਵੇ।

# ਹਸਪਤਾਲ 'ਚ ਗੋਲ਼ੀਆਂ ਚਲਾ ਕੇ ਜਾਨਲੇਵਾ ਹਮਲਾ ਕੀਤਾ



ਚੋਗਾਵਾਂ, 3 ਮਈ, (ਸੁਬੇਗ ਸਿੰਘ ਸੋਨਾ) : ਜ਼ਿਲ੍ਹਾ ਅੰਮ੍ਰਿਤਸਰ ਹਲਕਾ ਰਾਜਾਸਾਂਸੀ ਦੇ ਅਧੀਨ ਆਉਂਦੇ ਸਰਹੱਦੀ ਪਿੰਡ ਭੀਲੋਵਾਲ ਪੱਕਾ ਵਿਖੇ ਡਾਕਟਰ ਦੀ ਦੁਕਾਨ ਅਣਪਛਾਤੇ ਨੌਜਵਾਨਾਂ ਵੱਲੋਂ ਗੋਲੀਆਂ ਚਲਾਕੇ ਜਾਨਲੇਵਾ ਹਮਲਾ ਕਰਨ ਦੀ ਖਬਰ ਹੈ। ਇਸ ਮੌਕੇ ਡਾ. ਯੁਵਰਾਜ ਨੰਦਾ ਨੇ ਦੱਸਿਆ ਕਿ ਬੀਤੀ ਦਿਨੀਂ ਉਸਨੂੰ ਫਿਰੌਤੀ ਲਈ 30 ਲੱਖ ਮੰਗ ਦੀ ਕਾਲ ਆਈ। ਫਿਰੌਤੀ ਨਾ ਦੇਣ 'ਤੇ ਗੋਲੀਆਂ ਮਾਰਨ ਦੀ ਧਮਕੀ ਦਿੱਤੀ। ਬੀਤੀ ਰਾਤ ਮੈਂ ਲੋਪੋਕੇ ਤੋਂ ਭੀਲੋਵਾਲ ਪੱਕਾ ਗਿਆ। ਜਿੱਥੇ ਸਾਡਾ ਹਸਪਤਾਲ ਤੇ ਰਿਹਾਇਸ਼ ਹੈ। ਉਸੇ ਦੌਰਾਨ ਦੋ ਨਕਾਬਪੋਸ਼ ਅਣਪਛਾਤੇ ਨੌਜਵਾਨਾਂ ਨੇ ਪਿਸਟਲ ਨਾਲ ਗੋਲੀਆਂ ਚਲਾਈਆਂ, ਇੱਕ ਗੋਲੀ ਹਸਪਤਾਲ ਦੇ ਕੈਬਿਨ ਨੂੰ ਲੱਗ ਕੇ ਕਾਊਂਟਰ ਨੂੰ ਚੀਰਦੀ ਹੋਈ ਕੰਧ 'ਚ ਵੱਜੀ ਤੇ ਹਵਾਈ ਫਾਇਰ ਕਰਦੇ ਹੋਏ ਉਹ ਫਰਾਰ ਹੋ ਗਏ। ਥਾਣਾ ਲੋਪੋਕੇ ਦੀ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਘਟਨਾ ਦਾ ਜਾਇਜ਼ਾ ਲਿਆ ਸੀ.ਸੀ.ਟੀ.ਵੀ ਖੰਗਾਲ ਕੇ ਦੋਸ਼ੀਆਂ ਦੀ ਭਾਲ ਸ਼ੁਰੂ ਕਰ ਦਿੱਤੀ। ਪਿੰਡ ਵਿੱਚ ਵਾਪਰੀ ਘਟਨਾ ਨਾਲ ਲੋਕਾਂ ਵਿੱਚ ਦਹਿਸ਼ਤ ਦਾ ਮਾਹੌਲ ਪਾਇਆ ਜਾ ਰਿਹਾ। ਇਸ ਸਬੰਧੀ ਲੋਪੋਕੇ, ਭੀਲੋਵਾਲ ਪੱਕਾ, ਚੋਗਾਵਾਂ ਦੀ ਸਮੂਹ ਦੁਕਾਨਦਾਰ ਯੂਨੀਅਨ ਤੇ ਪਿੰਡ ਵਾਸੀਆਂ ਪ੍ਰਸ਼ਾਸਨ ਤੋਂ ਮੰਗ ਕੀਤੀ ਕੀ ਤੋਂ ਮੰਗ ਕੀਤੀ ਕਿ ਫਿਰੌਤੀ ਮੰਗਣ ਵਾਲਿਆਂ 'ਤੇ ਸਖਤ ਕਾਰਵਾਈ ਕੀਤੀ ਜਾਵੇ।

# ਬਾਬਾ ਚੇਤ ਸਿੰਘ, ਬਾਬਾ ਸੰਤਾ ਸਿੰਘ ਦੇ ਸਾਲਾਨਾ ਬਰਸੀ ਸਮਾਗਮ 9 ਨੂੰ ਗੁ: ਬੇਰ ਸਾਹਿਬ ਵਿਖੇ ਹੋਣਗੇ : ਬਾਬਾ ਬਲਬੀਰ ਸਿੰਘ


ਸਿੰਘ ਸਾਹਿਬ ਬਾਬਾ ਚੇਤ ਸਿੰਘ ਜੀ 96 ਕਰੋੜੀ


ਸਿੰਘ ਸਾਹਿਬ ਬਾਬਾ ਸੰਤਾ ਸਿੰਘ ਜੀ 96 ਕਰੋੜੀ

ਤਲਵੰਡੀ ਸਾਬੋ, 3 ਮਈ (ਗੁਰਦਿਆਲ ਸਿੰਘ) : ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਬੁੱਢਾ ਦਲ ਦੇ ਬਾਰਵੇਂ ਮਰਹੂਮ ਜਥੇ: ਰਹੇ ਮਹਾਨ ਤਪੱਸਵੀ ਅਤੇ ਪੰਥ ਦੀ ਬੇਹਤਰੀ ਲਈ ਰਾਤ ਦਿਨ ਜੂਝਣ ਵਾਲੇ ਸਿੰਘ ਸਾਹਿਬ ਬਾਬਾ ਚੇਤ ਸਿੰਘ ਜੀ ਦੀ 57ਵੀਂ ਸਲਾਨਾ ਬਰਸੀ ਅਤੇ ਬ੍ਰਹਮ ਗਿਆਨੀ, ਗੁਰਮਤਿ ਮਾਰਤੰਡ ਬਾਬਾ ਸੰਤਾ ਸਿੰਘ ਜੀ ਅਕਾਲੀ ਦੀ 17ਵੀਂ ਸਲਾਨਾ ਬਰਸੀ ਮਨਾਉਣ ਲਈ ਨਿਹੰਗ ਸਿੰਘ ਦਲਾਂ, ਪੰਥਕ ਸਨੇਹੀਆਂ, ਵੱਖ-ਵੱਖ ਸੰਪਰਦਾਵਾਂ ਅਤੇ ਸੰਤ ਮਹਾਪੁਰਸ਼ਾਂ ਨੂੰ ਸੱਦਾ ਪੱਤਰ ਭੇਜ ਕੇ ਬਰਸੀ ਦੇ ਗੁਰਮਤਿ ਸਮਾਗਮਾਂ ਵਿੱਚ 9 ਮਈ ਨੂੰ ਵੱਧ ਚੜ੍ਹ ਕੇ ਪੁੱਜਣ ਲਈ ਅਪੀਲ ਕੀਤੀ ਹੈ।

ਉਨ੍ਹਾਂ ਕਿਹਾ ਕਿ ਗੁਰਦੁਆਰਾ ਬੇਰ ਸਾਹਿਬ (ਦੇਗਸਰ ਸਾਹਿਬ) ਪਾ:ਦਸਵੀਂ, ਯਾਦਗਾਰ ਬਾਬਾ ਦੀਪ ਸਿੰਘ ਜੀ ਸ਼ਹੀਦ ਛਾਉਣੀ ਬੁੱਢਾ ਦਲ ਵਿਖੇ 7 ਮਈ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋ ਜਾਣਗੇ ਅਤੇ 9 ਮਈ ਨੂੰ ਸਵੇਰੇ 10:30 ਵਜੇ ਤੇ ਭੋਗ ਉਪਰੰਤ ਗੁਰਮਤਿ ਸਮਾਗਮ ਹੋਣਗੇ, ਧਾਰਮਿਕ ਦੀਵਾਨ ਸਮੇਂ ਗੁਰੂਘਰ ਦੇ ਮਹਾਨ ਰਾਗੀ,ਢਾਡੀ, ਪ੍ਰਚਾਰਕ, ਸੰਤ ਜਨ ਗੁਰੂ ਜਸ ਰਾਹੀਂ ਇਨ੍ਹਾਂ ਮਹਾਨ ਜਰਨੈਲਾਂ ਸੰਤ ਸਿਪਾਹੀਆਂ ਨੂੰ ਭਾਵ ਭਿੰਨੀ ਸ਼ਰਧਾਂਜਲੀ ਅਰਪਣ ਕਰਨਗੇ। ਇਸ ਮੌਕੇ ਬੁੱਢਾ ਦਲ ਦੇ ਸਕੱਤਰ ਉੱਘੇ ਸਿੱਖ ਵਿਦਵਾਨ ਦਿਲਜੀਤ ਸਿੰਘ ਬੇਦੀ ਵੱਲੋਂ ਤਿਆਰ ਕੀਤੀ ਪੁਸਤਕ ਬੁੱਢਾ ਦਲ ਜਥੇਦਾਰ ਸਾਹਿਬਾਨਾਂ ਦਾ ਜੀਵਨ ਸੰਗ੍ਰਹਿ ਰਲੀਜ਼ ਕੀਤੀ ਜਾਵੇਗੀ। ਜਥੇ: ਬਾਬਾ ਬਲਬੀਰ ਸਿੰਘ ਨੇ ਦੱਸਿਆ ਕਿ ਸੱਦੇ ਪੱਤਰ ਵੱਖ-ਵੱਖ ਥਾਵਾਂ 'ਤੇ ਪਹੁੰਚਾਉਣ ਲਈ ਬੁੱਢਾ ਦਲ ਦੇ ਸਿੰਘਾਂ ਦੀ ਜੁੰਮੇਵਾਰੀ ਲਾ ਦਿੱਤੀ ਗਈ ਹੈ। ਉਨ੍ਹਾਂ ਇਸ ਮੌਕੇ ਇਲਾਕਾ ਨਿਵਾਸੀਆਂ ਨੂੰ ਵੱਧ ਚੜ੍ਹ ਕੇ ਇਨ੍ਹਾਂ ਸਮਾਗਮਾਂ ਵਿੱਚ ਪੁੱਜਣ ਲਈ ਹਾਰਦਿਕ ਅਪੀਲ ਕੀਤੀ।

# ਚੀਫ਼ ਖ਼ਾਲਸਾ ਦੀਵਾਨ ਵੱਲੋਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਹਰਿਆਣਾ ਨੂੰ ਵਾਧੂ ਪਾਣੀ ਦੇਣ ਦੇ ਫ਼ੈਸਲੇ ਦਾ ਵਿਰੋਧ



ਅੰਮ੍ਰਿਤਸਰ, 3 ਮਈ, (ਬਬਲੂ ਮਹਾਜਨ) : ਚੀਫ ਖਾਲਸਾ ਦੀਵਾਨ ਅਹੁਦੇਦਾਰਾਂ ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵੱਲੋਂ ਹਰਿਆਣਾ ਨੂੰ ਵਾਧੂ ਪਾਣੀ ਦੇਣ ਦੇ ਫੈਸਲੇ 'ਤੇ ਇਤਰਾਜ ਪ੍ਰਗਟ ਕਰਦਿਆਂ ਇਸ ਨੂੰ ਪੰਜਾਬੀਆਂ ਦੇ ਹੱਕਾਂ 'ਤੇ ਸਿੱਧਾ ਹਮਲਾ ਕਰਾਰ ਦਿੱਤਾ। ਜਾਰੀ ਬਿਆਨ ਵਿੱਚ ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਡਾ ਇੰਦਰਬੀਰ ਸਿੰਘ ਨਿੱਜਰ ਅਤੇ ਆਨਰੇਰੀ ਸਕੱਤਰ ਸਵਿੰਦਰ ਸਿੰਘ ਕੱਥੂਨੰਗਲ ਨੇ ਕਿਹਾ ਕਿ ਪੰਜਾਬ ਦੇ ਦਰਿਆਈ ਪਾਣੀਆਂ 'ਤੇ ਪੰਜਾਬ ਦਾ ਹੱਕ ਹੈ । ਉਹਨਾਂ ਕਿਹਾ ਕਿ ਪੰਜਾਬ ਤਾਂ ਖੁਦ ਹੀ ਪਾਣੀ ਦੀ ਕਮੀ ਦਾ ਸ਼ਿਕਾਰ ਹੈ ਅਤੇ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ ਖਤਰਨਾਕ ਹੱਦ ਤੱਕ ਡਿੱਗ ਰਿਹਾ ਹੈ। ਅਜਿਹੀ ਸਥਿਤੀ ਵਿੱਚ ਪੰਜਾਬ ਵੱਲੋਂ ਕਿਸੇ ਹੋਰ ਸੂਬੇ ਨੂੰ ਉਸਦੀ ਹਿੱਸੇਦਾਰੀ ਤੋਂ ਵੱਧ ਪਾਣੀ ਦੇਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਉਹਨਾਂ ਭਾਖੜਾ ਬਿਆਸ ਬੋਰਡ ਵੱਲੋਂ ਲਏ ਇਸ ਫੈਸਲੇ ਨੂੰ ਪੰਜਾਬ ਤੋਂ ਪਾਣੀ ਲੈ ਕੇ ਪੰਜਾਬ ਨੂੰ ਹੀ ਬੰਜ਼ਰ ਕਰਨ ਦੀ ਸਾਜਿਸ਼ ਦੱਸਿਆ। ਉਹਨਾਂ ਕਿਹਾ ਕਿ ਜੇ ਕਿਸੇ ਹੋਰ ਸੂਬੇ ਨੇ ਆਪਣਾ ਰਾਖਵਾਂ ਪਾਣੀ ਠੀਕ ਤਰੀਕੇ ਨਾਲ ਨਹੀਂ ਵਰਤਿਆ, ਤਾਂ ਉਸ ਦੀ ਭੁਗਤਾਨੀ ਪੰਜਾਬ ਤੋਂ ਕਰਵਾਉਣਾ ਸਹੀ ਨਹੀਂ ਹੈ। ਉਨ੍ਹਾਂ ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਨੂੰ ਆਪਣਾ ਫੈਸਲਾ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਤਾਂ ਜੋ ਪੰਜਾਬ ਦੀ ਕਿਸਾਨੀ, ਆਬਾਦੀ ਅਤੇ ਭਵਿੱਖ ਨੂੰ ਬਚਾਇਆ ਜਾ ਸਕੇ।

# ਡਾ. ਓਬਰਾਏ ਨੇ ਦੁਬਈ 'ਚ ਮਰੇ ਪ੍ਰਦੀਪ ਦੀ ਭੈਣ ਨੂੰ 2 ਲੱਖ ਦਿੱਤੇ, ਮਾਪਿਆਂ ਦੀ ਸ਼ੁਰੂ ਕੀਤੀ ਪੈਨਸ਼ਨ



ਅੰਮ੍ਰਿਤਸਰ, 3 ਮਈ, (ਬਬਲੂ ਮਹਾਜਨ) : ਹਰੇਕ ਦੁਖੀ ਦੇ ਦੁੱਖ ਨੂੰ ਆਪਣਾ ਦੁੱਖ ਸਮਝ ਕੇ ਉਸ ਦੀ ਹਰ ਸੰਭਵ ਮੱਦਦ ਕਰਨ ਵਾਲੇ ਦੁਬਈ ਦੇ ਉੱਘੇ ਕਾਰੋਬਾਰੀ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸਰਪ੍ਰਸਤ ਡਾ.ਐਸ.ਪੀ.ਸਿੰਘ ਓਬਰਾਏ ਅੱਜ ਅੰਮ੍ਰਿਤਸਰ ਨਾਲ ਸਬੰਧਿਤ ਪ੍ਰਦੀਪ ਸਿੰਘ,ਜਿਸ ਦੀ ਦੁਬਈ 'ਚ ਹੋਏ ਇੱਕ ਭਿਆਨਕ ਸੜਕ ਹਾਦਸੇ ਦੌਰਾਨ ਦਰਦਨਾਕ ਮੌਤ ਹੋ ਗਈ ਸੀ, ਦੇ ਮਾਪਿਆਂ ਨਾਲ ਦੁੱਖ ਸਾਂਝਾ ਕਰਨ ਲਈ ਉਚੇਚੇ ਤੌਰ 'ਤੇ ਉਸ ਦੇ ਘਰ ਪਹੁੰਚੇ ਜਿੱਥੇ ਇਕਲੌਤੇ ਪੁੱਤ ਦੇ ਵਿਛੋੜੇ 'ਚ ਵਿਲਕਦੇ ਮਾਪਿਆਂ ਦਾ ਦੁੱਖ ਵੇਖ ਡਾ ਓਬਰਾਏ ਵੀ ਭਾਵੁਕ ਹੋ ਗਏ।

ਇਸ ਦੌਰਾਨ ਗੱਲਬਾਤ ਕਰਦਿਆਂ ਡਾ.ਐਸ.ਪੀ. ਸਿੰਘ ਓਬਰਾਏ ਨੇ ਭਰੇ ਮਨ ਨਾਲ ਦੱਸਿਆ ਮਾਪਿਆਂ ਦਾ ਇਕਲੌਤਾ ਪੁੱਤ ਪ੍ਰਦੀਪ ਵੀ ਬਿਹਤਰ ਭਵਿੱਖ ਲਈ ਕਰੀਬ 6 ਮਹੀਨੇ ਪਹਿਲਾਂ ਹੀ ਦੁਬਈ ਗਿਆ ਸੀ, ਬੀਤੀ 10 ਅਪ੍ਰੈਲ ਨੂੰ ਦੁਬਈ 'ਚ ਵਾਪਰੇ ਇੱਕ ਸੜਕ ਹਾਦਸੇ ਦੌਰਾਨ ਲੱਗੀ ਭਿਆਨਕ ਅੱਗ 'ਚ ਬਹੁਤ ਬੁਰੀ ਤਰ੍ਹਾਂ ਨਾਲ ਝੁਲਸ ਜਾਣ ਕਾਰਨ ਉਸਦੀ ਦਰਦਨਾਕ ਮੌਤ ਹੋ ਗਈ ਸੀ। ਉਨ੍ਹਾਂ ਵੱਲੋਂ ਭਾਰਤੀ ਦੂਤਾਵਾਸ ਦੇ ਸਹਿਯੋਗ ਨਾਲ ਸਾਰੀ ਲੋੜੀਂਦੀ ਕਾਗਜ਼ੀ ਕਾਰਵਾਈ ਮੁਕੰਮਲ ਕਰਵਾ ਕੇ ਪ੍ਰਦੀਪ ਦਾ ਮਿਤ੍ਰਕ ਸਰੀਰ ਕੁਝ ਦਿਨ ਪਹਿਲਾਂ ਭਾਰਤ ਭੇਜਿਆ ਸੀ। ਡਾ.ਓਬਰਾਏ ਨੇ ਦੱਸਿਆ ਕਿ ਅੱਜ ਉਨ੍ਹਾਂ ਪ੍ਰਦੀਪ ਦੀ ਵੱਡੀ ਭੈਣ ਦੇ ਵਿਆਹ ਲਈ 2 ਲੱਖ ਰੁਪਏ ਦਾ ਚੈੱਕ ਉਸ ਦੇ ਪਰਿਵਾਰ ਨੂੰ ਦੇਣ ਤੋਂ ਇਲਾਵਾ ਉਸ ਦੇ ਮਾਪਿਆਂ ਦੀ ਹਾਲਤ ਨੂੰ ਵੇਖਦਿਆਂ ਘਰ ਦੇ ਗੁਜ਼ਾਰੇ ਲਈ 5 ਹਜ਼ਾਰ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਵੀ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਭਾਵੇਂ ਉਹ ਇਸ ਦੁੱਖੀ ਪਰਿਵਾਰ ਦਾ ਘਾਟਾ ਤਾਂ ਨਹੀਂ ਪੂਰਾ ਕਰ ਸਕਦੇ, ਪਰ ਇਸ ਔਖੇ ਵੇਲੇ ਆਪਣੇ ਵੱਲੋਂ ਹਰ ਸੰਭਵ ਮੱਦਦ ਕਰਨਾ ਆਪਣਾ ਇਨਸਾਨੀ ਫਰਜ਼ ਸਮਝਦੇ ਹਨ।

ਇਸ ਮੌਕੇ ਉਨ੍ਹਾਂ ਨਾਲ ਟਰੱਸਟ ਦੇ ਪੰਜਾਬ ਪ੍ਰਧਾਨ ਸੁਖਜਿੰਦਰ ਸਿੰਘ ਹੇਰ, ਜ਼ਿਲ੍ਹਾ ਜਨਰਲ ਸਕੱਤਰ ਮਨਪ੍ਰੀਤ ਸੰਧੂ, ਨਵਜੀਤ ਸਿੰਘ ਘਈ ਤੇ ਸੁਖਚੈਨ ਸਿੰਘ ਹੇਰ ਤੋਂ ਇਲਾਵਾ ਹਰਜੀਤ ਸਿੰਘ ਅਤੇ ਰਣਜੀਤ ਸਿੰਘ ਆਦਿ ਵੀ ਮੌਜੂਦ ਸਨ।

# 'ਅਜਿਹੀਆਂ ਫਿਲਮਾਂ ਬਣਾਓ ਜੋ ਬੱਚਿਆਂ ਅਤੇ ਸਮਾਜ 'ਤੇ ਚੰਗਾ ਪ੍ਰਭਾਵ ਛੱਡਦੀਆਂ ਹੋਣ' : ਗਿਆਨੀ ਰਾਮ ਸਿੰਘ ਖ਼ਾਲਸਾ



ਅੰਮ੍ਰਿਤਸਰ, 3 ਮਈ, (ਬਬਲੂ ਮਹਾਜਨ) :ਸ਼੍ਰੀ ਅਕਾਲ ਤਖਤ ਸਾਹਿਬ ਵਿਖੇ ਫਿਲਮਾਂ ਸਬੰਧੀ ਬੁਲਾਈ ਗਈ ਮੀਟਿੰਗ ਵਿਚ ਸੰਬੋਧਨ ਕਰਦੇ ਹੋਏ ਦਮਦਮੀ ਟਕਸਾਲ ਦੇ ਮੁਖੀ ਸਿੰਘ ਸਾਹਿਬ ਗਿਆਨੀ ਭਾਈ ਰਾਮ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਨੇ ਕਿਹਾ ਕਿ ਗੁਰੂ ਸਾਹਿਬ, ਉਹਨਾਂ ਦੇ ਪਰਿਵਾਰਿਕ ਮੈਂਬਰ ਅਤੇ ਸ਼ਹੀਦ ਸਿੰਘਾਂ ਦੇ ਉੱਪਰ ਫਿਲਮਾਂ ਨਹੀਂ ਬਣਨੀਆਂ ਚਾਹੀਦੀਆਂ। ਅਜਿਹੀਆਂ ਫਿਲਮਾਂ ਬਣਾਓ ਜੋ ਬੱਚਿਆਂ ਅਤੇ ਸਮਾਜ 'ਤੇ ਚੰਗਾ ਪ੍ਰਭਾਵ ਛੱਡਦੀਆਂ ਹਨ। ਉਨ੍ਹਾਂ ਇਸ ਪ੍ਰੋਗਰਾਮ ਲਈ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਪ੍ਰਸ਼ੰਸਾ ਕੀਤੀ ਅਤੇ ਸ਼੍ਰੋਮਣੀ ਕਮੇਟੀ ਨੂੰ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਅਸੀਂ ਗੁਰੂ ਸਾਹਿਬਾਨ ਦੀਆਂ ਸ਼ਤਾਬਦੀਆਂ 'ਤੇ ਬਹੁਤ ਪੈਸਾ ਖਰਚ ਕਰ ਰਹੇ ਹਾਂ, ਲੰਗਰਾਂ ਦੇ ਪੰਡਾਲ ਸਜਾਉਣ 'ਤੇ ਜੇਕਰ ਇਹੀ ਪੈਸਾ ਗਰੀਬ ਸਿੱਖਾਂ ਲਈ ਹਸਪਤਾਲ ਤੇ ਹੋਰ ਸੁੱਖ ਸਹੂਲਤਾਂ ਵਾਸਤੇ ਵਰਤਿਆ ਜਾਵੇ ਤਾਂ ਸਿੱਖ ਕੌਮ ਦਾ ਭਲਾ ਹੋਵੇਗਾ।ਅਸੀਂ ਸਿਰਫ਼ ਲੰਗਰਾਂ ਤੱਕ ਹੀ ਸੀਮਤ ਰਹਿ ਗਏ ਹਾਂ ਇੱਥੋਂ ਤੱਕ ਕਿ ਅਸੀਂ ਬਾਬੇ ਨਾਨਕ ਦੇ ਲੰਗਰਾਂ ਵਿੱਚ ਪੀਜ਼ਾ, ਬਰਗਰ ਤੇ ਹੋਰ ਪਤਾ ਨਹੀਂ ਕਿੰਨਾ ਕੁਝ ਸ਼ੁਰੂ ਕਰ ਦਿੱਤਾ ਹੈ। ਅਸੀਂ ਕਦੇ ਵੀ ਗੁਰੂ ਸਾਹਿਬ ਜੀ ਦੀਆਂ ਸ਼ਤਾਬਦੀਆਂ ਵਿੱਚ ਸਿੱਖਾਂ ਇਤਿਹਾਸ ਦੀਆਂ ਕਿਤਾਬਾਂ ਨਹੀਂ ਵੰਡਦੇ। ਉਨ੍ਹਾਂ ਜਥੇਦਾਰ ਸਾਹਿਬ ਨੂੰ ਅਪੀਲ ਕੀਤੀ ਕਿ ਸਾਨੂੰ ਲੰਗਰਾਂ ਤੋਂ ਪਰੇ ਜਾਣਾ ਪਵੇਗਾ ਅਤੇ ਪਿੰਡ-ਪਿੰਡ ਪ੍ਰਚਾਰ ਕਰਨਾ ਪਵੇਗਾ।ਉਨ੍ਹਾਂ ਇਹ ਵੀ ਕਿਹਾ ਕਿ ਅਸੀਂ ਸਾਰੇ ਤੁਹਾਡੇ ਨਾਲ ਹਾਂ, ਸਾਨੂੰ ਜੋ ਵੀ ਸ੍ਰੀ ਅਕਾਲ ਸਾਹਿਬ ਤੋਂ ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਸੇਵਾ ਲਾਈ ਜਾਵੇਗੀ। ਅਸੀਂ ਹਾਜ਼ਰ ਹੋਵਾਂਗੇ।

ਜਿਕਰਯੋਗ ਹੈ ਕਿ ਪਹਿਲਾਂ ਜਦੋਂ ਵੀ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਮੀਟਿੰਗ ਬੁਲਾਈ ਜਾਂਦੀ ਸੀ ਤਾਂ ਸਾਰੀਆਂ ਸੰਪਰਦਾਵਾਂ, ਜਥੇਬੰਦੀਆਂ, ਸਭਾ ਸੁਸਾਇਟੀਆਂ ਪਹੁੰਚਦੀਆਂ ਸਨ ਪਰ ਜਥੇਦਾਰਾਂ ਦੀ ਨਿਯੁਕਤੀ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਦੇ ਵਿਰੋਧ ਤੋਂ ਬਾਅਦ ਅੱਜ ਕੋਈ ਵੀ ਸੰਤ ਸਮਾਜ, ਸੰਪਰਦਾ ਇਸ ਇਕੱਤਰਤਾ ਵਿੱਚ ਨਹੀਂ ਪਹੁੰਚੀ ਜਾਂ ਇੰਝ ਲੱਗਦਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਕਿਸੇ ਨੂੰ ਵੀ ਸੱਦਾ ਪੱਤਰ ਨਹੀਂ ਭੇਜਿਆ ਗਿਆ।

# ਆਲ ਪੰਜਾਬ ਰੇਹੜੀ ਫੜੀ ਯੂਨੀਅਨ ਨੇ ਮਨਾਇਆ ਮਜ਼ਦੂਰ ਦਿਵਸ



ਅੰਮ੍ਰਿਤਸਰ, 3 ਮਈ, (ਬਬਲੂ ਮਹਾਜਨ) : ਆਲ ਪੰਜਾਬ ਰੇੜ੍ਹੀ ਫੜ੍ਹੀ ਯੂਨੀਅਨ ਨੇ ਪ੍ਰਧਾਨ ਡਾਕਟਰ ਇੰਦਰਪਾਲ ਦੀ ਅਗਵਾਈ ਹੇਠ ਮਜ਼ਦੂਰ ਦਿਵਸ ਕਬੀਰ ਪਾਰਕ ਵਿੱਖੇ ਮਨਾਇਆ ਗਿਆ। ਇਸ ਮੌਕੇ ਡਾਕਟਰ ਇੰਦਰਪਾਲ ਨੇ ਮਜ਼ਦੂਰ ਦਿਵਸ ਦੀ ਵਧਾਈ ਦਿੰਦੇ ਹੋਏ ਕਿਹਾ ਹਰ ਸਾਲ 1 ਮਈ ਨੂੰ ਪੂਰੀ ਦੁਨੀਆ 'ਚ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਮਨਾਇਆ ਜਾਂਦਾ ਹੈ। ਇਸ ਦਿਨ ਨੂੰ ਮਨਾਉਣ ਦੀ ਮਹੱਤਤਾ ਮਜ਼ਦੂਰਾਂ ਦਾ ਸਨਮਾਨ ਕਰਨ ਅਤੇ ਉਨ੍ਹਾਂ ਦੇ ਅਧਿਕਾਰਾਂ ਪ੍ਰਤੀ ਉਨ੍ਹਾਂ ਨੂੰ ਜਾਗਰੂਕ ਕਰਨਾ ਹੈ। ਹਰ ਸਾਲ 1 ਮਈ ਨੂੰ ਪੂਰੀ ਦੁਨੀਆ 'ਚ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਮਨਾਇਆ ਜਾਂਦਾ ਹੈ। ਇਹ ਉਨ੍ਹਾਂ ਮਿਹਨਤੀ ਲੋਕਾਂ ਨੂੰ ਸ਼ਰਧਾਂਜਲੀ ਦੇਣ ਦਾ ਮੌਕਾ ਹੈ। ਜਿਨ੍ਹਾਂ ਨੇ ਸਮਾਜ ਦੇ ਵਿਕਾਸ 'ਚ ਅਹਿਮ ਭੂਮਿਕਾ ਨਿਭਾਈ ਹੈ। ਅੰਤਰਰਾਸ਼ਟਰੀ ਮਜ਼ਦੂਰ ਦਿਵਸ ਨੂੰ ਮਜ਼ਦੂਰ ਦਿਵਸ ਜਾਂ ਮਈ ਦਿਵਸ ਵਜੋਂ ਵੀ ਜਾਣਿਆ ਜਾਂਦਾ ਹੈ। ਇਸ ਦਿਨ ਨੂੰ ਮਨਾਉਣ ਦੀ ਮਹੱਤਤਾ ਉਨ੍ਹਾਂ ਸਾਰੇ ਮਜ਼ਦੂਰਾਂ ਦੇ ਸੰਘਰਸ਼ਾਂ ਨੂੰ ਯਾਦ ਕਰਨਾ ਹੈ। ਜਿਨ੍ਹਾਂ ਨੇ ਔਖੇ ਹਾਲਾਤਾਂ ਦਾ ਸਾਹਮਣਾ ਕੀਤਾ ਅਤੇ ਘੱਟ ਉਜਰਤਾਂ ਅਤੇ ਸੋਸ਼ਣ ਵਿਰੁੱਧ ਆਵਾਜ਼ ਬੁਲੰਦ ਕੀਤੀ। ਇਸ ਤੋਂ ਇਲਾਵਾ ਇਹ ਦਿਨ ਉਨ੍ਹਾਂ ਸਾਰੇ ਮਜ਼ਦੂਰਾਂ ਨੂੰ ਸ਼ਰਧਾਂਜਲੀ ਦੇਣ ਦਾ ਮੌਕਾ ਹੈ, ਜਿਨ੍ਹਾਂ ਨੇ ਬਰਾਬਰੀ ਅਤੇ ਨਿਆਂ ਲਈ ਲੜਾਈ ਲੜੀ ਇਹ ਦਿਨ ਦੁਨੀਆ ਭਰ ਦੇ ਮਜ਼ਦੂਰਾਂ ਨੂੰ ਇੱਕਜੁੱਟ ਹੋਣ ਲਈ ਪ੍ਰੇਰਤ ਕਰਦਾ ਹੈ

# ਖ਼ਾਲਸਾ ਕਾਲਜ ਵਿਖੇ 'ਪ੍ਰੋਟੋਟਾਈਪ, ਪ੍ਰੋਸੈਸ ਡਿਜ਼ਾਈਨ ਅਤੇ ਵਿਕਾਸ' ਵਿਸ਼ੇ 'ਤੇ ਵਰਕਸ਼ਾਪ



ਅੰਮ੍ਰਿਤਸਰ, 3 ਮਈ, (ਬਬਲੂ ਮਹਾਜਨ) :ਖ਼ਾਲਸਾ ਕਾਲਜ ਦੇ ਸਕੂਲ ਆਫ਼ ਕੰਪਿਊਟਰ ਸਾਇੰਸ ਐਂਡ ਐਪਲੀਕੇਸ਼ਨਜ਼ ਵੱਲੋਂ ਇੰਸਟੀਚਿਊਟਸ ਇਨੋਵੇਸ਼ਨ ਕੌਂਸਲ (ਆਈ.ਆਈ.ਸੀ.) ਦੇ ਸਹਿਯੋਗ ਨਾਲ 'ਪ੍ਰੋਟੋਟਾਈਪ, ਪ੍ਰੋਸੈਸ ਡਿਜ਼ਾਈਨ ਅਤੇ ਵਿਕਾਸ' ਵਿਸ਼ੇ 'ਤੇ ਇਕ ਰੋਜ਼ਾ ਵਰਕਸ਼ਾਪ ਕਰਵਾਈ ਗਈ। ਕਾਲਜ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਦੇ ਦਿਸ਼ਾ-ਨਿਰਦੇਸ਼ਾਂ 'ਤੇ ਕਰਵਾਈ ਉਕਤ ਵਰਕਸ਼ਾਪ ਦਾ ਸੰਚਾਲਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਸੀਨੀਅਰ ਪ੍ਰੋਗਰਾਮਰ ਇੰਜ: ਸੰਦੀਪ ਸੂਦ ਵੱਲੋਂ ਕੀਤਾ ਗਿਆ।

ਇਸ ਮੌਕੇ ਪ੍ਰਿੰ: ਡਾ. ਰੰਧਾਵਾ ਨੇ ਸਕੂਲ ਆਫ਼ ਕੰਪਿਊਟਰ ਸਾਇੰਸ ਐਂਡ ਐਪਲੀਕੇਸ਼ਨਜ਼ ਮੁਖੀ ਪ੍ਰੋ: ਸੁਖਵਿੰਦਰ ਕੌਰ ਅਤੇ ਕੋ-ਕੋਆਰਡੀਨੇਟਰ ਰੁਪਿੰਦਰ ਸਿੰਘ ਨਾਲ ਮਿਲ ਕੇ ਇੰਜ: ਸੂਦ ਦਾ ਵਿਦਿਆਰਥੀਆਂ ਦੇ ਅਕਾਦਮਿਕ ਵਿਕਾਸ 'ਚ ਯੋਗਦਾਨ ਲਈ ਮੋਮੈਂਟੋ ਦੇ ਕੇ ਸਵਾਗਤ ਕੀਤਾ। ਇਸ ਮੌਕੇ ਡਾ. ਰੰਧਾਵਾ ਨੇ ਹੁਨਰ-ਅਧਾਰਿਤ ਸਿੱਖਿਆ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਵਿਦਿਆਰਥੀਆਂ ਨੂੰ ਨਵੀਨਤਾ-ਕੇਂਦ੍ਰਿਤ ਗਤੀਵਿਧੀਆਂ 'ਚ ਸਰਗਰਮੀ ਨਾਲ ਸ਼ਾਮਿਲ ਹੋਣ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਨੇ ਨੌਜਵਾਨ ਟੈਕਨੋਕਰੇਟਸ ਦੀ ਰੁਜ਼ਗਾਰਯੋਗਤਾ ਅਤੇ ਉੱਦਮੀ ਸੰਭਾਵਨਾ ਨੂੰ ਵਧਾਉਣ 'ਚ ਅਜਿਹੀਆਂ ਵਰਕਸ਼ਾਪਾਂ ਦੀ ਭੂਮਿਕਾ 'ਤੇ ਚਾਨਣਾ ਪਾਇਆ।

ਇਸ ਪ੍ਰੋਗਰਾਮ ਦੇ ਤਕਨੀਕੀ ਸੈਸ਼ਨਾਂ ਦੌਰਾਨ ਇੰਜ: ਸੂਦ ਨੇ ਪ੍ਰੋਟੋਟਾਈਪ ਡਿਜ਼ਾਈਨ ਦੇ ਵਿਚਾਰ ਸੰਕਲਪੀਕਰਨ, ਪ੍ਰਕਿਰਿਆ ਆਰਕੀਟੈਕਚਰ, ਉਪਭੋਗਤਾ ਇੰਟਰਫੇਸ ਡਿਜ਼ਾਈਨ, ਟੈਸਟਿੰਗ ਪੜ੍ਹਾਵਾਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ। ਉਨ੍ਹਾਂ ਸ਼ੁਰੂਆਤੀ ਸੰਕਲਪਾਂ ਤੋਂ ਪੂਰੀ ਤਰ੍ਹਾਂ ਵਿਕਸਿਤ ਐਪਲੀਕੇਸ਼ਨਾਂ ਤੱਕ ਪ੍ਰੋਜੈਕਟਾਂ ਦੀਆਂ ਅਸਲ-ਜੀਵਨ ਦੀਆਂ ਉਦਾਹਰਣਾਂ ਵੀ ਸਾਂਝੀਆਂ ਕੀਤੀਆਂ। ਉਨ੍ਹਾਂ ਦੀ ਇੰਟਰਐਕਟਿਵ ਅਤੇ ਵਿਹਾਰਕ ਪਹੁੰਚ ਨੇ ਭਾਗੀਦਾਰਾਂ ਨੂੰ ਵਰਕਸ਼ਾਪ ਸਬੰਧੀ ਤਜਰਬੇ 'ਚ ਵਾਧਾ ਕੀਤਾ। ਇਸ ਮੌਕੇ ਵਿਦਿਆਰਥੀਆਂ ਨੂੰ ਆਪਣੇ ਵਿਚਾਰ ਪੇਸ਼ ਕਰਨ ਅਤੇ ਉਨ੍ਹਾਂ ਨੂੰ ਵਿਵਹਾਰਕ ਪ੍ਰੋਟੋਟਾਈਪਾਂ 'ਚ ਕਿਵੇਂ ਬਦਲਣਾ ਹੈ, ਸਬੰਧੀ ਫੀਡਬੈਕ ਦਾ ਮੌਕਾ ਵੀ ਦਿੱਤਾ ਗਿਆ। ਇੰਜ : ਸੂਦ ਨੇ ਵਿਦਿਆਰਥੀਆਂ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਨਿਡਰਤਾ ਨਾਲ ਨਵੀਨਤਾ ਨੂੰ ਅਗਾਂਹ ਵਧਾਉਣ ਲਈ ਉਤਸ਼ਾਹਿਤ ਕੀਤਾ। ਇਸ ਮੌਕੇ ਡਾ.ਮਨੀ ਅਰੋੜਾ, ਡਾ. ਅਨੁਗੀਤ ਕੌਰ, ਪ੍ਰੋ. ਪ੍ਰਭਜੋਤ ਕੌਰ ਆਦਿ ਸਟਾਫ਼ ਤੋਂ ਇਲਾਵਾ ਵਿਦਿਆਰਥੀ ਮੌਜੂਦ ਸਨ।

# ਲਾਇਲਪੁਰ ਖ਼ਾਲਸਾ ਕਾਲਜ ਦੇ ਐਮ.ਏ. (ਮਿਊਜਿਕ ਵੋਕਲ) ਸਮੈਸਟਰ ਪਹਿਲਾ ਦੇ ਵਿਦਿਆਰਥੀਆਂ ਦਾ ਯੂਨੀਵਰਸਿਟੀ ਮੈਰਿਟ ਸੂਚੀ 'ਚ



ਜਲੰਧਰ, 3 ਮਈ, (ਸੰਦੀਪ ਕੌਲ) : ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਦਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਐਲਾਨੇ ਐਮ.ਏ. (ਮਿਊਜ਼ਿਕ ਵੋਕਲ) ਪਹਿਲਾ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ। ਵਿਦਿਆਰਥਣ ਰਵਲੀਨ ਕੌਰ ਨੇ 10 ਐਸ.ਜੀ.ਪੀ.ਏ. ਵਿਚੋਂ 9.75 ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਮੈਰਿਟ ਵਿਚੋਂ ਪਹਿਲਾ, ਅਮਰਜੀਤ ਸਿੰਘ ਨੇ 9.50 ਐਸ.ਜੀ.ਪੀ.ਏ. ਪ੍ਰਾਪਤ ਕਰਕੇ ਦੂਜਾ, ਪਰਮਜੀਤ ਸਿੰਘ ਨੇ 9.25 ਅੰਕ ਪ੍ਰਾਪਤ ਕਰਕੇ ਤੀਜਾ ਅਤੇ ਸੰਜਨਾ, ਨੇਹਾ ਤੇ ਸਿਮਰਨਜੀਤ ਸਿੰਘ ਨੇ 9.00 ਐਸ.ਜੀ.ਪੀ.ਏ. ਪ੍ਰਾਪਤ ਸਾਂਝੇ ਰੂਪ ਵਿਚ ਚੌਥਾ ਸਥਾਨ ਹਾਸਲ ਕੀਤਾ। ਇਸ ਮੌਕੇ ਸਰਦਾਰਨੀ ਬਲਬੀਰ ਕੌਰ ਪ੍ਰਧਾਨ ਗਵਰਨਿੰਗ ਕੌਂਸਲ ਨੇ ਵਿਸ਼ੇਸ਼ ਤੌਰ ਤੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ। ਪ੍ਰਿੰਸੀਪਲ ਡਾ. ਸੁਮਨ ਚੋਪੜਾ ਨੇ ਵਿਦਿਆਰਥੀਆਂ ਨੂੰ ਭਵਿੱਖ ਵਿਚ ਹੋਰ ਮਿਹਨਤ ਅਤੇ ਲਗਨ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਆ। ਉਨ੍ਹਾਂ ਇਹ ਵੀ ਕਿਹਾ ਕਿ ਕਾਲਜ ਇਨ੍ਹਾਂ ਵਿਦਿਆਰਥੀਆਂ ਨੂੰ ਹਰ ਤਰ੍ਹਾਂ ਦੀ ਸਹਾਇਤਾ ਪ੍ਰਦਾਨ ਕਰੇਗਾ ਅਤੇ ਆਉਣ ਵਾਲਿਆਂ ਨਤੀਜਿਆਂ ਵਿਚੋਂ ਵੀ ਜਿਹੜੇ ਵਿਦਿਆਰਥੀ ਯੂਨੀਵਰਸਿਟੀ ਵਿਚੋਂ ਵਿਸ਼ੇਸ਼ ਸਥਾਨ ਜਾਂ ਮੈਰਿਟ ਵਿਚ ਆਉਣਗੇ, ਉਨ੍ਹਾਂ ਨੂੰ ਵੀ ਵਿਸ਼ੇਸ਼ ਸਹੂਲਤਾਂ ਦਿੱਤੀਆਂ ਜਾਣਗੀਆਂ। ਇਸ ਮੌਕੇ ਪ੍ਰੋ. ਸੁਖਦੇਵ ਸਿੰਘ ਮੁਖੀ ਸੰਗੀਤ ਵਿਭਾਗ, ਪ੍ਰੋ. ਕਿਰਨ ਅਮਰ, ਪ੍ਰੋ. ਗੁਰਚੇਤਨ ਸਿੰਘ ਅਤੇ ਪ੍ਰੋ. ਭਾਗਵਤ ਕੁਮਾਰ ਵੀ ਹਾਜ਼ਰ ਸਨ।

# ਸ੍ਰੀ ਗੁਰੂ ਤੇ.ਗ ਬਹਾਦਰ ਕਾਲਜ ਵਿਖੇ ਵਿਦਾਇਗੀ ਪਾਰਟੀ ਕਰਵਾਈ




ਅੰਮ੍ਰਿਤਸਰ, 3 ਮਈ, (ਬਬਲੂ ਮਹਾਜਨ) : ਸ੍ਰੀ ਗੁਰੂ ਤੇਗ ਬਹਾਦਰ ਕਾਲਜ ਫਾਰ ਵੂਮੈਨ ਵਿਖੇ ਸਵਾਗਤ ਅਤੇ ਵਿਦਾਇਗੀ ਪਾਰਟੀ ਕਰਵਾਈ ਗਈ। ਕਾਲਜ ਪ੍ਰਿੰਸੀਪਲ ਡਾ. ਲਕਸ਼ਮੀ ਮਲਹੋਤਰਾ ਦੀ ਅਗਵਾਈ ਹੇਠ ਕਰਵਾਏ ਉਕਤ ਪ੍ਰੋਗਰਾਮ ਮੌਕੇ ਨਵੇਂ ਬੈਚ ਦੇ ਵਿਦਿਆਰਥੀਆਂ ਦਾ ਸਵਾਗਤ ਅਤੇ ਵਿੱਦਿਆ ਪ੍ਰਾਪਤ ਕਰਕੇ ਜਾਣ ਵਾਲਿਆਂ ਨੂੰ ਪਿਆਰ ਭਰੀ ਵਿਦਾਇਗੀ ਦਿੱਤੀ ਗਈ। ਉਕਤ ਪ੍ਰੋਗਰਾਮ ਦੀ ਸ਼ੁਰੂਆਤ ਵਿਦਿਆਰਥੀਆਂ ਵੱਲੋਂ ਸ਼ਬਦ ਗਾਇਨ ਨਾਲ ਕੀਤੀ ਗਈ। ਇਸ ਦੌਰਾਨ ਪ੍ਰਿੰਸੀਪਲ ਡਾ. ਮਲਹੋਤਰਾ ਨੇ ਸਮੂੰਹ ਵਿਦਿਆਰਥੀਆਂ ਨੂੰ ਸ਼ੁਭਇੱਛਾਵਾਂ ਦਿੰਦਿਆਂ ਕਿਹਾ ਕਿ ਕਾਲਜ ਅਲੂਮਨੀ ਦੇ ਮੈਂਬਰ ਬਣ ਕੇ ਉਹ ਹਮੇਸ਼ਾਂ ਹੀ ਸੰਸਥਾ ਦੀ ਵਿਰਾਸਤ ਦਾ ਹਿੱਸਾ ਰਹਿਣਗੇ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਆਪਣੇ ਕਾਲਜ ਤੇ ਸਹਿ-ਵਿਦਿਆਰਥੀਆਂ ਨਾਲ ਜੁੜੇ ਰਹਿਣ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਉਹ ਜ਼ਿੰਦਗੀ 'ਚ ਉਚਾਈਆਂ ਨੂੰ ਛੂਹਣ ਲਈ ਲਗਨ ਤੇ ਮਿਹਨਤ ਨਾਲ ਪੜ੍ਹਾਈ ਕਰਨ। ਉਨ੍ਹਾਂ ਨਵੇਂ ਅਤੇ ਜਾਣ ਵਾਲੇ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਜੀਵਨ ਦੇ ਅਸਲ ਮਕਸਦ ਨੂੰ ਪਛਾਨਣ ਲਈ ਸਹੀ ਜੀਵਨ ਸ਼ੈਲੀ ਅਪਨਾਉਣ 'ਤੇ ਜ਼ੋਰ ਦਿੱਤਾ।

# ਨਰੇਗਾ ਮਜ਼ਦੂਰਾਂ ਵੱਲੋਂ ਸਟੇਟ ਬੈਂਕ ਆਫ਼ ਇੰਡੀਆ ਸਾਹਮਣੇ ਰੋਸ ਪ੍ਰਦਰਸ਼ਨ



ਤਰਸਿੱਕਾ, 3 ਮਈ, (ਦਵਿੰਦਰ ਸਿੰਘ ਤਰਸਿੱਕਾ) : ਨਰੇਗਾ ਰੁਜ਼ਗਾਰ ਪ੍ਰਾਪਤ ਮਜਦੂਰ ਯੂਨੀਅਨ ਵੱਲੋਂ ਸਟੇਟ ਬੈਂਕ ਆਫ ਇੰਡੀਆ ਜੇਠੂਵਾਲ ਵਿਖੇ ਰੋਸ਼ ਵਿਖਾਵਾ ਅਤੇ ਪ੍ਰਦਰਸ਼ਨ ਕੀਤਾ ਗਿਆ। ਇਸ ਮੁਜਾਹਰੇ ਨੂੰ ਸਾਥੀ ਬਲਕਾਰ ਸਿੰਘ ਦੁਧਾਲਾ ਨੇ ਸੰਬੋਧਨ ਕਰਦਿਆਂ ਬੈਂਕ ਦੇ ਮੁਲਾਜ਼ਮਾਂ 'ਤੇ ਦੋਸ਼ ਲਾਇਆ ਕਿ ਬੈਂਕ ਦੇ ਮੁਲਾਜ਼ਮ ਨਰੇਗਾ ਮਜਦੂਰਾਂ ਅਤੇ ਬਜੁਰਗ ਪੈਨਸ਼ਨਰਾਂ ਨਾਲ ਬਹੁਤ ਮਾੜਾ ਵਿਵਹਾਰ ਕਰਦੇ ਹਨ।ਇਸ ਵਾਸਤੇ ਅਸੀਂ ਮੁਲਾਜਮਾਂ ਨੂੰ ਦੱਸ ਦੇਣਾ ਚਾਹੁੰਦੇ ਹਾਂ ਕਿ ਮਜਦੂਰ ਲੋਕ ਸਮਾਜ ਦਾ ਵਿਕਾਸ ਕਰਨ ਵਿੱਚ ਮੁੱਢਲਾ ਫਰਜ਼ ਨਿਭਾਉਂਦੇ ਹਨ ਪਰ ਜੇ ਇਹਨਾਂ ਦੀ ਕੋਈ ਵੀ ਮਹਿਕਮਾ ਸਤਿਕਾਰ ਨਹੀਂ ਕਰਦਾ ਤਾਂ ਇਹ ਬਹੁਤ ਹੀ ਨਿੰਦਣਯੋਗ ਹੈ।ਨਰੇਗਾ ਮਜ਼ਦੂਰ ਯੂਨੀਅਨ ਜ਼ਿਲ੍ਹਾ ਅਮ੍ਰਿਤਸਰ ਦੇ ਸੈਕਟਰੀ ਰਣਜੀਤ ਸਿੰਘ ਨੇ ਬੋਲਦਿਆਂ ਕਿਹਾ ਕਿ ਬੈਂਕ ਵਿਚ ਕਰਮਚਾਰੀਆਂ ਦੀ ਘਾਟ ਹੋਣ ਕਰਕੇ ਅਨਪੜ੍ਹ ਅਤੇ ਬਜੁਰਗਾਂ ਨੂੰ ਜਾਣ ਬੁੱਝ ਕੇ ਖੱਜਲ ਖਰਾਬ ਕੀਤਾ ਜਾਂਦਾ ਹੈ। ਬਜੁਰਗਾਂ ਨੂੰ ਪੈਨਸ਼ਨ ਲੈਣ ਵਾਸਤੇ ਫਾਲਤੂ ਚੱਕਰ ਲਵਾਏ ਜਾਂਦੇ ਹਨ।ਇਸ ਮੌਕੇ ਜ਼ੋਰਦਾਰ ਨਾਹਰੇਬਾਜੀ ਵੀ ਕੀਤੀ ਗਈ, ਜਿਸ ਤੋਂ ਬਾਅਦ ਬੈਂਕ ਮੈਨੇਜਰ ਸਤਵਿੰਦਰ ਸਿੰਘ ਨੇ ਕਿਹਾ ਕਿ ਮੈਂ ਤੁਹਾਡੇ ਸਾਰੇ ਮਸਲਿਆਂ ਦਾ ਹੱਲ ਕਰਨ ਨੂੰ ਪਹਿਲ ਦੇਵਾਂਗਾ ਅਤੇ ਕਰਮਚਾਰੀਆਂ ਦੀ ਘਾਟ ਵਾਲਾ ਮਸਲਾ ਵੀ ਉੱਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਂਦਾ ਜਾਵੇਗਾ।ਇਸ ਮੌਕੇ ਲੱਖਾ ਸਿੰਘ, ਲਾਲ ਸਿੰਘ, ਚੰਨਣ ਸਿੰਘ, ਪਰਮਜੀਤ ਸਿੰਘ, ਬਚਨ ਕੌਰ ਭਜਨ, ਕੌਰ ਕੰਵਲਜੀਤ ਕੌਰ, ਹਰਪ੍ਰੀਤ ਕੌਰ,ਸਾਰੇ ਵਾਸੀ ਜੇਠੂਵਾਲ ਨੇ ਵੀ ਮੈਨੇਜਰ ਨਾਲ ਆਪਣੀਆਂ ਮੁਸ਼ਕਿਲਾਂ ਬਾਰੇ ਦੱਸਿਆ।

# ਪੀ.ਸੀ.ਐਮ.ਐਸ.ਡੀ. ਕਾਲਜ ਫਾਰ ਵੂਮੈਨ ਦੇ ਆਈ-ਸੋਸ਼ਲ ਕਲੱਬ ਨੇ ਸਮੂਹ ਚਰਚਾ ਕਰਵਾਈ



ਜਲੰਧਰ, 3 ਮਈ,(ਸੰਦੀਪ ਕੌਲ) : 'ਏਕ ਭਾਰਤ ਸ੍ਰੇਸ਼ਠ ਭਾਰਤ' ਪਹਿਲਕਦਮੀ ਅਧੀਨ ਸਥਾਪਿਤ ਪੀ.ਸੀ.ਐਮ.ਐਸ.ਡੀ. ਕਾਲਜ ਫਾਰ ਵੂਮੈਨ, ਜਲੰਧਰ ਦੇ ਆਈ-ਸੋਸ਼ਲ ਕਲੱਬ ਨੇ 'ਖੇਤ ਵਿੱਚ ਪ੍ਰਵਾਹ: ਉੱਤਰ ਪ੍ਰਦੇਸ਼ ਦੀ ਖੇਤੀਬਾੜੀ ਹਕੀਕਤ' ਵਿਸ਼ੇ 'ਤੇ ਇੱਕ ਸਮੂਹ ਚਰਚਾ ਦਾ ਆਯੋਜਨ ਕੀਤਾ।ਇਸ ਸਮਾਗਮ ਦਾ ਉਦੇਸ਼ ਉੱਤਰ ਪ੍ਰਦੇਸ਼ ਦੇ ਵਿਕਸਤ ਹੋ ਰਹੇ ਖੇਤੀਬਾੜੀ ਦ੍ਰਿਸ਼ਟੀਕੋਣ ਦੀ ਇੱਕ ਸੂਖਮ ਸਮਝ ਪੈਦਾ ਕਰਨਾ, ਇਸਦੀ ਹਰੀ ਕ੍ਰਾਂਤੀ ਵਿਰਾਸਤ, ਸਮਕਾਲੀ ਚੁਣੌਤੀਆਂ ਜਿਵੇਂ ਕਿ ਭੂਮੀ ਦੇ ਟੁਕੜੇ ਅਤੇ ਭੂਮੀਗਤ ਪਾਣੀ ਦੀ ਕਮੀ, ਅਤੇ ਡਿਜੀਟਲ ਖੇਤੀ ਅਤੇ ਟਿਕਾਊ ਅਭਿਆਸਾਂ ਦੇ ਵਾਅਦੇ ਨੂੰ ਉਜਾਗਰ ਕਰਨਾ ਸੀ।

ਵੱਖ-ਵੱਖ ਧਾਰਾਵਾਂ ਦੇ ਵਿਦਿਆਰਥੀਆਂ ਨੇ ਚਰਚਾ ਵਿੱਚ ਆਪਣੀ ਆਵਾਜ਼ ਦਿੱਤੀ। ਉਨ੍ਹਾਂ ਨੇ ਨਹਿਰੀ ਸਿੰਚਾਈ ਦੇ ਅਸਮਾਨ ਫੈਲਾਅ, ਜਲ-ਭੰਡਾਰ ਦੇ ਜ਼ਿਆਦਾ ਕੱਢਣ ਦੇ ਖ਼ਤਰਿਆਂ, ਅਤੇ ਮਸ਼ੀਨੀਕਰਨ ਦੀ ਅਸਮਾਨ ਪਹੁੰਚ ਬਾਰੇ ਵਿਸਥਾਰ ਨਾਲ ਦੱਸਿਆ। ਇਸ ਗਤੀਵਿਧੀ ਨੇ ਵਿਦਿਆਰਥੀਆਂ ਨੂੰ ਸੂਚਿਤ ਰਾਏ ਪ੍ਰਗਟ ਕਰਨ ਅਤੇ ਸਰਗਰਮੀ ਨਾਲ ਸੁਣਨ ਲਈ ਪ੍ਰੇਰਿਤ ਕਰਕੇ ਵਿਸ਼ਲੇਸ਼ਣਾਤਮਕ ਸੋਚ ਨੂੰ ਉਤਸ਼ਾਹਿਤ ਕੀਤਾ, ਵਿਭਿੰਨ ਦ੍ਰਿਸ਼ਟੀਕੋਣਾਂ ਨੂੰ ਉਤਸ਼ਾਹਿਤ ਕੀਤਾ, ਅਤੇ ਸੰਚਾਰ ਹੁਨਰਾਂ ਨੂੰ ਵਧਾਇਆ।

ਇਸ ਮੌਕੇ ਤੇ ਪ੍ਰਧਾਨ ਸ਼੍ਰੀ ਨਰੇਸ਼ ਬੁਧੀਆ ਜੀ, ਸੀਨੀਅਰ ਉਪ ਪ੍ਰਧਾਨ ਸ਼੍ਰੀ ਵਿਨੋਦ ਦਾਦਾ ਜੀ, ਪ੍ਰਬੰਧਕੀ ਕਮੇਟੀ ਦੇ ਹੋਰ ਮੈਂਬਰ, ਅਤੇ ਪ੍ਰਿੰਸੀਪਲ ਡਾ. ਪੂਜਾ ਪਰਾਸ਼ਰ ਜੀ ਨੇ ਆਈ-ਸੋਸ਼ਲ ਕਲੱਬ ਅਤੇ ਇਸਦੀ ਨੋਡਲ ਅਫਸਰ, ਸ਼੍ਰੀਮਤੀ ਆਬਰੂ ਸ਼ਰਮਾ ਦੀ ਪੇਂਡੂ ਹਕੀਕਤਾਂ ਪ੍ਰਤੀ ਜਾਗਰੂਕਤਾ ਅਤੇ ਟਿਕਾਊ ਖੇਤੀਬਾੜੀ ਵਿਕਾਸ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾ ਨੂੰ ਉਤਸ਼ਾਹਿਤ ਕਰਨ ਵਾਲੀ ਇੱਕ ਗਤੀਵਿਧੀ ਦੇ ਆਯੋਜਨ ਲਈ ਸ਼ਲਾਘਾ ਕੀਤੀ।

# ਨੀਟ ਪ੍ਰੀਖਿਆ ਦੌਰਾਨ ਕੇਵਲ ਦਾਖ਼ਲਾ/ਸ਼ਨਾਖਤੀ ਕਾਰਡ ਅਤੇ ਪਾਰਦਰਸ਼ੀ ਪਾਣੀ ਦੀ ਬੋਤਲ ਅੰਦਰ ਜਾ ਸਕੇਗੀ

ਅੰਮ੍ਰਿਤਸਰ, 3 ਮਈ, (ਬਬਲੂ ਮਹਾਜਨ) : ਅੱਜ ਹੋਣ ਵਾਲੀ ਨੀਟ ਦੀ ਪ੍ਰੀਖਿਆ ਲਈ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਦੀਆਂ ਡਿਊਟੀ ਲਗਾਉਂਦੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਸਪੱਸ਼ਟ ਕੀਤਾ ਕਿ ਪ੍ਰੀਖਿਆ ਦੇ ਨਿਯਮ ਅਨੁਸਾਰ ਬੱਚੇ ਪ੍ਰੀਖਿਆ ਕੇਂਦਰ ਦੇ ਅੰਦਰ 10 ਵਜੇ ਤੋਂ ਲੈ ਕੇ ਦੁਪਹਿਰ ਡੇਢ ਵਜੇ ਤੱਕ ਜਾ ਸਕਣਗੇ। ਉਹਨਾਂ ਦੱਸਿਆ ਕਿ ਇਸ ਦੌਰਾਨ ਬੱਚੇ ਕੇਵਲ ਪ੍ਰੀਖਿਆ ਦੇ ਦਾਖਲਾ ਕਾਰਡ ਤੋਂ ਇਲਾਵਾ ਸ਼ਨਾਖ਼ਤੀ ਕਾਰਡ ਵਜੋਂ ਪੈਨ ਕਾਰਡ, ਪਾਸਪੋਰਟ, ਆਧਾਰ ਕਾਰਡ, ਰਾਸ਼ਨ ਕਾਰਡ ਜਾਂ ਵਿਦਿਆਰਥੀਆਂ ਦੇ ਸਕੂਲ ਦਾ ਸ਼ਨਾਖਤੀ ਕਾਰਡ, ਵਿੱਚੋਂ ਕਿਸੇ ਇੱਕ ਨੂੰ ਨਾਲ ਲਿਆਉਣਾ ਜਰੂਰੀ ਹੈ। ਉਹਨਾਂ ਦੱਸਿਆ ਕਿ ਇਸ ਤੋਂ ਇਲਾਵਾ ਕੇਵਲ ਪਾਰਦਰਸ਼ੀ ਪਾਣੀ ਦੀ ਬੋਤਲ ਬੱਚਾ ਨਾਲ ਲਿਜਾ ਸਕੇਗਾ।

ਉਹਨਾਂ ਨੀਟ ਦੀ ਨਿਯਮਾਂ ਦਾ ਹਵਾਲਾ ਦਿੰਦੇ ਦੱਸਿਆ ਕਿ ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਪ੍ਰਿੰਟਡ ਮਟੀਰੀਅਲ, ਕੋਈ ਕਿਤਾਬ, ਨੋਟਿਸ, ਕਾਗਜ, ਪੈਂਸਲ ਬਾਕਸ, ਯੂਮੈਟਰੀ, ਪਲਾਸਟਿਕ ਪਾਊਚ, ਪੈਨਸਿਲ, ਸਕੇਲ, ਲੌਗ ਟੇਬਲ, ਪੈਡ, ਅਰੇਜ਼ਰ, ਕੈਲਕੂਲੇਟਰ, ਕਾਰਡ ਬੋਰਡ, ਪੈਨ ਡਰਾਈਵ, ਕਰੈਡਿਟ ਜਾਂ ਡੈਬਿਟ ਕਾਰਡ, ਇਲੈਕਟਰੋਨਿਕ ਪੈਨ, ਮੋਬਾਈਲ ਫੋਨ, ਈਅਰਫੋਨ, ਸਪੀਕਰ, ਹੈਡਫੋਨ, ਪੇਜਰ, ਬਲੂ ਟੂਥ ਡਿਵਾਈਸ, ਘੜੀ, ਸਮਾਰਟ ਵਾਚ, ਬਟੂਆ, ਕੈਮਰਾ, ਗੋਗਲਜ, ਗਹਿਣੇ, ਹੇਅਰ ਬੈਂਡ, ਬੈਲਟ, ਟੋਪੀ ਸਕਾਰਫ਼ ਜਾਂ ਖਾਣ ਪੀਣ ਦੀ ਕੋਈ ਵੀ ਵਸਤੂ ਪ੍ਰੀਖਿਆ ਕੇਂਦਰ ਦੇ ਅੰਦਰ ਨਹੀਂ ਲਿਜਾ ਸਕਣਗੇ। ਉਹਨਾਂ ਕਿਹਾ ਕਿ ਜੇਕਰ ਕੋਈ ਪ੍ਰੀਖਿਆਰਥੀ ਇਨ੍ਹਾਂ ਵਸਤੂਆਂ ਸਮੇਤ ਪ੍ਰੀਖਿਆ ਕੇਂਦਰ ਦੇ ਅੰਦਰ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

# ਸਬ-ਲੈਫਟੀਨੈਂਟ ਚਮਨਪ੍ਰੀਤ ਕੌਰ ਦੀ ਐੱਨ.ਸੀ.ਸੀ. ਕਮਿਸ਼ਨਿੰਗ ਸਫ਼ਲਤਾ ਦੇਸ਼ ਭਗਤ ਯੂਨੀਵਰਸਿਟੀ ਲਈ ਮਾਣ ਵਾਲੀ ਗੱਲ



ਮੰਡੀ ਗੋਬਿੰਦਗੜ੍ਹ, 3 ਮਈ (ਅੰਮ੍ਰਿਤਪਾਲ ਸਿੰਘ/ਸੂਦ): ਦੇਸ਼ ਭਗਤ ਯੂਨੀਵਰਸਿਟੀ ਨੇ ਸਬ-ਲੈਫਟੀਨੈਂਟ ਚਮਨਪ੍ਰੀਤ ਕੌਰ ਨੂੰ ਰੋਪੜ ਐਨਸੀਸੀ ਸਿਖਲਾਈ ਅਕੈਡਮੀ ਵਿਖੇ ਆਯੋਜਿਤ ਵੱਕਾਰੀ ਪਾਈਪਿੰਗ ਸਮਾਰੋਹ ਵਿੱਚ ਐਸੋਸੀਏਟ ਐਨਸੀਸੀ ਅਫਸਰ (ਏਐਨਓ) ਵਜੋਂ ਕਮਿਸ਼ਨ ਮਿਲਣ 'ਤੇ ਮਾਣ ਮਹਿਸੂਸ ਕੀਤਾ ਹੈ। ਕਮਾਂਡਿੰਗ ਅਫ਼ਸਰ ਕੈਪਟਨ ਹਰਜੀਤ ਸਿੰਘ ਦਿਓਲ ਦੀ ਪ੍ਰਧਾਨਗੀ ਹੇਠ ਹੋਏ ਇਸ ਸਮਾਰੋਹ ਵਿੱਚ, 75 ਦਿਨਾਂ ਦੇ ਪੀਆਰਸੀਐਨ (ਪ੍ਰੀ-ਕਮਿਸ਼ਨ ਕੋਰਸ ਨੇਵਲ) ਨੂੰ 'ਏ' ਗ੍ਰੇਡ ਨਾਲ ਪੂਰਾ ਕਰਨ ਲਈ ਚਮਨਪ੍ਰੀਤ ਕੌਰ ਦੀ ਸ਼ਾਨਦਾਰ ਪ੍ਰਾਪਤੀ ਨੂੰ ਮਾਨਤਾ ਦਿੱਤੀ ਗਈ। 9 ਅਕਤੂਬਰ ਤੋਂ 21 ਦਸੰਬਰ, 2024 ਤੱਕ ਕਰਵਾਏ ਗਏ ਇਸ ਕੋਰਸ ਵਿੱਚ ਉਮੀਦਵਾਰਾਂ ਦੀ ਸਹਿਣਸ਼ੀਲਤਾ, ਅਕਾਦਮਿਕਤਾ ਤੇ ਲੀਡਰਸ਼ਿਪ ਦੀ ਪਰਖ ਕੀਤੀ ਗਈ। ਸਬ-ਲੈਫਟੀਨੈਂਟ ਚਮਨਪ੍ਰੀਤ ਕੌਰ ਦੇ ਸ਼ਾਨਦਾਰ ਪ੍ਰਦਰਸ਼ਨ ਨੇ ਦੇਸ਼ ਭਗਤ ਯੂਨੀਵਰਸਿਟੀ ਨੂੰ ਬਹੁਤ ਪ੍ਰਸ਼ੰਸਾ ਦਿੱਤੀ। ਇਸ ਪ੍ਰਾਪਤੀ 'ਤੇ ਮਾਣ ਮਹਿਸੂਸ ਕਰਦੇ ਹੋਏ ਚਾਂਸਲਰ ਡਾ. ਜ਼ੋਰਾ ਸਿੰਘ, ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਅਤੇ ਵਾਈਸ ਚਾਂਸਲਰ ਡਾ. ਹਰਸ਼ ਸਦਾਵਰਤੀ ਨੇ ਕਿਹਾ ਕਿ ਸਬ ਲੈਫਟੀਨੈਂਟ ਕੌਰ ਦੇ ਪੂਰੇ ਕੋਰਸ ਦੌਰਾਨ ਸ਼ਲਾਘਾਯੋਗ ਪ੍ਰਦਰਸ਼ਨ ਨੇ ਉਸਨੂੰ ਆਪਣੇ ਸਾਥੀਆਂ ਵਿੱਚ ਵੱਖਰਾ ਕੀਤਾ, ਜੋ ਉਸਦੀ ਅਟੁੱਟ ਸਮਰਪਣ ਤੇ ਸੇਵਾ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਉਸਦੀ ਕਮਿਸ਼ਨਿੰਗ ਨਾ ਸਿਰਫ ਇੱਕ ਨਿੱਜੀ ਪ੍ਰਾਪਤੀ ਹੈ ਬਲਕਿ ਦੇਸ਼ ਭਗਤ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ ਲਈ ਇੱਕ ਮਾਣਮੱਤਾ ਮੀਲ ਪੱਥਰ ਵੀ ਹੈ, ਜਿੱਥੇ ਉਸਨੇ ਆਪਣੇ ਬੁਨਿਆਦੀ ਹੁਨਰਾਂ ਅਤੇ ਲੀਡਰਸ਼ਿਪ ਯੋਗਤਾਵਾਂ ਨੂੰ ਨਿਖਾਰਿਆ। ਇਸ ਮੌਕੇ ਕੈਪਟਨ ਦਿਓਲ ਨੇ ਉਨ੍ਹਾਂ ਦੇ ਸਮਰਪਣ ਦੀ ਸ਼ਲਾਘਾ ਕੀਤੀ, ਇਸਨੂੰ ਐਨ.ਸੀ.ਸੀ. ਦੁਆਰਾ ਵਿਕਸਤ ਕੀਤੇ ਗਏ ਅਨੁਸ਼ਾਸਨ ਅਤੇ ਲੀਡਰਸ਼ਿਪ ਦਾ ਪ੍ਰਤੀਬਿੰਬ ਕਿਹਾ। ਇਸ ਸਮਾਗਮ ਨੇ ਨਾ ਸਿਰਫ਼ ਸਬ ਲੈਫਟੀਨੈਂਟ ਚਮਨਪ੍ਰੀਤ ਕੌਰ ਲਈ ਇੱਕ ਨਵੀਂ ਸ਼ੁਰੂਆਤ ਦਾ ਜਸ਼ਨ ਮਨਾਇਆ ਸਗੋਂ ਦੇਸ਼ ਭਗਤ ਯੂਨੀਵਰਸਿਟੀ ਦੀ ਰਾਸ਼ਟਰੀ ਸੇਵਾ ਤੇ ਨਾਗਰਿਕ ਜ਼ਿੰਮੇਵਾਰੀ ਰਾਹੀਂ ਭਵਿੱਖ ਦੇ ਨੇਤਾਵਾਂ ਨੂੰ ਪਾਲਣ-ਪੋਸ਼ਣ ਕਰਨ ਦੀ ਵਚਨਬੱਧਤਾ ਨੂੰ ਵੀ ਮਜ਼ਬੂਤ ਕੀਤਾ।

# ਅਮਨ ਪਸੰਦ ਜਥੇਬੰਦੀਆਂ ਵੱਲੋਂ ਭਾਰਤ-ਪਾਕਿ ਟਕਰਾਅ ਰੋਕਣ ਲਈ ਪਾਕਿਸਤਾਨ ਤੋਂ ਪਹਿਲ ਦੀ ਮੰਗ

ਜਲੰਧਰ, 3 ਮਈ (ਚ.ਨ.ਸ): ਦੱਖਣੀ ਏਸ਼ੀਆ ਖ਼ਾਸ ਕਰਕੇ ਭਾਰਤ ਤੇ ਪਾਕਿਸਤਾਨ ਵਿਚਕਾਰ ਅਮਨ ਤੇ ਦੋਸਤੀ ਲਈ ਖਿੱਤੇ ਦੇ ਕੱਦਾਵਰ ਪੱਤਰਕਾਰ ਸਵਰਗੀ ਸ੍ਰੀ ਕੁਲਦੀਪ ਨਈਅਰ ਦੀ ਅਗਵਾਈ ਵਿੱਚ ਪਿਛਲੇ ਕਈ ਦਹਾਕਿਆਂ ਤੋਂ ਕੰਮ ਕਰਦੀਆਂ ਆ ਰਹੀਆਂ ਜਥੇਬੰਦੀਆਂ ਹਿੰਦ-ਪਾਕਿ ਦੋਸਤੀ ਮੰਚ, ਫੋਕਲੋਰ ਰੀਸਰਚ ਅਕਾਦਮੀ ਅੰਮ੍ਰਿਤਸਰ, ਪੰਜਾਬ ਜਾਗ੍ਰਿਤੀ ਮੰਚ ਜਲੰਧਰ ਅਤੇ ਪ੍ਰਗਤੀਸ਼ੀਲ ਲੇਖਕ ਸੰਘ ਨੇ ਪਹਿਲਗਾਮ ਵਿੱਚ ਦਹਿਸ਼ਤਗਰਦਾਂ ਵਲੋਂ ਸੈਲਾਨੀਆਂ 'ਤੇ ਕੀਤੇ ਗਏ ਘਿਨਾਉਣੇ ਹਮਲੇ ਤੋਂ ਬਾਅਦ,ਭਾਰਤ ਤੇ ਪਾਕਿਸਤਾਨ ਦਰਮਿਆਨ ਵੱਧ ਰਹੇ ਟਕਰਾਅ 'ਤੇ ਗਹਿਰੀ ਚਿੰਤਾ ਪ੍ਰਗਟ ਕੀਤੀ ਹੈ।

ਇਨ੍ਹਾਂ ਜਥੇਬੰਦੀਆਂ ਨਾਲ ਸਬੰਧਤ ਆਗੂਆਂ ਹਿੰਦ-ਪਾਕਿ ਦੋਸਤੀ ਮੰਚ ਦੇ ਜਨਰਲ ਸਕੱਤਰ ਸਤਨਾਮ ਸਿੰਘ ਮਾਣਕ, ਫੋਕ ਲੋਰ ਰੀਸਰਚ ਅਕਾਦਮੀ, ਅੰਮ੍ਰਿਤਸਰ ਦੇ ਪ੍ਰਧਾਨ ਰਮੇਸ਼ ਯਾਦਵ, ਪ੍ਰਗਤੀਸ਼ੀਲ ਲੇਖਕ ਸੰਘ ਦੇ ਪ੍ਰਧਾਨ ਡਾ. ਸੁਰਜੀਤ ਜੱਜ ਤੇ ਪੰਜਾਬ ਜਾਗ੍ਰਿਤੀ ਮੰਚ ਦੇ ਜਨਰਲ ਸਕੱਤਰ ਦੀਪਕ ਬਾਲੀ ਨੇ ਕਿਹਾ ਕਿ ਇਸ ਸਮੇਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ ਸ਼ਰੀਫ ਨੂੰ ਆਪਣੇ ਦੇਸ਼ ਵੱਲੋਂ ਇਕ ਵੱਡੀ ਪਹਿਲ ਕਰਦਿਆਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਆਪ ਗੱਲ ਕਰਕੇ ਸੈਲਾਨੀਆਂ 'ਤੇ ਕੀਤੇ ਗਏ ਹਮਲੇ ਦੀ ਸਖਤ ਨਿੰਦਾ ਕਰਨੀ ਚਾਹੀਦੀ ਹੈ ਅਤੇ ਇਹ ਭਰੋਸਾ ਦੁਆਉਣਾ ਚਾਹੀਦਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਪਾਕਿਸਤਾਨ ਆਪਣੀ ਧਰਤੀ ਦੀ ਭਾਰਤ ਵਿਰੋਧੀ ਦਹਿਸ਼ਤਗਰਦ ਤਨਜ਼ੀਮਾਂ ਨੂੰ ਕਿਸੇ ਵੀ ਰੂਪ ਵਿੱਚ ਵਰਤੋਂ ਕਰਨ ਦੀ ਆਗਿਆ ਨਹੀਂ ਦੇਵੇਗਾ ਤੇ ਪਹਿਲਗਾਮ ਕਾਂਡ ਦੇ ਦੋਸ਼ੀਆਂ ਵਿਰੁੱਧ ਕਾਰਵਾਈ ਵਿੱਚ ਵੀ ਭਾਰਤ ਨਾਲ ਪੂਰਾ-ਪੂਰਾ ਸਹਿਯੋਗ ਕਰੇਗਾ।

# ਨਸ਼ਾ ਪੰਜਾਬ 'ਚ ਰਹਿਣ ਨਹੀਂ ਦੇਣਾ ਤੇ ਪਾਣੀ ਸੂਬੇ ਦਾ ਬਾਹਰ ਜਾਣ ਨਹੀਂ ਦੇਣਾ : ਸੌਂਦ



ਫ਼ਤਹਿਗੜ੍ਹ ਸਾਹਿਬ, 3 ਮਈ (ਹਰਪ੍ਰੀਤ ਕੌਰ ਟਿਵਾਣਾ): ਪਿਛਲੀਆਂ ਸਰਕਾਰਾਂ ਦੀਆਂ ਪੁਸ਼ਤ ਪਨਾਹੀਆਂ ਕਾਰਨ ਪੰਜਾਬ ਵਿੱਚ ਵੱਡੇ ਪੱਧਰ ਉੱਤੇ ਨਸ਼ੇ ਪੁੱਜੇ ਅਤੇ ਪਾਣੀਆਂ ਦੀ ਲੁੱਟ ਵੀ ਹੁੰਦੀ ਰਹੀ ਹੈ। ਇਸ ਕਾਰਨ ਕਦੇ ਪੰਜਾਬ ਵਿੱਚ ਦਹਿਸ਼ਤਗਰਦੀ ਦਾ ਦੌਰ ਆਇਆ ਤੇ ਕਦੇ ਪੰਜਾਬ ਦੇ ਨੌਜਵਾਨਾਂ ਨੂੰ ਵਿਦੇਸ਼ ਜਾਣ ਲਈ ਮਜਬੂਰ ਹੋਣਾ ਪਿਆ। ਕਈ ਆਗੂਆਂ ਨੇ ਗੁਰਦੁਆਰਾ ਸਾਹਿਬ ਵੱਲ ਹੱਥ ਕਰ ਕੇ ਨਸ਼ੇ ਖਤਮ ਕਰਨ ਦੀ ਸਹੁੰ ਵੀ ਖਾਧੀ ਪਰ ਲੋਕਾਂ ਨੂੰ ਧੋਖਾ ਹੀ ਮਿਲਿਆ ਤੇ ਨਸ਼ਿਆਂ ਵਿੱਚ ਵਾਧਾ ਹੁੰਦਾ ਗਿਆ। ਪੰਜਾਬ ਦੇ ਪਾਣੀ ਦੀ ਲੁੱਟ ਲਈ ਨਹਿਰਾਂ ਬਣਾਉਣ ਲਈ ਟੱਕ ਲਾਉਣ ਵਾਲੇ ਆਗੂ ਬਾਅਦ ਵਿੱਚ ਆਪਣੇ ਆਪ ਨੂੰ ਪਾਣੀਆਂ ਦੇ ਰਾਖੇ ਵੀ ਅਖਵਾਉਂਦੇ ਰਹੇ। ਇਹ ਤਾਂ ਮੁੱਖ ਮੰਤਰੀ, ਪੰਜਾਬ, ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਬਣਨ 'ਤੇ ਪੰਜਾਬ ਦੇ ਹਾਲਾਤ ਸੁਧਰਨ ਵਾਲੇ ਪਾਸੇ ਮੁੜੇ ਹਨ ਤੇ ਅੱਜ ਪੰਜਾਬ ਰੰਗਲਾ ਪੰਜਾਬ ਬਣਨ ਦੇ ਰਾਹ ਪਿਆ ਹੈ। ਪੰਜਾਬ ਵਿੱਚ ਨਸ਼ਾ ਕਿਸੇ ਵੀ ਹਾਲਤ ਵਿੱਚ ਰਹਿਣ ਨਹੀਂ ਦਿੱਤਾ ਜਾਵੇਗਾ ਅਤੇ ਪੰਜਾਬ ਦੇ ਪਾਣੀਆਂ ਦੀ ਲੁੱਟ ਬਿਲਕੁਲ ਨਹੀਂ ਹੋਣ ਦਿੱਤੀ ਜਾਵੇਗੀ । ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਦੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਸੋਹਣ ਫਾਰਮ, ਸਰਹਿੰਦ ਵਿਖੇ ਜ਼ਿਲ੍ਹਾ ਪੱਧਰੀ ਵਿਲੇਜ ਡਿਫੈਂਸ ਕਮੇਟੀ ਦੀ ਮੀਟਿੰਗ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਕੀਤਾ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਸਰਵਪੱਖੀ ਵਿਕਾਸ ਲਈ ਦਿਨ-ਰਾਤ ਇੱਕ ਕਰ ਕੇ ਕੰਮ ਕਰ ਰਹੀ ਹੈ, ਜਿਸ ਦੇ ਸਾਰਥਕ ਸਿੱਟੇ ਸਾਹਮਣੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਪਹਿਲਾਂ ਵਿਦਿਅਕ ਸੈਸ਼ਨ ਤੋਂ 02-02 ਮਹੀਨੇ ਬਾਅਦ ਵੀ ਵਿਦਿਆਰਥੀਆਂ ਨੂੰ ਕਿਤਾਬਾਂ ਨਹੀਂ ਮਿਲਦੀਆਂ ਹੁੰਦੀਆਂ ਸਨ ਪਰ ਹੁਣ 01 ਅਪ੍ਰੈਲ ਨੂੰ ਸੈਸ਼ਨ ਸ਼ੁਰੂ ਹੋਇਆ ਪਰ ਅਗੇਤੇ ਤੌਰ ਉੱਤੇ ਹੀ 20 ਮਾਰਚ ਨੂੰ ਸਰਕਾਰੀ ਸਕੂਲਾਂ ਵਿੱਚ ਕਿਤਾਬਾਂ ਤੇ ਵਰਦੀਆਂ ਪੁੱਜ ਗਈਆਂ ਸਨ। ਉਨ੍ਹਾਂ ਕਿਹਾ ਕਿ ਅੱਜ ਵੱਡੀ ਗਿਣਤੀ ਲੋਕਾਂ ਦਾ ਬਿਜਲੀ ਦਾ ਬਿੱਲ ਜ਼ੀਰੋ ਆ ਰਿਹਾ ਹੈ ਤੇ ਖੇਤਾਂ ਨੂੰ ਬਿਜਲੀ ਵੀ ਪੂਰੀ ਮਿਲ ਰਹੀ ਹੈ। ਇਸ ਮੌਕੇ ਹਲਕਾ ਅਮਲੋਹ ਦੇ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਅਜੈ ਸਿੰਘ ਲਿਬੜਾ, ਮਾਰਕਿਟ ਕਮੇਟੀ ਸਰਹਿੰਦ ਦੇ ਚੇਅਰਮੈਨ ਗੁਰਵਿੰਦਰ ਸਿੰਘ ਢਿੱਲੋਂ, ਮਾਰਕਿਟ ਕਮੇਟੀ ਮੰਡੀ ਗੋਬਿੰਦਗੜ੍ਹ ਦੇ ਚੇਅਰਮੈਨ ਜਗਦੀਪ ਸਿੰਘ, ਨਸ਼ਾ ਮੁਕਤੀ ਮੋਰਚਾ ਦੇ ਜ਼ਿਲ੍ਹਾ ਕੋਆਰਡੀਨੇਟਰ ਓਂਕਾਰ ਸਿੰਘ ਚੌਹਾਨ, ਸਮੇਤ ਆਮ ਆਦਮੀ ਪਾਰਟੀ ਦੇ ਵੱਖ ਵੱਖ ਅਹੁਦੇਦਾਰ, ਪਤਵੰਤੇ ਤੇ ਵੱਡੀ ਗਿਣਤੀ ਵਿਲੇਜ ਡਿਫੈਂਸ ਕਮੇਟੀਆਂ ਦੇ ਮੈਂਬਰ ਹਾਜ਼ਰ ਸਨ।

# 'ਯੁੱਧ ਨਸ਼ਿਆਂ ਵਿਰੁੱਧ' ਜਲੰਧਰ ਦੀ ਰੈਲੀ 'ਚ ਭੋਗਪੁਰ ਤੋਂ ਜੱਥਾ ਹੋਇਆ ਰਵਾਨਾ



ਭੋਗਪੁਰ, 3 ਮਈ (ਅਮਰਜੀਤ ਸਿੰਘ ਜੰਡੀਰ ਸੈਣੀ): ਆਮ ਆਦਮੀ ਪਾਰਟੀ ਹਲਕਾ ਆਦਮਪੁਰ ਦੇ ਬਰਕਤ ਰਾਮ ਚੇਅਰਮੈਨ ਦਾ ਲੰਬਾ ਕਾਫਲਾ ਜਲੰਧਰ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੁੱਧ ਨਸ਼ਾ ਵਿਰੁੱਧ ਰੈਲੀ ਵਿੱਚ ਬੱਸਾਂ ਤੇ ਕਾਰਾਂ ਲੈ ਕੇ ਲੰਬੀਆਂ ਕਤਾਰਾਂ 'ਚ ਸ਼ਾਮਿਲ ਹੋਇਆ। ਚੇਅਰਮੈਨ ਬਰਕਤ ਰਾਮ ਨੇ ਕਿਹਾ ਕਿ ਪੰਜਾਬ ਵਿੱਚੋਂ ਨਸ਼ੇ ਨੂੰ ਜੜੋਂ ਖਤਮ ਕਰਨ ਲਈ ਪੰਜਾਬ ਸਰਕਾਰ ਵੱਲੋਂ ਬਹੁਤ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਅੱਜ ਨਸ਼ਿਆਂ ਨੂੰ ਠੱਲ ਪਾਉਣ ਲਈ ਜਲੰਧਰ ਵਿੱਚ ਵੱਡੀ ਰੈਲੀ ਰੱਖੀ ਗਈ ਹੈ। ਉਹਨਾਂ ਕਿਹਾ ਕਿ ਰੈਲੀ ਵਿੱਚ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਅਤੇ ਕੇਜਰੀਵਾਲ ਮੁੱਖ ਮਹਿਮਾਨ ਪਹੁੰਚ ਰਹੇ ਹਨ। ਇਸ ਮੌਕੇ 'ਤੇ ਬਲਾਕ ਪ੍ਰਧਾਨ ਮਦਨ ਸਿੰਘ ਅਤੇ ਸਤਨਾਮ ਸਿੰਘ ਮਨਕੋਟੀਆ ਨੇ ਕਿਹਾ ਕਿ ਉਹਨਾਂ ਵੱਲੋਂ 9 ਪਿੰਡਾਂ ਦੇ ਪੰਚ ਸਰਪੰਚ ਅਤੇ ਹੋਰ ਇਲਾਕੇ ਦੇ ਲੋਕ ਗੱਡੀਆਂ ਤੇ ਬੱਸਾਂ ਵੱਡੇ ਕਾਫਲੇ 'ਚ ਰੈਲੀ 'ਚ ਸ਼ਾਮਿਲ ਹੋਣ ਲਈ ਭੋਗਪੁਰ ਇਕੱਤਰ ਹੋਏ ਹਨ ਤੇ ਜਲੰਧਰ ਰੈਲੀ ਨੂੰ ਰਵਾਨਾ ਹੋ ਰਹੇ ਹਨ। ਸਤਨਾਮ ਸਿੰਘ ਮਨਕੋਟੀਆ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਰੱਖਿਆ ਗਿਆ। ਯੁੱਧ ਨਸ਼ਾ ਵਿਰੁੱਧ ਨਾਅਰਾ ਨਹੀਂ ਹੈ। ਇਹ ਹਕੀਕਤ ਹੈ ਕੇ ਨਸ਼ਾ ਤਸਕਰਾਂ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਜੋ ਵਿਰੋਧੀ ਲੋਕ ਆਖਦੇ ਹਨ ਕਿ ਪੰਜਾਬ ਸਰਕਾਰ ਦਾ ਪੀਲਾ ਪੰਜਾ ਵੱਡੇ ਲੋਕਾਂ 'ਤੇ ਨਹੀਂ ਚੱਲਦਾ ਹੈ ਗਰੀਬ ਲੋਕਾਂ 'ਤੇ ਚਲਦਾ ਹੈ। ਉਨ੍ਹਾਂ ਵਿਰੋਧੀ ਧਿਰ ਨੂੰ ਜਵਾਬ ਦਿੰਦੇ ਹੋਏ ਕਿਹਾ ਹੈ ਕਿ ਨਸ਼ਾ ਤਸਕਰ ਵੱਡਾ ਹੋਵੇ ਜਾਂ ਛੋਟਾ ਹੋਵੇ ਬਖਸ਼ਿਆ ਨਹੀਂ ਜਾਵੇਗਾ ਤੇ ਪੰਜਾਬ ਸਰਕਾਰ ਦਾ ਪੀਲਾ ਪੰਜਾ ਸਭ ਨਸ਼ਾ ਵੇਚਣ ਵਾਲਿਆਂ ਬਰਾਬਰ ਚੱਲੇਗਾ।

# ਜਲ ਸਰੋਤਾਂ ਦੇ ਸੁਕਣ 'ਤੇ ਰਾਜਸੀ ਆਗੂਆਂ ਦੀ ਮੰਦਭਾਗੀ ਬਿਆਨਬਾਜ਼ੀ 'ਤੇ ਬਾਬਾ ਬਲਬੀਰ ਸਿੰਘ ਨੇ ਚਿੰਤਾ ਪ੍ਰਗਟਾਈ



ਸ੍ਰੀ ਅਨੰਦਪੁਰ ਸਾਹਿਬ, 3 ਮਈ (ਤਰਲੋਚਨ ਸਿੰਘ): ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਵੱਲੋਂ ਪੰਜਾਬ ਤੇ ਹਰਿਆਣਾ ਦਰਮਿਆਨ ਪਾਣੀਆਂ ਦੀ ਵੰਡ ਸਬੰਧੀ ਜੋ ਰੇੜਕਾ ਪਿਆ ਹੈ, ਉਸ ਨੂੰ ਇਸ ਰਾਜ ਖਿੱਤੇ ਲਈ ਮੰਦਭਾਗਾ ਕਿਹਾ ਹੈ। ਨਿਹੰਗ ਮੁਖੀ ਨੇ ਕਿਹਾ ਪਿਛਲੇ ਲੰਮੇ ਸਮੇਂ ਤੋਂ ਬੋਰਡ ਦੇ ਪ੍ਰਬੰਧ ਹੇਠ ਰਾਜਾਂ ਦਰਮਿਆਨ ਪਾਣੀਆਂ ਦੀ ਵੰਡ ਨੂੰ ਲੈ ਕੇ ਉੱਠਦੇ ਰਹੇ ਵਿਵਾਦ ਸੁਚੱਜੇ ਢੰਗ ਨਾਲ ਨਿਪਟਾਏ ਜਾਂਦੇ ਰਹੇ ਹਨ। ਉਨ੍ਹਾਂ ਕਿਹਾ ਇਸ ਵਾਰ ਉੱਠੇ ਇਸ ਵਿਵਾਦ ਦੀ ਸੁਰ ਇੰਨੀ ਉੱਚੀ ਕਿਉਂ ਹੋਈ ਹੈ ਅਤੇ ਇਹ ਮਸਲਾ ਇੰਨਾ ਗੁੰਝਲਦਾਰ ਕਿਉਂ ਹੋਇਆ। ਸਭ ਸਬੰਧਤ ਧਿਰਾਂ ਨੂੰ ਇਸ ਬਾਰੇ ਸੋਚਣ ਦੀ ਲੋੜ ਹੈ। ਉਨ੍ਹਾਂ ਕਿਹਾ ਪੰਜਾਬ ਦੇ ਪਾਣੀ ਸਬੰਧੀ ਲੋੜਾਂ ਨੂੰ ਵੀ ਅਹਿਮੀਅਤ ਦਿੱਤੀ ਜਾਣੀ ਚਾਹੀਦੀ ਹੈ। ਕੇਂਦਰ ਸਰਕਾਰ ਵੱਲੋਂ ਆਪਣੇ ਫੈਸਲੇ ਨੂੰ ਲਾਗੂ ਕਰਨ ਲਈ ਬੋਰਡ ਦੇ ਅਫ਼ਸਰਾਂ ਨੂੰ ਬਦਲਿਆ ਜਾਣਾ, ਬੇਹੱਦ ਇਤਰਾਜ਼ਯੋਗ ਅਤੇ ਨਿੰਦਣਯੋਗ ਹੈ। ਬੁੱਢਾ ਦਲ ਦੇ ਸਕੱਤਰ ਦਿਲਜੀਤ ਸਿੰਘ ਬੇਦੀ ਵੱਲੋਂ ਇੱਕ ਲਿਖਤੀ ਪ੍ਰੈਸ ਬਿਆਨ ਜਾਰੀ ਕੀਤਾ ਹੈ, ਜਿਸ ਵਿੱਚ ਬਾਬਾ ਬਲਬੀਰ ਸਿੰਘ ਨੇ ਕਿਹਾ ਸਰਕਾਰਾਂ ਤੇ ਰਾਜਸੀ ਆਗੂਆਂ ਦੀ ਬਿਆਨਬਾਜ਼ੀ ਨੇ ਅਜਿਹੀ ਅਜੀਬ ਸਥਿਤੀ ਪੈਦਾ ਕਰ ਦਿੱਤੀ, ਜੋ ਵਿਵਾਦ ਬੇਹੱਦ ਵਧਦਾ ਜਾ ਰਿਹਾ ਹੈ। ਜਿੱਥੋਂ ਤੱਕ ਪਾਣੀਆਂ ਦੀ ਸੁਚੱਜੀ ਵਰਤੋਂ ਦਾ ਸਬੰਧ ਹੈ, ਅਸੀਂ ਸਮਝਦੇ ਕਿ ਪਿਛਲੇ ਲੰਮੇ ਸਮੇਂ ਤੋਂ ਦੋਵੇਂ ਹੀ ਰਾਜ ਸਰਕਾਰਾਂ ਨੇ ਧਰਤੀ ਹੇਠਲੇ ਪਾਣੀ ਦੀ ਰੱਜ ਕੇ ਦੁਰਵਰਤੋਂ ਕੀਤੀ ਹੈ, ਜਿਸ ਨਾਲ ਪਾਣੀ ਦਾ ਇਹ ਸਰੋਤ ਸੁੱਕਣ ਦੇ ਕਿਨਾਰੇ 'ਤੇ ਆ ਗਿਆ ਹੈ। ਦੋਵੇਂ ਰਾਜ ਇਸ ਪ੍ਰਤੀ ਅਣਗਹਿਲੀ ਵਰਤਦੇ ਹੋਏ, ਇਸ ਸਰੋਤ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਲਈ ਆਮਾਦਾ ਹਨ। ਉਨ੍ਹਾਂ ਕਿਹਾ ਖੇਤੀ ਸਨਅਤਾਂ, ਕਸਬਿਆਂ, ਸ਼ਹਿਰਾਂ ਵਿਚ ਪਾਣੀ ਦੀ ਵਰਤੋਂ ਪ੍ਰਤੀ ਵੱਡੀ ਅਣਗਹਿਲੀ ਵਰਤੀ ਜਾ ਰਹੀ ਹੈ। ਸਥਾਨਕ ਸਰਕਾਰਾਂ ਇਸ ਵਿਚ ਕਿਸੇ ਤਰ੍ਹਾਂ ਦਾ ਕੋਈ ਜ਼ਾਬਤਾ ਲਿਆਉਣ ਜਾਂ ਇਸ ਸਬੰਧੀ ਸਖ਼ਤ ਕਾਨੂੰਨ ਬਣਾਉਣ ਵਿਚ ਅਸਫਲ ਰਹੀਆਂ ਹਨ। ਉਨ੍ਹਾਂ ਸੁਹਿਰਦ ਨਾਲ ਕਿਹਾ ਜੇ ਆਉਂਦੇ ਸਮੇਂ ਵਿਚ ਦਰਿਆਵਾਂ 'ਤੇ ਨਿਰਭਰਤਾ ਵਧਣ ਨਾਲ ਇਹ ਸੰਕਟ ਵਧਦਾ ਰਹੇਗਾ ਅਤੇ ਇਸ ਦਾ ਸਾਹਮਣਾ ਕਰਨਾ ਸਰਕਾਰਾਂ ਅਤੇ ਲੋਕਾਂ ਦੀ ਮਜਬੂਰੀ ਹੋਵੇਗੀ। ਉਨ੍ਹਾਂ ਸਪੱਸ਼ਟ ਕਰਦਿਆਂ ਕਿਹਾ ਪਾਣੀ ਦੀ ਬੱਚਤ ਲਈ ਨਵੀਆਂ ਤਕਨੀਕਾਂ ਈਜ਼ਾਦ ਕਰਨ ਦੀ ਲੋੜ ਹੈ। ਉੱਥੇ ਬਾਰਿਸ਼ ਅਤੇ ਹੋਰ ਸਰੋਤਾਂ ਦੇ ਪਾਣੀ ਨੂੰ ਹਰ ਸੂਰਤ ਵਿਚ ਸੰਭਾਲੇ ਜਾਣ ਦੀ ਵੀ ਲੋੜ ਹੈ। ਉਨ੍ਹਾਂ ਕਿਹਾ ਅਸੀਂ ਸਿਆਸੀ ਪਾਰਟੀਆਂ ਨੂੰ ਇਹ ਅਪੀਲ ਕਰਦੇ ਹਾਂ ਕਿ ਉਹ ਇਸ ਮਸਲੇ 'ਤੇ ਆਪਸੀ ਮੁਕਾਬਲੇਬਾਜ਼ੀ ਵਿਚ ਨਾ ਪੈਣ। ਰਾਜ ਸਰਕਾਰਾਂ ਮਿਲ-ਬੈਠ ਕੇ ਭਰਾਤਰੀ ਭਾਵ ਨਾਲ ਅਤੇ ਨਿਆਂ ਸੰਗਤ ਢੰਗ ਨਾਲ ਇਸ ਨੂੰ ਹੱਲ ਕਰਨ ਲਈ ਗੰਭੀਰ ਹੋ ਕੇ ਯਤਨ ਕਰਨ।

# ਕੈਬਨਿਟ ਮੰਤਰੀ ਭੁੱਲਰ, ਡਾ.ਬਲਜੀਤ ਕੌਰ ਤੇ ਸਪੀਕਰ ਸੰਧਵਾਂ ਤੋਂ ਇਲਾਵਾ 'ਆਪ' ਆਗੂਆਂ ਨੂੰ ਕਿਸਾਨਾਂ ਦੇ ਵਿਰੋਧ ਦਾ ਕਰਨਾ ਪਿਆ ਸਾਹਮਣਾ



ਫਰੀਦਕੋਟ, 3 ਮਈ (ਅਵਤਾਰ ਸਿੰਘ ਮੱਲਾ): ਅੱਜ ਫ਼ਰੀਦਕੋਟ 'ਚ ਪੰਜਾਬ ਸਰਕਾਰ ਵੱਲੋਂ ਰੱਖੇ ਸਮਾਗਮ ਯੁੱਧ ਨਸ਼ਿਆਂ ਵਿਰੁੱਧ ਵਿੱਚ ਸ਼ਾਮਿਲ ਹੋਣ ਲਈ ਕੈਬਨਿਟ ਮੰਤਰੀ ਲਾਲਜੀਤ ਭੁੱਲਰ ਤੋਂ ਇਲਾਵਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਅਤੇ ਕੈਬਨਿਟ ਮੰਤਰੀ ਮੈਡਮ ਬਲਜੀਤ ਕੌਰ ਵਿਸ਼ੇਸ਼ ਤੌਰ 'ਤੇ ਫਰੀਦਕੋਟ ਪੁੱਜੇ, ਜਿੱਥੇ ਉਹਨਾਂ ਵੱਲੋਂ ਇਸ ਸਮਾਗਮ ਵਿੱਚ ਲੋਕਾਂ ਨੂੰ ਸੰਬੋਧਨ ਕਰਨਾ ਸੀ, ਪਰ ਇਸੇ ਦੌਰਾਨ ਹੀ ਕਿਸਾਨ ਜਥੇਬੰਦੀਆਂ ਵੱਲੋਂ ਆਪਣੀ ਮਿੱਥੇ ਪ੍ਰੋਗਰਾਮ ਤਹਿਤ ਮੰਤਰੀਆਂ ਤੋਂ ਸਵਾਲ ਕਰਨ ਲਈ ਸਮਾਗਮ ਵਾਲੀ ਜਗ੍ਹਾ ਵੱਲ ਕੂਚ ਕੀਤਾ ਗਿਆ, ਪਰ ਸਮਾਗਮ ਤੋਂ 500 ਮੀਟਰ ਦੂਰੀ 'ਤੇ ਹੀ ਪੁਲਿਸ ਵੱਲੋਂ ਇਹਨਾਂ ਕਿਸਾਨਾਂ ਨੂੰ ਰੋਕ ਲਿਆ ਗਿਆ। ਹਾਲਾਂਕਿ ਕਿਸਾਨ ਅੱਗੇ ਵਧਣ ਲਈ ਡਟੇ ਰਹੇ ਅਤੇ ਇਸੇ ਦੌਰਾਨ ਪੁਲਿਸ ਨਾਲ ਬਹਿਸਬਾਜ਼ੀ ਅਤੇ ਧੱਕਾਮੁੱਕੀ ਵੀ ਹੋਈ। ਇਸ ਮੌਕੇ ਪੁਲਿਸ ਵੱਲੋਂ ਕਿਸਾਨਾਂ ਨੂੰ ਜ਼ਬਰੀ ਹਿਰਾਸਤ ਵਿੱਚ ਲੈ ਕੇ ਗੱਡੀਆਂ ਵਿੱਚ ਬਿਠਾ ਕੇ ਕਿਸੇ ਅਣਦੱਸੀ ਥਾਂ 'ਤੇ ਲਿਜਾਇਆ ਗਿਆ। ਕਿਸਾਨਾਂ ਵੱਲੋਂ ਕਿਹਾ ਗਿਆ ਕਿ ਅੱਗ ਅਤੇ ਹੋਰ ਕਾਰਨਾਂ ਕਰਕੇ ਫਸਲਾਂ ਦੇ ਹੋਏ ਵੱਡੇ ਨੁਕਸਾਨਾਂ ਤੋਂ ਇਲਾਵਾ ਉਹ ਖਨੌਰੀ ਬਾਰਡਰ 'ਤੇ ਕਿਸਾਨਾਂ ਨਾਲ ਹੋਈ ਧੱਕੇਸ਼ਾਹੀ ਅਤੇ ਕਿਸਾਨਾਂ ਦੇ ਚੋਰੀ ਹੋਏ ਸਮਾਨ ਸਬੰਧੀ ਉਹ ਮੰਤਰੀਆਂ ਨਾਲ ਗੱਲ ਕਰਨਾ ਚਾਹੁੰਦੇ ਸਨ ਅਤੇ ਇਸ ਤੋਂ ਇਲਾਵਾ ਸ਼ੰਭੂ ਅਤੇ ਖਨੌਰੀ ਬਾਰਡਰ 'ਤੇ ਕਿਸਾਨਾਂ ਦੇ ਸੰਦਾਂ ਦਾ ਵੱਡਾ ਨੁਕਸਾਨ ਹੋਇਆ। ਉਸ ਸਬੰਧੀ ਵੀ ਮੰਤਰੀਆਂ ਨੂੰ ਸਵਾਲ ਕਰਨਾ ਚਾਹੁੰਦੇ ਸਨ, ਪਰ ਪੁਲਿਸ ਵੱਲੋਂ ਉਹਨਾਂ ਨਾਲ ਮਿਲਨ ਨਹੀਂ ਦਿੱਤਾ ਜਾ ਰਿਹਾ ਅਤੇ ਜ਼ਬਰੀ ਕਿਸਾਨਾਂ ਨਾਲ ਧੱਕਾ ਮੁੱਕੀ ਕਰਕੇ ਉਨ੍ਹਾਂ ਨੂੰ ਹਿਰਾਸਤ ਵਿੱਚ ਲਿਆ ਜਾ ਰਿਹਾ। ਉਹਨਾਂ ਕਿਹਾ ਕਿ ਇੱਕ ਪਾਸੇ ਤਾਂ ਸਰਕਾਰ ਯੁੱਧ ਨਸ਼ਿਆਂ ਵਿਰੁੱਧ ਦਾ ਢੰਡੋਰਾ ਪਿੱਟ ਕੇ ਪੰਜਾਬ ਵਿੱਚ ਨਸ਼ੇ ਖਤਮ ਹੋਣ ਦਾ ਦਾਅਵਾ ਕਰ ਰਹੀ ਹੈ ਪਰ ਦੂਜੇ ਪਾਸੇ ਸ਼ਰੇਆਮ ਨਸ਼ਾ ਹਾਲੇ ਵੀ ਵਿੱਕ ਰਿਹਾ ਹੈ। ਉਹਨਾਂ ਦੋਸ਼ ਲਗਾਉਂਦੇ ਕਿਹਾ ਕਿ ਸਰਕਾਰ ਦੇ ਚਹੇਤੇ ਹੀ ਨਸ਼ਾ ਵਿਕਵਾ ਰਹੇ ਹਨ ਅਤੇ ਸਰਕਾਰ ਉਨ੍ਹਾਂ ਨੂੰ ਬਚਾਉਣ 'ਤੇ ਲੱਗੀ ਹੋਈ ਹੈ। ਇਸ ਮੌਕੇ ਬੀਕੇਯੂ ਏਕਤਾ ਸਿੱਧੂਪੁਰ ਦੇ ਜ਼ਿਲ੍ਹਾ ਪ੍ਰਧਾਨ ਬੋਹੜ ਸਿੰਘ ਰੁਪਈਆਂ ਵਾਲਾ, ਇੰਦਰਜੀਤ ਸਿੰਘ ਘਣੀਆਂ, ਬਲਜਿੰਦਰ ਸਿੰਘ ਵਾੜਾ ਭਾਈਕਾ, ਗੁਰਾਂਦਿੱਤਾ ਸਿੰਘ ਬਾਜਾਖਾਨਾ, ਵਿਪਨ ਸੇਖੋਂ, ਨਾਇਬ ਸਿੰਘ ਸ਼ੇਰ ਸਿੰਘ ਵਾਲਾ ਸਮੇਤ ਵੱਡੀ ਗਿਣਤੀ ਕਿਸਾਨ ਆਗੂ ਤੇ ਪਿੰਡਾਂ ਦੇ ਵਰਕਰ ਹਾਜ਼ਰ ਸਨ।

# ਰਣਦੀਪ ਸਿੰਘ ਨਾਭਾ ਨੇ ਪਹਿਲਗਾਮ ਦੇ ਸ਼ਹੀਦਾਂ ਦੀ ਯਾਦ 'ਚ ਬਜ਼ਾਰਾਂ 'ਚ ਮੋਮਬੱਤੀ ਮਾਰਚ ਕੱਢਿਆ



ਮੰਡੀ ਗੋਬਿੰਦਗੜ੍ਹ, 3 ਮਈ (ਸੂਦ): ਬੀਤੇ ਦਿਨੀਂ ਪਹਿਲਗਾਮ 'ਚ ਹੋਏ ਅੱਤਵਾਦੀ ਹਮਲੇ ਵਿਚ ਮਾਰੇ ਗਏ ਨਿਰਦੋਸ਼ ਸੈਲਾਨੀਆਂ ਨੂੰ ਸ਼ਰਧਾਂਜਲੀ ਦੇਣ ਲਈ ਸਾਬਕਾ ਮੰਤਰੀ ਰਣਦੀਪ ਸਿੰਘ ਨਾਭਾ ਦੀ ਅਗਵਾਈ ਵਿਚ ਬਲਾਕ ਮੰਡੀ ਗੋਬਿੰਦਗੜ੍ਹ ਤੇ ਅਮਲੋਹ ਦੇ ਕਾਂਗਰਸ ਵਰਕਰਾਂ ਵਲੋਂ ਵੱਡੀ ਗਿਣਤੀ ਵਿਚ ਇਕਠੇ ਹੋ ਕੇ ਸ਼ਹਿਰ ਦੇ ਬਜ਼ਾਰਾਂ ਵਿਚ ਮੋਮਬੱਤੀ ਮਾਰਚ ਕੱਢਿਆ ਗਿਆ। ਉਨ੍ਹਾਂ ਬੇਦੋਸ਼ੇ ਮਾਰੇ ਗਏ ਸੈਲਾਨੀਆਂ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਦੋਸ਼ੀਆਂ ਖਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ। ਇਸ ਮੌਕੇ ਸਾਬਕਾ ਮੰਤਰੀ ਰਣਦੀਪ ਸਿੰਘ ਨਾਭਾ ਦੀ ਪਤਨੀ ਬਹਿਸਤਾ ਸਿੰਘ ਨੇ ਵੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਜ਼ਿਲ੍ਹਾ ਯੋਜਨਾ ਬੋਰਡ ਦੇ ਸਾਬਕਾ ਚੇਅਰਮੈਨ ਹਰਿੰਦਰ ਸਿੰਘ ਭਾਂਬਰੀ, ਬਲਾਕ ਕਾਂਗਰਸ ਪ੍ਰਧਾਨ ਸੰਜੀਵ ਦੱਤਾ, ਅਮਲੋਹ ਦੇ ਪ੍ਰਧਾਨ ਜਗਵੀਰ ਸਿੰਘ ਸਲਾਣਾ, ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਅਤੇ ਕੌਂਸਲਰ ਅਰਵਿੰਦ ਸਿੰਗਲਾ, ਕੌਂਸਲਰ ਰਾਜਿੰਦਰ ਸਿੰਘ ਬਿੱਟੂ, ਡਾ. ਜੋਗਿੰਦਰ ਸੈਣੀ, ਸਾਬਕਾ ਕੌਂਸਲ ਪ੍ਰਧਾਨ ਜਗਮੀਤ ਸਿੰਘ ਸਹੋਤਾ, ਬਲਵੰਤ ਰਾਏ ਖੰਨਾ, ਕੌਂਸਲਰ ਚਰਨਜੀਤ ਬਾਜਵਾ, ਰੋਹਿਤ ਸ਼ਰਮਾ, ਅਮਰਿੰਦਰ ਮਾਕਨ, ਕਮਲਜੀਤ ਸੋਮਾ, ਵਿਨੇ ਸ਼ਰਮਾ, ਡਿੰਪਲ ਸ਼ਰਮਾ, ਨਈਮ ਅਹਿਮਦ, ਜੰਗ ਸ਼ੇਰ ਬਹਾਦੁਰ, ਰਾਜੂ ਸ਼ਾਹੀ, ਕੌਂਸਲਰ ਹਮੀਤ ਕੌਰ ਭਾਂਬਰੀ, ਸਵਰਨਜੀਤ ਕੌਰ, ਰਣਜੀਤ ਸਿੰਘ ਅਜਨਾਲੀ, ਮਹਿਲਾ ਕਾਂਗਰਸ ਦੀ ਸੂਬਾਈ ਆਗੂ ਨੀਲਮ ਰਾਣੀ, ਨੀਤੂ ਸਿੰਘੀ, ਪੂਨਮ ਗੋਸਾਈ, ਟੀਨਾ ਭਰਮਾ, ਨੈਨਸੀ ਸ਼ਰਮਾ, ਭੁਪਿੰਦਰ ਸਿੰਘ ਸੰਧੂ, ਇੰਦਰਜੀਤ ਸਿੰਘ ਰੰਧਾਵਾ, ਸਤਪ੍ਰੀਤ ਸਿੰਘ ਕਲੇਰ, ਰਾਮ ਕੇਵਲ ਯਾਦਵ, ਸ਼ਿਵ ਕੁਮਾਰ ਗਰਗ, ਰਾਮ ਪ੍ਰਕਾਸ਼ ਚੋਪੜਾ ਤੇ ਅਮਿਤ ਸ਼ਰਮਾ ਆਦਿ ਮੌਜੂਦ ਸਨ।

# ਵਿਧਾਇਕ ਰੁਪਿੰਦਰ ਸਿੰਘ ਹੈਪੀ ਵੱਲੋਂ ਹਲਕੇ ਦੇ 3 ਸਕੂਲਾਂ 'ਚ ਵਿਕਾਸ ਕਾਰਜ ਲੋਕ ਅਰਪਿਤ



ਫ਼ਤਹਿਗੜ੍ਹ ਸਾਹਿਬ, 3 ਮਈ (ਹਰਪ੍ਰੀਤ ਕੌਰ ਟਿਵਾਣਾ): ਮੁੱਖ ਮੰਤਰੀ, ਪੰਜਾਬ, ਸ. ਭਗਵੰਤ ਸਿੰਘ ਮਾਨ, ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਸਿੱਖਿਆ ਖੇਤਰ ਨੂੰ ਬੁਲੰਦੀਆਂ 'ਤੇ ਲੈ ਕੇ ਜਾ ਰਹੀ ਹੈ। ਇਸੇ ਲੜੀ ਤਹਿਤ ਪੰਜਾਬ ਸਰਕਾਰ ਵੱਲੋਂ ਵਿੱਢੀ 'ਪੰਜਾਬ ਸਿੱਖਿਆ ਕ੍ਰਾਂਤੀ' ਮੁਹਿੰਮ ਤਹਿਤ ਸਰਕਾਰੀ ਸਕੂਲਾਂ ਵਿੱਚ ਕੀਤੇ ਵਿਕਾਸ ਕਾਰਜ ਲੋਕਅਰਪਿਤ ਕੀਤੇ ਜਾ ਰਹੇ ਹਨ ਤੇ ਨਾਲ ਹੀ ਹੋਰ ਹੋਣ ਵਾਲੇ ਕਾਰਜ ਸ਼ੁਰੂ ਕਰਵਾਏ ਜਾ ਰਹੇ ਹਨ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਬੱਸੀ ਪਠਾਣਾਂ ਦੇ ਵਿਧਾਇਕ ਸ. ਰੁਪਿੰਦਰ ਸਿੰਘ ਹੈਪੀ ਨੇ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸਰਕਾਰੀ ਮਿਡਲ ਸਕੂਲ ਮੋਹਣ ਮਾਜਰਾ ਵਿਖੇ ਕਰੀਬ 02 ਲੱਖ ਰੁਪਏ ਦੀ ਲਾਗਤ ਨਾਲ ਬਣੀ ਚਾਰ ਦੀਵਾਰੀ, ਸਰਕਾਰੀ ਪ੍ਰਾਇਮਰੀ ਸਕੂਲ, ਮੁੱਲਾਂਪੁਰ ਵਿਖੇ ਕਰੀਬ 03.50 ਲੱਖ ਰੁਪਏ ਦੀ ਲਾਗਤ ਨਾਲ ਸਕੂਲ ਦੀ ਮੁਰੰਮਤ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਰਾਇਪੁਰ ਵਿਖੇ ਕਰੀਬ 03.40 ਲੱਖ ਰੁਪਏ ਦੀ ਲਾਗਤ ਨਾਲ ਬਣੀ ਚਾਰ ਦੀਵਾਰੀ ਲੋਕ ਅਰਪਿਤ ਕਰਨ ਮੌਕੇ ਕੀਤਾ। ਹਲਕਾ ਵਿਧਾਇਕ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਲਗਾਤਾਰ ਸੁਧਾਰ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਕੋਈ ਸਮਾਂ ਸੀ ਜਦੋਂ ਆਮ ਵਿਅਕਤੀ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਾਉਣ ਨੂੰ ਹੀ ਤਰਜੀਹ ਦਿੰਦੇ ਸਨ ਪ੍ਰੰਤੂ ਮੌਜੂਦਾ ਪੰਜਾਬ ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਕੀਤੇ ਗਏ ਇਤਿਹਾਸਿਕ ਉਪਰਾਲਿਆਂ ਸਦਕਾ ਅੱਜ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੇ ਦਾਖਲੇ ਦੀ ਗਿਣਤੀ ਵਿੱਚ ਵੱਡਾ ਇਜ਼ਾਫਾ ਹੋਇਆ ਹੈ। ਹਲਕਾ ਵਿਧਾਇਕ ਨੇ ਸਕੂਲਾਂ ਦੇ ਅਧਿਆਪਕਾਂ ਨੂੰ ਕਿਹਾ ਕਿ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੇ ਭਵਿੱਖ ਨੂੰ ਰੌਸ਼ਨ ਬਣਾਉਣ ਲਈ ਦਿੱਤੀਆਂ ਜਾ ਰਹੀਆਂ ਸਹੂਲਤਾਂ ਦਾ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਲਾਭ ਦਿੱਤਾ ਜਾਵੇ ਤਾਂ ਜੋ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਵੀ ਵੱਡੀਆਂ ਮੱਲਾਂ ਮਾਰ ਕੇ ਆਪਣੇ ਸੂਬੇ ਤੇ ਸਕੂਲ ਦਾ ਨਾਮ ਰੌਸ਼ਨ ਕਰ ਸਕਣ।

# ਬਾਹਰ ਭੇਜਣ ਦਾ ਝਾਂਸਾ ਦੇ ਕੇ ਪੈਸੇ ਠੱਗਣ ਵਾਲੇ 'ਤੇ ਮਾਮਲਾ ਦਰਜ



ਭੋਗਪੁਰ, 3 ਮਈ (ਜੰਡੀਰ ਸੈਣੀ): ਗਗਨਦੀਪ ਸਿੰਘ ਪਿੰਡ ਚਾੜਕੇ ਥਾਣਾ ਭੋਗਪੁਰ ਜ਼ਿਲ੍ਹਾ ਜਲੰਧਰ ਦਾ ਰਹਿਣ ਵਾਲੇ ਨੇ ਵਿਦੇਸ਼ ਜਾਣ ਲਈ ਟਾਂਡਾ ਦੇ ਏਜੰਟ ਨੂੰ 12 ਲੱਖ ਰੁਪਏ ਤਕਰੀਬਨ ਦੋ ਸਾਲ ਪਹਿਲਾਂ ਦਿੱਤੇ ਸਨ ਅਤੇ ਇਨਾ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਨਾ ਤਾਂ ਗਗਨਦੀਪ ਨੂੰ ਵਿਦੇਸ਼ ਭੇਜਿਆ ਗਿਆ ਅਤੇ ਨਾ ਹੀ ਪੈਸੇ ਵਾਪਸ ਕੀਤੇ ਗਏ। ਇਸ ਦੌਰਾਨ ਗਗਨਦੀਪ ਕਾਫੀ ਪਰੇਸ਼ਾਨ ਸੀ ਕਿਉਂ ਕਿ ਉਸ ਨੇ ਵਿਆਜੂ ਪੈਸੇ ਫੜ ਕੇ ਅੱਗੇ ਏਜੰਟ ਨੂੰ ਦਿੱਤੇ ਹੋਏ ਸਨ। ਵਿਆਜ ਦੇਣ ਦੇ ਵਿੱਚ ਅਸਮਰਥ ਸੀ ਤੇ ਉਹ ਏਜੰਟ ਨੂੰ ਬਾਰ ਬਾਰ ਸੰਪਰਕ ਕਰਦਾ ਰਿਹਾ ਕਿ ਮੇਰਾ ਵਿਦੇਸ਼ ਦਾ ਕੰਮ ਬਣਾਓ ਜਾਂ ਮੇਰੇ ਪੈਸੇ ਵਾਪਸ ਦਿਓ ਪਰ ਏਜੰਟ ਨੇ ਇਸ ਦੀ ਕੋਈ ਵੀ ਗੱਲ ਨਾ ਸੁਣੀ। ਜਦ ਗਗਨਦੀਪ ਸਿੰਘ ਨੇ ਜੱਸ ਕਲਿਆਣ ਰਾਵਣ ਜ਼ਿਲ੍ਹਾ ਪ੍ਰਧਾਨ ਵਾਲਮੀਕਨ ਟਾਈਗਰ ਫੋਰਸ ਅਤੇ ਬਿਸ਼ਨ ਬਹਿਰਾਮ, ਨਾਲ ਸੰਪਰਕ ਕੀਤਾ ਤਾਂ ਸਾਰੀ ਟੀਮ ਵੱਲੋਂ ਇਸ ਨੌਜਵਾਨ ਦੀ ਮਦਦ ਕੀਤੀ ਗਈ ਅਤੇ ਪ੍ਰਸ਼ਾਸਨ ਦੁਆਰਾ ਇਸ ਏਜੰਟ 'ਤੇ ਪਰਚਾ ਦਰਜ ਕਰਵਾਇਆ ਗਿਆ। ਉਨ੍ਹਾਂ ਪ੍ਰਸ਼ਾਸਨ ਤੋਂ ਇਨਸਾਫ਼ ਦੀ ਮੰਗ ਕੀਤੀ ਹੈ।

# 'ਪਿੰਡਾਂ ਦੇ ਪਹਿਰੇਦਾਰ' ਦੇ ਜ਼ਿਲ੍ਹਾ ਪੱਧਰੀ ਸਮਾਗਮ 'ਚ ਪਹੁੰਚੇ ਕੈਬਨਿਟ ਮੰਤਰੀ ਬੈਂਸ

ਹੁਸ਼ਿਆਰਪੁਰ, 3 ਮਈ (ਪਰਮਿੰਦਰ ਘੁੰਮਣ): ਪੰਜਾਬ ਦੇ ਸਕੂਲ ਸਿੱਖਿਆ, ਉਚੇਰੀ ਸਿੱਖਿਆ, ਤਕਨੀਕੀ ਸਿੱਖਿਆ ਅਤੇ ਲੋਕ ਸੰਪਰਕ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਜੰਗ ਵਿੱਚ ਹਰ ਪੰਜਾਬੀ ਨੂੰ ਯੋਧਾ ਬਣਨਾ ਪਵੇਗਾ, ਤਾਂ ਹੀ ਰੰਗਲਾ ਪੰਜਾਬ ਦਾ ਸਾਡਾ ਸੁਪਨਾ ਸਾਕਾਰ ਹੋਵੇਗਾ। ਉਹ ਅੱਜ ਹੁਸ਼ਿਆਰਪੁਰ ਵਿੱਚ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਚਲਾਏ ਜਾ ਰਹੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਅਧੀਨ ਗਠਿਤ ਕਮੇਟੀਆਂ 'ਪਿੰਡਾਂ ਦੇ ਪਹਿਰੇਦਾਰ' ਦੇ ਜ਼ਿਲ੍ਹਾ ਪੱਧਰੀ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨਾਲ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ, ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ, ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ, ਵਿਧਾਇਕ ਹੁਸ਼ਿਆਰਪੁਰ ਬ੍ਰਮ ਸ਼ੰਕਰ ਜਿੰਪਾ, ਵਿਧਾਇਕ ਟਾਂਡਾ ਉੜਮੁੜ ਜਸਵੀਰ ਸਿੰਘ ਰਾਜਾ ਗਿੱਲ, ਵਿਧਾਇਕ ਦਸੂਹਾ ਕਰਮਵੀਰ ਸਿੰਘ ਘੁੰਮਣ, ਵਿਧਾਇਕ ਚੱਬੇਵਾਲ ਡਾ. ਇਸ਼ਾਂਕ ਕੁਮਾਰ ਅਤੇ ਮੁਕੇਰੀਆਂ ਹਲਕਾ ਇੰਚਾਰਜ ਪ੍ਰੋ. ਜੀ.ਐਸ. ਮੁਲਤਾਨੀ ਵੀ ਮੌਜੂਦ ਸਨ। ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਪੰਜਾਬ ਦੀ ਜਵਾਨੀ ਨੂੰ ਤਬਾਹ ਕਰਨ ਵਾਲੀਆਂ ਤਾਕਤਾਂ ਨੂੰ ਹਰਾਉਣ ਲਈ ਜਨ-ਜਨ ਦਾ ਸਹਿਯੋਗ ਜ਼ਰੂਰੀ ਹੈ। ਉਨ੍ਹਾਂ ਮੌਜੂਦ 'ਪਿੰਡਾਂ ਦੇ ਪਹਿਰੇਦਾਰਾਂ' ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਸਰਕਾਰ ਦੀ ਪਹਿਲੀ ਲਾਈਨ ਆਫ਼ ਡਿਫੈਂਸ ਹਨ। ਇਸ ਮੌਕੇ ਪੰਜਾਬ ਉਦਯੋਗਿਕ ਵਿਕਾਸ ਨਿਗਮ ਦੇ ਵਾਈਸ ਚੇਅਰਮੈਨ ਹਰਮਿੰਦਰ ਸਿੰਘ ਬਖਸ਼ੀ, ਮੇਅਰ ਸੁਰਿੰਦਰ ਕੁਮਾਰ, ਚੇਅਰਪਰਸਨ ਜ਼ਿਲ੍ਹਾ ਯੋਜਨਾ ਕਮੇਟੀ ਕਰਮਜੀਤ ਕੌਰ, ਚੇਅਰਮੈਨ ਨਗਰ ਸੁਧਾਰ ਟਰੱਸਟ ਗੁਰਵਿੰਦਰ ਸਿੰਘ ਪਾਬਲਾ, ਚੇਅਰਮੈਨ ਮਾਰਕੀਟ ਕਮੇਟੀ ਹੁਸ਼ਿਆਰਪੁਰ ਜਸਪਾਲ ਸਿੰਘ ਚੇਚੀ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ, ਨਸ਼ਾ ਮੁਕਤੀ ਮੋਰਚਾ ਦੇ ਜ਼ੋਨਲ ਕੋਆਰਡੀਨੇਟਰ ਨਯਨ ਛਾਬੜਾ, ਜ਼ਿਲ੍ਹਾ ਕੋਆਰਡੀਨੇਟਰ ਸਤਵੰਤ ਸਿੰਘ ਸਿਆਣ ਸਮੇਤ ਹੋਰ ਪਤਵੰਤੇ ਸਿਵਲ ਤੇ ਪੁਲਿਸ ਪ੍ਰਸ਼ਾਸਨ ਦੇ ਅਧਿਕਾਰੀ ਵੀ ਮੌਜੂਦ ਸਨ।

# ਵਿਧਾਇਕ ਰਜਨੀਸ਼ ਦਹੀਯਾ ਨੇ ਹਲਕਾ ਫ਼ਿਰੋਜ਼ਪੁਰ ਦਿਹਾਤੀ ਦੇ ਵੱਖ-ਵੱਖ ਸਕੂਲਾਂ 'ਚ ਕੀਤੇ ਉਦਘਾਟਨ



ਫ਼ਿਰੋਜ਼ਪੁਰ, 3 ਮਈ (ਤਿਵਾੜੀ): 'ਪੰਜਾਬ ਸਿੱਖਿਆ ਕ੍ਰਾਂਤੀ' ਤਹਿਤ ਵਿਧਾਇਕ ਫ਼ਿਰੋਜ਼ਪੁਰ ਦਿਹਾਤੀ ਐਡਵੋਕੇਟ ਸ਼੍ਰੀ ਰਜਨੀਸ਼ ਦਹੀਯਾ ਨੇ ਅੱਜ ਹਲਕੇ ਦੇ ਸਰਕਾਰੀ ਪ੍ਰਾਇਮਰੀ ਸਕੂਲ ਬਸਤੀ ਪਿਆਰੇਆਣਾ, ਸਰਕਾਰੀ ਪ੍ਰਾਇਮਰੀ/ਹਾਈ ਸਕੂਲ ਪਿਆਰੇਆਣਾ, ਸਰਕਾਰੀ ਪ੍ਰਾਇਮਰੀ ਸਕੂਲ ਮਾਛੀਵਾੜਾ ਕਮੱਗਰ, ਸਰਕਾਰੀ ਪ੍ਰਾਇਮਰੀ ਸਕੂਲ ਬਸਤੀ ਅਜੀਜ ਵਾਲੀ, ਸਰਕਾਰੀ ਪ੍ਰਾਇਮਰੀ ਸਕੂਲ ਕਾਕੂ ਵਾਲਾ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਵਿਚ ਸਿੱਖਿਆ ਦੇ ਖੇਤਰ ਵਿਚ ਸੁਧਾਰਾਂ ਲਈ ਇਤਿਹਾਸਕ ਕਦਮ ਚੁੱਕੇ ਹਨ। ਇਸ ਮੌਕੇ ਉਹਨਾਂ ਨਾਲ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਸਤੀਏਵਾਲਾ ਮੈਡਮ ਦਲਜੀਤ ਕੌਰ ਹਾਜ਼ਰ ਸਨ। ਵਿਧਾਇਕ ਫ਼ਿਰੋਜ਼ਪੁਰ ਦਿਹਾਤੀ ਸ਼੍ਰੀ ਰਜਨੀਸ਼ ਦਹੀਯਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਭਰ ਦੇ ਸਕੂਲਾਂ ਦੀ ਕਾਇਆਕਲਪ ਹੋਈ ਹੈ ਜਿਸ ਨਾਲ ਸਕੂਲਾਂ ਦਾ ਬੁਨਿਆਦੀ ਢਾਂਚਾ ਪਹਿਲਾਂ ਨਾਲੋਂ ਕਿਤੇ ਬਿਹਤਰ ਅਤੇ ਸ਼ਾਨਦਾਰ ਹੋਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਵੱਡੇ ਪੱਧਰ 'ਤੇ ਅਧਿਆਪਕਾਂ, ਲੈਕਚਰਾਰਾਂ ਤੇ ਪ੍ਰਿੰਸੀਪਲਾਂ ਨੂੰ ਵਿਦੇਸ਼ਾਂ ਵਿਚ ਟਰੇਨਿੰਗ ਦੁਆ ਕੇ ਅਧਿਆਪਨ ਦੇ ਖੇਤਰ ਵਿਚ ਨਵੇਂ ਯੁੱਗ ਦੀ ਸ਼ੁਰੂਆਤ ਕੀਤੀ ਹੈ ਜੋ ਕਿ ਮੌਜੂਦਾ ਮੁਕਾਬਲੇਬਾਜ਼ੀ ਦੇ ਦੌਰ 'ਚ ਵਿਦਿਆਰਥੀਆਂ ਲਈ ਕਾਫ਼ੀ ਲਾਹੇਵੰਦ ਰਹੇਗੀ। ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਵਿਚ ਵਿਦਿਆਰਥੀਆਂ ਨੂੰ ਦਿੱਤੀਆਂ ਜਾਂਦੀਆਂ ਮੁਫ਼ਤ ਸਹੂਲਤਾਂ ਦਾ ਜ਼ਿਕਰ ਕਰਦਿਆਂ ਵਿਧਾਇਕ ਦਹੀਯਾ ਨੇ ਕਿਹਾ ਕਿ ਸਰਕਾਰੀ ਸਕੂਲਾਂ ਦਾ ਬੁਨਿਆਦੀ ਢਾਂਚਾ ਪ੍ਰਾਈਵੇਟ ਸਕੂਲਾਂ ਦੇ ਮੁਕਾਬਲੇ ਦਾ ਹੀ ਨਹੀਂ ਸਗੋਂ ਹਰ ਸਹੂਲਤ ਮੁਫ਼ਤ ਵਿਚ ਪ੍ਰਦਾਨ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਕੂਲਾਂ ਦੇ ਵਿਕਾਸ ਅਤੇ ਬੁਨਿਆਦੀ ਢਾਂਚੇ ਦੀ ਹੋਰ ਮਜ਼ਬੂਤੀ ਲਈ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਰੌਬੀ ਸੰਧੂ, ਪਲਵਿੰਦਰ ਸਿੰਘ ਵਲੂਰ ਹਲਕਾ ਕੋਆਰਡੀਨੇਟਰ ਸਿੱਖਿਆ ਫ਼ਿਰੋਜ਼ਪੁਰ ਦਿਹਾਤੀ, ਤਲਵਿੰਦਰ ਸਿੰਘ ਖਾਲਸਾ ਕੋਆਰਡੀਨੇਟਰ ਫ਼ਿਰੋਜ਼ਪੁਰ ਦਿਹਾਤੀ ਵਿਭਾਗ, ਹਰੀਸ਼ ਕੁਮਾਰ, ਸੈਂਟਰ ਹੈੱਡ ਟੀਚਰ ਕੁਲਵੰਤ ਸਿੰਘ, ਸਰਬਜੀਤ ਸਿੰਘ ਧਾਲੀਵਾਲ, ਮਾਸਟਰ ਜੋਰਾ ਸਿੰਘ, ਗੁਰਦੇਵ ਸਿੰਘ ਸਰਪੰਚ, ਮਨਦੀਪ ਸਿੰਘ ਪਿਆਰੇਆਣਾ, ਦਰਸ਼ਨ ਸਿੰਘ ਸਰਪੰਚ ਬਸਤੀ ਪਿਆਰੇਆਣਾ, ਜਰਨੈਲ ਸਿੰਘ ਕਮੱਗਰ, ਕਰਵਿੰਦਰ ਸਿੰਘ ਸਰਪੰਚ ਮਿਸ਼ਰੀ ਵਾਲਾ, ਦਵਿੰਦਰ ਸਿੰਘ ਸਰਪੰਚ ਰੱਤਾ ਖੇੜਾ, ਕੁਲਦੀਪ ਸਿੰਘ ਸਰਪੰਚ ਢੀਂਡਸਾ, ਸੁੱਖ ਸਰਪੰਚ ਮਾਣੇ ਵਾਲਾ, ਕਰਨ ਸੰਧੂ, ਗੁਰਜੀਤ ਸਿੰਘ ਮਾਣਾ ਸਿੰਘ, ਸੁਖਬੀਰ ਕੌਰ ਪਿਆਰੇਆਣਾ, ਸਰਬਜੀਤ ਸਿੰਘ, ਇੰਦਰਜੀਤ ਸਿੰਘ, ਪਰਮਜੀਤ ਕੌਰ ਕਮੱਗਰ ਆਦਿ ਵੀ ਮੌਜੂਦ ਸਨ।

# ਸਤਿਗੁਰੂ ਓਟ ਆਸਰਾ ਟਰੱਸਟ ਵੱਲੋਂ ਪਹਿਲਗਾਮ ਅੱਤਵਾਦੀ ਹਮਲੇ ਦੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ



ਸ੍ਰੀ ਅਨੰਦਪੁਰ ਸਾਹਿਬ, 3 ਮਈ (ਤਰਲੋਚਨ ਸਿੰਘ): ਪਿਛਲੇ ਦਿਨੀਂ ਜੰਮੂ ਕਸ਼ਮੀਰ ਦੇ ਪਹਿਲਗਾਮ ਵਿਖੇ ਹੋਏ ਆਤੰਕਵਾਦੀ ਹਮਲੇ ਨਾਲ ਜਿਥੇ ਦੇਸ਼ ਭਰ ਦੇ ਲੋਕਾਂ ਦੇ ਮਨਾਂ ਵਿਚ ਭਾਰੀ ਸੱਟ ਵੱਜੀ ਹੈ ਉਥੇ ਹੀ ਇਲਾਕੇ ਦੀ ਸਮਾਜ ਸੇਵੀ ਸੰਸਥਾ ਸਤਿਗੁਰੂ ਓਟ ਆਸਰਾ ਟਰੱਸਟ ਨੇ ਵੀ ਪਹਿਲਗਾਮ ਅੱਤਵਾਦੀ ਹਮਲੇ 'ਤੇ ਸਰਕਾਰ ਨਾਲ ਇਕਜੁੱਟਤਾ ਦਿਖਾਉਂਦਿਆਂ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਦੀ ਅਪੀਲ ਕੀਤੀ ਹੈ। ਇਸ ਸਬੰਧੀ 'ਸਤਿਗੁਰੂ ਓਟ ਆਸਰਾ ਟਰੱਸਟ' ਸ੍ਰੀ ਅਨੰਦਪੁਰ ਸਾਹਿਬ ਦੇ ਚੇਅਰਮੈਨ ਤਰਲੋਚਨ ਸਿੰਘ ਚੱਠਾ ਵਲੋਂ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੂੰ ਇਕ ਪੱਤਰ ਭੇਜਿਆ ਗਿਆ, ਜਿਸ ਵਿਚ ਉਹਨਾਂ ਲਿਖਿਆ ਕਿ ਅਸੀਂ ਅੱਜ ਤੁਹਾਨੂੰ ਭਾਰਤ ਦੇ ਇੱਕ ਡੂੰਘੇ ਚਿੰਤਤ ਅਤੇ ਦੇਸ਼ ਭਗਤ ਨਾਗਰਿਕ ਵਜੋਂ ਲਿਖ ਰਹੇ ਹਾਂ, ਜੋ ਪਹਿਲਗਾਮ ਵਿੱਚ ਹਾਲ ਹੀ ਵਿੱਚ ਹੋਏ ਕਾਇਰਤਾਪੂਰਨ ਅੱਤਵਾਦੀ ਹਮਲੇ ਤੋਂ ਬਹੁਤ ਦੁਖੀ ਹੈ, ਜਿਸ ਵਿੱਚ ਮਾਸੂਮ ਜਾਨਾਂ ਗਈਆਂ ਅਤੇ ਸਾਡੇ ਕਈ ਨਾਗਰਿਕਾਂ ਨੂੰ ਜ਼ਖਮੀ ਕੀਤਾ ਗਿਆ। ਇਸ ਦੁਖਦਾਈ ਘੜੀ ਵਿੱਚ ਸਤਿਗੁਰੂ ਓਟ ਆਸਰਾ ਟਰੱਸਟ ਸ੍ਰੀ ਅਨੰਦਪੁਰ ਸਾਹਿਬ (ਪੰਜਾਬ) ਭਾਰਤ ਸਰਕਾਰ ਅਤੇ ਸਾਡੇ ਸੁਰੱਖਿਆ ਬਲਾਂ ਅਤੇ ਪੀੜਤਾਂ ਦੇ ਪਰਿਵਾਰਾਂ ਨਾਲ ਪੂਰੀ ਏਕਤਾ ਵਿੱਚ ਖੜ੍ਹਾ ਹੈ। ਪੂਰਾ ਦੇਸ਼ ਉਨ੍ਹਾਂ ਨਾਲ ਸੋਗ ਮਨਾਉਂਦਾ ਹੈ ਤੇ ਅਸੀਂ ਦੋਸ਼ੀਆਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਉਣ ਲਈ ਕੀਤੇ ਜਾ ਰਹੇ ਸਾਰੇ ਯਤਨਾਂ ਲਈ ਆਪਣਾ ਅਟੁੱਟ ਸਮਰਥਨ ਦਿੰਦੇ ਹਾਂ। ਇਸ ਮੌਕੇ ਸਤਿਗੁਰੂ ਓਟ ਆਸਰਾ ਟਰੱਸਟ ਸ੍ਰੀ ਅਨੰਦਪੁਰ ਸਾਹਿਬ ਦੇ ਚੇਅਰਮੈਨ ਤਰਲੋਚਨ ਸਿੰਘ ਚੱਠਾ ਨੇ ਕਿਹਾ ਕਿ ਇਹ ਹਮਲਾ ਨਾ ਸਿਰਫ਼ ਸਾਡੇ ਲੋਕਾਂ 'ਤੇ ਹਮਲਾ ਹੈ, ਸਗੋਂ ਹਮਲਾਵਾਰਤਾ ਦਾ ਇੱਕ ਸਪੱਸ਼ਟ ਕੰਮ ਹੈ ਜੋ ਦ੍ਰਿੜ ਜਵਾਬ ਦੀ ਮੰਗ ਕਰਦਾ ਹੈ। ਸਾਡੀਆਂ ਸਰਹੱਦਾਂ ਤੋਂ ਪਾਰ ਅੱਤਵਾਦ ਦੀ ਸਹਾਇਤਾ ਕਰਨ ਵਿੱਚ ਪਾਕਿਸਤਾਨ ਦੀ ਵਾਰ-ਵਾਰ ਸ਼ਮੂਲੀਅਤ ਅਤੇ ਸਮਰਥਨ ਨੂੰ ਹੁਣ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਹ ਬਹੁਤ ਜ਼ਰੂਰੀ ਹੈ ਕਿ ਅਸੀਂ, ਇੱਕ ਪ੍ਰਭੂਸੱਤਾ ਸੰਪੰਨ ਤੇ ਮਾਣਮੱਤੇ ਰਾਸ਼ਟਰ ਦੇ ਰੂਪ ਵਿੱਚ, ਇੱਕ ਸਪੱਸ਼ਟ ਸੰਦੇਸ਼ ਦੇਈਏ ਕਿ ਅਜਿਹੀਆਂ ਕਾਰਵਾਈਆਂ ਦੇ ਤੇਜ਼ ਅਤੇ ਨਿਰਣਾਇਕ ਨਤੀਜੇ ਨਿਕਲਣਗੇ। ਅਸੀਂ ਸਰਕਾਰ ਨੂੰ ਬੇਨਤੀ ਕਰਦੇ ਹਾ ਕਿ ਉਹ ਸਰਹੱਦ ਪਾਰ ਅੱਤਵਾਦ ਵਿੱਚ ਪਾਕਿਸਤਾਨ ਦੀ ਨਿਰੰਤਰ ਸ਼ਮੂਲੀਅਤ ਲਈ ਜਵਾਬਦੇਹ ਠਹਿਰਾਉਣ ਲਈ ਸਾਰੇ ਜ਼ਰੂਰੀ ਕੂਟਨੀਤਕ, ਆਰਥਿਕ ਤੇ ਰਣਨੀਤਕ ਉਪਾਅ ਕਰੇ।

# ਪਰਮਜੀਤ ਸਿੰਘ ਪੰਮੀ ਨੂੰ ਦਿੱਤੀ ਹੰਝੂਆਂ ਭਰੀ ਵਿਦਾਇਗੀ



ਫਾਜ਼ਿਲਕਾ, 3 ਮਈ (ਜਸਪ੍ਰੀਤ ਸਿੰਘ) : ਮਿਲਣ ਕਾਹਨਸਿੰਘੀਆਂ ਦੇ ਪਿਤਾ ਤੇ ਸੁਰਿੰਦਰਪਾਲ ਸਿੰਘ (ਬਿੱਲੂ) ਦੇ ਵੱਡੇ ਭਰਾ, ਲੈਂਡਮਾਰਕ ਬੈਂਕ ਦੇ ਸਾਬਕਾ ਚੇਅਰਮੈਨ, ਸਾਬਕਾ ਮਿਊਂਸਪਲ ਕੌਂਸਲਰ ਅਤੇ ਟਰੱਕ ਯੂਨੀਅਨ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਪੰਮੀ (ਲੈਂਡਲਾਰਡ) ਜੋ ਕਿ ਬੀਤੇ ਦਿਨੀਂ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਕੇ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦਾ ਅੱਜ ਅੰਤਮ ਸਸਕਾਰ ਅੱਜ ਸਥਾਨਕ ਸ਼ਿਵਪੁਰੀ ਵਿਖੇ ਗ਼ਮਗੀਨ ਮਾਹੌਲ ਵਿੱਚ ਕੀਤਾ ਗਿਆ, ਜਿੱਥੇ ਵੱਡੀ ਗਿਣਤੀ ਵਿੱਚ ਲੋਕਾਂ ਨੇ ਹੰਝੂਆਂ ਭਰੀ ਵਿਦਾਇਗੀ ਦਿੱਤੀ। ਇਸ ਦੁੱਖ ਦੀ ਘੜੀ ਵਿੱਚ ਲੋਕ ਸਭਾ ਹਲਕਾ ਫਿਰੋਜ਼ਪੁਰ ਤੋਂ ਸਾਂਸਦ ਸ਼ੇਰ ਸਿੰਘ ਘੁਬਾਇਆ ਤੇ ਸਾਬਕਾ ਵਿਧਾਇਕ ਦਵਿੰਦਰ ਸਿੰਘ ਘੁਬਾਇਆ ਨੇ ਪਰਿਵਾਰਕ ਮੈਂਬਰਾਂ ਨਾਲ ਦੁੱਖ ਸਾਂਝਾ ਕਰਦੇ ਹੋਏ ਪਰਮਜੀਤ ਸਿੰਘ ਪੰਮੀ ਦੇ ਅਕਾਲ ਚਲਾਣੇ ਨੂੰ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਕਰਾਰ ਦਿੱਤਾ। ਇਸ ਮੌਕੇ ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਤੇ ਅਜੈ ਸਾਵਣਸੁਖਾ (ਲੈਂਡਲਾਰਡ) ਨੇ ਕਿਹਾ ਕਿ ਸ. ਪਰਮਜੀਤ ਸਿੰਘ ਪੰਮੀ ਇਕ ਨੇਕ-ਦਿਲ ਇਨਸਾਨ ਸਨ। ਉਨ੍ਹਾਂ ਦੇ ਅਕਾਲ ਚਲਾਣੇ ਨਾਲ ਇਲਾਕੇ ਨੂੰ ਇਕ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਇਸ ਮੌਕੇ ਸਾਬਕਾ ਵਿਧਾਇਕ ਮਹਿੰਦਰ ਰਿਣਵਾ ਨੇ ਕਿਹਾ ਕਿ ਉਨ੍ਹਾਂ ਦੇ ਵਿਛੋੜੇ ਨਾਲ ਇਲਾਕੇ ਨੇ ਇਕ ਵੱਡਾ ਦਿਲ ਵਾਲਾ ਇਨਸਾਨ ਗਵਾ ਦਿੱਤਾ ਹੈ। ਇਹ ਸਿਰਫ਼ ਪਰਿਵਾਰ ਲਈ ਨਹੀਂ, ਸਗੋਂ ਪੂਰੇ ਫਾਜ਼ਿਲਕਾ ਇਲਾਕੇ ਲਈ ਅਪੂਰਣਯੋਗ ਘਾਟਾ ਹੈ। ਸਾਬਕਾ ਕੈਬਨਿਟ ਮੰਤਰੀ ਸੁਰਜੀਤ ਕੁਮਾਰ ਜ਼ਿਆਣੀ ਨੇ ਕਿਹਾ ਕਿ ਉਨ੍ਹਾਂ ਦੀ ਯਾਦ ਸਦਾ ਲੋਕਾਂ ਦੇ ਦਿਲਾਂ ਵਿਚ ਜਿਊਂਦੀ ਰਹੇਗੀ। ਇਸ ਮੌਕੇ ਜ਼ਿਲ੍ਹਾ ਇਲੈਕਟ੍ਰਾਨਿਕ ਅਤੇ ਪ੍ਰਿੰਟ ਮੀਡੀਆ ਐਸੋਸੀਏਸ਼ਨ ਦੇ ਪ੍ਰਧਾਨ ਬਖ਼ਸ਼ੀਸ਼ ਸਿੰਘ (ਹੈਪੀ) ਨੇ ਭਾਵੁਕ ਹੋ ਕੇ ਕਿਹਾ ਕਿ ਪਰਮਜੀਤ ਸਿੰਘ ਪੰਮੀ ਮੈਨੂੰ ਆਪਣਾ ਛੋਟਾ ਭਰਾ ਮੰਨਦੇ ਸਨ। ਅੱਜ ਮੈਂ ਆਪਣੇ ਵੱਡੇ ਭਰਾ ਨੂੰ ਖੋਹ ਦਿੱਤਾ ਹੈ। ਉਨ੍ਹਾਂ ਦੇ ਇਲਾਜ ਲਈ ਮੈਂ ਉਨ੍ਹਾਂ ਨਾਲ ਗਿਆ ਸੀ, ਪਰ ਅਫ਼ਸੋਸ ਇਹ ਕਿ ਮੈਂ ਉਨ੍ਹਾਂ ਨੂੰ ਜ਼ਿੰਦਾ ਵਾਪਸ ਨਹੀਂ ਲਿਆ ਸਕਿਆ। ਉਨ੍ਹਾਂ ਦੀ ਯਾਦ ਸਦਾ ਮੇਰੇ ਦਿਲ ਵਿੱਚ ਜਿਊਂਦੀ ਰਹੇਗੀ।

# ਪਿੰਡ ਸਮਸ਼ਪੁਰ 'ਚ ਮਜ਼ਦੂਰ ਦਿਵਸ ਮਨਾਇਆ



ਅਮਲੋਹ, 3 ਮਈ (ਜਸਵੰਤ ਸਿੰਘ): ਪਿੰਡ ਸਮਸ਼ਪੁਰ 'ਚ ਮਜ਼ਦੂਰ ਦਿਵਸ ਮਨਾਇਆ ਗਿਆ। ਇਸ ਮੌਕੇ ਕਾਮਰੇਡ ਸੁਖਦੇਵ ਸਿੰਘ, ਗੁਰਸੇਵਕ ਸਿੰਘ, ਅਵਤਾਰ ਸਿੰਘ, ਸੁਖਚੈਨ ਸਿੰਘ ਦੰਗਰੇੜੀ ਅਤੇ ਨਵਾਬ ਖਾਂ ਸ਼ੇਰਪੁਰ ਮਾਜਰੀ ਆਦਿ ਨੇ ਇਸ ਦਿਹਾੜੇ ਦੀ ਮਹੱਤਤਾ ਬਾਰੇ ਚਾਨਣਾ ਪਾਉਂਦੇ ਹੋਏ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਮਜ਼ਦੂਰਾਂ ਦੀਆਂ ਵੱਧ ਰਹੀਆਂ ਸਮੱਸਿਆਵਾਂ 'ਤੇ ਗਹਿਰੀ ਚਿੰਤਾ ਪ੍ਰਗਟ ਕਰਦੇ ਹੋਏ ਦੋਸ਼ ਲਾਇਆ ਕਿ ਸਮੇਂ ਦੀਆਂ ਸਰਕਾਰਾਂ ਵੱਲੋਂ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਉਨ੍ਹਾਂ ਮਜ਼ਦੂਰਾਂ ਨੂੰ ਇਕ ਪਲੇਟਫ਼ਾਰਮ 'ਤੇ ਇਕੱਠੇ ਹੋਣ ਦੀ ਅਪੀਲ ਕੀਤੀ। ਇਸ ਮੌਕੇ ਝੰਡਾ ਲਹਿਰਾਉਣ ਦੀ ਰਸਮ ਵੀ ਅਦਾ ਕੀਤੀ ਗਈ।

# ਵਿਧਾਇਕ ਭੁੱਲਰ ਵੱਲੋਂ ਵੱਖ-ਵੱਖ ਸਰਕਾਰੀ ਸਕੂਲਾਂ 'ਚ ਵਿਕਾਸ ਪ੍ਰੋਜੈਕਟਾਂ ਦੇ ਉਦਘਾਟਨ




ਫ਼ਿਰੋਜ਼ਪੁਰ, 3 ਮਈ (ਤਿਵਾੜੀ): ਸਰਕਾਰੀ ਸਕੂਲਾਂ ਵਿੱਚ ਅਤਿ-ਆਧੁਨਿਕ ਬੁਨਿਆਦੀ ਢਾਂਚੇ ਨੂੰ ਯਕੀਨੀ ਬਣਾ ਕੇ ਰਾਜ ਦੀ ਸਿੱਖਿਆ ਪ੍ਰਣਾਲੀ ਦੀ ਨੁਹਾਰ ਬਦਲਣ ਦੇ ਉਦੇਸ਼ ਨਾਲ ਕੀਤੇ ਜਾ ਰਹੇ ਯਤਨਾਂ ਤਹਿਤ ਫ਼ਿਰੋਜ਼ਪੁਰ ਸ਼ਹਿਰੀ ਹਲਕੇ ਦੇ ਵਿਧਾਇਕ ਸ. ਰਣਬੀਰ ਸਿੰਘ ਭੁੱਲਰ ਨੇ ਅੱਜ 'ਪੰਜਾਬ ਸਿੱਖਿਆ ਕ੍ਰਾਂਤੀ' ਮੁਹਿੰਮ ਤਹਿਤ ਅੱਜ ਸਰਕਾਰੀ ਮਿਡਲ ਸਕੂਲ ਨਿਹਾਲੇ ਵਾਲਾ, ਸਰਕਾਰੀ ਪ੍ਰਾਇਮਰੀ ਸਕੂਲ ਕਮਾਲੇ ਵਾਲਾ, ਸਰਕਾਰੀ ਪ੍ਰਾਇਮਰੀ/ਹਾਈ ਸਕੂਲ ਦੁਲਚੀ ਕੇ ਵਿਖੇ ਵਿਕਾਸ ਪ੍ਰਾਜੈਕਟਾਂ ਦਾ ਉਦਘਾਟਨ ਕੀਤਾ। ਇਸ ਮੌਕੇ ਉਹਨਾਂ ਨਾਲ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਡਾਕਟਰ ਸਤਿੰਦਰ ਸਿੰਘ ਨੈਸ਼ਨਲ ਐਵਾਰਡੀ ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਫ਼ਿਰੋਜ਼ਪੁਰ-3 ਰਣਜੀਤ ਸਿੰਘ ਹਾਜ਼ਰ ਸਨ। ਇਸ ਮੌਕੇ ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸਰਕਾਰੀ ਸਕੂਲਾਂ ਦੀ ਨੁਹਾਰ ਬਦਲਣ ਅਤੇ ਸੂਬੇ ਵਿੱਚ ਵਿਦਿਅਕ ਮਿਆਰਾਂ ਨੂੰ ਉੱਚਾ ਚੁੱਕਣ ਲਈ 'ਪੰਜਾਬ ਸਿੱਖਿਆ ਕ੍ਰਾਂਤੀ' ਪ੍ਰੋਗਰਾਮ ਸ਼ੁਰੂ ਕੀਤਾ ਹੈ। ਇਸ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਪ੍ਰਾਪਤ ਕਰਨ ਵਾਲੇ ਆਮ ਘਰਾਂ ਦੇ ਬੱਚੇ ਵਿਸ਼ਵ ਪੱਧਰੀ ਮੁਕਾਬਲੇ ਦੇ ਇਸ ਯੁੱਗ ਵਿੱਚ ਆਪਣਾ ਅਹਿਮ ਸਥਾਨ ਬਣਾ ਸਕਣ। ਇਸ ਮੌਕੇ ਰਾਜ ਬਹਾਦਰ ਸਿੰਘ ਗਿੱਲ ਕੋਆਰਡੀਨੇਟਰ ਸਿੱਖਿਆ ਫ਼ਿਰੋਜ਼ਪੁਰ ਸ਼ਹਿਰੀ, ਗੁਰਜੀਤ ਸਿੰਘ ਚੀਮਾ, ਹਿਮਾਂਸ਼ੂ ਠੱਕਰ, ਬਲਰਾਜ ਸਿੰਘ ਕਟੋਰਾ, ਅਮਰਿੰਦਰ ਸਿੰਘ ਬਰਾੜ, ਸੁਰਿੰਦਰ ਸਿੰਘ ਗਿੱਲ, ਪਿੰਡ ਨਿਹਾਲੇ ਵਾਲਾ ਬੋਹੜ ਸਿੰਘ, ਸਰਪੰਚ ਬਲਵੀਰ ਸਿੰਘ ਸਰਪੰਚ, ਬਚਨ ਸਿੰਘ ਨੰਬਰਦਾਰ, ਜਗਜੀਤ ਸਿੰਘ ਸਾਬਕਾ ਸਰਪੰਚ, ਰਣਜੀਤ ਸਿੰਘ, ਸੁਖਦੇਵ ਸਿੰਘ, ਪਿੰਡ ਕਮਾਲੇ ਵਾਲਾ ਮੇਜਰ ਸਿੰਘ ਸਰਪੰਚ, ਹਰਬੰਸ ਸਿੰਘ, ਜਗਜੀਤ ਸਿੰਘ ਸਰਪੰਚ, ਅਮਰੀਕ ਸਿੰਘ, ਕਾਬਲ ਸਿੰਘ, ਸਵਰਨ ਸਿੰਘ, ਦਿਲਬਾਗ ਸਿੰਘ ਨੰਡਾ, ਮੇਜਰ ਸਿੰਘ ਥਿੰਦ, ਸਰਬਜੀਤ ਸਿੰਘ ਨੰਡਾ, ਜਗਦੇਵ ਸਿੰਘ ਮੱਲ, ਹਰਪ੍ਰੀਤ ਸਿੰਘ ਨਾਗਪਾਲ, ਅਨੋਖ ਸਿੰਘ ਨਾਗਪਾਲ ਆਦਿ ਮੌਜੂਦ ਰਹੇ।

# ਮਹੱਲਾ ਕਲਿਨਿਕ 'ਚੋਂ ਨਸ਼ੇੜੀਆਂ ਨੇ ਗੋਲੀਆਂ ਕੀਤੀਆਂ ਚੋਰੀ



ਬਟਾਲਾ, 3 ਮਈ (ਬਲਵਿੰਦਰ ਸਿੰਘ ਪੰਜਗਰਾਈਂ/ ਧੰਨਪਾਲ ਕਲਸੀ): ਪਿੰਡ ਪੰਜ ਗਰਾਈਆਂ ਦੇ ਮਹੱਲਾ ਕਲਿਨਿਕ ਦੇ ਓਟ ਸੈਂਟਰ ਵਿੱਚੋਂ ਰਾਤ ਦੇ ਸਮੇਂ ਨਸ਼ੇੜੀਆਂ ਵੱਲੋਂ ਤਾਲੇ ਤੋੜ ਕੇ ਵੱਡੀ ਮਾਤਰਾ 'ਚ ਗੋਲੀਆਂ ਚੋਰੀ ਕਰ ਲਈਆਂ ਗਈਆਂ। ਜਾਣਕਾਰੀ ਦਿੰਦੇ ਹੋਏ ਨਗਰ ਦੇ ਸਰਪੰਚ ਗੁਰਦੀਪ ਸਿੰਘ ਹੇਅਰ ਤੇ ਓਟ ਮੁਲਾਜ਼ਮ ਇੰਸਪੈਕਟਰ ਸੰਤੋਖ ਸਿੰਘ ਨੇ ਦੱਸਿਆ ਕਿ ਇਸ ਚੋਰੀ ਦੇ ਸਬੰਧ 'ਚ ਪੁਲਿਸ ਚੌਕੀ ਪੰਜ ਗਰਾਈਆਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਮੁਹੱਲਾ ਕਲਿਨਿਕ ਦੇ ਓਟ ਸੈਂਟਰ ਦੇ ਇੰਸਪੈਕਟਰ ਸੰਤੋਖ ਸਿੰਘ ਨੇ ਦੱਸਿਆ ਕਿ ਅਸੀਂ ਹਰ ਰੋਜ਼ ਦੀ ਤਰ੍ਹਾਂ ਛੁੱਟੀ ਹੋਣ ਤੇ ਘਰ ਚਲੇ ਗਏ ਸੀ ਰਾਤ 10:30 ਵਜੇ ਮਹੱਲਾ ਵਾਸੀਆਂ ਦਾ ਫੋਨ ਆਇਆ ਕਲਿਨਿਕ ਵਿੱਚ ਕਿਸੇ ਦੇ ਫੋਨ ਦੀ ਲਾਈਟ ਜਗਦੀ ਨਜ਼ਰ ਆ ਰਹੀ ਹੈ, ਜਦ ਉਨ੍ਹਾਂ ਨੇ ਮੌਕੇ ਤੇ ਅੰਦਰ ਜਾ ਕੇ ਦੇਖਿਆ ਤਾਂ ਕਮਰੇ ਦੇ ਤਾਲੇ ਟੁੱਟੇ ਹੋਏ ਸਨ ਤੇ ਸਵੇਰ ਵੇਲੇ ਹਸਪਤਾਲ ਸਟਾਫ ਦੇ ਦੱਸਣ ਮੁਤਾਬਿਕ 593 ਗੋਲੀਆਂ ਚੋਰੀ ਹੋ ਚੁੱਕੀਆਂ ਸਨ। ਇਸ ਸਬੰਧ ਵਿੱਚ ਚੌਕੀ ਪੰਜ ਗਰਾਈਆਂ ਵਿਖੇ ਸ਼ਿਕਾਇਤ ਦਰਜ ਕਰਾ ਦਿੱਤੀ ਗਈ ਹੈ। ਇਸ ਸਬੰਧੀ ਪੁਲਿਸ ਥਾਣਾ ਰੰਗੜ ਨੰਗਲ ਦੇ ਐਸਐਚਓ ਗਗਨਦੀਪ ਸਿੰਘ ਨੇ ਦੱਸਿਆ ਕਿ ਰਣਜੀਤ ਸਿੰਘ ਚੌਕੀ ਇੰਚਾਰਜ ਪੁਲਿਸ ਪੰਜ ਗਰਾਈਆਂ ਅਤੇ ਉਹਨਾਂ ਦੀ ਟੀਮ ਵੱਲੋਂ ਤਫਤੀਸ਼ ਕੀਤੀ ਜਾ ਰਹੀ ਹੈ। ਚੋਰ ਜਲਦ ਹੀ ਸਲਾਖਾਂ ਦੇ ਪਿਛੇ ਨਜ਼ਰ ਆਉਣਗੇ। ਇਸ ਮੌਕੇ ਸਰਪੰਚ ਗੁਰਦੀਪ ਸਿੰਘ ਤੇ ਡਾ. ਸੌਰਵਜੀਤ ਤੋਂ ਇਲਾਵਾ, ਫਾਰਮੇਸੀ ਅਫਸਰ ਕੰਵਲਜੀਤ ਕੌਰ, ਇੰਸ. ਭੁਪਿੰਦਰ ਸਿੰਘ, ਸਟਾਫ ਨਰਸ ਕਿਰਨਦੀਪ ਕੌਰ, ਏ ਐਨ ਐੱਮ ਬਲਵਿੰਦਰ ਕੌਰ, ਮਨਦੀਪ ਕੌਰ ਸਿੱਧੂਮੂਸਾ, ਐਲ ਐਚ ਵੀ ਬਲਵਿੰਦਰ ਸਿੰਘ, ਸੀ ਐਚ ਓ ਸਨਾਖਿਆ, ਚੌਕੀ ਇੰਚਾਰਜ ਰਣਜੀਤ ਸਿੰਘ, ਥਾਣੇਦਾਰ ਬਲਵਿੰਦਰ ਸਿੰਘ, ਨੰਬਰਦਾਰ ਭੁਪਿੰਦਰ ਸਿੰਘ ਤੇ ਹੋਰ ਮੋਹਤਬਰ ਹਾਜ਼ਰ ਸਨ।

# ਬਾਬਾ ਬੰਦਾ ਸਿੰਘ ਬਹਾਦਰ ਦੇ ਸਨਮਾਨ 'ਚ ਇੱਕ ਬੁੱਤ ਢੁਕਵੀਂ ਥਾਂ 'ਤੇ ਸਥਾਪਤ ਕੀਤਾ ਜਾਵੇ : ਤਰਲੋਚਨ ਸਿੰਘ



ਨਵੀਂ ਦਿੱਲੀ, 3 ਮਈ (ਚ.ਨ.ਸ.): ਸਾਬਕਾ ਸੰਸਦ ਮੈਂਬਰ ਤੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਤਰਲੋਚਨ ਸਿੰਘ ਨੇ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੂੰ ਇੱਕ ਪੱਤਰ ਲਿਖਿਆ ਹੈ, ਜਿਸ ਵਿੱਚ ਉਨ੍ਹਾਂ ਲਿਖਿਆ ਹੈ ਕਿ ਹਰ ਕੋਈ ਖੁਸ਼ ਹੈ ਕਿ ਅਸੀਂ ਵੱਖ-ਵੱਖ ਭਾਈਚਾਰਿਆਂ ਤੇ ਖੇਤਰਾਂ ਦੇ ਉਨ੍ਹਾਂ ਨਾਇਕਾਂ ਦਾ ਸਨਮਾਨ ਕਰ ਰਹੇ ਹਾਂ, ਜਿਨ੍ਹਾਂ ਨੇ ਰਾਸ਼ਟਰ ਨਿਰਮਾਣ 'ਚ ਆਪਣੀਆਂ ਜ਼ਿੰਦਗੀਆਂ ਕੁਰਬਾਨ ਕੀਤੀਆਂ। ਉਨ੍ਹਾਂ ਨੇ ਆਪਣੇ ਪੱਤਰ 'ਚ ਲਿਖਿਆ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਮੁਗ਼ਲ ਫ਼ੌਜ ਨੂੰ ਹਰਾ ਕੇ 1709 ਈ. 'ਚ ਆਪਣਾ ਰਾਜ ਸਥਾਪਤ ਕੀਤਾ। ਪੱਤਰ ਦੀ ਸਮਾਪਤੀ 'ਚ ਉਨ੍ਹਾਂ ਲਿਖਿਆ ਕਿ ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਕ੍ਰਿਪਾ ਕਰਕੇ ਕੁਤਬ ਮੀਨਾਰ ਨੇੜੇ ਕਿਸੇ ਢੁਕਵੀਂ ਥਾਂ 'ਤੇ ਬਾਬਾ ਬੰਦਾ ਸਿੰਘ ਬਹਾਦਰ ਦੇ ਸਨਮਾਨ 'ਚ ਇਕ ਬੁੱਤ ਸਥਾਪਤ ਕਰੋ। ਇਹ ਨਾ ਸਿਰਫ ਸਾਡੇ ਇਤਿਹਾਸ ਦੇ ਸੁਨਹਿਰੀ ਦੌਰ ਨੂੰ ਮੁੜ ਸੁਰਜੀਤ ਕਰੇਗਾ ਸਗੋਂ ਨਵੀਂ ਪੀੜ੍ਹੀ ਨੂੰ ਪ੍ਰੇਰਿਤ ਕਰੇਗਾ।

# 'ਪੰਜਾਬ ਸਿੱਖਿਆ ਕ੍ਰਾਂਤੀ' ਮੁਹਿੰਮ ਤਹਿਤ ਸਰਕਾਰੀ ਸਕੂਲਾਂ ਦੀ ਵਿਕਾਸ ਪੱਖੋਂ ਹੋਈ ਕਾਇਆ ਕਲਪ : ਚੇਅਰਮੈਨ ਪੰਨੂੰ



ਬਟਾਲਾ, 3 ਮਈ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸਿੰਘ): 'ਪੰਜਾਬ ਸਿੱਖਿਆ ਕ੍ਰਾਂਤੀ' ਮੁਹਿੰਮ ਤਹਿਤ ਸਰਕਾਰੀ ਸਕੂਲਾਂ ਅੰਦਰ ਕਰਵਾਏ ਗਏ ਵਿਕਾਸ ਕਾਰਜਾਂ ਦੇ ਸਮਾਗਮਾਂ ਤਹਿਤ ਅੱਜ ਬਲਬੀਰ ਸਿੰਘ ਪੰਨੂੰ ਚੇਅਰਮੈਨ ਪਨਸਪ ਪੰਜਾਬ ਵੱਲੋਂ ਵੱਖ-ਵੱਖ ਸਕੂਲਾਂ ਵਿੱਚ ਨਵੇਂ ਕਲਾਸ ਰੂਮ, ਕਮਰਿਆਂ ਦਾ ਨਵੀਨੀਕਰਨ ਤੇ ਚਾਰਦੀਵਾਰੀ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਗਿਆ। ਉਨ੍ਹਾਂ ਅੱਜ ਪਿੰਡ ਅਕਰਪੁਰਾ ਸਰਕਾਰੀ ਮਿਡਲ ਸਕੂਲ ਲਾਗਤ 7 ਲੱਖ 51 ਹਜ਼ਾਰ ਰੁਪਏ, ਪਿੰਡ ਮਿਰਜਾਜਾਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ 20 ਲੱਖ ਰੁਪਏ ਦੀ ਲਾਗਤ ਤੇ ਸਰਕਾਰੀ ਪ੍ਰਾਇਮਰੀ ਬਰਕੀਵਾਲ ਵਿਖੇ ਇਕ ਲੱਖ 30 ਹਜ਼ਾਰ ਰੁਪਏ ਦੀ ਲਾਗਤ ਨਾਲ ਕਰਵਾਏ ਵਿਕਾਸ ਕਾਰਜਾਂ ਦੇ ਉਦਘਾਟਨ ਕੀਤਾ। ਇਸ ਮੌਕੇ ਕਰਵਾਏ ਸਮਾਗਮ ਵਿੱਚ ਸੰਬੋਧਨ ਕਰਦਿਆਂ ਚੇਅਰਮੈਨ ਬਲਬੀਰ ਸਿੰਘ ਪੰਨੂੰ ਨੇ ਕਿਹਾ ਕਿ ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਕਾਰਜਕਾਲ ਦੌਰਾਨ ਸੂਬੇ ਦੇ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦਾ ਮਿਆਰ ਉੱਚਾ ਹੋਇਆ ਹੈ। ਸਰਕਾਰੀ ਸਕੂਲਾਂ ਨੂੰ ਅਤਿ ਆਧੁਨਿਕ ਬੁਨਿਆਦੀ ਢਾਂਚੇ ਨਾਲ ਲੈਸ ਕਰਕੇ ਵਿਦਿਆਰਥੀਆਂ ਨੂੰ ਡਿਜੀਟਲ ਤਕਨੀਕ ਨਾਲ ਸਮੇਂ ਦੇ ਹਾਣ ਦੀ ਸਿੱਖਿਆ ਪ੍ਰਦਾਨ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਸਰਕਾਰੀ ਹਾਈ ਸਕੂਲ ਪੱਧਰੀ ਦੇ ਨਵੇਂ ਬਣੇ ਕਮਰਿਆਂ ਨੂੰ ਦੇਖ ਕੇ ਪਤਾ ਲੱਗਦਾ ਹੈ ਕਿ ਇਸ ਸਕੂਲ ਵਿਚ ਪ੍ਰਾਈਵੇਟ ਸਕੂਲਾਂ ਨਾਲੋਂ ਵੀ ਵਧੀਆ ਫਰਨੀਚਰ ਤੇ ਹੋਰ ਸੁਵਿਧਾਵਾਂ ਬੱਚਿਆਂ ਨੂੰ ਮੁਹੱਈਆ ਕੀਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਇਸ ਦੇ ਨਾਲ-ਨਾਲ ਸਕੂਲਾਂ ਦੀ ਚਾਰਦੀਵਾਰੀ ਵੀ ਕੀਤੀ ਗਈ ਹੈ ਤਾਂ ਜੋ ਬੱਚਿਆਂ ਨੂੰ ਸੁਰੱਖਿਆ ਪ੍ਰਦਾਨ ਹੋ ਸਕੇ। ਉਨ੍ਹਾਂ ਨੇ ਕਿਹਾ ਕਿ ਉਹ ਦਿਨ ਦੂਰ ਨਹੀਂ ਜਦੋਂ ਮਾਪੇ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਤੋਂ ਹਟਾ ਕੇ ਸਰਕਾਰੀ ਸਕੂਲਾਂ ਵਿਚ ਦਾਖਲ ਕਰਵਾਉਣਗੇ ਤੇ ਲੋਕਾਂ ਦੀ ਪਹਿਲੀ ਪਸੰਦ ਸਰਕਾਰੀ ਸਕੂਲ ਹੋਣਗੇ। ਇਸ ਮੌਕੇ ਪ੍ਰਿੰਸੀਪਲ ਮਨੋਜ ਕੁਮਾਰ, ਨਵਜੀਤ ਸਿੰਘ ਧਾਰੀਵਾਲ, ਮਾਸਟਰ ਕੁਲਵੰਤ ਸਿੰਘ, ਰਾਜਵਿੰਦਰ ਕੌਰ, ਮਾਸਟਰ ਅਮਰਵੀਰ ਸਿੰਘ, ਕੁਲਦੀਪ ਸਿੰਘ, ਗੁਰਜੀਤ ਸਿੰਘ, ਜਸਵਿੰਦਰ ਕੁਮਾਰ, ਕੁਲਦੀਪ ਕੌਰ, ਰਮਨਦੀਪ ਕੌਰ, ਸਰਪੰਚ ਰਣਜੀਤ ਸਿੰਘ, ਸਰਪੰਚ ਗੁਰਸੇਵਕ ਸਿੰਘ, ਸਰਪੰਚ ਸੁਗਨਦੀਪ ਸਿੰਘ, ਬਲਾਕ ਪ੍ਰਧਾਨ ਸ਼ਮਸ਼ੇਰ ਸਿੰਘ, ਬਲਾਕ ਪ੍ਰਧਾਨ ਹਰਦੀਪ ਸਿੰਘ, ਹਲਕਾ ਯੂਥ ਪ੍ਰਧਾਨ ਗੁਰਬਿੰਦਰ ਸਿੰਘ ਕਾਦੀਆਂ, ਹਲਕਾ ਕੋਆਰਡੀਨੇਟਰ ਐਜੂਕੇਸ਼ਨ ਰਘਬੀਰ ਸਿੰਘ ਅਠਵਾਲ, ਬਲਾਕ ਪ੍ਰਧਾਨ ਜਗਜੀਤ ਸਿੰਘ, ਬਲਾਕ ਪ੍ਰਧਾਨ ਹਰਪ੍ਰੀਤ ਸਿੰਘ, ਗਗਨਦੀਪ ਸਿੰਘ ਕੋਟਲਾ ਬਾਮਾ, ਕਰਨ ਬਾਠ, ਗੁਰਪ੍ਰਤਾਪ ਆਦਿ ਹਾਜ਼ਰ ਸਨ।

# ਅਸਮਾਨੀ ਬਿਜਲੀ ਡਿੱਗਣ ਕਾਰਨ ਬਿਜਲੀ ਉਪਕਰਨ ਹੋਏ ਖ਼ਰਾਬ



ਗੁਰਦਾਸਪੁਰ, 3 ਮਈ (ਜਗਮੋਹਨ ਸਿੰਘ ਬਾਗੋਵਾਣੀ): ਇਸ ਇਲਾਕੇ ਦੇ ਪ੍ਰਸਿੱਧ ਪਿੰਡ ਬਾਗੋਵਾਣੀ 'ਚ ਬੀਤੀ ਰਾਤ ਕਰੀਬ 10:30 ਵਜੇ ਅਸਮਾਨੀ ਬਿਜਲੀ ਪੈਣ ਕਾਰਨ ਕਿਸਾਨ ਜਗਮੋਹਨ ਸਿੰਘ ਦੇ ਘਰ 'ਚ ਲੱਗੇ ਬਿਜਲੀ ਦੇ ਉਪਕਰਨ ਜਿਨ੍ਹਾਂ 'ਚ 2 ਛੱਤ ਵਾਲੇ ਪੱਖੇ, ਫਰਿੱਜ, ਏ.ਸੀ., ਐਲ.ਸੀ.ਡੀ., ਇਨਵਰਟਰ ਆਦਿ ਨੁਕਸਾਨੇ ਗਏ। ਇਸ ਸਬੰਧੀ ਕਿਸਾਨ ਜਗਮੋਹਨ ਸਿੰਘ ਤੇ ਸਰਪੰਚ ਬਲਜੀਤ ਸਿੰਘ ਬਾਗੋਵਾਣੀ ਨੇ ਦੱਸਿਆ ਕਿ ਬੀਤੀ ਰਾਤ ਕਰੀਬ 10:30 ਵਜੇ ਜਦੋਂ ਉਹ ਘਰ ਅੰਦਰ 'ਚ ਤੂੜੀ ਬਣਾ ਰਹੇ ਸਨ ਤਾਂ ਅਚਾਨਕ ਬਿਜਲੀ ਚਮਕੀ ਤੇ ਬੱਦਲ ਗਰਜਿਆ ਤੇ ਉਹ ਦੌੜ ਕੇ ਘਰ ਆਏ, ਜਦੋਂ ਆ ਕੇ ਦੇਖਿਆ ਤਾਂ ਮਕਾਨ ਦੀ ਤੀਸਰੀ ਮੰਜ਼ਿਲ ਉਪਰ ਬਿਜਲੀ ਪਈ ਹੋਈ ਸੀ ਤੇ ਬਾਅਦ ਵਿਚ ਚੈੱਕ ਕਰਨ 'ਤੇ ਪਤਾ ਲੱਗਾ ਕਿ ਉਨ੍ਹਾਂ ਦੇ ਘਰ 'ਚ ਲੱਗੇ ਬਿਜਲੀ ਦੇ ਸਾਰੇ ਉਪਕਰਨ ਸੜ ਚੁੱਕੇ ਸਨ। ਜਗਮੋਹਨ ਸਿੰਘ ਨੇ ਦੱਸਿਆ ਕਿ ਮਕਾਨ ਦੀ ਤੀਸਰੀ ਮੰਜ਼ਿਲ ਦੀ ਛੱਤ ਪਾਟ ਚੁੱਕੀ ਹੈ ਤੇ ਕੰਧਾਂ 'ਚ ਵੀ ਤਰੇੜਾਂ ਆ ਗਈਆਂ ਹਨ। ਬਿਜਲੀ ਦਾ ਧਮਾਕਾ ਬਹੁਤ ਜ਼ਬਰਦਸਤ ਤੇ ਦਿਲ ਕੰਬਾਊ ਸੀ। ਉਨ੍ਹਾਂ ਦੇ ਬੱਚੇ ਦੂਸਰੀ ਮੰਜ਼ਿਲ ਉਪਰ ਸੁੱਤੇ ਹੋਏ ਸਨ, ਜੋ ਖ਼ਤਰਾ ਸੁਣ ਕੇ ਇਕਦਮ ਉੱਚੀ-ਉੱਚੀ ਰੋਣ ਲੱਗ ਪਏ। ਅਸਮਾਨੀ ਬਿਜਲੀ ਕਾਰਨ ਭਾਵੇਂ ਜਾਨੀ ਨੁਕਸਾਨ ਤਾਂ ਨਹੀਂ ਹੋਇਆ ਪ੍ਰੰਤੂ ਮਾਲੀ ਨੁਕਸਾਨ ਬਹੁਤ ਹੋਇਆ ਹੈ। ਪਿੰਡਾਂ ਦੇ ਲੋਕ ਧਮਾਕਾ ਸੁਣ ਕੇ ਸਹਿਮ ਗਏ ਸਨ ਜੋ ਬਾਅਦ ਵਿਚ ਉਨ੍ਹਾਂ ਦੇ ਘਰ 'ਚ ਇਕੱਠੇ ਹੋ ਕੇ ਆਏ ਤੇ ਪਰਿਵਾਰ ਨੂੰ ਹੌਸਲਾ ਦਿੱਤਾ। ਕਿਸਾਨ ਜਗਮੋਹਨ ਸਿੰਘ ਦੀ ਮੰਗ ਹੈ ਕਿ ਕੁਦਰਤੀ ਤੌਰ ਤੇ ਹੋਏ ਇਸ ਨੁਕਸਾਨ ਦਾ ਉਸ ਨੂੰ ਮੁਆਵਜ਼ਾ ਸਰਕਾਰ ਵਲੋਂ ਦਿੱਤਾ ਜਾਵੇ।

# ਗੁਰਦਾਸਪੁਰ ਤੇ ਸਬ-ਡਵੀਜ਼ਨ ਬਟਾਲਾ ਵਿਖੇ ਲੋਕ ਅਦਾਲਤ 10 ਨੂੰ



ਗੁਰਦਾਸਪੁਰ, 3 ਮਈ (ਜਗੀਰ ਸਿੰਘ ਮੰਡ): ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਕਾਰਜਕਾਰੀ ਚੇਅਰਮੈਨ ਮਾਨਯੋਗ ਜਸਟਿਸ ਦੀਪਕ ਸਿੱਬਲ, ਜੱਜ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਚੰਡੀਗੜ੍ਹ ਦੀਆਂ ਹਦਾਇਤਾਂ ਮੁਤਾਬਿਕ ਅਤੇ ਸ੍ਰੀ ਦਿਲਬਾਗ ਸਿੰਘ ਜੌਹਲ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਸਹਿਤ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਜੀਆਂ ਦੀ ਰਹਿਨੁਮਾਈ ਹੇਠ ਸ੍ਰੀ ਹਰਪ੍ਰੀਤ ਸਿੰਘ, ਮਾਨਯੋਗ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਦੁਆਰਾ ਜਿਲ੍ਹਾ ਸੈਸ਼ਨਜ਼ ਡਵੀਜ਼ਨ, ਗੁਰਦਾਸਪੁਰ ਅਧੀਨ ਸਮੂਹ ਨਿਆਂਇਕ ਅਦਾਲਤਾਂ ਗੁਰਦਾਸਪੁਰ ਅਤੇ ਸਬ-ਡਵੀਜ਼ਨ, ਬਟਾਲਾ ਵੱਲੋਂ ਕੇਸਾਂ ਦੇ ਨਿਪਟਾਰੇ ਲਈ ਨੈਸ਼ਨਲ ਲੋਕ ਅਦਾਲਤ ਦਾ ਮਿਤੀ 10.05.2025 ਨੂੰ ਆਯੋਜਨ ਕੀਤਾ ਜਾ ਰਿਹਾ ਹੈ। ਇਸ ਨੈਸ਼ਨਲ ਲੋਕ ਅਦਾਲਤ ਵਿੱਚ ਫੌਜਦਾਰੀ, ਚੈੱਕ ਬਾਊਂਸ, ਬੈਂਕਾਂ ਦੇ ਕੇਸ, ਐਕਸੀਡੈਂਟ ਕਲੇਮ ਕੇਸ ਅਤੇ ਪਰਿਵਾਰਕ ਝਗੜੇ ਆਦਿ ਕਿਸਮਾਂ ਦੇ ਕੇਸ ਲਗਾਏ ਜਾਣਗੇ। ਇਸ ਤੋਂ ਇਲਾਵਾ ਪ੍ਰੀ-ਲੀਟੀਗੇਟਿਵ ਕੇਸ ਜਿਵੇਂ ਕਿ ਬੈਂਕ ਰਿਕਵਰੀ ਕੇਸ, ਜਲ ਸਪਲਾਈ, ਲੇਬਰ ਆਦਿ ਕੇਸ ਵੀ ਲਗਾਏ ਜਾਣਗੇ। ਇਸ ਸਬੰਧੀ ਸ੍ਰੀ ਦਿਲਬਾਗ ਸਿੰਘ ਜੌਹਲ, ਮਾਨਯੋਗ ਜਿਲ੍ਹਾ ਅਤੇ ਸੈਸ਼ਨ ਜੱਜ-ਸਹਿਤ-ਚੇਅਰਮੈਨ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਜੀਆਂ ਨੇ ਦੱਸਿਆ ਕਿ ਲੋਕ ਅਦਾਲਤ ਦਾ ਮੁੱਖ ਮਨੋਰਥ ਦੋਵਾਂ ਧਿਰਾਂ ਦੀ ਆਪਸੀ ਰਜ਼ਾਮੰਦੀ ਨਾਲ ਝਗੜਿਆਂ ਦਾ ਨਿਪਟਾਰਾ ਕਰਵਾਉਣਾ ਹੈ ਤਾਂ ਜੋ ਧਿਰਾਂ ਦੀ ਕੀਮਤੀ ਸਮੇਂ ਅਤੇ ਧੰਨ ਦੀ ਬੱਚਤ ਹੋ ਸਕੇ ਅਤੇ ਆਪਸੀ ਦੁਸ਼ਮਣੀ ਘਟਾਈ ਜਾ ਸਕੇ। ਲੋਕ ਅਦਾਲਤਾਂ ਰਾਹੀਂ ਫੈਸਲੇ ਹੋਏ ਕੇਸਾਂ ਦੇ ਲਾਭਾਂ ਤੇ ਚਾਨਣਾ ਪਾਉਂਦਿਆਂ ਉਹਨਾਂ ਦੱਸਿਆ ਕਿ ਲੋਕ ਅਦਾਲਤ ਰਾਹੀਂ ਫੈਸਲੇ ਹੋਏ ਕੇਸ ਦੀ ਅੱਗੇ ਕੋਈ ਅਪੀਲ ਨਹੀਂ ਹੋ ਸਕਦੀ ਕਿਉਂਕਿ ਲੋਕ ਅਦਾਲਤ ਵਿੱਚ ਫੈਸਲਾ ਧਿਰਾਂ ਦੀ ਆਪਸੀ ਸਹਿਮਤੀ ਰਾਹੀਂ ਕਰਵਾਇਆ ਜਾਂਦਾ ਹੈ। ਇਸ ਨਾਲ ਝਗੜਾ ਹਮੇਸ਼ਾ ਲਈ ਖਤਮ ਹੋ ਜਾਂਦਾ ਹੈ। ਉਹਨਾਂ ਇਹ ਵੀ ਦੱਸਿਆ ਕਿ ਲੋਕ ਅਦਾਲਤ ਰਾਹੀਂ ਫੈਸਲਾ ਹੋਏ ਕੇਸਾਂ ਵਿੱਚ ਲਗਾਈ ਗਈ, ਕੋਰਟ ਫੀਸ ਵੀ ਵਾਪਸ ਕੀਤੀ ਜਾਂਦੀ ਹੈ।

# ਗਰੀਬ ਤੇ ਲੋੜਵੰਦ ਵਿਦਿਆਰਥੀਆਂ ਨੂੰ ਐੱਸ.ਜੀ.ਪੀ.ਸੀ. ਨੇ ਸਹਾਇਤਾ ਫੰਡਾਂ 'ਚੋਂ ਚੈੱਕ ਵੰਡੇ



ਧਾਰੀਵਾਲ, 3 ਮਈ (ਅਸ਼ੋਕ ਕੁਮਾਰ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਤੇ ਪ੍ਰਿੰਸੀਪਲ ਡਾ.ਗੁਰਜੀਤ ਸਿੰਘ ਦੀ ਦੇਖ-ਰੇਖ ਹੇਠ ਚੱਲ ਰਹੇ, ਬਾਬਾ ਅਜੈ ਸਿੰਘ ਖ਼ਾਲਸਾ ਕਾਲਜ ਵਿਖੇ ਗਰੀਬ ਤੇ ਲੋੜਵੰਦ ਵਿਦਿਆਰਥੀਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਹਾਇਤਾ ਫੰਡਾਂ ਵਿੱਚੋਂ ਵਿਸ਼ੇਸ਼ ਸਹਾਇਤਾ ਦਿੱਤੀ ਗਈ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਮੇਸ਼ਾ ਗਰੀਬ ਤੇ ਲੋੜਵੰਦ ਵਿਦਿਆਰਥੀਆਂ ਦੀ ਵੱਧ ਚੜ੍ਹ ਕੇ ਸਹਾਇਤਾ ਕੀਤੀ ਜਾਂਦੀ ਹੈ ਕਿ ਉਹ ਨਿਰਵਿਘਨ ਉੱਚ ਵਿੱਦਿਆ ਪ੍ਰਾਪਤ ਕਰਕੇ ਵਿੱਤੀ ਤੌਰ 'ਤੇ ਸਮਰੱਥ ਵਿਦਿਆਰਥੀਆਂ ਵਾਂਗੂੰ ਜ਼ਿੰਦਗੀ ਵਿੱਚ ਉੱਚੇ ਮੁਕਾਮ ਹਾਸਲ ਕਰ ਸਕਣ। ਇਸੇ ਮੁਹਿੰਮ ਤਹਿਤ ਕਾਲਜ ਵਿਦਿਆਰਥਣਾਂ ਸੁਮਨਪਰੀਤ ਕੌਰ ਬੀ.ਏ. ਭਾਗ ਦੂਜਾ ਤੇ ਤਮੰਨਾ ਬੀ.ਸੀ.ਏ. ਭਾਗ ਦੂਜਾ ਨੂੰ ਸਹਾਇਤਾ ਫੰਡਾਂ ਵਿੱਚੋਂ ਸਹਾਇਤਾ ਰਾਸ਼ੀ ਪ੍ਰਦਾਨ ਕੀਤੀ ਗਈ। ਇਸ ਮੌਕੇ ਬੀਬੀ ਜਸਬੀਰ ਕੌਰ ਜ਼ਫ਼ਰਵਾਲ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਹਾਇਤਾ ਰਾਸ਼ੀ ਦਾ ਚੈੱਕ ਕਾਲਜ ਪ੍ਰਿੰਸੀਪਲ ਡਾ.ਗੁਰਜੀਤ ਸਿੰਘ ਨੂੰ ਭੇਟ ਕੀਤਾ। ਇਸ ਮੌਕੇ ਪ੍ਰਚਾਰਕ ਬੀਬੀ ਰਾਜਬੀਰ ਕੌਰ ਵੀ ਉਚੇਚੇ ਤੌਰ 'ਤੇ ਹਾਜ਼ਰ ਸਨ। ਪ੍ਰਿੰਸੀਪਲ ਸਾਹਿਬ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਅਧੀਨ ਚੱਲ ਰਹੇ ਵਿੱਦਿਅਕ ਅਦਾਰਿਆਂ ਦੇ ਵਿਦਿਆਰਥੀਆਂ ਦੀ ਹਮੇਸ਼ਾ ਹਰ ਸੰਭਵ ਸਹਾਇਤਾ ਕੀਤੀ ਹੈ। ਇਸ ਮੌਕੇ ਪ੍ਰਿੰਸੀਪਲ ਡਾ. ਗੁਰਜੀਤ ਸਿੰਘ ਨੇ ਬੀਬੀ ਜ਼ਫ਼ਰਵਾਲ ਦਾ ਕਾਲਜ ਪਹੁੰਚਣ 'ਤੇ ਸਹਾਇਤਾ ਰਾਸ਼ੀ ਪ੍ਰਦਾਨ ਕਰਨ 'ਤੇ ਉਚੇਚੇ ਤੌਰ 'ਤੇ ਧੰਨਵਾਦ ਕੀਤਾ।

# 'ਮੇਰਾ ਘਰ ਮੇਰੇ ਨਾਮ' ਸਕੀਮ ਤਹਿਤ ਜਾਗਰੂਕਤਾ ਕੈਂਪ ਤੇ ਇਜਲਾਸ



ਫਤਿਹਗੜ੍ਹ ਚੂੜੀਆਂ, 3 ਮਈ (ਰਾਜਨ ਸ਼ਰਮਾ): ਡੀ.ਸੀ. ਗੁਰਦਾਸਪੁਰ ਦੀ ਰਹਿਨੁਮਾਈ ਹੇਠ ਬਲਾਕ ਫ਼ਤਿਹਗੜ੍ਹ ਚੂੜੀਆਂ ਦੇ ਅਧੀਨ ਆਉਂਦੇ ਪਿੰਡ ਮੁਰੀਦਕੇ ਵਿਖੇ 'ਮੇਰਾ ਘਰ ਮੇਰੇ ਨਾਮ' ਸਕੀਮ ਤੇ ਮੈਪ-2 ਦੇ ਅਧੀਨ ਇਜਲਾਸ ਕਰਵਾਇਆ ਗਿਆ। ਇਸ ਇਜਲਾਸ ਦੀ ਅਗਵਾਈ ਨਾਇਬ ਤਹਿਸੀਲਦਾਰ ਫਤਿਹਗੜ੍ਹ ਚੂੜੀਆਂ ਜਸਬੀਰ ਕੌਰ, ਪਟਵਾਰੀ ਲਖਵਿੰਦਰਪਾਲ, ਰਜਿਸਟਰੀ ਕਲਰਕ ਜਸਵਿੰਦਰ ਕੌਰ ਤੇ ਗਗਨਦੀਪ ਸਿੰਘ ਨੇ ਕੀਤੀ। ਇਸ 'ਚ ਪਿੰਡ ਮੁਰੀਦਕੇ ਦੇ ਲੋਕਾਂ ਨੂੰ ਸਰਪੰਚ ਅੰਮ੍ਰਿਤਪਾਲ ਦੀ ਹਾਜ਼ਰੀ 'ਚ ਜਾਣਕਾਰੀ ਦਿੱਤੀ ਗਈ। ਇਸ ਮੌਕੇ ਸਰਪੰਚ ਅੰਮ੍ਰਿਤਪਾਲ ਕੌਰ ਨੇ ਸਭ ਆਏ ਹੋਏ ਅਮਲੇ ਦਾ ਧੰਨਵਾਦ ਕੀਤਾ। ਇਸ ਮੌਕੇ ਸਾਬਕਾ ਸਰਪੰਚ ਗੁਰਦੀਪ ਸਿੰਘ, ਨੰਬਰਦਾਰ ਹਰਦੀਪ ਸਿੰਘ, ਮਲਕੀਤ ਸਿੰਘ, ਗੁਰਮੀਤ ਸਿੰਘ, ਜਸਵਿੰਦਰ ਸਿੰਘ, ਜਗੀਰ ਸਿੰਘ, ਤਰਸੇਮ ਸਿੰਘ ਮੈਂਬਰ, ਨੰਬਰਦਾਰ ਸਤਨਾਮ ਸਿੰਘ, ਹਰਵੰਤ ਸਿੰਘ, ਬਲਕਾਰ ਸਿੰਘ, ਦਲਜੀਤ ਸਿੰਘ, ਮੁਖਤਾਰ ਸਿੰਘ, ਰਛਪਾਲ ਸਿੰਘ, ਚੌਕੀਦਾਰ ਬਲਵਿੰਦਰ ਸਿੰਘ, ਜੋਬਨਪ੍ਰੀਤ ਸਿੰਘ, ਨਿਰਮਲ ਸਿੰਘ ਆਦਿ ਹਾਜ਼ਰ ਸਨ। ਇਸ ਸਕੀਮ 'ਚ ਪਿੰਡ ਚੱਠਾ, ਮੁਰੀਦਕੇ, ਭੋਲੋਕੇ, ਮਾਨਸੈਂਡਵਾਲ, ਕਲਾਰ, ਨਾਸਰਕੇ, ਸੁੰਢਲ, ਡੋਗਰ, ਸੇਖੋਂਵਾਲੀ, ਪੰਨਵਾਂ, ਰਿਆਲੀ ਖੁਰਦ, ਖੋਖਰ, ਚੰਦੂਸੂਜਾ, ਸੀੜਾ, ਲੋਧੀਨੰਗਲ, ਤੇਜਾ ਕਲਾਂ ਤੇ ਲਾਲੇਨੰਗਲ ਸ਼ਾਮਲ ਹਨ।

# ਵਿਸ਼ਵ ਪ੍ਰੈੱਸ ਆਜ਼ਾਦੀ ਦਿਵਸ ਨੂੰ ਸਮਰਪਿਤ ਪ੍ਰੈੱਸ ਯੂਨੀਅਨ ਵੱਲੋਂ ਮੀਟਿੰਗ



ਧਾਰੀਵਾਲ, 3 ਮਈ (ਅਸ਼ੋਕ ਕੁਮਾਰ): ਪ੍ਰੈੱਸ ਯੂਨੀਅਨ ਧਾਰੀਵਾਲ ਦੀ ਅਹਿਮ ਮੀਟਿੰਗ ਪ੍ਰੈੱਸ ਯੂਨੀਅਨ ਧਾਰੀਵਾਲ ਦੇ ਪ੍ਰਧਾਨ ਇੰਦਰਜੀਤ ਦੀ ਅਗਵਾਈ ਹੇਠ ਪ੍ਰੈੱਸ ਯੂਨੀਅਨ ਦੇ ਦਫ਼ਤਰ ਪੁਰਾਣਾ ਧਾਰੀਵਾਲ ਵਿਖੇ ਹੋਈ। ਮੀਟਿੰਗ ਦੌਰਾਨ ਸਮੁੱਚੇ ਪੱਤਰਕਾਰ ਭਾਈਚਾਰੇ ਨੇ ਸ਼ਮੂਲੀਅਤ ਕਰਕੇ ਫੀਲਡ ਵਿੱਚ ਕਵਰੇਜ ਕਰਨ ਦੌਰਾਨ ਦਰਪੇਸ਼ ਮੁਸ਼ਕਿਲਾਂ ਬਾਰੇ ਵਿਚਾਰ-ਚਰਚਾ ਕਰਦੇ ਹੋਏ ਪੱਤਰਕਾਰਾਂ ਉਪਰ ਹੁੰਦੇ ਹਮਲਿਆਂ 'ਤੇ ਚਿੰਤਾ ਜ਼ਾਹਿਰ ਕੀਤੀ ਤੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਪੱਤਰਕਾਰਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ ਕਿਉਂਕਿ ਪੱਤਰਕਾਰ ਆਪਣੀ ਜਾਨ ਜ਼ੋਖਮ ਵਿੱਚ ਪਾ ਕੇ ਹਰ ਥਾਂ ਕਵਰੇਜ ਕਰਨ ਪੁੱਜ ਜਾਂਦੇ ਹਨ। ਮੀਟਿੰਗ ਵਿੱਚ ਉਚੇਚੇ ਤੌਰ 'ਤੇ ਸ਼ਾਮਲ ਹੋਏ ਪ੍ਰੈੱਸ ਯੂਨੀਅਨ ਧਾਰੀਵਾਲ ਦੇ ਸਾਬਕਾ ਪ੍ਰਧਾਨ ਰਮੇਸ਼ ਨੰਦਾ ਨੇ ਕਿਹਾ ਕਿ ਪ੍ਰੈੱਸ ਲੋਕਤੰਤਰ ਦਾ ਚੌਥਾ ਥੰਮ ਮੰਨਿਆ ਜਾਂਦਾ ਹੈ ਤੇ ਖਬਰ ਪ੍ਰਕਾਸ਼ਿਤ ਕਰਨ ਦੌਰਾਨ ਹਰੇਕ ਪਹਿਲੂ 'ਤੇ ਗੰਭੀਰਤਾ ਨਾਲ ਸੋਚ ਵਿਚਾਰ ਕਰਨਾ ਚਾਹੀਦਾ ਹੈ, ਜਦਕਿ ਨਿਡਰਤਾ, ਨਿਰਪੱਖਤਾ ਤੇ ਬਿਨਾਂ ਲਾਲਚ ਦੇ ਲੋਕ ਮੁੱਦੇ ਉਜਾਗਰ ਕਰਨ ਚਾਹੀਦੇ ਹਨ। ਉਨ੍ਹਾਂ ਨੇ ਕਿਹਾ ਕਿ ਪੱਤਰਕਾਰਾਂ ਨੂੰ ਭਾਈਚਾਰਕ ਸਾਂਝ ਤੇ ਆਪਸੀ ਪ੍ਰੇਮ ਵਧਾਉਣ ਵਾਲੀਆਂ ਖਬਰਾਂ ਪ੍ਰਸਾਰਤ ਕਰਨੀਆਂ ਚਾਹੀਦੀਆਂ ਹਨ ਨਾ ਕਿ ਦਿਲਾਂ ਵਿੱਚ ਨਫਰਤ ਭਰੀਆਂ ਵਿੱਥਾਂ ਪਾਉਣ ਦੀ ਕੋਸ਼ਿਸ਼ ਕਰਨ ਵਾਲੀ ਖਬਰਾਂ ਤੋਂ ਗੁਰੇਜ ਕਰਨਾ ਚਾਹੀਦਾ ਹੈ। ਇੱਕਤਰ ਹੋਏ ਸਮੁੱਚੇ ਪੱਤਰਕਾਰ ਭਾਈਚਾਰੇ ਨੇ ਕਿਹਾ ਕਿ ਕੁਝ ਕੁ ਪੱਤਰਕਾਰ ਸਾਥੀ ਲਾਲਚ-ਵੱਸ ਜਾਂ ਮਜਬੂਰੀ-ਵੱਸ ਹੋ ਕੇ ਜਲਦਬਾਜ਼ੀ ਵਿੱਚ ਸੋਚੇ ਸਮਝੇ ਬਿਨਾਂ ਤੱਥਹੀਣ ਤੋਂ ਖਬਰ ਪ੍ਰਕਾਸ਼ਿਤ ਕਰਕੇ ਪੱਤਰਕਾਰਤਾ ਨੂੰ ਬਦਨਾਮ ਕਰਦੇ ਹਨ ਅਜਿਹੇ ਪੱਤਰਕਾਰ ਤੋਂ ਸੁਚੇਤ ਰਹਿਣ ਦੀ ਜ਼ਰੂਰਤ ਹੈ। ਇਸ ਮੌਕੇ 'ਤੇ ਰਮੇਸ਼ ਨੰਦਾ ਤੋਂ ਇਲਾਵਾ ਪ੍ਰੇਮ ਸਿੰਘ, ਸਵਰਨ ਸਿੰਘ, ਨੰਦ ਕਿਸ਼ੋਰ ਰਾਜੂ ਖੋਸਲਾ, ਬਲਬੀਰ ਬੱਬਰ, ਸੁੱਚਾ ਸਿੰਘ ਪਸਨਾਵਾਲ, ਗੁਰਬਚਨ ਸਿੰਘ ਬੰਮਰਾਹ, ਲਖਬੀਰ ਸਿੰਘ ਖੁੰਡਾ, ਲਵਲੀ ਨਾਗੀ, ਰਣਜੀਤ ਸਿੰਘ, ਅਸ਼ੋਕ ਕੁਮਾਰ ਆਦਿ ਪੱਤਰਕਾਰ ਹਾਜ਼ਰ ਸਨ। ਮੀਟਿੰਗ ਉਪਰੰਤ ਸਮੁੱਚੇ ਪੱਤਰਕਾਰ ਭਾਈਚਾਰੇ ਨੇ ਧਾਰੀਵਾਲ ਦੇ ਪ੍ਰਧਾਨ ਇੰਦਰਜੀਤ ਦੇ 67ਵੇਂ ਜਨਮ-ਦਿਨ ਦੀ ਵਧਾਈ ਦਿੰਦੇ ਹੋਏ ਤੰਦਰੁਸਤੀ ਤੇ ਚੜ੍ਹਦੀਕਲਾ ਦੀ ਕਾਮਨਾ ਕੀਤੀ।

# ਬਟਾਲਾ ਕਾਲਜ ਆਫ਼ ਐਜੂਕੇਸ਼ਨ ਦਾ ਨਤੀਜਾ ਰਿਹਾ ਸ਼ਾਨਦਾਰ



ਬਟਾਲਾ, 3 ਮਈ (ਸੁਖਦੇਵ ਸਿੰਘ): ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਐਲਾਨੇ ਗਏ ਬੀ.ਐੱਡ. ਸਮੈਸਟਰ ਪਹਿਲਾ ਦੇ ਨਤੀਜੇ 'ਚ ਬਟਾਲਾ ਕਾਲਜ ਆਫ਼ ਐਜੂਕੇਸ਼ਨ, ਬੁੱਲੋਵਾਲ (ਨੇੜੇ ਅਲੀਵਾਲ) ਕਾਲਜ ਦਾ ਨਤੀਜਾ ਸੌ ਫੀਸਦੀ ਰਿਹਾ। ਇਸ ਮੌਕੇ ਕਾਲਜ ਦੇ ਚੇਅਰਮੈਨ ਬਿਕਰਮਜੀਤ ਸਿੰਘ ਬਾਠ ਨੇ ਦੱਸਿਆ ਕਿ ਬਟਾਲਾ ਕਾਲਜ ਆਫ਼ ਐਜੂਕੇਸ਼ਨ ਦੀਆ ਵਿਦਿਆਰਥਣਾ ਵਿਚੋ ਸਿਮਰਨਜੀਤ ਕੌਰ ਨੇ 8.30 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਲ ਕਰਕੇ ਕਾਲਜ ਦਾ ਮਾਣ ਵਧਾਇਆ ਹੈ ਤੇ ਹਰਕੀਰਤ ਕੌਰ 8.20 ਦੂਜਾ ਸਥਾਨ, ਤਰੀਸ਼ਾ ਭਾਟੀਆ 8.10 ਤੀਜਾ, ਨਵਨੀਤ ਕੌਰ 8.00 ਚੌਥਾ, ਸੁਪਨਦੀਪ ਕੌਰ ਤੇ ਨਵਨੀਤ ਕੌਰ ਨੇ 7.90 ਅੰਕ ਪ੍ਰਾਪਤ ਕਰਕੇ ਪੰਜਵਾ ਸਥਾਨ ਹਾਸਿਲ ਕੀਤਾ ਜੋ ਕਿ ਇੱਕ ਵਿੱਦਿਅਕ ਸੰਸਥਾ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ। ਇਸ ਮੌਕੇ ਚੇਅਰਮੈਨ ਬਾਠ ਨੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਤੇ ਵਿਦਿਆਰਥੀਆਂ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ ਤੇ ਦੱਸਿਆ ਕਿ ਕਾਲਜ 'ਚ ਬੀ.ਐੱਡ. ਦੇ ਨਵੇਂ ਸ਼ੈਸ਼ਨ 2025-27 ਦਾਖ਼ਲੇ ਲਈ ਆਨਲਾਈਨ ਰਜਿਸਟ੍ਰੇਸ਼ਨ ਚੱਲ ਰਹੀ ਹੈ ਕਾਲਜ 'ਚ ਦਾਖ਼ਲਿਆਂ ਲਈ ਵਿਦਿਆਰਥੀਆਂ ਅੰਦਰ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕਾਲਜ ਚੇਅਰਮੈਨ ਬਾਠ ਨੇ ਦੱਸਿਆ ਕਿ ਵਿਦਿਆਰਥੀਆਂ ਦੀ ਸੁਵਿਧਾ ਲਈ ਕਾਲਜ 'ਚ ਉਨ੍ਹਾਂ ਇਹ ਵੀ ਦੱਸਿਆ ਕਿ ਇਸ ਸਾਲ ਤੋਂ ਬੀ.ਐੱਡ. 'ਚ ਦਾਖ਼ਲਾ ਸਿਰਫ਼ ਟੈਸਟ ਪਾਸ ਕਰਨ ਵਾਲੇ ਵਿਦਿਆਰਥੀਆਂ ਲਈ ਹੀ ਸੰਭਵ ਹੋਵੇਗਾ, ਜਿਸ ਲਈ ਬਟਾਲਾ ਕਾਲਜ ਆਫ਼ ਐਜੂਕੇਸ਼ਨ ਵਿਖੇ ਰਜਿਸਟਰਡ ਵਿਦਿਆਰਥੀਆਂ ਦੀ ਦਾਖ਼ਲਾ ਪ੍ਰੀਖਿਆ ਦੀ ਤਿਆਰੀ ਲਈ ਮੁਫ਼ਤ ਕੋਚਿੰਗ ਕਲਾਸਾਂ ਲਗਾਈਆਂ ਜਾ ਰਹੀਆਂ ਹਨ। ਕਾਲਜ ਚੇਅਰਮੈਨ ਬਿਕਰਮਜੀਤ ਸਿੰਘ ਬਾਠ ਨੇ ਕਿਹਾ ਕਿ ਬੀ.ਐੱਡ. ਤੋਂ ਇਲਾਵਾ ਕਾਲਜ ਅੰਦਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਮਾਨਤਾ ਪ੍ਰਾਪਤ ਕੋਰਸ ਬੀ.ਏ., ਬੀ.ਐਸ.ਸੀ. (ਇਕਨਾਮਿਕਸ), ਬੀ.ਸੀ.ਏ., ਡਿਪਲੋਮਾ ਇੰਨ ਕੰਪਿਊਟਰ ਐਪਲੀਕੇਸ਼ਨਜ਼, ਡਿਪਲੋਮਾ ਇੰਨ ਕਾਸਮੋਟੋਲਜੀ ਦਾ ਵੀ ਦਾਖ਼ਲਾ ਸ਼ੁਰੂ ਹੈ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਹਰਪ੍ਰੀਤ ਕੌਰ, ਵਾਈਸ ਪ੍ਰਿੰਸੀਪਲ ਪ੍ਰੋ: ਰਾਜਬੀਰ ਕੌਰ, ਕੋਆਰਡੀਨੇਟਰ ਧਿਆਨ ਸਿੰਘ, ਪ੍ਰੋ: ਸੁਖਜੀਤ ਕੌਰ, ਪ੍ਰੋ: ਗੁਰਪਿੰਦਰ ਕੌਰ, ਪ੍ਰੋ: ਪਰਦੀਪ ਕੌਰ, ਪ੍ਰੋ: ਗੁਰਵਿੰਦਰ ਕੌਰ, ਪ੍ਰੋ: ਗੁਰਪ੍ਰੀਤ ਕੌਰ, ਪ੍ਰੋ: ਮੀਨੂੰ ਚਾਵਲਾ, ਪ੍ਰੋ: ਪ੍ਰਭਜੀਤ ਕੌਰ, ਪਰਮਜੀਤ ਕੌਰ, ਅਮਨ ਸ਼ਰਮਾ ਤੇ ਹਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

# ਹਿਊਮਨ ਰਾਈਟਸ ਸੰਘਰਸ਼ ਕਮੇਟੀ ਇੰਡੀਆ ਦੀ ਨਸ਼ਿਆਂ ਖ਼ਿਲਾਫ਼ ਮੀਟਿੰਗ



ਸ੍ਰੀ ਹਰਗੋਬਿੰਦਪੁਰ ਸਾਹਿਬ/ਘੁਮਾਣ, 3 ਮਈ (ਡਾ. ਨਰਿੰਦਰ ਸਿੰਘ ਘੁਮਾਣ/ ਜਗੀਰ ਸਿੰਘ ਮੰਡ): ਬੀਤੇ ਦਿਨੀਂ ਹਿਊਮਨ ਰਾਈਟਸ ਤੇ ਸੰਘਰਸ਼ ਕਮੇਟੀ ਇੰਡੀਆ ਦੀ ਅਹਿਮ ਮੀਟਿੰਗ ਕੌਮੀ ਪ੍ਰਧਾਨ ਸ਼ਾਮ ਲਾਲ ਤ੍ਰੇਹਨ ਤੇ ਕੌਮੀ ਜਰਨਲ ਸਕੱਤਰ ਡਾ.ਮਨਮੋਹਨ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕਸਬਾ ਘੁਮਾਣ ਦੇ ਸਬ-ਆਫਿਸ ਵਿਖੇ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਗੁਰਦਾਸਪੁਰ ਡਾ. ਹਰਜਿੰਦਰ ਸਿੰਘ ਜੱਜ ਘੁਮਾਣ ਨੇ ਆਖਿਆ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਵਿੱਚ ਹਿਊਮਨ ਸੰਘਰਸ਼ ਕਮੇਟੀ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਤੇ ਮੈਡੀਕਲ ਕੈਮਿਸਟ ਐਸੋਸੀਏਸ਼ਨ ਵੱਲੋਂ ਅਹਿਮ ਯੋਗਦਾਨ ਪਾਇਆ ਜਾਵੇਗਾ। ਭਗਵੰਤ ਮਾਨ ਸਰਕਾਰ ਨੇ ਜਿਸ ਤਰ੍ਹਾਂ ਪ੍ਰਸ਼ਾਸਨ ਨੂੰ ਸਖ਼ਤ ਹਦਾਇਤਾਂ ਜਾਰੀ ਕੀਤੀਆ ਹੋਈਆਂ ਹਨ ਕਿ ਪੰਜਾਬ ਨੂੰ ਨਸ਼ਾ ਮੁਕਤ ਕਰਨਾ ਹੈ। ਉਨ੍ਹਾਂ ਆਖਿਆ ਕਿ ਹਿਊਮਨ ਰਾਈਟਸ ਸੰਘਰਸ਼ ਕਮੇਟੀ, ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਤੇ ਮੈਡੀਕਲ ਕੈਮਿਸਟ ਐਸੋਸੀਏਸ਼ਨ ਸਾਂਝੇ ਤੌਰ 'ਤੇ ਨਸ਼ਿਆਂ ਵਿਰੁੱਧ ਮੁਹਿੰਮ 'ਚ ਪ੍ਰਸ਼ਾਸਨ ਦਾ ਪੂਰਾ ਸਾਥ ਦੇਵੇਗੀ। ਇਸ ਮੀਟਿੰਗ ਵਿੱਚ ਉਚੇਚੇ ਤੌਰ 'ਤੇ ਪਹੁੰਚੇ ਮਾਰਕੀਟ ਕਮੇਟੀ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਚੇਅਰਮੈਨ ਐਡਵੋਕੇਟ ਨਿਸ਼ਾਨ ਸਿੰਘ ਚਾਹਲ ਬੋਲੇਵਾਲ ਨੇ ਹਿਊਮਨ ਰਾਈਟਸ ਸੰਘਰਸ਼ ਕਮੇਟੀ ਗੁਰਦਾਸਪੁਰ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਹਿਊਮਨ ਰਾਈਟਸ ਸੰਘਰਸ਼ ਕਮੇਟੀ ਹਮੇਸ਼ਾ ਨੇ ਨਸ਼ਿਆਂ ਤੇ ਸਮਾਜ ਵਿਰੋਧੀ ਕੁਰੀਤੀਆਂ ਵਿਰੁੱਧ ਆਵਾਜ਼ ਬੁਲੰਦ ਕੀਤੀ ਹੈ। ਉਨ੍ਹਾਂ ਆਖਿਆ ਮਾਨ ਸਰਕਾਰ ਵੱਲੋਂ ਸ਼ੁਰੂ ਕੀਤੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਵਿੱਚ ਜਿਸ ਹਿਊਮਨ ਰਾਈਟਸ ਸੰਘਰਸ਼ ਕਮੇਟੀ ਗੁਰਦਾਸਪੁਰ, ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਤੇ ਕੈਮਿਸਟ ਐਸੋਸੀਏਸ਼ਨ ਵੱਲੋਂ ਪੰਜਾਬ ਸਰਕਾਰ ਨੂੰ ਸਹਿਯੋਗ ਦੇਣ ਲਈ ਸੈਮੀਨਾਰ ਕਰਵਾਇਆ ਹੈ। ਇਸ ਮੌਕੇ ਮੁੱਖ ਮੁਨਸ਼ੀ ਥਾਣਾ ਘੁਮਾਣ ਰਮਨਜੀਤ ਸਿੰਘ, ਮੁਨਸ਼ੀ ਗੁਰਸੇਵਕ ਸਿੰਘ, ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਸੰਦੀਪ ਕੁਮਾਰ ਬਾਵਾ, ਸਾਬਕਾ ਸਰਪੰਚ ਹਰਬੰਸ ਸਿੰਘ ਘੁਮਾਣ, ਕੈਮਿਸਟ ਪਰਮਜੀਤ ਸਿੰਘ, ਕੈਮਿਸਟ ਕਰਮਜੀਤ ਸਿੰਘ ਬੱਬੂ, ਕੈਮਿਸਟ ਰਵਿੰਦਰ ਸਿੰਘ, ਕੈਮਿਸਟ ਖਜ਼ਾਨ ਸਿੰਘ ਬਾਵਾ, ਸੀਨੀਅਰ ਆਗੂ ਆਮ ਪਾਰਟੀ ਬਬਲੂ ਟੀ.ਵੀ.ਐੱਸ ਘੁਮਾਣ, ਸਰਪੰਚ ਹਰਭਜਨ ਸਿੰਘ ਪੰਡੋਰੀ , ਪ੍ਰਧਾਨ ਡਾ. ਨੂਰਾ ਘੁਮਾਣ, ਕੈਸ਼ੀਅਰ ਡਾ. ਮੰਗਲ ਸਿੰਘ, ਡਾ. ਰਣਧੀਰ ਸਿੰਘ ਪੰਡੋਰੀ ਸਾਬਕਾ ਪ੍ਰਧਾਨ ਗੁਰਨਾਮ ਸਿੰਘ ਮੀਕੇ, ਬਲਾਕ ਸ੍ਰੀ ਹਰਗੋਬਿੰਦਪੁਰ ਦੇ ਪ੍ਰਧਾਨ ਬਲਰਾਜ ਸਿੰਘ ਬਰਿਆਰ ਡਾ. ਕੁਲਦੀਪ ਸਿੰਘ, ਡਾ. ਮਨਜੀਤ ਸਿੰਘ, ਡਾ. ਸਤਨਾਮ ਸਿੰਘ ਲਾਡੀ, ਡਾ.ਮਨਜੀਤ ਸਿੰਘ, ਡਾ. ਸਾਜਨ ਆਦਿ ਹਾਜ਼ਰ ਸਨ।

# ਪੰਜਾਬ ਦੇ ਪਾਣੀ ਦੀ ਇੱਕ ਵੀ ਬੂੰਦ ਹਰਿਆਣੇ ਨੂੰ ਨਹੀਂ ਦਿੱਤੀ ਜਾਵੇਗੀ : ਮਠੋਲਾ/ਮੀਕੇ



ਸ੍ਰੀ ਹਰਗੋਬਿੰਦਪੁਰ ਸਾਹਿਬ/ ਊਧਨਵਾਲ, 3 ਮਈ (ਡਾ. ਸਰਬਜੀਤ ਸਿੰਘ ਭਿੰਡਰ/ਸੁਖਅੰਮ੍ਰਿਤ ਸਿੰਘ/ ਸੋਨੂੰ ਘੁਮਾਣ): ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਨੇ ਬੀ.ਬੀ.ਐੱਮ.ਬੀ. ਵੱਲੋਂ ਹਰਿਆਣਾ ਨੂੰ ਫੌਰੀ ਵਾਧੂ ਪਾਣੀ ਛੱਡਣ ਦੇ ਫੈਸਲੇ ਨੂੰ ਪੰਜਾਬ ਨਾਲ ਧੱਕੇਸ਼ਾਹੀ ਕਰਾਰ ਦਿੰਦਿਆਂ ਕੇਂਦਰ ਦੀ ਭਾਜਪਾ ਸਰਕਾਰ ਤੇ ਕਿਸਾਨ ਅੰਦੋਲਨ ਕਾਰਨ ਪੰਜਾਬ ਨਾਲ ਕਿੜ ਕੱਢਣ ਦਾ ਦੋਸ਼ ਲਗਾਇਆ, ਜਥੇਬੰਦੀ ਨੇ ਦਰਿਆਈ ਪਾਣੀਆਂ ਦੇ ਮਸਲੇ ਨੂੰ ਰਿਪੇਰੀਅਨ ਸਿਧਾਂਤ ਅਨੁਸਾਰ ਹੱਲ ਕਰਨ ਦੀ ਲੋੜ ਉੱਪਰ ਜ਼ੋਰ ਦਿੰਦਿਆਂ ਮੰਗ ਕੀਤੀ ਕਿ ਹਰਿਆਣਾ, ਰਾਜਸਥਾਨ ਤੇ ਦਿੱਲੀ ਦੀਆਂ ਪਾਣੀ ਦੀਆਂ ਲੋੜਾਂ ਨੂੰ ਪੂਰਾ ਕਰਨ ਦਾ ਸਥਾਈ ਹੱਲ ਕੱਢਣ ਲਈ ਕੇਂਦਰ ਸਰਕਾਰ ਨੂੰ ਸ਼ਾਰਧਾ ਯਮੁਨਾ ਲਿੰਕ ਨਹਿਰ ਦੀ ਉਸਾਰੀ ਕਰਨ ਲਈ ਸਬੰਧਤ ਸੂਬਿਆਂ ਨਾਲ ਗੱਲਬਾਤ ਕਰਨ ਦੀ ਪਹਿਲਕਦਮੀ ਹੱਥ ਲੈਣ ਦਾ ਰਾਹ ਅਖਤਿਆਰ ਕਰਨਾ ਚਾਹੀਦਾ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਪਲਵਿੰਦਰ ਸਿੰਘ ਮਠੋਲਾ ਤੇ ਜ਼ਿਲ੍ਹਾ ਸਲਾਹਕਾਰ ਬਲਵਿੰਦਰ ਸਿੰਘ ਮੀਕੇ ਨੇ ਆਖਿਆ ਕਿ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਭਾਜਪਾ ਦੀਆਂ ਸਰਕਾਰਾਂ ਪੰਜਾਬ ਨਾਲ ਧੱਕੇਸ਼ਾਹੀ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਤੱਥ ਸਪੱਸ਼ਟ ਕਰ ਰਹੇ ਹਨ ਕਿ ਹਰਿਆਣਾ ਆਪਣੇ ਹਿੱਸੇ ਦਾ ਪਾਣੀ ਵਰਤ ਚੁੱਕਾ ਹੈ। ਮਾਨਵੀ ਆਧਾਰ 'ਤੇ ਵੀ 4000 ਕਿਊਸਕ ਪਾਣੀ ਦਿੱਤਾ ਜਾ ਰਿਹਾ ਹੈ ਪਰ ਹੁਣ ਹੋਰ ਵਾਧੂ ਪਾਣੀ ਦੀ ਮੰਗ ਕਰਨਾ ਤੇ ਬੀ.ਬੀ.ਐੱਮ.ਬੀ. ਵੱਲੋਂ ਵਾਧੂ ਪਾਣੀ ਛੱਡਣ ਦਾ ਫੈਸਲਾ ਪੰਜਾਬ ਦੀਆਂ ਪਾਣੀ ਲੋੜਾਂ ਨੂੰ ਅਣਡਿੱਠ ਕਰਨ ਦੇ ਬਰਾਬਰ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਸੂਬੇ ਵਿੱਚ ਫਸਲਾਂ ਦੀ ਬਿਜਾਈ ਦਾ ਸਮਾਂ ਹੈ ਤੇ ਕਿਸਾਨਾਂ ਨੂੰ ਨਹਿਰੀ ਪਾਣੀ ਦੀ ਸਖਤ ਲੋੜ ਹੈ। ਕਿਸਾਨ ਆਗੂਆਂ ਨੇ ਆਖਿਆ ਕਿ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਪਾਣੀ ਦੇ ਮੁੱਦਿਆਂ 'ਤੇ ਪੰਜਾਬ ਸਰਕਾਰ ਦੇ ਨਾਲ ਖੜ੍ਹੀ ਹੈ। ਉਨ੍ਹਾਂ ਆਖਿਆ ਕਿ ਭਾਜਪਾ ਸਰਕਾਰ ਦੀ ਧੱਕੇਸ਼ਾਹੀ ਵਿਰੁੱਧ ਕਿਸਾਨ ਜਥੇਬੰਦੀ ਧਰਨੇ ਵੀ ਲਗਾਏਗੀ ਤੇ ਪੰਜਾਬ ਦੇ ਪਾਣੀ ਦੀ ਇੱਕ ਬੂੰਦ ਵੀ ਹਰਿਆਣੇ ਨੂੰ ਨਹੀਂ ਦਿੱਤੀ ਜਾਵੇਗੀ।

# ਭਗਵਾਨ ਸ੍ਰੀ ਪਰਸ਼ੂਰਾਮ ਜੈਯੰਤੀ ਸ਼ਰਧਾਪੂਰਵਕ ਮਨਾਈ



ਗੜ੍ਹਸ਼ੰਕਰ, 3 ਮਈ (ਅਜਮੇਰ ਸਿੰਘ ਭਨੋਟ): ਗੜ੍ਹਸ਼ੰਕਰ ਦੇ ਪਰਸ਼ੂਰਾਮ ਭਵਨ ਵਿਖੇ ਭਗਵਾਨ ਸ੍ਰੀ ਵਿਸ਼ਨੂੰ ਜੀ ਦੇ ਛੇਵੇਂ ਅਵਤਾਰ ਭਗਵਾਨ ਸ੍ਰੀ ਪਰਸ਼ੂਰਾਮ ਦੀ ਜੈਯੰਤੀ ਸ਼ਰਧਾ ਪੂਰਵਕ ਮਨਾਈ ਗਈ। ਬ੍ਰਾਹਮਣ ਸਭਾ ਦੇ ਪ੍ਰਧਾਨ ਠੇਕੇਦਾਰ ਕੁਲਭੂਸ਼ਨ ਸ਼ੋਰੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪਰਸ਼ੂਰਾਮ ਹਵਨ ਵਿਖੇ ਆਚਾਰੀਆ ਅਸ਼ੀਸ਼ ਵਸ਼ਿਸ਼ਟ ਵਲੋਂ ਹਵਨ ਯੱਗ ਉਪਰੰਤ ਝੰਡੇ ਦੀ ਰਸਮ ਅਦਾ ਕੀਤੀ ਗਈ। ਇਸ ਮੌਕੇ ਭਗਵਾਨ ਪਰਸ਼ੂਰਾਮ ਦੀ ਮਹਿਮਾ ਦਾ ਗੁਣਗਾਨ ਵੀ ਕੀਤਾ ਗਿਆ। ਇਸ ਮੌਕੇ ਲਵ ਕੁਮਾਰ ਗੋਲਡੀ ਸਾਬਕਾ ਵਿਧਾਇਕ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਸੰਗਤਾਂ ਨੂੰ ਭਗਵਾਨ ਪਰਸ਼ੂਰਾਮ ਦੇ ਜਨਮ ਉਤਸਵ ਦੀ ਵਧਾਈ ਦਿੰਦੇ ਹੋਏ ਪ੍ਰਬੰਧਕ ਕਮੇਟੀ ਵੱਲੋਂ ਕੀਤੇ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਮੌਕੇ ਵੱਡੀ ਗਿਣਤੀ ਵਿੱਚ ਇਲਾਕੇ ਦੀ ਸੰਗਤਾਂ ਨੇ ਪਹੁੰਚ ਕੇ ਭਗਵਾਨ ਪਰਸ਼ੂਰਾਮ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਪ੍ਰਬੰਧਕ ਕਮੇਟੀ ਵੱਲੋਂ ਭਗਵਾਨ ਪਰਸ਼ੂਰਾਮ ਜੈਯੰਤੀ 'ਤੇ ਪਹੁੰਚੀਆਂ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਆਈਆਂ ਹੋਈਆਂ ਸੰਗਤਾਂ ਲਈ ਪ੍ਰਬੰਧਕ ਕਮੇਟੀ ਵੱਲੋਂ ਲੰਗਰ ਦਾ ਪੁਖਤਾ ਪ੍ਰਬੰਧ ਕੀਤਾ ਹੋਇਆ ਸੀ।

# ਪੱਤਰਕਾਰ ਰਾਜਨ ਸ਼ਰਮਾ ਬ੍ਰਾਹਮਣ ਸਭਾ ਵੱਲੋਂ ਸਨਮਾਨਤ



ਫਤਿਹਗੜ੍ਹ ਚੂੜੀਆਂ, 3 ਮਈ (ਰਾਜਨ ਸ਼ਰਮਾ): ਫਤਿਹਗੜ੍ਹ ਚੂੜੀਆਂ ਵਿਖੇ ਭਗਵਾਨ ਸ੍ਰੀ ਪਰਸ਼ੂਰਾਮ ਸ੍ਰੀ ਬ੍ਰਾਹਮਣ ਸਭਾ ਫਤਿਹਗੜ੍ਹ ਚੂੜੀਆਂ ਵੱਲੋਂ ਸ੍ਰੀ ਪਰਸ਼ੂਰਾਮ ਜੈਯੰਤੀ ਮਨਾਈ ਗਈ। ਜਿਸ ਦੀ ਸਮਾਪਤੀ ਮੌਕੇ ਜੰਨਤ ਪੈਲਸ ਵਿਖੇ ਹੋਈ। ਸਮਾਪਤੀ ਮੌਕੇ ਉੱਪਰ ਚੜ੍ਹਦੀਕਲਾ ਅਖਬਾਰ ਤੋਂ ਫਤਿਹਗੜ੍ਹ ਚੂੜੀਆਂ ਤੋਂ ਪੱਤਰਕਾਰ ਰਾਜਨ ਸ਼ਰਮਾ ਨੂੰ ਬ੍ਰਾਹਮਣ ਸਭਾ ਵੱਲੋਂ ਸਨਮਾਨਤ ਕੀਤਾ ਗਿਆ। ਇਸ ਦਿੱਤੇ ਗਏ ਮਾਣ-ਸਤਿਕਾਰ ਦੇ ਲਈ ਚੜ੍ਹਦੀਕਲਾ ਅਖਬਾਰ ਦੇ ਪੱਤਰਕਾਰ ਰਾਜਨ ਸ਼ਰਮਾ ਵੱਲੋਂ ਰਾਜੀਵ ਸ਼ਰਮਾ ਚੇਅਰਮੈਨ ਇੰਪਰੂਵਮੈਂਟ ਟਰੱਸਟ ਤੇ ਬ੍ਰਾਹਮਣ ਸਭਾ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ। ਉਸ ਮੌਕੇ ਮੁਕੇਸ਼ ਵਾਸੂਦੇਵ, ਰਾਜੀਵ ਸ਼ਰਮਾ ਮਾਰਕੀਟ ਕਮੇਟੀ ਚੇਅਰਮੈਨ, ਨਿਤਨ ਕੁਮਾਰ, ਮਾਧਵ ਬੇਦੀ, ਵਿਨੋਦ ਸ਼ਰਮਾ, ਪਵਨ ਰਾਮਪਾਲ, ਰਾਜਨ ਸ਼ਰਮਾ, ਦਿਨੇਸ਼ ਸ਼ਰਮਾ, ਕਪਿਲ ਡੋਗਰਾ, ਤੇਜਪਾਲ ਡੋਗਰਾ, ਮਨੀਸ਼ ਸ਼ਰਮਾ, ਅਸ਼ਵਨੀ ਸ਼ਰਮਾ, ਰੋਬਿਨ ਸ਼ਰਮਾ, ਬਾਲ ਕ੍ਰਿਸ਼ਨ, ਪਵਨ ਚੌਹਾਨ, ਰਾਜਨ ਬੀਬੜਾ, ਸਮੀਰ ਸ਼ਰਮਾ, ਵਿਸ਼ਾਲ ਸ਼ਰਮਾ, ਰਿਪਨ ਸ਼ਰਮਾ, ਮਹਿੰਦਰ ਕੁਮਾਰ, ਪਵਨ ਸ਼ਰਮਾ, ਸ਼ਿਵ ਕੁਮਾਰ ਸ਼ਰਮਾ, ਰਕੇਸ਼ ਸ਼ਰਮਾ, ਲਾਟੀ, ਵਿਨੇ ਸ਼ਰਮਾ, ਰਾਜੀਵ ਦੇਵਗਨ, ਜਗਦੀਸ਼ ਕਾਲੀਆ, ਸੰਦੀਪ ਸ਼ਰਮਾ, ਸ਼ੁਭ ਪ੍ਰਕਾਸ਼, ਸੁਮੀਤ ਜੋਸ਼ੀ, ਧਰਮਪਾਲ ਸ਼ਰਮਾ ਹਾਜ਼ਰ ਸਨ।

# ਪੁਲਿਸ ਗਸ਼ਤ ਦੌਰਾਨ ਦੋ ਵਿਅਕਤੀ ਨੂੰ 15 ਗ੍ਰਾਮ ਹੈਰੋਇਨ ਸਮੇਤ ਕਾਬੂ



ਬਾਬਾ ਬਕਾਲਾ, 3 ਮਈ (ਬਲਰਾਜ ਸਿੰਘ ਰਾਜਾ): ਪੁਲਿਸ ਦੇ ਉਚ ਅਧਿਕਾਰੀਆਂ ਦੇ ਦਿਸ਼ਾ ਨਿਰਦੇਸ਼ਾਂ 'ਤੇ ਨਸ਼ੇ ਦਾ ਕਾਰੋਬਾਰ ਕਰਨ ਵਾਲਿਆਂ 'ਤੇ ਸਖ਼ਤ ਸ਼ਿਕੰਜਾ ਕੱਸਿਆ ਜਾ ਰਿਹਾ ਹੈ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਐੱਸ.ਐੱਚ.ਓ. ਬਲਵਿੰਦਰ ਸਿੰਘ ਬਾਜਵਾ ਥਾਣਾ ਤਰਸਿੱਕਾ ਨੇ ਦੱਸਿਆ ਕਿ ਪੁਲਿਸ ਪਾਰਟੀ ਗਸ਼ਤ ਦੌਰਾਨ ਪਿੰਡ ਡੇਹਰੀਵਾਲ ਤੋਂ ਰਮਾਨਾ ਚੱਕ ਨੂੰ ਜਾ ਰਹੀ ਸੀ ਡੇਹਰੀਵਾਲ ਬੋਹੜ ਦੇ ਨਜ਼ਦੀਕ ਥੜੇ ਉਪਰ ਦੋ ਮੋਨੇ ਨੌਜਵਾਨ ਬੈਠੇ ਪੁਲਿਸ ਪਾਰਟੀ ਨੂੰ ਵੇਖ ਕੇ ਰਮਾਣਾਚੱਕ ਵੱਲ ਨੂੰ ਖਿਸਕਣ ਲੱਗੇ ਤੇ ਆਪਣੀ ਪੈਂਟ ਦੀ ਜੇਬਾਂ ਵਿਚ ਇਕ ਮੋਮੀ ਲਿਫਾਫਾ ਸੁੱਟਣ ਲੱਗੇ। ਦੋਹਾਂ ਨੂੰ ਪੁਲਿਸ ਨੇ ਕਾਬੂ ਕਰ ਲਿਆ। ਪੁੱਛਗਿੱਛ ਕਰਨ 'ਤੇ ਇਨ੍ਹਾਂ ਨੇ ਆਪਣੇ ਨਾਮ ਚਰਨਜੀਤ ਸਿੰਘ ਉਰਫ ਗੋਲੂ ਪੁੱਤਰ ਦਲਬੀਰ ਸਿੰਘ ਵਾਸੀ ਪਿੰਡ ਰਮਾਣਾਚੱਕ ਤੇ ਅਮਰਬੀਰ ਸਿੰਘ ਉਰਫ ਦੀਪੂ ਪੁੱਤਰ ਕਾਬਲ ਸਿੰਘ ਵਾਸੀ ਪਿੰਡ ਕਾਲੇਕੇ ਦੱਸਿਆ। ਦਲਬੀਰ ਸਿੰਘ ਕੋਲੋਂ 7 ਗ੍ਰਾਮ ਹੈਰੋਇਨ ਤੇ ਅਮਰਬੀਰ ਸਿੰਘ ਕੋਲੋਂ 8 ਗ੍ਰਾਮ ਹੈਰੋਇਨ ਬ੍ਰਾਮਦ ਹੋਈ। ਪੁਲਿਸ ਵੱਲੋਂ ਮੁਕੱਦਮਾ ਦਰਜ ਕਰਕੇ ਅਗਲੇਰੀ ਲੋੜੀਂਦੀ ਕਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾ ਰਹੀ ਹੈ। ਇਸ ਸਮੇਂ ਐੱਸ.ਐੱਚ.ਓ. ਬਲਵਿੰਦਰ ਸਿੰਘ ਬਾਜਵਾ, ਏ.ਐੱਸ.ਆਈ. ਨਰਿੰਦਰਪਾਲ ਸਿੰਘ ਇੰਚਾਰਜ ਚੌਕੀ ਟਾਂਗਰਾ, ਹਜ਼ਾਰਾ ਸਿੰਘ, ਏ.ਐੱਸ.ਆਈ. ਪਲਵਿੰਦਰ ਸਿੰਘ, ਏ.ਐੱਸ.ਆਈ. ਸੁਰਜੀਤ ਸਿੰਘ, ਐੱਚ.ਸੀ. ਜਸਪਾਲ ਸਿੰਘ, ਸੀ.ਟੀ. ਹਰਵਿੰਦਰ ਸਿੰਘ, ਐੱਚ.ਸੀ. ਪ੍ਰਗਟ ਸਿੰਘ ਆਦਿ ਹਾਜ਼ਰ ਸਨ।

# 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਸਰਕਾਰੀ ਸਕੂਲ ਬੁਤਾਲਾ ਦੀਆਂ ਵਿਦਿਆਰਥਣਾਂ ਨੇ ਕੱਢੀ ਜਾਗਰੂਕਤਾ ਰੈਲੀ



ਚੌਂਕ ਮਹਿਤਾ, 3 ਮਈ (ਬਲਜਿੰਦਰ ਸਿੰਘ ਰੰਧਾਵਾ): ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਬੁਤਾਲਾ ਦੇ ਇੰਚਾਰਜ ਅਵਤਾਰ ਸਿੰਘ ਦੀ ਯੋਗ ਤੇ ਸੁਚੱਜੀ ਅਗਵਾਈ ਵਿੱਚ ਵਿਦਿਆਰਥਣਾਂ ਨੂੰ ਸਰਕਾਰ ਵੱਲੋਂ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਨਸ਼ਿਆਂ ਦੇ ਮਾਰੂ ਪ੍ਰਭਾਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਕਿ ਕਿਸ ਤਰ੍ਹਾਂ ਨਸ਼ਾ ਇਕੱਲੇ ਨਸ਼ਾ ਕਰਨ ਵਾਲੇ ਵਿਅਕਤੀ ਨੂੰ ਹੀ ਬਰਬਾਦ ਨਹੀਂ ਕਰਦਾ ਸਗੋਂ ਪਰਿਵਾਰ ਨੂੰ ਵੀ ਤਬਾਹ ਕਰ ਦਿੰਦਾ ਹੈ। ਇਸ ਮੌਕੇ ਉਨ੍ਹਾਂ ਨੇ ਵਿਦਿਆਰਥਣਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਨਸ਼ੇ ਵਿਅਕਤੀ ਨੂੰ ਸਰੀਰਕ ਤੇ ਮਾਨਸਿਕ ਤੌਰ 'ਤੇ ਅਪਾਹਜ ਬਣਾਉਣ ਦੇ ਨਾਲ ਨਾਲ ਉਸ ਵਿਅਕਤੀ ਦੀ ਆਰਥਿਕਤਾ ਨੂੰ ਵੀ ਡਾਵਾਂ ਡੋਲ ਕਰ ਦਿੰਦੇ ਹਨ, ਜੋ ਵਿਅਕਤੀ ਇੱਕ ਵਾਰ ਇਸ ਦਲਦਲ ਵਿੱਚ ਫਸ ਜਾਂਦਾ ਹੈ ਤਾਂ ਉਸ ਨੂੰ ਬਾਹਰ ਨਿਕਲਣਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ। ਇਸ ਲਈ ਹਮੇਸ਼ਾ ਨਸ਼ਿਆਂ ਵਿਰੁੱਧ ਆਵਾਜ਼ ਉਠਾਉਣੀ ਚਾਹੀਦੀ ਹੈ। ਇਸ ਮੌਕੇ ਵਿਦਿਆਰਥੀਆਂ ਨੇ ਨਸ਼ਾ ਨਾ ਕਰਨ ਦਾ ਦ੍ਰਿੜ ਸੰਕਲਪ ਕਰਦਿਆਂ ਇਹ ਪ੍ਰਣ ਲਿਆ ਕਿ ਆਪਣੇ ਆਲੇ-ਦੁਆਲੇ ਦੇ ਲੋਕਾਂ ਨੂੰ ਵੀ ਇਸ ਬੁਰਾਈ ਤੋਂ ਬਚਣ ਲਈ ਸੁਚੇਤ ਕਰਨਗੇ। ਇਸ ਮੌਕੇ ਸਕੂਲ ਅਧਿਆਪਕ ਨਿਸ਼ਿਮਾ ਲਖੇਸ਼ਰ, ਮਾਨਸੀ, ਪਰਮਿੰਦਰ ਕੌਰ, ਸਰਬਜੀਤ ਕੌਰ, ਤਲਵਿੰਦਰਬੀਰ ਸਿੰਘ, ਸੰਤਰਾਮ ਸਿੰਘ ਦੀ ਅਗਵਾਈ ਵਿੱਚ ਨਸ਼ਿਆਂ ਵਿਰੁੱਧ ਰੈਲੀ ਵੀ ਕੱਢੀ ਗਈ। ਇਸ ਤੋਂ ਇਲਾਵਾ ਸਕੂਲ ਦਾ ਸਮੁੱਚਾ ਸਟਾਫ ਹਾਜ਼ਰ ਰਿਹਾ।

## ਮੁੰਡੀਆਂ ਅਤੇ ਐਮ.ਪੀ. ਅਰੋੜਾ ਨੇ ਸਿੱਧਵਾਂ ਨਹਿਰ ਨਾਲ ਸੜਕ ਦੇ ਨਵੀਨੀਕਰਨ ਲਈ ਰੱਖਿਆ ਨੀਂਹ ਪੱਥਰ



ਲੁਧਿਆਣਾ, 3 ਮਈ (ਵਿਸ਼ਾਲ ਸ਼ਰਮਾ) : ਲੁਧਿਆਣਾ ਦੇ ਬੁਨਿਆਦੀ ਢਾਂਚੇ ਨੂੰ ਹੁਲਾਰਾ ਦੇਣ ਲਈ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੇ ਪੰਜਾਬ ਦੇ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਹਰਦੀਪ ਸਿੰਘ ਮੁੰਡੀਆਂ ਅਤੇ ਵਿਧਾਇਕ ਜੀਵਨ ਸਿੰਘ ਸੰਗੋਵਾਲ ਨਾਲ ਸ਼ਨੀਵਾਰ ਨੂੰ ਅਯਾਲੀ ਪੁਲ ਤੋਂ ਚੰਗਨ ਪੁਲ ਤੱਕ ਸਿੱਧਵਾਂ ਨਹਿਰ ਸੜਕ (ਖੱਬੇ ਪਾਸੇ) ਦੇ ਨਵੀਨੀਕਰਨ ਲਈ ਨੀਂਹ ਪੱਥਰ ਰੱਖਿਆ। 9.1 ਕਿਲੋਮੀਟਰ ਲੰਬਾ ਇਹ ਰਸਤਾ ਸ਼ਹਿਰ ਦੀ ਇੱਕ ਪ੍ਰਮੁੱਖ ਸੜਕ ਹੈ ਅਤੇ ਇਸਦੇ ਦੋਵੇਂ ਪਾਸੇ ਕਈ ਰਿਹਾਇਸ਼ੀ ਪ੍ਰੋਜੈਕਟ ਹਨ। ਰੀਕਾਰਪੇਟਿੰਗ ਦਾ ਕੰਮ ਗ੍ਰੇਟਰ ਲੁਧਿਆਣਾ ਏਰੀਆ ਡਿਵੈਲਪਮੈਂਟ ਅਥਾਰਟੀ (ਗਲਾਡਾ) ਵੱਲੋਂ ਅਲਾਟ ਕੀਤੇ ਗਏ ਬਾਹਰੀ ਵਿਕਾਸ ਖਰਚਿਆਂ (ਈ ਡੀ ਸੀ) ਫੰਡਾਂ ਦੀ ਵਰਤੋਂ ਕਰਕੇ ਕੀਤਾ ਜਾਵੇਗਾ। ਸਮਾਗਮ ਵਿੱਚ ਬੋਲਦਿਆਂ ਸੰਸਦ ਮੈਂਬਰ ਸੰਜੀਵ ਅਰੋੜਾ ਨੇ ਕਿਹਾ ਕਿ ਇਸ ਪ੍ਰੋਜੈਕਟ ਦੀ ਕੁੱਲ ਲਾਗਤ 7.30 ਕਰੋੜ ਰੁਪਏ ਅਨੁਮਾਨਿਤ ਹੈ। ਇਹ ਕੰਮ ਅਗਲੇ ਚਾਰ ਮਹੀਨਿਆਂ ਵਿੱਚ ਪੂਰਾ ਹੋ ਜਾਵੇਗਾ। ਸੜਕ ਨਿਰਮਾਣ ਦੇ ਕੰਮ ਵਿੱਚ ਮੌਜੂਦਾ ਸੜਕ ਨੂੰ ਮਜ਼ਬੂਤ ਕਰਨਾ ਅਤੇ ਓਵਰਲੇ ਕਰਨਾ ਬਿਟੂਮਿਨਸ ਪਰਤਾਂ ਦੀ ਵਿਵਸਥਾ ਕਰਨਾ ਸੜਕ ਦੇ ਨਿਸ਼ਾਨਾਂ, ਸੰਕੇਤਾਂ ਅਤੇ ਸੁਰੱਖਿਆ ਵਿਸ਼ੇਸ਼ਤਾਵਾਂ ਵਿੱਚ ਸੁਧਾਰ ਕਰਨਾ ਸ਼ਾਮਲ ਹੈ।

ਮੁੰਡੀਆਂ ਅਤੇ ਅਰੋੜਾ ਨੇ ਸਮੇਂ ਸਿਰ ਅਮਲ ਲਈ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ। ਕੁਝ ਮਹੀਨਿਆਂ ਦੀ ਸਮਾਂ-ਸੀਮਾ ਅਤੇ ਪੰਜ ਸਾਲਾਂ ਦੀ ਰੱਖ-ਰਖਾਅ ਦੀ ਗਰੰਟੀ ਦੇ ਨਾਲ, ਸਰਕਾਰ ਜਵਾਬਦੇਹੀ ਅਤੇ ਉੱਚ-ਗੁਣਵੱਤਾ ਵਾਲੀ ਸਮੱਗਰੀ ਨੂੰ ਯਕੀਨੀ ਬਣਾ ਰਹੀ ਹੈ ਉਨ੍ਹਾਂ ਕਿਹਾ। ਇਹ ਸੜਕ ਪੰਜਾਬ ਦੇ ਸ਼ਹਿਰੀ ਸੜਕੀ ਬੁਨਿਆਦੀ ਢਾਂਚੇ ਨੂੰ ਆਧੁਨਿਕ ਬਣਾਉਣ ਦੇ ਚੱਲ ਰਹੇ ਯਤਨਾਂ ਵਿੱਚ ਇੱਕ ਹੋਰ ਮੀਲ ਪੱਥਰ ਹੈ। ਵਿਧਾਇਕ ਜੀਵਨ ਸਿੰਘ ਸੰਗੋਵਾਲ ਨੇ ਮੁੰਡੀਆਂ ਅਤੇ ਸੰਸਦ ਮੈਂਬਰ ਦਾ ਇਸ ਪ੍ਰੋਜੈਕਟ ਨੂੰ ਸ਼ੁਰੂ ਕਰਨ ਲਈ ਧੰਨਵਾਦ ਕੀਤਾ ਅਤੇ ਕਿਹਾ ਕਿ ਇਸ ਨਾਲ ਯਾਤਰੀਆਂ ਨੂੰ ਰਾਹਤ ਮਿਲੇਗੀ।

ਉਨ੍ਹਾਂ ਨੇ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਅਨੁਮਾਨ ਤਿਆਰ ਕਰਨ ਅਤੇ ਸੜਕ ਦਾ ਮੁੜ ਨਿਰਮਾਣ ਕਰਨ ਦੇ ਨਿਰਦੇਸ਼ ਦਿੱਤੇ ਸਨ।16 ਮਾਰਚ ਨੂੰ ਸਾਈਟ ਦੇ ਆਪਣੇ ਦੌਰੇ ਦੌਰਾਨ ਅਰੋੜਾ ਨੇ ਕਿਹਾ ਸੀ ਇਸ ਸੜਕ ਦੀ ਹਾਲਤ ਅਸਵੀਕਾਰਨਯੋਗ ਹੈ। ਹਜ਼ਾਰਾਂ ਯਾਤਰੀ ਰੋਜ਼ਾਨਾ ਇਸ ਰਸਤੇ ਦੀ ਵਰਤੋਂ ਕਰਦੇ ਹਨ ਅਤੇ ਤੁਰੰਤ ਕਾਰਵਾਈ ਦੀ ਲੋੜ ਹੈ। ਮੈਂ ਅਧਿਕਾਰੀਆਂ ਨੂੰ ਬਿਨਾਂ ਕਿਸੇ ਦੇਰੀ ਦੇ ਇਸਦੀ ਮੁਰੰਮਤ ਨੂੰ ਤਰਜੀਹ ਦੇਣ ਦੇ ਨਿਰਦੇਸ਼ ਦਿੱਤੇ ਹਨ।

## ਵਿਧਾਇਕ ਛੀਨਾ ਵੱਲੋਂ ਸੜਕ ਨਿਰਮਾਣ ਕਾਰਜ ਦਾ ਉਦਘਾਟਨ



ਲੁਧਿਆਣਾ,3 ਮਈ (ਵਿਸ਼ਾਲ ਸ਼ਰਮਾ): ਵਿਧਾਨ ਸਭਾ ਹਲਕਾ ਦੱਖਣੀ ਤੋਂ ਵਿਧਾਇਕ ਰਾਜਿੰਦਰਪਾਲ ਕੌਰ ਛੀਨਾ ਵਲੋਂ ਸ਼ੇਰਪੁਰ ਵਿੱਚ ਆਰਤੀ ਸਟੀਲ ਤੋਂ ਗਿਆਸਪੁਰ ਗੇਟ ਤੱਕ ਸੜਕ ਨਿਰਮਾਣ ਕਾਰਜ ਦਾ ਉਦਘਾਟਨ ਕੀਤਾ। ਵਿਧਾਇਕ ਛੀਨਾ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਇਸ ਇਲਾਕੇ ਦੀਆਂ ਸੜਕਾਂ ਦੀ ਦੇਖਭਾਲ ਨਹੀਂ ਕੀਤੀ ਅਤੇ ਇਹ ਸੜਕ ਪਿਛਲੇ 20 ਸਾਲਾਂ ਤੋਂ ਨਹੀਂ ਬਣਾਈ ਗਈ ਸੀ ਅਤੇ ਹੁਣ ਲੋਕਾਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਪੂਰੀ ਹੋ ਗਈ ਹੈ। ਵਿਧਾਇਕ ਛੀਨਾ ਨੇ ਕਿਹਾ ਕਿ ਇਨ੍ਹਾਂ ਸੜਕਾਂ ਦੀ ਹਾਲਤ ਬਹੁਤ ਮਾੜੀ ਸੀ, ਪਿਛਲੇ 20 ਸਾਲਾਂ ਤੋਂ ਸਿਰਫ਼ ਪੈਚ ਵਰਕ ਦਾ ਕੰਮ ਹੀ ਕੀਤਾ ਜਾ ਰਿਹਾ ਸੀ ਅਤੇ ਬਰਸਾਤ ਦੇ ਮੌਸਮ ਵਿੱਚ ਲੋਕਾਂ ਦਾ ਇੱਥੋਂ ਲੰਘਣਾ ਮੁਸ਼ਕਲ ਹੋ ਜਾਂਦਾ ਸੀ ਅਕਸਰ ਰਾਹਗੀਰ ਹਾਦਸਿਆਂ ਦਾ ਸ਼ਿਕਾਰ ਹੋ ਜਾਂਦੇ ਸਨ। ਇਨ੍ਹਾਂ ਸੜਕਾਂ ਦੇ ਨਿਰਮਾਣ ਨਾਲ ਜਿੱਥੇ ਲੋਕਾਂ ਦੀ ਆਵਾਜਾਈ ਆਸਾਨ ਹੋਵੇਗੀ, ਉੱਥੇ ਹੀ ਇਹ ਵਿਕਾਸ ਦਾ ਰਾਹ ਵੀ ਪੱਧਰਾ ਹੋਵੇਗਾ। ਵਿਧਾਇਕ ਰਾਜਿੰਦਰਪਾਲ ਕੌਰ ਛੀਨਾ ਨੇ ਕਿਹਾ ਕਿ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਵਿੱਚ ਵਿਕਾਸ ਕਾਰਜਾਂ ਲਈ ਗ੍ਰਾਂਟਾਂ ਜਾਰੀ ਕਰ ਰਹੀ ਹੈ ਤਾਂ ਜੋ ਪੰਜਾਬ ਵਿੱਚ ਮੁੱਢਲੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਸਕਣ। ਇਸ ਮੌਕੇ ਵਾਰਡ ਪ੍ਰਧਾਨ ਫਿਰੋਜ਼ ਖਾਨ, ਦਵਿੰਦਰ ਸ਼ੇਰਪੁਰੀ, ਸ਼ੈਲੀ ਟੱਕਰ, ਖੁਸ਼ਬੂ ਗੁਪਤਾ ਤੇ ਹੋਰ ਹਾਜ਼ਰ ਸਨ।

## ਐਮ.ਪੀ. ਅਰੋੜਾ ਨੇ ਸਾਈਂ ਦਵਾਰਕਾ ਮਾਈ ਧਾਮ 'ਚ ਸ਼ਨੀਦੇਵ ਮੰਦਰ ਦਾ ਰੱਖਿਆ ਨੀਂਹ ਪੱਥਰ



ਲੁਧਿਆਣਾ, 3 ਮਈ (ਵਿਸ਼ਾਲ ਸ਼ਰਮਾ) : ਰਾਜ ਸਭਾ ਮੈਂਬਰ ਅਤੇ ਲੁਧਿਆਣਾ (ਪੱਛਮੀ) ਵਿਧਾਨ ਸਭਾ ਸੀਟ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਨੂੰ ਅੱਜ ਲੁਧਿਆਣਾ ਦੇ ਲਲਤੋਂ ਕਲਾਂ ਸਥਿਤ ਪੱਖੋਵਾਲ ਰੋਡ 'ਤੇ ਸਥਿਤ ਸਾਈਂ ਦਵਾਰਕਾ ਮਾਈ ਧਾਮ ਵਿਖੇ ਸ਼੍ਰੀ ਸਾਈਂ ਬਾਬਾ ਦੇ ਚਰਨਾਂ ਵਿੱਚ ਮੱਥਾ ਟੇਕਣ ਅਤੇ ਉਨ੍ਹਾਂ ਦਾ ਆਸ਼ੀਰਵਾਦ ਲੈਣ ਦਾ ਸੁਭਾਗ ਪ੍ਰਾਪਤ ਹੋਇਆ। ਸਥਾਨਕ ਭਾਈਚਾਰੇ ਲਈ ਇੱਕ ਮਹੱਤਵਪੂਰਨ ਧਾਰਮਿਕ ਅਤੇ ਸੱਭਿਆਚਾਰਕ ਪਲ ਨੂੰ ਦਰਸਾਉਂਦੇ ਹੋਏ, ਅਰੋੜਾ ਨੇ ਇਸ ਸਥਾਨ 'ਤੇ ਬਣਨ ਵਾਲੇ ਸ਼ਨੀਦੇਵ ਮੰਦਰ ਦਾ ਨੀਂਹ ਪੱਥਰ ਵੀ ਰੱਖਿਆ। ਉਨ੍ਹਾਂ ਨੇ ਪੂਰੀ ਧਾਰਮਿਕ ਰਸਮਾਂ ਅਤੇ ਸ਼ਰਧਾ ਨਾਲ ਭੂਮੀ ਪੂਜਨ ਵੀ ਕੀਤਾ। ਇਹ ਸਮਾਗਮ ਸ਼੍ਰੀ ਸ਼ਿਰਡੀ ਸਾਈਂ ਸੇਵਾ ਸਮਿਤੀ ਦੇ ਮੈਂਬਰਾਂ ਸ਼ਰਧਾਲੂਆਂ ਅਤੇ ਕਈ ਪਤਵੰਤਿਆਂ ਦੀ ਮੌਜੂਦਗੀ ਵਿੱਚ ਆਯੋਜਿਤ ਕੀਤਾ ਗਿਆ। ਪ੍ਰੋਗਰਾਮ ਦੌਰਾਨ ਕਮੇਟੀ ਮੈਂਬਰਾਂ ਨੇ ਅਰੋੜਾ ਨੂੰ ਮੰਦਰ ਦੇ ਇਤਿਹਾਸਕ ਅਤੇ ਅਧਿਆਤਮਿਕ ਪਿਛੋਕੜ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਮੌਜੂਦਾ ਮੰਦਰ ਕੰਪਲੈਕਸ ਦਾ ਭੂਮੀ ਪੂਜਨ 15 ਜੁਲਾਈ, 2012 ਨੂੰ ਸ਼੍ਰੀ ਸਾਈਂ ਬਾਬਾ ਦੇ ਆਸ਼ੀਰਵਾਦ ਨਾਲ ਕੀਤਾ ਗਿਆ ਸੀ। ਪਹਿਲੀ ਮੂਰਤੀ ਸਥਾਪਨਾ 7 ਮਾਰਚ, 2016 ਨੂੰ ਹੋਈ ਸੀ। ਮੰਦਰ ਕੰਪਲੈਕਸ ਦਾ ਵਿਸਥਾਰ ਪਿਛਲੇ ਕੁਝ ਸਾਲਾਂ ਦੌਰਾਨ ਹੋਇਆ ਹੈ ਜਿਸ ਵਿੱਚ ਇੱਕ ਗਣਪਤੀ ਮੰਦਰ, ਇੱਕ ਮਾਂ ਕਾਲੀ ਮੰਦਰ ਅਤੇ ਭਗਵਾਨ ਸ਼ਿਵ ਦਾ ਇੱਕ ਮੰਦਰ ਸ਼ਾਮਲ ਹੈ।

ਇਸ ਮੌਕੇ 'ਤੇ ਬੋਲਦਿਆਂ ਸੰਸਦ ਮੈਂਬਰ ਅਰੋੜਾ ਨੇ ਕਿਹਾ ਇਹ ਨਾ ਸਿਰਫ਼ ਮੇਰੇ ਲਈ ਸਗੋਂ ਪੂਰੇ ਭਾਈਚਾਰੇ ਲਈ ਮਾਣ ਵਾਲਾ ਪਲ ਹੈ। ਸ਼ਨੀ ਦੇਵ ਮੰਦਰ ਦਾ ਨੀਂਹ ਪੱਥਰ ਰੱਖਣਾ ਸਿਰਫ਼ ਇੱਕ ਧਾਰਮਿਕ ਢਾਂਚੇ ਦੀ ਸਥਾਪਨਾ ਤੋਂ ਵੱਧ ਹੈ ਇਹ ਸਾਡੀ ਸਾਂਝੀ ਆਸਥਾ ਅਧਿਆਤਮਿਕਤਾ ਅਤੇ ਸੱਭਿਆਚਾਰਕ ਵਿਰਾਸਤ ਦੀ ਪੁਸ਼ਟੀ ਹੈ। ਉਨ੍ਹਾਂ ਕਿਹਾ ਕਿ ਇਸ ਸ਼ੁਭ ਮੌਕੇ ਦਾ ਹਿੱਸਾ ਬਣ ਕੇ ਉਨ੍ਹਾਂ ਨੂੰ ਬਹੁਤ ਮਾਣ ਅਤੇ ਅਧਿਆਤਮਿਕ ਸੰਤੁਸ਼ਟੀ ਮਹਿਸੂਸ ਹੋਈ। ਅਰੋੜਾ ਨੇ ਸ਼੍ਰੀ ਸਾਈਂ ਬਾਬਾ ਦੀਆਂ ਸਿੱਖਿਆਵਾਂ ਅਤੇ ਵਿਸ਼ਵਵਿਆਪੀ ਅਪੀਲ ਦੀ ਮਹੱਤਤਾ 'ਤੇ ਵੀ ਜ਼ੋਰ ਦਿੰਦਿਆਂ ਕਿਹਾ ਸਾਈਂ ਬਾਬਾ ਨੂੰ ਭਾਰਤ ਦੇ ਮਹਾਨ ਸੰਤਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਸਾਰੇ ਧਰਮਾਂ ਦੇ ਸ਼ਰਧਾਲੂ ਸਾਈਂ ਦਵਾਰਕਾ ਮਾਈ ਧਾਮ ਦੇ ਦਰਸ਼ਨ ਕਰਦੇ ਹਨ ਉਨ੍ਹਾਂ ਦੇ ਆਸ਼ੀਰਵਾਦ ਨਾਲ ਇੱਕਜੁੱਟ ਹੋ ਕੇ ਅਤੇ ਉਨ੍ਹਾਂ ਦੀ ਬ੍ਰਹਮ ਮੌਜੂਦਗੀ ਤੋਂ ਪ੍ਰੇਰਿਤ ਹੋ ਕੇ। ਇਸ ਮੌਕੇ ਮਨੂ ਜੈਰਥ ਅਤੇ ਮੁਕੇਸ਼ ਜੈਰਥ ਤੋਂ ਇਲਾਵਾ ਸਥਾਨਕ ਭਾਈਚਾਰੇ ਅਤੇ ਮੰਦਰ ਟਰੱਸਟ ਦੇ ਮੈਂਬਰ ਵੀ ਮੌਜੂਦ ਸਨ। ਇਸ ਪ੍ਰੋਗਰਾਮ ਵਿੱਚ ਸ਼ਰਧਾ ਅਤੇ ਭਾਈਚਾਰਕ ਸਾਂਝ ਦਾ ਮਾਹੌਲ ਦੇਖਣ ਨੂੰ ਮਿਲਿਆ।

## ਆਈ.ਡੀ.ਪੀ.ਡੀ. ਵੱਲੋਂ ਪਹਿਲਗਾਮ ਵਿਖੇ ਅੱਤਵਾਦੀ ਹਿੰਸਾ ਦੇ ਸ਼ਿਕਾਰ ਸ਼ਹੀਦਾਂ ਨੂੰ ਸ਼ਰਧਾਂਜਲੀ



ਲੁਧਿਆਣਾ, 3 ਮਈ (ਰਵਿੰਦਰ ਸਿੰਘ ਨਿੱਝਰ) : ਇੰਡੀਅਨ ਡਾਕਟਰ ਫਾਰ ਪੀਸ ਐਂਡ ਡਿਵੈਲਪਮੈਂਟ ਆਈ ਡੀਪੀਡੀ ਵੱਲੋਂ ਪਹਿਲਗਾਮ ਵਿਖੇ ਨਿਰਦੋਸ਼ ਸ਼ੈਲਾਨੀਆਂ ਦੀ ਹੱਤਿਆ ਵਿੱਚ ਸ਼ਹੀਦ ਹੋਏ ਲੋਕਾਂ ਨੂੰ ਸ਼ਰਧਾਂਜਲੀ ਦੇਣ ਲਈ ਇੱਕ ਵਿਚਾਰ ਚਰਚਾ ਕੀਤੀ ਗਈ। ਇਸ ਵਿੱਚ ਅੱਤਵਾਦੀਆਂ ਦੇ ਇਸ ਕਾਰੇ ਦੀ ਸਖਤ ਸ਼ਬਦਾਂ ਵਿੱਚ ਨਿਖੇਤੀ ਕੀਤੀ ਗਈ ਤੇ ਉਹਨਾਂ ਨੂੰ ਸਖਤ ਸਜਾਵਾਂ ਦੇਣ ਦੀ ਮੰਗ ਕੀਤੀ ਗਈ।

ਵੱਖ ਵੱਖ ਬੁਲਾਰਿਆਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਪਹਿਲਾਂ ਕਿਹਾ ਸੀ ਕਿ ਨੋਟਬੰਦੀ ਤੋਂ ਬਾਅਦ ਅੱਤਵਾਦ ਸਮਾਪਤ ਹੋ ਜਾਏਗਾ ਪਰ ਇਸੇ ਗੱਲ ਨੂੰ ਦੁਬਾਰਾ ਧਾਰਾ 370 ਹਟਾਉਣ ਤੋਂ ਬਾਅਦ ਫਿਰ ਦੋਹਰਾਇਆ ਪਰ ਅਸਲ ਵਿੱਚ ਆਂਕੜੇ ਦੱਸਦੇ ਹਨ ਕਿ ਪਿਛਲੀ ਯੂਪੀਏ ਦੀ ਸਰਕਾਰ ਦੇ ਦੌਰਾਨ ਅੱਤਵਾਦੀਆਂ ਹੱਥੋਂ ਮਾਰੇ ਗਏ ਲੋਕਾ ਦੀ ਗਿਣਤੀ ਹਰ 101 'ਤੇ ਲਿਆਂਦੀ ਗਈ ਸੀ ਜਦੋਂ ਕੀ ਮੌਜੂਦਾ ਸਰਕਾਰ ਦੇ 11 ਸਾਲ ਲਗਭਗ ਹੋਣ ਨੂੰ ਆਏ ਤੇ ਇਹ ਗਿਣਤੀ 127 ਤੱਕ ਖੜ੍ਹੀ ਹੈ। ਇਕ ਦਮ ਘਬਰਾ ਕੇ ਬਿਨਾਂ ਸੋਚੇ ਸਮਝੇ ਸਿੰਧੂ ਨਦੀ ਸੰਧੀ ਨੂੰ ਰੱਦ ਕਰਨ ਦੀ ਗੱਲ ਕੀਤੀ ਗਈ ਤੇ ਪਾਕਿਸਤਾਨ ਨੂੰ ਪਾਣੀ ਬੰਦ ਕਰਨ ਦੀ ਗੱਲ ਕਰ ਦਿੱਤੀ ਗਈ। ਨਾ ਤੇ ਇਹ ਤਕਨੀਕੀ ਤੌਰ 'ਤੇ ਸੰਭਵ ਹੈ ਤੇ ਨਾਲ ਹੀ ਇਹ ਗੈਰ ਕਾਨੂੰਨੀ ਵੀ ਹੈ। ਇਹ ਪਾਣੀ ਪਾਕਿਸਤਾਨ ਦੇ ਲੋਕਾਂ ਦੀ ਖੇਤੀਬਾੜੀ ਅਤੇ ਹੋਰ ਲੋੜਾਂ ਲਈ ਇਕ ਜੀਵਨ ਰੇਖਾ ਹੈ। ਇਸ ਨੂੰ ਬੰਦ ਕਰਨ ਦੇ ਨਾਲ ਪਾਕਿਸਤਾਨ ਦੇ ਵਿੱਚ ਪੀਣ ਦੇ ਪਾਣੀ ਤੇ ਖੁਰਾਕ ਦਾ 20 ਕਰੋੜ ਲੋਕਾਂ ਦੇ ਲਈ ਸੰਕਟ ਖੜਾ ਹੋ ਸਕਦਾ ਹੈ । ਇੰਜ ਹੋਇਆ ਤਾਂ ਅੰਤਰਰਾਸ਼ਟਰੀ ਸੰਬੰਧਾਂ ਵਿੱਚ ਬਹੁਤ ਕਠਿਨਾਈਆਂ ਪੈਦਾ ਹੋ ਜਾਣਗੀਆਂ। ਮੁਸਲਮਾਨਾਂ ਅਤੇ ਕਸ਼ਮੀਰੀ ਵਿਦਿਆਰਥੀਆਂ ਦੇ ਹਮਲੇ ਦੇ ਨੂੰ ਰੋਕਣਾ ਲਾਜਮੀ ਹੈ। ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਕਸ਼ਮੀਰ ਦੇ ਲੋਕਾਂ ਨੇ ਪਹਿਲ ਗਾਮ ਵਿਚ ਹੋਈ ਹਿੰਸਾ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੈ। ਇਹ ਤੱਥ ਸਭ ਨੂੰ ਪਤਾ ਹੈ ਕਿ ਅਜੋਕੇ ਯੁੱਧਾਂ ਦੌਰਾਨ ਲੜਾਕਿਆਂ ਦੇ ਮੁਕਾਬਲੇ ਆਮ ਨਾਗਰਿਕ ਵਧੇਰੇ ਗਿਣਤੀ ਵਿਚ ਮਾਰੇ ਜਾਂਦੇ ਹਨ।

## ਸਿਲਾਈ ਸਿਖਲਾਈ ਕੈਂਪ ਦੇ ਪਹਿਲੇ ਬੈਚ ਦਾ ਕੋਰਸ ਪੂਰਾ ਹੋਣ 'ਤੇ ਪ੍ਰਮਾਣ ਪੱਤਰ ਵੰਡੇ



ਲੁਧਿਆਣਾ, 3 ਮਈ (ਰਵਿੰਦਰ ਸਿੰਘ ਨਿੱਝਰ): ਗੁਰਦੁਆਰਾ ਸਤਿਸੰਗਤ ਸਾਹਿਬ ਨਿਊ ਸ਼ਿਮਲਾਪੁਰੀ, ਡਾਬਾ ਚੌਂਕ, ਵਿਖੇ ਚੱਲ ਰਹੇ ਸਿਲਾਈ ਸਿਖਲਾਈ ਕੈਂਪ ਦੇ ਪਹਿਲੇ ਬੈਚ ਦਾ ਕੋਰਸ ਪੂਰਾ ਹੋਣ 'ਤੇ ਸਿਲਾਈ ਦਾ ਕੋਰਸ ਕਰਨ ਵਾਲੀਆਂ ਬੀਬੀਆਂ ਨੂੰ ਪ੍ਰਮਾਣ ਪੱਤਰ ਵੰਡੇ ਗਏ। ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਪਵਿੱਤਰ ਸਿੰਘ ਹੈਪੀ ਨੇ ਦੱਸਿਆ ਕਿ ਇਹ ਕੈਂਪ ਸੰਜੀਵਨੀ ਵਿਮੈਨ ਇੰਪਰੂਵਮੈਂਟ ਐਸੋਸੀਏਸ਼ਨ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਂਝੇ ਯਤਨਾਂ ਸਦਕਾ ਪਿਛਲੇ ਸਾਲ ਅਕਤੂਬਰ ਵਿੱਚ ਸ਼ੁਰੂ ਕੀਤਾ ਗਿਆ ਸੀ, ਜਿਸ ਵਿੱਚ 15 ਲੜਕੀਆਂ ਨੇ ਸਿਲਾਈ ਦੀ ਸਿੱਖਿਆ ਲਈ ਅਤੇ ਅੱਜ ਉਹਨਾਂ ਨੂੰ ਪ੍ਰਮਾਣ ਪੱਤਰ ਵੰਡੇ ਗਏ। ਉਹਨਾਂ ਦੱਸਿਆ ਕਿ ਕੁਲਜੀਤ ਕੌਰ ਦੀ ਦੇਖ ਰੇਖ ਹੇਠ ਚੱਲੇ ਇਸ ਕੈਂਪ ਤੋਂ ਬਾਅਦ ਅਗਲੇ ਬੈਚ ਦੀ ਸੇਵਾ ਵੀ ਜਾਰੀ ਹੈ ਅਤੇ ਸਿਲਾਈ ਦਾ ਕੋਰਸ ਛੇ ਮਹੀਨੇ ਦਾ ਹੈ। ਪ੍ਰਮਾਣ ਪੱਤਰ ਵੰਡਣ ਲਈ ਇੱਕ ਸਮਾਗਮ ਕਰਵਾਇਆ ਗਿਆ। ਅੱਜ ਦੇ ਇਸ ਸਮਾਗਮ ਵਿੱਚ ਸੰਜੀਵਨੀ ਐਸੋ ਦੀ ਮੁਖੀ ਸਤਵੰਤ ਕੌਰ, ਹਰਸ਼ ਕੌਰ ਸੇਖੋਂ, ਜਗਵੀਰ ਸਿੰਘ ਸੋਖੀ, ਅਵਤਾਰ ਸਿੰਘ, ਜਗਤਾਰ ਸਿੰਘ, ਅਮਰਜੀਤ ਸਿੰਘ, ਪ੍ਰਿਤਪਾਲ ਸਿੰਘ, ਇੰਦਰਜੀਤ ਸਿੰਘ, ਗੁਰਪ੍ਰੀਤ ਸਿੰਘ, ਕੁਲਵਿੰਦਰ ਸਿੰਘ ਅਤੇ ਅਮਰਜੀਤ ਸਿੰਘ ਨੂਰ ਵੀ ਸ਼ਾਮਿਲ ਹੋਏ। ਸਮਾਗਮ ਵਿੱਚ ਪਰਮਿੰਦਰ ਕੌਰ, ਕਮਲਜੀਤ ਕੌਰ, ਡਿੰਪਲ, ਰੇਨੂ, ਗੀਤੂ, ਬਬਲੀ, ਮਨਜੀਤ ਕੌਰ, ਕਵਲ ਨੈਨ ਕੌਰ, ਸਰਬਜੀਤ ਕੌਰ ਬਬੀਤਾ ਅਤੇ ਕੁਲਜੀਤ ਕੌਰ ਆਦਿ ਨੂੰ ਪ੍ਰਮਾਣ ਪੱਤਰ ਦਿੱਤੇ ਗਏ।

## ਪਹਿਲਗਾਮ 'ਚ ਨਿਰਦੋਸ਼ ਲੋਕਾਂ ਦੇ ਕਤਲਾਂ ਅਤੇ ਨਾਕਸ ਸਰਕਾਰੀ ਸੁੱਰਖਿਆ ਪ੍ਰਬੰਧਾਂ ਖ਼ਿਲਾਫ਼ ਰੋਸ ਪ੍ਰਦਰਸ਼ਨ

ਲੁਧਿਆਣਾ, 3 ਮਈ (ਰਵਿੰਦਰ ਸਿੰਘ ਨਿੱਝਰ) : ਲੁਧਿਆਣਾ ਵਿਖੇ ਪਹਿਲੀ ਮਈ ਦੀ ਰਾਤ ਪੰਜਾਬੀ ਭਵਨ ਨਾਟਕ ਤੇ ਗੀਤ ਸੰਗੀਤ ਮੇਲੇ ਤੋਂ ਪਹਿਲਾਂ ਅੱਜ ਵੱਖ ਵੱਖ ਜਨਤਕ ਜਮਹੂਰੀ ਜਥੇਬੰਦੀਆਂ ਵੱਲੋਂ ਮਿੰਨੀ ਸਕੱਤਰੇਤ ਤੱਕ ਰੋਸ ਮਾਰਚ ਕੀਤਾ ਗਿਆ। ਇਸ ਸਮੇ ਜਿੱਥੇ ਸਾਧਾਰਨ ਲੋਕਾਂ ਦੇ ਵਹਿਸੀ ਕਤਲੇਆਮ ਦੀ ਜੋਰਦਾਰ ਨਿੰਦਾ ਕੀਤੀ ਉਥੇ ਡੂੰਘੇ ਤੇ ਅਸਹਿ ਸਦਮੇ 'ਚ ਡੁੱਬੇ ਪੀੜਤ ਪਰਿਵਾਰਾਂ ਨਾਲ ਗਹਿਰੀ ਹਮਦਰਦੀ ਦਾ ਇਜਹਾਰ ਕੀਤਾ। ਇਸ ਸਮੇਂ ਸਭ ਤੋ ਪਹਿਲਾਂ ਦੋ ਮਿੰਟ ਦਾ ਮੋਨ ਧਾਰ ਕੇ ਵਿੱਛੜੇ ਲੋਕਾਂ ਨੂੰ ਸ਼ਰਧਾਂਜਲੀ ਦਿੱਤੀ। ਇਸ ਸਮੇਂ ਬੋਲਦਿਆਂ ਬੁਲਾਰਿਆਂ ਨੇ ਕਿਹਾ ਕਿ ਹਾਲਾਂ ਕਿ ਪਿਛਲੇ ਸੱਤ ਦਹਾਕਿਆਂ ਤੋ ਕਸਮੀਰ ਪੂਰੀ ਤਰਾਂ ਫੌਜ ਦੇ ਹਵਾਲੇ ਕੀਤਾ ਹੋਇਆ ਹੈ ਪਰ ਪਹਿਲਗਾਮ 'ਚੋਂ ਮਹੀਨਾ ਪਹਿਲਾਂ ਹੀ ਫੌਜ ਵਾਪਸ ਬੁਲਾ ਲਈ ਗਈ ਸੀ। ਉਨ੍ਹਾਂ ਕਿਹਾ ਕਿ ਸਭ ਤੋ ਵੱਧ ਸੈਲਾਨੀਆਂ ਵੱਲੋਂ ਗਾਹੀ ਜਾਂਦੀ ਬੈਸਰਨ ਵੈਲੀ 'ਚ ਸੈਂਕੜੇ ਯਾਤਰੀ ਤਫਰੀਹ ਲਈ ਜਾਂਦੇ ਹਨ ਪਰ ਉਸ ਥਾਂ ਤੇ ਸੁਰੱਖਿਆ ਵਿਵਸਥਾ ਨਾ ਹੋਣਾ ਹਕੂਮਤੀ ਰਵਈਏ ਨੂੰ ਸੱਕ ਦੇ ਘੇਰੇ 'ਚ ਲੈ ਆਉਂਦਾ ਹੈ। ਇਸ ਘਟਨਾ ਨੇ ਸੰਨ 2000 'ਚ ਅਮਰੀਕੀ ਰਾਸਟਰਪਤੀ ਬਿਲ ਕਲਿੰਟਨ ਦੀ ਆਮਦ ਤੇ ਚਿੱਟੀ ਸਿੰਘਪੁਰਾ 'ਚ ਮਾਰੇ ਗਏ 35 ਸਿੱਖਾਂ ਦੇ ਕਤਲਾਂ ਦੇ ਅੱਲੇ ਜਖਮਾਂ ਨੂੰ ਮੁੜ ਹਰਿਆ ਕਰ ਦਿੱਤਾ ਹੈ। ਬੁਲਾਰਿਆਂ ਨੇ ਗੋਦੀ ਮੀਡੀਆ ਵੱਲੋਂ ਇਸ ਸਰਮਨਾਕ ਘਟਨਾ ਨੂੰ ਫਿਰਕੂ ਰੰਗਤ ਦੇਣ ਅਤੇ ਮੁਸਲਿਮ ਭਾਈਚਾਰੇ ਨੂੰ ਦੋਸੀ ਠਹਿਰਾਉਣ ਦੇ ਪ੍ਰਚਾਰ ਨੂੰ ਇੱਕ ਗਿਣੀ ਮਿੱਥੀ ਫਿਰਕੂ ਸਾਜਸ ਕਰਾਰ ਦਿੱਤਾ। ਉਨ੍ਹਾਂ ਇਸ ਘਟਨਾ ਨੂੰ ਹਕੂਮਤ ਦੀ ਘੋਰ ਅਸਫਲਤਾ ਕਰਾਰ ਦਿੱਤਾ ਹੈ । ਉਨ੍ਹਾਂ ਕਿਹਾ ਕਿ ਮੋਦੀ ਹਕੂਮਤ ਵੱਲੋਂ ਧਾਰਾ 370 ਤੋੜ ਕੇ ਕਸ਼ਮੀਰ ਦੇ ਟੋਟੇ ਕਰਨ ਦੇ ਫਿਰਕੂ ਕਿਸਬ ਨੂੰ ਅੱਤਵਾਦ ਦਾ ਲੱਕ ਤੋੜਨਾ ਕਰਾਰ ਦਿੱਤਾ ਸੀ। ਪਰ ਪਿਛਲੇ ਪੰਜ ਸਾਲ 'ਚ ਕਸ਼ਮੀਰ ਵਿੱਚ ਅੰਨ੍ਹਾ ਜਬਰ ਢਾਹੁਣ ਦੇ ਬਾਵਜੂਦ ਕਸ਼ਮੀਰ ਮਸਲਾ ਜਿਉਂ ਦਾ ਤਿਉਂ ਖੜਾ ਹੈ।

## 13 ਮਈ ਨੂੰ ਇਤਿਹਾਸਕ ਦਿਹਾੜੇ 'ਤੇ 'ਵਿਸ਼ਾਲ ਫਤਹਿ ਮਾਰਚ' ਸਰਹਿੰਦ ਵਿਖੇ ਪਹੁੰਚੇਗਾ : ਬਾਵਾ, ਲਾਪਰਾਂ, ਸ਼ੰਕਰ



ਡੇਹਲੋਂ ,3 ਮਈ (ਅਮਰਜੀਤ ਸਿੰਘ ਸੰਧੂ/ਰਣਬੀਰ ਸਿੰਘ ਮਹਿਮੀ): ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਦੀ ਇਕ ਪ੍ਰਭਾਵਸ਼ਾਲੀ ਮੀਟਿੰਗ ਫਾਊਂਡੇਸ਼ਨ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ, ਸਰਪ੍ਰਸਤ ਗੁਰਦੇਵ ਸਿੰਘ ਲਾਪਰਾਂ ਅਤੇ ਜਨਰਲ ਸਕੱਤਰ ਅੰਮ੍ਰਿਤਪਾਲ ਸਿੰਘ ਸ਼ੰਕਰ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਲੰਬੜਦਾਰ ਬਲਦੇਵ ਸਿੰਘ ਲਾਪਰਾਂ ਨੂੰ ਫਾਉਂਡੇਸ਼ਨ ਦਾ ਸਰਪ੍ਰਸਤ ਨਿਯੁਕਤ ਕੀਤਾ ਗਿਆ। ਇਸ ਮੌਕੇ ਬਾਵਾ, ਲਾਪਰਾਂ ਤੇ ਅੰਮ੍ਰਿਤਪਾਲ ਸ਼ੰਕਰ ਨੇ ਇੱਕ ਸਾਂਝੇ ਬਿਆਨ ਵਿੱਚ ਕਿਹਾ ਕਿ ਮਹਾਨ ਯੋਧੇ ਜਰਨੈਲ ਭਗਤੀ ਅਤੇ ਸ਼ਕਤੀ ਦਾ ਸੁਮੇਲ, ਕਿਸਾਨੀ ਦੇ ਮੁਕਤੀ ਦਾਤਾ ਸ਼ ?ਰੋਮਣੀ ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਕੇ ਮੁਗਲਾਂ ਦੇ 700 ਸਾਲ ਦੇ ਰਾਜ ਦਾ ਖਾਤਮਾ 2 ਸਾਲ ਤੋਂ ਘੱਟ ਸਮੇਂ ਦੇ ਅੰਦਰ, ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਮਿਲਾਪ (ਗੋਦਾਵਰੀ ਨਦੀ ਦੇ ਕੰਢੇ ਸ੍ਰੀ ਹਜ਼ੂਰ ਸਾਹਿਬ) ਜੋ 3 ਸਤੰਬਰ 1708 ਨੂੰ ਹੋਇਆ ਅਤੇ 12 ਮਈ 1710 ਨੂੰ ਚੱਪੜਚਿੜੀ ਦੇ ਮੈਦਾਨ ਵਿੱਚ ਜਿੱਤ ਪ੍ਰਾਪਤ ਕੀਤੀ ਅਤੇ 14 ਮਈ ਨੂੰ ਸਰਹਿੰਦ ਤੇ ਫਤਿਹ ਦਾ ਝੰਡਾ ਲਹਿਰਾਇਆ। ਉਨ੍ਹਾਂ ਕਿਹਾ ਕਿ ਇਸ ਫਤਹਿ ਦਿਵਸ ਦੇ ਇਤਿਹਾਸਕ ਦਿਹਾੜਾ ਤੇ 13 ਮਈ ਨੂੰ ਬਾਬਾ ਬੰਦਾ ਸਿੰਘ ਬਹਾਦਰ ਭਵਨ ਰਕਬਾ ਤੋਂ ਵਿਸ਼ਾਲ ਮਾਰਚ ਦੇ ਰੂਪ ਵਿੱਚ ਆਰੰਭ ਹੋਵੇਗਾ ਜੋ ਵੱਖ ਵੱਖ ਸ਼ਹਿਰਾਂ ਵਿੱਚ ਦੀ ਹੁੰਦਾ ਹੋਇਆ ਚੱਪੜਚਿੜੀ ਵਿਖੇ 1 ਵਜੇ ਬਾਅਦ ਦੁਪਹਿਰ ਪਹੁੰਚੇਗਾ ਅਤੇ 5 ਵਜੇ ਸਰਹਿੰਦ ਵਿਖੇ ਝੰਡਾ ਲਹਿਰਾਉਣ ਉਪਰੰਤ ਸਮਾਪਤ ਹੋਵੇਗਾ। ਇਸ ਸਮੇਂ ਰਾਜਵੀਰ ਸਿੰਘ ਚੁਪੱਕੀ, ਗੁਰਮੀਤ ਸਿੰਘ ਸਰੀਂਹ, ਜਸਵੀਰ ਸਿੰਘ ਸ਼ੰਕਰ, ਜੀਵਨ ਸਿੰਘ ਭੁੱਟਾ ਆਦਿ ਹਾਜ਼ਰ ਸਨ।

## ਸਿਰ.ਫ ਅਕਾਲੀ ਦਲ ਹੀ ਪੰਜਾਬ ਦੇ ਹੱਕਾਂ ਦੀ ਰਾਖੀ ਕਰ ਸਕਦਾ ਹੈ : ਗਾਬੜੀਆ



ਲੁਧਿਆਣਾ, 3 ਮਈ (ਰਵਿੰਦਰ ਸਿੰਘ ਨਿੱਝਰ) : ਸ਼੍ਰੋਮਣੀ ਅਕਾਲੀ ਦਲ ਪੰਜਾਬ, ਪੰਜਾਬੀ ਅਤੇ ਪੰਥ ਹਿਤੈਸ਼ੀ ਉਹ ਖੇਤਰੀ ਪਾਰਟੀ ਹੈ ,ਜਿਸ ਨੇ ਹਮੇਸ਼ਾ ਪੰਜਾਬ ਦੀ ਬੇਹਤਰੀ ਅਤੇ ਪੰਜਾਬ ਦੇ ਲੋਕਾਂ ਦੀ ਗੱਲ ਕੀਤੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਜੱਥੇਦਾਰ ਹੀਰਾ ਸਿੰਘ ਗਾਬੜੀਆ ਸਾਬਕਾ ਮੰਤਰੀ ਪੰਜਾਬ ਨੇ ਲੁਧਿਆਣਾ ਦੇ ਵਿਧਾਨ ਸਭਾ ਹਲਕਾ ਪੱਛਮੀ ਦੀ ਉੱਪ ਚੋਣ ਲਈ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਪ੍ਰਉਪਕਾਰ ਸਿੰਘ ਘੁੰਮਣ (ਐਡਵੋਕੇਟ) ਦੇ ਹੱਕ ਵਿੱਚ ਚੋਣ ਪ੍ਰਚਾਰ ਦੌਰਾਨ ਵੋਟਰਾਂ ਨਾਲ ਸਾਂਝੇ ਕੀਤੇ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਹਾਜ਼ਰ ਇਸਤਰੀ ਅਕਾਲੀ ਦਲ ਦੇ ਪ੍ਰਧਾਨ ਬੀਬੀ ਹਰਗੋਬਿੰਦ ਕੌਰ ਸਰਾ ਨੇ ਅਪਣੇ ਸੰਬੋਧਨ ਵਿਚ ਕਿਹਾ ਕਿ ਅੱਜ ਪੰਜਾਬ 'ਚ ਦਿਨੋਂ ਦਿਨ ਵੱਧ ਰਹੇ ਗੈਂਗਸਟਰ ਸਭਿਆਚਾਰ ਨੂੰ ਖਤਮ ਕਰਨ, ਨਸ਼ਿਆਂ ਦੀ ਬੁਰਾਈ ਅਤੇ ਅਤਿਵਾਦ ਦੀਆਂ ਘਟਨਾਵਾਂ ਨੂੰ ਠੱਲ੍ਹ ਪਾਉਣ ਵਾਸਤੇ ਇੱਕ ਵਾਰ ਫੇਰ ਪੰਜਾਬ ਦੀ ਬਾਗਡੋਰ ਸ਼੍ਰੋਮਣੀ ਅਕਾਲੀ ਦਲ ਦੇ ਹੱਥ ਫੜਾਉਣੀ ਪਵੇਗੀ। ਉਨ੍ਹਾਂ ਵਿਧਾਨ ਸਭਾ ਹਲਕਾ ਲੁਧਿਆਣਾ ਪੱਛਮੀ ਦੇ ਵੋਟਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਹੁਣ ਮੌਕਾ ਹੈ ਤੁਹਾਡੇ ਵਿਚੋਂ- ਤੁਹਾਡੇ ਵਰਗੇ ਪੜ੍ਹੇ ਲਿਖੇ, ਸੂਝਵਾਨ ਉਮੀਦਵਾਰ ਪ੍ਰਉਪਕਾਰ ਸਿੰਘ ਘੁੰਮਣ (ਐਡਵੋਕੇਟ) ਨੂੰ ਭਾਰੀ ਬਹੁਮੱਤ ਨਾਲ ਜਿਤਾਕੇ ਪੰਜਾਬ ਅਸੈਂਬਲੀ ਵਿੱਚ ਭੇਜੋ।

## ਡੀ.ਏ.ਵੀ. ਸੈਂਟਨਰੀ ਪਬਲਿਕ ਸਕੂਲ ਜਗਰਾਉਂ ਵਿਖੇ ਲਗਾਇਆ ਪੁਸਤਕ ਮੇਲਾ



ਜਗਰਾਉਂ, 3 ਮਈ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਪੁਸਤਕ ਮੇਲੇ ਦੀ ਜਾਣਕਾਰੀ ਦਿੰਦਿਆਂ ਹੋਇਆਂ ਪ੍ਰਿੰਸੀਪਲ ਸਾਹਿਬ ਸ਼੍ਰੀ ਵੇਦ ਵਰਤ ਪਲਾਹਾ ਜੀ ਨੇ ਦੱਸਿਆ ਕਿ ਜਗਰਾਉਂ ਵਿਖੇ ਡੀ.ਏ.ਵੀ ਸੈਂਟਨਰੀ ਪਬਲਿਕ ਸਕੂਲ ਦੇ ਵਿੱਚ ਇਹ ਪੁਸਤਕ ਮੇਲਾ ਲਗਾਇਆ ਗਿਆ ਹੈ। ਇਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਵਿੱਚ ਪੜਨ ਕੌਸ਼ਲ ਦਾ ਵਿਕਾਸ ਕਰਨਾ, ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਿਤ ਪੁਸਤਕਾਂ ਦੇ ਬਾਰੇ ਉਹਨਾਂ ਨੂੰ ਜਾਣਕਾਰੀ ਦੇਣਾ ਹੈ। ਇਸ ਪੁਸਤਕ ਮੇਲੇ ਵਿੱਚ ਪੁਸਤਕਾਂ ਦੀ ਵਿਕਰੀ ਦਾ ਵੀ ਪ੍ਰਬੰਧ ਕੀਤਾ ਗਿਆ। ਵੱਖ-ਵੱਖ ਵਿਸ਼ਿਆਂ ਅਤੇ ਲੇਖਕਾਂ ਨਾਲ ਸੰਬੰਧਿਤ ਪੁਸਤਕਾਂ ਦਾ ਅਲੱਗ ਅਲੱਗ ਸਟਾਲ ਲਗਾਏ ਗਏ। ਵਿਦਿਆਰਥੀਆਂ ਦਾ ਜੋਸ਼ ਇੱਥੇ ਠਾਠਾਂ ਮਾਰ ਰਿਹਾ ਸੀ। ਵਿਦਿਆਰਥੀਆਂ ਦੇ ਨਾਲ- ਨਾਲ ਵਿਦਿਆਰਥੀਆਂ ਦੇ ਮਾਪਿਆਂ ਨੇ ਵੀ ਇਸ ਪੁਸਤਕ ਮੇਲੇ ਦਾ ਆਨੰਦ ਮਾਣਿਆ। ਸਵੇਰ 9 ਵਜੇ ਤੋਂ ਲੈ ਕੇ 3 ਵਜੇ ਤੱਕ ਇਹ ਪੁਸਤਕ ਮੇਲਾ ਆਯੋਜਿਤ ਕੀਤਾ ਗਿਆ। ਇਸ ਪੁਸਤਕ ਮੇਲੇ ਵਿੱਚ ਪ੍ਰਿੰਸੀਪਲ ਸਾਹਿਬ ਸ਼੍ਰੀ ਵੇਦ ਵਰਤ ਪਲਾਹ ਜੀ ਨੇ ਵਿਦਿਆਰਥੀਆਂ ਨੂੰ ਪੁਸਤਕਾਂ ਦੇ ਮਹੱਤਵ ਅਤੇ ਵੱਖ-ਵੱਖ ਵਿਸ਼ਿਆਂ ਦੀਆਂ ਪੁਸਤਕਾਂ ਪੜਨ ਦੇ ਲਈ ਪ੍ਰੇਰਿਤ ਕੀਤਾ। ਵਿਦਿਆਰਥੀਆਂ ਅਤੇ ਸਕੂਲ ਦੇ ਸਟਾਫ਼ ਮੈਂਬਰਾਂ ਨੇ ਵੀ ਆਪਣੀਆਂ ਮਨ ਪਸੰਦ ਪੁਸਤਕਾਂ ਇੱਥੇ ਪੜੀਆਂ ਅਤੇ ਖਰੀਦੀਆਂ। ਅਸਲ ਵਿੱਚ ਇਹ ਪੁਸਤਕ ਮੇਲਾ ਵਿਦਿਆਰਥੀਆਂ ਲਈ ਉਹਨਾਂ ਦੇ ਮਾਰਗ ਦਰਸ਼ਕ ਦੇ ਰੂਪ ਵਿੱਚ ਸਾਹਮਣੇ ਆਇਆ। ਵਿਦਿਆਰਥੀਆਂ ਦੀ ਖੁਸ਼ੀ ਅਤੇ ਜੋਸ਼ ਇਸ ਪੁਸਤਕ ਮੇਲੇ ਦੀ ਸਫ਼ਲਤਾ ਦਾ ਸਬੂਤ ਸਾਬਤ ਹੋਏ।

## ਉਦਯੋਗਪਤੀਆਂ ਨੇ ਪਦਮ ਸ੍ਰੀ ਓਂਕਾਰ ਸਿੰਘ ਪਾਹਵਾ ਨੂੰ ਵਧਾਈ ਦਿਤੀ



ਲੁਧਿਆਣਾ, 3 ਮਈ (ਵਿਸ਼ਾਲ ਸ਼ਰਮਾ) : ਲੁਧਿਆਣਾ ਦੇ ਉਦਯੋਗਪਤੀਆਂ ਨੇ ਪਦਮ ਸ਼੍ਰੀ ਓਂਕਾਰ ਸਿੰਘ ਪਾਹਵਾ ਚੇਅਰਮੈਨ ਏਵਨ ਸਾਈਕਲਜ਼ ਲਿਮਟਿਡ ਨੂੰ ਸਭ ਤੋਂ ਵੱਕਾਰੀ ਪਦਮ ਸ਼੍ਰੀ ਨਾਲ ਸਨਮਾਨਿਤ ਕੀਤੇ ਜਾਣ 'ਤੇ ਵਧਾਈ ਦਿੱਤੀ। ਗੁਰਮੀਤ ਸਿੰਘ ਕੁਲਾਰ ਪ੍ਰਧਾਨ ਫਿਕੋ ਨੇ ਕਿਹਾ ਕਿ ਇਹ ਪੂਰੇ ਸਾਈਕਲ ਭਾਈਚਾਰੇ ਲਈ ਸਨਮਾਨ ਦੀ ਗੱਲ ਹੈ ਕਿ ਸ. ਓਂਕਾਰ ਸਿੰਘ ਪਾਹਵਾ ਨੂੰ ਇਸ ਵੱਕਾਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਓਂਕਾਰ ਸਿੰਘ ਪਾਹਵਾ ਨੇ 2013 ਤੋਂ 2018 ਤੱਕ ਫਿਕੋ ਦੇ ਸਰਪ੍ਰਸਤ ਵਜੋਂ ਸੇਵਾ ਨਿਭਾਈ ਹੈ। ਕੇ.ਕੇ. ਸੇਠ ਚੇਅਰਮੈਨ ਫਿਕੋ ਨੇ ਕਿਹਾ ਕਿ ਓਂਕਾਰ ਸਿੰਘ ਪਾਹਵਾ ਭਾਰਤ ਦੇ ਸਾਈਕਲ ਉਦਯੋਗ ਦੇ ਮੁੱਖ ਅਧਿਆਪਕ ਹਨ ਅਤੇ ਇਹ ਸਾਡੇ ਸਾਰਿਆਂ ਲਈ ਮਾਣ ਵਾਲੀ ਗੱਲ ਹੈ। ਮੌਜੂਦ ਲੋਕਾਂ ਵਿੱਚ ਗੁਰਮੀਤ ਸਿੰਘ ਕੁਲਾਰ ਪ੍ਰਧਾਨ ਫਿਕੋ ਦੇ ਨਾਲ ਮਨਜਿੰਦਰ ਸਿੰਘ ਸਚਦੇਵਾ ਪ੍ਰਧਾਨ ਬਰਾਡੋ, ਚਰਨਜੀਤ ਸਿੰਘ ਵਿਸ਼ਵਕਰਮਾ ਚੇਅਰਮੈਨ ਯੂਸੀਪੀਐਮਏ, ਜਤਿੰਦਰ ਮਿੱਤਲ ਕੋ ਚੇਅਰਮੈਨ ਯੂਸੀਪੀਐਮਏ, ਅਵਤਾਰ ਸਿੰਘ ਭੋਗਲ ਸੀਨੀਅਰ ਮੀਤ ਪ੍ਰਧਾਨ ਯੂਸੀਪੀਐਮਏ, ਰਾਜੀਵ ਜੈਨ ਪ੍ਰਧਾਨ ਲਘੂ ਉਦਯੋਗ ਭਾਰਤੀ, ਸਤਨਾਮ ਸਿੰਘ ਮੱਕੜ ਪ੍ਰਧਾਨ ਢੰਡਾਰੀ ਇੰਡਸਟਰੀਅਲ ਵੈਲਫੇਅਰ ਐਸੋਸੀਏਸ਼ਨ ਵੀ ਸ਼ਾਮਲ ਸਨ।

## ਫੋਰਟਿਸ ਹਸਪਤਾਲ ਲੁਧਿਆਣਾ ਵੱਲੋਂ LOGS ਦੇ ਸਹਿਯੋਗ ਨਾਲ ਐਂਡੋਮੇਟ੍ਰਿਓਸਿਸ 'ਤੇ ਲਾਈਵ ਸਰਜਰੀ ਕਾਨ.ਫਰੰਸ



ਲੁਧਿਆਣਾ, 3 ਮਈ (ਚ.ਨ.ਸ.) : ਫੋਰਟਿਸ ਹਸਪਤਾਲ, ਲੁਧਿਆਣਾ ਨੇ ਲੁਧਿਆਣਾ ਆਬਸਟੈਟ੍ਰਿਕਸ ਐਂਡ ਗਾਈਨੇਕੋਲੋਜੀ ਸੋਸਾਇਟੀ (LOGS) ਦੇ ਸਹਿਯੋਗ ਨਾਲ ਐਂਡੋਮੇਟ੍ਰਿਓਸਿਸ 'ਤੇ ਲਾਈਵ ਸਰਜਰੀ ਕਾਨਫਰੰਸ ਸਫਲਤਾਪੂਰਕ ਕਰਵਾਈ। ਇਸ ਸਮਾਗਮ ਵਿੱਚ ਇਲਾਕੇ ਦੇ 100 ਤੋਂ ਵੱਧ ਪ੍ਰਮੁੱਖ ਗਾਈਨੋਕੋਲੋਜਿਸਟਾਂ ਅਤੇ ਮੈਡੀਕਲ ਪ੍ਰੋਫੈਸ਼ਨਲਜ਼ ਨੇ ਭਰਪੂਰ ਜੋਸ਼ ਨਾਲ ਭਾਗ ਲਿਆ। ਕਾਨਫਰੰਸ ਦੀ ਵਿਸ਼ੇਸ਼ ਝਲਕ ਸੀ — ਅਹਿਮਦਾਬਾਦ, ਗੁਜਰਾਤ ਤੋਂ ਮਸ਼ਹੂਰ ਗਾਈਨੋਕੋਲੋਜਿਸਟ ਡਾ. ਜਾਗਰੁਤ ਜੋਸ਼ੀ ਵੱਲੋਂ ਕੀਤੀ ਗਈ ਲਾਈਵ ਸਰਜਰੀ ਡੈਮੋ।

ਕਾਨਫਰੰਸ ਦਾ ਉਦਘਾਟਨ ਡਾ. ਵਿਸ਼ਵਦੀਪ ਗੋਇਲ, ਜ਼ੋਨਲ ਡਾਇਰੈਕਟਰ ਅਤੇ ਐਸਬੀਯੂ ਹੈੱਡ, ਫੋਰਟਿਸ ਅੰਮ੍ਰਿਤਸਰ ਅਤੇ ਲੁਧਿਆਣਾ ਨੇ ਕੀਤਾ। ਉਨ੍ਹਾਂ ਨੇ ਮਹਿਲਾਵਾਂ ਦੀ ਸਿਹਤ ਸੰਭਾਲ ਨੂੰ ਬਿਹਤਰ ਬਣਾਉਣ ਲਈ ਲਗਾਤਾਰ ਸਿੱਖਣ ਅਤੇ ਅੱਪਡੇਟ ਰਹਿਣ ਦੇ ਮਹੱਤਵ ਉਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ, "ਇਸ ਤਰ੍ਹਾਂ ਦੇ ਉਪਰਾਲੇ ਮੈਡੀਕਲ ਕਮਿਊਨਟੀ ਵਿੱਚ ਨਿਰੰਤਰ ਗਿਆਨ ਸਾਂਝਾ ਕਰਨ ਅਤੇ ਸਿੱਖਣ ਨੂੰ ਉਤਸ਼ਾਹਤ ਕਰਦੇ ਹਨ, ਜਿਸ ਨਾਲ ਮਰੀਜ਼ ਸੰਭਾਲ ਵਿੱਚ ਸੁਧਾਰ ਆਉਂਦਾ ਹੈ। ਮੈਂ ਸਾਰੇ ਭਾਗੀਦਾਰਾਂ ਅਤੇ ਆਯੋਜਕ ਟੀਮ ਨੂੰ ਇਸ ਕਾਨਫਰੰਸ ਨੂੰ ਸਫਲ ਬਣਾਉਣ ਲਈ ਵਧਾਈ ਦਿੰਦਾ ਹਾਂ। ਇਸ ਮੁਹਿੰਮ ਦੀ ਅਗਵਾਈ ਡਾ. ਗੁਰਸਿਮਰਨ ਕੌਰ, ਪ੍ਰਿੰਸੀਪਲ ਕਨਸਲਟੈਂਟ, ਆਬਸਟੈਟ੍ਰਿਕਸ ਐਂਡ ਗਾਈਨੇਕੋਲੋਜੀ, ਫੋਰਟਿਸ ਲੁਧਿਆਣਾ ਨੇ ਕੀਤੀ, ਜੋ ਕਿ ਇਸ ਕਾਨਫਰੰਸ ਦੀ ਮੁੱਖ ਆਯੋਜਕ ਸਕੱਤਰ ਵੀ ਸਨ। ਉਨ੍ਹਾਂ ਨੇ ਇਸ ਸਮਾਗਮ ਦੀ ਯੋਜਨਾ ਬਣਾਉਣ ਅਤੇ ਸੰਯੋਜਨ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਉਨ੍ਹਾਂ ਕਿਹਾ, "ਐਂਡੋਮੇਟ੍ਰਿਓਸਿਸ ਵਰਗੇ ਜਟਿਲ ਮਾਮਲਿਆਂ ਵਿੱਚ ਨਾ ਸਿਰਫ਼ ਸਰਜੀਕਲ ਕਸਰਤ ਦੀ ਲੋੜ ਹੁੰਦੀ ਹੈ, ਸਗੋਂ ਗਿਆਨ ਅਤੇ ਹੁਨਰ ਨੂੰ ਲਗਾਤਾਰ ਅੱਪਡੇਟ ਕਰਨਾ ਵੀ ਜ਼ਰੂਰੀ ਹੈ। ਮੈਂ ਸਾਰੇ ਭਾਗੀਦਾਰਾਂ ਦੀ ਉਤਸ਼ਾਹਪੂਰਕ ਭਾਗੀਦਾਰੀ ਅਤੇ ਮਹਿਲਾ ਸਿਹਤ ਸੰਭਾਲ ਵੱਲ ਉਨ੍ਹਾਂ ਦੀ ਵਚਨਬੱਧਤਾ ਦੀ ਸਰਾਹਨਾ ਕਰਦੀ ਹਾਂ।

## ਬਲੌਜ਼ਮਜ਼ ਕਾਨਵੈਂਟ ਸਕੂਲ ਵਿਖੇ ਇੰਵੈਸਚਰ ਸੈਰਾਮਨੀ ਮਨਾਈ



ਜਗਰਾਉਂ, 3 ਮਈ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਬਲੌਜ਼ਮਜ਼ ਕਾਨਵੈਂਟ ਸਕੂਲ ਵਿਖੇ ਇਨਵੈਸਚਰ ਸੈਰਾਮਨੀ ਮਨਾਈ ਗਈ। ਇਸ ਚਲ ਰਹੇ ਹਾਊਸਜ਼ ਦੀ ਨਵੇਂ ਸੈਸ਼ਨ ਦੌਰਾਨ ਵਿਦਿਆਰਥੀ ਵਰਗ ਵਿੱਚ ਉਹਨਾਂ ਦੇ ਅਹੁਦਿਆਂ ਦੀ ਵੰਡ ਕੀਤੀ ਗਈ, ਜਿਸ ਵਿੱਚ ਹੈੱਡ ਬੋਆਏ ਜਸ਼ਨਪ੍ਰੀਤ ਸਿੰਘ, ਹੈੱਡ ਗਰਲ ਵਿਸ਼ਾਖਾ ਗੁਪਤਾ ਅਤੇ ਇਸਦੇ ਨਾਲ ਅਲਫਾ ਦੀ ਕੈਪਟਨ ਸਿਮਰਜੀਤ ਕੌਰ ਵਾਈਸ ਕੈਪਟਨ ਹਰਮਨਪ੍ਰੀਤ ਕੌਰ ,ਬੀਟਾ ਦੀ ਕੈਪਟਨ ਤਨੀਸ਼ਾ ਵਾਈਸ ਕੈਪਟਨ ਪ੍ਰਭਨੂਰ ਸਿੰਘ, ਗਾਮਾ ਦੀ ਕੈਪਟਨ ਅਵਨੀਤ ਕੌਰ ਧਾਲੀਵਾਲ ਵਾਈਸ ਕੈਪਟਨ ਅਦਿੱਤਬੀਰ ਸਿੰਘ ਅਤੇ ਡੈਲਟਾ ਹਾਊਸ ਕੈਪਟਨ ਨਵਪ੍ਰੀਤ ਕੌਰ ਵਾਈਸ ਕੈਪਟਨ ਮਹਿਕਵੀਰ ਕੌਰ ਨੂੰ ਚੁਣਿਆ ਗਿਆ। ਇਹਨਾਂ ਵਿਦਿਆਰਥੀਆਂ ਨੂੰ ਜਿੰਮੇਵਾਰੀਆਂ ਦੇ ਸੈਸ਼ ਦੇਣ ਲਈ ਮੁੱਖ ਮਹਿਮਾਨ ਵਜੋਂ ਪਹੁੰਚੇ ਹਲਕਾ ਜਗਰਾਉਂ ਦੇ ਐਮ.ਐਲ.ਏ ਬੀਬੀ ਸਰਬਜੀਤ ਕੌਰ ਮਾਣੂੰਕੇ ਨੇ ਵਿਦਿਆਰਥੀਆਂ ਨੂੰ ਮਿਹਨਤ ਕਰਕੇ ਅਤੇ ਆਪਣਾ ਟੀਚਾ ਮਿਥ ਕੇ ਚੱਲਣ ਦੀ ਸਿੱਖਿਆ ਦਿੱਤੀ ਉਹਨਾਂ ਕਿਹਾ ਜੇਕਰ ਅਸੀਂ ਜ਼ਿੰਦਗੀ ਵਿੱਚ ਕੁਝ ਕਰਨਾ ਚਾਹੁੰਦੇ ਹਾਂ ਤਾਂ ਆਪਣੇ ਸਮੇਂ ਦੀ ਸਹੀ ਵਰਤੋਂ ਕਰੋ ਤਾਂ ਜੋ ਤੁਹਾਨੂੰ ਦੁਨੀਆ ਸਲਾਮ ਕਰੇ। ਉਹਨਾਂ ਵਿਦਿਆਰਥੀਆਂ ਨੂੰ ਅੱਜ ਮਿਲੀਆਂ ਜਿੰਮੇਵਾਰੀਆਂ ਨੂੰ ਤਨਦੇਹੀ ਨਾਲ ਨਿਭਾਉਣ ਦੀ ਸਿੱਖਿਆ ਦਿੱਤੀ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ. ਨਵਨੀਤ ਕੌਰ ਨੇ ਮੁੱਖ ਮਹਿਮਾਨ ਨੂੰ ਜੀ ਆਇਆ ਆਖਿਆ ਤੇ ਕਿਹਾ ਅਜਿਹੀਆਂ ਗਤੀਵਿਧੀਆਂ ਵਿਦਿਆਰਥੀ ਵਰਗ ਵਿੱਚ ਲੀਡਰਸ਼ਿਪ ਵਰਗੇ ਗੁਣ ਪੈਦਾ ਕਰਦੀਆਂ ਤੇ ਇਹਨਾਂ ਵਿੱਚ ਮੁਕਾਬਲੇ ਦੀ ਭਾਵਨਾ ਵੱਧਦੀ ਹੈ। ਇਹ ਵਿਦਿਆਰਥੀ ਬਾਕੀਆਂ ਲਈ ਪ੍ਰੇਰਨਾ ਸਰੋਤ ਹਨ।

## ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਖ਼ੂਨਦਾਨ ਕੈਂਪ ਲਗਾਇਆ



ਲੁਧਿਆਣਾ, 3 ਮਈ (ਕਰਨੈਲ ਸਿੰਘ ਐੱਮ.ਏ.) : ਖਾਲਸਾ ਵੈਲਫੇਅਰ ਸੁਸਾਇਟੀ ਅਤੇ ਗੁਰਦੁਆਰਾ ਗੁਰੂ ਅਰਜਨ ਦੇਵ ਸਤਿਸੰਗ ਸਭਾ ਵੱਲੋਂ ਸਾਹਿਬ ਸ਼੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਮਤਿ ਸਮਾਗਮ ਅਤੇ ਸਾਲਾਨਾ ਜੋੜ-ਮੇਲਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ ।

ਇਸ ਮੌਕੇ 'ਤੇ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ:) ਵੱਲੋਂ ਮੁੱਖ ਸੇਵਾਦਾਰ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਦੀ ਅਗਵਾਈ ਹੇਠ 801ਵਾਂ ਮਹਾਨ ਖ਼ੂਨਦਾਨ ਕੈਂਪ ਅਕਾਲ ਖਾਲਸਾ ਵੈਲਫੇਅਰ ਸੁਸਾਇਟੀ ਅਤੇ ਗੁਰਦੁਆਰਾ ਗੁਰੂ ਅਰਜਨ ਦੇਵ ਸਤਿਸੰਗ ਸਭਾ ਦੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਸਮਰਾਲਾ ਚੌਕ ਲੁਧਿਆਣਾ ਵਿਖੇ ਲਗਾਇਆ ਗਿਆ। ਇਸ ਮਹਾਨ ਖ਼ੂਨਦਾਨ ਕੈਂਪ ਵਿੱਚ ਵਿਸ਼ੇਸ਼ ਤੌਰ 'ਤੇ ਪੁੱਜੇ ਹਲਕਾ ਪੂਰਬੀ ਦੇ ਵਿਧਾਇਕ ਦਲਜੀਤ ਸਿੰਘ ਭੋਲਾ ਗਰੇਵਾਲ ਨੇ ਖ਼ੂਨਦਾਨ ਕਰ ਰਹੇ ਸਾਮਰਾਜ ਸਿੰਘ, ਪਰਮਜੀਤ ਸਿੰਘ ਬੱਬੂ ਅਤੇ ਵਿਨੇ ਮਹਾਜਨ ਸਮੇਤ ਖ਼ੂਨਦਾਨੀਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਕਿਹਾ ਖ਼ੂਨਦਾਨ ਰਾਹੀਂ ਕਈ ਕੀਮਤੀ ਜ਼ਿੰਦਗੀਆਂ ਨੂੰ ਮੌਤ ਦੇ ਮੂੰਹ ਵਿੱਚੋਂ ਬਚਾਇਆ ਜਾ ਸਕਦਾ ਹੈ। ਇਸ ਸਮੇਂ ਵਿਧਾਇਕ ਦਲਜੀਤ ਸਿੰਘ ਭੋਲਾ ਗਰੇਵਾਲ ਅਤੇ ਇਲਾਕੇ ਦੇ ਕੌਂਸਲਰ ਲਵਲੀ ਮਨੋਚਾ ਨੇ ਖ਼ੂਨਦਾਨੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ 'ਤੇ ਸੁਸਾਇਟੀ ਦੇ ਸੀਨੀਅਰ ਮੀਤ ਪ੍ਰਧਾਨ ਭਾਈ ਹਰਪਾਲ ਸਿੰਘ ਨਿਮਾਣਾ ਅਤੇ ਸਕੱਤਰ ਜਰਨਲ ਪਰਵਿੰਦਰ ਸਿੰਘ ਗਿੰਦਰਾ ਨੇ ਦੱਸਿਆ ਖ਼ੂਨਦਾਨ ਕੈਂਪ ਦੌਰਾਨ ਇਕੱਤਰ ਕੀਤਾ ਖ਼ੂਨ ਦਾ ਇੱਕ-ਇੱਕ ਕਤਰਾ ਲੋੜਵੰਦ ਮਰੀਜ਼ਾਂ ਨੂੰ ਨਿਸ਼ਕਾਮ ਰੂਪ ਵਿੱਚ ਲੈ ਕੇ ਦਿੱਤਾ ਜਾਵੇਗਾ।



ਜਾਗ੍ਰਿਤੀ ਲਹਿਰ ਸੰਸਥਾ ਵੱਲੋਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸਹਿਯੋਗ ਨਾਲ 10ਵੀਂ ਵਰ੍ਹੇਗੰਢ ਬੀਤੇ ਦਿਨੀਂ ਗੁਰੂ ਨਾਨਕ ਭਵਨ ਵਿਖੇ ਮਨਾਈ ਗਈ। ਡਾ: ਐਸ ਪੀ ਸਿੰਘ ਉਬਰਾਏ ਨੇ ਸਮਾਜ-ਸੇਵੀ ਜਸਵੰਤ ਸਿੰਘ ਛਾਪਾ ਜੀ ਨੂੰ ਸਨਮਾਨਿਤ ਕੀਤਾ। ਇਸ ਮੌਕੇ ਵਿਧਾਇਕ ਅਸ਼ੋਕ ਪ੍ਰਾਸ਼ਰ ਪੱਪੀ, ਦਰਸ਼ਨ ਲਾਲ ਬਵੇਜਾ, ਡਾ: ਇੰਦਰਜੀਤ ਸਿੰਘ ਢੀਂਗਰਾ, ਇਕਬਾਲ ਸਿੰਘ ਗਿੱਲ ਆਈ.ਪੀ.ਐਸ., ਕੇ.ਕੇ.ਬਾਵਾ ਨਾਲ ਖੜ੍ਹੇ ਨਜ਼ਰ ਆ ਰਹੇ ਹਨ।
*(ਫੋਟੋ ਤੇ ਵੇਰਵਾ : ਕਰਨੈਲ ਸਿੰਘ ਐੱਮ.ਏ., ਲੁਧਿਆਣਾ)*

## ਈਸਟਵੁੱਡ ਇੰਟਰਨੈਸ਼ਨਲ ਸਕੂਲ 'ਚ ਵਿਦਿਆਰਥੀਆਂ ਦੇ ਡਾਂਸ ਮੁਕਾਬਲੇ ਕਰਵਾਏ



ਮੁੱਲਾਂਪੁਰ ਦਾਖਾ, 3 ਮਈ (ਦਵਿੰਦਰ ਸਿੰਘ ਲੰਮੇਂ) : ਈਸਟਵੁੱਡ ਇੰਟਰਨੈਸ਼ਨਲ ਸਕੂਲ ਮੁੱਲਾਂਪੁਰ ਵਿਖੇ ਪ੍ਰਧਾਨ ਦਮਨਜੀਤ ਸਿੰਘ ਮੋਹੀ ਦੀ ਪ੍ਰਧਾਨਗੀ ਅਤੇ ਪ੍ਰਿੰਸੀਪਲ ਡਾ. ਅਮਨਦੀਪ ਕੌਰ ਬਖਸ਼ੀ ਦੀ ਅਗੁਵਾਈ ਹੇਠ ਪ੍ਰੀ-ਪ੍ਰਾਇਮਰੀ ਵਿੰਗ ਦੇ ਵਿਦਿਆਰਥੀਆਂ ਦੇ ਡਾਂਸ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਬੱਚਿਆਂ ਦਾ ਸੋਲੋ ਡਾਂਸ ਮੁਕਾਬਲਾ ਦੇਖਣਯੋਗ ਰਿਹਾ। ਇਹਨਾਂ ਮੁਕਾਬਿਲਆਂ ਵਿੱਚ ਤੀਜੀ ਜਮਾਤ ਦੀ ਗੁਰਸੀਰਤ ਕੌਰ ਨੇ ਪਹਿਲਾ ਅਤੇ ਤ੍ਰਿਪਤ ਕੌਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਚੌਥੀ ਜਮਾਤ ਵਿੱਚੋਂ ਜੈਸਮੀਨ ਕੌਰ ਨੇ ਪਹਿਲਾ ਸਥਾਨ ਅਤੇ ਖੁਸ਼ਮੀਤ ਕੌਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ, ਜਦਕਿ ਪੰਜਵੀਂ ਜਮਾਤ ਵਿਚੋਂਪਵਿੱਤਰਪੁਨੀਤ ਕੌਰ ਨੇ ਪਹਿਲਾ ਸਥਾਨ ਅਤੇ ਪ੍ਰਭਲੀਨ ਕੌਰ ਨੇ ਦੂਜਾ ਸਥਾਨ ਹਾਸਲ ਕਰਕੇ ਵਾਹ ਵਾਹ ਖੱਟੀ ।ਅਖੀਰ ਵਿੱਚ ਬੱਚਿਆਂ ਵੱਲੋਂ 'ਝਾਂਜਰ' ਗੀਤ 'ਤੇ ਡਾਂਸ ਕਰਨ ਉਪਰੰਤ ਸਮਾਗਮ ਦੀ ਸਮਾਪਤੀ ਹੋਈ ।

ਇਸ ਮੌਕੇ ਪ੍ਰਿੰਸੀਪਲ ਡਾ. ਅਮਨਦੀਪ ਕੌਰ ਬਖਸ਼ੀ ਨੇ ਬੱਚਿਆਂ ਨੂੰ ਉਤਸ਼ਾਹਿਤ ਕਰਦਿਆਂ ਕਿਹਾ ਕਿ ਅਜਿਹੀਆਂ ਗੱਤੀਵਿਧਿਆਂ ਨਾਲ ਬੱਚਿਆਂ ਦੇ ਹੁਨਰ ਵਿੱਚ ਨਿਖਾਰ ਆਉਣ ਦੇ ਨਾਲ ਨਾਲ ਉਹਨਾਂ ਦਾ ਸਰੀਰਕ ਵਿਕਾਸ ਵੀ ਹੁੰਦਾ ਹੈ।

## ਲੁਧਿਆਣਾ ਦੇ ਪਾਵਰ ਗਰਿੱਡ ਨੂੰ ਮਿਲਿਆ ਭਰਵਾਂ ਹੁਲਾਰਾ ਊਰਜਾ ਢਾਂਚੇ 'ਚ ਆ ਰਹੀ ਇੱਕ ਇਤਿਹਾਸਕ ਤਬਦੀਲੀ



ਲੁਧਿਆਣਾ,3 ਮਈ (ਵਿਸ਼ਾਲ ਸ਼ਰਮਾ): ਪੰਜਾਬ ਦੇ ਬਿਜਲੀ ਬੁਨਿਆਦੀ ਢਾਂਚੇ ਨੂੰ ਭਰਵਾਂ ਹੁਲਾਰਾ ਦਿੰਦਿਆਂ ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਨੇ ਵਿੱਤੀ ਸਾਲ 2024-25 ਦੌਰਾਨ ਲੁਧਿਆਣਾ ਸ਼ਹਿਰ ਵਿੱਚ ਵੱਡੇ ਪੱਧਰ 'ਤੇ ਬਿਜਲੀ ਵੰਡ ਨੈੱਟਵਰਕ ਸਬੰਧੀ ਸੁਧਾਰ ਕਾਰਜਾਂ ਨੂੰ ਸਫ਼ਲਤਾਪੂਰਵਕ ਲਾਗੂ ਕਰਨ ਦਾ ਐਲਾਨ ਕੀਤਾ ਹੈ। ਇਸ ਵਿਆਪਕ ਪਹਿਲਕਦਮੀ ਨੂੰ 221 ਕਰੋੜ ਰੁਪਏ ਦੇ ਕੁੱਲ ਨਿਵੇਸ਼ ਨਾਲ ਨੇਪਰੇ ਚਾੜ੍ਹਿਆ ਜਾਵੇਗਾ, ਜਿਸ ਦਾ ਉਦੇਸ਼ ਬਿਜਲੀ ਦੀ ਬਿਜਲੀ ਕੱਟਾ ਨੂੰ ਘਟਾਉਣਾ, ਨੁਕਸਾਨਾਂ ਨੂੰ ਘਟਾਉਣਾ ਅਤੇ ਭਵਿੱਖੀ ਮੰਗ ਲਈ ਗਰਿੱਡ ਨੂੰ ਤਿਆਰ ਕਰਨਾ ਹੈ। ਅੱਜ ਇੱਥੇ ਜਾਰੀ ਇੱਕ ਬਿਆਨ ਵਿੱਚ ਕੈਬਨਿਟ ਮੰਤਰੀ ਨੇ ਕਿਹਾ ਕਿ ਇਹ ਪਹਿਲ ਸੂਬੇ ਦੇ ਬਿਜਲੀ ਖੇਤਰ ਦੇ ਆਧੁਨਿਕੀਕਰਨ ਵਿੱਚ ਇੱਕ ਨਵੇਂ ਯੁੱਗ ਦਾ ਆਗਾਜ਼ ਹੈ। ਹਰਭਜਨ ਸਿੰਘ ਈਟੀਓ ਨੇ ਕਿਹਾ ਕਿ ਲੁਧਿਆਣਾ ਦੇ ਬਿਜਲੀ ਬੁਨਿਆਦੀ ਢਾਂਚੇ ਦਾ ਅਪਗ੍ਰੇਡੇਸ਼ਨ ਸਾਡੇ ਨਾਗਰਿਕਾਂ ਨੂੰ ਨਿਰਵਿਘਨ ਉੱਚ-ਗੁਣਵੱਤਾ ਵਾਲੀ ਬਿਜਲੀ ਮੁਹੱਈਆ ਕਰਨ ਦੇ ਸਾਡੇ ਮਿਸ਼ਨ ਵਿੱਚ ਇੱਕ ਅਹਿਮ ਕਦਮ ਹੈ।

ਉਹਨਾਂ ਅੱਗੇ ਕਿਹਾ ਕਿ ਸੂਬਾ ਸਰਕਾਰ ਆਰਥਿਕ ਵਿਕਾਸ ਅਤੇ ਖਪਤਕਾਰਾਂ ਦੀ ਤਸੱਲੀ ਲਈ ਬਿਜਲੀ ਸਪਲਾਈ ਲੜੀ ਨੂੰ ਹੋਰ ਮਜ਼ਬੂਤ ਕਰਨ ਲਈ ਵਚਨਬੱਧ ਹੈ। ਬਿਜਲੀ ਮੰਤਰੀ ਨੇ ਕਿਹਾ ਕਿ 19 ਪਾਵਰ ਟ ?ਰਾਂਸਫਾਰਮਰਾਂ ਨੂੰ 20 ਐਮਵੀਏ ਤੋਂ 31.5 ਐਮਵੀਏ ਵਿੱਚ ਸਫਲਤਾਪੂਰਵਕ ਅਪਗ੍ਰੇਡ ਕੀਤਾ ਗਿਆ ਹੈ ਅਤੇ ਤਿੰਨ 220 ਕੇਵੀ ਉੱਚ-ਸਮਰੱਥਾ ਵਾਲੇ ਟ ?ਰਾਂਸਫਾਰਮਰਾਂ ਦੀ ਸਮਰੱਥਾ 100 ਐਮਵੀਏ ਤੋਂ 160 ਐਮਵੀਏ ਤੱਕ ਵਧਾਈ ਗਈ ਹੈ। ਇਸ ਤੋਂ ਇਲਾਵਾ 2 ਨਵੇਂ 20 ਐਮਵੀਏ ਟ ?ਰਾਂਸਫਾਰਮਰ ਵੀ ਕਾਰਜਸ਼ੀਲ ਕੀਤੇ ਗਏ ਹਨ। ਪੀਐਸਪੀਸੀਐਲ ਨੇ ਹੋਰ ਟਰਾਂਸਫਾਰਮਰ ਲਗਾਉਣ ਲਈ 125 ਕਰੋੜ ਰੁਪਏ ਦਾ ਨਿਵੇਸ਼ ਕੀਤਾ ਹੈ। ਬਿਜਲੀ ਲਾਈਨਾਂ ਦੇ ਆਧੁਨਿਕੀਕਰਨ ਲਈ ਲਗਭਗ 450 ਕਿਲੋਮੀਟਰ ਹਾਈ-ਟੈਂਸ਼ਨ (ਐਚਟੀ) ਅਤੇ 470 ਕਿਲੋਮੀਟਰ ਲੋ-ਟੈਂਸ਼ਨ (ਐਲਟੀ) ਲਾਈਨਾਂ ਨੂੰ ਅਪਗ੍ਰੇਡ ਜਾਂ ਬਦਲਿਆ ਗਿਆ।

13 ਕਰੋੜ ਰੁਪਏ ਦੀ ਲਾਗਤ ਨਾਲ ਪੁਰਾਣੀਆਂ ਏਸੀਐਸਆਰ ਲਾਈਨਾਂ ਨੂੰ ਐਡਵਾਂਸਡ ਐਚਟੀਐਲਐਸ ਕੰਡਕਟਰਾਂ ਨਾਲ ਬਦਲਿਆ ਗਿਆ ਹੈ। ਚੋਰੀ-ਪ੍ਰਭਾਵਿਤ ਖੇਤਰਾਂ ਵਿੱਚ ਐਲਟੀ ਲਾਈਨਾਂ ਦੀ ਚੋਰੀ ਨੂੰ ਘਟਾਉਣ ਲਈ ਇੰਸੂਲੇਟਡ ਕੇਬਲਾਂ ਵਿੱਚ ਤਬਦੀਲ ਕੀਤਾ ਗਿਆ ਹੈ। ਬਿਜਲੀ ਮੰਤਰੀ ਨੇ ਅੱਗੇ ਕਿਹਾ ਕਿ ਟਰਾਂਸਫਾਰਮਰ ਨੈੱਟਵਰਕ ਨੂੰ ਹੋਰ ਮਜ਼ਬੂਤ ਕਰਨ ਲਈ 47 ਕਰੋੜ ਰੁਪਏ ਦੇ ਨਿਵੇਸ਼ ਨਾਲ 921 ਨਵੇਂ ਡਿਸਟਰੀਬਿਊਸ਼ਨ ਟਰਾਂਸਫਾਰਮਰ ਅਤੇ 396 ਓਵਰਲੋਡਿਡ ਟਰਾਂਸਫਾਰਮਰਾਂ ਨੂੰ ਬਦਲਣ ਦਾ ਕੰਮ ਕੀਤਾ ਗਿਆ ਹੈ। ਵੰਡ ਲੋਡ ਨੂੰ ਅਨੁਕੂਲ ਬਣਾਉਣ ਅਤੇ ਬਿਜਲੀ ਕੱਟ ਦੇ ਸਮੇਂ ਘਟਾਉਣ ਲਈ 79 ਓਵਰਲੋਡਿਡ ਫੀਡਰਾਂ ਨੂੰ ਵੰਡਿਆ ਗਿਆ, ਜਿਸ ਨਾਲ ਬਿਜਲੀ ਸਪਲਾਈ ਦੀ ਭਰੋਸੇਯੋਗਤਾ ਵਿੱਚ ਸੁਧਾਰ ਹੋਇਆ। ਫੀਡਰ ਅਨੁਕੂਲਨ ਕਾਰਜ ਲਈ 23 ਕਰੋੜ ਰੁਪਏ ਦਾ ਨਿਵੇਸ਼ ਕੀਤਾ ਗਿਆ ਹੈ।

## ਮਰਜ਼ੀ ਖ਼ਿਲਾ.ਫ ਸਰੀਰਕ ਸਬੰਧ ਬਣਾਉਣ ਦੇ ਦੋਸ਼ ਤਹਿਤ ਨੌਜਵਾਨ ਖ਼ਿਲਾ.ਫ ਕੇਸ ਦਰਜ

ਮੁੱਲਾਂਪੁਰ ਦਾਖਾ, 3 ਮਈ (ਦਵਿੰਦਰ ਸਿੰਘ ਲੰਮੇਂ) : ਥਾਣਾ ਦਾਖਾ ਦੀ ਪੁਲਿਸ ਨੇ ਲੜਕੀ ਦੀ ਮਰਜ਼ੀ ਦੇ ਖਿਲਾਫ ਸਰੀਰਕ ਸਬੰਧ ਬਣਾਉਣ ਦੇ ਦੋਸ਼ ਤਹਿਤ ਇੱਕ ਨੌਜਵਾਨ ਖਿਲਾਫ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

ਕੇਸ ਦੀ ਪੜਤਾਲ ਕਰ ਰਹੀ ਮਹਿਲਾ ਐਸ.ਆਈ. ਕਿਰਨਦੀਪ ਕੌਰ ਅਨੁਸਾਰ ਸ਼ਿਕਾਇਤ ਕਰਤਾ ਨੇ ਦਰਜ ਕਰਵਾਏ ਬਿਆਨਾ ਵਿੱਚ ਦੱਸਿਆ ਕਿ 26 ਅਪ੍ਰੈਲ ਨੂੰ ਜਸ਼ਨਦੀਪ ਸਿੰਘ ਉਰਫ ਕਾਲੂ ਪੁੱਤਰ ਜਸਵੰਤ ਸਿੰਘ ਬੂੜਾ ਪੱਤੀ ਪਿੰਡ ਦਾਖਾ ਉਸਦੀ ਲੜਕੀ ਨੂੰ ਵਿਆਹ ਦਾ ਝਾਂਸਾ ਦੇਕੇ ਆਪਣੇ ਨਾਲ ਲੈ ਗਿਆ ਸੀ। ਪਰ ਉਸਨੇ ਵਿਆਹ ਨਹੀਂ ਕਰਵਾਇਆ ਅਤੇ ਉਸਦੀ ਮਰਜੀ ਤੋਂ ਬਗੈਰ ਉਸ ਨਾਲ ਸਰੀਰਕ ਸਬੰਧ ਬਣਾਉਂਦਾ ਰਿਹਾ । ਦਾਖਾ ਪੁਲਿਸ ਨੇ ਬਿਆਨਾ ਦੇ ਆਧਾਰ 'ਤੇ ਕਾਰਵਾਈ ਕਰਦਿਆਂ ਕੱਥਿਤ ਦੋਸ਼ੀ ਖਿਲਾਫ ਕੇਸ ਦਰਜ ਕਰਕੇ ਉਸਦੀ ਭਾਲ ਸ਼ੁਰੂ ਕਰ ਦਿੱਤੀ ਹੈ । ਪਤਨੀ ਦੀ ਕੁੱਟਮਾਰ ਕਰਨ ਦੇ ਦੋਸ਼ ਤਹਿਤ ਪਤੀ ਖਿਲਾਫ ਕੇਸ ਦਰਜ

ਮੁੱਲਾਂਪੁਰ ਦਾਖਾ, 3 ਮਈ= ਦਵਿੰਦਰ ਸਿੰਘ ਲੰਮੇਂ = ਥਾਣਾ ਦਾਖਾ ਦੀ ਪੁਲਿਸ ਨੇ ਪਤਨੀ ਦੀ ਕੁੱਟਮਾਰ ਕਰਨ ਅਤੇ ਮਾਨਸਿਕ ਤੌਰ 'ਤੇ ਪਰੇਸ਼ਾਨ ਕਰਨ ਦੇ ਦੋਸ਼ ਤਹਿਤ ਪਤੀ ਖਿਲਾਫ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਕੇਸ ਦੀ ਪੜਤਾਲ ਕਰ ਰਹੇ ਏ.ਐਸ.ਆਤਮਾ ਸਿੰਘ ਅਨੁਸਾਰ ਸਰਬਜੀਤ ਕੌਰ ਪਤਨੀ ਪ੍ਰਗਟ ਸਿੰਘ ਵਾਸੀ ਮੋੜ ਕਲੋਨੀ ਲੁਧਿਆਣਾ ਨੇ ਪੁਲਿਸ ਦੇ ਉੱਚ ਅਧਿਕਾਰੀਆਂ ਕੋਲ ਆਪਣੇ ਪਤੀ ਖਿਲਾਫ ਕੁੱਟਮਾਰ ਕਰਨ ਦੀ ਇੱਕ ਲਿਖਤੀ ਸ਼ਿਕਾਇਤ ਦਿੱਤੀ ਸੀ। ਜਿਸਦੀ ਪੜਤਾਲ ਉਪ- ਕਪਤਾਨ ਪੁਲਿਸ (ਸ) ਵੱਲੋ ਕਰਨ 'ਤੇ ਇਹ ਗੱਲ ਸਾਹਮਣੇ ਆਈ ਕਿ ਪ੍ਰਗਟ ਸਿੰਘ ਪੁੱਤਰ ਸੁਰਿੰਦਰ ਸਿੰਘ ਵਾਸੀ ਮੋਰਕਰੀਮਾ ਨੇ ਆਪਣੀ ਪਤਨੀ ਸਰਬਜੀਤ ਕੌਰ ਦੀ ਕੁੱਟਮਾਰ ਕੀਤੀ ਸੀ ਅਤੇ ਉਸ ਨੂੰ ਮਾਨਸਿਕ ਤੌਰ 'ਤੇ ਵੀ ਤੰਗ ਪ੍ਰੇਸ਼ਾਨ ਕਰਨਾ ਸਾਹਮਣੇ ਆਇਆ ਅਤੇ ਸੀਨੀਅਰ ਕਪਤਾਨ ਪੁਲਿਸ ਲੁਧਿਆਣਾ (ਦਿਹਾਤੀ )ਦੇ ਆਦੇਸ਼ ਅਨੁਸਾਰ ਕੱਥਿਤ ਦੋਸ਼ੀ ਖਿਲਾਫ ਕੇਸ ਦਰਜ ਕੀਤਾ ਗਿਆ।

# ਸਕੂਲਾਂ 'ਚ ਲਿਆਂਦੀਆਂ ਜਾ ਰਹੀਆਂ ਹਨ ਕ੍ਰਾਂਤੀਕਾਰੀ ਤਬਦੀਲੀਆਂ : ਸਿੱਧੂ



ਜਲਾਲ (ਬਠਿੰਡਾ), 3 ਮਈ (ਜਗਸੀਰ ਭੁੱਲਰ): ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਸਕੂਲਾਂ ਵਿੱਚ ਕ੍ਰਾਂਤੀਕਾਰੀ ਤਬਦੀਲੀਆਂ ਲਿਆਉਂਦਿਆਂ ਵਿਦਿਆਰਥੀਆਂ ਨੂੰ ਪੜ੍ਹਾਈ ਅਤੇ ਖੇਡਾਂ ਵਿੱਚ ਸਮੇਂ ਦਾ ਹਾਣੀ ਬਣਾਇਆ ਜਾ ਰਿਹਾ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਵਿਧਾਇਕ ਰਾਮਪੁਰਾ ਫੂਲ ਸ਼੍ਰੀ ਬਲਕਾਰ ਸਿੰਘ ਸਿੱਧੂ ਨੇ ਸਿੱਖਿਆਂ ਕ੍ਰਾਂਤੀ ਸਮਾਗਮ ਦੇ ਮੱਦੇਨਜ਼ਰ ਸਰਕਾਰੀ ਮਿਡਲ ਸਕੂਲ ਜਲਾਲ ਵਿਖੇ ਕਰਵਾਏ ਗਏ ਸਮਾਗਮ 'ਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨ ਮੌਕੇ ਕੀਤਾ। ਵਿਧਾਇਕ ਸ਼੍ਰੀ ਬਲਕਾਰ ਸਿੰਘ ਸਿੱਧੂ ਨੇ ਕਿਹਾ ਕਿ ਸੂਬਾ ਸਰਕਾਰ ਦੀ ਨਿਵੇਕਲੀ ਪਹਿਲਕਦਮੀ ਸਦਕਾ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੂੰ ਵਿਦੇਸ਼ਾਂ ਵਿੱਚ ਸਿਖਲਾਈ ਲਈ ਭੇਜ ਕੇ ਚੰਗੀ ਮੁਹਾਰਤ ਹਾਸਲ ਕਰਵਾਈ ਜਾ ਰਹੀ ਹੈ ਤਾਂ ਜੋ ਵਿਦਿਆਰਥੀਆਂ ਨੂੰ ਵਧੀਆਂ ਸਿੱਖਿਆ ਮੁਹੱਈਆ ਕਰਵਾਈ ਜਾ ਸਕੇ। ਵਿਧਾਇਕ ਸ੍ਰੀ ਬਲਕਾਰ ਸਿੰਘ ਸਿੱਧੂ ਨੇ ਕਿਹਾ ਕਿ ਸੂਬੇ ਦੇ ਸਾਰੇ ਸਰਕਾਰੀ ਸਕੂਲਾਂ ਦੀ ਕਾਇਆ ਕਲਪ ਕਰਨ ਲਈ ਮਾਨ ਸਰਕਾਰ ਨੇ 'ਪੰਜਾਬ ਸਿੱਖਿਆ ਕ੍ਰਾਂਤੀ' ਦੀ ਸ਼ੁਰੂਆਤ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਕੂਲਾਂ ਦਾ ਬੁਨਿਆਦੀ ਢਾਂਚਾ ਮਜ਼ਬੂਤ ਕਰਨ ਦੇ ਨਾਲ-ਨਾਲ ਅਧਿਆਪਕਾਂ ਦੇ ਹੁਨਰ ਨੂੰ ਹੋਰ ਨਿਖਾਰਨ ਲਈ ਕੋਸ਼ਿਸ਼ਾਂ ਲਗਾਤਾਰ ਜਾਰੀ ਹੈ। ਇਸ ਦੌਰਾਨ ਉਨ੍ਹਾਂ ਸਰਕਾਰੀ ਮਿਡਲ ਸਕੂਲ ਜਲਾਲ ਦੇ ਦੋ ਕਮਰਿਆਂ ਲਈ 15 ਲੱਖ 2 ਹਜ਼ਾਰ ਰੁਪਏ, ਸਰਕਾਰੀ ਪ੍ਰਾਇਮਰੀ ਸਕੂਲ ਜਲਾਲ ਦੇ ਇੱਕ ਕਮਰੇ ਲਈ 7 ਲੱਖ 51 ਹਜਾਰ ਅਤੇ ਚਾਰਦੀਵਾਰੀ ਲਈ 2 ਲੱਖ 35 ਹਜ਼ਾਰ ਰੁਪਏ, ਸਰਕਾਰੀ ਮਿਡਲ ਸਕੂਲ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਬੁਰਜ ਥਰੋੜ ਦੀ ਚਾਰਦੀਵਾਰੀ 13 ਲੱਖ 50 ਹਜ਼ਾਰ ਦੀ ਲਾਗਤ ਨਾਲ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ। ਇਸ ਮੌਕੇ ਸਕੂਲਾਂ ਦਾ ਸਮੂਹ ਸਟਾਫ, ਵਿਦਿਆਰਥੀ ਤੇ ਉਨ੍ਹਾਂ ਦੇ ਮਾਪੇ ਅਤੇ ਪਿੰਡਾਂ ਦੀ ਪੰਚਾਇਤਾਂ ਅਤੇ ਹੋਰ ਪ੍ਰਮੁੱਖ ਸ਼ਖਸ਼ੀਅਤਾਂ ਆਦਿ ਹਾਜ਼ਰ ਸਨ।

# ਯੁੱਧ ਨਸ਼ਿਆਂ ਵਿਰੁੱਧ ਬਠਿੰਡਾ ਪੁਲਿਸ ਨੇ 426 ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ 268 ਮੁਕੱਦਮੇਂ ਦਰਜ ਕੀਤੇ

## 8 ਕਰੋੜ ਰੁਪਏ ਦੇ ਕਰੀਬ ਦੀ ਜਾਇਦਾਦ ਨੂੰ ਫਰੀਜ਼ ਕੀਤਾ

ਬਠਿੰਡਾ, 3 ਮਈ (ਦੀਪਕ ਸ਼ਰਮਾ) : ਤਾਜ਼ਾ ਮਾਮਲਿਆਂ ਵਿੱਚ ਪੁਲਿਸ ਨੇ ਨਸ਼ਾ ਤਸਕਰੀ ਦੇ ਦੋਸ਼ ਹੇਠ 17 ਵਿਅਕਤੀਆ ਨੂੰ ਗ੍ਰਿਫਤਾਰ, 776 ਗ੍ਰਾਮ ਹੈਰੋਇਨ, 11000 ਰੁਪਏ ਡਰੱਗ ਮਨੀ, 2 ਕਿਲੋ 200 ਗ੍ਰਾਮ ਭੁੱਕੀ ਲਾਹਣ ਨਜਾਇਜ਼ ਸ਼ਰਾਬ,ਅਤੇ ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਹਨਇਸ ਸਬੰਧੀ ਕੀਤੀ ਗਈ ਪ੍ਰੈੱਸ ਕਾਨਫਰੰਸ ਦੌਰਾਨ ਐਸ ਪੀ ਸਿਟੀ ਨਰਿੰਦਰ ਸਿੰਘ ਨੇ ਦੱਸਿਆ ਹੈ ਕਿ ਲੰਘੇ ਦਿਨੀ ਜ਼ਿਲ੍ਹਾ ਪੁਲਿਸ ਨੇ ਨਸ਼ਾ ਤਸਕਰੀ ਦੇ ਦੋਸ਼ ਚ 17 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਕੋਲੋਂ ਹੈਰੋਇਨ, ਭੁੱਕੀ, ਸ਼ਰਾਬ, ਲਾਹਣ ਅਤੇ ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਹਨ। ਗ੍ਰਿਫ਼ਤਾਰ ਕੀਤੇ ਗਏ ਕਥਿਤ ਦੋਸ਼ੀਆਂ ਵਿਰੁੱਧ ਸਬੰਧਤ ਥਾਣਿਆਂ 'ਚ ਨਸ਼ਾ ਵਿਰੋਧੀ ਕਾਨੂੰਨ ਤਹਿਤ ਮਾਮਲੇ ਦਰਜ ਕੀਤੇ ਗਏ ਹਨ। ਜਾਣਕਾਰੀ ਅਨੁਸਾਰ ਥਾਣਾ ਕੈਨਾਲ ਕਾਲੋਨੀ ਦੀ ਪੁਲਿਸ ਨੇ ਫਲਾਈਓਵਰ ਤੋਂ ਦੇਵੀ ਦਯਾਲ ਵਾਸੀ ਸੰਗੂਆਣਾ ਬਸਤੀ ਅਤੇ ਮਨੋਜ ਕੁਮਾਰ ਵਾਸੀ ਪ੍ਰਤਾਪ ਨਗਰ ਨੂੰ 40 ਗ੍ਰਾਮ ਹੈਰੋਇਨ ਅਤੇ 11 ਹਜ਼ਾਰ ਰੁਪਏ ਡਰੱਗ ਮਨੀ ਸਮੇਤ ਕਾਬੂ ਕੀਤਾ ਹੈ। ਇਸੇ ਤਰ੍ਹਾਂ ਇੱਕ ਹੋਰ ਮਾਮਲੇ ਵਿੱਚ ਕੈਨਾਲ ਕਾਲੋਨੀ ਪੁਲਿਸ ਨੇ ਰਿੰਗ ਰੋਡ ਕਿਸਾਨ ਚੌਂਕ ਤੋਂ



ਇੱਕ ਔਰਤ ਗੀਤਾ ਰਾਣੀ ਵਾਸੀ ਮੁਲਤਾਨੀਆਂ ਰੋਡ ਬਠਿੰਡਾ ਨੂੰ 150 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਹੈ। ਇਸੇ ਤਰ੍ਹਾਂ ਥਾਣਾ ਕੈਨਾਲ ਕਾਲੋਨੀ ਦੀ ਪੁਲਿਸ ਨੇ ਰਿੰਗ ਰੋਡ ਤੋਂ ਹੀ ਸੁਖਵਿੰਦਰ ਸਿੰਘ ਅਤੇ ਸੁਖਵਿੰਦਰ ਸਿੰਘ ਵਾਸੀ ਬੀੜ ਤਲਾਬ ਬਸਤੀ ਨੂੰ 513 ਗ੍ਰਾਮ ਹੈਰੋਇਨ ਸਮੇਤ ਫੜਿਆ ਹੈ। ਇਸੇ ਤਰ੍ਹਾਂ ਸੀਆਈਏ ਸਟਾਫ 2 ਨੇ ਟਰਾਂਸਪੋਰਟ ਨਗਰ ਤੋਂ ਇਨੋਵਾ ਕਾਰ ਸਵਾਰ ਗੁਰਪ੍ਰੀਤ ਸਿੰਘ ਵਾਸੀ ਪਿੱਥੋ ਅਤੇ ਤੇਜਪਾਲ ਸਿੰਘ ਵਾਸੀ ਕੋਟੜਾ ਕੋੜੀਆਂ ਵਾਲਾ ਨੂੰ 40 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕਰਕੇ ਥਾਣਾ ਥਰਮਲ ਵਿੱਚ ਕੇਸ ਦਰਜ ਕੀਤਾ ਹੈ। ਥਾਣਾ ਕੈਂਟ ਪੁਲਿਸ ਨੇ ਬਾਬਾ ਫਰੀਦ ਨਗਰ ਦੇ ਕੋਲੋਂ ਮੋਟਰਸਾਈਕਲ ਸਵਾਰ ਪਰਮਪ੍ਰੀਤ ਸਿੰਘ ਵਾਸੀ ਅਮਰਪੁਰਾ ਬਸਤੀ ਨੂੰ 10 ਗ੍ਰਾਮ ਹੈਰੋਇਨ ਨਾਲ ਗ੍ਰਿਫ਼ਤਾਰ ਕੀਤਾ, ਜਦਕਿ ਉਸਦਾ ਸਾਥੀ ਮਿੱਠੂ ਸਿੰਘ ਵਾਸੀ ਬਾਬਾ ਫਰੀਦ ਨਗਰ ਨੂੰ ਮਾਮਲੇ 'ਚ ਨਾਮਜਦ ਕੀਤਾ ਗਿਆ ਹੈ। ਅਸਦਰ ਬਠਿੰਡਾ ਪੁਲਿਸ ਨੇ ਪਿੰਡ ਕੋਟਸ਼ਮੀਰ ਤੋਂ ਜੋਬਨਦੀਪ ਸਿੰਘ ਵਾਸੀ ਪਿੰਡ ਬੰਗੀ ਨਿਹਾਲ ਸਿੰਘ ਵਾਲਾ, ਗਗਨਦੀਪ ਸਿੰਘ ਅਤੇ ਅਮਨਪ੍ਰੀਤ ਸਿੰਘ ਵਾਸੀ ਪਿੰਡ ਕੋਟਸ਼ਮੀਰ ਨੂੰ 7 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ। ਥਾਣਾ ਨੇਹੀਆਂਵਾਲਾ ਪੁਲਿਸ ਨੇ ਮੱਖਣ ਲਾਲ ਨੂੰ 6 ਗ੍ਰਾਮ ਹੈਰੋਇਨ ਸਮੇਤ ਫੜਿਆ। ਰਾਮਾ ਪੁਲਿਸ ਨੇ ਪਿੰਡ ਕਮਾਲੂ ਤੋਂ ਹਰਬੰਸ ਸਿੰਘ ਵਾਸੀ ਕਮਾਲੂ ਅਤੇ ਗੁਰਦਿਆਲ ਸਿੰਘ ਵਾਸੀ ਦਾਦੂ, ਜ਼ਿਲ੍ਹਾ ਸਿਰਸਾ ਨੂੰ 10 ਗ੍ਰਾਮ ਹੈਰੋਇਨ ਨਾਲ ਗ੍ਰਿਫ਼ਤਾਰ ਕੀਤਾ। ਨੰਦਗੜ੍ਹ ਪੁਲਿਸ ਨੇ ਪਿੰਡ ਰਾਏਕੇ ਕਲਾ ਤੋਂ ਬੂਟਾ ਸਿੰਘ ਨੂੰ 20 ਨਸ਼ੀਲੀਆਂ ਗੋਲੀਆਂ ਅਤੇ 25 ਕੈਪਸੂਲਾਂ ਸਮੇਤ ਗ੍ਰਿਫ਼ਤਾਰ ਕੀਤਾ ਹੈ। ਸਿਟੀ ਰਾਮਪੁਰਾ ਪੁਲਿਸ ਨੇ ਸਤਪਾਲ ਸਿੰਘ ਵਾਸੀ ਰਾਮਪੁਰਾ ਮੰਡੀ ਅਤੇ ਸੰਦੀਪ ਸਿੰਘ ਵਾਸੀ ਪਿੰਡ ਕੋਟੜਾ ਕੌੜਾ ਨੂੰ 2 ਕਿਲੋ 200 ਗ੍ਰਾਮ ਭੁੱਕੀ ਚੂਰਾ ਪੋਸਤ ਅਤੇ 60 ਨਸ਼ੀਲੀਆਂ ਗੋਲੀਆਂ ਨਾਲ ਫੜਿਆ। ਥਾਣਾ ਦਿਆਲਪੁਰਾ ਪੁਲਿਸ ਨੇ ਪਿੰਡ ਸਲਾਬਤਪੁਰਾ ਵਿੱਚ ਛਾਪੇਮਾਰੀ ਕਰਕੇ ਜਗਜੀਤ ਸਿੰਘ ਨੂੰ 30 ਲੀਟਰ ਲਾਹਣ ਨਾਲ ਗ੍ਰਿਫ਼ਤਾਰ ਕੀਤਾ। ਇਸਦੇ ਇਲਾਵਾ ਸਿਟੀ ਰਾਮਪੁਰਾ ਪੁਲਿਸ ਨੇ ਪਿੰਡ ਮਹਿਰਾਜ ਵਿੱਚ ਛਾਪੇਮਾਰੀ ਕਰਕੇ ਬਖ਼ਸ਼ੀਸ਼ ਸਿੰਘ ਨੂੰ 50 ਲੀਟਰ ਲਾਹਣ ਸਮੇਤ ਗ੍ਰਿਫ਼ਤਾਰ ਕਰਕੇ ਮਾਮਲਾ ਦਰਜ ਕੀਤਾ ਹੈ।

# ਸਰਕਾਰੀ ਸਕੂਲਾਂ ਦੀ ਕਾਇਆ ਕਲਪ ਲਈ ਪੰਜਾਬ ਸਰਕਾਰ ਲੈ ਰਹੀ ਹੈ ਇਤਿਹਾਸਿਕ ਫੈਸਲੇ : ਸੁਖਬੀਰ ਸਿੰਘ ਮਾਈਸਰਖਾਨਾ



ਬਗੇਹਰ ਚੜ੍ਹਤ ਸਿੰਘ (ਬਠਿੰਡਾ), 3 ਮਈ (ਜਗਸੀਰ ਭੁੱਲਰ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਪੰਜਾਬ ਸਿੱਖਿਆ ਕ੍ਰਾਂਤੀ ਨਾਲ ਬਦਲਦਾ ਪੰਜਾਬ ਮੁਹਿੰਮ ਤਹਿਤ ਪੰਜਾਬ ਸਰਕਾਰ ਵੱਲੋਂ ਜਿੱਥੇ ਸੂਬੇ ਦੇ ਸਰਕਾਰੀ ਸਕੂਲਾਂ ਦੀ ਕਾਇਆ ਕਲਪ ਕਰਨ ਲਈ ਇਤਿਹਾਸਿਕ ਫੈਸਲੇ ਲਏ ਜਾ ਰਹੇ ਹਨ ਉੱਥੇ ਹੀ ਸਰਕਾਰੀ ਸਕੂਲਾਂ ਦੀ ਨੁਹਾਰ ਬਦਲੀ ਜਾ ਰਹੀ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾਂ ਵਿਧਾਇਕ ਸੁਖਬੀਰ ਸਿੰਘ ਮਾਈਸਰਖਾਨਾ ਨੇ ਜ਼ਿਲ੍ਹੇ ਦੇ ਪਿੰਡ ਬਗੇਹਰ ਚੜ੍ਹਤ ਸਿੰਘ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਖੇ ਸਿੱਖਿਆ ਕ੍ਰਾਂਤੀ ਦੇ ਮੱਦੇਨਜ਼ਰ ਕਰਵਾਏ ਗਏ ਸਮਾਗਮ ਦੌਰਾਨ ਸੰਬੋਧਨ ਕਰਦਿਆ ਕੀਤਾ। ਇਸ ਮੌਕੇ ਸੁਖਬੀਰ ਸਿੰਘ ਮਾਈਸਰਖਾਨਾ ਨੇ ਕਿਹਾ ਕਿ ਸੂਬਾ ਸਰਕਾਰ ਪੰਜਾਬ ਦੇ ਨੌਜਵਾਨਾਂ ਲੜਕੇ ਅਤੇ ਲੜਕੀਆਂ ਨੂੰ ਸਵੈ ਰੋਜ਼ਗਾਰ ਤੇ ਉਨ੍ਹਾਂ ਨੂੰ ਰੋਜ਼ਗਾਰ ਦੇ ਕਾਬਲ ਬਣਾਉਣ ਲਈ ਵਿਸ਼ੇਸ਼ ਉਪਰਾਲੇ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵਲੋਂ ਸਕੂਲਾਂ ਵਿੱਚ ਆਧੁਨਿਕ ਸਿੱਖਿਆ ਦੇਣ ਲਈ ਸਕੂਲਾਂ ਦੇ ਅਧਿਆਪਕਾਂ ਨੂੰ ਵਿਦੇਸ਼ਾਂ ਵਿੱਚ ਸਿਖਲਾਈ ਲਈ ਭੇਜ ਰਹੀ ਹੈ ਤਾਂ ਜੋ ਉਹ ਚੰਗੀ ਮੁਹਾਰਤ ਹਾਸਲ ਕਰਕੇ ਵਿਦਿਆਰਥੀਆਂ ਨੂੰ ਵਧੀਆ ਸਿੱਖਿਆ ਮੁਹੱਈਆ ਕਰਵਾ ਸਕਣ। ਇਸ ਮੌਕੇ ਵਿਧਾਇਕ ਸੁਖਬੀਰ ਸਿੰਘ ਮਾਈਸਰਖਾਨਾ ਨੇ ਵਿਦਿਆਰਥੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਸਖਤ ਤੋਂ ਸਖਤ ਮਿਹਨਤ ਕਰਕੇ ਆਪਣੇ ਮਿੱਥੇ ਟੀਚੇ ਨੂੰ ਸਰ ਕਰਦਿਆਂ ਆਪਣੇ ਮਾਪਿਆਂ ਦਾ ਨਾਮ ਚਮਕਾਉਣ। ਉਨ੍ਹਾਂ ਜ਼ਿਲ੍ਹੇ ਦੇ ਪਿੰਡ ਬਗੇਹਰ ਚੜ੍ਹਤ ਸਿੰਘ ਤੋਂ ਇਲਾਵਾ ਯੋਧਪੁਰ ਪਾਖਰ, ਬਾਲਿਆਂਵਾਲੀ ਅਤੇ ਬੁੱਗਰਾਂ ਵਿਖੇ ਸਕੂਲਾਂ ਦੇ ਵੱਖ-ਵੱਖ ਵਿਕਾਸ ਕਾਰਜਾਂ ਦੇ ਉਦਘਾਟਨ ਵੀ ਕੀਤੇ।

# ਗੁਰਦਾਸਪੁਰ ਅਤੇ ਬਟਾਲਾ ਵਿਖੇ ਲੋਕ ਅਦਾਲਤ 10 ਨੂੰ

ਗੁਰਦਾਸਪੁਰ,3 ਮਈ (ਜਗੀਰ ਸਿੰਘ ਮੰਡ): ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਕਾਰਜਕਾਰੀ ਚੇਅਰਮੈਨ ਮਾਨਯੋਗ ਜਸਟਿਸ ਦੀਪਕ ਸਿੱਬਲ, ਜੱਜ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਚੰਡੀਗੜ੍ਹ ਦੀਆਂ ਹਦਾਇਤਾਂ ਮੁਤਾਬਕ ਅਤੇ ਸ੍ਰੀ ਦਿਲਬਾਗ ਸਿੰਘ ਜੌਹਲ, ਮਾਨਯੋਗ ਜਿਲ੍ਹਾ ਅਤੇ ਸੈਸ਼ਨ ਜੱਜ-ਸਹਿਤ-ਚੇਅਰਮੈਨ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਜੀਆਂ ਦੀ ਰਹਿਨੁਮਾਈ ਹੇਠ ਸ੍ਰੀ ਹਰਪ੍ਰੀਤ ਸਿੰਘ, ਮਾਨਯੋਗ ਸਕੱਤਰ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਦੁਆਰਾ ਸੈਸ਼ਨਜ਼ ਡਵੀਜਨ, ਗੁਰਦਾਸਪੁਰ ਅਧੀਨ ਸਮੂਹ ਨਿਆਇਕ ਅਦਾਲਤਾਂ ਗੁਰਦਾਸਪੁਰ ਅਤੇ ਸਬ-ਡਵੀਜਨ, ਬਟਾਲਾ ਵੱਲੋਂ ਕੇਸਾਂ ਦੇ ਨਿਪਟਾਰੇ ਲਈ ਨੈਸ਼ਨਲ ਲੋਕ ਅਦਾਲਤ ਦਾ ਮਿਤੀ 10.05.2025 ਨੂੰ ਆਯੋਜਨ ਕੀਤਾ ਜਾ ਰਿਹਾ ਹੈ। ਇਸ ਨੈਸ਼ਨਲ ਲੋਕ ਅਦਾਲਤ ਵਿੱਚ ਫੌਜਦਾਰੀ, ਚੈੱਕ ਬਾਊਂਸ, ਬੈਂਕਾਂ ਦੇ ਕੇਸ, ਐਕਸੀਡੈਂਟ ਕਲੇਮ ਕੇਸ ਅਤੇ ਪਰਿਵਾਰਕ ਝਗੜੇ ਆਦਿ ਕਿਸਮਾਂ ਦੇ ਕੇਸ ਲਗਾਏ ਜਾਣਗੇ। ਇਸ ਤੋਂ ਇਲਾਵਾ ਪ੍ਰੀ-ਲੀਟੀਗੇਟਿਵ ਕੇਸ ਜਿਵੇਂ ਕਿ ਬੈਂਕ ਰਿਕਵਰੀ ਕੇਸ, ਜਲ ਸਪਲਾਈ, ਲੇਬਰ ਆਦਿ ਕੇਸ ਵੀ ਲਗਾਏ ਜਾਣਗੇ। ਇਸ ਸਬੰਧੀ ਸ੍ਰੀ ਦਿਲਬਾਗ ਸਿੰਘ ਜੌਹਲ, ਮਾਨਯੋਗ ਜਿਲ੍ਹਾ ਅਤੇ ਸੈਸ਼ਨ ਜੱਜ-ਸਹਿਤ-ਚੇਅਰਮੈਨ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਜੀਆਂ ਨੇ ਦੱਸਿਆ ਕਿ ਲੋਕ ਅਦਾਲਤ ਦੇ ਮੁੱਖ ਮਨੋਰਥ ਦੋਵੇਂ ਧਿਰਾਂ ਦੀ ਆਪਸੀ ਰਜਾਮੰਦੀ ਦੇ ਨਾਲ ਝਗੜਿਆਂ ਦਾ ਨਿਪਟਾਰਾ ਕਰਵਾਉਣਾ ਹੈ ਤਾਂ ਜੋ ਧਿਰਾਂ ਦੇ ਕੀਮਤੀ ਸਮੇਂ ਅਤੇ ਧੰਨ ਦੀ ਬਚਤ ਹੋ ਸਕੇ ਅਤੇ ਆਪਸੀ ਦੁਸ਼ਮਣੀ ਘਟਾਈ ਜਾ ਸਕੇ। ਲੋਕ ਅਦਾਲਤਾਂ ਰਾਹੀਂ ਫੈਸਲੇ ਹੋਏ ਕੇਸਾਂ ਦਾ ਲਾਭ ਤੇ ਚਾਨਣਾ ਪਾਉਂਦੇ ਹੋਏ ਉਹਨਾਂ ਦੱਸਿਆ ਕਿ ਲੋਕ ਅਦਾਲਤ ਰਾਹੀਂ ਫੈਸਲਾ ਹੋਏ ਕੇਸ ਦੀ ਅੱਗੇ ਕੋਈ ਅਪੀਲ ਨਹੀਂ ਹੋ ਸਕਦੀ ਕਿਉਂਕਿ ਲੋਕ ਅਦਾਲਤ ਵਿੱਚ ਫੈਸਲਾ ਧਿਰਾਂ ਦੀ ਆਪਸੀ ਸਹਿਮਤੀ ਰਾਹੀਂ ਕਰਵਾਇਆ ਜਾਂਦਾ ਹੈ। ਇਸ ਨਾਲ ਝਗੜਾ ਹਮੇਸ਼ਾ ਲਈ ਖਤਮ ਹੋ ਜਾਂਦਾ ਹੈ। ਉਹਨਾਂ ਇਹ ਵੀ ਦੱਸਿਆ ਕਿ ਲੋਕ ਅਦਾਲਤ ਰਾਹੀਂ ਫੈਸਲਾ ਹੋਏ ਕੇਸਾਂ ਵਿੱਚ ਲਗਾਈ ਗਈ, ਕੋਰਟ ਫੀਸ ਵੀ ਵਾਪਸ ਕੀਤੀ ਜਾਂਦੀ ਹੈ।

# ਪੰਜਾਬ ਦੇ ਪਾਣੀ ਦੀ ਲੁੱਟ ਪੰਜਾਬੀ ਤੇ ਸ਼੍ਰੋਮਣੀ ਅਕਾਲੀ ਦਲ ਬਰਦਾਸ਼ਤ ਨਹੀਂ ਕਰਨਗੇ: ਰਾਜੂ ਖੰਨਾ



ਅਮਲੋਹ, 3 ਮਈ (ਚ.ਨ.ਸ.) : ਭਾਖੜਾ ਬਿਆਸ ਮੈਨੇਜਮੈਂਟ ਬੋਰਡ ਪੰਜਾਬ ਦੇ ਹਿੱਸੇ ਦਾ 8500 ਕਿਊਸਿਕ ਪਾਣੀ ਕੱਟ ਕੇ ਹਰਿਆਣਾ ਨੂੰ ਦੇਣ ਦੀ ਤਾਕ ਵਿਚ ਹੈ। ਕਿਓਂਕਿ ਪੰਜਾਬ ਦੇ ਕੁਦਰਤੀ ਸਰੋਤਾਂ ਦੀ ਸ਼ਰੇਆਮ ਹੁੰਦੀ ਲੁੱਟ ਨੂੰ ਇਥੇ ਦੇ ਪੰਜਾਬ ਦੇ ਗੈਰਤਮੰਦ ਲੋਕ ਹਰਗਿਜ਼ ਬਰਦਾਸ਼ਤ ਨਹੀਂ ਕਰਨਗੇ। ਇਸ ਗੱਲ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਤੇ ਹਲਕਾ ਅਮਲੋਹ ਦੇ ਮੁੱਖ ਸੇਵਾਦਾਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਨੇ ਅੱਜ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਆਖਿਆ ਕਿ ਪੰਜਾਬ ਦਾ ਪਾਣੀ ਸਾਨੂੰ ਆਪਣੇ ਖੂਨ ਤੋਂ ਵੀ ਵੱਧ ਪਿਆਰਾ ਹੈ, ਇਸ ਧੱਕੇਸ਼ਾਹੀ ਨੂੰ ਠੱਲਣ ਲਈ 3 ਕਰੋੜ ਪੰਜਾਬੀ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਹਨ। ਰਾਜੂ ਖੰਨਾ ਨੇ ਬੀ. ਬੀ. ਐੱਮ.ਬੀ. ਵੱਲੋਂ ਵਾਟਰ ਰੈਗੂਲੇਸ਼ਨ ਦੇ ਡਾਇਰੈਕਟਰ ਆਕਾਸ਼ਦੀਪ ਸਿੰਘ ਦਾ ਤਬਾਦਲਾ ਕੀਤੇ ਜਾਣ ਦੀ ਵੀ ਨਿੰਦਾ ਕੀਤੀ ਅਤੇ ਕਿਹਾ ਕਿ ਉਨ੍ਹਾਂ ਦੀ ਥਾਂ ਸੰਜੀਵ ਕੁਮਾਰ ਨੂੰ ਨਵਾਂ ਡਾਇਰੈਕਟਰ ਨਿਯੁਕਤ ਕੀਤਾ ਹੈ, ਜੋ ਹਰਿਆਣਾ ਨਾਲ ਸਬੰਧ ਰੱਖਦੇ ਹਨ। ਉਨ੍ਹਾਂ ਕਿਹਾ ਕਿ ਇਹ ਤਬਾਦਲਾ ਪੰਜਾਬ ਦੇ ਪਾਣੀ ਹਥਿਆਉਣ ਦੀ ਸਾਜ਼ਿਸ਼ ਦਾ ਹਿੱਸਾ ਹੈ। ਰਾਜੂ ਖੰਨਾ ਨੇ ਆਖਿਆ ਕਿ ਪੰਜਾਬ ਦੇ ਪੱਖ ਨੂੰ ਅੱਖੋਂ ਪਰੋਖੇ ਕਰਕੇ ਹਰਿਆਣਾ ਨੂੰ ਵਾਧੂ ਪਾਣੀ ਦੇਣ ਲਈ ਦਿੱਤੀ ਗਈ ਮਨਜ਼ੂਰੀ ਨੂੰ ਤੁਰੰਤ ਰੱਦ ਕੀਤਾ ਜਾਵੇ, ਅਤੇ 'ਆਪ' ਸਰਕਾਰ ਇਸ ਗੱਲ ਨੂੰ ਯਕੀਨੀ ਬਣਾਉਣ ਲਈ ਠੋਸ ਕਾਰਵਾਈ ਕਰੇ ਕਿ ਪੰਜਾਬ ਦੇ ਕਿਸੇ ਵੀ ਹੈੱਡ ਵਰਕਸ ਰਾਹੀਂ ਹਰਿਆਣਾ ਨੂੰ ਵਾਧੂ ਪਾਣੀ ਨਹੀਂ ਛੱਡਿਆ ਜਾਵੇਗਾ ਅਤੇ ਪਹਿਲਾਂ ਛੱਡੇ ਜਾ ਰਹੇ ਵਾਧੂ ਪਾਣੀ ਨੂੰ ਵੀ ਰੋਕਿਆ ਜਾਵੇਗਾ। ਜੇਕਰ ਕੇਂਦਰ ਸਰਕਾਰ ਦੇ ਇਸ ਕਾਰਵਾਈ ਦੀ ਜਿਥੇ ਨਿਖੇਧੀ ਕੀਤੀ, ਉੱਥੇ ਪੰਜਾਬ ਦੀ ਆਪ ਸਰਕਾਰ ਨੂੰ ਕਿਹਾ ਕਿ ਜੇਕਰ ਪੰਜਾਬ ਦੇ ਪਾਣੀ ਦੀ ਰਾਖੀ ਲਈ ਕੋਈ ਕੇਂਦਰ ਸਰਕਾਰ ਦੇ ਦਬਾਅ ਹੇਠ ਫੈਸਲਾ ਕੀਤਾ ਗਿਆ ਤਾਂ ਸਮੁੱਚਾ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੇ ਹੱਕਾਂ 'ਤੇ ਪਹਿਰਾ ਦਿੰਦਿਆਂ ਹੋਇਆਂ ਕੇਂਦਰ ਤੇ ਸੂਬਾ ਸਰਕਾਰ ਖ਼ਿਲਾਫ਼ ਮੋਰਚਾ ਖੋਲ੍ਹੇਗਾ।

# ਸਰਹਿੰਦ ਦੇ ਵਾਰਡ 2 'ਚ ਵਾਟਰ ਸਪਲਾਈ ਦਾ ਕੰਮ ਸ਼ੁਰੂ ਕਰਵਾਇਆ



ਫਤਹਿਗੜ੍ਹ ਸਾਹਿਬ, 3 ਮਈ (ਹਰਪ੍ਰੀਤ ਕੌਰ ਟਿਵਾਣਾ): ਨਗਰ ਕੌਂਸਲ ਸਰਹਿੰਦ ਦੇ ਅਧੀਨ ਆਉਂਦੇ ਵਾਰਡ ਨੰਬਰ 02 ਦੀ ਗਰੀਨ ਐਵਨਿਊ ਕਲੋਨੀ ਵਿਚ ਵਿਧਾਇਕ ਲਖਬੀਰ ਸਿੰਘ ਰਾਏ ਵੱਲੋਂ ਵਾਟਰ ਸਪਲਾਈ ਦਾ ਕੰਮ ਸ਼ੁਰੂ ਕਰਵਾਇਆ ਗਿਆ, ਇਸ ਕਾਰਜ ਦੇ ਸ਼ੁਰੂ ਹੋਣ ਨਾਲ ਇਲਾਕੇ ਦੇ ਵਿੱਚ ਖੁਸ਼ੀ ਦੀ ਲਹਿਰ ਹੈ। ਵਿਧਾਇਕ ਲਖਬੀਰ ਸਿੰਘ ਰਾਏ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਲਾਕੇ ਦੀ ਲੰਬੇ ਸਮੇਂ ਤੋਂ ਮੰਗ ਸੀ ਕਿ ਉਹਨਾਂ ਦੇ ਇਲਾਕੇ ਨੂੰ ਵਾਟਰ ਸਪਲਾਈ ਦੇ ਨਾਲ ਜੋੜਿਆ ਜਾਵੇ, ਉਨਾਂ ਦੀ ਮੰਗ ਨੂੰ ਮੁੱਖ ਰੱਖਦਿਆਂ ਉਕਤ ਕਾਰਜ ਸ਼ੁਰੂ ਕਰਵਾਇਆ ਗਿਆ ਹੈ। ਉਹਨਾਂ ਕਿਹਾ ਕਿ ਨਗਰ ਕੌਂਸਲ ਸਰਹਿੰਦ ਦੇ ਅਧੀਨ ਆਉਂਦੇ ਵੱਖ-ਵੱਖ ਵਾਰਡਾਂ ਦੇ ਵਿੱਚ ਵਿਕਾਸ ਕਾਰਜ ਨਿਰੰਤਰ ਜਾਰੀ ਹਨ। ਸ਼ਹਿਰ ਨੂੰ ਸੁੰਦਰੀਕਰਨ ਪੱਖੋਂ ਵੀ ਵਧੀਆ ਬਣਾਇਆ ਜਾ ਰਿਹਾ ਹੈ, ਇਸ ਦੇ ਵਿਕਾਸ ਵਿੱਚ ਕਿਸੇ ਤਰ੍ਹਾਂ ਦੀ ਕਸਰ ਨਹੀਂ ਛੱਡੀ ਜਾਵੇਗੀ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਕਹਿਣੀ ਅਤੇ ਕਰਨੀ ਦੀ ਇੱਕ ਹੈ, ਲੋਕਾਂ ਨਾਲ ਕੀਤੇ ਗਏ ਵਾਅਦੇ ਇੱਕ ਇੱਕ ਕਰਕੇ ਪੂਰੇ ਕੀਤੇ ਜਾ ਰਹੇ ਹਨ। ਜਿੱਥੇ ਸਿੱਖਿਆ ਕ੍ਰਾਂਤੀ ਚਲਾ ਕੇ ਸਕੂਲਾਂ ਦੀ ਨੁਹਾਰ ਬਦਲੀ ਗਈ, ਉਸੇ ਲੜੀ ਦੇ ਤਹਿਤ ਹਸਪਤਾਲਾਂ ਦੇ ਵਿੱਚ ਵੀ ਸੁਧਾਰ ਕੀਤਾ ਗਿਆ ਹੈ। ਜੋ ਕਾਰਜ ਬਾਕੀ ਰਹਿ ਗਏ ਹਨ ਉਹ ਵੀ ਜਲਦ ਪੂਰੇ ਹੋਣਗੇ। ਇਸ ਮੌਕੇ ਵਾਰਡ ਇੰਚਾਰਜ ਰਜਿੰਦਰ ਸ਼ੈਂਟੀ ਨੇ ਕਿਹਾ ਕਿ ਪਿਛਲੀ ਸਰਕਾਰ ਦੇ ਸਮੇਂ ਉਹਨਾਂ ਦੇ ਇਲਾਕੇ ਨੂੰ ਵਾਟਰ ਸਪਲਾਈ ਦੀ ਸਹੂਲਤ ਤੋਂ ਵਾਂਝਾ ਛੱਡ ਦਿੱਤਾ ਗਿਆ ਸੀ, ਉਹਨਾਂ ਵਿਧਾਇਕ ਲਖਬੀਰ ਸਿੰਘ ਰਾਏ ਦਾ ਧੰਨਵਾਦ ਕੀਤਾ ਜਿਨਾਂ ਉਹਨਾਂ ਦੇ ਇਲਾਕੇ ਦੀ ਮੰਗ ਨੂੰ ਪੂਰਾ ਕਰਦਿਆਂ ਉਕਤ ਕਾਰਜ ਸ਼ੁਰੂ ਕਰਵਾਇਆ ਹੈ। ਅਸੀਂ ਵਿਧਾਇਕ ਲਖਬੀਰ ਸਿੰਘ ਰਾਏ ਦੇ ਧੰਨਵਾਦੀ ਹਾਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਦਿਲਪ੍ਰੀਤ ਭੱਟੀ ਯੂਥ ਆਗੂ, ਸਨੀ ਚੋਪੜਾ, ਅਸੀਸ ਅਤਰੀ, ਪਵੇਲ ਹਾਂਡਾ, ਰਜੇਸ਼ ਉੱਪਲ, ਤਰਸੇਮ ਉੱਪਲ, ਗੌਰਵ ਅਰੋੜਾ ਅਤੇ ਹੋਰ ਵਲੰਟੀਅਰ ਵੀ ਹਾਜ਼ਰ ਸਨ।

# ਸੂਬੇ ਨੂੰ ਸਿੱਖਿਆ ਦੇ ਖੇਤਰ ਵਿੱਚ ਮੋਹਰੀ ਬਣਾਉਣ ਲਈ ਚੁੱਕੇ ਜਾ ਰਹੇ ਹਨ ਸਾਰਥਕ ਕਦਮ : ਵਿਧਾਇਕ ਰਾਏ



ਫਤਹਿਗੜ੍ਹ ਸਾਹਿਬ, 3 ਮਈ : (ਹਰਪ੍ਰੀਤ ਕੌਰ ਟਿਵਾਣਾ) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ, ਸਿੱਖਿਆ ਦਾ ਪੱਧਰ ਹੋਰ ਉੱਚਾ ਚੁੱਕਣ ਲਈ ਵਚਨਬੱਧ ਹੈ ਅਤੇ ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਲਾਹੇਵੰਦ ਸਾਬਤ ਹੋ ਰਹੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਫ਼ਤਹਿਗੜ੍ਹ ਸਾਹਿਬ ਦੇ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਨੇ ਪਿੰਡ ਬਹਾਦਰਗੜ੍ਹ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਖੇ ਕਰੀਬ 11 ਲੱਖ ਰੁਪਏ ਦੀ ਲਾਗਤ ਨਾਲ ਕਰਵਾਏ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਮੌਕੇ ਕੀਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰ ਅੰਦੇਸ਼ੀ ਸੋਚ ਸਦਕਾ ਸਰਕਾਰੀ ਸਕੂਲਾਂ ਨੂੰ ਸਾਰੀਆਂ ਲੋੜੀਂਦੀਆਂ ਬੁਨਿਆਦੀ ਸਹੂਲਤਾਂ ਨਾਲ ਲੈਸ ਕੀਤਾ ਗਿਆ ਹੈ, ਜਿਨ੍ਹਾਂ ਵਿੱਚ ਸਾਫ਼ ਪੀਣ ਵਾਲਾ ਪਾਣੀ, ਹਾਈ ਸਪੀਡ ਵਾਈਫਾਈ ਕੁਨੈਕਸ਼ਨ, ਡੈਸਕ ਤੇ ਕੁਰਸੀਆਂ, ਚਾਰਦੀਵਾਰੀ ਤੇ ਹੋਰ ਵੱਖੋ ਵੱਖ ਸਹੂਲਤਾਂ ਸ਼ਾਮਲ ਹਨ। ਵਿਧਾਇਕ ਲਖਬੀਰ ਸਿੰਘ ਰਾਏ ਨੇ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਉਸਾਰੂ ਵਿਦਿਅਕ ਮਾਹੌਲ ਮਿਲਣ ਸਦਕਾ ਲਗਭਗ 200 ਵਿਦਿਆਰਥੀਆਂ ਨੇ ਜੇ.ਈ.ਈ. ਦਾ ਟੈਸਟ ਪਾਸ ਕਰਕੇ ਮਿਸਾਲ ਕਾਇਮ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਤਹਿਤ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਹਰ ਖੇਤਰ ਵਿੱਚ ਮੋਹਰੀ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ। ਵਿਧਾਇਕ ਰਾਏ ਨੇ ਪਿੰਡਾਂ ਦੇ ਲੋਕਾਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਨਸ਼ਿਆਂ ਦੇ ਖਾਤਮੇ ਲਈ ਸੂਬਾ ਸਰਕਾਰ ਵੱਲੋਂ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਵੱਧ ਤੋਂ ਵੱਧ ਸਹਿਯੋਗ ਦਿੱਤਾ ਜਾਵੇ ਤਾਂ ਜੋ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਦੀ ਗ੍ਰਿਫਤ ਵਿੱਚੋਂ ਬਾਹਰ ਕੱਢਿਆ ਜਾ ਸਕੇ। ਉਨ੍ਹਾਂ ਇਸ ਮੌਕੇ ਸਕੂਲ ਦੇ ਹੋਣਹਾਰ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਤ ਵੀ ਕੀਤਾ। ਇਸ ਮੌਕੇ ਉਪ ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) ਦੀਦਾਰ ਸਿੰਘ ਮਾਂਗਟ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਪ੍ਰਾਇਮਰੀ) ਕਮਲਜੀਤ ਕੌਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸਕੂਲਾਂ ਦੇ ਵਿਦਿਆਰਥੀ, ਮਾਪੇ ਤੇ ਅਧਿਆਪਕ ਹਾਜ਼ਰ ਸਨ।

# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਪੰਜਾਬ ਵਿੱਚ ਨਸ਼ਿਆਂ ਦੀ ਅਲਾਮਤ ਦੇ ਖਿਲਾਫ ਫੈਸਲਾਕੁੰਨ ਲੜਾਈ ਸਾਬਿਤ ਹੋਵੇਗੀ : ਮੁੰਡੀਆਂ

ਲੁਧਿਆਣਾ,3 ਮਈ (ਵਿਸ਼ਾਲ ਸ਼ਰਮਾ/ਰਵਿੰਦਰ ਸਿੰਘ ਨਿੱਝਰ/ਦਵਿੰਦਰ ਸਿੰਘ ਲੰਮੇ): ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਅਧੀਨ ਸ਼ਨੀਵਾਰ ਨੂੰ ਪੰਜਾਬ ਦੇ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਜ਼ਿਲ੍ਹਾ ਲੁਧਿਆਣਾ ਦੀਆਂ ਪਿੰਡ ਅਤੇ ਵਾਰਡ ਰੱਖਿਆ ਕਮੇਟੀਆਂ ਦੇ ਕਿੰਗਸਵਿਲਾ ਰਿਜ਼ੋਰਟ (ਲੁਧਿਆਣਾ) ਵਿਖੇ ਜ਼ਿਲ੍ਹਾ ਪੱਧਰੀ ਮੀਟਿੰਗ, ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੀ ਜਵਾਨੀ ਦਾ ਘਾਣ ਕਰਨ ਵਾਲੇ ਨਸ਼ਾ ਤਸਕਰਾਂ ਲਈ ਪੰਜਾਬ ਵਿੱਚ ਕੋਈ ਥਾਂ ਨਹੀਂ ਹੈ। ਪੰਜਾਬ ਦੇ ਕੈਬਨਿਟ ਮੰਤਰੀ ਮੁੰਡੀਆਂ ਵੱਲੋਂ ਐਲਾਨ ਕੀਤਾ ਗਿਆ ਕਿ ਪੰਜਾਬ ਸਰਕਾਰ ਉਦੋਂ ਤੱਕ ਚੈਨ ਨਾਲ ਨਹੀਂ ਬੈਠੇਗੀ ਜਦੋਂ ਤੱਕ ਸੂਬੇ ਵਿੱਚੋਂ ਨਸ਼ੇ ਦਾ ਮੁਕੰਮਲ ਖਾਤਮਾ ਨਹੀਂ ਕੀਤਾ ਜਾਂਦਾ ਅਤੇ ਨਸ਼ਾ ਤਸਕਰਾਂ 'ਤੇ ਪੂਰੀ ਤਰ੍ਹਾਂ ਨਕੇਲ ਨਹੀਂ ਕੱਸੀ ਜਾਂਦੀ। ਇਸ ਮੌਕੇ ਵਿਧਾਨ ਸਭਾ ਹਲਕਾ ਲੁਧਿਆਣਾ ਕੇਂਦਰੀ ਤੋਂ ਵਿਧਾਇਕ ਸ੍ਰੀ ਅਸ਼ੋਕ ਪਰਾਸ਼ਰ ਪੱਪੀ, ਵਿਧਾਨ ਸਭਾ ਹਲਕਾ ਲੁਧਿਆਣਾ ਦੱਖਣੀ ਤੋਂ ਵਿਧਾਇਕ ਸ੍ਰੀਮਤੀ ਰਜਿੰਦਰ ਪਾਲ ਕੌਰ ਛੀਨਾ, ਹਲਕਾ ਲੁਧਿਆਣਾ ਉੱਤਰੀ ਤੋਂ ਵਿਧਾਇਕ ਸ੍ਰੀ ਮਦਨ ਲਾਲ ਬੱਗਾ, ਵਿਧਾਨ ਸਭਾ ਹਲਕਾ ਆਤਮ ਨਗਰ ਤੋਂ ਵਿਧਾਇਕ ਕੁਲਵੰਤ ਸਿੰਘ ਸਿੱਧੂ, ਵਿਧਾਨ ਸਭਾ ਹਲਕਾ ਰਾਏਕੋਟ ਤੋਂ ਵਿਧਾਇਕ ਸ੍ਰੀ ਹਾਕਮ ਸਿੰਘ ਠੇਕੇਦਾਰ, ਜਗਰਾਉਂ ਦੇ ਵਿਧਾਇਕ ਸਰਬਜੀਤ ਕੌਰ ਮਾਣੂਕੇ, ਚੇਅਰਮੈਨ ਪੰਜਾਬ ਜੈਨਕੋ ਬੋਰਡ ਨਵਜੋਤ ਸਿੰਘ ਜਰਗ ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਲੁਧਿਆਣਾ ਸ਼ਰਨਪਾਲ ਸਿੰਘ ਮੱਕੜ, 'ਆਪ' ਦੇ ਸੀਨੀਅਰ ਆਗੂ ਡਾ.ਕੇ.ਐਨ.ਐਸ. ਕੰਗ, ਜ਼ਿਲ੍ਹਾ ਪ੍ਰਧਾਨ ਦਿਹਾਤੀ ਐਡਵੋਕੇਟ ਗੁਰਦਰਸ਼ਨ ਸਿੰਘ ਕੂਹਲੀ, ਨਸ਼ਾ ਮੁਕਤੀ ਮੋਰਚਾ ਪੰਜਾਬ ਦੇ ਸੁਖਜੀਤ ਸਿੰਘ ਜ਼ੋਨਲ ਕੋਆਰਡੀਨੇਟਰ ਬਲਬੀਰ ਚੌਧਰੀ ਕੋਆਰਡੀਨੇਟਰ ਲੁਧਿਆਣਾ ਸ਼ਹਿਰੀ, ਹੇਮਰਾਜ ਸਾਹਨੇਵਾਲ ਕੋਆਰਡੀਨੇਟਰ ਪੇਂਡੂ-1 ਅਤੇ ਮਨਜੀਤ ਸਿੰਘ ਕੋਆਰਡੀਨੇਟਰ ਪੇਂਡੂ-2 ਤੋਂ ਇਲਾਵਾ ਵੱਡੀ ਗਿਣਤੀ ਵਿਚ ਪਿੰਡਾਂ ਦੇ ਪੰਚ, ਸਰਪੰਚ, ਡਿਫੈਂਸ ਕਮੇਟੀਆਂ ਸਮੇਤ ਪਹੁੰਚੀਆਂ ਸ਼ਖਸ਼ੀਅਤਾਂ ਹਾਜ਼ਰ ਸਨ। ਹਰਦੀਪ ਸਿੰਘ ਮੁੰਡੀਆਂ ਨੇ ਕਿਹਾ ਕਿ ਸੂਬਾ ਸਰਕਾਰ ਨੇ ਪਹਿਲਾਂ ਹੀ ਨਸ਼ਿਆਂ ਦੀ ਸਪਲਾਈ ਲਾਈਨ ਤੋੜ ਦਿੱਤੀ ਹੈ ਅਤੇ ਇਸ ਘਿਨਾਉਣੇ ਜੁਰਮ ਵਿੱਚ ਸ਼ਾਮਲ ਵੱਡੀਆਂ ਮੱਛੀਆਂ ਨੂੰ ਸਲਾਖਾਂ ਪਿੱਛੇ ਧੱਕਿਆ ਗਿਆ ਹੈ। ਉਨ੍ਹਾਂ ਕਿਹਾ ਕਿ ਨਸ਼ਾ ਤਸਕਰਾਂ ਵੱਲੋਂ ਗੈਰ-ਕਾਨੂੰਨੀ ਤਰੀਕਿਆਂ ਨਾਲ ਬਣਾਈ ਜਾਇਦਾਦ ਨੂੰ ਸੂਬਾ ਸਰਕਾਰ ਨੇ ਪਹਿਲੀ ਦਫ਼ਾ ਢਾਹਿਆ ਜਾਂ ਜ਼ਬਤ ਕੀਤਾ ਹੈ ਤਾਂ ਕਿ ਇਹ ਹੋਰਾਂ ਨੂੰ ਇਸ ਕੰਮ ਵਿੱਚ ਆਉਣ ਤੋਂ ਰੋਕੇ। ਕੈਬਨਿਟ ਮੰਤਰੀ ਨੇ ਦੱਸਿਆ ਕਿ ਰਾਜ ਵਿੱਚ ਨਸ਼ਿਆਂ ਦੇ ਜੜ੍ਹੋਂ ਖਾਤਮੇ ਲਈ ਪਿੰਡ ਅਤੇ ਵਾਰਡ ਦੇ ਪਹਿਰੇਦਾਰ ਦੇ ਰੂਪ ਵਿੱਚ ਵਿਲੱਖਣ ਸ਼ੁਰੂਆਤ ਕੀਤੀ ਗਈ ਹੈ, ਜੋ ਸਹੀ ਮਾਇਨਿਆਂ ਵਿੱਚ ਯੋਧਿਆਂ ਦੀ ਫੌਜ ਹੋਵੇਗੀ। ਪੰਜਾਬ ਵਿੱਚ ਨਸ਼ਿਆਂ ਦੀ ਅਲਾਮਤ ਦੇ ਖਿਲਾਫ ਇਹ ਫੈਸਲਾਕੁੰਨ ਜੰਗ ਸਾਬਿਤ ਹੋਵੇਗੀ। ਨਸ਼ਿਆਂ ਦੇ ਵਿਰੁੱਧ ਜਾਗਰੂਕਤਾ ਫੈਲਾਉਣ ਲਈ ਨਸ਼ਾ ਮੁਕਤੀ ਯਾਤਰਾ ਨੂੰ ਹਰੇਕ ਪਿੰਡ, ਵਾਰਡ ਤੱਕ ਲਿਜਾ ਕੇ ਲੋਕ ਲਹਿਰ ਬਣਾਇਆ ਜਾਵੇਗਾ, ਤਾਂ ਜੋ ਪੰਜਾਬ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਇਆ ਜਾ ਸਕੇ।




# ਪੈਰਾਗੌਨ ਇੰਟਰਨੈਸ਼ਨਲ ਸਕੂਲ ਵੱਲੋਂ ਜੋਸ਼ ਤੇ ਉਤਸ਼ਾਹ ਨਾਲ ਮਨਾਇਆ ਗਿਆ ਪੋਸ਼ਣ ਹਫਤਾ

ਅਹਿਮਦਗੜ੍ਹ, 3 ਮਈ (ਅਮਰਜੀਤ ਸਿੰਘ ਸੰਧੂ/ਨਿੱਕੂ ਵਰਮਾ): ਪੈਰਾਗੌਨ ਇੰਟਰਨੈਸ਼ਨਲ ਸਕੂਲ ਨੇ ਹਾਲ ਹੀ ਵਿੱਚ ਪੋਸ਼ਣ ਹਫ਼ਤਾ ਬਹੁਤ ਉਤਸ਼ਾਹ ਨਾਲ ਮਨਾਇਆ, ਜਿਸਦਾ ਉਦੇਸ਼ ਆਪਣੇ ਵਿਦਿਆਰਥੀਆਂ ਵਿੱਚ ਸੰਤੁਲਿਤ ਖੁਰਾਕ ਅਤੇ ਸਿਹਤਮੰਦ ਖਾਣ-ਪੀਣ ਦੀਆਂ ਆਦਤਾਂ ਦੀ ਮਹੱਤਤਾ ਬਾਰੇ ਜਾਗਰੂਕਤਾ ਨੂੰ ਉਤਸ਼ਾਹਿਤ ਕਰਨਾ ਸੀ। ਇਹ ਪ੍ਰੋਗਰਾਮ ਪੋਸ਼ਣ ਬਾਰੇ ਸਿੱਖਣ ਨੂੰ ਮਜ਼ੇਦਾਰ ਅਤੇ ਦਿਲਚਸਪ ਬਣਾਉਣ ਲਈ ਤਿਆਰ ਕੀਤਾ ਗਿਆ ਸੀ, ਜਿਸ ਵਿੱਚ ਕਈ ਤਰ੍ਹਾਂ ਦੀਆਂ ਗਤੀਵਿਧੀਆਂ ਸ਼ਾਮਲ ਸਨ ਜੋ ਵਿਦਿਆਰਥੀਆਂ ਦੀ ਸਿਰਜਣਾਤਮਕਤਾ ਅਤੇ ਸਿਹਤਮੰਦ ਭੋਜਨ ਵਿਕਲਪਾਂ ਦੀ ਸਮਝ ਨੂੰ ਪ੍ਰਦਰਸ਼ਿਤ ਕਰਦੀਆਂ ਸਨ। ਵਿਦਿਆਰਥੀਆਂ ਨੇ ਭਾਸ਼ਣਾਂ, ਪੇਸ਼ਕਾਰੀਆਂ ਅਤੇ ਭੋਜਨ ਫੋਟੋਗ੍ਰਾਫੀ ਵਿੱਚ



ਸਰਗਰਮੀ ਨਾਲ ਹਿੱਸਾ ਲਿਆ, ਆਪਣੇ ਮਨਪਸੰਦ ਪੌਸ਼ਟਿਕ ਸਨੈਕਸ ਅਤੇ ਭੋਜਨ ਨੂੰ ਉਜਾਗਰ ਕੀਤਾ। ਮਾਪਿਆਂ ਨੇ ਵੀ ਆਪਣੀਆਂ ਮਨਪਸੰਦ ਸਿਹਤਮੰਦ ਪਕਵਾਨਾਂ ਨੂੰ ਸਾਂਝਾ ਕਰਕੇ ਇਸ ਪ੍ਰੋਗਰਾਮ ਵਿੱਚ ਯੋਗਦਾਨ ਪਾਇਆ, ਜਿਸ ਨਾਲ ਇਹ ਚੰਗੀਆਂ ਪੋਸ਼ਣ ਆਦਤਾਂ ਨੂੰ ਉਤਸ਼ਾਹਿਤ ਕਰਨ ਲਈ ਇੱਕ ਸਹਿਯੋਗੀ ਯਤਨ ਬਣ ਗਿਆ। ਸਕੂਲ ਦਾ ਵਿਹੜਾ ਵਿਦਿਆਰਥੀਆਂ ਦੁਆਰਾ ਲਿਆਂਦੇ ਗਏ ਫਲ, ਸਲਾਦ, ਸਨੈਕਸ, ਜੂਸ, ਦੁੱਧ ਅਤੇ ਸਪਰਾਉਟ ਸਮੇਤ ਕਈ ਤਰ੍ਹਾਂ ਦੇ ਸਿਹਤਮੰਦ ਭੋਜਨਾਂ ਨਾਲ ਭਰਿਆ ਹੋਇਆ ਸੀ। ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਪੌਸ਼ਟਿਕ ਸਨੈਕਸ ਅਤੇ ਦੁਪਹਿਰ ਦਾ ਖਾਣਾ ਲਿਆਉਣ ਲਈ ਉਤਸ਼ਾਹਿਤ ਕੀਤਾ, ਵੱਖ-ਵੱਖ ਭੋਜਨ ਸਮੂਹਾਂ, ਵਿਟਾਮਿਨ, ਖਣਿਜਾਂ ਅਤੇ ਸੰਤੁਲਿਤ ਖੁਰਾਕ ਦੀ ਮਹੱਤਤਾ ਬਾਰੇ ਇੱਕ ਵਿਹਾਰਕ ਸਿੱਖਣ ਦੇ ਅਨੁਭਵ ਨੂੰਉਤਸ਼ਾਹਿਤ ਕੀਤਾ। ਪ੍ਰਿੰਸੀਪਲ ਸ਼੍ਰੀਮਤੀ ਮਨਜੀਤ ਕੌਰ ਸਿੱਧੂ ਨੇ ਵਿਦਿਆਰਥੀਆਂ ਨੂੰ ਇੱਕ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਲਈ ਪ੍ਰੇਰਿਤ ਕੀਤਾ, ਇਸ ਗੱਲ 'ਤੇ ਜ਼ੋਰ ਦਿੱਤਾ ਕਿ ਅੱਜ ਦੀਆਂ ਚੰਗੀਆਂ ਖਾਣ-ਪੀਣ ਦੀਆਂ ਆਦਤਾਂ ਕੱਲ੍ਹ ਨੂੰ ਇੱਕ ਸਿਹਤਮੰਦ ਭਵਿੱਖ ਵੱਲ ਲੈ ਜਾਣਗੀਆਂ।

# 13 ਮਈ ਨੂੰ ਵਿਸ਼ਾਲ ਫਤਹਿ ਮਾਰਚ ਰਕਬਾ ਭਵਨ ਤੋਂ ਸਰਹਿੰਦ ਵਿਖੇ ਪਹੁੰਚੇਗਾ : ਬਾਵਾ, ਲਾਪਰਾਂ, ਸ਼ੰਕਰ



ਡੇਹਲੋਂ, 3 ਮਈ (ਅਮਰਜੀਤ ਸਿੰਘ ਸੰਧੂ/ਰਣਬੀਰ ਸਿੰਘ ਮਹਿਮੀ): ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਦੀ ਇਕ ਪ੍ਰਭਾਵਸ਼ਾਲੀ ਮੀਟਿੰਗ ਫਾਊਂਡੇਸ਼ਨ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ, ਸਰਪ੍ਰਸਤ ਗੁਰਦੇਵ ਸਿੰਘ ਲਾਪਰਾਂ ਅਤੇ ਜਨਰਲ ਸਕੱਤਰ ਅੰਮ੍ਰਿਤਪਾਲ ਸਿੰਘ ਸ਼ੰਕਰ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਲੰਬੜਦਾਰ ਬਲਦੇਵ ਸਿੰਘ ਲਾਪਰਾਂ ਨੂੰ ਫਾਊਂਡੇਸ਼ਨ ਦਾ ਸਰਪ੍ਰਸਤ ਨਿਯੁਕਤ ਕੀਤਾ ਗਿਆ। ਇਸ ਮੌਕੇ ਬਾਵਾ, ਲਾਪਰਾਂ ਤੇ ਅੰਮ੍ਰਿਤਪਾਲ ਸ਼ੰਕਰ ਨੇ ਇੱਕ ਸਾਂਝੇ ਬਿਆਨ ਵਿੱਚ ਕਿਹਾ ਕਿ ਮਹਾਨ ਯੋਧੇ ਜਰਨੈਲ ਭਗਤੀ ਅਤੇ ਸ਼ਕਤੀ ਦਾ ਸੁਮੇਲ, ਕਿਸਾਨੀ ਦੇ ਮੁਕਤੀ ਦਾਤਾ ਸ਼$ਰੋਮਣੀ ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਕੇ ਮੁਗਲਾਂ ਦੇ 700 ਸਾਲ ਦੇ ਰਾਜ ਦਾ ਖਾਤਮਾ 2 ਸਾਲ ਤੋਂ ਘੱਟ ਸਮੇਂ ਦੇ ਅੰਦਰ, ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਮਿਲਾਪ ( ਗੋਦਾਵਰੀ ਨਦੀ ਦੇ ਕੰਢੇ ਸ੍ਰੀ ਹਜ਼ੂਰ ਸਾਹਿਬ ) ਜੋ 3 ਸਤੰਬਰ 1708 ਨੂੰ ਹੋਇਆ ਅਤੇ 12 ਮਈ 1710 ਨੂੰ ਚੱਪੜਚਿੜੀ ਦੇ ਮੈਦਾਨ ਵਿੱਚ ਜਿੱਤ ਪ੍ਰਾਪਤ ਕੀਤੀ ਅਤੇ 14 ਮਈ ਨੂੰ ਸਰਹਿੰਦ 'ਤੇ ਫਤਿਹ ਦਾ ਝੰਡਾ ਲਹਿਰਾਇਆ। ਉਨ੍ਹਾਂ ਕਿਹਾ ਕਿ ਇਸ ਫਤਹਿ ਦਿਵਸ ਦੇ ਇਤਿਹਾਸਕ ਦਿਹਾੜਾ ਤੇ 13 ਮਈ ਨੂੰ ਬਾਬਾ ਬੰਦਾ ਸਿੰਘ ਬਹਾਦਰ ਭਵਨ ਰਕਬਾ ਤੋਂ ਵਿਸ਼ਾਲ ਮਾਰਚ ਦੇ ਰੂਪ ਵਿੱਚ ਆਰੰਭ ਹੋਵੇਗਾ ਜੋ ਵੱਖ ਵੱਖ ਸ਼ਹਿਰਾਂ ਵਿੱਚ ਦੀ ਹੁੰਦਾ ਹੋਇਆ ਚੱਪੜਚਿੜੀ ਵਿਖੇ 1 ਵਜੇ ਬਾਅਦ ਦੁਪਹਿਰ ਪਹੁੰਚੇਗਾ ਅਤੇ 5 ਵਜੇ ਸਰਹਿੰਦ ਵਿਖੇ ਝੰਡਾ ਲਹਿਰਾਉਣ ਉਪਰੰਤ ਸਮਾਪਤ ਹੋਵੇਗਾ। ਇਸ ਸਮੇਂ ਰਾਜਵੀਰ ਸਿੰਘ ਚੁਪੱਕੀ, ਗੁਰਮੀਤ ਸਿੰਘ ਸਰੀਂਹ, ਜਸਵੀਰ ਸਿੰਘ ਸ਼ੰਕਰ, ਜੀਵਨ ਸਿੰਘ ਭੁੱਟਾ, ਸਿਕੰਦਰ ਸਿੰਘ ਭੁੱਟਾ, ਹਰਜੀਤ ਸਿੰਘ ਲਾਪਰਾਂ , ਬਲਦੇਵ ਸਿੰਘ, ਸਿਕੰਦਰ ਸਿੰਘ, ਅਵਤਾਰ ਸਿੰਘ, ਮਲਕੀਤ ਸਿੰਘ, ਲਵਪ੍ਰੀਤ ਸਿੰਘ ਆਦਿ ਹਾਜ਼ਰ ਸਨ।

# ਬ੍ਰਾਹਮਣ ਸਮਾਜ ਨੂੰ ਮਜ਼ਬੂਤ ਕਰਨ ਦਾ ਸੰਕਲਪ ਲਿਆ ਜਾਵੇ : ਸੰਜੇ ਸ਼ਰਮਾ

ਗਿੱਲ ਆਲਮਗੀਰ, 3 ਮਈ (ਅਮਰਜੀਤ ਸਿੰਘ ਸੰਧੂ/ਕੁਲਵੰਤ ਸਿੰਘ): ਅਖਿਲ ਭਾਰਤੀ ਬ੍ਰਾਹਮਣ ਸਮਾਜ ਮਹਾਂਪੰਚਾਇਤ ਦੀ ਇੱਕ ਅਹਿਮ ਮੀਟਿੰਗ ਰਾਸ਼ਟਰੀ ਕਨਵੀਨਰ ਸ਼੍ਰੀ ਅਮਿਤ ਭਾਰਗਵ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਜਥੇਬੰਦੀ ਨੂੰ ਮਜ਼ਬੂਤ ਤੇ ਸਰਗਰਮ ਬਣਾਉਣ ਲਈ ਕਈ ਅਹਿਮ ਫੈਸਲੇ ਲਏ ਗਏ। ਇਸ ਮੌਕੇ ਸਬਕੀ ਕਾਰ ਸੰਮਤੀ ਤੋਂ ਵਿਸ਼ਾਲ ਸ਼ਰਮਾ ਨੂੰ ਪੰਜਾਬ ਸੂਬਾ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ, ਜਦਕਿ ਸੰਜੇ ਸ਼ਰਮਾ ਨੂੰ ਪੰਜਾਬ ਸੂਬਾ ਮੀਤ ਪ੍ਰਧਾਨ ਦੀ ਜ਼ਿੰਮੇਵਾਰੀ ਸੌਂਪੀ ਗਈ। ਹਾਜ਼ਰ ਮੈਂਬਰਾਂ ਨੇ ਦੋਵਾਂ ਦੀ ਨਿਯੁਕਤੀ ਦਾ ਤਾੜੀਆਂ ਦੀ ਗੜਗੜਾਹਟ ਨਾਲ ਸਵਾਗਤ ਕੀਤਾ ਅਤੇ ਸੰਗਠਨ ਨੂੰ ਮਜ਼ਬੂਤ ਕਰਨ ਲਈ ਪ੍ਰੇਰਿਤ ਕੀਤਾ। ਉਪ ਪ੍ਰਧਾਨ ਪੰਜਾਬ ਸੰਜੇ ਸ਼ਰਮਾ ਨੇ ਕਿਹਾ, ਇਹ ਸਮਾਂ ਹੈ ਜਦੋਂ ਬ੍ਰਾਹਮਣ ਸਮਾਜ ਨੂੰ ਮਜ਼ਬੂਤੀ ਨਾਲ ਅੱਗੇ ਆਉਣਾ ਚਾਹੀਦਾ ਹੈ ਅਤੇ ਆਪਣੀਆਂ ਸੱਭਿਆਚਾਰਕ, ਸਮਾਜਿਕ ਅਤੇ ਵਿੱਦਿਅਕ ਮੰਗਾਂ ਨੂੰ ਅੱਗੇ ਲਿਆਉਣਾ ਚਾਹੀਦਾ ਹੈ। ਮਹਾਂਪੰਚਾਇਤ ਵਿੱਚ ਇਹ ਵੀ ਫੈਸਲਾ ਕੀਤਾ ਗਿਆ ਕਿ ਅਜਿਹੇ ਸਮਰਪਿਤ ਵਰਕਰ ਹਨ ਜੋ ਸਮਾਜ ਦੀ ਭਲਾਈ ਲਈ ਨਿਰਸਵਾਰਥ ਕੰਮ ਕਰ ਰਹੇ ਹਨ।

# ਪ੍ਰੈੱਸ ਸੰਘਰਸ਼ ਜਰਨਲਿਸਟਸ ਐਸੋਸੀਏਸ਼ਨ ਇਕਾਈ ਤਰਨ ਤਾਰਨ ਦੀ ਹੋਈ ਸਲਾਨਾ ਮੀਟਿੰਗ

ਤਰਨ ਤਾਰਨ, 3 ਮਈ ( ਪੁਸ਼ਪਿੰਦਰ ਬੰਟੀ ਗੁਰਵਿੰਦਰ ਸਿੰਘ ) : ਪ੍ਰੈੱਸ ਸੰਘਰਸ਼ ਜਰਨਲਿਸਟਸ ਐਸੋਸੀਏਸ਼ਨ ਇਕਾਈ ਤਰਨਤਾਰਨ ਦੀ ਸਲਾਨਾ ਮੀਟਿੰਗ ਯੂਨੀਅਨ ਦੇ ਸਰਪ੍ਰਸਤ ਤਰਸੇਮ ਸਿੰਘ ਭੁਪਾਲ, ਪ੍ਰਧਾਨ ਪੁਸ਼ਪਿੰਦਰ ਸਿੰਘ ਬੰਟੀ ਅਤੇ ਸ਼ਹਿਰੀ ਪ੍ਰਧਾਨ ਗੁਰਵਿੰਦਰ ਸਿੰਘ ਬੰਟੀ ਦੀ ਪ੍ਰਧਾਨਗੀ ਹੇਠ ਸਤਿਕਾਰ ਪੈਲੇਸ ਤਰਨਤਾਰਨ ਵਿਖੇ ਹੋਈ। ਮੀਟਿੰਗ ਵਿਚ ਜਿਲ੍ਹੇ ਭਰ ਦੇ ਪੱਤਰਕਾਰ ਭਾਈਚਾਰੇ ਨੇ ਹਿੱਸਾ ਲਿਆ ਅਤੇ ਪੱਤਰਕਾਰ ਭਾਈਚਾਰੇ ਨੂੰ ਆ ਰਹੀਆਂ ਮੁਸ਼ਕਿਲਾਂ ਸਬੰਧੀ ਗੱਲਬਾਤ ਕੀਤੀ। ਇਸ ਮੌਕੇ ਯੂਨੀਅਨ ਦੇ ਰਾਸ਼ਟਰੀ ਪ੍ਰਧਾਨ ਸੰਜੀਵ ਪੁੰਜ ਨੇ ਆਪਣੀ ਟੀਮ ਨਾਲ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਯੂਨੀਅਨ ਦਾ ਕੈਲੰਡਰ ਰਿਲੀਜ਼ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਰਾਸ਼ਟਰੀ ਪ੍ਰਧਾਨ ਸੰਜੀਵ ਪੁੰਜ ਨੇ ਕਿਹਾ ਪੱਤਰਕਾਰ ਭਾਈਚਾਰੇ ਨੂੰ ਆ ਰਹੀਆਂ ਮੁਸ਼ਕਿਲਾਂ ਅਤੇ ਉਨ੍ਹਾਂ ਦੇ ਹੱਕਾਂ ਪ੍ਰਤੀ ਪ੍ਰੈਸ ਸੰਘਰਸ਼ ਜਰਨਲਿਸਟਸ ਯੂਨੀਅਨ ਪੂਰੀ ਤਰ੍ਹਾਂ ਸੁਹਿਰਦ ਹੈ ਅਤੇ ਕਿਸੇ ਵੀ ਪੱਤਰਕਾਰ ਨਾਲ ਪ੍ਰਸ਼ਾਸਨ ਜਾਂ



ਕਿਸੇ ਸਿਆਸੀ ਆਗੂ ਵੱਲੋਂ ਕੋਈ ਵਧੀਕੀ ਕੀਤੀ ਜਾਂਦੀ ਹੈ ਤਾਂ ਯੂਨੀਅਨ ਕਿਸੇ ਵੀ ਤਰ੍ਹਾਂ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਕਿਹਾ ਕਿ ਕਈ ਵਾਰ ਜਦੋਂ ਪੱਤਰਕਾਰ ਪਾਸ ਪੀਲਾ ਕਾਰਡ ਨਹੀਂ ਹੁੰਦਾ ਤਾਂ ਉਸਨੂੰ ਜਾਅਲੀ ਪੱਤਰਕਾਰ ਕਹਿਕੇ ਉਸਦਾ ਮਨੋਬਲ ਤੋੜਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਪਰ ਪੀਲਾ ਕਾਰਡ ਕਿਸੇ ਵੀ ਤਰ੍ਹਾਂ ਪੱਤਰਕਾਰ ਹੋਣ ਜਾਂ ਨਾ ਹੋਣ ਦਾ ਪ੍ਰਮਾਣ ਪੱਤਰ ਨਹੀਂ ਹੈ। ਕਿਉਂਕਿ ਪੱਤਰਕਾਰ ਦੀ ਪਹਿਚਾਣ ਅਦਾਰਾ ਤੈਅ ਕਰਦਾ ਹੈ ਅਤੇ ਉਸਨੂੰ ਕਿਸੇ ਵੀ ਤਰ੍ਹਾਂ ਸਰਕਾਰ ਦੇ ਕਿਸੇ ਵੀ ਮਾਪਦੰਡ ਵਿਚੋਂ ਨਿਕਲਣ ਦੀ ਲੋੜ ਨਹੀਂ ਹੁੰਦੀ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਪੱਤਰਕਾਰ ਨਾਲ ਅਜਿਹਾ ਹੁੰਦਾ ਹੈ ਤਾਂ ਉਹ ਯੂਨੀਅਨ ਨੂੰ ਜਾਣੂੰ ਕਰਵਾਏ ਤਾਂ ਕਿ ਯੂਨੀਅਨ ਅਜਿਹੇ ਮਾਮਲੇ 'ਤੇ ਬਣਦੀ ਕਾਰਵਾਈ ਕਰ ਸਕੇ। ਇਸ ਮੌਕੇ ਸਰਪ੍ਰਸਤ ਤਰਸੇਮ ਸਿੰਘ ਭੁਪਾਲ ਨੇ ਕਿਹਾ ਕਿ ਪੱਤਰਕਾਰ ਭਾਈਚਾਰਾ ਆਪਣੀ ਡਿਊਟੀ ਸਮਝਦੇ ਹੋਏ ਸਮਾਜਿਕ ਮੁੱਦਿਆਂ ਅਤੇ ਭ੍ਰਿਸ਼ਟਾਚਾਰ ਨੂੰ ਪ੍ਰਮੁੱਖਤਾ ਨਾਲ ਉਜਾਗਰ ਕਰਦੇ ਹਨ, ਜਦਕਿ ਪ੍ਰਸ਼ਾਸਨ ਵੱਲੋਂ ਭ੍ਰਿਸ਼ਟ ਮੁਲਾਜਮਾਂ ਖਿਲਾਫ ਕਾਰਵਾਈ ਕਰਨ ਦੀ ਬਜਾਏ ਤਫਤੀਸ਼ ਦੇ ਨਾਮ 'ਤੇ ਮਾਮਲਾ ਠੰਡੇ ਬਸਤੇ ਵਿਚ ਪਾ ਦਿੱਤਾ ਜਾਂਦਾ ਹੈ ਅਤੇ ਉਲਟਾ ਪੱਤਰਕਾਰਾਂ ਨੂੰ ਧਮਕੀਆਂ ਦਿੱਤੀਆਂ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਦੇ ਅਜਿਹੇ ਵਤੀਰੇ ਨੂੰ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਮੌਕੇ ਬੋਲਦਿਆਂ ਪ੍ਰਧਾਨ ਪੁਸ਼ਪਿੰਦਰ ਸਿੰਘ ਬੰਟੀ ਨੇ ਕਿਹਾ ਕਿ ਪੱਤਰਕਾਰ ਬਿਨ੍ਹਾਂ ਕਿਸੇ ਮਾਣਭੱਤੇ ਅਤੇ ਬਿਨ੍ਹਾਂ ਕਿਸੇ ਤਨਖਾਹ ਤੋਂ ਸਮਾਜ ਵਿਚ ਫੈਲੀਆਂ ਕੁਰੀਤੀਆਂ ਖਿਲਾਫ ਕੰਮ ਕਰਦੇ ਹਨ ਅਤੇ ਜੇਕਰ ਉਹ ਆਪਣੀ ਇਸ ਮਿਹਨਤ ਦਾ ਤਿਲ ਫੁਲ ਲੈ ਲੈਂਦੇ ਹਨ ਤਾਂ ਉਨ੍ਹਾਂ ਨੂੰ ਸਮਾਜ ਵਿਚ ਬਦਨਾਮ ਕੀਤਾ ਜਾਂਦਾ ਹੈ। ਜਿਸਦੇ ਉਲਟ ਪ੍ਰਸ਼ਾਸਨਿਕ ਅਧਿਕਾਰੀ ਸਰਕਾਰ ਪਾਸੋਂ ਮੋਟੀਆਂ ਤਨਖਾਹਾਂ ਲੈਣ ਦੇ ਬਾਵਜੂਦ ਵੀ ਆਪਣਾ ਕੰਮ ਸੁਚੱਜੇ ਢੰਗ ਨਾਲ ਨਹੀਂ ਕਰਦੇ। ਉਨ੍ਹਾਂ ਕਿਹਾ ਕਿ ਅੱਜ ਦੇ ਇਸ ਗੁੰਡਾ ਗਰਦੀ ਦੇ ਮਾਹੌਲ ਵਿਚ ਫੀਲਡ ਪੱਤਰਕਾਰ ਦਾ ਇਕੱਲੇ ਕੰਮ ਕਰਨਾ ਖਤਰੇ ਤੋਂ ਖਾਲੀ ਨਹੀਂ।

# ਆੜ੍ਹਤੀਏ ਦਾ ਗੋਲੀਆਂ ਮਾਰ ਕੇ ਕਤਲ

ਪੱਟੀ, 3 ਮਈ ( ਹਰਜਿੰਦਰ ਸੰਧੂ,ਹਰਪਾਲ ਸਿੰਘ ਪੂਹਲਾ) : ਵਿਧਾਨ ਸਭਾ ਹਲਕਾ ਪੱਟੀ ਦੇ ਪਿੰਡ ਦੁੱਬਲੀ ਵਿਚ ਅੱਜ ਦਿਨ ਚੜ੍ਹਦੇ ਸਾਰ ਹੀ ਜਸਵੰਤ ਸਿੰਘ ਬਿੱਟੂ ਨਾਂ ਦੇ ਵਿਅਕਤੀ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਮਿਲੀ ਜਾਣਕਾਰੀ ਅਨੁਸਾਰ ਉਕਤ ਵਿਅਕਤੀ ਆੜ੍ਹਤੀਆ ਜਸਵੰਤ ਸਿੰਘ ਜੋ ਪਿੰਡ ਵਿਚ ਹੀ ਖਾਦ ਦਵਾਈਆਂ ਦੀ ਦੁਕਾਨ ਕਰਦਾ ਹੈ, ਜਦ ਅੱਜ ਸਵੇਰੇ ਉਹ ਆਪਣੀ ਦੁਕਾਨ ਖੋਲ੍ਹ ਕੇ ਬੈਠਾ ਹੋਇਆ ਸੀ ਤਾਂ ਇੱਕ ਨੌਜਵਾਨ ਜੋ ਮੋਟਰਸਾਈਕਲ ਉੱਪਰ ਆਇਆ ਨੇ, ਉਸ ਉੱਪਰ ਗੋਲੀਆਂ ਚਲਾ ਦਿੱਤੀਆਂ ਗਈਆਂ, ਜਿਸ ਕਾਰਨ ਜਸਵੰਤ ਸਿੰਘ ਦੀ ਮੌਕੇ 'ਤੇ ਮੌਤ ਹੋ ਗਈ। ਪਿੰਡ ਵਾਸੀਆਂ ਨੇ ਦੱਸਿਆ ਕਿ ਕੁਝ ਲੋਕਾਂ ਵਲੋਂ ਇਸ ਕੋਲੋ ਫਿਰੌਤੀ ਦੀ ਮੰਗ ਕੀਤੀ ਜਾ ਰਹੀ ਸੀ। ਘਟਨਾ ਦੀ ਜਾਣਕਾਰੀ



ਮਿਲਦਿਆਂ ਹੀ ਥਾਣਾ ਸਦਰ ਪੱਟੀ ਦਾ ਐਸ ਐਚ ਓ ਗੁਰਚਰਨ ਸਿੰਘ ਪੁਲਿਸ ਪਾਰਟੀ ਸਮੇਤ ਮੌਕੇ 'ਤੇ ਪਹੁੰਚ ਗਏ, ਜਿਸ ਵਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਮੌਕੇ ਪਹੁੰਚੇ ਐਸ ਪੀ (ਡੀ) ਤਰਨ ਤਾਰਨ ਅਜੇਰਾਜ ਸਿੰਘ ਤੇ ਡੀ ਐਸ ਪੀ ਪੱਟੀ ਲਵਕੇਸ਼ ਕੁਮਾਰ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਪੁਲਿਸ ਵੱਲੋਂ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਖੰਗਾਲੀ ਜਾ ਰਹੀ ਹੈ ਅਤੇ ਜਲਦ ਹੀ ਕਾਤਲ ਨੂੰ ਕਾਬੂ ਕਰ ਲਿਆ ਜਾਵੇਗਾ।

# ਬੱਚਿਆਂ ਨੂੰ ਸਮਾਜ 'ਚ ਹੈਲਪਰਾਂ ਦੇ ਮਹੱਤਵ ਬਾਰੇ ਜਾਣੂੰ ਕਰਵਾਇਆ



ਬਰਨਾਲਾ, 3 ਮਈ (ਹਿਮਾਂਸ਼ੂ ਗਰਗ):ਐਸ ਬੀ ਐਸ ਪਬਲਿਕ ਸਕੂਲ ਸੁਰਜੀਤਪੁਰਾ ਵਿਖੇ ਅਧਿਆਪਕ ਹਰਮਨਪ੍ਰੀਤ ਕੌਰ ਵੱਲੋਂ ਪਹਿਲੀ ਕਲਾਸ ਦੇ ਬੱਚਿਆਂ ਨੂੰ ਹਰ ਇਨਸਾਨ ਦੀ ਜਿੰਦਗੀ ਵਿੱਚ ਸਮਾਜ ਦੇ ਹੈਲਪਰਾਂ ਦੇ ਮਹੱਤਵ ਬਾਰੇ ਜਾਣੂੰ ਕਰਵਾਉਣ ਦੇ ਮਕਸਦ ਨਾਲ ਨਾਟਕ ਕਰਵਾਇਆ ਗਿਆ, ਜਿਸ ਵਿੱਚ ਬੱਚਿਆਂ ਨੇ ਵੱਖ-ਵੱਖ ਮੱਦਦਗਾਰਾਂ ਦਾ ਰੋਲ ਨਿਭਾਇਆ। ਜਿਸ ਵਿੱਚ ਬੱਚਿਆਂ ਨੇ ਅਧਿਆਪਕ ਬਣਕੇ ਕਲਾਸ ਨੂੰ ਪੜ੍ਹਾਇਆ, ਜਿਸ ਨਾਲ ਬੱਚਿਆਂ ਨੂੰ ਗਿਆਨ ਪ੍ਰਾਪਤ ਹੁੰਦਾ ਹੈ। ਪੇਂਟਰ ਬਣ ਬੱਚਿਆਂ ਨੇ ਰੰਗ-ਰੋਗਣ ਕਰਕੇ ਵਿਖਾਇਆ, ਜਿਸ ਨਾਲ ਘਰ ਅਤੇ ਬਿਲਡਿੰਗਾਂ ਨੂੰ ਸੁੰਦਰ ਬਣਾਇਆ ਜਾਂਦਾ ਹੈ। ਬੱਚਿਆਂ ਨੇ ਦੋਧੀ ਦਾ ਰੋਲ ਅਦਾ ਕਰਦੇ ਹੋਏ ਘਰ-ਘਰ ਦੁੱਧ ਪਹੁੰਚਾਉਣ ਦੀ ਡਿਊਟੀ ਬਾਰੇ ਦੱਸਿਆ। ਡਾਕਟਰ ਬਣਕੇ ਮਰੀਜ਼ਾਂ ਦਾ ਇਲਾਜ ਕੀਤਾ। ਸ਼ਬਜੀ ਸਟੋਰ ਬਣਾਕੇ ਸ਼ਬਜੀ ਵੇਚੀ, ਜਿਸ ਨਾਲ ਅਸੀ ਘਰ ਤਾਜੀਆਂ ਸਬਜ਼ੀਆਂ ਬਣਾਕੇ ਖਾਂਦੇ ਹਾਂ। ਬੱਚੇ ਨੇ ਸਾਈਕਲ ਉੱਪਰ ਅਖਬਾਰ ਵੰਡੀਆਂ, ਤਾਂ ਜੋ ਅਸੀ ਰੋਜ਼ਾਨਾ ਦੀਆਂ ਖਬਰਾਂ ਪੜ੍ਹ ਸਕੀਏ। ਬੱਚਿਆਂ ਨੇ ਆਪਣੇ ਨਾਟਕ ਰਾਹੀਂ ਹੈਲਪਰਾਂ ਦੇ ਕੰਮ ਅਤੇ ਉਨ੍ਹਾਂ ਦਾ ਸਾਡੇ ਜੀਵਨ ਵਿੱਚ ਮਹੱਤਵ ਬਾਰੇ ਖਾਸ ਸੁਨੇਹਾ ਦਿੱਤਾ। ਅਧਿਆਪਕ ਨੇ ਬੱਚਿਆਂ ਦੀ ਸਕੂਲ ਸਮੇਂ ਦੌਰਾਨ ਮੱਦਦ ਕਰਨ ਵਾਲੇ ਹੈਲਪਰਾਂ ਨਾਲ ਮੁਲਾਕਾਤ ਕਰਵਾਈ ਅਤੇ ਬੱਚਿਆਂ ਨੇ ਉਨ੍ਹਾਂ ਨਾਲ ਵਿਚਾਰ ਵਟਾਂਦਰਾ ਕੀਤਾ। ਇਨ੍ਹਾਂ ਤੋਂ ਇਲਾਵਾ ਹੋਰ ਹੈਲਪਰ ਜਿਵੇਂ ਪਲੰਬਰ, ਇਲੈਕਟ੍ਰੀਸ਼ੀਅਨ, ਡਰਾਈਵਰ, ਟੇਲਰ, ਹਲਵਾਈ ਆਦਿ ਇਨ੍ਹਾਂ ਦੀਆਂ ਸੇਵਾਵਾਂ ਬਾਰੇ ਵੀ ਜਾਣੂੰ ਕਰਵਾਇਆ। ਉਨ੍ਹਾਂ ਦੱਸਿਆਂ ਕਿ ਹੈਲਪਰਾਂ ਤੋ ਬਿਨ੍ਹਾਂ ਸਾਡਾ ਜੀਵਨ ਅਧੂਰਾ ਹੈ, ਇਸ ਲਈ ਸਾਨੂੰ ਇਨ੍ਹਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਬੱਚਿਆਂ ਨੇ ਬੜੇ ਉਤਸ਼ਾਹ ਨਾਲ ਗਤੀਵਿਧੀ ਨੂੰ ਪੂਰਾ ਕੀਤਾ ਅਤੇ ਹੈਲਪਰਾਂ ਦਾ ਸਤਿਕਾਰ ਅਤੇ ਮੱਦਦ ਕਰਨ ਦਾ ਪ੍ਰਣ ਕੀਤਾ।

# ਜੈ ਵਾਟਿਕਾ ਸਕੂਲ 'ਚ ਵਿਦਿਆਰਥੀ ਪ੍ਰੀਸ਼ਦ ਦਾ ਸਹੁੰ ਚੁੱਕ ਸਮਾਗਮ



ਬਰਨਾਲਾ, 3 ਮਈ (ਤੁਸ਼ਾਰ ਗੋਇਲ):ਵਿਦਿਆਰਥੀ ਪ੍ਰੀਸ਼ਦ ਚੋਣਾਂ ਤੋਂ ਬਾਅਦ, ਜੈ ਵਾਟਿਕਾ ਪਬਲਿਕ ਸਕੂਲ ਵਿੱਚ ਸਹੁੰ ਚੁੱਕ ਸਮਾਗਮ ਬਹੁਤ ਉਤਸ਼ਾਹ ਨਾਲ ਆਯੋਜਿਤ ਕੀਤਾ ਗਿਆ। ਸਕੂਲ ਦੇ ਦੂਜੀ ਤੋਂ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਨੇ ਜੂਨੀਅਰ ਹਾਊਸ ਕੈਪਟਨ ਅਤੇ ਵਾਈਸ ਕੈਪਟਨ ਦੀ ਚੋਣ ਕੀਤੀ, ਜਦੋਂ ਕਿ ਛੇਵੀਂ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੇ ਵੋਟਿੰਗ ਰਾਹੀਂ ਸੀਨੀਅਰ ਹਾਊਸ ਕੈਪਟਨ ਅਤੇ ਵਾਈਸ ਕੈਪਟਨ ਅਤੇ ਮੁੱਖ ਕੌਂਸਲ ਮੈਂਬਰਾਂ ਦੀ ਚੋਣ ਕੀਤੀ। ਮੁੱਖ ਕੌਂਸਲ ਮੈਂਬਰਾਂ ਵਿੱਚੋਂ, ਸਕੂਲ ਹੈਡ ਬੁਆਏ, ਸਕੂਲ ਹੈਡ ਗਰਲ, ਡਿਪਟੀ ਹੈਡ ਬੁਆਏ ਅਤੇ ਡਿਪਟੀ ਹੈਡ ਸਕੂਲ ਗਰਲ, ਸਪੋਰਟਸ ਕੈਪਟਨ, ਡਿਸਿਪਲਾਈਨ ਕੈਪਟਨ ਅਤੇ ਕਲਚਰ ਕੈਪਟਨ ਚੁਣੇ ਗਏ। ਇਸ ਵਿਸ਼ੇਸ਼ ਮੌਕੇ 'ਤੇ ਸਕੂਲ ਡਾਇਰੈਕਟਰ ਸ਼੍ਰੀਮਤੀ ਵਨੀਸ਼ਾ ਬਾਂਸਲ ਮੁੱਖ ਮਹਿਮਾਨ ਵਜੋਂ ਮੌਜੂਦ ਸਨ। ਮੁੱਖ ਮਹਿਮਾਨਾਂ ਦਾ ਸਵਾਗਤ ਸਕੂਲ ਬੈਂਡ ਦੁਆਰਾ ਕੀਤਾ ਗਿਆ। ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਨੇ ਗੀਤ ਅਤੇ ਨਾਚ ਰਾਹੀਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ। ਨਵੇਂ ਚੁਣੇ ਗਏ ਕੌਂਸਲ ਮੈਂਬਰਾਂ ਨੇ ਸਕੂਲ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਦੀ ਸਹੁੰ ਚੁੱਕੀ। ਸਹੁੰ ਚੁੱਕ ਸਮਾਗਮ ਤੋਂ ਬਾਅਦ, ਸ਼੍ਰੀਮਤੀ ਵਨੀਸ਼ਾ ਬਾਂਸਲ ਨੇ ਆਪਣੇ ਪ੍ਰੇਰਨਾਦਾਇਕ ਭਾਸ਼ਣ ਵਿੱਚ ਵਿਦਿਆਰਥੀਆਂ ਨੂੰ ਲੀਡਰਸ਼ਿਪ ਅਤੇ ਇਮਾਨਦਾਰੀ ਨਾਲ ਕੰਮ ਕਰਨ ਦੀ ਮਹੱਤਤਾ ਬਾਰੇ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ,ਲੀਡਰਸ਼ਿਪ ਸਿਰਫ਼ ਇੱਕ ਅਹੁਦਾ ਨਹੀਂ ਹੈ, ਸਗੋਂ ਜ਼ਿੰਮੇਵਾਰੀ ਦੀ ਭਾਵਨਾ ਹੈ। ਵਿਦਿਆਰਥੀ ਪ੍ਰੀਸ਼ਦ ਦਾ ਹਿੱਸਾ ਬਣਨਾ ਇੱਕ ਸਨਮਾਨ ਦੀ ਗੱਲ ਹੈ ਜਿਸ ਰਾਹੀਂ ਤੁਸੀਂ ਸਕੂਲ ਵਿੱਚ ਸਕਾਰਾਤਮਕ ਬਦਲਾਅ ਲਿਆ ਸਕਦੇ ਹੋ। ਸਮਾਰੋਹ ਦੇ ਅੰਤ ਵਿੱਚ, ਸਕੂਲ ਦੀ ਪ੍ਰਿੰਸੀਪਲ ਡਾ. ਪਰਵਿੰਦਰ ਕੌਰ ਨੇ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਕਿਹਾ, ਕਿ ਇਹ ਦਿਨ ਸਾਡੇ ਸਕੂਲ ਦੇ ਲੋਕਤੰਤਰੀ ਮੁੱਲਾਂ ਦੀ ਪੁਸ਼ਟੀ ਕਰਦਾ ਹੈ। ਮੈਂ ਨਵੀਂ ਚੁਣੀ ਗਈ ਕੌਂਸਲ ਨੂੰ ਵਧਾਈ ਦਿੰਦੀ ਹਾਂ ਅਤੇ ਉਮੀਦ ਕਰਦੀ ਹਾਂ ਕਿ ਉਹ ਅਨੁਸ਼ਾਸਨ, ਸੇਵਾ ਅਤੇ ਅਗਵਾਈ ਦੀ ਭਾਵਨਾ ਨੂੰ ਅੱਗੇ ਵਧਾਉਣਗੇ।

# ਭਗਵੰਤ ਸਿੰਘ ਮਾਨ ਪਹਿਲੇ ਮੁੱਖ ਮੰਤਰੀ, ਜਿਨ੍ਹਾਂ ਨੇ ਨਸ਼ਾ ਤਸਕਰੀ ਰੋਕਣ ਅਤੇ ਪੰਜਾਬ ਦੇ ਪਾਣੀਆਂ ਨੂੰ ਬਚਾਉਣ ਲਈ ਠੋਸ ਕਦਮ ਚੁੱਕੇ : ਚੀਮਾ

ਸੰਗਰੂਰ, 3 ਮਈ:(ਹਰਕੰਵਲ ਸਿੰਘ ਹੈਪੀ) :ਪੰਜਾਬ ਦੇ ਕੈਬਨਿਟ ਮੰਤਰੀ ਅਤੇ 'ਯੁੱਧ ਨਸ਼ਿਆਂ ਵਿਰੁੱਧ' ਰਾਜ ਪੱਧਰੀ ਕਮੇਟੀ ਦੇ ਚੇਅਰਮੈਨ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਇੱਥੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਥਾਨਕ ਪੈਲੇਸ ਵਿੱਚ ਕਰਵਾਈ ਗਈ ਵਿਲੇਜ਼ ਡਿਫੈਂਸ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕੀਤੀ। ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਪਹਿਲੇ ਮੁੱਖ ਮੰਤਰੀ ਹਨ, ਜਿਨ੍ਹਾਂ ਨੇ ਨਸ਼ਾ ਤਸਕਰੀ ਰੋਕਣ ਅਤੇ ਪੰਜਾਬ ਦੇ ਪਾਣੀਆਂ ਨੂੰ ਬਚਾਉਣ ਲਈ ਠੋਸ ਕਦਮ ਚੁੱਕੇ ਹਨ। ਉਨ੍ਹਾਂ ਕਿਹਾ ਕਿ ਰਾਜ ਨਸ਼ਿਆਂ ਖਿਲਾਫ ਜੰਗ ਲੜ੍ਹ ਰਿਹਾ ਹੈ ਅਤੇ ਨਸ਼ਾ ਤਸਕਰਾਂ ਨੂੰ ਸਖਤ ਚੇਤਾਵਨੀ ਦਿੱਤੀ ਗਈ ਹੈ ਕਿ ਜੇਕਰ ਉਨ੍ਹਾਂ ਨੇ ਨਸ਼ਾ ਵੇਚਣਾ ਨਾ ਛੱਡਿਆ ਤਾਂ ਉਨ੍ਹਾਂ ਨੂੰ ਪੰਜਾਬ ਛੱਡਣਾ ਪਏਗਾ। ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਸਰਕਾਰ ਨਸ਼ੇ ਦੇ ਪੈਸੇ ਨਾਲ ਬਣੇ ਮਕਾਨਾਂ ਨੂੰ ਤੋੜਨ ਦੇ ਨਾਲ ਨਾਲ ਨਸ਼ਾ ਤਸਕਰਾਂ ਵਿਰੁੱਧ ਸਖਤ ਕਾਰਵਾਈ ਯਕੀਨੀ ਬਣਾ ਰਹੀ ਹੈ। ਉਨ੍ਹਾਂ ਦੱਸਿਆ ਕਿ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਹੇਠ ਜੇਕਰ ਇਕੱਲੇ ਜ਼ਿਲ੍ਹਾ ਸੰਗਰੂਰ ਦੀ ਹੀ ਗੱਲ ਕਰੀ ਜਾਵੇ ਤਾਂ ਹੁਣ ਤੱਕ ਐਨ ਡੀ ਪੀ ਐਸ ਤਹਿਤ 240 ਕੇਸ ਦਰਜ ਹੋਏ ਹਨ ਅਤੇ 332 ਗ੍ਰਿਫਤਾਰੀਆਂ ਹੋਈਆਂ ਹਨ, ਇਨ੍ਹਾਂ ਤੋਂ ਇਲਾਵਾ ਲਗਭਗ 9.20 ਲੱਖ ਰੁਪਏ ਦੀ ਨਕਦੀ ਵੀ ਬਰਾਮਦ ਹੋਈ ਹੈ। ਉਨ੍ਹਾਂ ਕਿਹਾ ਕਿ ਪੁਲਿਸ ਕਾਰਵਾਈ ਦੇ ਨਾਲ-ਨਾਲ ਸਰਕਾਰ ਨੇ ਪਿੰਡ ਪੱਧਰ 'ਤੇ ਵਿਲੇਜ ਡਿਫੈਂਸ ਕਮੇਟੀਆਂ (VDCs) ਅਤੇ ਸ਼ਹਿਰੀ ਪੱਧਰ 'ਤੇ ਵਾਰਡ ਡਿਫੈਂਸ




ਕਮੇਟੀਆਂ ਬਣਾਈਆਂ ਹਨ, ਜੋ ਨਸ਼ਿਆਂ ਦੇ ਖ਼ਿਲਾਫ ਲੜਾਈ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੀਆਂ। ਉਨ੍ਹਾਂ ਕਿਹਾ ਕਿ ਕਮੇਟੀਆਂ ਦੇ ਮੈਂਬਰ ਆਪਣੇ-ਆਪਣੇ ਖੇਤਰਾਂ ਵਿੱਚ ਸਖਤ ਨਿਗਰਾਨੀ ਰੱਖਣਗੇ ਅਤੇ ਕਿਸੇ ਵੀ ਨਸ਼ੇ ਨਾਲ ਜੁੜੀ ਜਾਣਕਾਰੀ ਤੁਰੰਤ ਪੁਲਿਸ ਜਾਂ ਪ੍ਰਸ਼ਾਸਕੀ ਅਧਿਕਾਰੀਆਂ ਨੂੰ ਦੇਣਗੇ। ਉਨ੍ਹਾਂ ਇਹ ਵੀ ਦੱਸਿਆ ਕਿ ਇਹ ਮੈਂਬਰ ਨਸ਼ਾ ਆਦੀ ਵਿਅਕਤੀਆਂ ਨੂੰ ਨਸ਼ਾ ਮੁਕਤੀ ਕੇਂਦਰਾਂ ਵਿੱਚ ਇਲਾਜ ਲਈ ਭੇਜਣ ਅਤੇ ਉਨ੍ਹਾਂ ਨੂੰ ਮੁੱਖ ਧਾਰਾ ਸਮਾਜ ਨਾਲ ਜੋੜਨ ਵਿੱਚ ਵੀ ਮਦਦ ਕਰਨਗੇ।ਇਸ ਦੌਰਾਨ, ਕੈਬਨਿਟ ਮੰਤਰੀ ਬਰਿੰਦਰ ਗੋਇਲ ਨੇ ਵੀ ਵੀ.ਡੀ.ਸੀ ਅਤੇ ਡਬਲਯੂ.ਡੀ.ਸੀ ਮੈਂਬਰਾਂ ਨੂੰ ਪੰਜਾਬ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਵਿੱਚ ਸਰਗਰਮੀ ਨਾਲ ਭਾਗ ਲੈਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਨਸ਼ਾ ਤਸਕਰੀ ਨੂੰ ਪੰਜਾਬ ਤੋਂ ਖਤਮ ਕਰਨ ਲਈ ਦਿਨ ਰਾਤ ਕੰਮ ਕਰ ਰਹੀ ਹੈ ਅਤੇ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ।

ਕੈਬਨਿਟ ਮੰਤਰੀ ਗੋਇਲ ਨੇ ਕਿਹਾ ਕਿ ਮਾਨ ਸਰਕਾਰ ਨਸ਼ਿਆਂ ਵਿਰੁੱਧ ਫੈਸਲਾਕੁੰਨ ਜੰਗ ਲੜ ਰਹੀ ਹੈ ਅਤੇ ਹੁਣ ਕੇਂਦਰ ਨੇ ਪੰਜਾਬ ਉੱਤੇ ਹੋਰ ਇੱਕ ਜੰਗ ਥੋਪ ਦਿੱਤੀ ਹੈ, ਜਿਸ ਰਾਹੀਂ ਪੰਜਾਬ ਦੇ ਪਾਣੀਆਂ ਦੀ ਲੁੱਟ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਬੀ.ਬੀ.ਐਮ.ਬੀ ਵੱਲੋਂ ਹਰਿਆਣਾ ਨੂੰ ਵਾਧੂ ਪਾਣੀ ਦੇਣ ਦਾ ਫੈਸਲਾ ਪੂਰੀ ਤਰ੍ਹਾਂ ਗੈਰਕਾਨੂੰਨੀ ਹੈ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੀਆਂ ਗਲਤ ਨੀਤੀਆਂ ਕਾਰਨ ਪੰਜਾਬ ਪਹਿਲਾਂ ਹੀ ਭੂ-ਜਲ ਪੱਧਰ ਦੇ ਮਾਮਲੇ ਵਿੱਚ ਦਬਾਅ ਹੇਠ ਹੈ ਇਸ ਮੌਕੇ ਤੇ ਚੇਅਰਮੈਨ ਗੁਰਮੈਲ ਸਿੰਘ ਘਰਾਚੋਂ, ਚੇਅਰਮੈਨ ਮਹਿੰਦਰ ਸਿੰਘ ਸਿੱਧੂ, ਚੇਅਰਮੈਨ ਅਸ਼ੋਕ ਕੁਮਾਰ ਸਿੰਗਲਾ, ਚੇਅਰਮੈਨ ਰਾਜਵੰਤ ਸਿੰਘ ਘੁੱਲੀ, ਜ਼ੋਨ ਕੋਆਰਡੀਨੇਟਰ ਜਗਦੀਪ ਜੱਗਾ, ਏ.ਡੀ.ਸੀ. (ਡੀ) ਸੁਖਚੈਨ ਸਿੰਘ ਪਾਪੜਾ, ਐਸ.ਪੀ. ਨਵਰੀਤ ਸਿੰਘ ਵਿਰਕ, ਐਸ.ਪੀ. ਦਿਲਪਰੀਤ ਸਿੰਘ, ਐਸ.ਡੀ.ਐਮ. ਚਰਨਜੋਤ ਸਿੰਘ ਵਾਲੀਆ, ਐਸ.ਡੀ.ਐਮ. ਰਿਸ਼ਵ ਗਰਗ, ਜਸਵੀਰ ਸਿੰਘ ਜੱਸੀ ਸੇਖੋਂ ਸਮੇਤ ਹੋਰ ਪ੍ਰਮੁੱਖ ਵਿਅਕਤੀ ਵੀ ਮੌਜੂਦ ਸਨ।

# ਯੁੱਧ ਨਸ਼ਿਆਂ ਵਿਰੁੱਧ ਤਹਿਤ ਹੰਡਿਆਇਆ 'ਚ ਢਾਹੇ 2 ਨਾਜਾਇਜ਼ ਢਾਂਚੇ



ਬਰਨਾਲਾ, 3 ਮਈ (ਬਘੇਲ ਸਿੰਘ ਧਾਲੀਵਾਲ/ਚਮਕੌਰ ਸਿੰਘ ਗੱਗੀ): ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸ਼ੁਰੂ ਕੀਤੀ ਨਸ਼ਾ ਵਿਰੋਧੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਹੇਠ ਨਗਰ ਪੰਚਾਇਤ ਹੰਡਿਆਇਆ ਨੇ ਬਰਨਾਲਾ ਪੁਲਿਸ ਦੇ ਸਹਿਯੋਗ ਨਾਲ ਕਿਲ੍ਹਾ ਪੱਤੀ ਵਿਖੇ ਨਾਜਾਇਜ਼ ਤੌਰ 'ਤੇ ਉਸਾਰੇ ਗਏ ਢਾਂਚੇ ਢਾਹੇ। ਇਸ ਸਬੰਧੀ ਕੀਤੀ ਕਾਰਵਾਈ ਦੀ ਅਗਵਾਈ ਸੀਨੀਅਰ ਪੁਲਿਸ ਕਪਤਾਨ (ਐਸਐਸਪੀਪੀ) ਬਰਨਾਲਾ ਮੁਹੰਮਦ ਸਰਫਰਾਜ਼ ਆਲਮ ਨੇ ਕੀਤੀ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਸਐਸਪੀ ਮੁਹੰਮਦ ਸਰਫਰਾਜ਼ ਆਲਮ ਨੇ ਦੱਸਿਆ ਕਿ ਬਰਨਾਲਾ ਪੁਲਿਸ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਸਖ਼ਤ ਐਕਸ਼ਨ ਲੈਂਦੇ ਹੋਏ ਜਿੱਥੇ ਢੁਕਵੀਂ ਕਰਵਾਈ ਕੀਤੀ ਜਾ ਰਹੀ ਹੈ, ਓਥੇ ਨਸ਼ਿਆਂ ਵਿਰੁੱਧ ਜਾਗਰੂਕਤਾ ਗਤੀਵਿਧੀਆਂ ਵੀ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਅੱਜ ਕਿਲ੍ਹਾ ਪੱਤੀ ਹੰਡਿਆਇਆ ਵਿੱਚ ਦੋ ਨਾਜਾਇਜ਼ ਢਾਂਚੇ ਢਾਹੇ ਗਏ ਹਨ। ਇਸ ਦੇ ਮਾਲਿਕ ਮਾੜੋ ਕੌਰ ਪਤਨੀ ਪਿਆਰਾ ਸਿੰਘ, ਮੱਖਣ ਸਿੰਘ ਪੁੱਤਰ ਪਿਆਰਾ ਸਿੰਘ, ਸੋਨੀਆ ਪਤਨੀ ਮੱਖਣ ਸਿੰਘ, ਬਲਦੇਵ ਸਿੰਘ ਪੁੱਤਰ ਪਿਆਰਾ ਸਿੰਘ, ਤਿੱਤਰ ਸਿੰਘ ਪੁੱਤਰ ਪਿਆਰਾ ਸਿੰਘ ਹਨ। ਉਹਨਾਂ ਦੱਸਿਆ ਕਿ ਇਹ ਸਾਰਾ ਪਰਿਵਾਰ ਨਸ਼ੇ ਦਾ ਕੰਮ ਕਰਦਾ ਸੀ ਅਤੇ ਇਹਨਾਂ ਵਿੱਚੋਂ ਦੋ ਔਰਤਾਂ ਮਾੜੋ ਕੌਰ ਅਤੇ ਸੋਨੀਆ ਹੁਣ ਜੇਲ 'ਚ ਹਨ ਅਤੇ ਬਾਕੀ ਸਾਰੇ ਫਰਾਰ ਹਨ। ਫਰਾਰ ਹੋਏ ਮੈਂਬਰਾਂ ਦੀ ਭਾਲ ਜਾਰੀ ਹੈ। ਪੂਰੇ ਪਰਿਵਾਰ 'ਤੇ ਐਨ.ਡੀ.ਪੀ.ਐਸ ਅਤੇ ਹੋਰ ਵੱਖ ਵੱਖ ਧਾਰਾਵਾਂ ਤਹਿਤ ਕਰੀਬ 11 ਪਰਚੇ ਦਰਜ ਹਨ। ਉਨ੍ਹਾਂ ਕਿਹਾ ਕਿ ਨਗਰ ਪੰਚਾਇਤ ਹੰਡਿਆਇਆ ਵੱਲੋਂ ਇਹ ਨਾਜਾਇਜ਼ ਢਾਂਚੇ ਹਟਾਉਣ ਲਈ ਪੁਲਿਸ ਮੱਦਦ ਮੰਗੀ ਗਈ ਸੀ ਅਤੇ ਮਾਣਯੋਗ ਸੁਪਰੀਮ ਕੋਰਟ ਦੀਆਂ ਹਦਾਇਤਾਂ ਅਨੁਸਾਰ ਇਹ ਢਾਂਚੇ ਢਾਹੇ ਗਏ ਹਨ। ਐਸਐਸਪੀ ਬਰਨਾਲਾ ਨੇ ਕਿਹਾ ਕਿ ਅਮਨ-ਕਾਨੂੰਨ ਦੀ ਸਥਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਪੁਲਿਸ ਮੁਲਾਜ਼ਮਾਂ ਦੀ ਮੌਜੂਦਗੀ ਯਕੀਨੀ ਬਣਾਉਂਦੇ ਹੋਏ ਇਹ ਕਾਰਵਾਈ ਕੀਤੀ ਗਈ। ਉਨ੍ਹਾਂ ਕਿਹਾ ਕਿ ਮੁਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਪੁਲਿਸ ਨਸ਼ਾ ਤਸਕਰਾਂ ਲਈ ਦੀਵਾਰ ਬਣ ਕੇ ਖੜੀ ਹੈ ਅਤੇ ਜੋ ਵਿਅਕਤੀ ਨਸ਼ਾ ਕਰਦੇ ਹਨ ਉਨ੍ਹਾਂ ਨੂੰ ਇਸ ਦਾ ਰੋਗੀ ਜਾਣ ਕੇ ਇਲਾਜ ਕਰਵਾਇਆ ਜਾ ਰਿਹਾ ਹੈ।

# ਬੀਮਾ ਕੰਪਨੀ ਨੂੰ ਕਲੇਮ ਦੀ ਰਕਮ 1,84,185 ਰੁਪਏ ਅਦਾ ਕਰਨ ਦੇ ਹੁਕਮ

ਬਰਨਾਲਾ, 3 ਮਈ (ਅਮਨਦੀਪ ਸਿੰਘ):ਮਾਨਯੋਗ ਉਪਭੋਗਤਾ ਕਮਿਸ਼ਨ ਬਰਨਾਲਾ ਦੇ ਪ੍ਰਧਾਨ ਅਸ਼ੀਸ਼ ਕੁਮਾਰ ਗਰੋਵਰ ਅਤੇ ਮੈਂਬਰ ਨਵਦੀਪ ਕੁਮਾਰ ਗਰਗ ਅਤੇ ਮੈਂਬਰ ਉਰਮਿਲਾ ਕੁਮਾਰੀ ਦੇ ਬੈਂਚ ਵੱਲੋਂ ਓਰੀਐਂਟਲ ਇੰਸ਼ੋਰੈਂਸ ਕੰਪਨੀ ਲਿਮਿਟਡ ਪਾਸੋਂ ਧੀਰਜ ਕੁਮਾਰ, ਐਡਵੋਕੇਟ, ਬਰਨਾਲਾ ਦੀਆਂ ਦਲੀਲਾਂ ਨਾਲ ਸਹਿਮਤ ਹੁੰਦਿਆਂ ਹੋਏ ਅਸ਼ਵਨੀ ਕੁਮਾਰ ਮਦਾਨ ਪੁੱਤਰ ਓਮ ਪ੍ਰਕਾਸ਼ ਵਾਸੀ ਅਹਾਤਾ ਨਰਾਇਣ ਸਿੰਘ ਬਰਨਾਲਾ ਨੂੰ 1,84,185/- ਰੁਪਏ ਬੀਮੇ ਦੀ ਰਕਮ ਸਮੇਤ ਵਿਆਜ ਅਤੇ ਹਰਜਾਨਾ ਅਦਾ ਕਰਨ ਦਾ ਹੁਕਮ ਸਾਦਰ ਫਰਮਾਇਆ ਗਿਆ। ਜ਼ਿਕਰਯੋਗ ਹੈ ਕਿ ਅਸ਼ਵਨੀ ਕੁਮਾਰ ਮਦਾਨ ਨੇ ਓਰੀਐਂਟਲ ਇੰਸ਼ੋਰੈਂਸ ਕੰਪਨੀ ਲਿਮਿਟਡ ਪਾਸੋਂ ਆਪਣਾ ਅਤੇ ਆਪਣੇ ਪਰਿਵਾਰ ਦਾ ਮੈਡੀਕਲ ਬੀਮਾ ਕਰਵਾਇਆ ਸੀ ਜੋ ਅਸ਼ਵਨੀ ਕੁਮਾਰ ਮਦਾਨ ਦੀ ਪਤਨੀ ਗੀਨਾ ਰਾਣੀ ਨੂੰ ਹਾਰਟ ਵਿੱਚ ਦਿੱਕਤ ਆ ਗਈ ਸੀ ਅਤੇ ਉਸਨੇ ਮਿਤੀ 03-05-2023 ਨੂੰ ਪੀ.ਜੀ.ਆਈ. ਚੰਡੀਗੜ੍ਹ ਵਿਖੇ ਦਾਖਲ ਹੋ ਕੇ ਆਪਣਾ ਇਲਾਜ ਕਰਵਾਇਆ ਸੀ ਅਤੇ ਮਿਤੀ 24-05-2023 ਨੂੰ ਉਸਨੂੰ ਹਸਪਤਾਲ 'ਚੋਂ ਛੁੱਟੀ ਮਿਲੀ ਸੀ ਜਿਸਦੇ ਇਲਾਜ ਦਾ ਖਰਚਾ 1,84,185ਰੁਪਏ ਬੀਮਾ ਕੰਪਨੀ ਵੱਲੋਂ ਦਸਤਾਵੇਜ਼ਾਤ ਦੀ ਕਮੀ ਦਾ ਬਹਾਨਾ ਲਗਾਕੇ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ। ਇਸ ਤੋਂ ਬਾਦ ਅਸ਼ਵਨੀ ਕੁਮਾਰ ਮਦਾਨ ਨੇ ਧੀਰਜ ਕੁਮਾਰ, ਐਡਵੋਕੇਟ, ਬਰਨਾਲਾ ਰਾਹੀਂ ਬੀਮਾ ਕੰਪਨੀ ਦੇ ਖਿਲਾਫ ਕੇਸ ਦਾਇਰ ਕੀਤਾ ਜੋ ਮਾਨਯੋਗ ਉਪਭੋਗਤਾ ਕਮਿਸ਼ਨ ਨੇ ਐਡਵੋਕੇਟ ਦੀਆਂ ਦਲੀਲਾਂ ਨਾਲ ਸਹਿਮਤ ਹੁੰਦਿਆਂ ਹੋਇਆ ਕਿ ਬੀਮਾ ਕੰਪਨੀ ਨੂੰ ਸਾਰੇ ਕੰਪਲੀਟ ਦਸਤਾਵੇਜ਼ ਸਮੇਤ ਬਿੱਲ ਭੇਜੇ ਗਏ ਸਨ ਪ੍ਰੰਤੂ ਬੀਮਾ ਕੰਪਨੀ ਨੇ ਦਸਤਾਵੇਜ਼ ਲੈਣ ਤੋਂ ਬਾਦ ਦੋਬਾਰਾ ਉਹਨਾਂ ਦਸਤਾਵੇਜ਼ਾਤ ਦੀ ਹੀ ਮੰਗ ਕਰਨੀ ਸ਼ੁਰੂ ਕਰ ਦਿੱਤੀ, ਓਰੀਐਂਟਲ ਇੰਸ਼ੋਰੈਂਸ ਕੰਪਨੀ ਲਿਮਿਟਡ ਨੂੰ ਉਕਤ ਰਕਮ 1,84,185/- ਰੁਪਏ ਸਮੇਤ ਵਿਆਜ ਅਤੇ ਹਰਜਾਨਾ ਅਦਾ ਕਰਨ ਦਾ ਹੁਕਮ ਸਾਦਰ ਫਰਮਾਇਆ ਗਿਆ।

# ਮਦਰਜ਼ ਡੇਅ ਕ੍ਰਾਫਟ ਗਤੀਵਿਧੀ ਕਰਵਾਈ

ਬਰਨਾਲਾ, 3 ਮਈ (ਅਮਨਦੀਪ ਸਿੰਘ):ਮਾਵਾਂ ਦੇ ਬਿਨ੍ਹਾਂ ਸ਼ਰਤ ਪਿਆਰ ਦਾ ਸਨਮਾਨ ਕਰਨ ਅਤੇ ਜਸ਼ਨ ਮਨਾਉਣ ਲਈ, ਮਦਰ ਟੀਚਰ ਸਕੂਲ ਨੇ ਮਦਰਜ਼ ਡੇ ਕਰਾਫਟ ਗਤੀਵਿਧੀ ਦਾ ਆਯੋਜਨ ਕੀਤਾ, ਜਿਸ ਵਿੱਚ ਤੀਜੀ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀ ਸ਼ਾਮਲ ਹੋਏ। ਤੀਜੀ ਤੋਂ ਛੇਵੀਂ ਜਮਾਤ ਦੇ ਵਿਦਿਆਰਥੀਆਂ ਨੇ ਕ੍ਰਾਊਨ ਮੇਕਿੰਗ ਗਤੀਵਿਧੀ ਵਿੱਚ ਹਿੱਸਾ ਲਿਆ, ਜਿੱਥੇ ਉਨ੍ਹਾਂ ਨੇ ਰੰਗੀਨ ਸ਼ੀਟਾਂ, ਚਮਕ, ਸੀਕਵਿਨ ਅਤੇ ਸਟਿੱਕਰ ਦੀ ਵਰਤੋਂ ਕਰਕੇ ਸੁੰਦਰ ਕਾਗਜ਼ ਦੇ ਤਾਜ ਤਿਆਰ ਕੀਤੇ। ਤਾਜ ਇਸ ਵਿਚਾਰ ਦੀ ਨੁਮਾਇੰਦਗੀ ਕਰਦੇ ਸਨ ਕਿ ਹਰ ਮਾਂ ਇੱਕ ਰਾਣੀ ਹੁੰਦੀ ਹੈ ਅਤੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਰ ਟੁਕੜੇ ਨੂੰ ਪਿਆਰ ਅਤੇ ਦੇਖਭਾਲ ਨਾਲ ਤਿਆਰ ਕੀਤਾ। ਇਸ ਦੌਰਾਨ ਸੱਤਵੀਂ ਅਤੇ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਨੇ ਫੋਟੋ ਫਰੇਮ ਮੇਕਿੰਗ ਗਤੀਵਿਧੀ ਵਿੱਚ ਹਿੱਸਾ ਲਿਆ। ਉਨ੍ਹਾਂ




ਨੇ ਆਪਣੀਆਂ ਮਾਵਾਂ ਨਾਲ ਆਪਣੀਆਂ ਮਨਪਸੰਦ ਯਾਦਾਂ ਰੱਖਣ ਲਈ ਵਿਅਕਤੀਗਤ ਫਰੇਮ ਡਿਜ਼ਾਈਨ ਕਰਨ ਲਈ ਗੱਤੇ, ਸਜਾਵਟੀ ਸਮੱਗਰੀ ਅਤੇ ਵਿਚਾਰਸ਼ੀਲ ਸੰਦੇਸ਼ਾਂ ਦੀ ਵਰਤੋਂ ਕੀਤੀ। ਹਰੇਕ ਫਰੇਮ ਵਿਲੱਖਣ ਸੀ, ਜੋ ਵਿਦਿਆਰਥੀਆਂ ਦੀ ਸਿਰਜਣਾਤਮਕਤਾ ਅਤੇ ਦਿਲੋਂ ਪ੍ਰਸ਼ੰਸਾ ਨੂੰ ਦਰਸਾਉਂਦਾ ਸੀ. ਗਤੀਵਿਧੀ ਨੇ ਨਾ ਸਿਰਫ ਸਿਰਜਣਾਤਮਕਤਾ ਨੂੰ ਉਤਸ਼ਾਹਤ ਕੀਤਾ ਬਲਕਿ ਬੱਚਿਆਂ ਅਤੇ ਉਨ੍ਹਾਂ ਦੀਆਂ ਮਾਵਾਂ ਵਿਚਕਾਰ ਭਾਵਨਾਤਮਕ ਬੰਧਨ ਨੂੰ ਵੀ ਮਜ਼ਬੂਤ ਕੀਤਾ।

# ਸੇਫ ਸਕੂਲ ਵਾਹਨ ਪਾਲਿਸੀ ਤਹਿਤ ਕੀਤੇ 14 ਸਕੂਲੀ ਬੱਸਾਂ ਦੇ ਚਲਾਨ



ਬਰਨਾਲਾ, 3 ਮਈ (ਬਘੇਲ ਸਿੰਘ ਧਾਲੀਵਾਲ/ਚਮਕੌਰ ਸਿੰਘ ਗੱਗੀ):ਟੀ. ਬੈਨਿਥ ਡੀਸੀ ਬਰਨਾਲਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕੁਲਵਿੰਦਰ ਸਿੰਘ ਰੰਧਾਵਾ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਦੀ ਅਗਵਾਈ ਹੇਠ ਜ਼ਿਲ੍ਹੇ ਵਿਚ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਵਾਈ ਐਸ ਸਕੂਲ, ਹੰਡਿਆਇਆ ਅਤੇ ਮਦਰ ਟੀਚਰ ਸਕੂਲ ਦੇ ਵਾਹਨਾਂ ਦੀ ਚੈਕਿੰਗ ਕੀਤੀ ਗਈ।ਇਸ ਦੌਰਾਨ 52 ਦੇ ਕਰੀਬ ਸਕੂਲੀ ਬੱਸਾਂ ਦੀ ਚੈਕਿੰਗ ਕੀਤੀ ਗਈ ਜਿਸ ਵਿਚ ਵਾਈ ਐਸ ਸਕੂਲ ਦੀਆਂ 14 ਬੱਸਾਂ ਦੇ ਚਲਾਨ ਕੱਟੇ ਗਏ ਜੋ ਕਿ ਸੇਫ ਸਕੂਲ ਵਾਹਨ ਪਾਲਿਸੀ ਦੀਆਂ ਸ਼ਰਤਾਂ ਅਨੁਸਾਰ ਢੁਕਵੀਆਂ ਨਹੀਂ ਸਨ। ਇਸ ਮੌਕੇ ਬਾਲ ਸੁਰੱਖਿਆ ਅਫ਼ਸਰ ਸ੍ਰੀਮਤੀ ਗੁਰਜੀਤ ਕੌਰ ਨੇ ਦੱਸਿਆ ਸੇਫ ਸਕੂਲ ਵਾਹਨ ਪਾਲਿਸੀ ਦੀਆਂ ਹਦਾਇਤਾਂ ਅਨੁਸਾਰ ਹਰ ਸਕੂਲੀ ਵੈਨ ਵਿਚ ਸੀ.ਸੀ.ਟੀ.ਵੀ ਕੈਮਰਾ, ਖਿੜਕੀ 'ਤੇ ਲੋਹੇ ਦੀ ਗਰਿੱਲ, ਮੁਢੱਲੀ ਸਹਾਇਤਾ ਬਾਕਸ, ਮਹਿਲਾ ਕੰਡਕਟਰ, ਅੱਗ ਬੁਝਾਊ ਯੰਤਰ, ਲਾਇਸੈਂਸ, ਹੋਣਾ ਲਾਜ਼ਮੀ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਸਕੂਲ ਬੱਸ ਵਿਚ ਲੋੜ ਤੋਂ ਵੱਧ ਬੱਚੇ ਨਹੀਂ ਬੈਠੇ ਹੋਣੇ ਚਾਹੀਦੇ ਅਤੇ ਹਰ ਡਰਾਇਵਰ ਹਦਾਇਤਾਂ ਅਨੁਸਾਰ ਵਰਦੀ ਵਿਚ ਹੋਣਾ ਚਾਹੀਦਾ ਹੈ। ਕੋਈ ਵੀ ਡਰਾਇਵਰ ਨਸ਼ੀਲੇ ਪਦਾਰਥ ਦਾ ਸੇਵਨ ਕਰਕੇ ਵੈਨ ਨਹੀਂ ਚਲਾਏਗਾ। ਇਸ ਮੌਕੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਬਰਜਿੰਦਰਪਾਲ ਸਿੰਘ ਨੇ ਦੱਸਿਆ ਕਿ ਜੇਕਰ ਕੋਈ ਵੀ ਇਨ੍ਹਾਂ ਨਿਯਮਾਂ ਦੀ ਉਲੰਘਣਾ ਕਰਦਾ ਹੋਇਆ ਪਾਇਆ ਗਿਆ ਤਾਂ ਸੇਫ ਸਕੂਲ ਵਾਹਨ ਪਾਲਿਸੀ ਦੀਆਂ ਸ਼ਰਤਾਂ ਮੁਤਾਬਿਕ ਉਨ੍ਹਾਂ ਖਿਲਾਫ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਇਸ ਮੌਕੇ ਰੁਪਿੰਦਰ ਸਿੰਘ ਬਾਲ ਸੁਰੱਖਿਆ ਅਫ਼ਸਰ, ਮੈਡਮ ਪ੍ਰਿਤਪਾਲ ਕੌਰ, ਬਲਵਿੰਦਰ ਸਿੰਘ, ਟਰੈਫਿਕ ਵਿਭਾਗ ਤੋਂ ਗੁਰਚਰਨ ਸਿੰਘ ਸ਼ਾਮਿਲ ਸਨ।

# ਵਾਈ.ਐਸ. ਸਕੂਲ ਨੇ ਸਕੂਲ ਕੌਂਸਲ ਚੋਣਾਂ ਦੇ ਨਤੀਜੇ ਐਲਾਨੇ



ਬਰਨਾਲਾ, 3 ਮਈ (ਬਘੇਲ ਸਿੰਘ ਧਾਲੀਵਾਲ)-ਵਾਈਐਸ ਸਕੂਲ ਨੇ ਇੱਕ ਜੀਵੰਤ ਅਤੇ ਲੋਕਤੰਤਰੀ ਵੋਟਿੰਗ ਪ੍ਰਕਿਰਿਆ ਤੋਂ ਬਾਅਦ ਆਪਣੀਆਂ ਸਕੂਲ ਕੌਂਸਲ ਚੋਣਾਂ ਦੇ ਬਹੁਤ-ਉਮੀਦ ਕੀਤੇ ਨਤੀਜੇ ਦਾ ਮਾਣ ਨਾਲ ਐਲਾਨ ਕੀਤਾ, ਜਿਸ ਵਿੱਚ ਕੈਂਪਸ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ।ਨਿਰਪੱਖ ਅਤੇ ਪਾਰਦਰਸ਼ੀ ਚੋਣ ਕਰਵਾਉਣ ਤੋਂ ਬਾਅਦ, ਸਕਾਲਰ ਪ੍ਰਥਮ ਨੂੰ ਸਕੂਲ ਮੰਤਰੀ ਚੁਣਿਆ ਗਿਆ ਹੈ, ਜਦੋਂ ਕਿ ਸਕਾਲਰ ਸਾਨਵੀ ਨੂੰ ਡਿਪਟੀ ਸਕੂਲ ਮੰਤਰੀ ਚੁਣਿਆ ਗਿਆ ਹੈ। ਨਤੀਜੇ ਦੀ ਘੋਸ਼ਣਾ ਦੌਰਾਨ ਦੋਵਾਂ ਜੇਤੂਆਂ ਦਾ ਉਨ੍ਹਾਂ ਦੇ ਸਾਥੀਆਂ ਵੱਲੋਂ ਤਾੜੀਆਂ ਅਤੇ ਪ੍ਰਸ਼ੰਸਾ ਨਾਲ ਸਵਾਗਤ ਕੀਤਾ ਗਿਆ। ਚੋਣ ਕਮਿਸ਼ਨ ਨੇ ਸਕੂਲ ਸਟਾਫ਼ ਦੀ ਨਿਗਰਾਨੀ ਹੇਠ ਇਹ ਯਕੀਨੀ ਬਣਾਇਆ ਕਿ ਸਾਰੀ ਪ੍ਰਕਿਰਿਆ ਸੁਚਾਰੂ ਅਤੇ ਇਮਾਨਦਾਰੀ ਨਾਲ ਸੰਚਾਲਿਤ ਹੋਵੇ, ਜੋ ਕਿ ਲੋਕਤੰਤਰ ਦੀ ਅਸਲ ਭਾਵਨਾ ਨੂੰ ਦਰਸਾਉਂਦਾ ਹੈ।

# ਬੱਚਿਆਂ ਦਾ ਜਨਮ ਦਿਨ ਧੂਮ ਧਾਮ ਨਾਲ ਮਨਾਇਆ

ਬਰਨਾਲਾ, 3 ਮਈ (ਹਿਮਾਂਸ਼ੂ ਗਰਗ):ਬੀਵੀਐਮ ਇੰਟਰਨੈਸ਼ਨਲ ਸਕੂਲ ਨੇ ਪਲੇਵੇਅ ਤੋਂ ਲੈ ਕੇ ਯੂਕੇਜੀ ਕਲਾਸਾਂ ਤੱਕ ਦੇ ਉਨ੍ਹਾਂ ਛੋਟੇ ਵਿਦਿਆਰਥੀਆਂ ਲਈ ਇੱਕ ਵਿਸ਼ੇਸ਼ ਜਨਮਦਿਨ ਸਮਾਰੋਹ ਦਾ ਆਯੋਜਨ ਕੀਤਾ, ਜੋ ਅਪ੍ਰੈਲ ਦੇ ਮਹੀਨੇ ਵਿੱਚ ਪੈਦਾ ਹੋਏ ਸਨ। ਇਸ ਸਮਾਗਮ ਦਾ ਮੁੱਖ ਉਦੇਸ਼ ਬੱਚਿਆਂ ਨੂੰ ਇੱਕ ਖਾਸ ਅਨੁਭਵ ਦੇਣਾ ਅਤੇ ਉਨ੍ਹਾਂ ਦੇ ਚਿਹਰਿਆਂ 'ਤੇ ਮੁਸਕਰਾਹਟ ਲਿਆਉਣਾ ਸੀ। ਇਸ ਜਸ਼ਨ ਵਿੱਚ ਇੱਕ ਸੁੰਦਰ ਕੇਕ ਕੱਟਣ ਦੀ ਰਸਮ ਸ਼ਾਮਲ ਸੀ, ਜਿਸ ਵਿੱਚ ਅਪ੍ਰੈਲ ਵਿੱਚ ਪੈਦਾ ਹੋਏ ਸਾਰੇ ਬੱਚਿਆਂ ਨੇ ਹਿੱਸਾ ਲਿਆ। ਛੋਟੇ ਬੱਚਿਆਂ ਨੇ ਇਕੱਠੇ ਜਨਮਦਿਨ ਮਨਾਇਆ ਅਤੇ ਇਸ ਖਾਸ ਮੌਕੇ 'ਤੇ ਇੱਕ ਦੂਜੇ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਸਕੂਲ ਦੇ ਚੇਅਰਮੈਨ ਪ੍ਰਮੋਦ ਅਰੋੜਾ, ਡਾਇਰੈਕਟਰ ਸ੍ਰੀਮਤੀ ਗੀਤਾ ਅਰੋੜਾ, ਨਿਖਿਲ ਅਰੋੜਾ ਅਤੇ ਸ੍ਰੀਮਤੀ ਨੇਹੁਲ ਅਰੋੜਾ ਨੇ ਬੱਚਿਆਂ ਨੂੰ ਆਸ਼ੀਰਵਾਦ ਦਿੱਤਾ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ



ਦੀ ਕਾਮਨਾ ਕੀਤੀ। ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਮਨਿੰਦਰਜੀਤ ਕੌਰ ਧਾਲੀਵਾਲ ਨੇ ਵੀ ਬੱਚਿਆਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਅਜਿਹੇ ਸਮਾਗਮ ਨਾ ਸਿਰਫ਼ ਬੱਚਿਆਂ ਦਾ ਆਤਮਵਿਸ਼ਵਾਸ ਵਧਾਉਂਦੇ ਹਨ ਬਲਕਿ ਉਨ੍ਹਾਂ ਵਿੱਚ ਏਕਤਾ ਅਤੇ ਖੁਸ਼ੀ ਸਾਂਝੀ ਕਰਨ ਦੀ ਭਾਵਨਾ ਵੀ ਪੈਦਾ ਕਰਦੇ ਹਨ। ਪੂਰੇ ਪ੍ਰੋਗਰਾਮ ਦੌਰਾਨ ਬੱਚੇ ਬਹੁਤ ਖੁਸ਼ ਦਿਖਾਈ ਦਿੱਤੇ ਅਤੇ ਉਨ੍ਹਾਂ ਦੇ ਚਿਹਰਿਆਂ 'ਤੇ ਮੁਸਕਰਾਹਟ ਇਸ ਪ੍ਰੋਗਰਾਮ ਦੀ ਸਫਲਤਾ ਨੂੰ ਦਰਸਾਉਂਦੀ ਸੀ। ਸਕੂਲ ਪ੍ਰਬੰਧਨ ਨੇ ਭਵਿੱਖ ਵਿੱਚ ਅਜਿਹੇ ਸਮਾਗਮ ਜਾਰੀ ਰੱਖਣ ਦੀ ਵਚਨਬੱਧਤਾ ਪ੍ਰਗਟਾਈ, ਤਾਂ ਜੋ ਬੱਚਿਆਂ ਨੂੰ ਹਰ ਮਹੀਨੇ ਆਪਣੇ ਜਨਮਦਿਨ ਨੂੰ ਇੱਕ ਖਾਸ ਤਰੀਕੇ ਨਾਲ ਮਨਾਉਣ ਦਾ ਮੌਕਾ ਮਿਲੇ।

# ਪੰਜਾਬ ਦੇ ਪਾਣੀਆਂ 'ਤੇ ਡਾਕਾ ਨਹੀਂ ਮਾਰਨ ਦਿਆਂਗੇ : ਧੰਨਾ ਸਿੰਘ ਗਰੇਵਾਲ

ਬਰਨਾਲਾ, 3 ਮਈ (ਸੁਖਵਿੰਦਰ ਸਿੰਘ ਭੰਡਾਰੀ):ਕਾਂਗਰਸ ਪਾਰਟੀ ਦੇ ਕਿਸਾਨ ਮੋਰਚਾ ਦੇ ਸੂਬਾ ਮੀਤ ਪ੍ਰਧਾਨ ਧੰਨਾ ਸਿੰਘ ਗਰੇਵਾਲ ਨੇ ਕਿਹਾ ਕਿ ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਵੱਲੋਂ ਹਰਿਆਣਾ ਨੂੰ 8500 ਕਿਊਸਿਕ ਪਾਣੀ ਦਿੱਤੇ ਜਾਣ ਦੇ ਫ਼ੈਸਲੇ ਨਾਲ ਪੰਜਾਬ ਨਾਲ ਬਹੁਤ ਵੱਡਾ ਧੱਕਾ ਕੀਤਾ ਜਾ ਰਿਹਾ ਹੈ, ਜੋ ਕਿ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਪੰਜਾਬ ਕਾਂਗਰਸ ਦਾ ਸਾਫ਼ ਸਟੈਂਡ ਹੈ ਕਿ ਪੰਜਾਬ ਕੋਲ ਕਿਸੇ ਹੋਰ ਰਾਜ ਨੂੰ ਵਾਧੂ ਪਾਣੀ ਦੇਣ ਲਈ ਇਕ ਬੂੰਦ ਵੀ ਨਹੀਂ ਹੈ। ਪੰਜਾਬ ਕਾਂਗਰਸ ਹਰਿਆਣਾ ਨੂੰ ਪਾਣੀ ਦੇਣ ਦੇ ਫ਼ੈਸਲੇ ਨਾਲ ਸਹਿਮਤ ਨਹੀਂ ਹੈ ਅਤੇ ਇਹ ਫ਼ੈਸਲਾ ਤੁਰੰਤ ਵਾਪਸ ਲਿਆ ਜਾਣਾ ਚਾਹੀਦਾ ਹੈ। ਪੰਜਾਬ ਪਹਿਲਾਂ ਹੀ ਪਾਣੀ ਦੀ ਕਮੀ ਦੀ ਮਾਰ ਸਹਿ ਰਿਹਾ ਹੈ। ਇਸ ਲਈ ਹਰਿਆਣਾ ਨੂੰ



ਵਾਧੂ ਪਾਣੀ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਡੈਮਾਂ ਦਾ ਪਾਣੀ ਪੱਧਰ ਲਗਾਤਾਰ ਘੱਟ ਰਿਹਾ ਹੈ—ਭਾਖੜਾ, ਪੌਂਗ ਅਤੇ ਰਣਜੀਤ ਸਾਗਰ ਵਰਗੇ ਮੁੱਖ ਪਾਣੀ ਸਰੋਤ ਆਮ ਪੱਧਰ ਤੋਂ ਕਾਫੀ ਥੱਲੇ ਹਨ। ਉਨ੍ਹਾਂ ਕਿਹਾ ਕਿ ਕਿਸੇ ਵੀ ਕੀਮਤ 'ਤੇ ਪੰਜਾਬ ਦੇ ਹਿਤਾਂ ਨੂੰ ਅਣਡਿੱਠ ਨਹੀਂ ਹੋਣ ਦੇਵਾਂਗੇ ਅਤੇ ਕਾਂਗਰਸ ਪੰਜਾਬ ਅਤੇ ਪੰਜਾਬੀਆਂ ਦੇ ਨਾਲ ਚਟਾਨ ਵਾਂਗ ਖੜੀ ਹੈ। ਸੂਬਾ ਆਗੂ ਧੰਨਾ ਸਿੰਘ ਗਰੇਵਾਲ ਨੇ ਕਿਹਾ ਕਿ ਇਹ ਬਹੁਤ ਹੀ ਦੁੱਖ ਦੀ ਗੱਲ ਹੈ ਕਿ ਇਸ ਅਹਿਮ ਮੁੱਦੇ 'ਤੇ ਪੰਜਾਬ ਸਰਕਾਰ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੀ ਮੀਟਿੰਗ ਵਿੱਚ ਆਪਣਾ ਪੱਖ ਪ੍ਰਭਾਵਸ਼ਾਲੀ ਢੰਗ ਨਾਲ ਨਹੀਂ ਰੱਖ ਸਕੀ। ਰਾਜ ਦੇ ਕਿਸਾਨਾਂ ਨੂੰ ਆਉਣ ਵਾਲੇ ਦਿਨਾਂ ਵਿੱਚ ਗੰਭੀਰ ਪਾਣੀ ਸੰਕਟ ਦਾ ਸਾਹਮਣਾ ਕਰਨਾ ਪੈ ਸਕਦਾ ਹੈ।ਇਸ ਮੁੱਦੇ 'ਤੇ ਪੰਜਾਬ ਸਰਕਾਰ ਆਪਣੀ ਨਾਕਾਮੀ ਨੂੰ ਛੁਪਾਉਣ ਲਈ ਹੁਣ ਨਾਟਕ ਕਰ ਰਹੀ ਹੈ। ਅੱਜ ਜੋ ਵੀ ਸਥਿਤੀ ਬਣੀ ਹੈ, ਉਸ ਲਈ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਸਿੱਧੀ ਤੌਰ 'ਤੇ ਜ਼ਿੰਮੇਵਾਰ ਹੈ।

# ਹਰਿਆਣਾ ਨੂੰ 8500 ਕਿਊਸਿਕ ਪਾਣੀ ਦੇਣਾ ਪੰਜਾਬ ਦੇ ਹਿੱਤਾਂ 'ਤੇ ਡਾਕਾ : ਪੰਮਾ ਬਾਠ

ਸ਼ੇਰਪੁਰ, 3 ਮਈ (ਰਣਜੀਤ ਸਿੰਘ ਪੇਧਨੀ)-ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਦੀ ਹਾਲੀਆ ਮੀਟਿੰਗ ਵਿੱਚ ਹਰਿਆਣਾ ਨੂੰ 8500 ਕਿਊਸਿਕ ਪਾਣੀ ਦਿੱਤੇ ਜਾਣ ਦੇ ਫ਼ੈਸਲੇ ਨਾਲ ਪੰਜਾਬ ਦੇ ਹਿਤਾਂ ਨੂੰ ਗੰਭੀਰ ਢੰਗ ਨਾਲ ਨੁਕਸਾਨ ਪਹੁੰਚਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪਹਿਲਾਂ ਹੀ ਪਾਣੀ ਦੀ ਕਮੀ ਦੀ ਮਾਰ ਸਹਿ ਰਿਹਾ ਹੈ। ਪੰਜਾਬ ਦੇ 115 ਜ਼ੋਨ ਪਹਿਲਾਂ ਹੀ ਡਾਰਕ ਜ਼ੋਨ ਘੋਸ਼ਿਤ ਕੀਤੇ ਜਾ ਚੁੱਕੇ ਹਨ। ਇਸ ਲਈ ਹਰਿਆਣਾ ਨੂੰ ਵਾਧੂ ਪਾਣੀ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਡੈਮਾਂ ਦਾ ਪਾਣੀ ਪੱਧਰ ਲਗਾਤਾਰ ਘੱਟ ਰਿਹਾ ਹੈ। ਭਾਖੜਾ, ਪੌਂਗ ਅਤੇ ਰਣਜੀਤ ਸਾਗਰ ਵਰਗੇ ਮੁੱਖ ਪਾਣੀ ਸਰੋਤ ਆਮ ਪੱਧਰ ਤੋਂ ਕਾਫੀ ਥੱਲੇ ਹਨ । ਉਨ੍ਹਾਂ ਕਿਹਾ ਕਿ ਬਹੁਤ ਹੀ ਦੁੱਖ ਦੀ ਗੱਲ ਹੈ ਕਿ ਇਸ ਅਹਿਮ ਮੁੱਦੇ 'ਤੇ ਪੰਜਾਬ ਸਰਕਾਰ ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਦੀ ਮੀਟਿੰਗ ਵਿੱਚ ਆਪਣਾ ਪੱਖ ਪ੍ਰਭਾਵਸ਼ਾਲੀ ਢੰਗ ਨਾਲ ਨਹੀਂ ਰੱਖ ਸਕੀ ਮੁੱਖ ਮੰਤਰੀ ਭਗਵੰਤ ਮਾਨ ਸਿਰਫ਼ ਬਿਆਨਬਾਜ਼ੀ ਵਿੱਚ ਵਿਅਸਤ ਰਹੇ, ਜਦਕਿ ਅਸਲ ਲੜਾਈ ਵਿੱਚ ਪੰਜਾਬ ਪਿੱਛੇ ਰਹਿ ਗਿਆ। ਇਸਦੇ ਕਾਰਨ ਰਾਜ ਦੇ ਕਿਸਾਨਾਂ ਨੂੰ ਆਉਣ ਵਾਲੇ ਦਿਨਾਂ ਵਿੱਚ ਗੰਭੀਰ ਪਾਣੀ ਸੰਕਟ ਦਾ ਸਾਹਮਣਾ ਕਰਨਾ ਪੈ ਸਕਦਾ ਹੈ।ਇਸ ਮੁੱਦੇ 'ਤੇ ਪੰਜਾਬ ਸਰਕਾਰ ਆਪਣੀ ਨਾਕਾਮੀ ਨੂੰ ਛੁਪਾਉਣ ਲਈ ਹੁਣ ਨਾਟਕ ਕਰ ਰਹੀ ਹੈ ਅੱਜ ਜੋ ਵੀ ਸਥਿਤੀ ਬਣੀ ਹੈ, ਉਸ ਲਈ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਸਿੱਧੀ ਤੌਰ 'ਤੇ ਜ਼ਿੰਮੇਵਾਰ ਹੈ।

# ਪ੍ਰੈਸ ਦੀ ਆਜ਼ਾਦੀ ਦਾ ਕੌਮਾਂਤਰੀ ਦਿਹਾੜਾ ਮਨਾਇਆ

ਬਰਨਾਲਾ, 3 ਮਈ (ਸੁਖਵਿੰਦਰ ਸਿੰਘ ਭੰਡਾਰੀ):ਪ੍ਰੋਗ੍ਰੈਸਿਵ ਸੀਨੀਅਰ ਸਿਟੀਜ਼ਨ ਸੋਸਾਇਟੀ (ਰਜਿ.) ਬਰਨਾਲਾ ਵੱਲੋਂ ਪ੍ਰੈਸ ਦੀ ਆਜ਼ਾਦੀ ਦਾ ਕੌਮਾਂਤਰੀ ਦਿਹਾੜਾ ਸੋਸਾਇਟੀ ਦੇ ਦਫ਼ਤਰ ਕਾਲਜ ਰੋਡ ਵਿਖੇ ਮਨਾਇਆ ਗਿਆ। ਇਸ ਮੌਕੇ ਸੋਸਾਇਟੀ ਦੇ ਮਹਿਲਾ ਵਿੰਗ ਦੀ ਪ੍ਰਧਾਨ ਬਬੀਤਾ ਜਿੰਦਲ ਨੇ ਕਿਹਾ ਕਿ ਪੱਤਰਕਾਰਤਾ ਨੂੰ ਲੋਕਤੰਤਰ ਦਾ ਚੌਥਾ ਥੰਮ੍ਹ ਕਿਹਾ ਜਾਂਦਾ ਹੈ। ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ 'ਚ ਪ੍ਰੈਸ, ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੇ ਅਧਿਕਾਰਾਂ, ਲੋਕਾਂ ਨੂੰ ਸਹੀ ਜਾਣਕਾਰੀ ਪਹੁੰਚਾਉਣ ਦੇ ਅਧਿਕਾਰਾਂ ਅਤੇ ਬਿਨਾਂ ਕਿਸੇ ਡਰ ਅਤੇ ਦਬਾਅ ਦੇ ਕੰਮ ਕਰਨ ਦੇ ਅਧਿਕਾਰਾਂ ਤੋਂ ਵਾਂਝੀ ਹੈ। ਸਮਾਜ ਸੇਵੀ ਸਪਨਾ ਗਰਗ ਨੇ ਕਿਹਾ ਕਿ ਪ੍ਰੈਸ ਦੀ ਆਜ਼ਾਦੀ ਨੂੰ ਖਤਰਾ, ਜਿੱਥੇ ਸਰਕਾਰ ਦੀਆਂ ਪ੍ਰੈਸ ਵਿਰੋਧੀ ਨੀਤੀਆਂ ਹਨ, ਉੱਥੇ ਪ੍ਰੈਸ 'ਚ ਘੁਸਪੈਠ ਕਰ ਚੁੱਕੇ ਬਲੈਕ ਮੇਲਿੰਗ ਕਰਨ ਵਾਲੇ ਲੋਕਾਂ ਤੋਂ ਵੀ ਹੈ। ਇਸ ਮੌਕੇ ਸਮਾਜ ਸੇਵੀ ਹਰਵਿੰਦਰ ਕੌਰ ਪੰਮੀ ਨੇ ਕਿਹਾ ਕਿ ਪੱਤਰਕਾਰੀ ਨੂੰ ਪੇਸ਼ੇ ਵਜੋਂ ਕਰਨ ਵਾਲੇ ਕੁੱਝ ਪੱਤਰਕਾਰ ਆਪ ਮੰਨਦੇ ਹਨ ਕਿ ਉਨ੍ਹਾਂ ਦੇ ਘਰ ਦਾ ਗੁਜ਼ਾਰਾ ਪੱਤਰਕਾਰੀ ਤੋਂ ਚੱਲਦਾ ਹੈ। ਜੇਕਰ ਉਹ ਆਪਣੇ ਘਰ ਦਾ ਗੁਜ਼ਾਰਾ ਪੱਤਰਕਾਰੀ ਤੋਂ ਚਲਾਉਂਦੇ ਹਨ ਤਾਂ ਉਨ੍ਹਾਂ ਤੋਂ ਇਮਾਨਦਾਰੀ ਅਤੇ ਮਿਸ਼ਨਰੀ ਭਾਵਨਾ ਨਾਲ ਪੱਤਰਕਾਰੀ ਕਰਨ ਦੀ ਆਸ ਨਹੀਂ ਰੱਖੀ ਜਾ ਸਕਦੀ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਪੱਤਰਕਾਰਾਂ ਲਈ ਘੱਟੋ ਘੱਟ ਯੋਗਤਾ 12ਵੀਂ ਕਲਾਸ ਪਾਸ



ਹੋਣੀ ਨਿਰਧਾਰਿਤ ਕਰਨੀ ਚਾਹੀਦੀ ਹੈ। ਇਸ ਮੌਕੇ ਸਮਾਜ ਸੇਵੀ ਜੋਤੀ ਸ਼ਰਮਾ ਨੇ ਕਿਹਾ ਕਿ ਇਸ ਦਿਨ ਪ੍ਰੈਸ ਦੀ ਸੁਤੰਤਰਤਾ ਦਾ ਮੁਲਾਂਕਣ, ਪ੍ਰੈਸ ਦੀ ਸੁਤੰਤਰਤਾ ਤੇ ਬਾਹਰੀ ਤੱਤਾਂ ਦੇ ਹਮਲੇ ਤੋਂ ਬਚਾਅ ਅਤੇ ਪ੍ਰੈਸ ਦੀ ਸੇਵਾ ਕਰਦਿਆਂ ਵਿਛੜੇ ਹੋਏ ਪੱਤਰਕਾਰਾਂ ਨੂੰ ਸ਼ਰਧਾਂਜਲੀ ਦੇਣਾ ਵੀ ਹੁੰਦਾ ਹੈ। ਮੋਨਿਕਾ ਗਰਗ ਨੇ ਕਿਹਾ ਕਿ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਪ੍ਰੈਸ ਲਈ ਬਹੁਤ ਜ਼ਰੂਰੀ ਹੈ ਪ੍ਰੰਤੂ ਇਸ ਆਜ਼ਾਦੀ ਦੀ ਵੀ ਇਕ ਸੀਮਾ ਹੋਣੀ ਚਾਹੀਦੀ ਹੈ। ਵਾਤਾਵਰਣ ਪ੍ਰੇਮੀ ਦੀਪਿੰਦਰ ਕੌਰ ਸੋਹਲ ਨੇ ਕਿਹਾ ਕਿ ਵਿਸ਼ਵ 'ਚ ਮੀਡੀਆ ਦੀ ਆਜ਼ਾਦੀ ਦੇ ਸੰਬੰਧ ਵਿੱਚ180 ਮੁਲਕਾਂ 'ਚੋਂ ਭਾਰਤ 161ਵੇਂ ਸਥਾਨ 'ਤੇ ਹੈ। ਇਹ ਵੀ ਦੇਖਣ 'ਚ ਆਉਂਦਾ ਹੈ ਕਿ ਜਦੋਂ ਸਰਕਾਰਾਂ, ਅਦਾਰੇ ਜਾਂ ਵਿਅਕਤੀਆਂ ਵੱਲੋਂ ਪ੍ਰੈਸ ਨੂੰ ਇਸ਼ਤਿਹਾਰ ਦਿੱਤੇ ਜਾਂਦੇ ਹਨ, ਤਾਂ ਮੀਡੀਆ, ਸਰਕਾਰ, ਇਸ਼ਤਿਆਰ ਦੇਣ ਵਾਲੇ ਵਿਅਕਤੀ ਦੇ ਗਲਤ ਕੰਮਾਂ ਤੇ ਚੁੱਪੀ ਧਾਰ ਲੈਂਦੇ ਹਨ। ਸੋ ਸਰਕਾਰਾਂ, ਮੀਡੀਆ ਅਦਾਰਿਆਂ, ਪ੍ਰੈਸ ਕਲੱਬਾਂ ਅਤੇ ਲੋਕਾਂ ਨੂੰ ਮਿਲਕੇ ਪ੍ਰੈਸ ਦੀ ਆਜ਼ਾਦੀ ਨੂੰ ਬਹਾਲ ਕਰਨ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ।

# ਹਰਿਆਣਾ ਨੂੰ ਪਾਣੀ ਦੇਣਾ ਪੰਜਾਬ ਨਾਲ ਸਰਾਸਰ ਬੇਇਨਸਾਫ਼ੀ : ਰਣਜੀਤ ਸਿੰਘ ਰੰਧਾਵਾ ਕਾਤਰੋਂ

ਸ਼ੇਰਪੁਰ, 3 ਮਈ (ਰਣਜੀਤ ਸਿੰਘ ਪੇਧਨੀ):ਭਾਖੜਾ ਬਿਆਸ ਪ੍ਰਬੰਧਕੀ ਬੋਰਡ ਵੱਲੋਂ ਹਰਿਆਣਾ ਨੂੰ ਤਤਕਾਲ ਪ੍ਰਭਾਵ ਨਾਲ 8500 ਕਿਊਸਕ ਪਾਣੀ ਦੇਣ ਦੇ ਮਾਮਲੇ ਨੇ ਪੰਜਾਬ ਸਰਕਾਰ ਨੂੰ ਕਟਹਿਰੇ ਵਿੱਚ ਖੜਾ ਕਰਕੇ ਰੱਖ ਦਿੱਤਾ ਹੈ। ਪੰਜਾਬ ਸਰਕਾਰ ਦੀ ਨਲਾਇਕੀ ਅਤੇ ਸੂਬੇ ਦੇ ਪੱਖ ਨੂੰ ਮਜ਼ਬੂਤੀ ਨਾਲ ਪੇਸ਼ ਨਾ ਕੀਤੇ ਜਾਣ ਦਾ ਖਮਿਆਜ਼ਾ ਪੰਜਾਬ ਨੂੰ ਭੁਗਤਣਾ ਹੋਵੇਗਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ, ਰਣਜੀਤ ਸਿੰਘ ਰੰਧਾਵਾ ਕਾਤਰੋਂ ਹਲਕਾ ਧੂਰੀ ਨੇ ਕੀਤਾ।ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਕਰਵਾਏ ਗਏ ਤਮਾਮ ਸਰਵੇ ਵਿੱਚ ਬੜਾ ਸਪੱਸ਼ਟ ਹੋ ਚੁੱਕਾ ਹੈ ਕਿ ਪੰਜਾਬ ਡੇਜਰ ਜ਼ੋਨ ਵਿੱਚ ਪਹੁੰਚ ਚੁੱਕਾ ਹੈ। ਕਈ ਜ਼ਿਲ੍ਹਿਆਂ ਵਿੱਚ ਪਾਣੀ ਦਾ ਪੱਧਰ ਹਜ਼ਾਰ ਫੁੱਟ ਤੋਂ ਡੂੰਘਾ ਹੋ ਚੁੱਕਾ ਹੈ, ਕਈ ਜ਼ਿਲ੍ਹੇ ਸੋਕੇ ਦੀ ਮਾਰ ਸਹਿ ਰਹੇ ਹਨ। ਜੇਕਰ ਡੈਮਾਂ ਵਿੱਚ ਘਟੇ ਪਾਣੀ ਦੇ ਪੱਧਰ ਦੀ ਗੱਲ ਕੀਤੀ ਜਾਵੇ,ਮੀਡੀਆ ਰਿਪੋਰਟ ਅਨੁਸਾਰ ਪਿਛਲੇ ਸਾਲ ਇਨ੍ਹਾਂ ਦਿਨਾਂ ਦੇ ਮੁਕਾਬਲੇ ਪੌਂਗ ਡੈਮ ਵਿੱਚ ਪਾਣੀ ਦਾ ਪੱਧਰ 31.87 ਫ਼ੀਸਦ ਘਟ ਚੁੱਕਾ ਹੈ। ਰਣਜੀਤ ਸਾਗਰ ਡੈਮ ਵਿੱਚ ਪਾਣੀ ਦਾ ਪੱਧਰ 16.90 ਫ਼ੀਸਦ ਘੱਟ ਚੁੱਕਾ ਹੈ। ਭਾਖੜਾ ਡੈਮ ਵਿੱਚ ਪਾਣੀ ਦਾ ਪੱਧਰ 10 ਫ਼ੀਸਦ ਘੱਟ ਚੁੱਕਾ ਹੈ।ਡੈਮਾਂ ਵਿੱਚ ਘਟੇ ਪਾਣੀ ਦੇ ਪੱਧਰ ਦੀ ਮਾਰ ਵੀ ਪੰਜਾਬ ਦੇ ਕਿਸਾਨਾਂ ਨੂੰ ਅਗਾਮੀ ਫ਼ਸਲ ਦੇ ਸੀਜ਼ਨ ਵਿੱਚ ਝੱਲਣੀ ਪਵੇਗੀ ਅਤੇ ਉਸ ਤੋਂ ਉਪਰ ਦੋਹਰੀ ਮਾਰ ਹਰਿਆਣਾ ਨੂੰ ਦਿੱਤੇ ਜਾਣ ਵਾਲਾ 8500 ਕਿਊਸੈਕ ਪਾਣੀ ਪਾਵੇਗਾ। ਉਨ੍ਹਾਂ ਕਿਹਾ ਕਿ ਇਹ ਪੰਜਾਬ ਦੇ ਜੀਵਨ ਅਧਾਰ ਨਾਲ ਜੁੜਿਆ ਅਹਿਮ ਮੁੱਦਾ ਹੈ। ਪੰਜਾਬ ਕੋਲ ਹਰਿਆਣਾ ਸਮੇਤ ਕਿਸੇ ਵੀ ਸੂਬੇ ਨੂੰ ਦੇਣ ਲਈ ਇੱਕ ਵੀ ਬੂੰਦ ਵਾਧੂ ਨਹੀਂ ਹੈ ਪੰਜਾਬ ਦੇ ਕਈ ਜ਼ਿਲੇ ਪਾਣੀ ਦੀ ਕਿੱਲਤ ਨਾਲ ਜੂਝ ਰਹੇ ਹਨ ਪਹਿਲਾਂ ਦੀ ਧਰਤੀ ਹੇਠਲਾ ਪਾਣੀ ਡਾਰਕ ਜ਼ੋਨ ਵਿੱਚ ਜਾ ਚੁੱਕਾ ਹੈ,ਅਜਿਹੇ ਵਿੱਚ ਇਹ ਕਦਮ ਪੰਜਾਬ ਲਈ ਸਰਾਸਰ ਬੇਇਨਸਾਫ਼ੀ ਹੈ।

# ਭਾਖੜਾ ਡੈਮ ਤੋਂ ਹਰਿਆਣਾ ਨੂੰ ਵਾਧੂ ਪਾਣੀ ਦੇਣਾ ਪੰਜਾਬ ਦੇ ਹੱਕਾਂ 'ਤੇ ਡਾਕਾ : ਚੇਅਰਮੈਨ ਢਿੱਲੋਂ



ਧੂਰੀ, 3 ਮਈ (ਰਾਜੇਸ਼ਵਰ ਪਿੰਟੂ, ਅਮਨ ਗਰਗ) : ਪੰਜਾਬ ਲਘੂ ਵਿਕਾਸ ਨਿਗਮ ਦੇ ਚੇਅਰਮੈਨ ਅਤੇ ਸਥਾਨਕ ਮੁੱਖ ਮੰਤਰੀ ਦਫ਼ਤਰ ਦੇ ਇੰਚਾਰਜ ਦਲਵੀਰ ਸਿੰਘ ਢਿੱਲੋਂ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਪੰਜਾਬ ਨਾਲ ਇੱਕ ਹੋਰ ਧੱਕਾ ਕਰਦਿਆਂ ਭਾਖੜਾ ਡੈਮ ਤੋਂ ਹਰਿਆਣਾ ਨੂੰ ਵਾਧੂ ਪਾਣੀ ਛੱਡ ਦਿੱਤਾ ਗਿਆ ਹੈ, ਜੋ ਕਿ ਸਰਾਸਰ ਪੰਜਾਬ ਦੇ ਹੱਕਾਂ ਉੱਤੇ ਡਾਕਾ ਹੈ। ਅਸੀਂ ਇਹ ਡਾਕਾ ਬਰਦਾਸ਼ਤ ਨਹੀਂ ਕਰਾਂਗੇ। ਉਹਨਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਇਸ ਤੋਂ ਪਹਿਲਾਂ ਬੜੇ ਸਪਸ਼ਟ ਲਫਜ਼ਾਂ ਵਿੱਚ ਭਾਖੜਾ ਡੈਮ ਪ੍ਰਬੰਧਕਾਂ ਅਤੇ ਕੇਂਦਰ ਸਰਕਾਰ ਨੂੰ ਸਪਸ਼ਟ ਕਰ ਚੁੱਕੇ ਹਨ ਕਿ ਪੰਜਾਬ ਕੋਲ ਦੇਣ ਲਈ ਇੱਕ ਬੂੰਦ ਵੀ ਪਾਣੀ ਵਾਧੂ ਨਹੀਂ ਹੈ। ਉਹਨਾਂ ਕਿਹਾ ਕਿ ਅਸੀਂ ਤਾਂ ਇਹ ਮੰਗ ਕਰ ਰਹੇ ਸੀ ਕਿ ਪਹਿਲਾਂ ਸਾਡੇ ਹਿੱਸੇ ਦਾ ਪਾਣੀ ਪੂਰਾ ਕੀਤਾ ਜਾਵੇ, ਪਰ ਭਾਜਪਾ ਸਰਕਾਰ ਨੇ ਪੰਜਾਬ ਨਾਲ ਧੱਕਾ ਕਰਦੇ ਹੋਏ ਇਸ ਵਿੱਚੋਂ ਵੀ 8500 ਕਿਊਸਿਕ ਪਾਣੀ ਹਰਿਆਣੇ ਨੂੰ ਛੱਡ ਦਿੱਤਾ। ਢਿੱਲੋਂ ਨੇ ਕਿਹਾ ਕਿ ਪੰਜਾਬ ਜੋ ਕਿ ਖੇਤੀ ਪ੍ਰਧਾਨ ਸੂਬਾ ਹੈ, ਪਹਿਲਾਂ ਹੀ ਜਲ ਸੰਕਟ ਦੀ ਮਾਰ ਹੇਠ ਹੈ। ਉਹਨਾਂ ਕਿਹਾ ਕਿ ਸਾਡਾ ਧਰਤੀ ਹੇਠਲਾ ਪਾਣੀ ਲਗਾਤਾਰ ਤੇਜ਼ੀ ਨਾਲ ਹੇਠਾਂ ਜਾ ਰਿਹਾ ਹੈ ਅਤੇ ਸਾਡੀ ਸਰਕਾਰ ਨੇ ਪਿਛਲੇ ਦੋ ਸਾਲਾਂ ਵਿੱਚ ਮੁੜ ਨਹਿਰੀ ਪਾਣੀ ਖੇਤਾਂ ਤੱਕ ਪਹੁੰਚਾ ਕੇ ਧਰਤੀ ਹੇਠਲੇ ਪਾਣੀ ਤੋਂ ਥੋੜਾ ਪ੍ਰੈਸ਼ਰ ਘਟਾਇਆ ਹੈ ਪਰ ਕੇਂਦਰ ਸਰਕਾਰ ਨੇ ਪੰਜਾਬ ਦੇ ਪਾਣੀ ਉੱਤੇ ਡਾਕਾ ਮਾਰ ਕੇ ਪੰਜਾਬੀਆਂ ਨਾਲ ਸਿੱਧਾ ਧੱਕਾ ਕੀਤਾ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਭਾਜਪਾ ਲਗਾਤਾਰ ਪੰਜਾਬ ਨਾਲ ਬੇਇਨਸਾਫ਼ੀ ਕਰ ਰਹੀ ਹੈ ਪਰ ਪੰਜਾਬ ਦੇ ਭਾਜਪਾ ਨੇਤਾ ਮੂਕ ਦਰਸ਼ਕ ਬਣ ਕੇ ਇਹ ਸਭ ਤਮਾਸ਼ਾ ਵੇਖ ਰਹੇ ਹਨ। ਉਹਨਾਂ ਕਿਹਾ ਕਿ ਭਾਜਪਾ ਆਗੂਆਂ ਨੂੰ ਹੁਣ ਇਹ ਸਪੱਸ਼ਟ ਕਰ ਦੇਣਾ ਚਾਹੀਦਾ ਹੈ ਕਿ ਉਹ ਪੰਜਾਬ ਨਾਲ ਨਹੀਂ ਬਲਕਿ ਦਿੱਲੀ ਅਤੇ ਹਰਿਆਣੇ ਨਾਲ ਹਨ। ਉਹਨਾਂ ਕਿਹਾ ਕਿ ਪੰਜਾਬ ਦੇ ਪਾਣੀਆਂ ਉੱਤੇ ਡਾਕਾ ਪੰਜਾਬੀ ਅਤੇ ਪੰਜਾਬ ਦੀ ਸਰਕਾਰ ਬਰਦਾਸ਼ਤ ਨਹੀਂ ਕਰੇਗੀ ਅਤੇ ਇਸ ਲਈ ਸਾਨੂੰ ਜਿੱਥੋਂ ਤੱਕ ਵੀ ਲੜਾਈ ਲੜਨੀ ਪਈ ਅਸੀਂ ਲੜਾਂਗੇ।

# ਸੰਗਰੂਰ ਧਰਨੇ ਸਬੰਧੀ ਭਾਕਿਯੂ ਰਾਜੇਵਾਲ ਵੱਲੋਂ ਮੀਟਿੰਗ



ਧੂਰੀ, 3 ਮਈ (ਰਾਜੇਸ਼ਵਰ ਪਿੰਟੂ, ਅਮਨ ਗਰਗ) : ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਬਲਾਕ ਧੂਰੀ ਦੀ ਬਲਾਕ ਪ੍ਰਧਾਨ ਭੁਪਿੰਦਰ ਸਿੰਘ ਭੁੱਲਰਹੇੜੀ ਅਤੇ ਸ਼ੇਰਪੁਰ ਦੇ ਪ੍ਰਧਾਨ ਪ੍ਰੀਤਮ ਸਿੰਘ ਬਾਦਸ਼ਾਹਪੁਰ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਐੱਸ.ਕੇ.ਐੱਮ ਦੇ ਸੱਦੇ ਅਨੁਸਾਰ 13 ਮਈ ਨੂੰ ਸੰਗਰੂਰ ਵਿਖੇ ਧਰਨੇ ਸਬੰਧੀ ਜਾਣਕਾਰੀ ਦਿੱਤੀ ਗਈ। ਕੇਂਦਰ ਸਰਕਾਰ ਵੱਲੋਂ ਬੀ.ਬੀ.ਐੱਮ.ਬੀ. ਤੇ ਦਬਾਅ ਪਾ ਕੇ ਹਰਿਆਣਾ, ਦਿੱਲੀ, ਰਾਜਸਥਾਨ ਨੂੰ ਪੰਜਾਬ ਦਾ ਪਾਣੀ ਧੱਕੇ ਨਾਲ ਦਿੱਤਾ ਜਾ ਰਿਹਾ ਹੈ, ਇਸ ਸਬੰਧ ਵਿੱਚ ਜੱਥੇਬੰਦੀ ਵੱਲੋਂ ਵਿਰੋਧ ਕਰਦਿਆਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਗਈ ਕਿ ਪਿਛਲੇ ਦਿਨੀਂ ਆਏ ਝੱਖੜ, ਕਾਰਨ ਬਿਜਲੀ ਸਪਲਾਈ ਵਿੱਚ ਪਏ ਵਿਘਨ ਨੂੰ ਦੂਰ ਕਰਦਿਆਂ ਜਲਦੀ ਬਿਜਲੀ ਸਪਲਾਈ ਬਹਾਲ ਕਰਵਾਈ ਜਾਵੇ। ਨਕਲੀ ਪਦਾਰਥ ਅਤੇ ਨਕਲੀ ਦੁੱਧ ਤੇ ਨਕੇਲ ਕਸਣ ਦੀ ਮੰਗ ਕਰਦਿਆਂ ਕੇਂਦਰ ਸਰਕਾਰ ਵੱਲੋਂ ਗੰਨੇ ਦੇ ਭਾਅ ਵਿੱਚ ਮਾਮੂਲੀ 15/- ਰੁਪੈ ਦੇ ਵਾਧੇ ਨੂੰ ਰੱਦ ਕਰਦਿਆਂ ਮੁੜ ਨਜ਼ਰਸਾਨੀ ਕਰਨ ਦੀ ਅਪੀਲ ਕੀਤੀ ਗਈ। ਇਸ ਮੌਕੇ ਰਛਪਾਲ ਸਿੰਘ ਦੋਹਲਾ ਸੂਬਾ ਸਕੱਤਰ, ਗੁਰਜੀਤ ਸਿੰਘ ਭੜੀ ਮਾਨਸਾ ਜਨਰਲ ਸਕੱਤਰ, ਬਾਵਾ ਸਿੰਘ ਧੰਦੀਵਾਲ, ਬਲਵਿੰਦਰ ਸਿੰਘ ਜੱਖਲਾਂ, ਜੀਤ ਸਿੰਘ ਜਹਾਂਗੀਰ, ਸੁਰਜੀਤ ਸਿੰਘ ਕਾਂਝਲਾ, ਜਗਤੇਜ ਸਿੰਘ ਬਮਾਲ, ਨਿਰਭੈ ਸਿੰਘ ਦੋਹਲਾ, ਗੁਰਮੁੱਖ ਸਿੰਘ ਜੱਖਲਾਂ, ਗੁਰਨਾਮ ਸਿੰਘ ਜੱਖਲਾਂ, ਮਲਕੀਤ ਸਿੰਘ ਜੱਖਲਾਂ, ਕੌਰ ਸਿੰਘ ਕੱਕੜਵਾਲ, ਸੁਰਜੀਤ ਸਿੰਘ ਘਨੌਰੀ, ਗੁਰਤੇਜ ਸਿੰਘ ਭੁੱਲਰਹੇੜੀ, ਦੀਦਾਰ ਸਿੰਘ ਬਰੜ੍ਹਵਾਲ ਅਤੇ ਸ਼ੇਰ ਸਿੰਘ ਪ੍ਰਚਾਰ ਸਕੱਤਰ ਆਦਿ ਵੀ ਹਾਜ਼ਰ ਸਨ।

# ਮਾਨ ਪਹਿਲੇ ਮੁੱਖ ਮੰਤਰੀ ਨੇ ਜਿਨ੍ਹਾਂ ਨਸ਼ਾ ਤਸਕਰੀ ਰੋਕਣ ਲਈ ਠੋਸ ਕਦਮ ਚੁੱਕੇ : ਚੱਠਾ



ਧੂਰੀ, 3 ਮਈ (ਰਾਜੇਸ਼ਵਰ ਪਿੰਟੂ, ਅਮਨ ਗਰਗ) : ਆਮ ਆਦਮੀ ਪਾਰਟੀ ਦੇ ਸੀਨੀਅਰ ਸੂਬਾਈ ਆਗੂ ਸਤਿੰਦਰ ਸਿੰਘ ਚੱਠਾ ਨੇ ਗੱਲਬਾਤ ਕਰਦਿਆਂ ਕਿਹਾ ਕਿ ਭਗਵੰਤ ਸਿੰਘ ਮਾਨ ਪਹਿਲੇ ਮੁੱਖ ਮੰਤਰੀ ਹਨ ਜਿਨ੍ਹਾਂ ਨੇ ਨਸ਼ਾ ਤਸਕਰੀ ਰੋਕਣ ਅਤੇ ਪੰਜਾਬ ਦੇ ਪਾਣੀਆਂ ਨੂੰ ਬਚਾਉਣ ਲਈ ਠੋਸ ਕਦਮ ਚੁੱਕੇ ਹਨ। ਉਨ੍ਹਾਂ ਕਿਹਾ ਕਿ ਰਾਜ ਨਸ਼ਿਆਂ ਖਿਲਾਫ ਜੰਗ ਲੜ ਰਿਹਾ ਹੈ ਅਤੇ ਨਸ਼ਾ ਤਸਕਰਾਂ ਨੂੰ ਸਖਤ ਚੇਤਾਵਨੀ ਦਿੱਤੀ ਗਈ ਹੈ ਕਿ ਜੇਕਰ ਉਨ੍ਹਾਂ ਨੇ ਨਸ਼ਾ ਵੇਚਣਾ ਨਾ ਛੱਡਿਆ ਤਾਂ ਉਨ੍ਹਾਂ ਨੂੰ ਪੰਜਾਬ ਛੱਡਣਾ ਪਏਗਾ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨਸ਼ੇ ਦੇ ਪੈਸੇ ਨਾਲ ਬਣੇ ਮਕਾਨਾਂ ਨੂੰ ਤੋੜਨ ਦੇ ਨਾਲ ਨਾਲ ਨਸ਼ਾ ਤਸਕਰਾਂ ਵਿਰੁੱਧ ਸਖਤ ਕਾਰਵਾਈ ਯਕੀਨੀ ਬਣਾ ਰਹੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਨਸ਼ਾ ਤਸਕਰੀ ਨੂੰ ਪੰਜਾਬ ਤੋਂ ਖਤਮ ਕਰਨ ਲਈ ਦਿਨ ਰਾਤ ਕੰਮ ਕਰ ਰਹੀ ਹੈ ਅਤੇ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨਸ਼ਿਆਂ ਵਿਰੁੱਧ ਫੈਸਲਾਕੁੰਨ ਜੰਗ ਲੜ ਰਹੀ ਹੈ ਅਤੇ ਹੁਣ ਕੇਂਦਰ ਨੇ ਪੰਜਾਬ ਉੱਤੇ ਹੋਰ ਇੱਕ ਜੰਗ ਥੋਪ ਦਿੱਤੀ ਹੈ, ਜਿਸ ਰਾਹੀਂ ਪੰਜਾਬ ਦੇ ਪਾਣੀਆਂ ਦੀ ਲੁੱਟ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਬੀ.ਬੀ.ਐਮ.ਬੀ ਵੱਲੋਂ ਹਰਿਆਣਾ ਨੂੰ ਵਾਧੂ ਪਾਣੀ ਦੇਣ ਦਾ ਫੈਸਲਾ ਪੂਰੀ ਤਰ੍ਹਾਂ ਗੈਰਕਾਨੂੰਨੀ ਹੈ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੀਆਂ ਗਲਤ ਨੀਤੀਆਂ ਕਾਰਨ ਪੰਜਾਬ ਪਹਿਲਾਂ ਹੀ ਭੂ-ਜਲ ਪੱਧਰ ਦੇ ਮਾਮਲੇ ਵਿੱਚ ਦਬਾਅ ਹੇਠ ਹੈ ਅਤੇ ਜਦੋਂ ਮੌਜੂਦਾ ਸਰਕਾਰ ਨੇ ਖੇਤਾਂ ਨੂੰ ਸਿੰਚਾਈ ਲਈ ਨਹਿਰਾਂ ਰਾਹੀਂ ਪਾਣੀ ਦੇਣ ਦੀ ਪਹਿਲ ਕੀਤੀ ਹੈ, ਤਾਂ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਅਤੇ ਹਰਿਆਣਾ ਸਰਕਾਰ ਇਸ ਨਹਿਰੀ ਪਾਣੀ ਦੀ ਖੁੱਲ੍ਹੀ ਲੁੱਟ ਕਰਨਾ ਚਾਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਇਹ ਲੋਕਾਂ, ਪ੍ਰਸ਼ਾਸਨ, ਪੁਲਿਸ ਅਤੇ ਸਰਕਾਰ ਦੀ ਸਮੂਹਿਕ ਜ਼ਿੰਮੇਵਾਰੀ ਹੈ ਅਤੇ ਸਾਰੇ 3 ਕਰੋੜ ਪੰਜਾਬੀਆਂ ਨੂੰ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਮਾਨ ਸਰਕਾਰ ਦੇ ਨਾਲ ਖੜ੍ਹੇ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬੀਆਂ ਨੂੰ ਇਹ ਪ੍ਰਣ ਕਰਨਾ ਚਾਹੀਦਾ ਹੈ ਕਿ ਉਹ ਨਸ਼ਿਆਂ ਦੀ ਤਸਕਰੀ ਨੂੰ ਰੋਕਣਗੇ ਅਤੇ ਨਸ਼ੇ ਦੀ ਲਤ ਤੋਂ ਪੀੜਤ ਮਰੀਜ਼ਾਂ ਦਾ ਮੁੜ ਵਸੇਬਾ ਵੀ ਕਰਨਗੇ।

# ਬੀਮਾ ਕੰਪਨੀ ਨੂੰ ਕਲੇਮ ਦੀ ਰਕਮ ਸਮੇਤ ਵਿਆਜ ਅਤੇ ਹਰਜ਼ਾਨਾ ਅਦਾ ਕਰਨ ਦਾ ਹੁਕਮ

ਬਰਨਾਲਾ , 3 ਮਈ (ਚ.ਨ.ਸ.) :ਮਾਨਯੋਗ ਉਪਭੋਗਤਾ ਕਮਿਸ਼ਨ ਬਰਨਾਲਾ ਦੇ ਪ੍ਰਧਾਨ ਅਸ਼ੀਸ਼ ਕੁਮਾਰ ਗਰੋਵਰ ਅਤੇ ਮੈਂਬਰ ਨਵਦੀਪ ਕੁਮਾਰ ਗਰਗ ਅਤੇ ਮੈਂਬਰ ਉਰਮਿਲਾ ਕੁਮਾਰੀ ਦੇ ਬੈਂਚ ਵੱਲੋਂ ਓਰੀਐਂਟਲ ਇੰਸ਼ੋਰੈਂਸ ਕੰਪਨੀ ਲਿਮਿਟਡ ਪਾਸੋਂ ਸ਼੍ਰੀ ਧੀਰਜ ਕੁਮਾਰ, ਐਡਵੋਕੇਟ, ਬਰਨਾਲਾ ਦੀਆਂ ਦਲੀਲਾਂ ਨਾਲ ਸਹਿਮਤ ਹੁੰਦਿਆਂ ਹੋਏ ਅਸ਼ਵਨੀ ਕੁਮਾਰ ਮਦਾਨ ਪੁੱਤਰ ਓਮ ਪ੍ਰਕਾਸ਼ ਵਾਸੀ ਅਹਾਤਾ ਨਰਾਇਣ ਸਿੰਘ ਬਰਨਾਲਾ ਨੂੰ 1,84,185/- ਰੁਪਏ ਬੀਮੇ ਦੀ ਰਕਮ ਸਮੇਤ ਵਿਆਜ ਅਤੇ ਹਰਜ਼ਾਨਾ ਅਦਾ ਕਰਨ ਦਾ ਹੁਕਮ ਸਾਦਰ ਫਰਮਾਇਆ ਗਿਆ। ਜ਼ਿਕਰਯੋਗ ਹੈ ਕਿ ਅਸ਼ਵਨੀ ਕੁਮਾਰ ਮਦਾਨ ਨੇ ਓਰੀਐਂਟਲ ਇੰਸ਼ੋਰੈਂਸ ਕੰਪਨੀ ਲਿਮਿਟਡ ਪਾਸੋਂ ਆਪਣਾ ਵਾ ਆਪਣੇ ਪਰਿਵਾਰ ਦਾ ਮੈਡੀਕਲ ਬੀਮਾ ਕਰਵਾਇਆ ਸੀ ਜੋ ਅਸ਼ਵਨੀ ਕੁਮਾਰ ਮਦਾਨ ਦੀ ਪਤਨੀ ਗੀਨਾ ਰਾਣੀ ਨੂੰ ਹਾਰਟ ਵਿੱਚ ਦਿੱਕਤ ਆ ਗਈ ਸੀ ਅਤੇ ਉਸਨੇ ਮਿਤੀ 03-05-2023 ਨੂੰ ਪੀ.ਜੀ.ਆਈ. ਚੰਡੀਗੜ੍ਹ ਵਿਖੇ ਦਾਖਲ ਹੋ ਕੇ ਆਪਣਾ ਇਲਾਜ ਕਰਵਾਇਆ ਸੀ ਅਤੇ ਮਿਤੀ 24-05-2023 ਨੂੰ ਉਸਨੂੰ ਹਸਪਤਾਲ ਵਿੱਚੋਂ ਛੁੱਟੀ ਮਿਲੀ ਸੀ ਜਿਸਦੇ ਇਲਾਜ਼ ਦਾ ਖਰਚਾ 1,84,185/- ਰੁਪਏ ਬੀਮਾ ਕੰਪਨੀ ਵੱਲੋਂ ਦਸਤਾਵੇਜ਼ਾਤ ਦੀ ਕਮੀ ਦਾ ਬਹਾਨਾ ਲਗਾ ਕੇ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ। ਇਸ ਤੋਂ ਬਾਅਦ ਅਸ਼ਵਨੀ ਕੁਮਾਰ ਮਦਾਨ ਨੇ ਸ਼੍ਰੀ ਧੀਰਜ ਕੁਮਾਰ, ਐਡਵੋਕੇਟ, ਬਰਨਾਲਾ ਰਾਹੀਂ ਬੀਮਾ ਕੰਪਨੀ ਦੇ ਖਿਲਾਫ ਕੇਸ ਦਾਇਰ ਕੀਤਾ ਜੋ ਮਾਨਯੋਗ ਉਪਭੋਗਤਾ ਕਮਿਸ਼ਨ ਨੇ ਐਡਵੋਕੇਟ ਦੀਆਂ ਦਲੀਲਾਂ ਨਾਲ ਸਹਿਮਤ ਹੁੰਦਿਆਂ ਹੋਇਆ ਕਿ ਬੀਮਾ ਕੰਪਨੀ ਨੂੰ ਸਾਰੇ ਕੰਪਲੀਟ ਦਸਤਾਵੇਜ਼ ਸਮੇਤ ਬਿੱਲ ਭੇਜੇ ਗਏ ਸਨ ਪ੍ਰੰਤੂ ਬੀਮਾ ਕੰਪਨੀ ਨੇ ਦਸਤਾਵੇਜ਼ ਲੈਣ ਤੋਂ ਬਾਅਦ ਦੋਬਾਰਾ ਉਹਨਾਂ ਦਸਤਾਵੇਜ਼ਾਤ ਦੀ ਹੀ ਮੰਗ ਕਰਦੀ ਰਹੀ ਜੋ ਕਿ ਸੁਣਵਾਈ ਕਰ ਦਿੱਤੀ, ਓਰੀਐਂਟਲ ਇੰਸ਼ੋਰੈਂਸ ਕੰਪਨੀ ਲਿਮਿਟਡ ਨੂੰ ਉਕਤ ਰਕਮ 1,84,185/- ਰੁਪਏ ਸਮੇਤ ਵਿਆਜ ਅਤੇ ਹਰਜ਼ਾਨਾ ਅਦਾ ਕਰਨ ਦਾ ਹੁਕਮ ਸਾਦਰ ਫਰਮਾਇਆ ਗਿਆ।

# ਜਗਤਾਰ ਸਿੰਘ ਨੇ ਬਤੌਰ ਥਾਣਾ ਮੁਖੀ ਦਾ ਅਹੁਦਾ ਸੰਭਾਲਿਆ



ਮੂਨਕ,3 ਮਈ(ਸਮਸ਼ੇਰ ਸਿੰਘ ਭੁਟਾਲ):ਜਗਤਾਰ ਸਿੰਘ ਨੇ ਬਤੌਰ ਐਸ.ਐਚ.ਓ ਥਾਣਾ ਮੂਨਕ ਦਾ ਅਹੁਦਾ ਸੰਭਾਲ ਲਿਆ ਹੈ। ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਉਹਨਾਂ ਕਿਹਾ ਕਿ ਮੂਨਕ ਦੇ ਇਲਾਕੇ ਨੂੰ ਨਸ਼ਾ ਮੁਕਤ ਕਰਨਾ, ਨਾਜਾਇਜ਼ ਮਾਈਨਿੰਗ, ਸੱਟਾ ਬਾਜੀ ਅਤੇ ਸਰਵਜਨਿਕ ਹਿੱਤਾਂ ਨੂੰ ਹਾਨੀ ਪਹੁੰਚਾਉਣ ਵਾਲਿਆਂ, ਬੁਲਟ ਮੋਟਰਸਾਈਕਲ ਲੈ ਕੇ ਬਜ਼ਾਰਾਂ 'ਚ ਪਟਾਕੇ ਵਜਾਉਣ ਵਾਲਿਆਂ ਨੂੰ ਰੋਕਣਾ ਅਤੇ ਕਾਰਵਾਈ ਕਰਨਾ ਉਹਨਾਂ ਦਾ ਪ੍ਰਮੁੱਖ ਸੰਕਲਪ ਹੈ। ਉਹਨਾਂ ਕਿਹਾ ਕਿ ਉਹ ਗੁਰੂਆਂ, ਪੀਰਾਂ ਦੀ ਇਸ ਧਰਤੀ 'ਤੇ ਕਿਸੇ ਕਿਸਮ ਦੇ ਵੀ ਸ਼ਰਾਰਤੀ ਅਨਸਰਾਂ ਨੂੰ ਮਾੜੇ ਧੰਦਿਆਂ ਦੀ ਆਗਿਆ ਨਹੀਂ ਦੇਣਗੇ ਅਤੇ ਉਹ ਆਪਣੀ ਡਿਊਟੀ ਪੂਰੀ ਇਮਾਨਦਾਰੀ ਮਿਹਨਤ, ਲਗਨ ਅਤੇ ਸੁਹਿਰਦਤਾ ਨਾਲ ਨਿਭਾਉਣਗੇ। ਵਰਨਣਯੋਗ ਹੈ ਕਿ ਸਬ ਇੰਸਪੈਕਟਰ ਸ.ਜਗਤਾਰ ਸਿੰਘ ਇਸ ਤੋਂ ਪਹਿਲਾਂ ਇੰਚਾਰਜ ਚੌਂਕੀ ਜੋਲੀਆਂ ਵਿਖੇ ਆਪਣੀਆਂ ਸੇਵਾਵਾਂ ਬਾਖੂਬੀ ਨਿਭਾਅ ਚੁੱਕੇ ਹਨ।

# ਸ਼ਿਕਾਗੋ ਦੇ ਸ਼ਹੀਦਾਂ ਨੂੰ ਯਾਦ ਕੀਤਾ

ਜੋਗਾ, 3 ਮਈ (ਵਿਰੋਂਦਰਪਾਲ ਮੰਤਰੋ): ਸਬ ਡਵੀਜ਼ਨ ਜੋਗਾ ਵਿਖੇ ਇੰਪਲਾਈਜ਼ ਫੈਡਰੇਸ਼ਨ ਭਾਰਦਵਾਜ਼ ਰਜਿ. 14/1965 ਪ੍ਰਧਾਨ ਜਗਰਾਜ ਸਿੰਘ ਸਬ ਡਵੀਜ਼ਨ ਜੋਗਾ ਦੀ ਅਗਵਾਈ ਵਿੱਚ ਮਜ਼ਦੂਰ ਦਿਵਸ ਤੇ ਝੰਡਾ ਲਹਿਰਾ ਕੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਦੀ ਯਾਦ ਨੂੰ ਲਾਲ ਸਲਾਮ ਦੇ ਕੇ ਸ਼ਰਧਾਂਜਲੀ ਭੇਟ ਕੀਤੀ। ਮਹੀਨਾਵਾਰ ਮੀਟਿੰਗ ਹੋਈ, ਜਿਸ ਵਿੱਚ ਮੁਲਾਜ਼ਮਾਂ ਮਸਲਿਆਂ 'ਤੇ ਵਿਚਾਰ ਚਰਚਾ ਕੀਤੀ। ਇਸ ਮੌਕੇ ਰਾਜਵਿੰਦਰ ਦਾਸ ਸਰਕਲ ਮੀਤ ਪ੍ਰਧਾਨ ਬਠਿੰਡਾ,ਸਵਰਨ ਸਿੰਘ ਸਰਕਲ ਸਕੱਤਰ ਬਠੂ, ਅਮਰੀਕ ਸਿੰਘ ਚਹਿਲ ਮੰਡਲ ਸਕੱਤਰ ਮਾਨਸਾ,ਨਾਹਰ ਸਿੰਘ ਮੀਤ ਪ੍ਰਧਾਨ ਜੋਗਾ ਗਿਆਨ ਸਿੰਘ ਖਜ਼ਾਨਚੀ, ਜੇ ਈ ਕਾਊਂਸਲਰ ਦੇ ਸੁਖਵਿੰਦਰ ਸਿੰਘ, ਰਿਟਾਇਰੀ ਐਸੋਸ਼ੀਏਸ਼ਨ ਦੇ ਕਰਮ ਸਿੰਘ, ਜਗਦੇਵ ਸਿੰਘ ਆਦਿ ਬੁਲਾਰਿਆਂ ਨੇ ਸੰਬੋਧਨ ਕੀਤਾ।

# ਕਣਕ ਦੀ ਲਿਫਟਿੰਗ ਨੇ ਫੜੀ ਤੇਜ਼ੀ : ਡੀ.ਸੀ.



ਬਠਿੰਡਾ, 3 ਮਈ :ਜਗਸੀਰ ਭੁੱਲਰ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਜਿਥੇ ਕਣਕ ਦੀ ਲਿਫਟਿੰਗ ਜ਼ੋਰਾਂ-ਸ਼ੋਰਾਂ 'ਤੇ ਚੱਲ ਰਹੀ ਹੈ ਉਥੇ ਹੀ ਕਿਸਾਨਾਂ ਨੂੰ 1705.37 ਕਰੋੜ ਰੁਪਏ ਦੇ ਕਰੀਬ ਦੀ ਅਦਾਇਗੀ ਵੀ ਕੀਤੀ ਜਾ ਚੁੱਕੀ ਹੈ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਸਾਂਝੀ ਕੀਤੀ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ 2 ਮਈ 2025 ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 821275 ਮੀਟ੍ਰਿਕ ਟਨ ਕਣਕ ਦੀ ਆਮਦ ਹੋਈ ਹੈ, ਜਿਨ੍ਹਾਂ ਵਿਚੋਂ ਵੱਖ-ਵੱਖ ਖਰੀਦ ਏਜੰਸੀਆਂ ਨੇ 799355 ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ।ਇਸ ਸਬੰਧ ਹੋਰ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਫੂਡ ਤੇ ਸਪਲਾਈ ਕੰਟਰੋਲਰ ਡਾ. ਰਵਿੰਦਰ ਕੌਰ ਨੇ 2 ਮਈ 2025 ਅਪ੍ਰੈਲ ਤੱਕ ਵੱਖ-ਵੱਖ ਏਜੰਸੀਆਂ ਦੁਆਰਾ ਕੀਤੀ ਖਰੀਦੀ ਗਈ ਕਣਕ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਨਗ੍ਰੇਨ ਵੱਲੋਂ 246928 ਮੀਟ੍ਰਿਕ ਟਨ, ਮਾਰਕਫ਼ੈਡ 169891, ਪਨਸਪ 186890, ਵੇਅਰ ਹਾਊਸ 136967 ਤੇ ਪ੍ਰਾਈਵੇਟ ਵਪਾਰੀਆਂ ਵੱਲੋਂ 58679 ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਗਈ।

# ਕਲੇਰ ਇੰਟਰਨੈਸ਼ਨਲ ਸਕੂਲ ਦਾ ਨਤੀਜਾ ਰਿਹਾ ਸ਼ਾਨਦਾਰ



ਭਗਤਾ ਭਾਈਕਾ , 3 ਮਈ (ਸਵਰਨ ਸਿੰਘ ਭਗਤਾ)ਆਈ.ਸੀ.ਐਸ.ਈ ਬੋਰਡ ਵੱਲੋਂ ਐਲਾਨੇ ਗਏ ਦਸਵੀਂ ਜਮਾਤ ਦੇ ਨਤੀਜਿਆਂ ਵਿੱਚ ਮਾਤਾ ਬਲਜਿੰਦਰ ਕੌਰ ਮੈਮੋਰੀਅਲ ਕਲੇਰ ਇੰਟਰਨੈਸ਼ਨਲ ਪਬਲਿਕ ਸਕੂਲ ਸਮਾਧ ਭਾਈ ਦਾ ਨਤੀਜਾ ਸੌ ਫ਼ੀਸਦੀ ਰਿਹਾ। ਸਕੂਲ ਦੇ ਚੇਅਰਮੈਨ ਕੁਲਵੰਤ ਸਿੰਘ ਮਲੂਕਾ , ਚੇਅਰਪਰਸਨ ਰਣਧੀਰ ਕੌਰ ਕਲੇਰ, ਡਾਇਰੈਕਟਰ ਕੋਹਿਨੂਰ ਸਿੱਧੂ, ਸੀਨੀਅਰ ਕੁਆਰਡੀਨੇਟਰ ਰੰਜੀਵ ਸ਼ਰਮਾ, ਐਗਜਾਮੀਨੇਸ਼ਨ ਇੰਚਾਰਜ ਦਮਨਜੋਤ ਕੌਰ, ਜੂਨੀਅਰ ਕੁਆਰਡੀਨੇਟਰ ਰੁਪਿੰਦਰ ਕੌਰ, ਪ੍ਰਾਇਮਰੀ ਕੋਆਰਡੀਨੇਟਰ ਕਰਮਜੀਤ ਕੌਰ ਕਿੰਡਰਗਾਰਟਨ ਕੁਆਰਡੀਨੇਟਰ ਮੋਨਿਕਾ ਚਾਲਾਨਾ ਅਤੇ ਪ੍ਰਿੰਸੀਪਲ ਸ਼ਸ਼ੀ ਕਾਂਤ ਨੇ ਦੱਸਿਆ ਕਿ ਦਸਵੀਂ ਜਮਾਤ ਦਾ ਨਤੀਜਾ ਸੌ ਫ਼ੀਸਦੀ ਰਿਹਾ। ਜਿਸ ਵਿੱਚ ਦਸਵੀਂ ਜਮਾਤ ਵਿੱਚੋਂ ਸਿਮਰਨ ਅਰੋੜਾ 98%ਅੰਕਾਂ ਨਾਲ ਪਹਿਲਾ ਸਥਾਨ, ਸੁਖਪ੍ਰੀਤ ਕੌਰ 97.2 %ਅੰਕਾਂ ਨਾਲ ਦੂਜਾ ਸਥਾਨ, ਐਸ਼ਦੀਪ ਕੌਰ 92.2% ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕਰਕੇ ਆਪਣੇ ਸਕੂਲ ਦਾ ਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ। ਸਕੂਲ ਦੀ ਇਸ ਸ਼ਾਨਦਾਰ ਪ੍ਰਾਪਤੀ ਲਈ ਚੇਅਰਮੈਨ ਕੁਲਵੰਤ ਸਿੰਘ ਮਲੂਕਾ, ਚੇਅਰਪਰਸਨ ਰਣਧੀਰ ਕੌਰ ਕਲੇਰ, ਡਾਇਰੈਕਟਰ ਕੋਹਿਨੂਰ ਸਿੱਧੂ ਅਤੇ ਪ੍ਰਿੰਸੀਪਲ ਸ੍ਰੀ ਸ਼ਸ਼ੀ ਕਾਂਤ ਨੇ ਸਕੂਲ ਦੇ ਸਮੂਹ ਸਟਾਫ਼, ਵਿਦਿਆਰਥੀਆਂ ਅਤੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਮੁਬਾਰਕਬਾਦ ਦਿੱਤੀ। ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਦੇ ਲਈ ਸਕੂਲ ਵੱਲੋਂ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ।

# ਹਲਕਾ ਵਿਧਾਇਕ ਵੱਲੋਂ ਸਕੂਲ ਦੇ ਨਵੇਂ ਕਮਰਿਆਂ ਦਾ ਉਦਘਾਟਨ



ਮੌੜ ਮੰਡੀ , 3 ਮਈ (ਜੀਵਨ ਕੁਮਾਰ ਗੁਪਤਾ): ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਿੱਚ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਦੇ ਸਹਿਯੋਗ ਨਾਲ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਕ੍ਰਾਂਤੀ ਲਿਆਉਣ ਲਈ ਕਰੋੜਾਂ ਫੰਡ ਜਾਰੀ ਹੋਏ ਹਨ , ਜਿਸ ਨਾਲ ਜਿੱਥੇ ਸਰਕਾਰੀ ਸਕੂਲਾਂ ਦੀ ਨੁਹਾਰ ਬਦਲੀ ਹੈ ਉੱਥੇ ਸਕੂਲਾਂ ਵਿੱਚ ਬਣੇ ਸਮਾਰਟ ਕਮਰਿਆਂ ਨੇ ਸਕੂਲਾਂ ਨੂੰ ਚਾਰ ਚੰਨ ਲਗਾ ਦਿੱਤੇ ਹਨ। ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਫੰਡਾਂ ਨਾਲ ਐੱਸ.ਡੀ ਸਰਕਾਰੀ ਪ੍ਰਾਇਮਰੀ ਸਕੂਲ ਮੌੜ ਮੰਡੀ ,ਜ਼ਿਲ੍ਹਾ ਬਠਿੰਡਾ ਵਿਖੇ ਬਣੇ ਜਮਾਤ ਦੇ ਤਿੰਨ ਨਵੇਂ ਕਮਰਿਆਂ ਅਤੇ ਚਾਰਦੀਵਾਰੀ ਦਾ ਉਦਘਾਟਨ ਕਰਨ ਲਈ ਹਲਕਾ ਮੌੜ ਦੇ ਵਿਧਾਇਕ ਸ.ਸੁਖਵੀਰ ਸਿੰਘ ਜੀ ਮਾਈਸਰਖਾਨਾ ਆਪਣੀ ਪੂਰੀ ਟੀਮ ਨਾਲ ਪਹੁੰਚੇ। ਐੱਸ.ਡੀ ਸ.ਪ.ਸ ਸਕੂਲ ਦੇ ਮੁਖੀ ਮੈਡਮ ਮਨਪ੍ਰੀਤ ਕੌਰ/ ਹਰਸ਼ਦੇਵ ਸ਼ਰਮਾ (ਹੈੱਡ ਮਾਸਟਰ ਐੱਸ.ਡੀ ਹਾਈ ਸਕੂਲ, ਅਵਤਾਰ ਸਿੰਘ ਡੀ.ਪੀ / ਨਵਦੀਪ ਸਿੰਘ ਸੈਂਟਰ ਹੈੱਡ ਟੀਚਰ/ਰੁਪਿੰਦਰ ਸਿੰਘ/ ਪਰਦੀਪ ਕੁਮਾਰ /ਪਰਮਿੰਦਰ ਕੌਰ/ ਰਮਨਦੀਪ ਕੌਰ /ਜੋਤੀ ਰਾਣੀ / ਸ਼ਿੰਦਰਪਾਲ ਕੌਰ/ਊਸ਼ਾ ਗਰਗ/ ਰਮਨਦੀਪ ਕੌਰ, ਵੀਰਪਾਲ ਕੌਰ (ਐਸੋਸਿਏਟ ਟੀਚਰ) ਨੇ ਵਿਧਾਇਕ ਸਾਹਿਬ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਵਿਧਾਇਕ ਸਾਹਿਬ ਨੂੰ ਜੀ ਆਇਆਂ ਕਿਹਾ। ਸਮੂਹ ਸਕੂਲ ਸਟਾਫ / ਐਸ.ਐਮ.ਸੀ ਮੈਂਬਰਜ਼ ਅਤੇ ਮੰਡੀ ਅਤੇ ਦੂਰ ਨੇੜੇ ਦੇ ਪਿੰਡਾਂ ਦੇ ਪਤਵੰਤੇ ਸੱਜਣਾਂ ਵੱਲੋਂ ਐੱਮ .ਐੱਲ.ਏ ਸਾਹਿਬ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ।ਐੱਮ.ਐੱਲ.ਏ ਸੁਖਵੀਰ ਸਿੰਘ ਮਾਈਸਰਖਾਨਾ ਨੇ ਉਦਘਾਟਨੀ ਪੱਥਰ ਤੋਂ ਪਰਦਾ ਹਟਾ ਕਿ ਆਧੁਨਿਕ ਕਮਰਿਆਂ ਅਤੇ ਨਵੀਂ ਬਣੀ ਚਾਰਦੀਵਾਰੀ ਦਾ ਰਸਮੀ ਉਦਘਾਟਨ ਕੀਤਾ। ਵਿਧਾਇਕ ਦੇ ਨਾਲ ਉਨ੍ਹਾਂ ਦੀ ਟੀਮ ਦੇ ਖਾਸ ਮੈਂਬਰ ਇਸ ਖਾਸ ਮੌਕੇ 'ਤੇ ਪਹੁੰਚੇ। ਮਹਿਮਾਨਾਂ ਦੇ ਲਈ ਸਕੂਲ ਮੈਨੇਜਮੈਂਟ ਕਮੇਟੀ ਵੱਲੋਂ ਚਾਹ-ਪਾਣੀ,ਕੋਲਡ ਡਰਿੰਕਸ ਅਤੇ ਛਾਇਆਵਾਨਾਂ ਦਾ ਯੋਗ ਪ੍ਰਬੰਧ ਕੀਤਾ ਗਿਆ ਸੀ। ਇਸ ਦੌਰਾਨ ਉਨ੍ਹਾਂ ਵਿੱਦਿਆਰਥੀਆਂ ਦੇ ਮਾਪਿਆਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਸਰਕਾਰੀ ਸਕੂਲਾਂ ਵਿੱਚ ਗੁਣਤਾਮਕ ਸਿੱਖਿਆ ਲਈ ਵਚਨਬੱਧ ਹੈ। ਇਸ ਦੇ ਨਾਲ ਨਾਲ ਸਰਕਾਰ ਵੱਲੋਂ ਵਿਦਿਆਰਥੀਆਂ ਦੀ ਪੜ੍ਹਾਈ ਲਈ ਕਰੋੜਾਂ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਜਿਸ ਨਾਲ ਸਕੂਲਾਂ ਦੇ ਸਮਾਰਟ ਕਮਰਿਆਂ ਦੀ ਉਸਾਰੀ ਹੋਈ ਹੈ। ਇਸੇ ਲੜੀ ਤਹਿਤ ਅੱਜ ਸਰਕਾਰੀ ਐੱਸ.ਡੀ ਸਰਕਾਰੀ ਪ੍ਰਾਇਮਰੀ ਸਕੂਲ ਮੌੜ ਮੰਡੀ ਵਿੱਚ ਵਿੱਚ ਨਵੇਂ ਬਣੇ ਜਮਾਤ ਦੇ ਕਮਰਿਆਂ ਅਤੇ ਨਵੀਂ ਚਾਰਦੀਵਾਰੀ ਦਾ ਉਦਘਾਟਨ ਕੀਤਾ ਗਿਆ ।

# ਮਾਈ ਭਾਗੋ ਸੰਸਥਾ ਰੱਲਾ ਵੱਲੋਂ ਇੱਕ ਰੋਜ਼ਾ ਵਿੱਦਿਅਕ ਟੂਰ ਲਗਾਇਆ ਗਿਆ



ਜੋਗਾ, 3 ਮਈ (ਵਿਰੋਂਦਰਪਾਲ ਮੰਤਰੋ): ਮਾਈ ਭਾਗੋ ਸੰਸਥਾ ਅਕਾਦਮਿਕ ਖੇਤਰ ਦੇ ਨਾਲ ਨਾਲ ਸਹਿ ਗਤੀਵਿਧੀਆਂ ਲਈ ਇਲਾਕੇ ਦੀ ਸਿਰਮੌਰ ਸੰਸਥਾ ਹੈ। ਬੀਤੇ ਦਿਨੀਂ ਸੰਸਥਾ ਵੱਲੋਂ ਕੋਆਰਡੀਨੇਟਰ ਸ੍ਰੀ ਸ਼ੁਭਾਸ਼ ਚੰਦਰ ਦੀ ਰਹਿਨੁਮਾਈ ਹੇਠ ਇੱਕ ਰੋਜ਼ਾ ਵਿੱਦਿਅਕ ਟੂਰ ਲਿਜਾਇਆ ਗਿਆ। ਇਸ ਮੌਕੇ 'ਤੇ ਅਧਿਆਪਕਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿਦਿਆਰਥੀਆਂ ਨੇ ਫਤਿਹਗੜ੍ਹ ਸਾਹਿਬ ਵਿਖੇ ਇਤਿਹਾਸਕ ਗੁਰਦੁਆਰਾ ਸਾਹਿਬ ਦੇ ਦਰਸ਼ਨ ਕੀਤੇ ਅਤੇ ਬਾਬਾ ਬੰਦਾ ਸਿੰਘ ਬਹਾਦਰ ਜੀ ਨਾਲ ਸਬੰਧਿਤ ਇਤਿਹਾਸਕ ਸਥਾਨ ਚੱਪੜ ਚਿੜੀ ਵਿਖੇ ਲਿਜਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਨੂੰ ਇਹਨਾਂ ਇਤਿਹਾਸਕ ਸਥਾਨ ਨਾਲ ਜੁੜੇ ਪੁਰਾਤਨ ਇਤਿਹਾਸ ਬਾਰੇ ਚਾਨਣਾ ਪਾਇਆ। ਇਸ ਤੋਂ ਬਾਅਦ ਵਿਦਿਆਰਥੀਆਂ ਨੂੰ ਚੰਡੀਗੜ੍ਹ ਵਿਖੇ ਮਸ਼ਹੂਰ ਥਾਂਵਾਂ ਜਿਵੇਂ ਰਾਕ ਗਾਰਡਨ ਅਤੇ ਸੁਖਨਾ ਝੀਲ ਆਦਿ ਥਾਵਾਂ ਦਿਖਾਈਆਂ ਗਈਆਂ। ਚੰਡੀਗੜ੍ਹ ਦੀਆਂ ਇਹ ਵਿਲੱਖਣ ਥਾਵਾਂ ਵਿਦਿਆਰਥੀਆਂ ਤੇ ਅਧਿਆਪਕਾਂ ਲਈ ਖਿੱਚ ਦਾ ਕੇਂਦਰ ਬਣੀਆਂ। ਵਿਦਿਆਰਥੀਆਂ ਲਈ ਇਹ ਟੂਰ ਬਹੁਤ ਮਨੋਰੰਜਕ ਅਤੇ ਯਾਦਗਾਰੀ ਰਿਹਾ। ਇਸ ਮੌਕੇ ਸੰਸਥਾ ਦੇ ਕੋਆਰਡੀਨੇਟਰ ਸ਼ੁਭਾਸ਼ ਚੰਦਰ ਨੇ ਕਿਹਾ ਵਿੱਦਿਅਕ ਟੂਰਾਂ ਦਾ ਮਕਸਦ ਵਿਦਿਆਰਥੀਆਂ ਨੂੰ ਅਕਾਦਮਿਕ ਸਿੱਖਿਆ ਦੇ ਨਾਲ-ਨਾਲ ਇਤਿਹਾਸਕ ਥਾਵਾਂ ਤੋਂ ਜਾਣੂੰ ਕਰਵਾਉਣਾ ਅਤੇ ਨਵੀਆਂ ਜਾਣਕਾਰੀਆਂ ਲਈ ਪ੍ਰੇਰਿਤ ਕਰਨਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਪੜ੍ਹਾਈ ਦੇ ਨਾਲ-ਨਾਲ ਵਿਦਿਆਰਥੀਆਂ ਵਿਚ ਵੱਖ-ਵੱਖ ਇਤਿਹਾਸਕ ਥਾਵਾਂ ਨੂੰ ਵੇਖਣ ਅਤੇ ਉਨ੍ਹਾਂ ਵਿਚ ਇਤਿਹਾਸ ਪ੍ਰਤੀ ਸੁਹਿਰਦ ਰੁਚੀ ਪੈਦਾ ਕਰਨਾ ਸਮੇਂ ਦੀ ਮੁੱਖ ਲੋੜ ਹੈ ਤਾਂ ਕਿ ਵਿਦਿਆਰਥੀ ਇਨ੍ਹਾਂ ਇਤਿਹਾਸਕ ਸਥਾਨਾਂ ਤੋਂ ਪ੍ਰੇਰਨਾ ਲੈ ਸਕਣ। ਟੂਰ ਤੋਂ ਵਾਪਸੀ ਸਮੇਂ ਸਮੂਹ ਅਧਿਆਪਕ ਅਤੇ ਵਿਦਿਆਰਥੀਆਂ ਨੇ ਗੁਰੂਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਮੱਥਾ ਟੇਕਿਆ ਅਤੇ ਟੂਰ ਦੀ ਸਫਲਤਾ ਲਈ ਸ਼ੁਕਰਾਨਾ ਕੀਤਾ।

# ਲਿਫ਼ਟਿੰਗ ਨਾ ਹੋਣ ਕਾਰਨ ਮੰਡੀਆਂ 'ਚ ਬੋਰੀਆਂ ਦੇ ਲੱਗੇ ਅੰਬਾਰ

ਧੂਰੀ, 3 ਮਈ (ਰਾਜੇਸ਼ਵਰ ਪਿੰਟੂ, ਅਮਨ ਗਰਗ) : ਕਣਕ ਦੇ ਚਾਲੂ ਸੀਜਨ ਦੌਰਾਨ ਹੁਣ ਭਾਵੇਂ ਮੰਡੀਆਂ 'ਚ ਕਣਕ ਦੀ ਆਮਦ ਲਗਭਗ ਬੰਦ ਹੋ ਚੁੱਕੀ ਹੈ , ਪਰ ਲਿਫਟਿੰਗ ਦਾ ਸੁਚਾਰੂ ਪ੍ਰਬੰਧ ਨਾ ਹੋਣ ਕਾਰਨ ਮੰਡੀਆਂ 'ਚ ਕਣਕ ਦੇ ਲੱਗੇ ਅੰਬਾਰ ਦਿਖਾਈ ਦੇ ਰਹੇ ਹਨ,ਜਿਸ ਕਾਰਨ ਆੜ੍ਹਤੀਏ ਅਤੇ ਲੇਬਰ ਪ੍ਰੇਸ਼ਾਨ ਦਿਖਾਈ ਦੇ ਰਹੀ ਹੈ। ਧੂਰੀ ਆਨਾਜ਼ ਮੰਡੀ ਅੰਦਰ ਕਣਕ ਦੀ ਉਠਵਾਈ ਨਾਹੋਣ ਤੋਂ ਪ੍ਰੇਸ਼ਾਨ ਆੜਤੀਆ ਵਰਗ ਅਤੇ ਲੇਬਰ ਵੱਲੋਂ ਪੰਜਾਬ ਸਰਕਾਰ ਦੇ ਖਿਲਾਫ਼ ਨਾਅਰੇਬਾਜ਼ੀ ਕਰਦਿਆਂ ਕਣਕ ਦੀ ਲਿਫਟਿੰਗ 'ਚ ਤੇਜ਼ੀ ਲਿਆਉਣ ਲਈ ਟਰੱਕਾਂ ਦਾ ਪ੍ਰਬੰਧ ਕਰਨ ਦੀ ਮੰਗ ਕੀਤੀ ਗਈ। ਇਸ ਮੌਕੇ ਫੈਡਰੇਸ਼ਨ ਆਫ ਆੜਤੀਆ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਜਗਤਾਰ ਸਿੰਘ ਸਮਰਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਬੋਰੀਆਂ 'ਚ ਭਰੀ ਕਣਕ ਦੀ ਲਿਫਟਿੰਗ ਨਾ ਹੋਣ ਕਾਰਨ ਜਿਥੇ ਆੜਤੀਏ ਤੇ ਲੇਬਰ ਪ੍ਰੇਸ਼ਾਨ ਹੈ ਉਥੇ ਤਾਜ਼ਾ ਪਈ ਬਰਸਾਤ ਕਾਰਨ ਬੋਰੀਆਂ 'ਚ ਭਰੀ ਕਣਕ ਭਿੱਜਣ ਕਾਰਨ ਆੜਤੀਆਂ ਨੂੰ ਦੋਹਰੀ ਮਾਰ ਝੱਲਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਕਾਮਰੇਡ ਸਮਰਾ ਨੇ ਕਿਹਾ ਕਿ ਸੱਤਾਧਾਰੀ ਧਿਰ ਵੱਲੋਂ ਅਨਲੋਡਿੰਗ ਦਾ ਟੈਂਡਰ ਕਥਿਤ ਤੌਰ 'ਤੇ ਆਪਣੇ ਚਹੇਤੇ ਨੂੰ ਦਿੱਤਾ ਹੋਣ ਕਾਰਨ ਅਤੇ ਠੇਕੇਦਾਰ ਵੱਲੋਂ ਟਰੱਕ ਨਾ ਭੇਜੇ ਜਾਣ ਕਾਰਨ ਕਣਕ ਦੀ ਲਿਫਟਿੰਗ' 'ਚ ਵੱਡੀ ਸਮੱਸਿਆ ਆ ਰਹੀ ਹੈ।

## ਮਾਮਲਾ ਮਾਸਟਰ ਨਿਰਭੈ ਸਿੰਘ ਖਾਈ ਤੇ ਕਾਤਲਾਨਾ ਹਮਲਾ ਕਰਨ ਦਾ

# ਦੋਸ਼ੀਆਂ ਦੀ ਗ੍ਰਿਫਤਾਰੀ ਲਈ ਮੰਤਰੀ ਬਰਿੰਦਰ ਗੋਇਲ ਦੇ ਘਰ ਦਾ ਘਿਰਾਓ



ਲਹਿਰਾਗਾਗਾ 3 ਮਈ (ਗੁਰਦੀਪ ਸਿੰਘ) 25 ਅਪ੍ਰੈਲ ਨੂੰ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲਾ ਆਗੂ ਮਾਸਟਰ ਨਿਰਭੈ ਸਿੰਘ ਖਾਈ ਨੂੰ ਰਸਤੇ ਵਿੱਚ ਘੇਰ ਕੇ ਇੱਥੋਂ ਦੇ ਭੂ ਮਾਫੀਆ ਗੁੰਡਾ ਗਰੋਹ ਵੱਲੋਂ ਉਹਨਾਂ ਦੀਆਂ ਲੱਤਾਂ ਬਾਹਾਂ ਤੋੜ ਦਿੱਤੀਆਂ ਗਈਆਂ ਸਨ ਅਤੇ ਅਗਵਾਹ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ। ਦੋਸ਼ੀਆਂ ਤੇ ਪਰਚਾ ਦਰਜ ਹੋਣ ਦੇ ਬਾਵਜੂਦ ਅੱਜ ਅੱਠ ਦਿਨ ਬੀਤਣ ਤੇ ਵੀ ਪੁਲਿਸ ਵੱਲੋਂ ਇੱਕ ਵੀ ਦੋਸ਼ੀ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ। ਦੋਸ਼ੀਆਂ ਦੀ ਗਿਰਫਤਾਰੀ ਲਈ ਅਤੇ ਪਿੰਡ ਖਾਈ ਦੇ ਗਰੀਬ ਪਰਿਵਾਰ ਦੀ ਕੀਤੀ ਗਈ ਜਾਅਲੀ ਰਜਿਸਟਰੀ ਰੱਦ ਕਰਵਾਉਣ ਦੀ ਮੰਗ ਨੂੰ ਲੈ ਕੇ ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਅੱਜ ਸਥਾਨਕ ਅਨਾਜ ਮੰਡੀ ਵਿੱਚ ਸਵੇਰੇ 11 ਵਜੇ ਤੋਂ ਡੇਢ ਵਜੇ ਤੱਕ ਰੋਸ ਰੈਲੀ ਕੀਤੀ ਗਈ, ਅਤੇ ਉਸ ਤੋਂ ਬਾਅਦ ਬਾਜ਼ਾਰ ਵਿੱਚੋਂ ਦੀ ਰੋਸ ਮੁਜ਼ਾਹਰਾ ਕਰਦੇ ਹੋਏ ਸਥਾਨਕ ਹਲਕੇ ਦੇ ਮੰਤਰੀ ਵਰਿੰਦਰ ਗੋਇਲ ਦੇ ਘਰ ਦਾ ਘਿਰਾਓ ਕੀਤਾ ਗਿਆ।ਇਸ ਮੌਕੇ ਸੰਬੋਧਨ ਕਰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰੈੱਸ ਸਕੱਤਰ ਅਤੇ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਰਮਿੰਦਰ ਸਿੰਘ ਪਟਿਆਲਾ, ਸੂਬਾ ਆਗੂ ਭੁਪਿੰਦਰ ਸਿੰਘ ਲੌਂਗੋਵਾਲ,ਜ਼ਿਲਾ ਪ੍ਰਧਾਨ ਜਰਨੈਲ ਸਿੰਘ ਜਹਾਂਗੀਰ,ਬੀਕੇਯੂ ਏਕਤਾ ਆਜ਼ਾਦ ਦੇ ਆਗੂ ਲੀਲਾ ਸਿੰਘ ਚੋਟੀਆਂ, ਬੀਕੇਯੂ ਏਕਤਾ ਉਗਰਾਹਾਂ ਦੇ ਬਲਾਕ ਸਕੱਤਰ ਬਹਾਦਰ ਸਿੰਘ ਭੁਟਾਲ,ਕੁਲ ਹਿੰਦ ਕਿਸਾਨ ਸਭਾ ਅਜੇ ਭਵਨ ਦੇ ਜਿਲਾ ਪ੍ਰਧਾਨ ਸਤਵੰਤ ਸਿੰਘ ਖੰਡੇਬਾਦ, ਜਮਹੂਰੀ ਕਿਸਾਨ ਸਭਾ ਦੇ ਸੂਬਾ ਆਗੂ ਉਧਮ ਸਿੰਘ ਸੰਤੋਖਪੁਰਾ,ਡੈਮੋਕਰੇਟਿਕ ਟੀਚਰਜ ਫਰੰਟ ਦੇ ਸੂਬਾ ਪ੍ਰਧਾਨ ਵਿਕਰਮਦੇਵ ਸਿੰਘ,ਜਿਲਾ ਪ੍ਰਧਾਨ ਸੁਖਵਿੰਦਰ ਗਿਰ ਅਤੇ ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਵਿੱਤ ਸਕੱਤਰ ਬਿੱਕਰ ਸਿੰਘ ਤੋਂ ਹਾਥੋਆ ਨੇ ਦੋਸ਼ ਲਾਇਆ ਕਿ ਸਥਾਨਕ ਇਲਾਕੇ ਵਿੱਚ ਸਰਗਰਮ ਭੂ ਮਾਫੀਆ ਗਰੋਹ ਲੋਕਾਂ ਦੀਆਂ ਆਪਸੀ ਪਰਿਵਾਰਕ ਰੌਲੇ ਵਾਲੀਆਂ ਜਮੀਨਾਂ ਨੂੰ ਸਸਤੇ ਭਾਅ ਖਰੀਦ ਕੇ ਉਹਨਾਂ ਉੱਪਰ ਫਿਰ ਕਬਜ਼ੇ ਕਰਦਾ ਹੈ ਤੇ ਅੱਗੇ ਮਹਿੰਗੇ ਭਾਅ ਵੇਚਦਾ ਹੈ। ਇਸ ਗਰੋਹ ਦੀ ਪੁਸਤ ਪਨਾਹੀ ਸਥਾਨਕ ਮੰਤਰੀ ਵਰਿੰਦਰ ਗੋਇਲ ਕਰ ਰਹੇ ਹਨ।

# ਪੰਜਾਬ ਦੀ ਸਿੱਖਿਆ ਕ੍ਰਾਂਤੀ ਨਾਲ ਸਕੂਲਾਂ ਦੇ ਵਿਕਾਸ ਕਾਰਜ ਕੀਤੇ ਜਾ ਰਹੇ ਨੇ ਪੂਰੇ : ਢਿੱਲੋਂ



ਧੂਰੀ,3 ਮਈ ( ਰਣਜੀਤ ਸਿੰਘ ਪੇਧਨੀ ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਪੰਜਾਬ ਸਰਕਾਰ ਵੱਲੋਂ ਸੂਬੇ ਭਰ ਦੇ ਸਰਕਾਰੀ ਸਕੂਲਾਂ ਦੇ ਕਾਇਆਕਲਪ ਲਈ ਚਲਾਈ ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਮੀਮਸਾ 16 ਲੱਖ 40 ਹਜਾਰ ਨਾਲ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਸ, ਦਲਵੀਰ ਸਿੰਘ ਢਿੱਲੋ ਚੇਅਰਮੈਨ ਲਘੂ ਉਦਯੋਗ ਨਿਗਮ ਪੰਜਾਬ ਨੇ ਆਪਣੇ ਕਰ ਕਮਲਾਂ ਨਾਲ ਕੀਤਾ। ਉਨ੍ਹਾਂ ਕਿਹਾ ਕਿ ਉਹਨਾਂ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸਕੂਲਾਂ ਦੀ ਬਦਲੀ ਜਾ ਰਹੀ ਨੁਹਾਰ 'ਤੇ ਖੁਸ਼ੀ ਜਾਹਰ ਕੀਤੀ। ਉਹਨਾਂ ਕਿਹਾ ਕਿ ਸਰਕਾਰ ਵੱਲੋਂ ਕੀਤੇ ਜਾ ਰਹੇ ਵਿਕਾਸ ਕਾਰਜਾਂ ਨਾਲ ਪੂਰੇ ਸੂਬੇ ਦੀ ਨੁਹਾਰ ਬਦਲ ਦਿੱਤੀ ਜਾਵੇਗੀ।

# ਬੀਜੇਪੀ ਮੰਡਲ ਪ੍ਰਧਾਨਾਂ ਦੀ ਮੀਟਿੰਗ

ਮਲੋਟ 3 ਮਈ ( ਅਮਨਦੀਪ ਸਿੰਘ ਮਹਿਰਾ ) : ਅੱਜ ਭਾਰਤੀ ਜਨਤਾ ਪਾਰਟੀ ਮੰਡਲ ਮਲੋਟ ਪਾਰਟੀ ਦਫਤਰ ਵਿਖੇ ਇਕ ਧਨਵਾਦੀ ਮੀਟਿੰਗ ਦਾ ਆਯੋਜਨ ਕੀਤਾ ਗਿਆ। ਪ੍ਰੈਸ ਸਕੱਤਰ ਪ੍ਰਦੀਪ ਬੱਬਰ ਨੇ ਦੱਸਿਆ ਕਿ ਮੀਟਿੰਗ ਦੀ ਪ੍ਰਧਾਨਗੀ ਜ਼ਿਲ੍ਹਾ ਪ੍ਰਧਾਨ ਸਤੀਸ਼ ਅਸੀਜਾ ਨੇ ਕਰਦਿਆਂ ਪਾਰਟੀ ਦੀਆਂ ਗਤੀਵਿਧੀਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ, ਅਤੇ ਨਵਨਿਯੁਕਤ ਪ੍ਰਧਾਨ ਮੰਡਲ 1, ਸੁਸ਼ੀਲ ਜਲਹੋਤਰਾ , ਮੰਡਲ 2 ਦੇ ਪ੍ਰਧਾਨ ਡਾ.ਪਲਵਲ ਭੋਲੀ ਨੂੰ ਹਾਰ ਪਾਕੇ ਵਧਾਈ ਦਿੱਤੀ ਅਤੇ ਸਾਰੇ ਉਹਦੇਦਾਰਾ, ਮੈਂਬਰਾਂ ਦਾ ਧੰਨਵਾਦ ਕੀਤਾ। ਉਹਨਾਂ ਕਿਹਾ ਕਿ 2027 ਦੇ ਵਿੱਚ ਬੀਜੇਪੀ ਇਕੱਲੇ ਚੋਣ ਲੜ ਕੇ ਪੂਰੇ ਪੰਜਾਬ ਵਿੱਚ ਜਿੱਤ ਦਰਜ ਕਰੇਗੀ। ਪ੍ਰਧਾਨ ਸੁਸ਼ੀਲ ਜਲਹੋਤਰਾ ਅਤੇ ਪ੍ਰਧਾਨ ਡਾ. ਭੋਲੀ ਦੁਆਰਾ ਵਿਸ਼ਵਾਸ ਦਿਵਾਇਆ ਗਿਆ ਕਿ ਉਹ ਪਾਰਟੀ ਲਈ ਤਨਦੇਹੀ ਨਾਲ ਕੰਮ ਕਰਨਗੇ ਅਤੇ ਸਾਰਿਆਂ ਨੂੰ ਨਾਲ ਲੈਕੇ ਚਲਣਗੇ ਅਤੇ ਪ੍ਰਧਾਨ ਮੰਤਰੀ ਮੋਦੀ ਜੀ ਦੀਆਂ ਨੀਤੀਆਂ ਨੂੰ ਘਰ ਘਰ ਪਹੁੰਚਾਵਾਂਗੇ। ਨਾਲ ਹੀ ਉਹਨਾਂ ਨੇ ਸਾਰਿਆਂ ਦਾ ਤਹਿਦਿਲੋਂ ਧੰਨਵਾਦ ਕੀਤਾ।ਇਸ ਮੌਕੇ ਤੇ ਸੁਸ਼ੀਲ ਗਰੋਵਰ , ਅਸ਼ੋਕ ਜਗਾ, ਲੱਕੀ ਸੋਨੀ,ਹੈਪੀ ਡਾਵਰ,ਡੋਲੂ ਕਮਰਾ ,ਡਾ. ਜਗਦੀਸ਼ ਸ਼ਰਮਾ,ਸੋਰਭ ਗੁਗਲਾਨੀ,ਰਿਤੂ ਸਚਦੇਵਾ,ਲਾਲਾ ਰਾਮ, ਉਮਰ ਪ੍ਰਕਾਸ਼, ਅਮਨਦੀਪ ਸੰਧੂ,,ਆਦਿ ਮੈਂਬਰ ਮੌਜੂਦ ਸਨ।

# ਸੀ.ਐਮ. ਦੀ ਯੋਗਸ਼ਾਲਾ ਤਹਿਤ ਲਗਾਈਆਂ ਜਾ ਰਹੀਆਂ ਹਨ ਯੋਗ ਕਲਾਸਾਂ : ਡੀ.ਸੀ.



ਭਗਤਾ ਭਾਈ ਕਾ, 3 ਮਈ (ਸਵਰਨ ਸਿੰਘ ਭਗਤਾ): ਪੰਜਾਬ ਸਰਕਾਰ ਦੁਆਰਾ ਸ਼ੁਰੂ ਕੀਤੀ "ਸੀ.ਐਮ ਦੀ ਯੋਗਸਾਲਾਂ"ਸਿਹਤਮੰਦ ਪੰਜਾਬ ਦੇ ਸੁਪਨੇ ਨੂੰ ਲੈ ਕੇ ਲਗਾਤਾਰ ਯਤਨ ਕਰ ਰਹੀ ਹੈ, ਜਿਸ ਦੇ ਅੰਤਰਗਤ ਜ਼ਿਲ੍ਹਾ ਬਠਿੰਡਾ ਦੇ ਬਲਾਕ ਭਗਤਾ ਭਾਈਕਾ ਦੇ ਅੰਤਰਗਤ 6 ਯੋਗਾ ਕਲਾਸਾਂ ਚਲਾਈਆਂ ਜਾ ਰਹੀਆਂ ਹਨ। ਇਨ੍ਹਾਂ ਯੋਗਾ ਕਲਾਸਾਂ ਵਿੱਚ ਵੱਖ-ਵੱਖ ਉਮਰ ਦੇ ਲੋਕ ਭਾਗ ਲੈ ਰਹੇ ਹਨ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਸਾਂਝੀ ਕੀਤੀ। ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਦੱਸਿਆ ਕਿ ਅਸੀਂ ਇਸ ਤੋਂ ਪਹਿਲਾਂ ਕਈ ਤਰ੍ਹਾਂ ਦੀਆਂ ਸਰੀਰਕ ਸਮੱਸਿਆਵਾਂ ਨਾਲ ਜੂਝ ਰਹੇ ਸੀ ਜਿਵੇਂ ਹੀ "ਸੀ.ਐਮ ਦੀ ਯੋਗਸ਼ਾਲਾ"ਦੀ ਸ਼ੁਰੂਆਤ ਹੋਈ ਤਾਂ ਅਸੀਂ ਯੋਗਾ ਦੀਆਂ ਕਲਾਸਾਂ ਲਗਾਉਣੀਆਂ ਸ਼ੁਰੂ ਕਰ ਦਿੱਤੀਆਂ, ਜਿਸ ਦੇ ਨਾਲ ਸਾਡੀ ਜ਼ਿੰਦਗੀ ਦੇ ਵਿੱਚ ਬਹੁਤ ਵੱਡਾ ਬਦਲਾਅ ਆਇਆ ਹੈ। ਜ਼ਿਲ੍ਹਾ ਕੋਆਰਡੀਨੇਟਰ ਲਵਪ੍ਰੀਤ ਸਿੰਘ ਨੇ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਯੋਗਾ ਕਲਾਸਾਂ ਦੇ ਮੈਂਬਰਾਂ ਨੇ ਦੱਸਿਆ ਹੈ ਕਿ ਸਾਨੂੰ ਪਹਿਲਾਂ ਸਰਵਾਈਕਲ, ਬੀਪੀ ਸ਼ੂਗਰ ਅਤੇ ਬੈਕ ਪੇਨ ਵਰਗੀਆਂ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਸੀ ਜਿਨ੍ਹਾਂ ਦਾ ਅਸੀਂ ਵੱਖ-ਵੱਖ ਤਰੀਕਿਆਂ ਨਾਲ ਇਲਾਜ ਕਰਵਾ ਚੁੱਕੇ ਸੀ, ਪਰ ਉਹਨਾਂ ਦਾ ਕੋਈ ਵੀ ਪੱਕਾ ਇਲਾਜ ਪ੍ਰਾਪਤ ਨਹੀਂ ਹੋਇਆ ਪਰ ਜਿਸ ਦਿਨ ਦਾ ਅਸੀਂ ਯੋਗ ਸ਼ੁਰੂ ਕੀਤਾ ਹੈ ਉਸ ਦਿਨ ਦਾ ਸਾਡਾ ਸਰੀਰ ਬਿਲਕੁਲ ਤੰਦਰੁਸਤ ਅਤੇ ਹਲਕਾ ਰਹਿਣਾ ਸ਼ੁਰੂ ਹੋ ਚੁੱਕਿਆ ਹੈ। ਇਸ ਦੌਰਾਨ ਉਨ੍ਹਾਂ ਲੋਕਾਂ ਵੱਲੋਂ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਹੋਰ ਲੋਕਾਂ ਨੂੰ ਵੀ ਅਪੀਲ ਕੀਤੀ ਕਿ "ਸੀ.ਐਮ ਦੀ ਯੋਗਸ਼ਾਲਾ"ਦੀਆਂ ਕਲਾਸਾਂ ਆਪਣੇ ਹਰ ਪਿੰਡ ਦੇ ਵਿੱਚ ਸ਼ੁਰੂ ਕਰਵਾਓ ਤਾਂ ਕਿ ਇੱਕ ਤੰਦਰੁਸਤ ਪੰਜਾਬ ਦੀ ਸਿਰਜਣਾ ਕੀਤੀ ਜਾ ਸਕੇ। ਜ਼ਿਲ੍ਹਾ ਕੋਆਰਡੀਨੇਟਰ ਲਵਪ੍ਰੀਤ ਸਿੰਘ ਨੇ ਦੱਸਿਆ ਕਿ ਜੇਕਰ ਤੁਸੀਂ ਆਪਣੇ ਕਿਸੇ ਵੀ ਗਲੀ-ਮੁਹੱਲੇ ਵਿੱਚ "ਸੀ.ਐਮ ਦੀ ਯੋਗਸ਼ਾਲਾ"ਸ਼ੁਰੂ ਕਰਵਾਉਣਾ ਚਾਹੁੰਦੇ ਹੋ ਤਾਂ 76694-00500 ਨੰਬਰ ਉੱਪਰ ਇੱਕ ਮਿਸ ਕਾਲ ਕਰੋ ਤੁਹਾਡੇ ਕੋਲ ਟੀਚਰ ਸਰਕਾਰ ਵੱਲੋਂ ਭੇਜਿਆ ਜਾਵੇਗਾ।

# ਮਜ਼ਦੂਰ ਦਿਵਸ 'ਤੇ ਝੰਡਾ ਲਹਿਰਾ ਕੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਯਾਦ ਕੀਤਾ




ਜੋਗਾ,3 ਮਈ (ਵਿਰੋਂਦਰਪਾਲ ਮੰਤਰੋ): ਸਬ ਡਵੀਜ਼ਨ ਜੋਗਾ ਵਿਖੇ ਇੰਪਲਾਈਜ਼ ਫੈਡਰੇਸ਼ਨ ਭਾਰਦਵਾਜ਼ ਰਜਿ. 14/1965 ਪ੍ਰਧਾਨ ਜਗਰਾਜ ਸਿੰਘ ਸਬ ਡਵੀਜ਼ਨ ਜੋਗਾ ਦੀ ਅਗਵਾਈ ਵਿੱਚ ਮਜ਼ਦੂਰ ਦਿਵਸ ਤੇ ਝੰਡਾ ਲਹਿਰਾ ਕੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਦੀ ਯਾਦ ਨੂੰ ਲਾਲ ਸਲਾਮ ਦੇ ਕੇ ਸ਼ਰਧਾਂਜਲੀ ਭੇਟ ਕੀਤੀ। ਮਹੀਨਾਵਾਰ ਮੀਟਿੰਗ ਹੋਈ ਜਿਸ ਵਿੱਚ ਮੁਲਾਜ਼ਮਾਂ ਮਸਲਿਆਂ ਤੇ ਵਿਚਾਰ ਚਰਚਾ ਕੀਤੀ। ਇਸ ਮੌਕੇ ਰਾਜਵਿੰਦਰ ਦਾਸ ਸਰਕਲ ਮੀਤ ਪ੍ਰਧਾਨ ਬਠਿੰਡਾ,ਸਵਰਨ ਸਿੰਘ ਸਰਕਲ ਸਕੱਤਰ ਬਠੂ, ਅਮਰੀਕ ਸਿੰਘ ਚਹਿਲ ਮੰਡਲ ਸਕੱਤਰ ਮਾਨਸਾ,ਨਾਹਰ ਸਿੰਘ ਮੀਤ ਪ੍ਰਧਾਨ ਜੋਗਾ ਗਿਆਨ ਸਿੰਘ ਖਜਾਨਚੀ, ਜੇ ਈ ਕਾਊਂਸਲਰ ਦੇ ਸੁਖਵਿੰਦਰ ਸਿੰਘ, ਰਿਟਾਇਰੀ ਐਸੋਸ਼ੀਏਸ਼ਨ ਦੇ ਕਰਮ ਸਿੰਘ, ਜਗਦੇਵ ਸਿੰਘ ਆਦਿ ਬੁਲਾਰਿਆਂ ਨੇ ਸੰਬੋਧਨ ਕੀਤਾ।

# ਮਾਨ ਸਰਕਾਰ ਨੇ ਬੀ.ਬੀ.ਐਮ.ਬੀ. ਦੀ ਮੀਟਿੰਗ 'ਚ ਮਜ਼ਬੂਤੀ ਨਾਲ ਨਹੀਂ ਰੱਖਿਆ ਆਪਣਾ ਪੱਖ : ਦੂੱਲਟ



ਸੰਗਰੂਰ, 3 ਮਈ (ਹਰਕੰਵਲ ਸਿੰਘ ਹੈਪੀ): ਭਾਜਪਾ ਦੇ ਸੰਗਰੂਰ ਤੋਂ ਜ਼ਿਲ੍ਹਾ ਪ੍ਰਧਾਨ ਧਰਮਿੰਦਰ ਸਿੰਘ ਦੁੱਲਟ ਦੀ ਅਗਵਾਈ ਵਿੱਚ ਭਾਜਪਾ ਵਰਕਰਾਂ ਅਤੇ ਆਗੂਆਂ ਵੱਲੋਂ ਪੰਜਾਬ ਸਰਕਾਰ ਖਿਲਾਫ ਸੂਬੇ ਦੇ ਪਾਣੀ ਨੂੰ ਲੈ ਕੇ ਅਪਣਾਏ ਰਵਈਏ ਖਿਲਾਫ ਰੋਸ਼ ਜਤਾਇਆ ਗਿਆ ਅਤੇ ਪੰਜਾਬ ਸਰਕਾਰ ਤੋਂ ਇਸ ਗੰਭੀਰ ਮਸਲੇ 'ਤੇ ਮਜ਼ਬੂਤੀ ਨਾਲ ਆਪਣਾ ਪੱਖ ਰੱਖਣ ਦੀ ਮੰਗ ਕੀਤੀ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਦੁੱਲਟ ਨੇ ਕਿਹਾ ਕਿ ਮੌਜੂਦਾ ਮਾਨ ਸਰਕਾਰ ਪੰਜਾਬ ਦੇ ਪਾਣੀਆਂ ਦੇ ਮਸਲੇ ਉੱਤੇ ਰਾਜਨੀਤੀ ਤੱਕ ਹੀ ਸੀਮਤ ਹੈ ਜਦਕਿ ਪੰਜਾਬ ਦੇ ਪੱਖ ਨੂੰ ਬੀਬੀਐਮਬੀ ਦੀ ਮੀਟਿੰਗ ਵਿੱਚ ਮੁੱਖ ਮੰਤਰੀ ਵੱਲੋਂ ਮਜ਼ਬੂਤੀ ਦੇ ਨਾਲ ਰੱਖਿਆ ਜਾਣਾ ਚਾਹੀਦਾ ਸੀ। ਉਹਨਾਂ ਕਿਹਾ ਕਿ ਪੰਜਾਬ ਭਾਜਪਾ ਪੰਜਾਬ ਦੇ ਪਾਣੀ ਨੂੰ ਲੈ ਕੇ ਪੂਰੀ ਮਜ਼ਬੂਤੀ ਨਾਲ ਸੂਬੇ ਦੇ ਲੋਕਾਂ ਨਾਲ ਖੜੀ ਹੈ ਇਸ ਲਈ ਉਹ ਕਿਸੇ ਵੀ ਸੰਘਰਸ਼ ਤੋਂ ਪਿੱਛੇ ਹਟਣ ਵਾਲੇ ਨਹੀਂ ਹਨ ਪਰੰਤੂ ਮਾਨ ਸਰਕਾਰ ਨੂੰ ਆਪਣੀ ਜਿੰਮੇਵਾਰੀ ਪੂਰੀ ਤਨਦੇਹੀ ਅਤੇ ਗੰਭੀਰਤਾ ਨਾਲ ਨਿਭਾਉਣੀ ਪਵੇਗੀ ਤਦ ਜਾਕੇ ਪੰਜਾਬ ਦਾ ਪੱਖ ਮਜਬੂਤ ਹੋਵੇਗਾ। ਦੁੱਲਟ ਨੇ ਅੱਗੇ ਕਿਹਾ ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਦੀ ਮੀਟਿੰਗ ਵਿੱਚ ਹਰਿਆਣਾ ਨੂੰ 8500 ਕਿਊਸਿਕ ਪਾਣੀ ਦਿੱਤੇ ਜਾਣ ਦੇ ਫੈਸਲੇ ਨਾਲ ਪੰਜਾਬ ਦੇ ਹਿਤਾਂ ਨੂੰ ਗੰਭੀਰ ਢੰਗ ਨਾਲ ਨੁਕਸਾਨ ਪਹੁੰਚਿਆ ਹੈ ਇਸ ਲਈ ਪੰਜਾਬ ਭਾਜਪਾ ਇਸ ਫੈਸਲੇ ਨਾਲ ਬਿਲਕੁਲ ਸਹਿਮਤ ਨਹੀਂ ਹੈ ਤੇ ਇਹ ਫੈਸਲਾ ਤੁਰੰਤ ਵਾਪਸ ਲਿਆ ਜਾਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੂੰ ਆਪਣੀ ਰਾਜਨੀਤੀ ਅਤੇ ਫੋਕੀ ਬਿਆਨਬਾਜ਼ੀ ਛੱਡਕੇ ਪੰਜਾਬ ਦੇ ਪਾਣੀਆਂ ਦੇ ਮਸਲੇ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ਅਤੇ ਪੰਜਾਬ ਦੇ ਪੱਖ ਨੂੰ ਮਜ਼ਬੂਤੀ ਨਾਲ ਉਜਾਗਰ ਕਰਨਾ ਚਾਹੀਦਾ ਹੈ ਪਰੰਤੂ ਦੁੱਖ ਦੀ ਗੱਲ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਸਿਰਫ ਬਿਆਨਬਾਜ਼ੀ ਵਿੱਚ ਵਿਅਸਤ ਹਨ, ਜਦਕਿ ਅਸਲ ਲੜਾਈ ਵਿੱਚ ਪੰਜਾਬ ਪਿੱਛੇ ਰਹਿ ਗਿਆ। ਉਹਨਾਂ ਕਿਹਾ ਕਿ ਪਾਣੀ ਦੇ ਮੁੱਦੇ 'ਤੇ ਅੱਜ ਜੋ ਵੀ ਸਥਿਤੀ ਬਣੀ ਹੈ, ਉਸ ਲਈ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਸਿੱਧੀ ਤੌਰ 'ਤੇ ਜ਼ਿੰਮੇਵਾਰ ਹੈ।



# ਪਟਿਆਲਾ-ਆਸ/ਪਾਸ



## ਹਲਕਾ ਸਮਾਣਾ ਦੀਆਂ ਪੰਚਾਇਤਾਂ ਵੱਲੋਂ ਹਰਚੰਦ ਸਿੰਘ ਬਰਸਟ ਨਾਲ ਮੁਲਾਕਾਤ

### ਲੋਕਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਮੁਹੱਈਆ ਕਰਵਾਉਣਾ ਹੀ ਪੰਜਾਬ ਸਰਕਾਰ ਦਾ ਮੁੱਖ ਮਕਸਦ : ਬਰਸਟ



ਸਮਾਣਾ, 3 ਮਈ (ਵਿਜੇ ਕੁਮਾਰ/ਜਵੰਦਾ/ਸੁਖਜਿੰਦਰ/ਅਮਿਤ) : ਹਲਕਾ ਸਮਾਣਾ ਦੀਆਂ ਵੱਖ-ਵੱਖ ਗ੍ਰਾਮ ਪੰਚਾਇਤਾਂ ਵੱਲੋਂ ਸ. ਹਰਚੰਦ ਸਿੰਘ ਬਰਸਟ, ਚੇਅਰਮੈਨ ਪੰਜਾਬ ਮੰਡੀ ਬੋਰਡ ਅਤੇ ਸੂਬਾ ਜਨਰਲ ਸਕੱਤਰ ਆਮ ਆਦਮੀ ਪਾਰਟੀ (ਆਪ), ਪੰਜਾਬ ਨਾਲ ਅੱਜ ਪਟਿਆਲਾ ਦਫ਼ਤਰ ਵਿਖੇ ਮੁਲਾਕਾਤ ਕੀਤੀ ਗਈ। ਇਸ ਦੌਰਾਨ ਪੰਚਾਇਤਾਂ ਵੱਲੋਂ ਉਨ੍ਹਾਂ ਦੇ ਖੇਤਰਾਂ ਵਿੱਚ ਹੋਣ ਵਾਲੇ ਵਿਕਾਸ ਕਾਰਜਾਂ ਸਮੇਤ ਵੱਖ-ਵੱਖ ਮੁੱਦਿਆਂ ਬਾਰੇ ਸ. ਬਰਸਟ ਨੂੰ ਜਾਣੂੰ ਕਰਵਾਇਆ ਗਿਆ, ਜਿਨ੍ਹਾਂ ਨੂੰ ਸ. ਬਰਸਟ ਵੱਲੋਂ ਜਲਦ ਤੋਂ ਜਲਦ ਕਰਵਾਉਣ ਦਾ ਭਰੋਸਾ ਦਵਾਇਆ ਗਿਆ। ਇਸ ਮੌਕੇ ਸ. ਬਰਸਟ ਨੇ ਕਿਹਾ ਕਿ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੀ ਤਰੱਕੀ ਅਤੇ ਵਿਕਾਸ ਲਈ ਵਚਨਬੱਧ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਦਾ ਮੁੱਖ ਮਕਸਦ ਪਿੰਡਾਂ ਦਾ ਚਹੁੰਪਖੀ ਵਿਕਾਸ, ਲੋਕਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਦੇਣਾ ਅਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨਾ ਹੈ। ਇਸ ਕੜੀ ਦੇ ਤਹਿਤ ਲਗਾਤਾਰ ਵਿਕਾਸ ਕਾਰਜਾਂ ਨੂੰ ਅਮਲੀ ਜਾਮਾ ਪਹਿਨਾਇਆ ਜਾ ਰਿਹਾ ਹੈ। ਸੂਬਾ ਜਨਰਲ ਸਕੱਤਰ ਨੇ ਕਿਹਾ ਕਿ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਚਲਾਈ ਜਾ ਰਹੀ ਹੈ, ਜਿਸਦੇ ਪ੍ਰਭਾਵਸ਼ਾਲੀ ਨਤੀਜੇ ਮਿਲ ਰਹੇ ਹਨ। ਉਨ੍ਹਾਂ ਸਮੂੰਹ ਪੰਚਾਇਤਾਂ ਅਤੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ੇ ਦੇ ਖਾਤਮੇ ਲਈ ਚਲਾਈ ਜਾ ਰਹੀ ਮੁਹਿੰਮ ਵਿੱਚ ਆਪਣਾ ਯੋਗਦਾਨ ਪਾਉਣ, ਤਾਂ ਜੋ ਸੂਬੇ ਨੂੰ ਨਸ਼ਾ ਮੁਕਤ ਕੀਤਾ ਜਾ ਸਕੇ। ਸ. ਬਰਸਟ ਨੇ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਦਾ ਪਾਣੀ ਲੁੱਟਣ ਦੀ ਸਾਜਿਸ਼ ਕਰ ਰਹੀ ਹੈ, ਜਦਕਿ ਪੰਜਾਬ ਤਾਂ ਪਹਿਲਾ ਹੀ ਪਾਣੀ ਦੀ ਸਮੱਸਿਆ ਦਾ ਸਾਹਮਣਾ ਕਰ ਰਿਹਾ ਹੈ। ਇਸ ਮੌਕੇ ਸੋਨੀ ਸਰਪੰਚ ਤਰਖਾਣ ਮਾਜਰਾ, ਜਗਦੀਪ ਸਿੰਘ ਸਰਪੰਚ ਬਿਸ਼ਨਪੁਰ ਛੰਨਾ, ਵੀਰ ਦਵਿੰਦਰ ਸਿੰਘ ਸਰਪੰਚ ਖੇੜੀ ਭੀਮਾ, ਮਲਕੀਤ ਸਿੰਘ ਸਰਪੰਚ ਸ਼ੇਰਮਾਜਰਾ, ਅਮਰੀਕ ਸਿੰਘ ਸਰਪੰਚ ਅਚਰਾਲ ਖੁਰਦ, ਕੁਲਵੀਰ ਸਿੰਘ ਕਾਲਾ ਸਰਪੰਚ ਨਵੀਂ ਲਲੋਛੀ, ਸਤਪਾਲ ਸਿੰਘ , ਹਰਿੰਦਰ ਸਿੰਘ ਧਬਲਾਨ, ਸ਼ਾਮ ਲਾਲ ਦੱਤ ਸਮੇਤ ਹੋਰ ਲੋਕ ਵੀ ਮੌਜੂਦ ਰਹੇ।

## ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਹਰਚਰਨ ਸਿੰਘ ਭੁੱਲਰ ਹੋਏ ਨਤਮਸਤਕ



ਪਟਿਆਲਾ, 3 ਮਈ (ਰੁਪਾਣਾ) : ਨੌਂਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨਛੋਹ ਅਸਥਾਨ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ (ਆਈਪੀਐਸ) ਡੀਆਈਜੀ ਰੂਪਨਗਰ ਰੇਂਜ ਸ.ਹਰਚਰਨ ਸਿੰਘ ਭੁੱਲਰ ਨੇ ਪਟਿਆਲਾ ਰੇਂਜ ਦੇ ਡਿਪਟੀ ਇੰਸਪੈਕਟਰ ਜਨਰਲ ਪੁਲਿਸ ਡੀ.ਆਈ.ਜੀ ਵਜੋਂ ਐਡੀਸ਼ਨਲ ਚਾਰਜ ਲੈਣ ਉਪਰੰਤ ਗੁਰੂ ਘਰ ਨਤਮਸਤਕ ਹੋਏ। ਇਸ ਮੌਕੇ ਹੈਡ ਗ੍ਰੰਥੀ ਭਾਈ ਪ੍ਰਨਾਮ ਸਿੰਘ, ਮੈਨੇਜਰ ਭਾਗ ਸਿੰਘ ਚੌਹਾਨ, ਮੀਤ ਮੈਨੇਜਰ ਮਨਦੀਪ ਸਿੰਘ ਭਲਵਾਨ, ਆਤਮ ਪ੍ਰਕਾਸ਼ ਸਿੰਘ ਬੇਦੀ ਨੇ ਉਨ੍ਹਾਂ ਨੂੰ ਜੀ ਆਇਆ ਆਖਿਆ ਤੇ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਭੇਟ ਕੀਤੇ। ਇਸ ਮੌਕੇ ਗਗਨਜੀਤ ਸਿੰਘ ਪੂੰਨੀਆ, ਮਨਜੀਤ ਸਿੰਘ ਪਵਾਰ ਤੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਤੇ ਸਟਾਫ ਦੇ ਮੈਂਬਰ ਆਦਿ ਸ਼ਾਮਲ ਸਨ।

## ਪੁਲਿਸ ਵੱਲੋਂ 20 ਬੋਤਲਾਂ ਸ਼ਰਾਬ ਬ੍ਰਾਮਦ

ਪਟਿਆਲਾ, 3 ਮਈ (ਵਿਨੋਦ ਸ਼ਰਮਾ) : ਥਾਣਾ ਅਨਾਜ ਮੰਡੀ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਕਰਨ ਸਿੰਘ ਵਾਸੀ ਪਿੰਡ ਜਲਾਖੇੜੀ ਵਿਰੁੱਧ ਧਾਰਾ 61, 1, 14 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਮਨਜਿੰਦਰ ਸਿੰਘ ਸਮੇਤ ਪੁਲਿਸ ਪਾਰਟੀ ਬੱਸ ਅੱਡਾ ਫੱਗਣ ਮਾਜਰਾ ਮੌਜੂਦ ਸੀ, ਜੋ ਇਤਲਾਹ ਮਿਲੀ ਕਿ ਦੋਸ਼ੀ ਫੱਗਣ ਮਾਜਰਾ ਤੋਂ ਖਲੀਫੇਵਾਲ ਨੂੰ ਜਾਂਦੀ ਰੋਡ ਨੇੜੇ ਸ਼ਰਾਬ ਵੇਚਣ ਲਈ ਖੜ੍ਹਾ ਹੈ, ਜੋ ਕਥਿਤ ਦੋਸ਼ੀ 'ਤੇ ਰੇਡ ਕਰਕੇ 20 ਬੋਤਲਾਂ ਸ਼ਰਾਬ ਠੇਕਾ ਦੇਸੀ ਤਾਜ਼ਾ ਮਾਲਟਾ ਹਰਿਆਣਾ ਦੀਆਂ ਬ੍ਰਾਮਦ ਕੀਤੀਆਂ।

### 'ਯੁੱਧ ਨਸ਼ਿਆਂ ਵਿਰੁੱਧ'

## ਜ਼ਿਲ੍ਹੇ ਦੇ 200 ਪਿੰਡਾਂ ਦੀਆਂ ਵਿਲੇਜ ਡਿਫੈਂਸ ਕਮੇਟੀਆਂ ਵੱਲੋਂ ਬੈਠਕਾਂ



ਪਟਿਆਲਾ, 3 ਮਈ (ਰੁਪਾਣਾ) : ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪਟਿਆਲਾ ਜ਼ਿਲ੍ਹੇ 'ਚ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੀਆਂ ਹਦਾਇਤਾਂ ਅਨੁਸਾਰ ਬਲਾਕ ਪੱਧਰ 'ਤੇ ਵਿਲੇਜ ਡਿਫੈਂਸ ਕਮੇਟੀਆਂ (ਪਿੰਡਾਂ ਦੇ ਪਹਿਰੇਦਾਰ) ਦੀਆਂ ਬੈਠਕਾਂ ਸ਼ੁਰੂ ਹੋ ਗਈਆਂ ਹਨ। ਅੱਜ ਪਲੇਠੀ ਬੈਠਕ 'ਚ ਪਟਿਆਲਾ ਤੇ ਸਮਾਣਾ ਬਲਾਕ ਦੇ ਬੀ.ਡੀ.ਪੀ.ਓ. ਸੁਖਵਿੰਦਰ ਸਿੰਘ ਟਿਵਾਣਾ ਦੀ ਅਗਵਾਈ ਹੇਠ ਪਿੰਡ ਖੇੜੀ ਮਾਨੀਆ ਪਿੰਡ ਦੁੱਧੜ ਤੇ ਸਮਾਣਾ ਵਿਖੇ 200 ਪਿੰਡਾਂ ਦੀਆਂ ਵਿਲੇਜ ਡਿਫੈਂਸ ਕਮੇਟੀਆਂ ਦੀਆਂ ਮੀਟਿੰਗ ਕਰਕੇ ਇਨ੍ਹਾਂ ਪਿੰਡਾਂ ਦੀਆਂ ਕਮੇਟੀਆਂ ਨੂੰ ਨਸ਼ਿਆਂ ਖ਼ਿਲਾਫ਼ ਲਾਮਬੰਦ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਬੀ.ਡੀ.ਪੀ.ਓ. ਪਟਿਆਲਾ ਸੁਖਵਿੰਦਰ ਸਿੰਘ ਟਿਵਾਣਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਪੂਰਨ ਖਾਤਮੇ ਲਈ ਪਿੰਡ ਪੱਧਰ 'ਤੇ ਵਿਲੇਜ ਡਿਫੈਂਸ ਕਮੇਟੀਆਂ (ਪਿੰਡਾਂ ਦੇ ਪਹਿਰੇਦਾਰ) ਦਾ ਗਠਨ ਕੀਤਾ ਗਿਆ ਹੈ, ਜੋ ਪਿੰਡ ਵਿੱਚ ਨਸ਼ਾ ਵੇਚਣ ਵਾਲੇ ਤੇ ਨਸ਼ਾ ਕਰਨ ਵਾਲਿਆਂ 'ਤੇ ਬਾਜ ਅੱਖ ਰੱਖਣਗੀਆਂ ਤੇ ਇਸ ਸਬੰਧੀ ਜ਼ਿਲ੍ਹਾ ਪ੍ਰਸ਼ਾਸਨ ਨਾਲ ਰਾਬਤਾ ਰੱਖਕੇ ਪਿੰਡਾਂ 'ਚੋਂ ਨਸ਼ਿਆਂ ਦਾ ਖਾਤਮਾ ਕਰਵਾਉਣਗੀਆਂ। ਸੁਖਵਿੰਦਰ ਸਿੰਘ ਟਿਵਾਣਾ ਨੇ ਕਿਹਾ ਕਿ ਨਸ਼ਿਆਂ ਦੇ ਖਾਤਮੇ 'ਚ ਵਿਲੇਜ ਡਿਫੈਂਸ ਕਮੇਟੀ ਦਾ ਅਹਿਮ ਰੋਲ ਹੋਵੇਗਾ, ਕਿਉਂਕਿ ਇਸ ਕਮੇਟੀ ਦੇ ਜੋ ਮੈਂਬਰ ਹਨ, ਉਹ ਪਿੰਡ ਦਾ ਸਰਪੰਚ, ਆਂਗਣਵਾੜੀ ਵਰਕਰ, ਆਸ਼ਾ ਵਰਕਰ, ਪੰਚਾਇਤ ਸਕੱਤਰ ਤੇ ਜ਼ੈਲਦਾਰ ਹਨ, ਜੋ ਆਪਣੇ ਪਿੰਡ ਬਾਰੇ ਸਭ ਤੋਂ ਵੱਧ ਜਾਣਦੇ ਹੁੰਦੇ ਹਨ ਤੇ ਹਰੇਕ ਪਿੰਡ ਵਾਸੀ ਨਾਲ ਇਨ੍ਹਾਂ ਦਾ ਸਿੱਧਾ ਰਾਬਤਾ ਹੁੰਦਾ ਹੈ। ਬੈਠਕ ਦੌਰਾਨ ਪਿੰਡ ਦੁਘਾਟ ਦੇ ਸਰਪੰਚ ਬਹਾਦਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਗਈ ਮੁਹਿੰਮ ਸ਼ਲਾਘਾਯੋਗ ਹੈ। ਪਿੰਡ ਖੇੜੀ ਮਾਨੀਆ ਦੇ ਪੰਚਾਇਤ ਮੈਂਬਰ ਗੁਰਸੇਵਕ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੇ ਨਸ਼ਿਆਂ ਨੂੰ ਜੜ੍ਹ ਤੋਂ ਖਤਮ ਕਰਨ ਲਈ ਜੋ ਫੈਸਲੇ ਲਏ ਹਨ, ਇਨ੍ਹਾਂ ਫੈਸਲਿਆਂ ਨੇ ਸਾਨੂੰ ਵੀ ਇਸ ਮੁਹਿੰਮ ਨਾਲ ਜੁੜਨ ਲਈ ਪ੍ਰੇਰਿਤ ਕੀਤਾ ਹੈ। ਪਿੰਡ ਖੇੜੀ ਮਾਨੀਆ ਦੀ ਪੰਚਾਇਤ ਨਸ਼ਿਆਂ ਦੇ ਖਾਤਮੇ ਲਈ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਪੂਰਾ ਸਹਿਯੋਗ ਦੇਵੇਗੀ।

## ਪਟਿਆਲਾ ਪੁਲਿਸ ਦੇ ਜਵਾਨਾਂ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਖ਼ੂਨਦਾਨ ਕਰਨਾ ਸ਼ਲਾਘਾਯੋਗ ਉਪਰਾਲਾ : ਡਾ. ਨਾਨਕ ਸਿੰਘ



ਪਟਿਆਲਾ, 3 ਮਈ (ਚ.ਨ.ਸ.) : ਪਟਿਆਲਾ ਪੁਲਿਸ ਵੱਲੋਂ ਜ਼ਿਲ੍ਹਾ ਸਾਂਝ ਕੇਂਦਰ ਅਤੇ ਨਾਭਾ ਪਾਵਰ ਲਿਮਟਿਡ ਦੇ ਸਹਿਯੋਗ ਅਤੇ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ ਦੇ ਵਲੰਟੀਅਰ ਸਹਿਯੋਗ ਦੇ ਨਾਲ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਯੁੱਧ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਖੂਨਦਾਨ ਕੈਂਪ ਦਾ ਆਯੋਜਨ ਪੁਲਿਸ ਲਾਈਨ ਪਟਿਆਲਾ ਵਿਖੇ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਾਨ ਡੀ ਆਈ ਜੀ ਪਟਿਆਲਾ ਰੇਂਜ ਡਾਕਟਰ ਨਾਨਕ ਸਿੰਘ ਨੇ ਖੁਦ ਖੂਨਦਾਨ ਕਰਕੇ ਸ਼ਿਰਕਤ ਕੀਤੀ, ਪ੍ਰੋਗਰਾਮ ਦੀ ਪ੍ਰਧਾਨਗੀ ਐਸ ਪੀ ਹੈਡਕੁਆਰਟਰ -ਕਮ- ਜ਼ਿਲ੍ਹਾ ਕਾਮਊਨਿਟੀ ਅਫਸਰ ਵੈਭਵ ਚੌਧਰੀ ਆਈ ਪੀ ਐਸ ਅਤੇ ਡੀ.ਐੱਸ.ਪੀ. ਜਸਵਿੰਦਰ ਸਿੰਘ ਟਿਵਾਣਾ ਨੇ ਕੀਤੀ, ਵਿਸ਼ੇਸ਼ ਤੌਰ 'ਤੇ ਦਰਿਦਰਾ ਵਰਮਾ ਆਈ ਪੀ ਐਸ, ਰਸਵਿੰਦਰ ਸਿੰਘ ਅੰਡਰ ਟ੍ਰੇਨਿੰਗ ਡੀ.ਐੱਸ.ਪੀ., ਸੁਖਜਿੰਦਰ ਸਿੰਘ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ, ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਐਸ.ਆਈ. ਜਸਪਾਲ ਸਿੰਘ ਇੰਚਾਰਜ ਸਾਂਝ ਕੇਂਦਰ ਸਦਰ ਪਟਿਆਲਾ, ਐਸ ਆਈ ਪ੍ਰਦੀਪ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ 1, ਐਸ ਆਈ ਜਸਵੰਤ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ 2, ਏ.ਐਸ.ਆਈ. ਭੁਪਿੰਦਰ ਸਿੰਘ ਇੰਚਾਰਜ ਸਾਂਝ ਕੇਂਦਰ ਬਨੂੰੜ, ਜਗਵਿੰਦਰ ਸਿੰਘ ਬੁੱਟਰ ਇੰਚਾਰਜ ਸਿਟੀ ਟ੍ਰੈਫਿਕ-2, ਐਸ ਆਈ ਭਗਵਾਨ ਸਿੰਘ ਲਾਡੀ ਪਹੇੜੀ, ਇੰਸਪੈਕਟਰ ਅਜੇ ਕੁਮਾਰ ਐਸ ਐਚ ਓ ਘੱਗਾ, ਇੰਸਪੈਕਟਰ ਕੁਲਵਿੰਦਰ ਸਿੰਘ, ਐਸ.ਐਚ.ਓ. ਸੁਖਦੇਵ ਸਿੰਘ ਥਾਣਾ ਬਖਸ਼ੀਵਾਲਾ, ਏ.ਐਸ.ਆਈ. ਗੁਰਪਿਆਰ ਸਿੰਘ, ਭੁਪਿੰਦਰ ਕੌਰ ਕਰੋਜੀਵਾਲਾ, ਸਟੇਟ ਐਵਾਰਡੀ ਰੁਪਿੰਦਰ ਕੌਰ, ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਲੱਕੀ ਹਰਦਾਸਪੁਰ, ਹਰਮਨਜੀਤ ਸਿੰਘ ਰੰਧਾਵਾ ਨੇ ਭਰਪੂਰ ਸਹਿਯੋਗ ਦਿੱਤਾ। ਇਸ ਮੌਕੇ ਸੰਬੋਧਨ ਕਰਦਿਆ ਡੀ.ਆਈ.ਜੀ. ਪਟਿਆਲਾ ਰੇਂਜ ਡਾ. ਨਾਨਕ ਸਿੰਘ ਨੇ ਕਿਹਾ ਕਿ ਪੰਜਾਬ ਪੁਲਿਸ ਦੇ ਵੱਖ ਵੱਖ ਥਾਣਿਆਂ ਜਵਾਨਾਂ ਅਤੇ ਸਮਾਜ ਸੇਵੀ ਸੰਸਥਾਵਾਂ ਦੇ ਨੌਜਵਾਨਾ ਵਲੋਂ ਖੂਨਦਾਨ ਕਰਨਾ ਬਹੁਤ ਹੀ ਸ਼ਲਾਘਾਯੋਗ ਉੱਦਮ ਹੈ, ਅਤੇ ਉਹਨਾਂ ਵਲੋਂ ਬੇਸ਼ਕੀਮਤੀ ਜਾਨਾਂ ਨੂੰ ਬਚਾਉਣ ਲਈ ਅੱਗੇ ਆਉਣਾ ਸ਼ਲਾਘਾਯੋਗ ਉਪਰਾਲਾ ਹੈ ਉਹਨਾਂ ਕਿਹਾ ਕਿ ਖੂਨਦਾਨੀ ਪ੍ਰਮਾਤਮਾ ਵਲੋਂ ਭੇਜੇ ਦੂਤਾ ਸਮਾਨ ਹੁੰਦੇ ਹਨ ਜਿਹੜੇ ਆਪਣਾ ਖੂਨਦਾਨ ਕਰਕੇ ਕਿਸੇ ਦੀ ਬੇਸ਼ਕੀਮਤੀ ਜਾਂਨ ਬਚਾਉਂਦੇ ਹਨ। ਇਸ ਲਈ ਸਾਨੂੰ ਸਾਰਿਆਂ ਨੂੰ ਵੱਧ ਤੋਂ ਵੱਧ ਖੂਨਦਾਨ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ। ਇਸ ਮੌਕੇ ਸਰਕਾਰੀ ਰਾਜਿੰਦਰਾ ਹਸਪਤਾਲ ਦੇ ਬਲੱਡ ਬੈਂਕ ਵਲੋਂ ਡਾ. ਰਜਨੀ ਬੱਸੀ, ਡਾ. ਵਿਨੇ, ਡਾ. ਮਰਾਦਿਆ, ਡਾ. ਤਾਨੀਆ, ਡਾ. ਅੰਮ੍ਰਿਤ ਅਤੇ ਪੀ.ਆਰ.ਓ.ਸੁਖਵਿੰਦਰ ਸਿੰਘ ਅਤੇ ਲਾਈਫ ਲਾਇਨ ਬਲੱਡ ਬੈਂਕ ਵਲੋਂ ਡਾ. ਅਰਸ਼ਪ੍ਰੀਤ ਕੌਰ ਅਤੇ ਸਾਗਰ ਅਰੋੜਾ ਦੀ ਅਗਵਾਈ ਹੇਠ ਬਲੱਡ ਇੱਕਤਰ ਕੀਤਾ ਗਿਆ।

## ਗੌਤਮ ਚੀਮਾ ਨੇ ਸਬ-ਜੇਲ ਮਲੇਰਕੋਟਲਾ ਦੀ ਕੀਤੀ ਅਚਨਚੇਤ ਚੈਕਿੰਗ



ਮਲੇਰਕੋਟਲਾ, 3 ਮਈ (ਚ.ਨ.ਸ.) : ਮੁੱਖ ਮੰਤਰੀ ਪੰਜਾਬ ਸਰਕਾਰ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਆਰੰਭੀ ਵਿਸ਼ੇਸ਼ ਮੁਹਿੰਮ ਤਹਿਤ ਡਾਇਰੈਕਟਰ ਜਨਰਲ ਪੁਲਿਸ, ਪੰਜਾਬ (ਚੰਡੀਗੜ੍ਹ) ਦੇ ਹੁਕਮਾਂ ਅਨੁਸਾਰ ਇੰਸਪੈਕਟਰ ਜਨਰਲ ਪੁਲਿਸ ਐੱਸ.ਓ.ਜੀ, ਪੰਜਾਬ ਸ੍ਰੀ ਗੌਤਮ ਚੀਮਾ ਦੀ ਨਿਗਰਾਨੀ ਹੇਠ ਸੀਨੀਅਰ ਕਪਤਾਨ ਪੁਲਿਸ ਮਾਲੇਰਕੋਟਲਾ ਗਗਨ ਅਜੀਤ ਸਿੰਘ ਅਤੇ ਜ਼ਿਲ੍ਹਾ ਮਾਲੇਰਕੋਟਲਾ ਵਿਖੇ ਤਾਇਨਾਤ ਸਮੂਹ ਗਜਟਿਡ ਅਫਸਰ, ਇੰਚਾਰਜ ਸੀ.ਆਈ.ਏ ਮਾਹੋਰਾਣਾ ਅਤੇ ਸਬ-ਡਵੀਜਨ ਮਾਲੇਰਕੋਟਲਾ ਵਿਖੇ ਤਾਇਨਾਤ ਮੁੱਖ ਅਫਸਰਾਨ ਥਾਣਾਜਾਤ ਵੱਲੋਂ ਪੁਲਿਸ ਮੁਲਾਜ਼ਮਾਂ ਸਮੇਤ ਸਬ-ਜੇਲ ਮਾਲੇਰਕੋਟਲਾ ਦੀ ਅਚਨਚੇਤ ਚੈਕਿੰਗ ਕੀਤੀ ਗਈ, ਇਸ ਚੈਕਿੰਗ ਦੌਰਾਨ ਸਬ-ਜੇਲ ਮਾਲੇਰਕੋਟਲਾ ਦੀ ਬਿਲਡਿੰਗ ਦੇ ਸੁਰੱਖਿਆ ਪ੍ਰਬੰਧਾਂ ਬਾਰੇ ਸਮੀਖਿਆ ਕੀਤੀ ਗਈ। ਵਿਸ਼ੇਸ਼ ਚੈਕਿੰਗ ਦੌਰਾਨ ਸਬ-ਜੇਲ ਮਾਲੇਰਕੋਟਲਾ ਵਿੱਚ ਹਾਜਰ ਕੁੱਲ 299 ਹਵਾਲਾਤੀਆਂ/ਕੈਦੀਆਂ ਦੀ ਫਿਜੀਕਲ ਤੌਰ 'ਤੇ ਤਲਾਸ਼ੀ ਲੈਣ ਦੇ ਨਾਲ ਨਾਲ ਉਹਨਾਂ ਹਵਾਲਾਤੀਆਂ/ਕੈਦੀਆਂ ਦੀਆ ਬੈਰਕਾਂ ਦੀ ਵੀ ਚੰਗੀ ਤਰ੍ਹਾਂ ਤਲਾਸ਼ੀ ਲਈ ਗਈ, ਪ੍ਰੰਤੂ ਤਲਾਸ਼ੀ ਦੌਰਾਨ ਕਿਸੇ ਵੀ ਹਵਾਲਾਤੀ/ਕੈਦੀ ਪਾਸੋਂ ਕੋਈ ਵੀ ਮੋਬਾਇਲ ਜਾਂ ਗੈਰਕਾਨੂੰਨੀ ਵਸਤੂ ਪ੍ਰਾਪਤ ਨਹੀਂ ਹੋਈ। ਇਸ ਮੌਕੇ ਸਬ-ਜੇਲ ਮਾਲੇਰਕੋਟਲਾ ਦੀਆਂ ਬੈਰਕਾ ਤੋਂ ਇਲਾਵਾ ਬਿਲਡਿੰਗ ਵਿੱਚ ਬਣੀ ਮੈਸ ਅਤੇ ਸਟੋਰ ਆਦਿ ਵਗੈਰਾ ਦੀ ਵੀ ਚੰਗੀ ਤਰਾਂ ਨਾਲ ਚੈਕਿੰਗ ਕੀਤੀ ਗਈ। ਇੰਸਪੈਕਟਰ ਜਨਰਲ ਪੁਲਿਸ ਐੱਸ.ਓ.ਜੀ, ਪੰਜਾਬ ਗੌਤਮ ਚੀਮਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਇਹ ਵਿਸ਼ੇਸ਼ ਅਭਿਆਨ ਚਲਾਇਆ ਗਿਆ ਹੈ, ਜਿਨ੍ਹਾਂ ਵੱਲੋਂ ਆਮ ਪਬਲਿਕ ਨੂੰ ਵਿਸ਼ਵਾਸ ਦਿਵਾਉਂਦੇ ਹੋਏ ਨਸ਼ਾ ਤਸਕਰਾਂ ਖਿਲਾਫ ਕਾਰਵਾਈ ਦਾ ਭਰੋਸਾ ਦਵਾਇਆ ਗਿਆ ਅਤੇ ਆਮ ਪਬਲਿਕ ਨੂੰ ਪੰਜਾਬ ਪੁਲਿਸ ਦਾ ਸਾਥ ਦੇਣ ਦੀ ਅਪੀਲ ਕੀਤੀ । ਇਸ ਤੋਂ ਇਲਾਵਾ ਸਬ-ਜੇਲ ਮਾਲੇਰਕੋਟਲਾ ਦੇ ਜੇਲ ਸੁਪਰਡੈਂਟ ਨੂੰ ਜੇਲ ਮਾਲੇਰਕੋਟਲਾ ਦੀ ਸੁਰੱਖਿਆ ਸਬੰਧੀ ਅਤੇ ਹਵਲਾਤੀਆਂ/ਕੈਦੀਆਂ ਨੂੰ ਚੰਗਾ ਮਾਹੌਲ ਪ੍ਰਦਾਨ ਕਰਨ ਲਈ ਉਚਿੱਤ ਹਦਾਇਤਾਂ ਦਿੱਤੀਆਂ ਗਈਆਂ।

## ਵੱਖ-ਵੱਖ ਥਾਵਾਂ ਤੋਂ 332 ਨਸ਼ੀਲੀਆਂ ਗੋਲ਼ੀਆਂ ਬ੍ਰਾਮਦ

ਪਟਿਆਲਾ, 3 ਮਈ (ਚ.ਨ.ਸ.) : ਥਾਣਾ ਅਨਾਜ ਮੰਡੀ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਕਰਮ ਸਿੰਘ ਵਾਸੀ ਪਿੰਡ ਰਾਜਗੜ੍ਹ ਵਿਰੁੱਧ ਧਾਰਾ 22, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਰਾਜ ਸਿੰਘ ਸਿੰਘ ਸਮੇਤ ਪੁਲਿਸ ਪਾਰਟੀ ਪਿੰਡ ਮਿਰਜਾਪੁਰ ਮੌਜੂਦ ਸੀ, ਜੋ ਕਥਿਤ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 200 ਨਸ਼ੀਲੀਆਂ ਗੋਲੀਆਂ ਬ੍ਰਾਮਦ ਹੋਈਆਂ। ਇਸੇ ਤਰ੍ਹਾਂ ਥਾਣਾ ਸਦਰ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਸੂਰਜ ਪ੍ਰਤਾਪ ਸਿੰਘ ਵਾਸੀ ਪਿੰਡ ਸ਼ੇਖੂਪੁਰਾ ਵਿਰੁੱਧ ਧਾਰਾ 22, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਸਰਬਜੀਤ ਸਿੰਘ ਸਮੇਤ ਪੁਲਿਸ ਪਾਰਟੀ ਅੰਡਰ ਬ੍ਰਿਜ ਬਹਾਦਰਗੜ੍ਹ ਮੌਜੂਦ ਸੀ, ਜੋ ਇਤਲਾਹ ਮਿਲੀ ਕਿ ਕਥਿਤ ਦੋਸ਼ੀ ਰੇਲਵੇ ਟਰੈਕ ਪਿੰਡ ਦੌਣ ਕਲਾਂ ਪਾਸ ਨਸ਼ੀਲੀਆਂ ਗੋਲੀਆਂ ਵੇਚ ਰਿਹਾ ਹੈ, ਜੋ ਦੋਸ਼ੀ ਪਰ ਰੇਡ ਕਰਕੇ 132 ਖੁੱਲ੍ਹੀਆਂ ਨਸ਼ੀਲੀਆਂ ਗੋਲੀਆਂ ਬ੍ਰਾਮਦ ਕੀਤੀਆਂ।

## ਜ਼ਿਲ੍ਹਾ ਸਿਹਤ ਵਿਭਾਗ ਦੀਆਂ ਟੀਮਾਂ ਨੇ ਨਰਸਿੰਗ ਵਿਦਿਆਰਥੀਆਂ ਦੇ ਸਹਿਯੋਗ ਨਾਲ ਚਲਾਇਆ ਡੇਂਗੂ ਵਿਰੋਧੀ ਡਰਾਈ ਡੇਅ ਅਭਿਆਨ

### ➢36 ਥਾਵਾਂ 'ਤੇ ਮੱਛਰਾਂ ਦਾ ਲਾਰਵਾ ਪਾਏ ਜਾਣ 'ਤੇ ਕਰਵਾਇਆ ਨਸ਼ਟ : ਡਾ.ਜਗਪਾਲਇੰਦਰ ਸਿੰਘ



ਪਟਿਆਲਾ, 3 ਮਈ (ਰੁਪਾਣਾ/ਦੀਪਕ ਜੈਦਕਾ) : ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਡੇਂਗੂ ਬਿਮਾਰੀ ਦੀ ਰੋਕਥਾਮ ਲਈ ਵਿਸ਼ੇਸ ਤੌਰ ਤੇ ਡੇਂਗੂ ਵਿਰੋਧੀ ਡਰਾਈ ਡੇਅ ਅਭਿਆਨ ਚਲਾਇਆ ਗਿਆ । ਜਿਸ ਦੀ ਅਗਵਾਈ ਸਿਵਲ ਸਰਜਨ ਡਾ. ਜਗਪਾਲਇੰਦਰ ਸਿੰਘ ਨੇ ਕੀਤੀ। ਜ਼ਿਲ੍ਹਾ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਸਰਕਾਰੀ ਅਤੇ ਪ੍ਰਾਈਵੇਟ ਨਰਸਿੰਗ ਸਕੂਲਾਂ/ਕਾਲਜ਼ਾਂ ਦੇ ਨਰਸਿੰਗ ਵਿਦਿਆਰਥੀਆਂ ਅਤੇ ਆਸ਼ਾ ਵਰਕਰ ਦੇ ਸਹਿਯੋਗ ਨਾਲ ਡੇਂਗੂ ਲਾਰਵੇ ਦੀ ਜਾਂਚ ਲਈ ਲਾਰਵੇ ਦੇ ਹਾਟ-ਸਪਾਟ ਇਲਾਕਿਆਂ ਦੀ ਚੈਕਿੰਗ ਲਈ ਜਿਲ੍ਹੇ ਭਰ ਵਿੱਚ ਸਪੈਸ਼ਲ ਕੰਪੇਨ ਚਲਾਈ ਗਈ । ਜਿਸ ਤਹਿਤ ਪਟਿਆਲਾ ਸ਼ਹਿਰ ਵਿੱਚ ਬੈਕ ਸਾਈਡ ਪੁਰਾਣਾ ਬੱਸ ਸਟੈਂਡ, ਗਾਂਧੀ ਨਗਰ,4 ਨੰਬਰ ਡਿਵੀਜਨ ,ਰੋਜ ਗਾਰਡਨ ਏਰੀਆ, ਪੂਜਾ ਸਵੀਟਸ ਤੋਂ ਟੀਬੀ ਹਸਪਤਾਲ ਰੋਡ ,ਅਰੋੜਿਆਂ ਸਟਰੀਟ , ਨਿਰੰਕਾਰੀ ਸਤਿਸੰਗ ਭਵਨ, ਸ਼ੇਰੇ-ਏ-ਪੰਜਾਬ ਮਾਰਕੀਟ, ਆਯੂਰਵੈਦਿਕ ਕਾਲਜ, ਪੁਰਾਣੀ ਸਬਜੀ ਮੰਡੀ, ਆਰੀਆ ਸਮਾਜ,ਸੋਡਾ ਵਾਟਰ ਵਾਲੀ ਗਲੀ, ਪਲੇਅ-ਵੇਅ ਸਕੂਲ,ਗੁਰ ਨਾਨਕ ਨਗਰ, ਰਵੀਦਾਸ ਕਲੋਨੀ ਫੈਕਟਰੀ ਏਰੀਆ,ਧੀਰੂ ਨਗਰ, ਅਬਲੋਵਾਲ, ਬਾਬੂ ਸਿੰਘ ਕਲੋਨੀ ਆਦਿ ਵਿੱਚ ਜਾ ਕੇ ਚੈਕਿੰਗ ਕੀਤੀ ਗਈ । ਇਸ ਮੌਕੇ ਘਰ-ਘਰ ਜਾ ਕੇ ਆਮ ਜਨਤਾ ਨੂੰ ਡੇਂਗੂ ਅਤੇ ਮਲੇਰੀਆ ਤੋਂ ਬਚਾਅ ਸਬੰਧੀ ਜਾਣਕਾਰੀ ਮੁਹਈਆ ਕਰਵਾਈ ਗਈ ਅਤੇ ਪਾਣੀ ਦੇ ਖੜੇ ਸਰੋਤਾਂ ਦੀ ਚੈਕਿੰਗ ਕੀਤੀ ਗਈ , ਜਿਨ੍ਹਾਂ ਘਰਾਂ ਅਤੇ ਥਾਵਾਂ ਵਿੱਚ ਡੇਂਗੂ ਦਾ ਲਾਰਵਾ ਮਿਲਿਆ, ਉਸ ਨੂੰ ਮੌਕੇ 'ਤੇ ਹੀ ਨਸ਼ਟ ਕੀਤਾ ਗਿਆ ਅਤੇ ਚੇਤਾਵਨੀ ਨੋਟਿਸ ਵੀ ਦਿੱਤੇ ਗਏ। ਲੋਕਾਂ ਨੂੰ ਦੱਸਿਆ ਗਿਆ ਕਿ ਮੱਛਰਾਂ ਦੀ ਪੈਦਾਇਸ਼ ਨੂੰ ਰੋਕਣ ਲਈ ਆਪਣੇ ਘਰਾਂ ਦੀਆਂ ਛੱਤਾਂ ਜਾਂ ਵਿਹੜੇ ਵਿੱਚ ਪਏ ਕਬਾੜ ਆਦਿ ਸਮਾਨ ਵਿੱਚ ਪਾਣੀ ਜਮਾਂ ਨਾ ਹੋਣ ਦਿੱਤਾ ਜਾਵੇ, ਆਲੇ ਦੁਆਲੇ ਦੀ ਸਾਫ-ਸਫਾਈ ਵੱਲ ਖਾਸ ਧਿਆਨ ਦਿੱਤਾ ਜਾਵੇ। ਇਸ ਅਭਿਆਨ ਵਿੱਚ ਟੀਮਾਂ ਦਾ ਨਿਰੀਖਣ ਸਿਵਲ ਸਰਜਨ ਸਮੇਤ ਜ਼ਿਲ੍ਹਾ ਪ੍ਰੋਗਰਾਮ ਅਫਸਰਾਂ ਅਤੇ ਸੀਨੀਅਰ ਮੈਡੀਕਲ ਅਫਸਰਾਂ ਵੱਲੋਂ ਕੀਤਾ ਗਿਆ। ਸਿਵਲ ਸਰਜਨ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਅਪਣੇ ਆਲੇ ਦੁਆਲੇ ਦੀ ਸਫਾਈ ਰੱਖੀ ਜਾਵੇ ਅਤੇ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ ,ਪਾਣੀ ਦੀ ਨਿਕਾਸੀ ਕੀਤੀ ਜਾਵੇ। ਜ਼ਿਲ੍ਹਾ ਐਪੀਡੇਮਿਲੋਜਿਸਟ ਡਾ. ਸੁਮੀਤ ਸਿੰਘ ਨੇ ਦੱਸਿਆ ਕਿ ਡੇਂਗੂ ਵਿਰੋਧੀ ਚਲਾਏ ਡਰਾਈ ਡੇਅ ਅਭਿਆਨ ਅਧੀਨ ਸਟਾਫ ਦੀਆਂ ਟੀਮਾਂ ਨਾਲ ਨਰਸਿੰਗ ਵਿਦਿਆਰਥੀਆਂ ਵੱਲੋਂ ਜ਼ਿਲ੍ਹੇ ਭਰ ਦੇ 26176 ਘਰਾਂ ਵਿਚ ਪਹੁੰਚ ਕੇ ਡੇਂਗੂ ਲਾਰਵੇ ਦੀ ਚੈਕਿੰਗ ਕੀਤੀ ਗਈ ਅਤੇ 23 ਥਾਂਵਾ 'ਤੇ ਮਿਲੇ ਲਾਰਵੇ ਨੂੰ ਟੀਮਾਂ ਵੱਲੋਂ ਮੌਕੇ 'ਤੇ ਹੀ ਨਸ਼ਟ ਕਰਵਾ ਦਿੱਤਾ ਗਿਆ। ਉਹਨਾਂ ਇਹ ਵੀ ਦੱਸਿਆ ਕਿ ਹੁਣ ਤੱਕ ਸਿਹਤ ਟੀਮਾਂ ਵੱਲੋਂ ਖੁਸ਼ਕ ਦਿਵਸ ਮੁਹਿੰਮ ਤਹਿਤ 64,366 ਤੋਂ ਵੱਧ ਘਰਾਂ ਦਾ ਸਰਵੇ ਕੀਤਾ ਜਾ ਚੁੱਕਾ ਹੈ, ਜਿਹਨਾਂ ਵਿੱਚ 36 ਥਾਂਵਾ 'ਤੇ ਮਿਲੇ ਲਾਰਵੇ ਨੂੰ ਟੀਮਾਂ ਵੱਲੋਂ ਮੌਕੇ 'ਤੇ ਹੀ ਨਸ਼ਟ ਕਰਵਾ ਦਿੱਤਾ ਗਿਆ ਹੈ ਅਤੇ ਸਬੰਧਿਤ ਪਰਿਵਾਰਾਂ ਨੂੰ ਅਗਾਂਹ ਲਈ ਬਚਾਅ ਸਬੰਧੀ ਜਾਗਰੂਕ ਕੀਤਾ ਗਿਆ। ਉਨ੍ਹਾਂ ਨੇ ਦੱਸਿਆ ਕਿ ਕਿਸੇ ਕਿਸਮ ਦਾ ਬੁਖਾਰ ਹੋਣ ਤੇ ਜਾਂਚ ਕਰਵਾਉਣੀ ਯਕੀਨੀ ਬਣਾਈ ਜਾਵੇ, ਜੋ ਕਿ ਸਰਕਾਰੀ ਸਿਹਤ ਸੰਸ਼ਥਾਵਾਂ ਵਿੱਚ ਮੁਫਤ ਮੌਜੂਦ ਹੈ। ਉਹਨਾਂ ਕਿਹਾ ਕਿ ਇਹ ਗਤੀਵਿਧੀਆਂ ਲਗਾਤਾਰ ਜਾਰੀ ਰਹਿਣਗੀਆਂ।

## ਪ੍ਰਿੰ. ਬਹਾਦਰ ਸਿੰਘ ਗੋਸਲ ਵੱਲੋਂ ਅਕਾਲ ਅਕੈਡਮੀ ਬਲਬੇੜਾ ਦੀ ਲਾਇਬ੍ਰੇਰੀ ਲਈ ਮੁਫ਼ਤ ਪੁਸਤਕਾਂ ਭੇਟ



ਪਟਿਆਲਾ, 3 ਮਈ (ਰੁਪਾਣਾ) : ਵਿਸ਼ਵ ਪੰਜਾਬੀ ਪ੍ਰਚਾਰ ਸਭਾ ਚੰਡੀਗੜ੍ਹ ਦੇ ਸੈਕਟਰ-41 (ਬਡਹੇੜੀ) ਚੰਡੀਗੜ੍ਹ ਸਥਿਤ ਦਫਤਰ ਤੋਂ ਜਾਰੀ ਇੱਕ ਪ੍ਰੈਸ ਨੋਟ ਵਿੱਚ ਦੱਸਿਆ ਕਿ ਸੰਸਥਾ ਦੇ ਪ੍ਰਧਾਨ ਪ੍ਰਿੰ. ਬਹਾਦਰ ਸਿੰਘ ਗੋਸਲ ਵੱਲੋਂ ਅਕਾਲ ਅਕੈਡਮੀ ਬਲਬੇੜਾ (ਪਟਿਆਲਾ) ਦੀ ਵਿਸ਼ੇਸ਼ ਫੇਰੀ ਸਮੇਂ, ਅਕੈਡਮੀ ਦੀ ਪ੍ਰਿੰਸੀਪਲ ਮੀਰਾ ਵਰਮਾ ਅਤੇ ਦੂਜੇ ਅਧਿਆਪਕਾਂ ਅਤੇ ਵਿਦਿਆਰਥੀਆਂ ਨਾਲ ਮੁਲਾਕਾਤ ਕੀਤੀ। ਇਸ ਮੌਕੇ 'ਤੇ ਪ੍ਰਿੰ. ਬਹਾਦਰ ਸਿੰਘ ਗੋਸਲ ਨੇ ਅਕਾਲ ਅਕੈਡਮੀ ਬਲਬੇੜਾ ਦੀ ਪ੍ਰਿੰਸੀਪਲ ਮੀਰਾ ਵਰਮਾ ਨੂੰ ਅਕੈਡਮੀ ਦੀ ਲਾਇਬ੍ਰੇਰੀ ਲਈ ਪ੍ਰਿੰ. ਗੋਸਲ ਰਚਿਤ ਪੁਸਤਕਾਂ ਮੁਫਤ ਭੇਟ ਕੀਤੀਆਂ ਤਾਂ ਕਿ ਅਕੈਡਮੀ ਦੇ ਅਧਿਆਪਕ ਅਤੇ ਬੱਚੇ ਪੰਜਾਬੀ ਦੀਆਂ ਇਨ੍ਹਾਂ ਵਿਲੱਖਣ ਪੁਸਤਕਾਂ ਦਾ ਲਾਭ ਉਠਾ ਸਕਣ। ਇਸ ਮੌਕੇ ਤੇ ਉਨ੍ਹਾਂ ਨਾਲ ਕਰਨਲ ਜਸਜੀਤ ਸਿੰਘ ਕਾਹਲੋਂ, ਡਾ. ਨਿਰਮਲ ਗੋਇਲ, ਮੈਡਮ ਨਵਜੀਤ ਕੌਰ ਅਤੇ ਅਕੈਡਮੀ ਦੇ ਅਧਿਆਪਕ ਵੀ ਹਾਜ਼ਰ ਸਨ। ਪ੍ਰਿੰ. ਗੋਸਲ ਰਚਿਤ ਜਿਹੜੀਆਂ ਪੁਸਤਕਾਂ ਲਾਇਬ੍ਰੇਰੀ ਲਈ ਭੇਟ ਕੀਤੀਆਂ ਗਈਆਂ ਉਨ੍ਹਾਂ ਵਿੱਚ 'ਮੇਰੇ ਚੋਣਵੇਂ ਲੇਖ', 'ਪ੍ਰੀਤਾਂ ਪੰਜਾਬੀ ਸੱਭਿਆਚਾਰ ਦੀਆਂ', 'ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ', 'ਸਿੱਖ ਇਤਿਹਾਸ ਦੇ ਅਜਬ ਪੰਨੇ', 'ਸੱਭਿਆਚਾਰਕ ਹਵੇਲੀਆਂ' ਅਤੇ ਕਈ ਬਾਲ ਪੁਸਤਕਾਂ ਵੀ ਸ਼ਾਮਲ ਸਨ। ਅਕਾਲ ਅਕੈਡਮੀ ਦੀ ਪ੍ਰਿੰਸੀਪਲ ਮੀਰਾ ਵਰਮਾ ਨੇ ਪ੍ਰਿੰ. ਗੋਸਲ ਨੂੰ 100 ਤੋਂ ਵੱਧ ਪੁਸਤਕਾਂ ਲਿਖਣ ਲਈ ਵਧਾਈ ਦਿੱਤੀ। ਮੈਡਮ ਮੀਰਾ ਵਰਮਾ ਜੀ ਨੇ ਵੀ ਗੋਸਲ ਵੱਲੋਂ ਲਿਖੀਆਂ ਇਨ੍ਹਾਂ ਕਿਤਾਬਾਂ ਦੀ ਬਹੁਤ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਇਹ ਪੁਸਤਕਾਂ ਅਧਿਆਪਕਾਂ ਅਤੇ ਬੱਚਿਆਂ ਲਈ ਬਹੁਤ ਲਾਹੇਵੰਦ ਹਨ। ਇਸ ਮੌਕੇ 'ਤੇ ਪ੍ਰਿੰ. ਬਹਾਦਰ ਸਿੰਘ ਗੋਸਲ ਵੱਲੋਂ ਆਪਣੀ 108ਵੀਂ ਪੁਸਤਕ ਕਰਨਲ ਜਸਜੀਤ ਸਿੰਘ ਕਾਹਲੋਂ ਨੂੰ ਵੀ ਭੇਟ ਕੀਤੀ ਗਈ। ਜਿਨ੍ਹਾਂ ਨੇ ਪ੍ਰਿੰ. ਬਹਾਦਰ ਸਿੰਘ ਗੋਸਲ ਨੂੰ ਉਨ੍ਹਾਂ ਦੀ 108ਵੀਂ ਅਤੇ ਬਹੁਤ ਹੀ ਗਿਆਨ ਭਰਪੂਰ ਧਾਰਮਿਕ ਲੇਖਾਂ ਲਈ ਵਧਾਈ ਦਿੱਤੀ।

## 75 ਮਿਲੀਗ੍ਰਾਮ ਤੋਂ ਵੱਧ ਮਾਤਰਾ ਵਾਲੀ ਪ੍ਰੀਗਾਬਾਲਿਨ ਦਵਾਈ 'ਤੇ ਪਾਬੰਦੀ, ਏ. ਡੀ. ਸੀ. ਵੱਲੋਂ ਹੁਕਮ ਜਾਰੀ

ਪਟਿਆਲਾ, 3 ਮਈ (ਰੁਪਾਣਾ) : ਪਟਿਆਲਾ ਦੇ ਵਧੀਕ ਡਿਪਟੀ ਕਮਿਸ਼ਨਰ (ਜ)-ਕਮ-ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਇਸ਼ਾ ਸਿੰਗਲ ਨੇ ਭਾਰਤੀਆ ਨਾਗਰਿਕ ਸੁਰੱਖਿਆ ਸੰਹਿਤਾ-2023 ਦੀ ਧਾਰਾ 163 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਪ੍ਰੀਗਾਬਾਲਿਨ ਦੀ 75 ਮਿਲੀਗ੍ਰਾਮ ਤੋਂ ਵੱਧ ਮਾਤਰਾ ਵਾਲੀਆਂ ਦਵਾਈਆਂ, ਗੋਲੀਆਂ ਤੇ ਕੈਪਸੂਲਾਂ ਦੀ ਵਿਕਰੀ ਅਤੇ ਭੰਡਾਰਨ 'ਤੇ ਪਾਬੰਦੀ ਲਗਾਈ ਹੈ। ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਦੇ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਦਵਾਈਆਂ ਦੇ ਥੋਕ ਤੇ ਪ੍ਰਚੂਨ ਵਿਕਰੇਤਾ, ਕੈਮਿਸਟਸ, ਮੈਡੀਕਲ ਸਟੋਰਾਂ ਵਾਲੇ, ਹਸਪਤਾਲਾਂ ਦੇ ਅੰਦਰ ਫਾਰਮੇਸੀਆਂ ਜਾਂ ਕੋਈ ਵੀ ਹੋਰ ਵਿਅਕਤੀ ਪ੍ਰੀਗਾਬਾਲਿਨ ਦੀ 75 ਐਮ.ਜੀ. ਤੋਂ ਵੱਧ ਵਾਲੀ ਦਵਾਈ ਦੀ ਬਿਨ੍ਹਾਂ ਅਸਲ ਡਾਕਟਰ ਦੀ ਪਰਿਸਕ੍ਰਿਪਸ਼ਨ ਸਲਿਪ ਦੇ ਕਿਸੇ ਨੂੰ ਵਿਕਰੀ ਨਹੀਂ ਕਰੇਗਾ। ਇਹ ਪਾਬੰਦੀ ਜ਼ਿਲ੍ਹੇ ਵਿੱਚ ਵੱਖ-ਵੱਖ ਸਮਾਜਿਕ ਜਥੇਬੰਦੀਆਂ ਵੱਲੋਂ ਦਿੱਤੀ ਸੂਚਨਾ ਦੇ ਮੱਦੇਨਜ਼ਰ ਸਿਵਲ ਸਰਜਨ ਦੀ ਅਗਵਾਈ ਹੇਠ ਇੱਕ ਕਮੇਟੀ ਵੀ ਗਠਿਤ ਕੀਤੀ ਗਈ ਹੈ, ਜਿਸ ਵੱਲੋਂ ਪ੍ਰੀਗਾਬਾਲਿਨ ਖਾਣ ਦੇ ਮਾੜੇ ਪ੍ਰਭਾਵਾਂ ਦੀ ਇੱਕ ਰਿਪੋਰਟ ਵੀ ਤਿਆਰ ਕੀਤੀ ਗਈ ਕਿ 75 ਐਮ.ਜੀ. ਤੋਂ ਵੱਧ ਮਾਤਰਾ ਵਾਲੀ ਪ੍ਰੀਗਾਬਾਲਿਨ ਦਵਾਈ ਦੀ ਦੁਰਵਰਤੋਂ ਕੀਤੀ ਜਾਂਦੀ ਹੈ ਅਤੇ ਇਸ ਨੂੰ ਨਸ਼ੇ ਦੇ ਤੌਰ 'ਤੇ ਵਰਤਿਆ ਜਾਂਦਾ ਹੈ। ਇਸੇ ਤਰ੍ਹਾਂ ਇੰਡੀਅਨ ਮੈਡੀਕਲ ਐਸੋਸੀਏਸ਼ਨ, ਪਟਿਆਲਾ ਤੇ ਕੈਮਿਸਟ ਐਸੋਸੀਏਸ਼ਨ ਦੇ ਨੁਮਾਇੰਦਿਆਂ ਨਾਲ ਵੀ ਬੈਠਕ ਕੀਤੀ ਗਈ, ਜਿਨ੍ਹਾਂ ਨੇ ਇਸ ਉਪਰ ਪਾਬੰਦੀ ਨੂੰ ਜਾਇਜ਼ ਠਹਿਰਾਇਆ ਸੀ। ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਇਸ਼ਾ ਸਿੰਗਲ ਨੇ ਹੁਕਮਾਂ ਵਿੱਚ ਅੱਗੇ ਕਿਹਾ ਕਿ ਕਮੇਟੀ ਵੱਲੋਂ ਕਿਹਾ ਗਿਆ ਹੈ ਕਿ ਇਹ ਦਵਾਈ ਬਹੁਤ ਘੱਟ ਡਾਕਟਰਾਂ ਵੱਲੋਂ ਮਰੀਜ਼ਾਂ ਨੂੰ ਲਿਖੀ ਜਾਂਦੀ ਹੈ ਤੇ ਪ੍ਰੀਗਾਬਾਲਿਨ ਦੀ 75 ਐਮ.ਜੀ. ਤੋਂ ਵੱਧ ਵਾਲੀ ਦਵਾਈ ਉਪਰ ਪਾਬੰਦੀ ਲਗਾਉਣੀ ਸਮਾਜ ਦੀ ਬਿਹਤਰੀ ਲਈ ਯੋਗ ਹੋਵੇਗੀ। ਵਧੀਕ ਡਿਪਟੀ ਕਮਿਸ਼ਨਰ ਇਸ਼ਾ ਸਿੰਗਲ ਨੇ ਕਿਹਾ ਕਿ ਇਸੇ ਦੇ ਮੱਦੇਨਜ਼ਰ ਪਟਿਆਲਾ ਜ਼ਿਲ੍ਹੇ ਵਿੱਚ ਤੁਰੰਤ ਪ੍ਰਭਾਵ ਨਾਲ ਅਜਿਹੀ ਦਵਾਈ ਦੀ ਵਿਕਰੀ ਅਤੇ ਭੰਡਾਰਨ 'ਤੇ ਪਾਬੰਦੀ ਲਗਾਈ ਗਈ ਹੈ। ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਦੇ ਹੁਕਮਾਂ ਵਿੱਚ ਇਹ ਕਿਹਾ ਗਿਆ ਹੈ ਕਿ ਇਸ ਦਵਾਈ ਦੀ ਖਰੀਦ ਤੇ ਵੇਚ ਦਾ ਸਾਰੇ ਸਬੰਧਤ ਵਿਸਥਾਰਤ ਰਿਕਾਰਡ ਰੱਖਣਗੇ। ਇਸ ਤੋਂ ਬਿਨ੍ਹਾਂ ਪ੍ਰੀਗਾਬਾਲਿਨ ਦੀ 75 ਐਮ.ਜੀ. ਤੋਂ ਵੱਧ ਵਾਲੀ ਦਵਾਈ ਵਾਲੀ ਡਾਕਟਰ ਦੀ ਅਸਲ ਪਰਚੀ ਉਪਰ ਦਵਾਈ ਵਿਕਰੇਤਾ ਕੈਮਿਸਟ/ਰੀਟੇਲਰ ਦੇ ਟਰੇਡ ਦੇ ਨਾਮ, ਦਵਾਈ ਦੇਣ ਦੀ ਮਿਤੀ ਤੇ ਕਿੰਨੀ ਦਵਾਈ ਦਿੱਤੀ ਦੀ ਮੋਹਰ ਲਗਾਉਣੀ ਵੀ ਯਕੀਨੀ ਬਣਾਏਗਾ। ਇਹ ਵੀ ਯਕੀਨੀ ਬਣਾਇਆ ਜਾਵੇ ਕਿ ਜਿੰਨੇ ਸਮੇਂ ਲਈ ਡਾਕਟਰ ਵੱਲੋਂ ਦਵਾਈ ਲਿਖੀ ਗਈ ਹੈ, ਉਨੀ ਹੀ ਦਵਾਈ ਦੀ ਮਾਤਰਾ ਮਰੀਜ਼ ਨੂੰ ਦਿੱਤੀ ਜਾਵੇ। ਇਹ ਹੁਕਮ 2 ਜੁਲਾਈ 2025 ਤੱਕ ਜ਼ਿਲ੍ਹੇ ਵਿੱਚ ਲਾਗੂ ਰਹਿਣਗੇ। ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਪਟਿਆਲਾ ਵੱਲੋਂ ਰਾਜਿੰਦਰਾ ਹਸਪਤਾਲ ਵਿੱਚ ਚਲਾਏ ਜਾ ਰਹੇ ਮੈਡੀਕਲ ਸਟੋਰ ਵਿੱਚ 75 ਐਮਜੀ ਦੀ ਮਾਤਰਾ ਤੋਂ ਵਧੇਰੀ ਡੋਜ਼ ਵਾਲੀ ਦਵਾਈ ਮਰੀਜ਼ ਦੀ ਲੋੜ ਮੁਤਾਬਕ ਮੁਹੱਈਆ ਕਰਵਾਈ ਜਾ ਸਕਦੀ ਹੈ ।

## ਬ੍ਰਾਹਮਣ ਭਲਾਈ ਬੋਰਡ ਨੂੰ ਮੁੜ ਬਹਾਲ ਕਰਨ ਦੀ ਸਰਕਾਰ ਨੂੰ ਅਪੀਲ



ਪਟਿਆਲਾ, 3 ਮਈ (ਚ.ਨ.ਸ.) : ਬ੍ਰਾਹਮਣ ਸਮਾਜ ਵੈਲਫੇਅਰ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਅਤੇ ਸਾਬਕਾ ਚੇਅਰਮੈਨ ਬ੍ਰਾਹਮਣ ਭਲਾਈ ਬੋਰਡ ਪੰਜਾਬ, ਐਡਵੋਕੇਟ ਹਰਿੰਦਰ ਸ਼ਰਮਾ ਕੌਰਜੀਵਾਲਾ ਨੇ ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਕਿਹਾ ਕਿ ਬ੍ਰਾਹਮਣ ਸਮਾਜ ਵੈਲਫੇਅਰ ਫਰੰਟ, ਪੰਜਾਬ ਵੱਲੋਂ ਪੰਜਾਬ ਸਰਕਾਰ ਨੂੰ ਪਿਛਲੇ ਲੰਮੇ ਸਮੇਂ ਤੋਂ ਅਖਬਾਰਾਂ ਅਤੇ ਸ਼ੋਸ਼ਲ ਮੀਡੀਆ ਰਾਹੀਂ ਬ੍ਰਾਹਮਣ ਭਲਾਈ ਬੋਰਡ, ਪੰਜਾਬ ਨੂੰ ਰੀਵਾਇਵ ਕਰਨ ਲਈ ਲਗਾਤਾਰ ਅਪੀਲਾਂ ਕੀਤੀਆਂ ਜਾ ਰਹੀਆਂ ਹਨ। ਦਿੱਲੀ ਦੀਆਂ ਚੋਣਾਂ ਸਮੇਂ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਜੀ ਸਾਬਕਾ ਮੁੱਖ ਮੰਤਰੀ ਦਿੱਲੀ ਅਤੇ ਪਾਰਟੀ ਵੱਲੋਂ ਬ੍ਰਾਹਮਣ ਸਮਾਜ ਪ੍ਰਤੀ ਹਮਦਰਦੀ ਪ੍ਰਗਟਾਈ ਗਈ ਸੀ ਪਰ ਪੰਜਾਬ ਸਰਕਾਰ ਵੱਲੋਂ ਬ੍ਰਾਹਮਣ ਭਲਾਈ ਬੋਰਡ ਪੰਜਾਬ ਨੂੰ ਭੰਗ ਕਰਕੇ ਬ੍ਰਾਹਮਣ ਸਮਾਜ ਨੂੰ ਅਣਗੋਲਿਆ ਕੀਤਾ ਜਾ ਰਿਹਾ ਹੈ। ਬ੍ਰਾਹਮਣ ਸਮਾਜ ਵੈਲਫੇਅਰ ਪੰਜਾਬ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਸਾਬਕਾ ਮੁੱਖ ਮੰਤਰੀ ਦਿੱਲੀ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਪੰਜਾਬ ਸਰਕਾਰ ਨੂੰ ਅਪੀਲ ਕਰਦਾ ਹੈ ਕਿ ਬ੍ਰਾਹਮਣ ਭਲਾਈ ਬੋਰਡ ਪੰਜਾਬ ਨੂੰ ਰਿਵਾਈਵ ਕਰਕੇ ਬ੍ਰਾਹਮਣ ਸਮਾਜ ਪ੍ਰਤੀ ਹਮਦਰਦੀ ਦਾ ਪ੍ਰਗਟਾਵਾ ਕੀਤਾ ਜਾਵੇ। ਮੀਟਿੰਗ ਵਿੱਚ ਸਤਪਾਲ ਪ੍ਰਾਸ਼ਰ ਮੀਤ ਪ੍ਰਧਾਨ, ਭੁਪਿੰਦਰ ਸ਼ਰਮਾ ਲਾਲੜੂ, ਸ਼ਾਮ ਲਾਲ ਸ਼ਰਮਾ ਅਹਿਰੂ ਕਲਾਂ, ਸੰਜੀਵ ਸ਼ਰਮਾ ਸਨੌਰ, ਭੂਸ਼ਨ ਸ਼ਰਮਾ ਪਟਿਆਲਾ, ਕੁਲਵਿੰਦਰ ਸ਼ਰਮਾ, ਸਚਿਨ ਸ਼ਰਮਾ ਹਾਜ਼ਰ ਸਨ।

## 'ਨਟਾਸ' ਵੱਲੋਂ ਪੰਜਾਬੀ ਯੂਨੀਵਰਸਿਟੀ ਦੇ 64ਵੇਂ ਸਥਾਪਨਾ ਦਿਵਸ 'ਤੇ ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ ਨੂੰ ਵਧਾਈ



ਪਟਿਆਲਾ, 3 ਮਈ (ਚ.ਨ.ਸ.) : ਨੈਸ਼ਨਲ ਥੀਏਟਰ ਆਰਟਸ ਸੋਸਾਇਟੀ (ਨਟਾਸ) ਦਮਪੰਤੀ ਪਦਮਸ਼੍ਰੀ ਪ੍ਰਾਣ ਸੱਭਰਵਾਲ - ਸ਼੍ਰੀਮਤੀ ਸੁਨੀਤਾ ਸੱਭਰਵਾਲ, ਪ੍ਰਧਾਨ ਸ੍ਰ: ਗੁਰਬਚਨ ਸਿੰਘ ਕੱਕੜ, ਸਮੂੰਹ ਮੈਂਬਰਾਂ ਅਤੇ ਕਲਾਕਾਰਾਂ ਵੱਲੋਂ ਪੰਜਾਬੀ ਯੂਨੀਵਰਸਿਟੀ ਦੇ 64ਵੇਂ ਸਥਾਪਨਾ ਦਿਵਸ 'ਤੇ ਵਾਇਸ ਚਾਂਸਲਰ ਨਾਮਵਰ ਸਿੱਖਿਆ ਸ਼ਾਸ਼ਤਰੀ ਸੁਹਿਰਦ, ਕੁਸ਼ਲ ਪ੍ਰਸ਼ਾਸਕ ਡਾ: ਕਰਮਜੀਤ ਸਿੰਘ ਨੂੰ ਵਧਾਈ ਦਿੱਤੀ ਗਈ ਅਤੇ ਸ਼ੁਭਇਛਾਵਾਂ ਭੇਟ ਕੀਤੀਆਂ ਗਈਆਂ। ਨਟਾਸ ਨਿਰਦੇਸ਼ਕ ਸ਼੍ਰੀ ਪ੍ਰਾਣ ਸੱਭਰਵਾਲ ਨੇ ਦੱਸਿਆ ਕਿ ਉਹਨਾਂ ਨੇ ਵੀ.ਸੀ.ਡਾ: ਕਰਮਜੀਤ ਸਿੰਘ ਨੂੰ, ਜੋ ਪ੍ਰਸ਼ਾਸਨਿਕ ਕਾਰਜਾਂ ਕਾਰਨ ਦਿੱਲੀ ਚ ਮੌਜੂਦ ਸਨ, ਨੂੰ ਫੋਨ ਤੇ ਨਟਾਸ ਵੱਲੋਂ ਪ੍ਰਸੰਨਤਾ ਪ੍ਰਗਟਾਈ, ਵਧਾਈ ਦਿੱਤੀ, ਅਤੇ ਸੁੱਖ ਸ਼ਾਂਤੀ ਅਤੇ ਸਮਰਿੱਧੀ ਲਈ ਸ਼ੁਭਕਾਮਨਾਵਾਂ ਭੇਟ ਕੀਤੀਆਂ। ਸ਼੍ਰੀ ਸੱਭਰਵਾਲ ਨੇ ਦਸਿਆ ਕਿ ਪੰਜਾਬੀ ਯੂਨੀਵਰਸਿਟੀ 1962 ਵਿਚ ਬਾਰਾਦਰੀ ਬਾਗ ਵਿਚ ਹੋਂਦ ਵਿੱਚ ਆਈ ਅਤੇ ਬਾਅਦ ਵਿਚ ਪਟਿਆਲਾ-ਰਾਜਪੁਰਾ ਰੋਡ ਤੇ ਇਸ ਦੇ ਸਥਾਨ ਪਰਿਵਰਤਨ ਸਮਾਗਮ ਵਿਚ ਉਹ ਹਾਜ਼ਰ ਸਨ ਅਤੇ ਯੂਨਵਰਸਿਟੀ ਦੇ ਮੁੱਢਲੇ ਵਾਈਸ ਚਾਂਸਲਰ, ਉਘੇ ਵਿਦਵਾਨ ਅਤੇ ਸਿੱਖਿਆ ਸ਼ਾਸ਼ਤਰੀ ਭਾਈ ਜੋਧ ਸਿੰਘ ਤੋਂ ਹੁਣ ਤੱਕ ਯੂਨੀਵਰਸਿਟੀ ਨਾਲ ਜੁੜੇ ਹੋਏ ਹਨ। ਸ਼੍ਰੀ ਸੱਭਰਵਾਲ ਨੇ ਦਸਿਆ ਕਿ 1967 ਵਿੱਚ ਉੱਦਮੀ ਵਾਈਸ ਚਾਂਸਲਰ ਪ੍ਰੋ: ਕਿਰਪਾਲ ਸਿੰਘ ਨਾਰੰਗ ਵੱਲੋਂ ਨਾਟਕਕਾਰ ਜੀ.ਐਸ.ਖੋਸਲਾ ਦੇ ਸੁਝਾਅ ਤੇ ਸਥਾਪਿਤ 'ਸਪੀਚ -ਡਰਾਮਾ ਅਤੇ ਸੰਗੀਤ' ਵਿਭਾਗ ਦੇ ਸੱਭਰਵਾਲ ਮੁਢਲੇ ਫੈਕਲਟੀ ਮੈਂਬਰ ਰਹੇ ਹਨ। ਮਹਾਨ ਸਿੱਖਿਆ ਸ਼ਾਸ਼ਤਰੀ, ਵਿਸ਼ਵ ਪੰਜਾਬੀ ਜਗਤ ਦੇ ਚਮਕਦੇ ਸਿਤਾਰੇ ਡਾ. ਜਸਪਾਲ ਸਿੰਘ ਵਾਇਸ ਚਾਂਸਲਰ ਨੇ ਸ਼੍ਰੀ ਸੱਭਰਵਾਲ ਨੂੰ 2014 ਤੋਂ 2016 ਤੱਕ ਫੈਲੋਸ਼ਿਪ ਪ੍ਰਦਾਨ ਕੀਤੀ।

## 5 ਕਿੱਲੋ ਭੁੱਕੀ ਬ੍ਰਾਮਦ

ਪਟਿਆਲਾ, 3 ਮਈ (ਵਿਨੋਦ ਸ਼ਰਮਾ) : ਥਾਣਾ ਕੋਤਵਾਲੀ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਅਜੇ ਕੁਮਾਰ ਵਾਸੀ ਪਿੰਡ ਸਹਿਜਪੁਰ ਕਲਾਂ ਸਮਾਣਾ ਹਾਲ ਕਿਰਾਏਦਾਰ ਨੇੜੇ ਨਵਜੀਵਨੀ ਸਕੂਲ ਸੂਲਰ ਪਟਿਆਲਾ ਵਿਰੁੱਧ ਧਾਰਾ 15, 61,85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਐਸ.ਆਈ ਪੂਰਨ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਸ਼ੀਸ਼ ਮਹਿਲ ਕਲੋਨੀ ਪਟਿ. ਪਾਸ ਮੌਜੂਦ ਸੀ, ਜੋ ਕਥਿਤ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 5 ਕਿੱਲੋ ਭੁੱਕੀ ਚੂਰਾ ਪੋਸਤ ਬ੍ਰਾਮਦ ਹੋਈ।

## ਸੜਕ ਹਾਦਸੇ 'ਚ ਇੱਕ ਦੀ ਮੌਤ




ਪਟਿਆਲਾ, 3 ਮਈ (ਵਿਨੋਦ ਸ਼ਰਮਾ) : ਥਾਣਾ ਸਨੌਰ ਪੁਲਿਸ ਕੋਲ ਬਲਜੀਤ ਕੌਰ ਪਤਨੀ ਕੁਲਵਿੰਦਰ ਸਿੰਘ ਵਾਸੀ ਪਿੰਡ ਭਾਂਖਰ ਨੇ ਅਣਪਛਾਤੇ ਵਾਹਨ ਦੇ ਡਰਾਇਵਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦਾ ਪਤੀ ਆਪਣੇ ਕੰਮ 'ਤੇ ਗਿਆ ਸੀ। ਉਸ ਨੂੰ ਫੋਨ ਆਇਆ ਕਿ ਉਸ ਦੇ ਪਤੀ ਦਾ ਨੂਰਖੇੜੀਆ ਰੋਡ ਨੇੜੇ ਇੱਟਾਂ ਵਾਲਾ ਭੱਠਾ ਸਨੌਰ ਪਾਸ ਕਿਸੇ ਅਣਪਛਾਤੇ ਵਹੀਕਲ ਨਾਲ ਐਕਸੀਡੈਂਟ ਹੋ ਗਿਆ ਹੈ, ਜਿਸ ਕਾਰਨ ਉਸ ਦੇ ਪਤੀ ਦੀ ਦੌਰਾਨੇ ਇਲਾਜ ਮੌਤ ਹੋ ਗਈ। ਪੁਲਿਸ ਨੇ ਧਾਰਾ 281,106(1) ਬੀ. ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।



# ਪਟਿਆਲਾ-ਆਸ/ਪਾਸ



## 'ਸਿੱਖਿਆ ਕ੍ਰਾਂਤੀ' ਨਾਲ ਬਦਲੇਗਾ ਪੰਜਾਬ : ਡਾ. ਰਹਿਮਾਨ

### ਸਰਕਾਰੀ ਸਕੂਲਾਂ 'ਚ ਕਰੀਬ 72 ਲੱਖ ਤੋਂ ਵੱਧ ਲਾਗਤ ਨਾਲ ਕਰਵਾਏ ਵਿਕਾਸ ਕਾਰਜ ਲੋਕਅਰਪਿਤ



ਮਲੇਰਕੋਟਲਾ, 3 ਮਈ (ਚ.ਨ.ਸ.) : ਮੁੱਖ ਮੰਤਰੀ, ਪੰਜਾਬ, ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਦੇ ਸਿੱਖਿਆ ਖੇਤਰ ਨੂੰ ਬੁਲੰਦੀਆਂ 'ਤੇ ਲੈ ਕੇ ਜਾਣ ਵਾਸਤੇ ਵਿੱਢੀ ਗਈ ਮੁਹਿੰਮ 'ਪੰਜਾਬ ਸਿੱਖਿਆ ਕ੍ਰਾਂਤੀ' ਅਧੀਨ ਹਲਕਾ ਮਾਲੇਰਕੋਟਲਾ ਦੇ ਪਿੰਡ ਹਥਨ ਅਤੇ ਮੁਬਾਰਕਪੁਰ ਦੇ ਸਰਕਾਰੀ ਸਕੂਲਾਂ ਵਿੱਚ ਕਰੀਬ 72 ਲੱਖ ਰੁਪਏ ਤੋਂ ਵੱਧ ਲਾਗਤ ਨਾਲ ਕਰਵਾਏ ਵਿਕਾਸ ਕਾਰਜ ਵਿਧਾਇਕ ਡਾ.ਜ਼ਮੀਲ ਉਰ ਰਹਿਮਾਨ ਵੱਲੋਂ ਲੋਕ ਅਰਪਿਤ ਕੀਤੇ ਗਏ। ਇਸ ਮੌਕੇ ਵਿਧਾਇਕ ਮਾਲੇਰਕੋਟਲਾ ਦੀ ਪਤਨੀ ਫਰਿਆਲ ਰਹਿਮਾਨ ਵੀ ਮੌਜੂਦ ਸਨ । ਜ਼ਿਕਰਯੋਗ ਹੈ ਕਿ ਪਿੰਡ ਹਥਨ ਵਿਖੇ ਕਰੀਬ 40.40 ਲੱਖ ਰੁਪਏ ਦੀ ਲਾਗਤ ਸਰਕਾਰੀ ਪ੍ਰਾਇਮਰੀ ਸਕੂਲ ਦੇ ਨਵੇਂ ਕਮਰਿਆਂ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ 22.81 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋਈ ਚਾਰਦੀਵਾਰੀ ਅਤੇ ਨਵੇਂ ਕਮਰਿਆਂ ਦਾ ਉਦਘਾਟਨ ਕੀਤਾ । ਇਸ ਤੋਂ ਇਲਾਵਾ ਉਨ੍ਹਾਂ ਪਿੰਡ ਮੁਬਾਰਕਪੁਰ ਵਿਖੇ 8 ਲੱਖ 80 ਹਜਾਰ ਰੁਪਏ ਦੀ ਲਾਗਤ ਨਾਲ ਉਸਾਰੀ ਚਾਰਦੀਵਾਰੀ ਦਾ ਉਦਘਾਟਨ ਕੀਤਾ । ਇਹਨਾਂ ਸਕੂਲਾਂ ਵਿੱਚ ਵਿਕਾਸ ਪ੍ਰੋਜੈਕਟਾਂ ਨੂੰ ਲੋਕ ਅਰਪਿਤ ਕਰਨ ਮੌਕੇ ਵਿਧਾਇਕ ਨੇ ਕਿਹਾ ਕਿ ਹਲਕਾ ਵਿਧਾਇਕ ਨੇ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ ਅਤੇ ਸਿਹਤ ਖੇਤਰ ਵਿੱਚ ਪਹਿਲ ਦੇ ਅਧਾਰ ਉੱਤੇ ਕੰਮ ਕਰ ਰਹੀ ਹੈ। ਪੰਜਾਬ ਸਰਕਾਰ ਲੋਕਾਂ ਨੂੰ ਦੇਸ਼ ਵਿੱਚੋਂ ਸਭ ਤੋਂ ਬਿਹਤਰੀਨ ਸਿੱਖਿਆ ਪ੍ਰਬੰਧ ਦੇਣ ਦਾ ਟੀਚਾ ਲੈ ਕੇ ਦਿਨ-ਰਾਤ ਇੱਕ ਕਰਕੇ ਕੰਮ ਕਰ ਰਹੀ ਹੈ। ਸਰਕਾਰ ਵੱਲੋਂ ਕੀਤੇ ਯਤਨਾਂ ਦੇ ਸਾਰਥਕ ਸਿੱਟੇ ਨਿਕਲ ਕੇ ਸਾਹਮਣੇ ਆ ਰਹੇ ਹਨ। ਹਲਕਾ ਵਿਧਾਇਕ ਨੇ ਪਿੰਡਾਂ ਦੇ ਲੋਕਾਂ ਨੂੰ ਇਹ ਵੀ ਅਪੀਲ ਕੀਤੀ ਕਿ ਜਿੱਥੇ ਉਹ ਪਿੰਡਾਂ ਦੇ ਵਿਕਾਸ ਕਾਰਜਾਂ ਸਬੰਧੀ ਮਸਲੇ ਉਹਨਾਂ ਦੇ ਕੋਲ ਲੈ ਕੇ ਆਉਂਦੇਹਨ, ਉੱਥੇ ਸਕੂਲਾਂ ਨਾਲ ਸਬੰਧਤ ਮਸਲੇ ਵੀ ਉਹਨਾਂ ਦੇ ਧਿਆਨ ਵਿੱਚ ਲਿਆਂਦੇ ਜਾਣ ਤਾਂ ਜੋ ਸਾਰੇ ਸਰਕਾਰੀ ਸਕੂਲਾਂ ਨੂੰ ਅਤ ਆਧੁਨਿਕ ਸਹੂਲਤਾਂ ਨਾਲ ਲੈਸ ਕੀਤਾ ਜਾ ਸਕੇ। ਉ_ਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਪੜ੍ਹਾਉਣ ਨੂੰ ਤਰਜੀਹ ਦੇਣ ਕਿਉਂਕਿ ਸਰਕਾਰੀ ਸਕੂਲਾਂ ਵਿੱਚ ਜੋ ਸਟਾਫ ਨਿਯੁਕਤ ਕੀਤਾ ਜਾਂਦਾ, ਉਹ ਉੱਚ ਯੋਗਤਾ ਪ੍ਰਾਪਤ ਅਤੇ ਬਹੁਤ ਹੀ ਕਰੜੀ ਪ੍ਰੀਖਿਆ ਵਿੱਚੋਂ ਲੰਘ ਕੇ ਆਇਆ ਹੁੰਦਾ ਹੈ। ਇਸ ਮੌਕੇ ਸਰਪੰਚ ਕਮਲਜੀਤ ਸਿੰਘ ਹਥਨ, ਸਰਪੰਚ, ਕੁਲਦੀਪ ਕੌਰ, ਮੁਬਾਰਕਪੁਰ, ਸੀਨੀਅਰ 'ਆਪ' ਆਗੂ ਦਿਲਵਰ ਚੁੰਘਾ, ਸੁਖਦਰਸ਼ਨ ਸਿੰਘ ਸੁੱਖਾ ਮਿੱਠੇਵਾਲ, ਹੈੱਡਮਿਸਟ੍ਰੈਸ ਮੈਡਮ ਸਮਸਾਦ ਮੁਬਾਰਕਪੁਰ ਤੋਂ ਇਲਾਵਾ ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪੇ ਵੀ ਮੌਜੂਦ ਸਨ ।

## ਪੰਜਾਬ ਸਰਕਾਰ ਨੇ ਸਕੂਲਾਂ 'ਚ 'ਸਿੱਖਿਆ ਕ੍ਰਾਂਤੀ' ਤਹਿਤ ਕਰੋੜਾਂ ਦੇ ਮਿਸਾਲੀ ਕਾਰਜ ਕੀਤੇ : ਗੁਰਲਾਲ ਘਨੌਰ

### ਸੈਦਖੇੜੀ ਵਿਖੇ 1.32 ਕਰੋੜ ਨਾਲ ਸਕੂਲ ਆਫ ਹੈਪੀਨੈੱਸ ਅਤੇ ਹਾਈ ਸਕੂਲ ਵਿੱਚ 25 ਲੱਖ 2 ਹਜ਼ਾਰ ਦੇ ਵਿਕਾਸ ਕਾਰਜ ਲੋਕਅਰਪਣ



ਘਨੌਰ, 3 ਮਈ (ਮਦਨ ਲਾਲ/ ਰਾਜਿੰਦਰ ਸਿੰਘ ਕੰਬੋਜ) : ਮੁੱਖ ਪੰਜਾਬ ਸਰਕਾਰ ਵੱਲੋਂ ਸਿੱਖਿਆ ਖੇਤਰ ਵਿੱਚ ਲਿਆਈ ਜਾ ਰਹੀ ਕ੍ਰਾਂਤਿਕਾਰੀ ਬਦਲਾਅ ਦੀ ਇੱਕ ਹੋਰ ਕੜੀ ਤਹਿਤ ਵਿਧਾਇਕ ਗੁਰਲਾਲ ਘਨੌਰ ਨੇ ਅੱਜ ਸੈਦਖੇੜੀ ਵਿਖੇ 1.32 ਕਰੋੜ ਰੁਪਏ ਦੀ ਲਾਗਤ ਨਾਲ ਨਵੇਂ ਤੌਰ 'ਤੇ ਤਿਆਰ ਕੀਤੇ ਸਕੂਲ ਆਫ ਹੈਪੀਨੈੱਸ ਸੈਦਖੇੜੀ ਅਤੇ ਸਰਕਾਰੀ ਹਾਈ ਸਕੂਲ ਸੈਦਖੇੜੀ ਵਿੱਚ ਹੋਏ 25 ਲੱਖ 2 ਹਜ਼ਾਰ ਰੁਪਏ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕਰਕੇ ਲੋਕ ਅਰਪਣ ਕੀਤਾ। ਇਸ ਮੌਕੇ ਵਿਧਾਇਕ ਘਨੌਰ ਗੁਰਲਾਲ ਸਿੰਘ ਘਨੌਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਰਹਿਨੁਮਾਈ ਹੇਠ ਸਿੱਖਿਆ ਬਾਰੇ ਨਵੀਂ ਸੋਚ ਅਤੇ ਜ਼ਮੀਨੀ ਪੱਧਰ ਉੱਤੇ ਹੋ ਰਹੇ ਵਿਕਾਸ ਕਾਰਜਾਂ ਨੇ ਸਕੂਲੀ ਸਿੱਖਿਆ ਨੂੰ ਇੱਕ ਨਵੀਂ ਦਿਸ਼ਾ ਦਿੱਤੀ ਹੈ। ਇਸ ਮੌਕੇ ਵਿਧਾਇਕ ਗੁਰਲਾਲ ਸਿੰਘ ਘਨੌਰ ਨੇ 25 ਲੱਖ 2 ਹਜ਼ਾਰ ਰੁਪਏ ਦੀ ਲਾਗਤ ਨਾਲ ਸਕੂਲ ਵਿੱਚ ਬਣੇ ਜਮਾਤਾਂ ਲਈ ਨਵੇਂ ਕਮਰਿਆਂ, ਲਾਇਬ੍ਰੇਰੀ ਅਤੇ ਖੇਡ ਮੈਦਾਨ ਦੀ ਮੁਰੰਮਤ ਆਦਿ ਦੀ ਵੀ ਵਿਸ਼ੇਸ਼ ਤੌਰ ਤੇ ਚਰਚਾ ਕੀਤੀ। ਇਸਤੋਂ ਇਲਾਵਾ ਸਰਕਾਰੀ ਪ੍ਰਾਇਮਰੀ ਸਕੂਲ ਖੈਰਪੁਰ ਜੱਟਾਂ ਵਿੱਚ 5 ਲੱਖ 30 ਹਜਾਰ ਅਤੇ ਸਰਕਾਰੀ ਹਾਈ ਸਕੂਲ ਖੈਰਪੁਰ ਜੱਟਾਂ ਵਿੱਚ 11 ਲੱਖ 80 ਹਜ਼ਾਰ ਰੁਪਏ ਦੇ ਵਿਕਾਸ ਕਾਰਜਾਂ ਦੇ ਉਦਘਾਟਨ ਵੀ ਗੁਰਲਾਲ ਸਿੰਘ ਘਨੌਰ ਵਿਧਾਇਕ ਹਲਕਾ ਘਨੌਰ ਵੱਲੋਂ ਕੀਤੇ। ਇਸ ਮੌਕੇ ਸਕੂਲ ਮੁਖੀ ਹਰਪ੍ਰੀਤ ਸਿੰਘ ਅਤੇ ਅਧਿਆਪਕਾਂ ਨੇ ਮਿਲ ਕੇ ਵਿਧਾਇਕ ਗੁਰਲਾਲ ਘਨੌਰ ਅਤੇ ਹੋਰ ਪਤਵੰਤੇ ਸੱਜਣਾਂ ਨੂੰ ਸਨਮਾਨਿਤ ਕੀਤਾ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਗੁਰਤਾਜ ਸਿੰਘ ਸਿੱਖਿਆ ਕੋਆਰਡੀਨੇਟਰ, ਬਲਾਕ ਘਨੌਰ, ਦੌਲਤ ਰਾਮ ਹਲਕਾ ਸਿੱਖਿਆ ਕੋਆਰਡੀਨੇਟਰ, ਰਾਜੀਵ ਕੁਮਾਰ ਅਤੇ ਰਾਜਿੰਦਰ ਸਿੰਘ ਖਹਿਰਾ ਡੀਐੱਸਐੱਮ ਪਟਿਆਲਾ, ਜੀਵਨ ਕੁਮਾਰ ਬਲਾਕ ਨੋਡਲ ਅਫ਼ਸਰ, ਪ੍ਰਿੰਸੀਪਲ ਜਸਬੀਰ ਕੌਰ, ਪ੍ਰਿੰਸੀਪਲ ਜੁਗਰਾਜਬੀਰ ਕੌਰ, ਪ੍ਰਿੰਸੀਪਲ ਡਾ: ਨਰਿੰਦਰ ਕੌਰ, ਰਚਨਾ ਰਾਣੀ ਬਲਾਕ ਨੋਡਲ ਅਫਸਰ, ਨਾਇਬ ਸਿੰਘ ਹੈੱਡ ਮਾਸਟਰ ਖੇੜੀ ਗੰਡਿਆਂ, ਰਾਜਿੰਦਰ ਕੁਮਾਰ ਹੈੱਡ ਮਾਸਟਰ ਬੂਟਾ, ਦਲਜੀਤ ਸਿੰਘ ਹੈੱਡ ਮਾਸਟਰ, ਹਰਮਿੰਦਰ ਕੌਰ ਹੈੱਡ ਮਿਸਟ੍ਰੈੱਸ, ਮੇਜਰ ਸਿੰਘ ਮੀਡੀਆ ਕੋਆਰਡੀਨੇਟਰ, ਮਿਲਨ ਮੀਡੀਆ ਕੋਆਰਡੀਨੇਟਰ, ਬੱਗਾ ਸਿੰਘ ਬਲਾਕ ਪ੍ਰਧਾਨ, ਬਲਕਾਰ ਸਿੰਘ, ਮੰਗਲ ਸਿੰਘ, ਸ਼ੁੱਧ ਸਿੰਘ, ਜੋਗਾ ਸਿੰਘ, ਹੁਸ਼ਿਆਰ ਸਿੰਘ, ਰੁਲੀਆ ਸਿੰਘ, ਸਰਪੰਚ ਰਾਮ ਕਰਨ, ਅਵਤਾਰ ਸਿੰਘ, ਗੁਰਸ਼ਰਨ ਸਿੰਘ ਵਿਰਕ, ਅੰਮ੍ਰਿਤਜੀਤ ਸਿੰਘ, ਮਾਨ ਸਿੰਘ ਬੜਿੰਗ, ਦਲਜੀਤ ਸਿੰਘ ਤੇ ਹੋਰ ਸਰਪੰਚਾਂ ਅਤੇ ਪੰਚਾਂ ਨੇ ਭਾਗ ਲਿਆ।

## ਬਾਬਾ ਪੂਰਨ ਦਾਸ ਜੀ ਦੀ 59ਵੀਂ ਬਰਸੀ ਪਿੰਡ ਰੋੜਗੜ੍ਹ ਵਿਖੇ 7-8-9 ਨੂੰ ਮਨਾਈ ਜਾਵੇਗੀ

ਪਟਿਆਲਾ, 3 ਮਈ (ਰੁਪਾਣਾ) : ਸੰਤ ਬਾਬਾ ਪੂਰਨ ਦਾਸ ਜੀ ਮਹਾਰਾਜ ਜੀ ਦੀ ਯਾਦ ਵਿੱਚ ਹਰ ਸਾਲ ਦੀ ਤਰ੍ਹਾਂ 59 ਵੀਂ ਬਰਸੀ ਮੌਕੇ ਸਮਾਗਮ ਫਕੀਰੋ ਕੇ ਬਖਸ਼ਿਸ਼ ਏ ਅਸਥਾਨ ਪ੍ਰਚੀਨ ਉਦਾਸੀਨ ਡੇਰਾ ਗੁਰਦੁਆਰਾ ਗੁਫਾਸਰ ਸਾਹਿਬ ਪਿੰਡ (ਰੋੜਗੜ੍ਹ) ਰੋੜ੍ਹੇਵਾਲ ਸਾਹਿਬ ਪਟਿਆਲਾ ਵਿਖੇ ਮਿਤੀ 7-8-9 ਮਈ 2025 ਦਿਨ ਬੁੱਧਵਾਰ, ਵੀਰਵਾਰ ਤੇ ਸ਼ੁੱਕਰਵਾਰ ਨੂੰ ਸੰਤ ਬਾਬਾ ਬਲਵੰਤ ਸਿੰਘ ਜੀ ਸਿੱਧਸਰ ਸਿਹੋੜਾ ਸਾਹਿਬ ਵਾਲਿਆਂ ਦੇ ਅਸ਼ੀਰਵਾਦ ਅਤੇ ਬਾਬਾ ਗੁਰਚਰਨ ਸਿੰਘ ਜੀ ਮੌਜੂਦਾ ਗੱਦੀਨਸ਼ੀਨ ਜੀਆਂ ਦੀ ਰੇਖ ਹੇਠ ਸੰਤ ਖਾਲਸਾ ਦਲ, ਇਲਾਕੇ ਦੀ ਸੰਗਤ ਗ੍ਰਾਮ ਪੰਚਾਇਤ ਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਤੇ ਉਤਸ਼ਾਹ ਨਾਲ ਕਰਵਾਇਆ ਜਾ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਸਾਹਿਬ ਦੀ ਲੜੀ ਨਿਰੰਤਰ ਚਲ ਰਹੀ ਹੈ। ਤਿੰਨ ਦਿਨ ਲਗਾਤਾਰ ਨਿਰੰਤਰ ਦੀਵਾਨ ਸਜਾਏ ਜਾਣਗੇ। ਇਸ ਮੌਕੇ ਬਾਬਾ ਗੁਰਚਰਨ ਸਿੰਘ ਮੌਜੂਦਾ ਗੱਦੀਨਸ਼ੀਨ ਜੀ ਵੱਲੋਂ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ। ਇਸ ਬਰਸੀ ਸਮਾਗਮ ਮੌਕੇ ਦੇਸ਼ ਪ੍ਰਦੇਸ਼ ਤੋਂ ਸੰਗਤਾਂ ਹਾਜ਼ਰੀ ਭਰਨਗੀਆਂ। ਤਿੰਨੋਂ ਦਿਨ ਮੈਡੀਕਲ ਕੈਂਪ ਲਗਾਏ ਜਾਣਗੇ ਅਤੇ ਸੰਗਤਾਂ ਨੂੰ ਫਰੀ ਦਵਾਈਆਂ ਦਿੱਤੀਆਂ ਜਾਣਗੀਆਂ। 9 ਮਈ ਨੂੰ ਮੈਡੀਕਲ ਕੈਂਪ ਲਗਾਇਆ ਜਾਵੇਗਾ ਅਤੇ ਬਾਅਦ ਦੁਪਹਿਰ ਭਾਰੀ ਕੁਸ਼ਤੀ ਦੰਗਲ ਕਰਵਾਇਆ ਜਾਵੇਗਾ। 10 ਮਈ ਨੂੰ ਸਵੇਰੇ ਅੰਮ੍ਰਿਤ ਸੰਚਾਰ ਕਰਵਾਇਆ ਜਾਵੇਗਾ।

## ਹਵਾਈ ਫਾਇਰ ਕਰਨ 'ਤੇ ਮਾਮਲਾ ਦਰਜ

ਪਟਿਆਲਾ, 3 ਮਈ (ਵਿਨੋਦ ਸ਼ਰਮਾ) : ਥਾਣਾ ਤ੍ਰਿਪੜੀ ਗੁਰਿੰਦਰ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਗਲੀ ਨੰ. 01 ਸਿੱਧੂ ਕਲੋਨੀ ਪਟਿਆਲਾ ਨੇ ਕਥਿਤ ਦੋਸ਼ੀਆਂ ਗੁਰਸੇਵਕ ਸਿੰਘ ਵਾਸੀ ਗਲੀ ਨੰ. 1 ਸਿੱਧੂ ਕਲੋਨੀ ਪਟਿਆਲਾ ਅਤੇ 8/10 ਹੋਰ ਅਣਪਛਾਤੇ ਵਿਅਕਤੀਆਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ ਕਿ ਕਥਿਤ ਦੋਸ਼ੀ ਗੁਰਸੇਵਕ ਸਿੰਘ ਦੇ ਮਕਾਨ ਦੀ ਛੱਤ 'ਤੇ ਬੈਠੇ ਸਨ ਅਤੇ ਉਸ ਨੂੰ ਦੇਖ ਕੇ ਗਾਲੀ ਗਲੋਚ ਤੇ ਲਲਕਾਰੇ ਮਾਰਨ ਲੱਗ ਪਏ, ਜਿਸ ਦੌਰਾਨ ਗੁਰਸੇਵਕ ਸਿੰਘ ਨੇ ਆਪਣੇ ਹੱਥ ਵਿੱਚ ਫੜ੍ਹੇ ਪਿਸਟਲ/ਰਿਵਾਲਵਰ ਨਾਲ ਕਥਿਤ ਤੌਰ 'ਤੇ 7/8 ਹਵਾਈ ਫਾਇਰ ਕੀਤੇ ਅਤੇ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

## ਡਿਸਟ੍ਰਿਕ ਰੈਸਲਿੰਗ ਐਸੋਸੀਏਸ਼ਨ ਵੱਲੋਂ ਅੰਡਰ-17 ਪੰਜਾਬ ਰੈਸਲਿੰਗ ਮੁਕਾਬਲੇ ਅੱਜ

ਮਲੇਰਕੋਟਲਾ, 3 ਮਈ (ਚ.ਨ.ਸ.) : ਡਿਸਟ੍ਰਿਕ ਰੈਸਲਿੰਗ ਐਸੋਸੀਏਸ਼ਨ ਵੱਲੋਂ ਡਾ.ਜ਼ਾਕਿਰ ਹੁਸੈਨ ਸਟੇਡੀਅਮ ਮਾਲੇਰਕੋਟਲਾ 'ਚ 04 ਮਈ 2025 ਨੂੰ ਅੰਡਰ -17 ਰੈਸਲਿੰਗ (ਫਰੀ ਸਟਾਇਲ ਲੜਕੇ) ਚੈਂਪੀਅਨਸ਼ਿਪ ਸ਼੍ਰੀ ਕਰਤਾਰ ਸਿੰਘ ਆਈ.ਪੀ.ਐਸ. (ਰਿਟਾਇਰਡ) ਪਦਮ ਸ਼੍ਰੀ ਅਰਜੁਨ ਐਵਾਰਡੀ ਏਸ਼ਿਅਨ ਗੋਲਡ ਮੈਡਲਿਸਟ ਦੀ ਯੋਗ ਅਗਵਾਈ 'ਚ ਕਰਵਾਈ ਜਾ ਰਹੀ ਹੈ। ਇਸ ਮੌਕੇ ਐਸ.ਐਸ.ਪੀ ਮਲੇਰਕੋਟਲਾ ਓਲੰਪਿਅਨ ਗਗਨ ਅਜੀਤ ਸਿੰਘ, ਰਾਜ ਸਿੰਘ ਦਰੌਣ ਅਚਾਰਿਆ ਸਾਬਕਾ ਸਕੱਤਰ ਜਨਰਲ ਰੈਸਲਿੰਗ ਫੈਡਰੇਸ਼ਨ ਇੰਡੀਆ ਅਤੇ ਏਸ਼ੀਆ ਵੀ ਪਹੁੰਚਣਗੇ। ਉਕਤ ਜਾਣਕਾਰੀ ਦਿੰਦੇ ਹੋਏ ਡਿਸਟ੍ਰਿਕ ਰੈਸਲਿੰਗ ਐਸੋਸੀਏਸ਼ਨ ਦੇ ਪ੍ਰਧਾਨ ਸ਼੍ਰੀ ਖਾਲਿਦ ਥਿੰਦ ਨੇ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ 'ਚ ਸੂਬੇ ਭਰ ਚੋਂ ਵੱਡੀ ਗਿਣਤੀ 'ਚ ਖਿਡਾਰੀ ਮੁਕਾਬਲੇ 'ਚ ਸ਼ਿਰਕਤ ਕਰਨ ਲਈ ਪਹੁੰਚ ਰਹੇ ਹਨ। ਸ਼੍ਰੀ ਥਿੰਦ ਨੇ ਅੱਗੇ ਦੱਸਿਆਂ ਕਿ ਇਨ੍ਹਾਂ ਮੁਕਾਬਲਿਆਂ 'ਚ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਖਿਡਾਰੀਆਂ ਨੂੰ ਮਾਲੇਰਕੋਟਲਾ ਦੇ ਵਿਧਾਇਕ ਡਾ.ਜ਼ਮੀਲ ਉਰ ਰਹਿਮਾਨ ਇਨਾਮਾਂ ਦੀ ਵੰਡ ਕਰਨਗੇ। ਇਸ ਮੌਕੇ ਲਤੀਫ ਅਹਿਮਦ ਥਿੰਦ (ਪੀ.ਸੀ.ਐਸ) ਸੀ.ਈ.ਓ ਪੰਜਾਬ ਵਕਫ ਬੋਰਡ, ਰਮਨ ਕੁਮਾਰ ਪ੍ਰਧਾਨ ਪੰਜਾਬ ਰੈਸਲਿੰਗ ਐਸੋਸੀਏਸ਼ਨ, ਸ਼ਤੀਸ਼ ਕੁਮਾਰ ਡੀ.ਐਸ.ਪੀ ਮਾਲੇਰਕੋਟਲਾ, ਗੁਰਦੀਪ ਸਿੰਘ ਡੀ.ਐਸ.ਓ ਆਦਿ ਵਿਸ਼ੇਸ ਤੌਰ ਤੇ ਖਿਡਾਰੀਆਂ ਦੀ ਹੌਸ਼ਲਾ ਅਫਜਾਈ ਲਈ ਪਹੁੰਚ ਰਹੇ ਹਨ।

## ਨਸ਼ੀਲਾ ਪਾਊਡਰ ਬ੍ਰਾਮਦ

ਪਟਿਆਲਾ, 3 ਮਈ (ਵਿਨੋਦ ਸ਼ਰਮਾ) : ਥਾਣਾ ਸਦਰ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਸਤਪਾਲ ਰਾਮ ਪੁੱਤਰ ਪੰਮੀ ਰਾਮ ਵਾਸੀ ਪਿੰਡ ਮਰਦਾਹੇੜੀ ਵਿਰੁਧ ਧਾਰਾ 22, 61, 85 ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ। ਏ.ਐਸ.ਆਈ. ਕੁਲਦੀਪ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਟੀ-ਪੁਆਇੰਟ ਜਾਫਰਪੁਰ ਮੌਜੂਦ ਸੀ, ਜੋ ਕਥਿਤ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ 'ਤੇ 10 ਗ੍ਰਾਮ ਨਸ਼ੀਲਾ ਪਾਊਡਰ ਬ੍ਰਾਮਦ ਹੋਇਆ।

## 'ਨਟਾਸ' ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਮਾਸਿਕ ਗਾਰਡਨ ਨਾਟਕ ਮੇਲਾ ਅੱਜ

ਪਟਿਆਲਾ, 3 ਮਈ (ਚ.ਨ.ਸ.) : ਨੈਸ਼ਨਲ ਥੀਏਟਰ ਆਰਟਸ ਸੋਸਾਇਟੀ (ਨਟਾਸ) ਦੰਪਤੀ ਪਦਮਸ਼੍ਰੀ ਅਵਾਰਡੀ ਪ੍ਰਾਣ ਸੱਭਰਵਾਲ - ਸ਼੍ਰੀਮਤੀ ਸੁਨੀਤਾ ਸੱਭਰਵਾਲ ਵੱਲੋਂ 111ਵਾਂ 'ਯੁੱਧ ਨਸ਼ਿਆ ਵਿਰੁੱਧ' ਅਤੇ 273ਵਾਂ ਮਾਸਿਕ ਗਾਰਡਨ ਨਾਟਕ ਮੇਲਾ ਜਗਤ ਪ੍ਰਸਿੱਧ ਦਾਨਵੀਰ ਡਾ: ਐਸ.ਪੀ. ਸਿੰਘ ਓਬਰਾਏ (ਦੁਬਈ), ਮੁੱਖੀ ਸਰਬਤ ਦਾ ਭਲਾ ਚੈਰੀਟੇਬਲ ਟਰੱਸਟ, ਪਟਿਆਲਾ ਦੇ ਸਹਿਯੋਗ ਨਾਲ ਬਾਰਾਦਰੀ ਬਾਗ ਵਿਖੇ 4 ਮਈ ਐਤਵਾਰ ਸਵੇਰੇ 7 ਵਜੇ ਆਯੋਜਿਤ ਕੀਤਾ ਜਾ ਰਿਹਾ ਹੈ। ਸਮਾਗਮ ਦਾ ਉਦਘਾਟਨ ਰਾਜ ਦੀਆਂ ਪ੍ਰਸਿੱਧ ਸਮਾਜਿਕ ਸ਼ਖਸੀਅਤਾਂ ਡਾ: ਐਸ.ਪੀ. ਸਿੰਘ ਓਬਰਾਏ, ਸ੍ਰ: ਜੱਸਾ ਸਿੰਘ ਸੰਧੂ ਅਤੇ ਆਰਕੀਟੈਕਟ ਐਲ.ਆਰ. ਗੁਪਤਾ ਪ੍ਰਿੰਸੀਪਲ ਆਰਕੀਟੈਕਟ ਯੂਨੀਕ ਆਰਕੀਟੈਕਟਸ, ਪਟਿਆਲਾ, ਡਾ: ਸ਼ਵਿੰਦਰ ਗੋਇਲ ਪੈਟਰਨ ਆਫ ਥੀਏਟਰ ਐਂਡ ਆਰਟਸ, ਪਟਿਆਲਾ ਨਟਾਸ ਪ੍ਰਧਾਨ ਸ੍ਰ: ਗੁਰਬਚਨ ਸਿੰਘ ਕੱਕੜ ਅਤੇ ਡਾਇਰੈਕਟਰ ਪਦਮਸ਼੍ਰੀ ਅਵਾਰਡੀ ਪ੍ਰਾਣ ਸੱਭਰਵਾਲ ਕਰਨਗੇ।

## ਜਤਿੰਦਰ ਸ਼ਰਮਾ ਭਾਜਪਾ ਮੰਡਲ ਸਮਾਣਾ ਤੇ ਗੁਰਪ੍ਰੀਤ ਸਿੰਘ ਫਤਿਹਮਾਜਰੀ ਸਰਕਲ ਦੇ ਪ੍ਰਧਾਨ ਚੁਣੇ



ਸਮਾਣਾ, 3 ਮਈ (ਹਰਜਿੰਦਰ ਸਿੰਘ ਜਵੰਦਾ) ਭਾਜਪਾ ਪਟਿਆਲਾ ਦੱਖਣੀ ਦੀ ਇੱਕ ਵਿਸ਼ੇਸ਼ ਮੀਟਿੰਗ ਸਰਜੀਵਨ ਜਿੰਦਲ ਅਤੇ ਡਾ. ਸ਼ੈਲੀ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਪਟਿਆਲਾ ਜ਼ਿਲ੍ਹਾ ਪ੍ਰਧਾਨ ਦੱਖਣੀ ਹਰਮੇਸ਼ ਗੋਇਲ ਡਕਾਲਾ, ਹਲਕਾ ਇੰਚਾਰਜ ਸੁਰਿੰਦਰ ਸਿੰਘ ਖੇੜਕੀ ਵੀ ਸ਼ਾਮਲ ਸਨ। ਇਸ ਮੌਕੇ ਸਮਾਣਾ ਸੰਘ ਪਰਿਵਾਰ ਦੀ ਪੁਸ਼ਟ ਭੂਮੀ ਨਾਲ ਸਬੰਧਤ ਰੱਖਣ ਵਾਲੇ ਜਤਿੰਦਰ ਸ਼ਰਮਾ ਨੂੰ ਅੱਜ ਮੰਡਲ ਪ੍ਰਧਾਨ ਸਮਾਣਾ ਚੁਣ ਲਿਆ ਗਿਆ ਅਤੇ ਕੈਪਟਨ ਪਰਿਵਾਰ ਦੇ ਨਜ਼ਦੀਕੀ ਮੰਨੇ ਜਾਂਦੇ ਭਾਜਪਾ ਆਗੂ ਗੁਰਪ੍ਰੀਤ ਸਿੰਘ ਨੂੰ ਭਾਜਪਾ ਦੇ ਫਤਿਹਮਾਜਰੀ ਸਰਕਲ ਦਾ ਪ੍ਰਧਾਨ ਚੁਣਿਆ ਗਿਆ। ਦੱਸ ਦਈਏ ਕਿ ਜਤਿੰਦਰ ਸ਼ਰਮਾ ਲੰਮੇ ਸਮੇਂ ਤੋਂ ਭਾਰਤੀਯ ਰਾਸ਼ਟਰੀ ਸਵਯੰਸੇਵਕ ਸੰਘ ਲਈ ਕੰਮ ਕਰ ਰਹੇ ਸਨ। 2027 ਦੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਇਸ ਨੂੰ ਮਹੱਤਵ ਪੂਰਨ ਮੰਨਿਆ ਜਾ ਰਿਹਾ ਹੈ, ਕਿਉਂਕਿ ਪਿਛਲੇ ਸਮੇਂ ਤੋਂ ਹਲਕਾ ਦੇ ਕਾਫੀ ਆਗੂ ਦੂਸਰੀਆਂ ਪਾਰਟੀਆਂ ਤੋਂ ਆਏ ਹਨ। ਜਿਸ ਲਈ ਸੰਘ ਦੇ ਕਾਰਜਕਰਤਾ ਨੂੰ ਸਮਾਣਾ ਦੀ ਕਮਾਨ ਸੌਂਪਣ ਦਾ ਮਤਲਬ ਸੰਘ ਆਗੂਆਂ ਨੂੰ ਭਾਜਪਾ ਲਈ ਸਮਰਪਿਤ ਹੋ ਕੰਮ ਕਰਨ ਦਾ ਇਕ ਸਪੱਸ਼ਟ ਸੰਕੇਤ ਹੈ। ਅੱਜ ਦੀ ਮੀਟਿੰਗ ਵਿੱਚ ਭਾਜਪਾ ਦੇ ਸੀਨੀਅਰ ਆਗੂ ਨੀਰਜ਼ ਗੁਪਤਾ, ਨਾਲਿਨੀ ਚੋਪੜਾ, ਅਮਰਿੰਦਰ ਸਿੰਘ ਸੋਨੂੰ ਢੋਟ, ਯੂਥ ਪ੍ਰਧਾਨ ਪ੍ਰੀਕਸ਼ਤ ਪਾਠਕ, ਵਿਕਾਸ ਸ਼ਰਮਾ, ਸੰਜੀਵ ਕੋਸ਼ਿਕ, ਸੰਜੀਵ ਗਰਗ, ਲਲਿਤ ਭੱਲਾ ,ਦਮਨ ਭੱਲਾ , ਵਰਿੰਦਰ ਬਿੱਟੂ ਨਾਭਾ, ਗੋਗੀ ਟਿਵਾਣਾ, ਬਿੱਟੂ ਧੀਮਾਨ, ਗੋਇਲ ਜੀ ਤੋਂ ਇਲਾਵਾ ਹੋਰ ਪਾਰਟੀ ਆਗੂ ਹਾਜ਼ਰ ਸਨ।

## ਜਗਮੀਤ ਸਿੰਘ ਹਰਿਆਊ ਐਗਜ਼ੈਕਟਿਵ ਮੈਂਬਰ ਨਿਯੁਕਤ



ਸਮਾਣਾ, 3 ਮਈ (ਹਰਜਿੰਦਰ ਸਿੰਘ ਜਵੰਦਾ) : ਜਗਮੀਤ ਸਿੰਘ ਹਰਿਆਊ ਨੂੰ ਐਸ.ਜੀ.ਪੀ.ਸੀ. ਪ੍ਰਧਾਨ ਹਰਜਿੰਦਰ ਸਿੰਘ ਧਾਮੀ ਅਤੇ ਅਗਜੈਕਟਿਵ ਵੱਲੋਂ ਗੁਰੂ ਹਰਗੋਬਿੰਦ ਸਾਹਿਬ ਖਾਲਸਾ ਗਰਲਜ਼ ਕਾਲਜ, ਕਰਾਹਲੀ ਸਾਹਿਬ ਦੀ ਮੈਨੇਜਮੈਂਟ ਕਮੇਟੀ ਦਾ ਐਗਜੈਕਟਿਵ ਮੈਂਬਰ ਨਿਯੁਕਤ ਕੀਤਾ ਗਿਆ। ਇਸ ਨਿਯੁਕਤੀ ਲਈ ਹਲਕਾ ਸਮਾਣਾ ਦੇ ਲੋਕਾਂ ਵੱਲੋਂ ਪ੍ਰਧਾਨ ਸਾਹਿਬ ਦਾ ਧੰਨਵਾਦ ਕੀਤਾ ਗਿਆ। ਅੱਜ ਕਾਲਜ ਦੀ ਕਾਨਵੋਕੇਸ਼ਨ ਡਿਗਰੀ ਵੰਡ ਸਮਾਰੋਹ ਵਿੱਚ ਅਗਜੈਕਟਿਵ ਮੈਂਬਰ ਸ. ਸੁਰਜੀਤ ਸਿੰਘ ਗੜ੍ਹੀ, ਇੰਜ. ਸੁਖਮਿੰਦਰ ਸਿੰਘ ਸੈਕਟਰੀ ਵਿੱਦਿਆ ਅਤੇ ਜਗਮੀਤ ਸਿੰਘ ਹਰਿਆਊ ਨੇ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ । ਹਰਿਆਊ ਵੱਲੋਂ ਬੱਚਿਆਂ ਨੂੰ ਸੰਬੋਧਨ ਕਰਦਿਆਂ ਜਿੱਥੇ ਉਹਨਾਂ ਦੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ, ਉੱਥੇ ਪ੍ਰਿੰਸੀਪਲ ਰਮਨਜੀਤ ਕੌਰ, ਰਜਿਸਟਰਾਰ ਗਗਨਦੀਪ ਕੌਰ ਅਤੇ ਸਮੂਹ ਸਟਾਫ ਨੂੰ ਉਨ੍ਹਾਂ ਦੀ ਮਿਹਨਤ ਅਤੇ ਕਾਲਜ ਅਨੁਸ਼ਾਸਨ ਲਈ ਵੀ ਵਧਾਈਆਂ ਦਿੱਤੀਆਂ।

## ਰੈੱਡ ਕਰਾਸ ਮਦਦਗਾਰ ਫ਼ਰਿਸ਼ਤਿਆਂ ਦੀ ਸੰਸਥਾ : ਧਰਮਵੀਰ ਗਰਗ





ਪਟਿਆਲਾ, 3 ਮਈ (ਚ.ਨ.ਸ.) : ਸੰਸਾਰ ਵਿੱਚ ਰੈੱਡ ਕਰਾਸ ਵੱਲੋਂ ਮਾਨਵਤਾਂ ਅਤੇ ਸੈਨਿਕਾਂ ਨੂੰ ਸੰਕਟ ਸਮੇਂ ਬਚਾਉਣ ਲਈ ਵੰਲਟੀਅਰ ਤਿਆਰ ਕੀਤੇ ਜਾਂਦੇ ਹਨ ਜੋ ਜੰਗਾਂ, ਮਹਾਂਮਾਰੀਆਂ ਅਤੇ ਕੁਦਰਤੀ ਜਾਂ ਮਨੁੱਖੀ ਆਪਦਾਵਾਂ ਸਮੇਂ ਜ਼ਖਮੀ ਜਾਂ ਕੈਦੀ ਸੈਨਿਕਾਂ ਅਤੇ ਪੀੜਤ ਮਾਨਵਤਾ ਨੂੰ ਬਚਾਉਣ ਹਿੱਤ ਪ੍ਰਸ਼ੰਸਾਯੋਗ ਉਪਰਾਲੇ ਕਰ ਰਹੇ ਹਨ ਜਦਕਿ ਰੈੱਡ ਕਰਾਸ ਤੋਂ ਪਹਿਲਾਂ ਜੰਗਾਂ, ਮਹਾਂਮਾਰੀਆਂ ਅਤੇ ਆਪਦਾਵਾਂ ਸਮੇਂ ਪੀੜਤਾਂ ਨੂੰ ਬਚਾਉਣ ਲਈ ਦੁਨੀਆਂ ਵਿੱਚ ਕੋਈ ਸੰਸਥਾ ਨਹੀ ਸੀ। ਇਹ ਵਿਚਾਰ ਸ਼੍ਰੀ ਧਰਮਵੀਰ ਗਰਗ ਅਤੇ ਇਸ਼ਵਰ ਬਾਂਸਲ, ਰੋਟਰੀ ਇੰਟਰਨੈਸ਼ਨਲ ਦੇ ਸਾਬਕਾ ਗਵਰਨਰ ਨੇ ਸੰਸਕਾਰ ਵੈਲੀ ਸਮਾਰਟ ਸਕੂਲ ਵਿਖੇ ਰੈੱਡ ਕਰਾਸ ਦਿਵਸ ਮੌਕੇ ਸ਼੍ਰੀ ਕਾਕਾ ਰਾਮ ਵਰਮਾ, ਸੇਵਾ ਮੁਕਤ ਟ੍ਰੇਨਿੰਗ ਸੁਪਰਵਾਈਜ਼ਰ ਰੈੱਡ ਕਰਾਸ ਅਤੇ ਪੰਜਾਬ ਪੁਲਿਸ ਦੇ ਅਫਸਰ ਰਾਮ ਸਰਨ ਦਾ ਸੁਆਗਤ ਅਤੇ ਧੰਨਵਾਦ ਕਰਦੇ ਹੋਏ ਪ੍ਰਗਟ ਕੀਤੇ। ਕਾਕਾ ਰਾਮ ਵਰਮਾ ਨੇ ਸਕੂਲ ਮੈਨੇਜਮੈਂਟ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਚੰਗੀਆਂ ਸੰਸਥਾਵਾਂ ਵੱਲੋਂ ਆਪਣੇ ਵਿਦਿਆਰਥੀਆਂ, ਅਧਿਆਪਕਾਂ ਅਤੇ ਉਨ੍ਹਾਂ ਰਾਹੀਂ ਮਾਪਿਆਂ ਨੂੰ ਚੰਗੇ ਸੰਸਕਾਰ, ਮਰਿਆਦਾਵਾਂ, ਫਰਜ਼ਾਂ ਅਤੇ ਮਾਨਵਤਾਵਾਦੀ ਸਿਧਾਂਤਾਂ ਨਾਲ ਜੋੜਣ ਲਈ ਅਜਿਹੇ ਪ੍ਰੋਗਰਾਮ ਕਰਵਾਏ ਜਾਂਦੇ ਹਨ। ਉਨ੍ਹਾਂ ਨੇ ਫਸਟ ਏਡ, ਸੀ ਪੀ ਆਰ, ਫਾਇਰ ਸੇਫਟੀ, ਸਿਲੰਡਰਾਂ ਦੀ ਵਰਤੋਂ ਅਤੇ ਪੀੜਤਾਂ ਨੂੰ ਮਰਨ ਤੋਂ ਬਚਾਉਣ ਦੀ ਟ੍ਰੇਨਿੰਗ ਅਭਿਆਸ ਮੌਕ ਡਰਿੱਲਾਂ ਦੀ ਮਹੱਤਤਾ ਦੱਸੀ। ਪੁਲਿਸ ਅਫਸਰ ਰਾਮ ਸਰਨ ਨੇ ਨਸ਼ਿਆਂ, ਅਪਰਾਧਾਂ, ਆਵਾਜਾਈ ਹਾਦਸਿਆਂ ਅਤੇ ਮਾੜੇ ਸਾਥੀਆਂ ਨਾਲ ਬੱਚਿਆਂ, ਨੌਜਵਾਨਾਂ ਦੀ ਹੋ ਰਹੀ ਤਬਾਹੀ ਬਾਰੇ ਜਾਣਕਾਰੀ ਦਿੱਤੀ ਅਤੇ ਇਨ੍ਹਾਂ ਤੋਂ ਬਚਣ ਲਈ ਉਤਸ਼ਾਹਿਤ ਕੀਤਾ। ਪ੍ਰਿੰਸੀਪਲ ਅਮਨ ਨਿੱਝਰ ਨੇ ਧੰਨਵਾਦ ਕਰਦਿਆਂ ਕਿਹਾ ਕਿ ਕਾਕਾ ਰਾਮ ਵਰਮਾ ਵੱਲੋਂ ਪਿਛਲੇ 45 ਸਾਲਾਂ ਤੋਂ ਕੀਤੇ ਜਾ ਰਹੇ ਮਾਨਵਤਾਵਾਦੀ ਉਪਰਾਲਿਆਂ ਦੀ ਸ਼ਲਾਘਾ ਕੀਤੀ।

## ਨਸ਼ੀਲੀਆਂ ਗੋਲੀਆਂ ਸਮੇਤ ਮੁਲਜ਼ਮ ਕਾਬੂ, ਦੋ ਦਿਨਾਂ ਪੁਲਿਸ ਰਿਮਾਂਡ 'ਤੇ

ਸਮਾਣਾ, 3 ਮਈ (ਵਿਜੇ ਕੁਮਾਰ) : ਸਿਟੀ ਪੁਲਸ ਨੇ ਇੱਕ ਵਿਅਕਤੀ ਨੂੰ





70 ਖੁਲੀਆਂ ਨਸ਼ੀਲੀਆਂ ਗੋਲੀਆਂ ਸਣੇ ਕਾਬੂ ਕਰਕੇ ਉਸ ਖਿਲਾਫ ਨਸ਼ਾ ਵਿਰੋਧੀ ਐਕਟ ਦੀਆਂ ਧਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ । ਮੁਲਜ਼ਮ ਦੀ ਪਹਿਚਾਣ ਕੁਲਵਿੰਦਰ ਸਿੰਘ ਨਿਵਾਸੀ ਪਿੰਡ ਮੁਰਾਦਪੁਰਾ ਵਜੋਂ ਹੋਈ। ਸਿਟੀ ਪੁਲਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਏ.ਐਸ.ਆਈ. ਸਿੰਦਰ ਸਿੰਘ ਨੇ ਪੁਲਸ ਪਾਰਟੀ ਸਣੇ ਵੜੈਚਾ ਰੋਡ ਤੇ ਗਸਤ ਦੌਰਾਨ ਮੁਲਜ਼ਮ ਵੱਲੋਂ ਪਿੰਡ ਮੁਰਾਦਪੁਰਾ ਨੇੜੇ ਸੜਕ ਤੇ ਖੜੇ ਹੋ ਕੇ ਨਸ਼ੀਲੀਆਂ ਗੋਲੀਆਂ ਵੇਚਣ ਸਬੰਧੀ ਮਿਲੀ ਸੂਚਨਾ ਤੇ ਰੇਡ ਕੀਤੀ, ਅਤੇ 70 ਗੋਲੀਆਂ ਬਰਾਮਦ ਹੋਣ ਤੇ ਮੁਲਜ਼ਮ ਨੂੰ ਹਿਰਾਸਤ ਵਿੱਚ ਲੈ ਲਿਆ। ਮੁਲਜ਼ਮ ਤੇ ਪਹਿਲਾਂ ਵੀ ਮਾਮਲੇ ਦਰਜ ਹਨ। ਅਧਿਕਾਰੀ ਅਨੁਸਾਰ ਮੁਲਜ਼ਮ ਨੂੰ ਮਾਨਯੋਗ ਅਦਾਲਤ 'ਚ ਪੇਸ਼ ਕਰ ਹੋਰ ਪੁੱਛਗਿਛ ਲਈ ਦੋ ਦਿਨ ਦਾ ਪੁਲਸ ਰਿਮਾਂਡ ਹਾਸਲ ਕਰਕੇ ਆਪਣੀ ਕਾਰਵਾਈ ਸੁਰੂ ਕਰ ਦਿੱਤੀ।

## ਪਤੀ-ਪਤਨੀ ਦੀ ਕੀਤੀ ਕੁੱਟਮਾਰ, ਮਾਮਲਾ ਦਰਜ

ਨਾਭਾ, 3 ਮਈ (ਵਿਨੋਦ ਸ਼ਰਮਾ) : ਥਾਣਾ ਕੋਤਵਾਲੀ ਨਾਭਾ ਪੁਲਿਸ ਕੋਲ ਮਹਿੰਦਰ ਕੁਮਾਰ ਪੁੱਤਰ ਸੱਤਪਾਲ ਵਾਸੀ ਗਲੀ ਨੰ. 02 ਮੋਤੀ ਬਾਗ ਕਲੋਨੀ ਨਾਭਾ ਨੇ ਕਥਿਤ ਦੋਸ਼ੀਆਂ ਜਗਦੀਪ ਕੁਮਾਰ ਪੁੱਤਰ ਪ੍ਰੇਮ ਕੁਮਾਰ, ਮਦਨ ਲਾਲ, ਪ੍ਰੇਮ ਕੁਮਾਰ ਵਾਸੀਆਨ ਕੈਂਟ ਰੋਡ ਨੇੜੇ ਨਿਊ ਡਿਫੈਂਸ ਕਲੋਨੀ ਅਲੋਹਰਾ ਗੇਟ ਨਾਭਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਹ ਆਪਣੀ ਪਤਨੀ ਸੋਨੀਆ ਬਾਂਸਲ ਸਮੇਤ ਆਪਣੇ ਪਲਾਟ ਕੈਂਟ ਰੋਡ ਨੇੜੇ ਨਿਊ ਡਿਫੈਂਸ ਕਲੋਨੀ ਨਾਭਾ ਵਿਖੇ ਮੌਜੂਦ ਸੀ। ਕਥਿਤ ਦੋਸ਼ੀਆਂ ਨੇ ਮੌਕੇ 'ਤੇ ਆ ਕੇ ਉਸ ਅਤੇ ਉਸ ਦੀ ਪਤਨੀ ਦੀ ਘੇਰ ਕੇ ਕੁੱਟਮਾਰ ਕੀਤੀ। ਪੁਲਿਸ ਨੇ ਧਾਰਾ 115(2), 126(2) ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਬਸੰਤ ਰਿਤੂ ਕਲੱਬ ਨੇ ਕਰਵਾਏ ਅੱਖਾਂ ਦੇ ਆਪ੍ਰੇਸ਼ਨ



ਪਟਿਆਲਾ, 3 ਮਈ (ਚ.ਨ.ਸ.) : ਬਸੰਤ ਰਿਤੂ ਯੂਥ ਕਲੱਬ ਤ੍ਰਿਪੜੀ ਪਟਿਆਲਾ ਵੱਲੋਂ ਪਿਛਲੇ ਤਿੰਨ ਸਾਲਾਂ ਤੋਂ ਲਗਾਤਾਰ ਹਰ ਮਹੀਨੇ ਜ਼ਰੂਰਤਮੰਦ ਲੋਕਾਂ ਦੇ ਅੱਖਾਂ ਦੇ ਲੈਂਜ ਵਾਲੇ ਓਪਰੇਸ਼ਨ ਮੁਫ਼ਤ ਕਰਵਾਏ ਜਾ ਰਹੇ ਹਨ। ਇਸ ਬਾਰੇ ਕਲੱਬ ਦੇ ਪ੍ਰਧਾਨ ਇੰਜੀ: ਆਕਰਸ਼ ਸ਼ਰਮਾ ਅਤੇ ਕਲੱਬ ਦੇ ਸੰਸਥਾਪਕ ਰਾਜੇਸ਼ ਸ਼ਰਮਾ ਰਾਮਟੱਟਵਾਲੀ ਨੇ ਦੱਸਿਆ ਕਿ ਇਹ ਕੈਂਪ ਹਰ ਮਹੀਨੇ ਸ੍ਰੀ ਗੁਰੂ ਤੇਗ ਬਹਾਦਰ ਅੱਖਾਂ ਦੇ ਹਸਪਤਾਲ ਸਾਹਮਣੇ ਦੁਖਨਿਵਾਰਨ ਸਾਹਿਬ ਵਿਖੇ ਡਾ. ਆਸ਼ਾ ਪ੍ਰਿਤਪਾਲ ਕੌਰ ਆਈ ਸਰਜਨ ਵਲੋਂ ਉਪਰੇਸ਼ਨ ਕੀਤੇ ਜਾਂਦੇ ਹਨ ਅਤੇ ਮਰੀਜਾਂ ਨੂੰ ਮੁਫ਼ਤ ਦਵਾਈਆਂ ਅਤੇ ਐਨਕਾਂ ਵੀ ਦਿੱਤੀਆਂ ਜਾਂਦੀਆ ਹਨ। ਕਲੱਬ ਵੱਲੋਂ ਲਗਭਗ ਚਾਰ ਜ਼ਰੂਰਤਮੰਦਾਂ ਦੇ ਉਪਰੇਸ਼ਨ ਕਰਵਾਉਣ ਦਾ ਟੀਚਾ ਨਿਸ਼ਚਿਤ ਕੀਤਾ ਗਿਆ ਹੈ। ਜੇਕਰ ਇਸ ਤੋਂ ਵੱਧ ਵੀ ਮਰੀਜ਼ ਆਉਂਦੇ ਹਨ ਤਾਂ ਉਸ ਤੋਂ ਵੱਧ ਵੀ ਓਪਰੇਸ਼ਨ ਕਰਵਾਏ ਜਾਂਦੇ ਹਨ। ਮਾਸਿਕ ਕੈਂਪ ਵਿੱਚ ਪੰਜਾਬ ਤੋਂ ਬਾਹਰ ਦੇ ਵੀ ਸੂਬਿਆਂ ਤੋਂ ਲੋਕ ਆ ਕੇ ਇਸ ਸੇਵਾ ਦਾ ਲਾਭ ਉਠਾ ਰਹੇ ਹਨ। ਕਲੱਬ ਵੱਲੋਂ ਪਿਛਲੇ ਤਿੰਨ ਸਾਲਾਂ ਤੋਂ ਚੱਲ ਰਹੀ ਸੇਵਾ ਤਹਿਤ 200 ਤੋਂ ਵੱਧ ਲੋਕਾਂ ਦੇ ਮੁਫ਼ਤ ਵਿੱਚ ਲੈਂਜ ਵਾਲੇ ਓਪਰੇਸ਼ਨ ਕੀਤੇ ਜਾ ਚੁੱਕੇ ਹਨ। ਕਲੱਬ ਦੇ ਜਨਰਲ ਸਕੱਤਰ ਅਮਰੀਸ਼ ਕੁਮਾਰ ਅਤੇ ਕਲੱਬ ਦੇ ਚੇਅਰਮੈਨ ਰਾਮ ਜੀ ਦਾਸ ਨੇ ਵੀ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਆਖਿਆ ਕਿ ਜਿਹੜੇ ਮਰੀਜ਼ ਗਰੀਬ ਹਨ ਅਤੇ ਉਹਨਾਂ ਕੋਲ ਆਉਣ ਜਾਣ ਦਾ ਕਿਰਾਇਆ ਨਹੀਂ ਹੁੰਦਾ ਉਹਨਾਂ ਨੂੰ ਕਿਰਾਇਆ ਵੀ ਦਿੱਤਾ ਜਾਂਦਾ ਹੈ ਅਤੇ ਓਪਰੇਸ਼ਨ ਵੀ ਕਰਵਾਏ ਜਾਂਦੇ ਹਨ। ਉਹਨਾਂ ਇਹ ਵੀ ਆਖਿਆ ਕਿ ਇਸ ਸੇਵਾ ਵਿੱਚ ਤ੍ਰਿਪੜੀ ਬਜ਼ਾਰ ਦੇ ਦੁਕਾਨਦਾਰਾਂ ਅਤੇ ਕਲੱਬ ਮੈਂਬਰਾਂ ਦਾ ਵਡਮੁੱਲਾ ਯੋਗਦਾਨ ਹੈ। ਇਸ ਮੌਕੇ ਧਰਮਿੰਦਰ ਕੁਮਾਰ, ਮੁਕੇਸ਼ ਕੁਮਾਰ, ਮੇਹਰਵਾਨ ਸਿੰਘ ਮਾਗੋ, ਹਰਜੀਤ ਸਿੰਘ, ਸੰਤੋਸ਼ ਲਾਗਵਾਨੀ, ਸੁਰਿੰਦਰ ਸਿੰਘ ਹਸਨਪੁਰ ਆਦਿ ਹਾਜ਼ਰ ਸਨ।

## ਨੀਟ ਦੇ ਪ੍ਰੀਖਿਆ ਕੇਂਦਰਾਂ ਦੇ 100 ਮੀਟਰ ਖ਼ੇਤਰ 'ਚ ਆਮ ਪਬਲਿਕ ਦੇ ਇਕੱਠੇ ਹੋਣ 'ਤੇ ਪਾਬੰਦੀ ਦੇ ਹੁਕਮ ਜਾਰੀ

ਪਟਿਆਲਾ, 3 ਮਈ (ਚ.ਨ.ਸ.) : ਪਟਿਆਲਾ ਦੇ ਵਧੀਕ ਜ਼ਿਲ੍ਹਾ ਮੈਜਿਸਟਰੇਟ ਇਸ਼ਾ ਸਿੰਗਲ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੁਕਮ ਜਾਰੀ ਕੀਤਾ ਹੈ ਕਿ ਪਟਿਆਲਾ ਵਿੱਚ ਮਿਤੀ 4 ਮਈ ਨੂੰ ਹੋਣ ਵਾਲੀ ਨੀਟ ਪ੍ਰੀਖਿਆ ਦੇ ਪ੍ਰੀਖਿਆ ਕੇਂਦਰਾਂ ਦੇ 100 ਮੀਟਰ ਦੇ ਘੇਰੇ ਵਿੱਚ ਆਮ ਪਬਲਿਕ ਦੇ ਇਕੱਠੇ ਹੋਣ ਤੇ ਪਾਬੰਦੀ ਲਗਾਈ ਜਾਂਦੀ ਹੈ। ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਜ਼ਿਲ੍ਹਾ ਪਟਿਆਲਾ ਦੀ ਹਦੂਦ ਅੰਦਰ ਨੈਸ਼ਨਲ ਟੈਸਟਿੰਗ ਏਜੰਸੀ ਵਲੋਂ ਸਥਾਪਿਤ ਕੀਤੇ ਪ੍ਰੀਖਿਆ ਕੇਂਦਰਾਂ ਦੇ ਆਲੇ ਦੁਆਲੇ ਸੁਰੱਖਿਆ ਦੇ ਪੁਖਤਾ ਪ੍ਰਬੰਧਾਂ ਤਹਿਤ ਪ੍ਰੀਖਿਆ ਕੇਂਦਰਾਂ ਦੇ ਆਲੇ ਦੁਆਲੇ ਆਮ ਪਬਲਿਕ ਦੇ ਇਕੱਠੇ ਹੋਣ 'ਤੇ ਮਨਾਹੀ ਕਰਨਾ ਅਤਿ ਜ਼ਰੂਰੀ ਹੈ ਤਾਂ ਕਿ ਕੋਈ ਅਣਸਖਾਣੀ ਘਟਨਾ ਨਾ ਵਾਪਰੇ। ਜ਼ਿਕਰਯੋਗ ਹੈ ਕਿ ਮਿਤੀ 4 ਮਈ ਨੂੰ ਪਟਿਆਲਾ ਦੇ ਸੱਤ ਕੇਂਦਰਾਂ ਵਿੱਚ ਨੀਟ ਦੀ ਪ੍ਰੀਖਿਆ ਹੋਵੇਗੀ। ਇਹ ਪ੍ਰੀਖਿਆ ਪੀ.ਐਮ. ਕੇ.ਵੀ. ਨੰ: 1 ਪਟਿਆਲਾ ਕੈਂਟ, ਕੇ.ਵੀ. ਨੰ: 2 ਪਟਿਆਲਾ ਕੈਂਟ, ਪੀ.ਐਮ. ਸ੍ਰੀ ਕੇ.ਵੀ. ਨੰ: 3 ਪਟਿਆਲਾ ਕੈਂਟ, ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਾਡਲ ਟਾਊਨ, ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸਿਵਲ ਲਾਈਨਜ਼, ਸਕੂਲ ਆਫ਼ ਐਮੀਨੈਂਸ ਫ਼ੀਲਖ਼ਾਨਾ ਤੇ ਸਰਕਾਰੀ ਗਰਲਜ਼ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਪੁਰਾਣੀ ਪੁਲਿਸ ਲਾਈਨ ਪਟਿਆਲਾ ਵਿਖੇ ਕਰਵਾਈ ਜਾ ਰਹੀ।

## ਸੇਂਟ ਜੇਵਿਅਰਜ਼ ਇੰਟਰਨੈਸ਼ਨਲ ਸਕੂਲ ਅਤਾਲਾਂ ਦੇ ਬੱਚਿਆਂ ਨੇ ਤੀਜੀ ਪੰਜਾਬ ਸਟੇਟ ਮਲਟੀ ਗੇਮਜ਼ 'ਚ ਮਾਰੀਆਂ ਮੱਲਾਂ



ਸਮਾਣਾ, 3 ਮਈ (ਜਵੰਦਾ) : ਇੱਕ ਵਾਰ ਫਿਰ ਸੇਂਟ ਜੇਵਿਅਰਜ਼ ਇੰਟਰਨੈਸ਼ਨਲ ਸਕੂਲ, ਅਤਾਲਾ ਦੇ ਬੱਚਿਆਂ ਨੇ ਤੀਜੀ ਪੰਜਾਬ ਸਟੇਟ ਮਲਟੀ ਗੇਮਜ਼ ਵਾਈ ਏਸ ਪੀ ਏ 2024-25, ਜੋ ਕਿ ਆਸਰਾ ਗਰੁੱਪ ਆਫ ਕਾਲਜ਼ ਵਿੱਚ ਆਯੋਜਿਤ ਕੀਤੀ ਗਈ, ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਸੇਂਟ ਜੇਵਿਅਰਜ਼ ਸਕੂਲ ਦੇ ਖਿਡਾਰੀਆਂ ਨੇ ਉੱਤਮ ਖੇਡਾਂ ਦਾ ਪ੍ਰਦਰਸ਼ਨ ਕਰਦੇ ਹੋਏ ਹੋਰ ਸਕੂਲਾਂ ਨੂੰ ਪਿੱਛੇ ਛੱਡ ਕੇ 18 ਸੋਨਿਆਂ ਦੇ ਤਮਗੇ ਜਿੱਤ ਕੇ ਆਪਣੇ ਸਕੂਲ ਅਤੇ ਜ਼ਿਲ੍ਹੇ ਦਾ ਨਾਮ ਰੌਸ਼ਨ ਕੀਤਾ। ਇਹ ਸਾਰੀ ਕਾਮਯਾਬੀ ਸਕੂਲ ਦੇ ਅਨੁਭਵੀ ਅਤੇ ਮਿਹਨਤੀ ਕੋਚ ਇੰਦਰ ਕੁਮਾਰ (ਪਟਿਆਲਾ) ਅਤੇ ਗੁਰਿੰਦਰ ਸਿੰਘ ਜੀ ਦੇ ਦਿਸ਼ਾ-ਨਿਰਦੇਸ਼ ਅਤੇ ਗਰਮੀ ਤੇ ਧੁੱਪ ਦੀ ਪਰਵਾਹ ਨਾ ਕਰਦੇ ਹੋਏ ਬੱਚਿਆਂ ਦੀ ਖੇਡਾਂ ਪ੍ਰਤੀ ਨਿਸ਼ਠਾ ਦਾ ਨਤੀਜਾ ਹੈ। ਇਸ ਸਬੰਧ ਵਿੱਚ ਮੀਡੀਆ ਨਾਲ ਗੱਲ ਕਰਦਿਆਂ ਸਕੂਲ ਦੇ ਪ੍ਰਧਾਨ ਅਰਨਵ ਸਰਕਾਰ ਨੇ ਕਿਹਾ ਕਿ ਕਰਨਪ੍ਰੀਤ ਸਿੰਘ, ਖੁਸ਼ਪ੍ਰੀਤ ਸਿੰਘ, ਪਾਰਸਦੀਪ ਸਿੰਘ, ਹਰਨਵ, ਮਾਨਵਜੋਤ ਸਿੰਘ, ਦਿਲਪ੍ਰੀਤ ਸਿੰਘ, ਏਕਮਜੀਤ ਸਿੰਘ, ਪ੍ਰਭਜੋਤ ਸਿੰਘ, ਮਯਾਂਸ਼, ਨਵਜੋਤ ਸਿੰਘ, ਗੁਰਵੰਸ਼ ਸਿੰਘ, ਮਨਿੰਦਰ ਸਿੰਘ, ਗੁਰਜੋਤ ਸਿੰਘ, ਦਮਨਪ੍ਰੀਤ ਸਿੰਘ, ਖੁਸ਼ਪ੍ਰੀਤ ਸਿੰਘ, ਲਵਪ੍ਰੀਤ ਲਵੀ, ਵਿਸ਼ਾਲ ਸਿੰਘ, ਸਹਿਜ ਸਿੰਘ, ਸੁਖਮੀਤ ਸਿੰਘ, ਅਤੇ ਹਰਮੀਤ ਸਿੰਘ ਨੇ ਵੱਖ-ਵੱਖ ਖੇਡਾਂ ਵਿੱਚ ਜਿੱਤ ਹਾਸਲ ਕਰਕੇ ਉੱਤਮ ਪ੍ਰਦਰਸ਼ਨ ਕੀਤਾ।

## ਖ਼ਾਲਸਾ ਕਾਲਜ ਵਿਖੇ ਤ੍ਰੈ-ਭਾਸ਼ੀ ਰਾਸ਼ਟਰੀ ਕਵੀ ਦਰਬਾਰ ਕਰਵਾਇਆ



ਪਟਿਆਲਾ, 3 ਮਈ (ਰੁਪਾਣਾ) : ਖ਼ਾਲਸਾ ਕਾਲਜ ਪਟਿਆਲਾ ਦੇ ਹਿੰਦੀ ਅਤੇ ਹੋਰ ਭਾਸ਼ਾਵਾਂ ਵਿਭਾਗ ਵੱਲੋਂ ਨਰਾਇਣੀ ਸਹਿਤ ਅਕਾਦਮੀ, ਦਿੱਲੀ ਦੇ ਸਹਿਯੋਗ ਨਾਲ ਅੱਜ ਕਾਲਜ ਵਿਖੇ ਤ੍ਰੈਭਾਸ਼ੀ ਰਾਸ਼ਟਰੀ ਕਵੀ ਦਰਬਾਰ ਦਾ ਸ਼ਾਨਦਾਰ ਆਯੋਜਨ ਕੀਤਾ ਗਿਆ। ਇਸ ਸਮਾਗਮ ਵਿੱਚ ਦੇਸ਼ ਦੇ ਪ੍ਰਸਿੱਧ ਕਵੀਆਂ, ਗਜ਼ਲਕਾਰਾਂ ਅਤੇ ਸਾਹਿਤਕਾਰਾਂ ਨੇ ਆਪਣੀਆਂ ਰਚਨਾਵਾਂ ਨਾਲ ਸਰੋਤਿਆਂ ਦਾ ਮਨ ਮੋਹ ਲਿਆ। ਪ੍ਰੋਗਰਾਮ ਵਿੱਚ ਨਰਾਇਣੀ ਸਹਿਤ ਅਕਾਦਮੀ ਦੀ ਪ੍ਰਧਾਨ ਡਾ. ਪੁਸ਼ਪਾ ਸਿੰਘ, ਪ੍ਰਸਿੱਧ ਗਜ਼ਲਕਾਰ ਡਾ. ਪ੍ਰਦੀਪ ਅਜਨਵੀ ਅਤੇ ਮਸ਼ਹੂਰ ਕਵਿਤਰੀ ਮਾਹੀ ਮੁੰਤਜ਼ਿਰ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਕਵੀ ਦਰਬਾਰ ਵਿੱਚ ਡਾ. ਅੰਜੂ ਖੁੱਲਰ, ਡਾ. ਨਿਪੁੰਨਜੋਤ ਕੌਰ, ਡਾ. ਸਤਵਿੰਦਰ ਕੌਰ, ਪ੍ਰੋ. ਇੰਦਰਬੀਰ ਕੌਰ, ਡਾ. ਮੁਹੰਮਦ ਯੂਸੁਫ, ਪ੍ਰੋ. ਸਮਨਦੀਪ ਸਿੰਘ, ਪ੍ਰੋ. ਪੁਸ਼ਪਿੰਦਰ ਕੌਰ, ਪ੍ਰੋ. ਨਵਦੀਪ ਮਠਾਰੂ, ਹਰਪ੍ਰੀਤ ਸਿੰਘ ਅਤੇ ਪ੍ਰੋ. ਪ੍ਰਦੀਪ ਸ੍ਰੀਵਾਸਤਵ ਵਰਗੇ ਪ੍ਰਤਿਭਾਸ਼ਾਲੀ ਕਵੀਆਂ ਨੇ ਆਪਣੀਆਂ ਕਵਿਤਾਵਾਂ ਅਤੇ ਗਜ਼ਲਾਂ ਪੇਸ਼ ਕਰਕੇ ਸਮਾਗਮ ਨੂੰ ਯਾਦਗਾਰ ਬਣਾ ਦਿੱਤਾ। ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਗਜ਼ਲਕਾਰ ਇੰਜੀ. ਪਰਵਿੰਦਰ ਸਿੰਘ ਨੇ ਆਪਣੀਆਂ ਗਜ਼ਲਾਂ ਨਾਲ ਸਰੋਤਿਆਂ ਤੋਂ ਭਰਪੂਰ ਵਾਹ-ਵਾਹੀ ਹਾਸਲ ਕੀਤੀ। ਸ੍ਰੀ ਨਾਸਰ ਅਲੀ ਨੇ ਆਪਣੀ ਮਿੱਠੀ ਅਤੇ ਰਸਭਿੰਨੀ ਆਵਾਜ਼ ਵਿੱਚ ਗੀਤ ਪੇਸ਼ ਕਰਕੇ ਮਾਹੌਲ ਨੂੰ ਹੋਰ ਵੀ ਸੁਹਾਵਣਾ ਬਣਾਇਆ। ਡਾ. ਪੁਸ਼ਪਾ ਸਿੰਘ ਨੇ ਨਰਾਇਣੀ ਸਹਿਤ ਅਕਾਦਮੀ ਦੇ ਉਦੇਸ਼ਾਂ ਅਤੇ ਸਾਹਿਤਕ ਯਤਨਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਨੇ ਵਿਸ਼ਵਾਸ ਜਤਾਇਆ ਕਿ ਖ਼ਾਲਸਾ ਕਾਲਜ ਦੇ ਹਿੰਦੀ ਵਿਭਾਗ ਦੇ ਸਹਿਯੋਗ ਨਾਲ ਭਵਿੱਖ ਵਿੱਚ ਵੀ ਅਜਿਹੇ ਸਾਹਿਤਕ ਪ੍ਰੋਗਰਾਮ ਆਯੋਜਿਤ ਕੀਤੇ ਜਾਣਗੇ। ਵਿਭਾਗ ਦੀ ਮੁਖੀ ਡਾ. ਹਰਵਿੰਦਰ ਕੌਰ ਨੇ ਆਪਣੀ ਕਵਿਤਾ ਸੁਣਾਉਣ ਦੇ ਨਾਲ-ਨਾਲ ਮਹਿਮਾਨਾਂ ਦਾ ਨਿੱਘਾ ਸਵਾਗਤ ਤੇ ਧੰਨਵਾਦ ਕੀਤਾ ਅਤੇ ਹਿੰਦੀ ਸਾਹਿਤ ਦੇ ਵਿਕਾਸ ਲਈ ਆਪਣੀ ਵਚਨਬੱਧਤਾ ਵੀ ਦੁਹਰਾਈ । ਕਾਲਜ ਦੇ ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉੱਭਾ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਸਾਹਿਤ ਦੀ ਮਹੱਤਤਾ 'ਤੇ ਚਾਨਣਾ ਪਾਇਆ ਅਤੇ ਵਿਦਿਆਰਥੀਆਂ ਨੂੰ ਸਾਹਿਤਕ ਸਰਗਰਮੀਆਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਨਰਾਇਣੀ ਸਹਿਤ ਅਕਾਦਮੀ ਵੱਲੋਂ ਸਾਰੇ ਸ਼ਾਮਲ ਕਵੀਆਂ ਨੂੰ ਮੈਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰੋਗਰਾਮ ਦਾ ਮੰਚ ਸੰਚਾਲਨ ਡਾ. ਮੁਹੰਮਦ ਯੂਸੁਫ ਨੇ ਬਾਖੂਬੀ ਨਿਭਾਇਆ। ਇਸ ਮੌਕੇ ਕਾਲਜ ਦੇ ਵੱਖ-ਵੱਖ ਵਿਭਾਗਾਂ ਦੇ ਪ੍ਰੋਫੈਸਰ, ਵਿਦਿਆਰਥੀ ਅਤੇ ਸਾਹਿਤ ਪ੍ਰੇਮੀ ਹਾਜ਼ਰ ਸਨ। ਇਸ ਕਵੀ ਦਰਬਾਰ ਨੇ ਨਾ ਸਿਰਫ਼ ਸਾਹਿਤਕ ਚਰਚਾ ਨੂੰ ਉਤਸ਼ਾਹਿਤ ਕੀਤਾ, ਸਗੋਂ ਵੱਖ-ਵੱਖ ਭਾਸ਼ਾਵਾਂ ਦੇ ਸੁਮੇਲ ਨਾਲ ਸੱਭਿਆਚਾਰਕ ਏਕਤਾ ਨੂੰ ਵੀ ਮਜ਼ਬੂਤ ਕੀਤਾ।

## ਕਿਸਾਨ ਯੂਨੀਅਨ ਪੁਆਦ ਦੀ ਹੋਈ ਅਹਿਮ ਮੁੱਦਿਆਂ 'ਤੇ ਮੀਟਿੰਗ

ਘਨੌਰ, 3 ਮਈ (ਮਦਨ ਲਾਲ) : ਕਿਸਾਨ ਯੂਨੀਅਨ ਪੁਆਦ ਪੰਜਾਬ ਦੀ ਮੀਟਿੰਗ ਸ. ਚਰਨਜੀਤ ਸਿੰਘ ਝੁੰਗੀਆਂ ਪੰਜਾਬ ਪ੍ਰਧਾਨ ਦੀ ਪ੍ਰਧਾਨਗੀ ਹੇਠ ਘਨੌਰ ਵਿਖੇ ਹੋਈ, ਜਿਸ ਵਿੱਚ ਪੰਜਾਬ ਸਰਕਾਰ ਦੇ ਭਾਖੜਾ ਬਿਆਸ ਮੈਨੇਜ ਮੈਨੇਜਮੈਂਟ ਬੋਰਡ ਵੱਲੋਂ ਹਰਿਆਣੇ ਨੂੰ 8500 ਕਿਓਸਕ ਪਾਣੀ ਦੇਣ ਦੇ ਵਿਰੋਧ ਕੀਤਾ ਗਿਆ ਪਰ ਅਸੀਂ ਪੰਜਾਬ ਸਰਕਾਰ ਨੂੰ ਵਾਰਨਿੰਗ ਕਰਦੇ ਹਾਂ ਕਿ ਇਹ ਮਸਲਾ ਜਦੋਂ ਬੀਵੀਐਮ 'ਚ ਪੰਜਾਬ ਦੀ ਨੁਮਾਇੰਦਗੀ ਘਟਾਈ ਉਦੋਂ ਉਠਾਉਣ ਦਾ ਮੌਕਾ ਸੀ ਜੋ ਕਿ ਇਸ ਨਿਕੰਮੀ ਸਰਕਾਰ ਨੇ ਨਹੀਂ ਉਠਾਇਆ ਪਰ ਅਸੀਂ ਫਿਰ ਵੀ ਪੰਜਾਬ ਸਰਕਾਰ ਦੇ ਇਸ ਵਿਰੋਧ ਦਾ ਸਵਾਗਤ ਕਰਦੇ ਹਾਂ ਤੇ ਆਸ ਕਰਦੇ ਹਾਂ ਕਿਸੇ ਲਾਲਚ ਬਸ ਹੋ ਕੇ ਪੰਜਾਬ ਸਰਕਾਰ ਫਿਰ ਕਿਸਾਨਾਂ ਦੇ ਸ਼ੰਭੂ ਤੇ ਖਨੌਰੀ ਮੋਰਚੇ ਵਾਂਗੂ ਸੈਂਟਰ ਦੀ ਘੁਰਕੀ ਨੂੰ ਮੰਨਦੇ ਹੋਏ ਇਸ ਫੈਸਲੇ ਨੂੰ ਫੇਰ ਨਾ ਮੰਨ ਲਵੇ ਜੇਕਰ ਪੰਜਾਬ ਸਰਕਾਰ ਆਪਣੀ ਸਟੈਂਡ 'ਤੇ ਕਾਇਮ ਰਹਿੰਦੀ ਹੈ ਤਾਂ ਸਾਡੀ ਕਿਸਾਨ ਯੂਨੀਅਨ ਪੁਆਦ ਪੰਜਾਬ ਪੰਜਾਬ ਸਰਕਾਰ ਦੇ ਪਿੱਠ 'ਤੇ ਡੱਟ ਕੇ ਖੜ੍ਹੇਗੀ । ਅਸੀਂ ਪੰਜਾਬ ਦੇ ਲੋਕਾਂ ਨੂੰ ਅਪੀਲ ਕਰਦੇ ਹਾਂ ਕਿ ਸਾਰੇ ਇੱਕ ਮੁੱਠ ਹੋ ਕੇ ਪੰਜਾਬ ਸਰਕਾਰ ਦੇ ਨਾਲ ਖੜੀਏ। ਮੁੱਕ ਦੀ ਗੱਲ ਅਸੀਂ ਪੰਜਾਬ ਸਰਕਾਰ ਦੇ ਇਸ ਫੈਸਲੇ ਤੇ ਖੜੇ ਆਂ ਅਸੀਂ ਪੰਜਾਬ ਸਰਕਾਰ ਨੂੰ ਅਪੀਲ ਕਰਦੇ ਆਂ ਤੇ ਜੋ ਪੰਜਾਬ ਸਰਕਾਰ ਨੇ ਫੈਸਲਾ ਕੀਤਾ ਅਦਾਲਤ ਚ ਜਾਣ ਦਾ ਇਹਦੇ ਨਾਲ ਕੁਝ ਨਹੀਂ ਹੋਣਾ ਆਪਣੇ ਲੋਕਾਂ ਨਾਲ ਖੜੇ ਜੇਕਰ ਪੰਜਾਬ ਸਰਕਾਰ ਕਿਸੇ ਵੀ ਤਰ੍ਹਾਂ ਦੇ ਦਬਾਅ ਹੇਠ ਆ ਗਈ ਤਾਂ ਜਿਸ ਤਰ੍ਹਾਂ ਅੱਜ ਦਰਬਾਰਾ ਸਿੰਘ ਨੂੰ ਕੋਈ ਨਹੀਂ ਜਾਣਦਾ ਕਿ ਉਹ ਵੀ ਕਿਤੇ ਪੰਜਾਬ ਦਾ ਇੱਕ ਗਦਾਰ ਮੁੱਖ ਮੰਤਰੀ ਰਿਹਾ ਉਸੇ ਤਰ੍ਹਾਂ ਇਸ ਸਰਕਾਰ ਦਾ ਵੀ ਗਦਾਰਾਂ 'ਚ ਨਾਮ ਲਿਖਿਆ ਜਾਣਾ ਪਾਣੀ ਦਾ ਮਸਲਾ ਤਾਂ ਲੋਕ ਬਾਅਦ 'ਚ ਵੀ ਹੱਲ ਕਰ ਲੈਣਗੇ ਪਰ ਇਹ ਗਦਾਰੀ ਦਾ ਖਿਤਾਬ ਇਸ ਭਗਵੰਤ ਮਾਨ ਸਰਕਾਰ 'ਤੇ ਲੱਗ ਜਾਣਾ ਕਿਉਂਕਿ ਇਹ ਪਹਿਲਾਂ ਅੰਦਰੋਂ ਗਤੀ ਸੈਂਟਰ ਸਰਕਾਰ ਨਾਲ ਸਮਝੌਤੇ ਕਰਕੇ ਆਈ ਐ ਤੇ ਕਿਸਾਨਾਂ ਦੀ ਕੁੱਟਮਾਰ ਸੈਂਟਰ ਸਰਕਾਰ ਦੇ ਕਹਿਣ ਤੋਂ ਕਰ ਰਹੀ ਹੈ ਆਪਣੇ ਲੋਕਾਂ ਨਾਲ ਵਿਰੋਧ ਕਰ ਰਹੀ ਹੈ ਪਰ ਫਿਰ ਵੀ ਜੇ ਕੱਲ ਦੀ ਭੁੱਲੀ ਅੱਜ ਦੁਬਾਰੇ ਲੋਕਾਂ ਦੇ ਮਸਲੇ 'ਤੇ ਖੜੀ ਹੈ ਤਾਂ ਅਸੀਂ ਇਸ ਦਾ ਸਵਾਗਤ ਕਰਦੇ ਹਾਂ ਤੇ ਆਸ ਕਰਦੇ ਹਾਂ ਕਿ ਪੁਰਾਣੀਆਂ ਸਰਕਾਰਾਂ ਸ. ਪ੍ਰਕਾਸ਼ ਸਿੰਘ ਬਾਦਲ ਤੇ ਸ. ਅਮਰਿੰਦਰ ਸਿੰਘ ਵਾਂਗੂ ਪਾਣੀਆਂ ਦੇ ਮਸਲੇ 'ਤੇ ਆਮ ਪਾਰਟੀ ਮੀਟਿੰਗ ਬੁਲਾ ਕੇ ਲੋਕਾਂ ਨੂੰ ਜਾਣੂੰ ਕਰਾਓ ਤੇ ਲੋਕਾਂ ਨੂੰ ਲਾਮਬੰਦ ਕਰਕੇ ਇਸ ਧੱਕੇਸ਼ਾਹੀ ਦਾ ਪੰਜਾਬ ਸਰਕਾਰ ਡੱਟ ਕੇ ਵਿਰੋਧ ਕਰੇਗੀ।